# ਲੇਖਕ




ਸ਼ਰਧਾ ਦੇ ਪੁੰਨਜ ਦੇ ਕੇਂਦਰ ਸ਼੍ਰਮਣ ਸੰਘ ਦੇ ਚੋਥੇ ਅਚਾਰਿਆ ਸਮਰਾਟ ਪੂਜ ਸ਼੍ਰੀ ਸ਼ਿਵ ਮੁਨੀ ਜੀ ਮਹਾਰਾਜ ਭਾਰਤੀ ਸ਼੍ਰਮਣ ਪ੍ਰੰਪਰਾ ਦੇ ਇੱਕ ਪ੍ਰਕਾਸ਼ਮਾਨ ਮਹਾ ਮਾਨਵ ਹਨ। ਆਪ ਸ਼੍ਰੀ ਦਾ ਜਨਮ ਸਤੰਬਰ 1942 ਨੂੰ ਪੰਜਾਬ ਦੇ ਫਰੀਦਕੋਟ ਜਿਲ੍ਹੇ ਦੇ ਮਲੋਟ ਕਸਬੇ ਦੇ ਇੱਕ ਖੁਸ਼ਹਾਲ ਜੈਨ ਪਰਿਵਾਰ ਵਿੱਚ ਹੋਇਆ। ਆਪ ਬਾਹਰੋਂ ਅਤੇ ਅੰਤਰ ਆਤਮਾ ਤੋਂ ਧਰਮ ਅਤੇ ਅਧਿਆਤਮ ਦੇ ਪ੍ਰਤੀ ਖਾਸ਼ ਰੂਚੀ ਰੱਖਦੇ ਸਨ। ਸਿੱਟੇ ਵਜੋਂ 30 ਸਾਲ ਦੀ ਉਮਰ ਵਿੱਚ, ਸਨ 1972 ਵਿੱਚ ਆਪ ਨੇ ਬਹੂ ਸਰੂਤ ਰਾਸ਼ਟਰ ਸੰਤ ਸ੍ਰੀ ਗਿਆਨ ਮੁਨੀ ਜੀ ਮਹਾਰਾਜ ਨੂੰ ਗੁਰੂ ਸਵਿਕਾਰ ਕੀਤਾ। ਦੀਖਿਆ ਤੋਂ ਪਹਿਲਾਂ ਆਪ ਨੇ ਸੰਸਾਰ ਦੇ ਭਿੰਨ ਭਿੰਨ ਦੇਸ਼ਾਂ ਦਾ ਭਰਮਨ ਕੀਤਾ ਅਤੇ ਉੱਥੋਂ ਦੀਆਂ ਸੰਸਕ੍ਰਿਤੀਆਂ ਦਾ ਡੂੰਘਾਈ ਨਾਲ ਅਧਿਐਨ ਕੀਤਾ। ਆਪ ਨੇ ਅੰਗਰੇਜ਼ੀ ਅਤੇ ਦਰਸ਼ਨ ਸ਼ਾਸਤਰ ਵਿੱਚ ਐਮ. ਏ. ਘਰ ਰਹਿੰਦੇ ਹੀ ਕਰ ਲਈ ਸੀ। ਅੰਗਰੇਜ਼ੀ ਵਿੱਚ ਐਮ. ਏ. ਕਰਨ ਤੋਂ ਬਾਅਦ ਆਪ ਨੇ ਪੰਜਾਬੀ ਯੂਨਿਵਰਸਟੀ ਪਟਿਆਲਾ ਤੋਂ ਭਾਰਤੀ ਧਰਮਾਂ ਵਿੱਚ ਮੁਕਤੀ ਦਾ ਸਿਧਾਂਤ: ਜੈਨ ਧਰਮ ਦੇ ਵਿਸ਼ੇਸ ਹਵਾਲੇ ਨਾਲ ਵਿਸ਼ੇ ਤੇ ਪੀ. ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਆਪ ਸਵੇਤਾਂਬਰ ਜੈਨ ਸਥਾਨਕ ਵਾਸੀ ਸ਼੍ਰਮਣ ਸੰਘ ਦੇ 9 ਜੂਨ 1999 ਨੂੰ ਚੂਨੇ ਗਏ। ਆਪ ਦੀ ਦੇਖ ਰੇਖ ਵਿੱਚ ਸ਼੍ਰਮਣ ਸੰਘ ਦੇ 1200 ਸਾਧੂ ਸਾਧਵੀ ਦੇਸ਼ ਦੇ ਭਿੰਨ ਭਿੰਨ ਹਿੱਸੀਆਂ ਵਿੱਚ ਘੁੰਮ ਕੇ ਧਰਮ ਪ੍ਰਚਾਰ ਕਰ ਰਹੇ ਹਨ। ਆਪ ਨੇ ਧਿਆਨ ਇੱਕ ਦਿਵਯ ਸ਼ਾਧਨਾ ਪੁਸ਼ਤਕ ‘ਤੇ ਡੀ. ਲ਼ੀਟ. ਦੀ ਡਿਗਰੀ ਵਿਕਰਮਸ਼ਿਲਾ ਵਿਸ਼ਵ-ਵਿਦਾਲਯ ਭਾਗਲਪੁਰ ਤੋਂ ਪ੍ਰਾਪਤ ਕੀਤੀ।ਆਪ ਜੈਨ ਸਮਾਜ ਦੇ ਇੱਕੋ ਅਜਿਹੇ ਅਚਾਰਿਆ ਹਨ ਜਿਨ੍ਹਾਂ ਨੇ ਇਨ੍ਹੀ ਉੱਚੀ ਸਿੱਖਿਆ ਪ੍ਰਾਪਤ ਕੀਤੀ ਹੈ । ਇਸ ਗ੍ਰੰਥ ਦਾ ਇਹ ਪਹਿਲਾ ਪੰਜਾਬੀ ਅਨੁਵਾਦ ਹੈ। ਇਸ ਤੋਂ ਪਹਿਲਾਂ ਇਸ ਗ੍ਰੰਥ ਦਾ ਹਿੰਦੀ ਅਨੁਵਾਦ ਪ੍ਰਸ਼ਿੱਧ ਜੈਨ ਵਿਦਵਾਨ ਡਾ: ਭਾਗ ਚੰਦ ਭਾਸਕਰ ਜੀ ਨੇ ਕੀਤਾ ਜੋ ਕਾਫੀ ਪ੍ਰਸ਼ਿੱਧ ਹੋਇਆ। ਪੰਜਾਬੀ ਅਨੁਵਾਦ ਦੇ ਅਨੁਵਾਦਕ ਸ਼ਰਾਵਕ ਸ਼੍ਰੀ ਪੁਰਸ਼ੋਤਮ ਜੈਨ ਅਤੇ ਰਵਿੰਦਰ ਜੈਨ ਮਾਲੇਰਕੋਟਲਾ ਹਨ। ਦੋਹਾਂ ਨੇ ਅਚਾਰਿਆ ਸ਼੍ਰੀ ਨੂੰ ਪੀ. ਐਚ. ਡੀ. ਵਿੱਚ ਕਾਫੀ ਸਹਾਇਤਾ ਕੀਤੀ ਸੀ। ਖੁਸ਼ੀ ਦੀ ਗਲ ਹੈ ਕਿ ਉਨ੍ਹਾਂ ਰਾਹੀਂ ਇਸ ਗ੍ਰੰਥ ਦਾ ਪੰਜਾਬੀ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ। ਆਸ ਹੈ ਪੰਜਾਬੀ ਦੇ ਪਾਠਕ ਇਸ ਤੋਂ ਜ਼ਿਆਦਾ ਤੋਂ ਜ਼ਿਆਦਾ ਲਾਭ ਲੈਣਗੇ।

**ਮੁਨੀ ਸ਼ਰੀਸ਼ ਮੁਨੀ (ਮੰਤਰੀ)**

# ਭਾਰਤੀ ਧਰਮਾਂ ਵਿੱਚ ਮੁਕਤੀ:

## ਜੈਨ ਧਰਮ ਦੇ ਵਿਸ਼ੇਸ ਹਵਾਲੇ ਨਾਲ




**ਲੇਖਕ:**

**ਆਚਾਰਿਆ ਡਾ: ਸ਼ਿਵ ਮੁਨੀ**

# ਭਾਰਤੀ ਧਰਮਾਂ ਵਿੱਚ ਮੁਕਤੀ

## ਜੈਨ ਧਰਮ ਦੇ ਵਿਸ਼ੇਸ ਹਵਾਲੇ ਨਾਲ

ਮੂਲ ਲੇਖਕ:

ਜੈਨ ਅਚਾਰੀਆ ਸਮਰਾਟ ਡਾ: ਸ਼ਿਵ ਮੁਨੀ ਜੀ ਮਹਾਰਾਜ



ਪੰਜਾਬੀ ਅਨੁਵਾਦਕ:

ਰਵਿੰਦਰ ਜੈਨ, ਪੁਰਸ਼ੋਤਮ ਜੈਨ, ਮਾਲੇਰਕੋਟਲਾ

ਪ੍ਰਕਾਸ਼ਕ:

ਭਗਵਾਨ ਮਹਾਵੀਰ ਮੈਡੀਟੇਸ਼ਨ ਐਂਡ ਰਿਸਰਚ ਸੈਂਟਰ ਟਰਸਟ (ਰਜਿ:)

ਆਦਿਸ਼ਵਰ ਧਾਮ ਕੁੱਪ ਕਲਾਂ, ਜਿਲ੍ਹਾ ਸੰਗਰੂਰ, ਪੰਜਾਬ

ਫੋਨ ਨੰਬਰ: 01675-273981

*ਪੁਸ਼ਤਕ ਦਾ ਨਾਂ : ਭਾਰਤੀ ਧਰਮਾਂ ਵਿੱਚ ਮੁਕਤੀ,*
*ਜੈਨ ਧਰਮ ਦੇ ਵਿਸ਼ੇਸ ਹਵਾਲੇ ਨਾਲ*

ਮੂਲ ਲੇਖਕ: ਜੈਨ ਅਚਾਰੀਆ ਸਮਰਾਟ ਡਾ: ਸ਼ਿਵ ਮੁਨੀ ਜੀ ਮਹਾਰਾਜ

ਪ੍ਰੇਰਕ: ਜੈਨ ਸ਼੍ਰਮਣ ਸੰਘ ਦੇ ਮੰਤਰੀ ਸ਼੍ਰੀ: ਸ਼ਰੀਸ਼ ਮੁਨੀ ਜੀ ਮਹਾਰਾਜ

ਪੰਜਾਬੀ ਅਨੁਵਾਦ: ਰਵਿੰਦਰ ਜੈਨ, ਪੁਰਸ਼ੋਤਮ ਜੈਨ, ਮਾਲੇਰਕੋਟਲਾ।

ਕੰਪੋਜ਼ਿੰਗ: ਜ਼ੁਨੇਰ੍ਹਾ ਕੰਪਿਊਟਰਜ਼, ਦਿੱਲੀ ਗੇਟ, ਮਾਲੇਰਕੋਟਲਾ।

ਕਾਪੀਆਂ: 1000 ਪਹਿਲੀ ਬਾਰ ਸਤੰਬਰ, 2009

ਪ੍ਰਕਾਸ਼ਕ:

**ਭਗਵਾਨ ਮਹਾਵੀਰ ਮੈਡੀਟੇਸ਼ਨ ਐਂਡ ਰਿਸਰਚ ਸੈਂਟਰ ਟਰਸਟ (ਰਜਿ:)**
**ਆਦਿਸ਼ਵਰ ਧਾਮ ਕੁੱਪ ਕਲਾਂ, ਜਿਲ੍ਹਾ ਸੰਗਰੂਰ, ਪੰਜਾਬ**

ਪੁਸਤਕ ਮਿਲਣ ਦਾ ਪਤਾ:

ਸ਼੍ਰੀ ਅਨੀਲ ਜੈਨ, 1924, ਗਲੀ ਨੰਬਰ: 5, ਕੁਲਦੀਪ ਨਗਰ, ਲੁਧਿਆਨਾ (ਪੰਜਾਬ).
ਫੋਨ ਨੰਬਰ: 094170-10298
Website: www.jainacharya.com
E-mail: shivacharyaji@jainacharya.com
shivacharyaji@yahoo.co.in

Please visit: www.jainworld.com

ਮੁੱਲ: 499/- ਰੁਪਏ

# ਸਮਰਪਨ

ਬਹੂਸ਼ਰੂਤ,
ਆਗਮ ਰਤਨਾਕਰ,
ਰਾਸ਼ਟਰ ਸੰਤ,
ਸ਼੍ਰਮਣ ਸ਼ੰਘ ਦੇ ਸਲਾਹਕਾਰ,
ਪਰਮ ਸ਼ਰਧਾ ਦੇ ਪ੍ਰਤੀਕ ਗੁਰੂਦੇਵ,
ਦੇਵਲੋਕ ਵਾਸੀ
**ਸ਼੍ਰੀ ਗਿਆਨ ਮੁਨੀ ਜੀ ਮਹਾਰਾਜ,**
ਦੇ ਪਰਮ ਪਵਿੱਤਰ ਚਰਨ ਕਮਲਾਂ ਵਿੱਚ
ਬਿਨੈ - ਸ਼ਰਧਾ ਅਤੇ
ਭਗਤੀ ਨਾਲ ਸਾਦਰ ਸਮਰਪਤ।

ਸ਼ਿਵ ਮੁਨੀ
(ਸ਼੍ਰਮਣ ਸ਼ੰਘ ਦੇ ਚੋਥੇ ਅਚਾਰਿਆ
ਡਾ: ਸ਼ਿਵ ਮੁਨੀ ਜੀ ਮਹਾਰਾਜ)

# ਪ੍ਰੇਰਕ ਦੀ ਕਲਮ ਤੋਂ:

ਜੈਨ ਧਰਮ ਭਾਰਤ ਦਾ ਪ੍ਰਾਚੀਨ ਧਰਮ ਹੈ। ਭਗਵਾਨ ਰਿਸ਼ਭ ਦੇਵ ਤੋਂ ਭਗਵਾਨ ਮਹਾਵੀਰ ਤੱਕ 24 ਤੀਰਥੰਕਰਾਂ ਦੀ ਇਕ ਲੰਬੀ ਪ੍ਰੰਪਰਾ ਇਸ ਧਰਮ ਵਿੱਚ ਮਿਲਦੀ ਹੈ। ਇਸ ਧਰਮ ਵਿੱਚ ਭਗਵਾਨ ਮਹਾਵੀਰ ਤੋਂ ਬਾਅਦ ਅਨੇਕਾਂ ਗਿਆਨੀ ਅਚਾਰੀਆ ਨੇ ਅਨੇਕਾਂ ਭਾਸ਼ਾਵਾਂ ਵਿੱਚ ਜੈਨ ਧਰਮ ਦੇ ਭਿੰਨ ਭਿੰਨ ਵਿਸ਼ਿਆਂ ਤੇ ਸਾਹਿਤ ਦਾ ਨਿਰਮਾਣ ਕੀਤਾ ਹੈ ਅਤੇ ਵਰਤਮਾਨ ਵਿੱਚ ਇਹ ਸਾਹਿਤ ਪ੍ਰੰਪਰਾ ਨਿਰਵਿਗਨ ਜਾਰੀ ਹੈ।

ਮੇਰੇ ਗੁਰੂ ਦੇਵ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰੀਆ ਧਿਆਨ ਯੋਗੀ ਡਾ: ਸ਼ਿਵ ਮੁਨੀ ਜੀ ਮਹਾਰਾਜ ਇਕ ਮਹਾਨ ਵਿਦਵਾਨ ਹਨ। ਉਹਨਾਂ ਜੈਨ ਆਗਮਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਆਪ ਨੇ ਇੱਕ ਖੁਸ਼ਹਾਲ ਜੈਨ ਪਰਿਵਾਰ ਵਿੱਚ ਜਨਮ ਲਿਆ। ਘਰ ਵਿੱਚ ਰਹਿ ਕੇ ਡਬਲ ਐਮ. ਏ. ਤੱਕ ਦੀ ਪੜ੍ਹਾਈ ਕੀਤੀ। ਪੜ੍ਹਾਈ ਦੇ ਨਾਲ ਨਾਲ ਆਪ ਦਾ ਤਿਆਗ ਦਾ ਜੀਵਨ ਵੀ ਚਲਦਾ ਰਿਹਾ, ਆਪ ਨੇ ਬਚਪਨ ਤੋਂ ਹੀ ਘਰ ਛੱਡਣ ਦਾ ਅਤੇ ਭਗਵਾਨ ਮਹਾਵੀਰ ਦੇ ਸਿਧਾਤਾਂ ਦਾ ਪ੍ਰਚਾਰ ਕਰਨ ਦਾ ਮਨ ਬਣਾਇਆ ਹੋਇਆ ਸੀ। ਆਪ ਨੇ ਸਾਧੂ ਬਣਨ ਤੋਂ ਪਹਿਲਾਂ ਵਿਦੇਸ਼ਾਂ ਦਾ ਭਰਮਨ ਵੀ ਕੀਤਾ। ਕੋਈ ਵੀ ਸੰਸਾਰ ਦਾ ਲਾਲਚ ਆਪ ਨੂੰ ਆਪ ਦੇ ਤਿਆਗ ਮਾਰਗ ਤੋਂ ਪਿੱਛੇ ਨਹੀਂ ਰੋਕ ਸਕਿਆ। ਆਪ ਨੇ 1972 ਵਿੱਚ ਸ਼੍ਰਮਣ ਸ਼ੰਘ ਦੇ ਪਹਿਲੇ ਅਚਾਰੀਆ ਪ੍ਰਸਿੱਧ ਵਿਦਵਾਨ ਅਚਾਰੀਆ ਸ਼੍ਰੀ ਆਤਮਾ ਰਾਮ ਜੀ ਮਹਾਰਾਜ ਜੀ ਦੇ ਵਿਦਵਾਨ ਚੇਲੇ ਰਾਸ਼ਟਰ ਸੰਤ ਪਰਮ ਸ਼ਰਧੇ ਪੂਜਯ ਸ਼੍ਰੀ ਗਿਆਨ ਮੁਨੀ ਜੀ ਮਹਾਰਾਜ ਪਾਸੋਂ ਮੁਨੀ ਦੀਖਿਆ ਗ੍ਰਹਿਣ ਕੀਤੀ।

ਮੁਨੀ ਬਣਦੇ ਹੀ ਆਪ ਦਾ ਪਹਿਲਾ ਚੌਮਾਸਾ ਮਾਲੇਰਕੋਟਲਾ ਦੀ ਧਰਮ ਭੂਮੀ ਵਿਖੇ ਹੋਇਆ। ਇਸੇ ਪਹਿਲੇ ਚੋਮਾਸੇ ਵਿੱਚ ਆਪ ਦੀ ਮੁਲਾਕਾਤ ਪੰਜਾਬੀ ਜੈਨ ਸਾਹਿਤ ਦੇ ਪਹਿਲੇ ਲੇਖਕ ਭਰਾਵਾਂ ਸ਼੍ਰੀ ਰਵਿੰਦਰ ਜੈਨ ਤੇ ਸ਼੍ਰੀ ਪੁਰਸ਼ੋਤਮ ਜੈਨ ਨਾਲ ਹੋਈ। ਗੁਰੂ ਜੀ ਦੀ ਸ਼ੁਰੂ ਤੋਂ ਇੱਛਾ ਉੱਚੇਰੇ ਗਿਆਨ ਦੀ ਪ੍ਰਾਪਤੀ ਲਈ ਸੀ। ਇਹੋ ਇੱਛਾ ਨੇ ਪੀ. ਐਚ ਡੀ ਦੀ ਭੂਮਿਕਾ ਨੂੰ ਤਿਆਰ ਕੀਤਾ। ਦੋਹਾਂ ਭਰਾਵਾਂ ਦਾ ਗੁਰੂ ਜੀ ਦੇ ਰੋਜ਼ਾਨਾ ਦਰਸ਼ਨ ਕਰਨਾ ਇੱਕ ਜ਼ਰੂਰੀ ਫਰਜ਼ ਬਣ ਗਿਆ ਸੀ। ਇਸੇ ਫਰਜ਼ ਨੂੰ ਉਨ੍ਹਾਂ ਅੱਗੇ ਵਧਾਉਂਦੇ ਹੋਏ, ਗੁਰੂ ਜੀ ਦੀ

ਮੁਲਾਕਾਤ ਬੁੱਧ ਧਰਮ ਦੇ ਅੰਤਰ ਰਾਸ਼ਟਰੀ ਵਿਦਵਾਨ ਅਤੇ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਟੀ ਪਟਿਆਲਾ ਵਿੱਚ ਬੁੱਧ ਧਰਨ ਦੇ ਰੀਡਰ ਡਾ: ਲਾਲ ਮਨੀ ਜੋਸ਼ੀ ਨਾਲ ਕਰਵਾਈ। ਡਾ: ਐਲ. ਐਮ. ਜੋਸ਼ੀ ਅਤੇ ਗੁਰੂ ਜੀ ਵਿਚਕਾਰ ਦੋਹਾਂ ਨੇ ਇੱਕ ਪੁਲ ਦਾ ਕੰਮ ਕੀਤਾ। ਗੁਰੂ ਜੀ ਦੀ ਮਿਹਨਤ ਅਤੇ ਦੋਹਾਂ ਭਰਾਵਾਂ ਦੇ ਸਹਿਯੋਗ ਨਾਲ ਗੁਰੂ ਜੀ ਨੇ ਭਾਰਤੀ ਧਰਮਾਂ ਵਿੱਚ ਮੁਕਤੀ ਜੈਨ ਧਰਮ ਦੇ ਵਿਸ਼ੇਸ਼ ਹਵਾਲੇ ਨਾਲ ਅੰਗਰੇਜ਼ੀ ਵਿੱਚ ਲਿਖਿਆ ਜੋ ਕਿਸੇ ਜੈਨ ਮੁਨੀ ਵਲੋਂ ਲਿਖਿਆ ਅੰਗਰੇਜ਼ੀ ਵਿੱਚ ਪਹਿਲਾ ਸੋਧ ਪ੍ਰਬੰਧ ਸੀ।

ਕੁੱਝ ਸਮਾਂ ਪਹਿਲਾਂ ਡਾ: ਭਾਗ ਚੰਦ ਭਾਸਕਰ ਨੇ ਇਸ ਗ੍ਰੰਥ ਦਾ ਹਿੰਦੀ ਅਨੁਵਾਦ ਕੀਤਾ ਸੀ। ਜਿਸ ਨੂੰ ਮੁੰਬਈ ਦੀ ਸੰਸਥਾ ਪ੍ਰਗਯਾ ਧਿਆਨ ਅਤੇ ਸਵਾਧਿਯ ਕੇਂਦਰ ਨੇ ਪ੍ਰਕਾਸ਼ਤ ਕੀਤਾ ਸੀ। ਖੁਸ਼ੀ ਦੀ ਗੱਲ ਹੈ ਕਿ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿੱਚ ਕਈ ਸੰਸਕਰਨ ਨਿਕਲ ਚੁੱਕੇ ਹਨ।

ਅਸੀਂ ਲੰਬੇ ਸਮੇਂ ਤੋਂ ਪੰਜਾਬ ਵਿੱਚ ਧਰਮ ਪ੍ਰਚਾਰ ਕਰ ਰਹੇ ਹਾਂ। ਪੰਜਾਬ ਦੀ ਭਾਸ਼ਾ ਪੰਜਾਬੀ ਹੈ, ਇਸ ਵਿੱਚ ਜੈਨ ਸਾਹਿਤ ਬਹੁਤ ਥੋੜਾ ਲਿਖਿਆ ਗਿਆ ਹੈ। ਜੋ ਲਿਖਿਆ ਹੈ! ਉਸ ਦੇ ਲੇਖਕ ਵੀ ਇਹ ਦੋਹੇਂ ਭਰਾ ਹਨ। ਮੇਰੀ ਬੜੀ ਇੱਛਾ ਸੀ ਕਿ ਇਸ ਗ੍ਰੰਥ ਦਾ ਅਨੁਵਾਦ ਪੰਜਾਬੀ ਵਿੱਚ ਹੋਵੇ। ਮੈਂ ਸੰਨ 2003, ਅਤੇ ਸੰਨ 2008 ਦੇ ਚੋਮਾਸੇ ਵਿੱਚ ਅਪਣੀ ਇਹ ਇੱਛਾ ਦੋਹਾਂ ਭਰਾਵਾਂ ਅੱਗੇ ਪ੍ਰਗਟ ਕੀਤੀ।

ਮੈਨੂੰ ਬਹੁਤ ਖੁਸ਼ੀ ਹੈ ਕਿ ਦੋਹਾਂ ਲੇਖਕਾਂ ਨੇ ਇਸ ਸੋਧ ਪ੍ਰਬੰਧ ਦਾ ਪੰਜਾਬੀ ਅਨੁਵਾਦ ਬਹੁਤ ਥੋੜੇ ਸਮੇਂ ਵਿੱਚ ਹੀ ਪ੍ਰਕਾਸ਼ਤ ਕਰ ਦਿੱਤਾ ਹੈ। ਮੈਂ ਇਸ ਲਈ ਦੋਹਾਂ ਲੇਖਕਾਂ ਨੂੰ ਅਪਣਾ ਆਸ਼ਿਰਵਾਦ ਭੇਜਦਾ ਹਾਂ। ਆਸ ਕਰਦਾ ਹਾਂ ਕਿ ਇਹਨਾਂ ਦੋਹਾਂ ਲੇਖਕਾਂ ਦਾ ਸਹਿਯੋਗ ਮੈਨੂੰ ਭਵਿੱਖ ਵਿੱਚ ਵੀ ਮਿਲਦਾ ਰਹੇਗਾ। ਮੈਂ ਇਹ ਵੀ ਆਸ ਕਰਦਾ ਹਾਂ ਕਿ ਵਿਦਵਾਨ ਇਸ ਸੋਧ ਪ੍ਰਬੰਧ ਦੇ ਪੰਜਾਬੀ ਅਨੁਵਾਦ ਦਾ ਸਵਾਗਤ ਕਰਨਗੇ ਅਤੇ ਜ਼ਿਆਦਾ ਤੋਂ ਜ਼ਿਆਦਾ ਵਿਦਿਆਰਥੀ ਇਸ ਦਾ ਫਾਇਦਾ ਉਠਾਉਣਗੇ।

ਮੈਂ ਪ੍ਰਕਾਸ਼ਕ ਅਤੇ ਦਾਣੀ ਸੱਜਣਾ ਨੂੰ ਵੀ ਸਾਧੂ ਵਾਦ ਦਿੰਦਾ ਹਾਂ।

ਮਾਲੇਰਕੋਟਲਾ — ਸ਼ਰੀਸ਼ ਮੁਨੀ

23/10/2008 — ਸ਼੍ਰਮਣ ਸੰਘ ਦੇ ਮੰਤਰੀ

# ਪ੍ਰਸਤਾਵਨਾ

ਮਨੁੱਖੀ ਜੀਵਨ ਅਤੇ ਮਿਹਨਤ ਦਾ ਆਖਰੀ ਉਦੇਸ਼ ਸੁੱਖ ਹੈ। ਪੂਰਨ ਸੁਤੰਤਰਤਾ ਸੁੱਖ ਦਾ ਸਮਾਨ ਅਰਥ ਹੈ। ਮਨੁੱਖ ਸਭ ਪ੍ਰਕਾਰ ਦੀ ਰਾਜਨੀਤਿਕ, ਸਮਾਜਿਕ, ਆਰਥਿਕ, ਬੋਧਿਕ ਅਤੇ ਭਾਵਆਰਥ ਸੁਤੰਤਰਤਾ ਦੀ ਖੋਜ ਕਰਦਾ ਹੈ। ਸੁਤੰਤਰਤਾ ਦੇ ਇਨ੍ਹਾਂ ਰੂਪਾਂ ਵਿੱਚ ਇੱਕ ਹੀ ਸਿਧਾਂਤ ਕੰਮ ਕਰਦਾ ਹੈ ਅਤੇ ਉਹ ਹੈ ਸੁੱਖ ਦੀ ਪੂਰਨ ਅਤੇ ਸ਼ਾਸਵਤ ਸਥਿਤੀ। ਸੰਪੂਰਨ ਮਨੁੱਖ ਸੰਸਕ੍ਰਿਤੀ ਦਾ ਇਹੋ ਉਦੇਸ਼ ਹੈ, ਇਸ ਉਦੇਸ਼ ਦੇ ਘੇਰੇ ਵਿੱਚ ਖੇਤੀ, ਉਦਯੋਗ, ਖੁਰਾਕ, ਕੱਪੜਾ, ਸੰਗੀਤ, ਪ੍ਰੇਮ ਤੋਂ ਲੈ ਕੇ ਤਿਆਗ, ਧਾਰਮਿਕ ਕਾਰਜ, ਸੰਨਿਆਸ, ਦੇਵੀ ਦੇਵਤਿਆ ਦੀ ਭਗਤੀ, ਦਾਰਸ਼ਨਿਕ ਸਿਧਾਂਤ ਅਤੇ ਧਿਆਨ, ਸਿੱਖਿਆ, ਕਾਵਿ ਸਰਜਨਾ, ਚਿੱਤਰਕਲਾ, ਗ੍ਰੰਥ ਰਚਨਾ ਆਦਿ ਸਭ ਕੁੱਝ ਇਸ ਵਿੱਚ ਸ਼ਾਮਲ ਹੋ ਜਾਂਦਾ ਹੈ। ਮਨੁੱਖੀ ਇਤਿਹਾਸ ਦੇ ਕਿਸੇ ਭਾਗ ਵਿੱਚ ਅਜਿਹਾ ਮਨੁੱਖ ਨਹੀਂ ਰਿਹਾ ਜੋ ਇਸ ਸੁੱਖ ਦਾ ਇਛੁੱਕ ਨਾ ਹੋਵੇ। ਇਹ ਇੱਕ ਸਿੱਧ ਤੱਥ ਹੈ, ਜੋ ਸਾਰੇ ਪ੍ਰਾਣੀਆਂ ਵਿੱਚਕਾਰ ਸਮਤਾ ਦੇ ਮੂਲ ਆਧਾਰ ਨੂੰ ਸਥਾਪਤ ਕਰਦਾ ਹੈ। ਪ੍ਰਾਗ ਇਤਿਹਾਸ ਕਾਲ ਤੋਂ ਲੈ ਕੇ ਆਧੁਨਿਕ ਵਿਗਿਆਨਕ ਯੁੱਗ ਹਰ ਛੋਟੇ ਤੋਂ ਵੱਡਾ ਪ੍ਰਾਣੀ ਸੁੱਖ ਪ੍ਰਾਪਤੀ ਦੀ ਖੋਜ ਵਿੱਚ ਜੁਟਿਆ ਰਿਹਾ ਹੈ। ਮਨੁੱਖੀ ਸੰਸਕ੍ਰਿਤੀ ਅਤੇ ਸੱਭਿਅਤਾ ਵਿੱਚ, ਸੁੱਖ ਵਿੱਚ ਸੁਤੰਤਰਤਾ ਦੀ ਖੋਜ ਇੱਕ ਜਿਹੀ ਸੁਨਿਹਰੀ ਕੜੀ ਹੈ ਜੋ ਭਿੰਨ ਭਿੰਨ ਮਨੀਆਂ ਰਾਹੀਂ ਨਿਰਮਤ ਮਾਨਵਤਾ ਦੀ ਏਕਤਾ ਨੂੰ ਸਪੱਸ਼ਟ ਕਰਦੀ ਹੈ। ਭਾਰਤੀ ਧਾਰਮਿਕ ਪਰਿਭਾਸ਼ਾ ਵਿੱਚ ਇਸ ਸਰਵਉੱਚ ਸੁੱਖ ਨੂੰ ਨਿਰਵਾਣ, ਮੋਕਸ਼, ਮੁਕਤੀ, ਕੇਵਲਯ ਅਤੇ ਵਿਸ਼ੁੱਧੀ ਕਿਹਾ ਗਿਆ ਹੈ। ਭਾਸ਼ਾ ਬਦਲਾਉ ਦੀ ਦ੍ਰਿਸ਼ਟੀ ਤੋਂ ਅੰਗਰੇਜ਼ੀ ਵਿੱਚ ਇਸ ਨੂੰ ਲਿਬਰੇਸ਼ਨ ਕਿਹਾ ਜਾ ਸਕਦਾ ਹੈ।

ਭਾਰਤੀ ਧਰਮ ਅਤੇ ਅਧਿਆਤਮ ਦੀ ਉੱਚ ਅਵਸਥਾ ਨੂੰ ਨਿਰਵਾਣ ਸਿਧਾਂਤ ਰਾਹੀਂ ਸਪੱਸ਼ਟ ਕੀਤਾ ਜਾਂਦਾ ਹੈ। ਭਾਰਤ ਦੇ ਸਾਰੇ ਧਾਰਮਿਕ ਫਿਰਕਿਆਂ ਨੇ ਇੱਕਸੁਰ ਵਿੱਚ ਇਸ ਨੂੰ ਸਵੀਕਾਰ ਕੀਤਾ ਹੈ। ਵੈਦਿਕ, ਜੈਨ, ਬੁੱਧ ਅਤੇ ਸਿੱਖ ਧਰਮਾਂ ਵਿੱਚ ਇਸ ਸਿਧਾਂਤ ਬਾਰੇ ਗੰਭੀਰ ਵਿਆਖਿਆ ਕੀਤੀ ਗਈ ਹੈ। ਸੰਸਕ੍ਰਿਤ, ਪ੍ਰਾਕ੍ਰਿਤ, ਪਾਲੀ ਅਤੇ ਪੰਜਾਬੀ ਭਾਸ਼ਾ ਵਿੱਚ ਲਿੱਖੇ ਇਨ੍ਹਾਂ ਧਰਮਾਂ ਦੇ ਆਗਮ ਗ੍ਰੰਥਾਂ ਦਾ ਗੰਭੀਰ ਅਧਿਆਨ ਕਰਨ ਤੋਂ ਨਿਰਵਾਣ ਦੇ ਭਿੰਨ ਭਿੰਨ ਰੂਪਾਂ ਨੂੰ ਭਲੀ ਭਾਂਤ ਸਮਝਿਆ ਜਾ ਸਕਦਾ ਹੈ।

ਅਨੇਕਾਂ ਪਰਿਭਾਸ਼ਿਤ ਸ਼ਬਦ ਅਤੇ ਸਿਧਾਂਤ ਪਾਲੀ ਸੂਤਰਾਂ, ਪ੍ਰਾਕ੍ਰਿਤ ਅੰਗਾਂ, ਪ੍ਰਾਗ ਉਪਨਿਸ਼ਧਾਂ ਅਤੇ ਗ੍ਰੰਥਾਂ ਵਿੱਚ ਸਮਾਨ ਰੂਪ ਵਿੱਚ ਮਿਲਦੇ ਹਨ। ਜਿਨ੍ਹਾਂ ਵਿੱਚ ਅਨੁਭੂਤੀ ਦੀ ਇੱਕ ਰੂਪਤਾ ਵਿਖਾਈ ਦਿੰਦੀ ਹੈ। ਇਨ੍ਹਾਂ ਸਿਧਾਂਤਾ ਅਤੇ ਗ੍ਰੰਥਾਂ ਵਿੱਚ ਇੱਕੋ ਰੂਪ ਵਿੱਚ ਹੀ ਆਤਮ ਖੋਜ ਦੇ ਦੋਰਾਨ, ਨੈਤਿਕ ਗੁਣਾਂ ਦਾ ਵਿਕਾਸ ਦਾ ਸਵਰੂਪ ਪ੍ਰਾਪਤ ਹੁੰਦਾ ਹੈ। ਇਨ੍ਹਾਂ ਸਮਾਨਤਾਵਾਂ ਅਤੇ ਸਾਮਵਾਯਕ ਕੇਂਦਰ ਬਿੰਦੂਆਂ ਤੇ ਹਾਲੇ ਤੱਕ ਕਿਸੇ ਵਿਦਾਵਾਨ ਨੇ ਵਿਗਿਆਨਕ ਅਧਿਐਨ ਨਹੀਂ ਕੀਤਾ। ਇਨ੍ਹਾਂ ਵਿੱਚ ਕੁੱਝ ਅਜਿਹੇ ਆਪਸੀ ਵਿਰੋਧੀ ਤੱਤ ਵੀ ਹਨ ਜਿਨ੍ਹਾਂ ਤੇ ਉਹ ਇੱਕ ਮਤ ਨਹੀਂ ਹੋ ਸਕਦੇ।

ਭਾਵੇਂ ਜੈਨ ਧਰਮ ਅਤੇ ਬੁੱਧ ਧਰਮ ਦੋਹੇਂ ਅਨਿਸ਼ਵਰਵਾਦੀ (ਈਸ਼ਵਰ – ਪਰਮਾਤਮਾ ਨੂੰ ਸੰਸਾਰ ਦਾ ਕਰਤਾ ਨਾ ਮੰਨਣ ਕਾਰਨ ਇਨ੍ਹਾਂ ਨੂੰ ਅਨਿਸ਼ਵਰਵਾਦੀ ਕਿਹਾ ਜਾਂਦਾ ਹੈ) ਸ਼੍ਰਮਣ–ਨਿਰਗ੍ਰੰਥ ਪ੍ਰੰਪਰਾ ਦੀਆਂ ਸ਼ਾਖਾਵਾਂ ਹਨ: ਫੇਰ ਵੀ ਇਹ ਦੋਹੇਂ ਧਰਮ ਨਿਰਵਾਣ ਦੀ ਇੱਕ ਰੂਪਤਾ ਨੂੰ ਬਿਆਨ ਨਹੀਂ ਕਰਦੇ। ਆਗਮ ਗ੍ਰੰਥਾਂ ਵਿੱਚ ਵਰਣਨ ਜੈਨ ਬੁੱਧ ਧਰਮ ਦੀ ਮਿਲਦੀ ਜੁਲਦੀ ਵਿਚਾਰਧਾਰਾ ਅਤੇ ਸਾਧਨਾ ਉਨ੍ਹਾਂ ਵਿੱਚਕਾਰਲੇ ਮਤਭੇਦਾਂ ਨੂੰ ਅਸਪੱਸ਼ਟ ਨਹੀਂ ਰਹਿਣ ਦਿੰਦੀ। ਦੂਸਰੇ ਪਾਸੇ ਵੈਦਾਂਤਿਕ ਵੈਸ਼ਨਵ

ਅਤੇ ਸਿੱਖ ਧਰਮ ਵਿੱਚ ਸਿਧਾਂਤਕ ਸਮਾਨਤਾਵਾਂ ਜ਼ਿਆਦਾ ਹਨ। ਜੋ ਕੁੱਝ ਅਸਮਾਨਤਾ ਹਨ ਉਹ ਵੀ ਇੰਨੀਆਂ ਡੂੰਘੀਆਂ ਨਹੀਂ ਹਨ ਜਿਸ ਤਰ੍ਹਾਂ ਜੈਨ, ਬੁੱਧ ਧਰਮ ਵਿੱਚ ਮਿਲਦੀਆਂ ਹਨ।

ਭਾਰਤੀ ਪਵਿੱਤਰ ਧਰਤੀ ਤੇ ਪੈਦਾ ਹੋਏ ਅਤੇ ਵਿਕਸਤ ਹੋਏ ਇਨ੍ਹਾਂ ਚਾਰ ਧਰਮਾਂ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਇਸ ਗ੍ਰੰਥ ਵਿੱਚ ਅਚਾਰੀਆ ਸ਼ਿਵ ਮੁਨੀ ਜੀ ਨੇ ਕੁੱਝ ਵਿਸਥਾਰ ਨਾਲ ਕੀਤਾ ਹੈ। ਉਹਨਾਂ ਦਾ ਗ੍ਰੰਥ "ਭਾਰਤੀ ਧਰਮਾਂ ਵਿੱਚ ਮੁਕਤੀ, ਜੈਨ ਧਰਮ ਦੇ ਵਿਸ਼ੇਸ਼ ਹਵਾਲੇ ਨਾਲ" ਇਸ ਖੇਤਰ ਵਿੱਚ ਨਿਰਵਾਣ ਨੂੰ ਸਮਝਣ ਦੇ ਲਈ ਮਹੱਤਵਪੂਰਨ ਯੋਗਦਾਨ ਹੈ।

ਇਹ ਗ੍ਰੰਥ ਨਿਰਵਾਨ ਸਿਧਾਂਤ ਦੇ ਤੁਲਨਾਤਮਕ ਅਧਿਐਨ ਨੂੰ ਪੇਸ਼ ਨਹੀਂ ਕਰਦਾ ਇਹ ਤਾਂ ਉਪਰੋਕਤ ਧਾਰਮਿਕ ਫਿਰਕਿਆਂ ਦੇ ਵਿੱਚ ਸਮਾਨਤਾਵਾਂ ਅਤੇ ਫਰਕ ਦੇ ਕੇਂਦਰ ਬਿੰਦੂਆਂ ਦੀ ਵਿਆਖਿਆ ਕਰਦਾ ਹੈ। ਹਰ ਫਿਰਕੇ ਦੀ ਪ੍ਰੰਪਰਾ ਦਾ ਅਧਿਐਨ ਉਸੇ ਫਿਰਕੇ ਦੇ ਮੂਲ ਗ੍ਰੰਥ ਦੇ ਆਧਾਰ ਤੇ ਹੋਣਾ ਚਾਹੀਦਾ ਹੈ। ਇੱਥੇ ਪਾਠਕ ਅਪਣਾ ਵਿਚਾਰ ਬਣਾਉਣ ਦੇ ਲਈ ਆਜ਼ਾਦ ਹੈ। ਲੇਖਕ ਨੇ ਮੂਲ ਗ੍ਰੰਥਾਂ ਦੇ ਆਧਾਰ ਤੇ ਇਨ੍ਹਾਂ ਪ੍ਰੰਪਰਾਵਾਂ ਦੇ ਰਾਹੀਂ ਹੋਰ ਸਿਧਾਂਤਾ ਨੂੰ ਸ਼ਕਤੀ ਅਨੁਸਾਰ ਸੁੰਦਰ ਰੂਪ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਇਹੋ ਇਸ ਦੀ ਵਿਸ਼ੇਸ਼ਤਾ ਹੈ।

ਅਚਾਰੀਆ ਸ਼ਿਵ ਮੁਨੀ ਜੀ ਪਹਿਲੇ ਜੈਨ ਮੁਨੀ ਹਨ, ਜਿਨ੍ਹਾਂ ਨੇ ਇਸ ਵਿਸ਼ੇ ਤੇ ਇਨ੍ਹੀ ਡੂੰਘਾਈ ਅਤੇ ਪ੍ਰਮਾਣਕਤਾ ਨਾਲ ਲਿਖਿਆ ਹੈ। ਵਿਸ਼ੇਸ਼ ਧਿਆਨ ਦੇਣ ਦੀ ਗੱਲ ਇਹ ਹੈ ਕਿ ਉਨ੍ਹਾ ਨੇ ਸਿੱਖ ਧਰਮ ਵਿੱਚ ਮੁਕਤੀ ਦੇ ਸਿਧਾਂਤ ਤੇ ਇੱਕ ਸੁਤੰਤਰ ਅਧਿਐਨ ਲਿਖਿਆ ਹੈ। ਇਸ ਤੋਂ ਪਹਿਲਾਂ ਆਮ ਤੌਰ ਤੇ ਗੁਰੂ ਨਾਨਕ ਦੇ ਵਿਚਾਰਾਂ ਦਾ ਵਰਣਨ ਕੀਤਾ ਜਾਂਦਾ ਸੀ। ਇਸ ਗ੍ਰੰਥ ਦੀ ਦੂਸਰੀ ਵਿਸ਼ੇਸ਼ਤਾ ਹੈ ਕਿ ਲੇਖਕ ਨੇ ਇਸ ਵਿੱਚ ਬੁੱਧ ਧਰਮ ਦੇ ਸਿਧਾਂਤ ਨੂੰ ਵੀ ਪੇਸ਼ ਕੀਤਾ ਹੈ ਜੋ ਜੈਨ ਧਰਮ ਦੇ ਕਿਸੇ ਅੰਸ਼

ਵਿੱਚ ਇੱਕ ਸਮਾਨ ਹੈ ਅਤੇ ਕਿਸੇ ਅੰਸ਼ ਵਿੱਚ ਮਤਭੇਦ ਵੀ ਰੱਖਦਾ ਹੈ। ਪ੍ਰਾਚੀਨ ਕਾਲ ਵਿੱਚ ਜੈਨ ਮੁਨੀ ਅਤੇ ਅਚਾਰੀਆ ਬੁੱਧ ਧਰਮ ਦਾ ਖੰਡਨ ਕਰਨ ਦੇ ਲਈ ਉਸਦੇ ਗ੍ਰੰਥਾਂ ਦਾ ਗੰਭੀਰ ਅਧਿਐਨ ਕਰਦੇ ਸਨ। ਅਚਾਰੀਆ ਸ਼ਿਵ ਮੁਨੀ ਜੀ ਦੀ ਇਹ ਵਿਸ਼ੇਸਤਾ ਵਰਨਣਯੋਗ ਹੈ ਕਿ ਉਨ੍ਹਾਂ ਨੇ ਬੁੱਧ ਨਿਰਵਾਨ ਸਿਧਾਂਤ ਨੂੰ ਠੀਕ ਢੰਗ ਨਾਲ ਪੇਸ਼ ਕੀਤਾ।

ਭਾਰਤੀ ਧਰਮਾਂ ਦੇ ਇਤਿਹਾਸ ਦਾ ਅਧਿਐਨ ਕਰਨ ਵਾਲੀਆਂ ਲਈ ਉਨ੍ਹਾਂ ਨੇ ਬੁੱਧ ਧਰਮ ਅਤੇ ਸਿੱਖ ਧਰਮ ਦੇ ਅਧਿਐਨ ਕਾਲ ਵਿੱਚ ਕੁੱਝ ਨਵੇਂ ਰਾਹ ਵੀ ਖੋਲ੍ਹੇ ਹਨ। ਮੇਰੀ ਇਹ ਬਿਨ੍ਹਾਂ ਸ਼ੱਕ ਧਾਰਨਾ ਹੈ ਕਿ ਇਹ ਮਹੱਤਵਪੂਰਨ ਗ੍ਰੰਥ ਵੈਦਿਕ, ਬੁੱਧ, ਜੈਨ ਅਤੇ ਸਿੱਖ ਧਰਮਾਂ ਦੇ ਪੈਰੋਕਾਰਾਂ ਰਾਹੀਂ ਇੱਕ ਸਮਾਨ ਰੂਪ ਵਿੱਚ ਆਦਰ ਪਾਵੇਗਾ।

30 ਜੂਨ 1981

ਲਾਲ ਮਨੀ ਜੋਸ਼ੀ
ਪ੍ਰੋਫੈਸਰ ਅਤੇ ਮੁੱਖੀ ਧਰਮ ਅਧਿਐਨ
ਵਿਭਾਗ ਅਤੇ ਪ੍ਰਮੁੱਖ ਆਰਟ ਗੈਲਰੀ,
ਪੰਜਾਬੀ ਯੂਨਿਵਰਸਟੀ ਪਟਿਆਲਾ,
(ਪੰਜਾਬ)

## ਅਨੁਵਾਦਕਾਂ ਵੱਲੋਂ ਬੇਨਤੀ:

ਜੈਨ ਅਚਾਰੀਆ ਡਾ: ਸ਼ਿਵ ਮੁਨੀ ਜੀ ਮਹਾਰਾਜ ਸਥਾਨਕ ਵਾਸੀ ਸ਼ਵੇਤਾਂਬਰ ਪ੍ਰੰਪਰਾ ਦੇ ਚੋਥੇ ਅਚਾਰੀਆ ਦੇ ਨਾਲ ਨਾਲ ਮਹਾਨ ਵਿਦਵਾਨ ਹਨ। ਆਪ ਦਾ ਜਨਮ 18 ਸਤੰਬਰ 1942 ਨੂੰ ਮਲੋਟ ਮੰਡੀ ਜ਼ਿਲ੍ਹਾ ਫਰੀਦਕੋਟ ਵਿਖੇ ਮਾਤਾ ਵਿਦਿਆ ਦੇਵੀ ਜੈਨ ਅਤੇ ਪਿਤਾ ਸ਼੍ਰੀ ਚਿਰੰਜੀ ਲਾਲ ਜੈਨ ਦੇ ਘਰ ਹੋਇਆ। ਬਚਪਨ ਤੋਂ ਹੀ ਆਪ ਨੂੰ ਸੰਸਾਰ ਨਾਲ ਕੋਈ ਮੋਹ ਨਹੀਂ ਸੀ। ਆਪ ਛੋਟੀ ਉਮਰ ਵਿੱਚ ਹੀ ਜੈਨ ਮੁਨੀਆਂ ਦੇ ਸੰਪਰਕ ਵਿੱਚ ਆ ਗਏ ਸਨ। ਘਰ ਵਿੱਚ ਰਹਿ ਕੇ ਆਪ ਨੇ ਡਬਲ ਐਮ. ਏ. ਕੀਤੀ ਅਤੇ ਫੇਰ ਡੂੰਘੇ ਵੈਰਾਗ ਕਾਰਨ 17 ਮਈ 1972 ਨੂੰ ਆਪ ਨੇ ਅਚਾਰੀਆ ਆਤਮਾਂ ਰਾਮ ਜੀ ਦੇ ਵਿਦਵਾਨ ਚੇਲੇ ਸ਼੍ਰਮਣ ਸੰਘ ਦੇ ਸਲਾਹਕਾਰ ਸ਼੍ਰੀ ਗਿਆਨ ਮੁਨੀ ਜੀ ਮਹਾਰਾਜ ਤੋਂ ਸਾਧੂ ਜੀਵਨ ਗ੍ਰਹਿਣ ਕੀਤਾ।

ਦੀਖਿਆ ਤੋਂ ਬਾਅਦ ਆਪ ਜੀ ਦਾ ਪਹਿਲਾ ਚੋਮਾਸਾ ਮਾਲੇਰਕੋਟਲਾ ਵਿਖੇ ਹੋਇਆ ਇਸੇ ਚੋਮਾਸੇ ਵਿੱਚ ਸਾਡੀ ਮੁਲਾਕਾਤ ਇੱਕ ਨੋਜਵਾਨ ਪੜ੍ਹੇ ਲਿਖੇ ਸਾਧੂ ਨਾਲ ਹੋਈ ਜਿਸ ਦਾ ਨਾਂ ਮੁਨੀ ਸ਼ਿਵ ਕੁਮਾਰ ਸੀ। ਇਸ ਤੋਂ ਪਹਿਲਾਂ ਜੈਨ ਸਮਾਜ ਵਿੱਚ ਕਿਸੇ ਵਿਅਕਤੀ ਨੇ ਏਨ੍ਹੀ ਪੜ੍ਹਾਈ ਕਰਨ ਤੋਂ ਬਾਅਦ ਸਾਧੂ ਜੀਵਨ ਗ੍ਰਹਿਣ ਨਹੀਂ ਕੀਤਾ। ਸਾਨੂੰ ਆਪ ਦੇ ਰੂਹਾਨੀ ਨੂਰ ਪ੍ਰਤੀ ਇੱਕ ਅਧਿਆਤਮਿਕ ਆਕਰਸ਼ਨ ਹੋ ਗਿਆ। ਅਸੀਂ ਰੋਜ਼ਾਨਾ ਦੁਪਿਹਰ ਨੂੰ ਜੈਨ ਸਥਾਨਕ ਵਿੱਚ ਆਪ ਜੀ ਦੇ ਦਰਸ਼ਨ ਅਤੇ ਧਰਮ ਚਰਚਾ ਕਰਨ ਜਾਂਦੇ। ਕਈ ਵਾਰ ਸਾਨੂੰ ਜਾਪਿਆ ਕਿ ਨਵੇਂ ਬਣੇ ਜੈਨ ਮੁਨੀ ਗਿਆਨ ਪ੍ਰਤੀ ਬਹੁਤ ਅਭਿਲਾਸ਼ੀ ਹਨ। ਅਸੀਂ ਆਪ ਜੀ ਨੂੰ ਬੇਨਤੀ ਕੀਤੀ ਕਿ ਆਪ ਐਮ. ਏ. ਤਾਂ ਹੋ ਜੇ ਆਪ ਪੀ. ਐਚ. ਡੀ ਕਰ ਲਵੋਂ ਤਾਂ ਆਪ ਸੰਸਾਰ ਦੇ ਧਰਮਾਂ ਦਾ ਤੁਲਨਾਤਮਕ ਅਧਿਐਨ ਕਰ ਲਵਾਂਗੇ। ਸਾਡੀ ਗਲ ਪ੍ਰਤੀ ਮੁਨੀ ਜੀ ਨੇ ਹਾਮੀ ਭਰੀ ਅਸੀਂ ਪੰਜਾਬੀ ਯੂਨਿਵਰਸਿਟੀ ਦੇ ਧਰਮ ਅਧਿਐਨ ਵਿਭਾਗ ਦੇ ਰਿਡਰ ਪ੍ਰਸਿੱਧ ਬੋਧ ਵਿਦਵਾਨ ਡਾ: ਐਲ. ਐਮ. ਜੋਸ਼ੀ ਨਾਲ ਇਸ ਵਿਸ਼ੇ ਤੇ ਚਰਚਾ ਕੀਤੀ। ਡਾ: ਐਲ. ਐਮ. ਜੋਸ਼ੀ ਕੋਲ ਉਸ ਸਮੇਂ ਇੱਕ ਜਰਮਨ ਦਾ ਬੋਧ ਭਿਕਸ਼ੂ ਪੀ. ਐਚ. ਡੀ ਕਰ ਰਿਹਾ ਸੀ। ਉਨ੍ਹਾਂ ਸਾਰੀ ਗਲ ਸੁਣ ਕੇ ਆਖਿਆ

ਕਿ ਅਸੀਂ ਮੁਨੀ ਜੀ ਨਾਲ ਮਿਲ ਕੇ ਤੁਹਾਨੂੰ ਹਾਂ ਆਖ ਸਕਦੇ ਹਾਂ। ਅਸੀਂ ਡਾ: ਐਲ. ਐਮ. ਜੋਸ਼ੀ ਨੂੰ ਮਾਲੇਰਕੋਟਲਾ ਲੈਕੇ ਆਏ। ਡਾ: ਜੋਸ਼ੀ ਮੁਨੀ ਸ਼ਿਵ ਕੁਮਾਰ ਦੀ ਗਲਬਾਤ ਤੋਂ ਬਹੁਤ ਪ੍ਰਭਾਵਿਤ ਹੋਏ ਉਨ੍ਹਾਂ ਸਹਿਜ ਹਾਮੀ ਭਰ ਲਈ ਕਿ ਮੈਂ ਇਸ ਮੁਨੀ ਨੂੰ ਪੀ. ਐਚ. ਡੀ ਜ਼ਰੂਰ ਕਰਵਾ ਦੇਵਾਂਗਾ।

ਇਸ ਪ੍ਰਕਾਰ ਪੀ. ਐਚ. ਡੀ. ਦਾ ਕੰਮ ਮਾਲੇਰਕੋਟਲਾ ਵਿਖੇ ਸ਼ੁਰੂ ਹੋਈਆ ਮੁਨੀ ਸ਼ਿਵ ਕੁਮਾਰ ਜੀ ਨੇ ਬੜੀ ਲਗਨ ਅਤੇ ਮਿਹਨਤ ਨਾਲ ਭਿੰਨ ਭਿੰਨ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਅਧਿਐਨ ਦੇ ਨਾਲ ਨਾਲ ਹੀ ਆਪ ਨੇ ਵੱਡੇ ਗੁਰੂਆਂ ਦੀ ਸੇਵਾ, ਨਿਮਰਤਾ, ਧਿਆਨ ਅਤੇ ਤੱਪ ਰਾਹੀਂ ਜੈਨ ਮੁਨੀ ਦੀ ਕ੍ਰਿਆ ਨੂੰ ਬੜੀ ਸ਼ਰਧਾ ਨਾਲ ਨਿਭਾਇਆ। ਉਸ ਸਮੇਂ ਯੂਨੀਵਰਸਿਟੀ ਕੈਂਪਸ ਵਿੱਚ ਆਪ ਨੇ ਅਪਣੇ ਅਧਿਆਪਕ ਨੂੰ ਮਿਲਣ ਲਈ ਜੈਨ ਮੁਨੀ ਪ੍ਰੰਪਰਾ ਅਨੁਸਾਰ ਪੈਦਲ ਜਾਣਾ ਪੈਂਦਾ ਸੀ। ਯੂਨੀਵਰਸਿਟੀ ਅਤੇ ਸ਼ਹਿਰ ਦਾ ਫਾਸਲਾ 7 - 8 ਕਿਲੋਮੀਟਰ ਦੇ ਕਰੀਬ ਹੈ, ਇਸ ਆਉਣ ਜਾਣ ਵਿੱਚ ਆਪ ਨੂੰ ਕਾਫੀ ਸਮਾਂ ਲੱਗ ਜਾਂਦਾ ਸੀ ਪਰ ਆਪ ਨੇ ਅਪਣੇ ਅਧਿਐਨ ਦੀ ਇੱਛਾ ਦੇ ਅੱਗੇ ਕਿਸੇ ਵੀ ਰੁਕਾਵਟ ਨੂੰ ਤੁੱਛ ਸਮਝਿਆ। ਇਸ ਮਿਹਨਤ ਦਾ ਸਦਕਾ, ਆਪ ਨੇ ਅਪਣੇ ਅਧਿਆਪਕਾਂ ਦਾ ਮਨ ਹੀ ਨਹੀਂ ਜਿੱਤਿਆਂ ਸਗੋਂ ਜੈਨ ਮੁਨੀ ਦੇ ਆਦਰਸ਼ ਰੂਪ ਨੂੰ ਪੇਸ਼ ਕੀਤਾ। ਇਸ ਪ੍ਰਕਾਰ ਲਗਾਤਾਰ ਪੰਜ ਸਾਲ ਦੀ ਮਿਹਨਤ ਤੋਂ ਬਾਅਦ ਆਪ ਪੀ. ਐਚ. ਡੀ. ਕਰਨ ਵਾਲੇ ਪਹਿਲੇ ਜੈਨ ਮੁਨੀ ਬਣ ਗਏ। ਆਪ ਨੇ ਇਸ ਪੀ. ਐਚ. ਡੀ. ਦੇ ਦੋਰਾਨ ਮੁਨੀ ਦੇ ਨਿਯਮਾਂ ਦਾ ਸਖਤੀ ਨਾਲ ਪਾਲਣ ਕੀਤਾ। ਆਪ ਨੇ ਅਪਣੇ ਗੁਰੂ ਪੂਜਨਯ ਸ਼੍ਰੀ ਗਿਆਨ ਮੁਨੀ ਜੀ ਅਤੇ ਪ੍ਰਵਰਤਕ ਸ਼੍ਰੀ ਫੂਲ ਚੰਦ ਜੀ ਸ਼੍ਰਮਣ ਜੀ ਪਾਸੋ ਆਗਮਾਂ ਦਾ ਪ੍ਰੰਪਰਾਗਤ ਢੰਗ ਨਾਲ ਅਧਿਐਨ ਕੀਤਾ।

ਪੀ. ਐਚ. ਡੀ. ਕਰਨ ਤੋਂ ਕੁੱਝ ਸਮਾਂ ਬਾਅਦ ਹੀ ਆਪ ਅਪਣੇ ਗੁਰੂ ਦੀ ਆਗਿਆ ਨਾਲ ਅਪਣਾ ਅਲਗ ਧਰਮ ਪ੍ਰਚਾਰ ਕਰਨ ਲੱਗੇ। ਸਵੇਤਾਂਬਰ ਸਥਾਨਕ ਵਾਸੀ ਸਮਾਜ ਵਿੱਚ ਆਪ ਦੇ ਗਿਆਨ ਦੀ ਚਰਚਾ ਸਭ ਪਾਸੇ ਹੋਣ ਲੱਗੀ। ਇਹ ਚਰਚਾ ਸ਼੍ਰਮਣ ਸੰਘ ਦੇ ਦੂਸਰੇ ਅਚਾਰੀਆ ਪਰਮ ਪੂਜਨਯ ਸ਼੍ਰੀ

ਆਨੰਦ ਰਿਸ਼ੀ ਜੀ ਦੇ ਦਰਬਾਰ ਵਿੱਚ ਵੀ ਪਹੁੰਚ ਗਈ। ਆਪ ਨੇ ਲੰਬਾ ਸਮਾਂ ਬਹੁਤ ਚੰਗੇ ਵਿਦਵਾਨ ਮੁਨੀਆਂ ਦੀ ਸੰਗਤ ਸਾਰੇ ਭਾਰਤ ਘੁੰਮ ਕੇ ਕੀਤੀ।

ਅਚਾਰੀਆ ਆਨੰਦ ਰਿਸ਼ੀ ਜੀ ਮਹਾਰਾਜ ਨੇ ਪੂਨਾ ਵਿੱਖੇ ਇੱਕ ਵੱਡਾ ਸਾਧੂ ਸੰਮੇਲਨ ਬੁਲਾਇਆ ਜਿਸ ਵਿੱਚ 500 ਤੋਂ ਜ਼ਿਆਦਾ ਸਾਧੂ ਸਾਧਵੀ ਅਤੇ 100,000 ਤੋਂ ਜ਼ਿਆਦਾ ਸ਼੍ਰਾਵਕ ਸ਼੍ਰਾਵਕਾਵਾਂ ਦਾ ਇੱਕਠ ਹੋਇਆ। ਇਸ ਸੰਮੇਲਨ ਵਿੱਚ ਅਚਾਰੀਆ ਸ਼੍ਰੀ ਆਨੰਦ ਰਿਸ਼ੀ ਜੀ ਮਹਾਰਾਜ ਪੂਜ ਸ਼੍ਰੀ ਦੇਵਇੰਦਰ ਮੁਨੀ ਸ਼ਾਸਤਰੀ ਜੀ ਨੂੰ ਉਪ ਅਚਾਰੀਆ ਅਤੇ ਮੁਨੀ ਸ਼ਿਵ ਕੁਮਾਰ ਨੂੰ ਯੂਵਾ ਅਚਾਰੀਆ ਪਦ ਦੀ ਪਦਵੀ ਪ੍ਰਦਾਨ ਕੀਤੀ। ਅਚਾਰੀਆ ਆਨੰਦ ਰਿਸ਼ੀ ਜੀ ਦੇ ਸਵਰਗਵਾਸ ਤੋਂ ਬਾਅਦ ਅਚਾਰੀਆ ਸ਼੍ਰੀ ਦੇਵਇੰਦਰ ਮੁਨੀ ਜੀ ਮਹਾਰਾਜ ਸ਼੍ਰਮਣ ਸੰਘ ਦੇ ਤੀਜੇ ਅਚਾਰੀਆ ਬਣੇ। ਪਰ ਆਪ ਥੋੜਾ ਸਮਾਂ ਹੀ ਇਸ ਪਦ ਤੇ ਰਹੇ, ਛੇਤੀ ਹੀ ਆਪ ਵੀ ਸਵਰਗ ਸਧਾਰ ਗਏ।

ਯੂਵਾ ਅਚਾਰੀਆ ਸ਼ਿਵ ਮੁਨੀ ਜੀ ਮਹਾਰਾਜ ਨੂੰ ਸ਼੍ਰਮਣ ਸੰਘ ਦਾ ਚੋਥਾ ਅਚਾਰੀਆ ਪੂਨਾ ਵਿਖੇ ਘੋਸ਼ਿਤ ਕੀਤਾ ਗਿਆ। ਅਚਾਰੀਆ ਦੇ ਰੂਪ ਵਿੱਚ ਆਪ ਨੇ ਕਸ਼ਮੀਰ ਤੋਂ ਕੰਨਿਆਂ ਕੁਮਾਰੀ ਅਤੇ ਰਾਜਸਥਾਨ ਤੋਂ ਬੰਗਾਲ ਤੱਕ ਧਰਮ ਪ੍ਰਚਾਰ ਕੀਤਾ। ਸਨ 2000 ਵਿੱਚ ਆਪ ਵਾਪਸ ਪੰਜਾਬ ਵੱਲ ਆਏ, ਸਨ 2001 ਵਿੱਚ ਆਪ ਦਾ ਚੋਮਾਸਾ ਲੁਧਿਆਣਾ ਵਿੱਖੇ ਅਪਣੇ ਗੁਰੂ ਜੀ ਦੇ ਨਾਲ ਹੋਇਆ। ਇਸ ਤੋਂ ਬਾਅਦ ਲੁਧਿਆਣਾ, ਮਾਲੇਰਕੋਟਲਾ, ਜਲੰਧਰ, ਜੰਮੂ, ਅੰਬਾਲਾ ਅਤੇ ਮਾਲੇਰਕੋਟਲਾ ਵਿੱਚ ਚੋਮਾਸਾ ਪੂਰਾ ਕਰਕੇ ਆਪ ਵਾਪਸ ਚੋਮਾਸਾ ਕਰਨ ਲਈ ਦਿੱਲੀ ਵੱਲ ਜਾ ਰਹੇ ਹਨ।

ਮੇਰੇ ਗੁਰੂ ਦੇਵ ਅਤੇ ਸ਼੍ਰਮਣ ਸੰਘ ਦੇ ਚੋਥੇ ਅਚਾਰੀਆ ਧਿਆਨ ਯੋਗੀ ਡਾ: ਸ਼ਿਵ ਮੁਨੀ ਜੀ ਮਹਾਰਾਜ ਇਕ ਮਹਾਨ ਵਿਦਵਾਨ ਹਨ। ਉਹਨਾਂ ਜੈਨ ਆਗਮਾਂ ਦਾ ਭਾਰਤੀ ਅਤੇ ਵਿਦੇਸ਼ੀ ਧਰਮਾਂ ਨਾਲ ਤੁਲਨਾਤਮਕ ਅਧਿਐਨ ਕੀਤਾ ਹੈ। ਸਿੱਟੇ ਵਜੋਂ ਉਹਨਾਂ ਅੰਗਰੇਜ਼ੀ ਭਾਸ਼ਾ ਵਿੱਚ 9 ਅਤੇ ਹਿੰਦੀ ਭਾਸ਼ਾ ਵਿੱਚ 35 ਕਿਤਾਬਾਂ ਲਿਖੀਆ ਹਨ। ਉਹਨਾਂ ਦੇ ਸਾਹਿਤ ਦਾ ਅਜੇ ਤੱਕ ਪੰਜਾਬ ਦੀ ਲੋਕ ਭਾਸ਼ਾ ਪੰਜਾਬੀ ਵਿੱਚ ਕੋਈ ਅਨੁਵਾਦ ਨਹੀਂ ਛਪਿਆ ਸੀ। ਅਸੀਂ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਸ ਕਮੀ ਨੂੰ ਅਸੀਂ ਕਾਫੀ ਮਹਿਸੂਸ ਕੀਤਾ। ਸਾਨੂੰ

ਜਾਪਿਆ ਕਿ ਪੰਜਾਬ ਵਿੱਚ ਆਮ ਲੋਕ ਜੈਨ ਧਰਮ ਤੇ ਸਾਹਿਤ ਬਾਰੇ ਬਹੁਤ ਹੀ ਘੱਟ ਅਤੇ ਸੀਮਿਤ ਜਾਣਕਾਰੀ ਰੱਖਦੇ ਹਨ।

ਸਾਡਾ ਪਰਮ ਸੁਭਾਗ ਹੈ ਕਿ ਆਪ ਦੇ ਮੁੱਖ ਚੇਲੇ ਮੰਤਰੀ ਸ਼੍ਰੀ ਸ਼ਿਰਿਸ਼ ਮੁਨੀ ਜੀ ਮਹਾਰਾਜ ਨੇ ਸਾਨੂੰ ਆਪ ਜੀ ਦੇ ਅੰਗਰੇਜ਼ੀ ਸੋਧ ਪ੍ਰਬੰਧ ਦਾ ਪੰਜਾਬੀ ਅਨੁਵਾਦ ਕਰਨ ਲਈ ਪ੍ਰੇਰਣਾ ਦਿੱਤੀ। ਸਾਨੂੰ ਆਸ ਹੈ ਕਿ ਸਾਡਾ ਇਹ ਅਨੁਵਾਦ ਪਾਠਕਾਂ ਨੂੰ ਪਸੰਦ ਆਵੇਗਾ। ਅਨੁਵਾਦ ਵਿੱਚ ਰਹਿ ਗਈਆਂ ਤਰੁੱਟੀਆਂ ਲਈ ਅਸੀਂ ਪਾਠਕਾਂ ਤੋਂ ਮੁਆਫੀ ਚਾਹੁੰਦੇ ਹੋਏ ਆਸ ਕਰਦੇ ਹਾਂ ਕਿ ਉਹ ਤਰੁੱਟੀਆਂ ਵੱਲ ਸਾਡਾ ਧਿਆਨ ਦਿਵਾਉਣਗੇ ਤਾਂ ਕਿ ਭਵਿੱਖ ਵਿੱਚ ਸੁਧਾਰ ਕੀਤਾ ਜਾ ਸਕੇ।

ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਅਸੀਂ ਆਪਣੇ ਛੋਟੇ ਭਰਾ ***ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼) ਮਾਲੇਰਕੋਟਲਾ*** ਦੇ ਸਹਿਯੋਗ ਅਤੇ ਮਿਹਨਤ ਲਈ ਧੰਨਵਾਦੀ ਹਾਂ।

ਅਸੀਂ ਸ਼੍ਰੀ ਵਿਨੋਦ ਦਰਿਆਪੁਰਕਰ ਚੇਅਰਮੈਨ ਜੈਨ ਵਰਲਡ ਫਾਉਂਡੇਸ਼ਨ ਯੂ. ਐਸ. ਏ. ਅਤੇ ਸ਼੍ਰੀ ਸੁਨੀਲ ਦੇਸ਼ਮਨੀ ਦੇ ਵਿਸ਼ੇਸ਼ ਰੂਪ ਵਿੱਚ ਧੰਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਅਪਣੀ ਵੈਬ ਜੈਨ ਵਰਲਡ ਤੇ ਸਥਾਨ ਦੇ ਕੇ ਇਸ ਪੁਸਤਕ ਨੂੰ ਸੰਸਾਰ ਦੇ ਕੋਨੇ - ਕੋਨੇ ਵਿੱਚ ਪਹੁੰਚਾਇਆ ਹੈ। ਪਰੂਫ ਰਿਡੀਂਗ ਵਿੱਚ ਸਹਾਇਤਾ ਕਰਨ ਲਈ ਸ਼੍ਰੀ ਮੁਹੰਮਦ ਖਾਲਿਦ, ਡਾ: ਧਰਮ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਜੀ ਅਤੇ ਡਾ: ਪਰਦਮਨ ਸ਼ਾਹ ਸਿੰਘ ਜੀ, ਲੈਕਚਰਰ ਜੈਨਇਜ਼ਮ ਪੰਜਾਬੀ ਯੂਨਿਵਰਸਟੀ ਪਟਿਆਲਾ ਦਾ ਮਹੱਤਵਪੂਰਨ ਸੁਝਾਉ ਦੇਣ ਲਈ ਧੰਨਵਾਦੀ ਹਾਂ।

31/03/2009
ਮਾਲੇਰਕੋਟਲਾ

ਸ਼ੁਭ ਚਿੰਤਕ
ਰਵਿੰਦਰ ਜੈਨ, ਪੁਰਸ਼ੋਤਮ ਜੈਨ

# ਪ੍ਰਾਕਥਨ

ਆਧੁਨਿਕ ਕਾਲ ਵਿੱਚ ਭਾਰਤੀ ਅਤੇ ਯੂਰਪੀ ਅਨੇਕਾਂ ਵਿਦਵਾਨਾਂ ਰਾਹੀਂ ਜੈਨ ਸਿਧਾਂਤ ਅਤੇ ਸਾਧਨਾ ਦੇ ਬਾਰੇ ਕਾਫੀ ਲਿਖਿਆ ਗਿਆ ਹੈ। ਫੇਰ ਵੀ ਜੈਨ ਪ੍ਰੰਪਰਾ ਵਿੱਚ ਪ੍ਰਾਚੀਨ ਸ਼੍ਰਮਣਾਂ ਅਤੇ ਮੁਨੀਆਂ ਦੇ ਰਾਹੀਂ ਵਿਖਾਏ ਸਿਧਾਂਤ ਅਤੇ ਸਾਧਨਾ ਦੇ ਕਈ ਹਵਾਲੇ ਅਜਿਹੇ ਹਨ ਜਿਨ੍ਹਾਂ ਤੇ ਵਿਚਾਰ ਕੀਤਾ ਜਾਣਾ ਬਾਕੀ ਹੈ। ਉਦਾਹਰਨ ਵਜੋਂ ਮੁਕਤੀ ਸਿਧਾਂਤ ਅਤੇ ਉਸ ਦਾ ਮਾਰਗ। ਇਹ ਦੋ ਅਜਿਹੇ ਖੇਤਰ ਹਨ ਜਿਨ੍ਹਾਂ ਉੱਪਰ ਡੂੰਘਾਈ ਅਤੇ ਵਿਸਥਾਰ ਨਾਲ ਵਿਚਾਰ ਕੀਤਾ ਜਾਣਾ ਲੇਖਕ ਦੀ ਦ੍ਰਿਸ਼ਟੀ ਤੋਂ ਜ਼ਰੂਰੀ ਹੈ ਕਿਉਂਕਿ ਮੁਕਤੀ (ਨਿਰਵਾਣ) ਸਾਰੇ ਭਾਰਤੀ ਦਰਸ਼ਨਾ ਦਾ ਕੇਂਦਰ ਬਿੰਦੂ ਹੈ। ਇਸ ਲਈ ਜੈਨ ਧਰਮ ਦੇ ਮੁਕਤੀ ਸਿਧਾਂਤ ਨੂੰ ਸਮਝਣ ਦੇ ਲਈ ਬ੍ਰਾਹਮਣ, ਬੁੱਧ ਅਤੇ ਸਿੱਖ ਪ੍ਰੰਪਰਾ ਵਿੱਚ ਵਰਣਨ ਮੁਕਤੀ ਸਿਧਾਂਤ ਦਾ ਅਧਿਐਨ ਕੀਤਾ ਜਾਣਾ ਜ਼ਰੂਰੀ ਹੈ। ਇਹ ਹੀ ਕਾਰਨ ਹੈ ਇਸ ਅਧਿਐਨ ਵਿੱਚ ਜੈਨ ਮੁਕਤੀ ਸਿਧਾਂਤ ਦੇ ਨਾਲ ਨਾਲ ਹੀ ਵੈਦਿਕ, ਬੁੱਧ ਅਤੇ ਸਿੱਖ ਧਰਮ ਵਿੱਚ ਵਰਣਨ ਮੁਕਤੀ ਦੇ ਸਿਧਾਂਤ ਤੇ ਵਿਚਾਰ ਕੀਤਾ ਗਿਆ ਹੈ। ਉਸ ਅਨੁਸਾਰ ਇਹ ਸੋਧ ਪ੍ਰਬੰਧ ਸੱਤ ਅਧਿਐਨਾਂ ਵਿੱਚ ਵੰਡਿਆ ਗਿਆ ਹੈ।

ਪਹਿਲੇ ਅਧਿਐਨ ਵਿੱਚ ਜੈਨ ਪ੍ਰੰਪਰਾ ਦੀ ਉੱਤਪਤੀ ਅਤੇ ਵਿਕਾਸ਼ ‘ਤੇ ਇੱਕ ਸਰਵੇਖਣ ਪੇਸ਼ ਕੀਤਾ ਗਿਆ ਹੈ। ਦੂਸਰੇ ਅਧਿਐਨ ਵਿੱਚ ਬ੍ਰਾਹਮਣ ਦਰਸ਼ਨ ਦੇ ਆਤਮਵਾਦ ਅਤੇ ਬੁੱਧ ਦਰਸ਼ਨ ਦੇ ਅਨਾਤਮਵਾਦ ਤੇ ਵਿਚਾਰ ਕਰਦੇ ਹੋਏ ਜੈਨ ਦਰਸ਼ਨ ਦੇ ਬਹੁ ਤੱਤਵਾਦ ਦੀ ਸਮੀਖਿਆ ਕੀਤੀ ਗਈ ਹੈ। ਤੀਸਰੇ ਅਧਿਐਨ ਕਰਮ ਅਤੇ ਪੂਨਰ ਜਨਮ ਨਾਲ ਸੰਬੰਧਤ ਹੈ, ਚੋਥੇ ਅਧਿਐਨ ਵਿੱਚ ਜੈਨ ਧਰਮ ਦੇ ਅਨੁਸਾਰ ਮੁਕਤੀ ਸਿਧਾਂਤ ਤੇ ਵਿਸਥਾਰ ਨਾਲ ਲਿਖਿਆ ਗਿਆ ਹੈ। ਪੰਜਵੇਂ ਅਧਿਐਨ ਵਿੱਚ ਬ੍ਰਾਹਮਣ ਮੁਕਤੀ ਸਿਧਾਂਤ ਨੂੰ ਪੇਸ਼ ਕੀਤਾ ਗਿਆ ਹੈ। ਛੇਵਾਂ ਅਧਿਐਨ ਬੁੱਧ ਧਰਮ ਦੇ ਅਨੁਸਾਰ ਨਿਰਵਾਣ ਸਿਧਾਂਤ ਨੂੰ ਸਮਰਪਤ ਹੈ ਅਤੇ ਸੱਤਵੇਂ ਅਧਿਐਨ ਵਿੱਚ ਸਿੱਖ ਧਰਮ ਦੇ ਨਿਰਵਾਣ ਸਿਧਾਂਤ ਬਾਰੇ ਚਰਚਾ ਕੀਤੀ ਗਈ ਹੈ। ਅੰਤ ਵਿੱਚ ਸਾਰ ਦਿੱਤਾ ਗਿਆ ਹੈ, ਜਿਸ ਵਿੱਚ

ਮੁਕਤੀ ਸਿਧਾਂਤ ਨਾਲ ਸੰਬੰਧਤ ਕੁੱਝ ਸਮੱਸਿਆਵਾਂ ਬਾਰੇ ਵਰਣਨ ਕੀਤਾ ਗਿਆ ਹੈ ਅਤੇ ਉਪਰੋਕਤ ਚਾਰਾ ਧਰਮਾਂ ਦੇ ਵਿਚਕਾਰ ਮਾਨਤਾਵਾਂ ਅਤੇ ਨਾ ਮੰਨਣ ਯੋਗ ਮਾਨਤਾਵਾਂ ਦੇ ਦ੍ਰਿਸ਼ਟੀ ਕੌਣ ਦਾ ਵਰਣਨ ਕੀਤਾ ਗਿਆ ਹੈ।

ਮੈਂ ਸਭ ਤੋਂ ਪਹਿਲਾਂ ਪੰਜਾਬੀ ਯੂਨਿਵਰਸਿਟੀ ਪਟਿਆਲਾ ਦੇ ਅਧਿਕਾਰੀਆਂ ਨੂੰ ਧੰਨਵਾਦ ਦਿੰਦਾ ਹਾਂ ਜਿਨ੍ਹਾਂ ਨੇ ਡਾ: ਲਾਲ ਮਨੀ ਜੋਸ਼ੀ ਦੇ ਕੁਸ਼ਲ ਨਿਰਦੇਸ਼ਨ ਵਿੱਚ ਪੇਸ਼ ਕੀਤਾ ਪੀ. ਐਚ. ਡੀ. ਸੋਧ ਪ੍ਰਬੰਧ ਨੂੰ ਲਿਖਣ ਦੀ ਅਨੁਮਤੀ ਦਿੱਤੀ। ਜੈਨ ਮੁਨੀ ਹੋਣ ਕਾਰਨ ਲਗਾਤਾਰ ਦੋ ਸਾਲ ਯੂਨਿਵਰਸਿਟੀ ਕੈਂਪਸ ਵਿੱਚ ਮੇਰਾ ਰੁਕਣਾ ਸੰਭਵ ਨਹੀਂ ਸੀ, ਯੂਨਿਵਰਸਿਟੀ ਦੇ ਉੱਚ ਅਧਿਆਰੀਆਂ ਨੇ ਸਾਡੇ ਮੁਨੀ ਜੀਵਨ ਦੇ ਨਿਯਮਾਂ ਦੇ ਪਾਲਣ ਵਿੱਚ ਕੋਈ ਰੁਕਾਵਟ ਨਹੀਂ ਪਾਈ।

ਮੈਂ ਅਪਣੇ ਗੁਰੂ ਦੇਵ ਸ਼੍ਰੀ ਗਿਆਨ ਮੁਨੀ ਜੀ ਮਹਾਰਾਜ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਜੈਨ ਮੁਨੀ ਪਦ ਦੀ ਦੀਖਿਆ ਦਿੱਤੀ ਅਤੇ ਉਨ੍ਹਾਂ ਦੀ ਪ੍ਰੇਰਨਾ ਤੇ ਆਸ਼ਿਰਵਾਦ ਸਦਕਾ ਮੈਂ ਇਹ ਸੋਧ ਕੰਮ ਪੂਰਾ ਕਰ ਸਕਿਆ ਹਾਂ। ਹੋਰ ਦੂਸਰੇ ਜੈਨ ਮੁਨੀਆਂ ਦੇ ਨਾਵਾਂ ਦਾ ਵਰਣਨ ਕਰਨਾ ਜ਼ਰੂਰੀ ਹੈ ਜਿਨ੍ਹਾਂ ਮੈਨੂੰ ਹਮੇਸ਼ਾ ਮੇਰੇ ਧਾਰਮਿਕ ਤੇ ਵਿਦਿਆਰਥੀ ਜੀਵਨ ਨਾਲ ਸੰਬੰਧਤ ਪ੍ਰੇਰਣਾ ਪ੍ਰਾਪਤ ਹੁੰਦੀ ਰਹੀ ਹੈ। ਉਨ੍ਹਾਂ ਨਾਵਾਂ ਵਿੱਚੋਂ ਪ੍ਰਮੁੱਖ ਨਾਂ ਇਸ ਪ੍ਰਕਾਰ ਹਨ: ਉੱਤਰ ਭਾਰਤ ਪ੍ਰਵਰਤਕ ਉਪਾਧਿਆਏ ਮੁਨੀ ਸ਼੍ਰੀ ਫੂਲ ਚੰਦ ਜੀ ਸ਼੍ਰਮਣ, ਮੁਨੀ ਸ਼੍ਰੀ ਹੇਮ ਚੰਦ ਜੀ ਮਹਾਰਾਜ, ਮੁਨੀ ਭੰਡਾਰੀ ਪਦਮ ਚੰਦ ਜੀ ਮਹਾਰਾਜ, ਕਵੀ ਰਤਨ ਸ਼੍ਰੀ ਚੰਦਨ ਮੁਨੀ ਜੀ, ਸ਼੍ਰੀ ਵਿਮਲ ਮੁਨੀ ਜੀ, ਸ਼੍ਰੀ ਰਤਨ ਮੁਨੀ ਜੀ ਆਦਿ। ਮੈਂ ਇਨ੍ਹਾਂ ਸਾਰਿਆਂ ਦਾ ਰਿਣੀ ਹਾਂ।

ਇਸ ਸੋਧ ਪ੍ਰਬੰਧ ਦੀ ਪ੍ਰਕ੍ਰਿਆ ਵਿੱਚ ਡਾ: ਏ. ਐਨ. ਸਿਨਹਾ ਅਤੇ ਪ੍ਰੋਫੈਸਰ ਨਥਮਲ ਟਾਟੀਆ ਦਾ ਵੀ ਵਿਸ਼ੇਸ਼ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਸੋਧ ਪ੍ਰਬੰਧ ਦੇ ਖਰੜੇ ਨੂੰ ਪੜ੍ਹ ਕੇ ਕੁੱਝ ਮਹੱਤਵਪੂਰਨ ਸੁਝਾਉ ਦਿੱਤੇ ਹਨ।

ਇਸ ਪ੍ਰਸੰਗ ਵਿੱਚ ਸ਼੍ਰੀ ਪਦਮ ਚੰਦ ਜੀ ਸ਼ਾਸਤਰੀ ਅਤੇ ਅਚਾਰੀਆ ਕ੍ਰਿਸ਼ਨ ਚੰਦਰ ਜੀ ਪੰਚਕੂਲਾ ਦੇ ਨਾਂ ਵੀ ਵਰਣਨਯੋਗ ਹਨ ਜਿਨ੍ਹਾਂ ਨੇ ਅਨੇਕਾਂ ਜੈਨ ਗ੍ਰੰਥਾਂ ਦਾ ਅਧਿਐਨ ਕਰਨ ਵਿੱਚ ਮੈਨੂੰ ਸਹਿਯੋਗ ਦਿੱਤਾ। ਸ਼੍ਰੀ ਪੁਰਸ਼ੋਤਮ ਜੈਨ ਅਤੇ ਸ਼੍ਰੀ ਰਵਿੰਦਰ ਜੈਨ ਮਾਲੇਰਕੋਟਲਾ ਨੂੰ ਮੈਂ ਧੰਨਵਾਦ ਦਿੰਦਾ ਹਾਂ ਜਿਨ੍ਹਾਂ ਨੇ ਪੂਰੀ

ਸ਼ਰਧਾਂ ਅਤੇ ਭਗਤੀ ਨਾਲ ਮੇਰਾ ਪੂਰਾ ਸਾਥ ਦਿੱਤਾ ਹੈ, ਅੰਤ ਵਿੱਚ ਮੈਂ ਸ਼੍ਰੀ ਰੋਸ਼ਨ ਲਾਲ ਜੀ ਨੂੰ ਵੀ ਯਾਦ ਕਰ ਰਿਹਾ ਹਾਂ, ਜਿਨ੍ਹਾਂ ਨੇ ਨਿਸਵਾਰਥ ਭਾਵ ਨਾਲ ਇਸ ਬੁਢਾਪੇ ਵਿੱਚ ਮੇਰਾ ਹਰ ਪ੍ਰਕਾਰ ਨਾਲ ਧਿਆਨ ਰੱਖਿਆ।

ਅਸੀਂ ਡਾ: ਲਾਲ ਮਨੀ ਜੋਸ਼ੀ ਦੇ ਵਿਸ਼ੇਸ਼ ਧੰਨਵਾਦੀ ਹਾਂ ਜਿਨ੍ਹਾਂ ਦੇ ਕੁਸ਼ਲ ਨਿਰਦੇਸ਼ਨ ਵਿੱਚ ਇਹ ਸੋਧ ਪ੍ਰਬੰਧ ਪੂਰਾ ਹੋਇਆ ਹੈ। ਉਨ੍ਹਾਂ ਦੀ ਮਹਾਨ ਵਿਦਵਾਨਤਾ ਅਤੇ ਡੂੰਘੇ ਪਿਆਰ ਹੀ ਸਾਡੇ ਸੋਧ ਪ੍ਰਬੰਧ ਨੂੰ ਪੂਰਾ ਕਰਵਾ ਸਕਿਆ। ਉਨ੍ਹਾਂ ਨੇ ਪ੍ਰਸਤਾਵਨਾ ਲਿਖ ਕੇ ਸਾਨੂੰ ਹੋਰ ਰਿਣੀ ਬਣਾ ਦਿੱਤਾ।

ਆਸ ਹੈ ਇਹ ਗ੍ਰੰਥ ਜੈਨ ਧਰਮ ਅਤੇ ਭਾਰਤੀ ਧਰਮਾਂ ਦੇ ਅਧਿਐਨ ਵਿੱਚ ਉਪਯੋਗੀ ਸਿੱਧ ਹੋਵੇਗਾ।

ਜੈਨ ਸਥਾਨਕ ਪਟਿਆਲਾ
15 ਮਈ 1981

ਅਚਾਰੀਆ ਸ਼ਿਵ ਮੁਨੀ

# ਪੰਜਾਬੀ ਅਨੁਵਾਦਕਾਂ ਨੂੰ ਜੈਨ ਅਚਾਰੀਆ ਡਾ: ਸ਼ਿਵ ਮੁਨੀ ਮਹਾਰਾਜ ਦਾ ਆਸ਼ਿਰਵਾਦ

ਜੈਨ ਤੀਰਥੰਕਰਾਂ ਨੇ ਅਪਣਾ ਧਰਮ ਉਪਦੇਸ਼ ਲੋਕ ਭਾਸ਼ਾ ਵਿੱਚਦਿੱਤਾ ਹੈ। ਇਸ ਪ੍ਰੰਪਰਾ ਨੂੰ ਵਰਤਮਾਨ ਜੈਨ ਮੁਨੀਆਂ ਅਤੇ ਲੇਖਕਾਂ ਨੇ ਜਾਰੀ ਰੱਖਿਆ ਹੈ। ਇਸ ਦੇ ਸਿੱਟੇ ਵਜੋਂ ਜੈਨ ਸਾਹਿਤ ਪ੍ਰਾਚੀਨ ਭਾਰਤੀ ਭਾਸ਼ਾਵਾਂ ਵਿੱਚ (ਸੰਸਕ੍ਰਿਤ, ਪ੍ਰਾਕ੍ਰਿਤ) ਤੋਂ ਛੁੱਟ ਸਾਰੀਆਂ ਅੰਤਰ ਰਾਸ਼ਟਰੀ ਭਾਸ਼ਾਵਾਂ ਵਿੱਚ ਰਚਨਾ ਹੋਈ ਹੈ। ਸਨ: 1972 ਤੋਂ ਪਹਿਲਾਂ ਪੰਜਾਬੀ ਵਿੱਚ ਕੋਈ ਵੀ ਜੈਨ ਗ੍ਰੰਥ ਉਪਲਬਧ ਨਹੀਂ ਸੀ। ਪਰ ਇਸ ਘਾਟ ਨੂੰ ਸਾਡੇ ਉਪਾਸਕ ਅਤੇ ਪੰਜਾਬੀ ਭਾਸ਼ਾ ਦੇ ਪਹਿਲੇ ਜੈਨ ਲੇਖਕ, ਅਨੁਵਾਦਕ ਅਤੇ ਕਹਾਣੀਕਾਰ ਸ਼੍ਰੀ ਪੁਰਸ਼ੋਤਮ ਜੈਨ ਅਤੇ ਰਵਿੰਦਰ ਜੈਨ ਮਾਲੇਰਕੋਟਲਾ ਨੇ ਪੂਰਾ ਕੀਤਾ ਹੈ।

ਦੋਹਾਂ ਲੇਖਕ ਭਰਾਵਾਂ ਨੂੰ ਮੈਂ 1972 ਤੋਂ ਜਾਣਦਾ ਹਾਂ, ਜਦ ਮੈਂ ਨਵਾਂ ਨਵਾਂ ਸਾਧੂ ਬਣਿਆ ਸੀ ਅਤੇ ਮੇਰਾ ਚੋਮਾਸਾ ਅਪਣੇ ਗੁਰੂ ਦੇਵ ਪੂਜ ਸ਼੍ਰੀ ਗਿਆਨ ਮੁਨੀ ਜੀ ਮਹਾਰਾਜ ਨਾਲ ਮਾਲੇਰਕੋਟਲਾ ਵਿਖੇ ਸੀ। ਦੋਹੇਂ ਰੋਜ਼ਾਨਾ ਪ੍ਰਵਚਨ ਸੁਣਨ ਅਤੇ ਦੁਪਿਹਰ ਦੀ ਧਰਮ ਚਰਚਾ ਵਿੱਚ ਦਿਲਚਸਪੀ ਨਾਲ ਭਾਗ ਲੈਂਦੇ ਸਨ। ਇਸੇ ਸਮੇਂ ਅਸੀਂ ਸ਼ਾਸਤਰਾਂ ਦੀ ਪੜ੍ਹਾਈ ਅਪਣੇ ਗੁਰੂ ਦੇਵ ਤੋਂ ਕਰ ਰਹੇ ਸੀ। ਇਹਨਾਂ ਨੇ ਸਾਡੀ ਡਬਲ ਐਮ. ਏ. ਤੋਂ ਪ੍ਰਭਾਵਿਤ ਹੋ ਕੇ ਸਾਨੂੰ ਪੀ. ਐਚ. ਡੀ. ਦਾ ਕੰਮ ਪੂਰਾ ਕਰਵਾਉਣ ਲਈ ਪ੍ਰਸ਼ਿਧ ਅੰਤਰ ਰਾਸ਼ਟਰੀ ਬੋਧ ਵਿਦਵਾਨ ਡਾ: ਐਲ. ਐਮ. ਜੋਸ਼ੀ ਨਾਲ ਮੁਲਾਕਾਤ ਕਰਵਾਈ। ਇਸ ਪ੍ਰਕਾਰ ਅਸੀਂ ਭਾਰਤੀ ਧਰਮਾਂ ਵਿੱਚ ਮੁਕਤੀ ਜੈਨ ਧਰਮ ਦੇ ਵਿਸ਼ੇਸ਼ ਹਵਾਲੇ ਨਾਲ, ਵਿੱਚ ਸ਼ੋਧ ਪ੍ਰਬੰਧ 1981 ਵਿੱਚ ਪੂਰਾ ਕੀਤਾ। ਇਸ ਸ਼ੋਧ ਪ੍ਰਬੰਧ ਦੀ ਭਾਸ਼ਾ ਅੰਗਰੇਜ਼ੀ ਸੀ। ਜਦ ਅਸੀਂ ਧਰਮ ਪ੍ਰਚਾਰ ਕਰਨ ਲਈ ਰਾਜਸਥਾਨ ਪੁੱਜੇ ਤਾਂ ਇਸ

ਗ੍ਰੰਥ ਦਾ ਹਿੰਦੀ ਅਨੁਵਾਦ ਪ੍ਰਸਿਧ ਜੈਨ ਵਿਦਵਾਨ ਡਾ: ਭਾਗ ਚੰਦ ਭਾਸਕਰ ਨੇ ਕੀਤਾ। ਇਸ ਦੇ ਕਈ ਸੰਸਕਰਨ ਨਿਕਲ ਚੁੱਕੇ ਹਨ, ਪਾਠਕਾਂ ਦੀ ਪੁਰਜੋਰ ਮੰਗ ਤੇ ਮੇਰੇ ਦੋਹਾਂ ਉਪਾਸਕਾਂ ਨੇ ਇਸ ਗ੍ਰੰਥ ਦਾ ਵੱਡੀ ਮਿਹਨਤ ਨਾਲ ਪੰਜਾਬੀ ਅਨੁਵਾਦ ਕੀਤਾ ਹੈ। ਮੈਨੂੰ ਆਸ ਹੈ ਕਿ ਵਿਦਵਾਨ ਅਤੇ ਵਿਦਿਆਰਥੀ ਇਸ ਤੋਂ ਵੱਧ ਤੋਂ ਵੱਧ ਲਾਭ ਉਠਾਉਣਗੇ।

ਮੈਂ ਦੋਹਾਂ ਲੇਖਕ ਭਰਾਵਾਂ ਨੂੰ ਅਪਣੇ ਵੱਲੋਂ ਸਾਧੂਵਾਦ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਭਵਿੱਖ ਵਿੱਚ ਉਹ ਇਸੇ ਪ੍ਰਕਾਰ ਜੈਨ ਧਰਮ ਅਤੇ ਸਾਹਿਤ ਦੀ ਲਗਣ ਨਾਲ ਸੇਵਾ ਕਰਦੇ ਰਹਿਣਗੇ।

31 ਮਾਰਚ, 2009
ਸ਼੍ਰੀ ਜਿਨੇਦਰ ਗੁਰੂ ਕੁਲ
ਪੰਚਕੁਲਾ

ਅਚਾਰੀਆ ਡਾ: ਸ਼ਿਵ ਮੁਨੀ
ਸ਼੍ਰਮਣ ਸੰਘ ਦੇ ਚੋਥੇ ਅਚਾਰੀਆ ਸ਼ਮਰਾਟ
ਡਾ: ਸ਼ਿਵ ਮੁਨੀ ਜੀ ਮਹਾਰਾਜ

# 1
# ਜੈਨ ਪ੍ਰੰਪਰਾ ਇੱਕ ਵਿਵੇਚਨ

ਪ੍ਰਾਚੀਨ ਭਾਰਤੀ ਸ਼੍ਰਮਣ ਪ੍ਰੰਪਰਾ ਵਿੱਚ ਤਿਆਗ ਦਾ ਉੱਚਾ ਸਥਾਨ ਸਵੀਕਾਰ ਕੀਤਾ ਗਿਆ ਹੈ। ਜੈਨ ਧਰਮ ਉਸੇ ਸ਼੍ਰਮਣ ਪ੍ਰੰਪਰਾ ਦੀ ਮਹੱਤਵਪੂਰਨ ਸ਼ਾਖਾ ਹੈ। ਸੰਸਾਰ ਦੇ ਜਿਉਂਦੇ ਧਰਮਾਂ ਵਿੱਚੋਂ ਇਹ ਇੱਕ ਹੈ। ਤਿਆਗ ਦੀ ਅਣਗਾਰਿਕ (ਸਾਧੂ) ਪ੍ਰੰਪਰਾ ਦੇ ਉੱਚੇ ਝੰਡੇ ਨੂੰ ਪਿੱਛਲੇ 2500 ਸਾਲਾਂ ਤੋਂ ਉੱਪਰ ਚੁੱਕਿਆ ਹੋਇਆ ਹੈ। ਲਗਭਗ ਇੱਕ ਕਰੋੜ ਦੀ ਗਿਣਤੀ ਵਿੱਚ ਅੱਜ ਵੀ ਜੈਨ ਧਰਮ ‘ਤੇ ਵਿਸ਼ਵਾਸ ਕਰਨ ਵਾਲੇ ਲੋਕ ਭਾਰਤ ਵਿੱਚ ਫੈਲੇ ਹੋਏ ਹਨ।

ਇੱਥੇ ਇਹ ਵਰਣਨਯੋਗ ਹੈ, ਕੀ ਸ਼੍ਰਮਣ ਸੰਸਕ੍ਰਿਤੀ ਦੀ ਇੱਕ ਬਾਅਦ ਦੀ ਸ਼ਾਖਾ ਬੁੱਧ ਧਰਮ ਅਪਣੀ ਮਾਤ ਭੂਮੀ ਤੋਂ ਬਾਹਰ ਫੈਲਿਆ, ਪਰ ਆਪਣੇ ਦੇਸ਼ ਵਿੱਚ ਲਗਭਗ 10ਵੀਂ ਸਦੀ ਤੋਂ ਬਾਅਦ ਲੁਪਤ ਹੋ ਗਿਆ। ਜੈਨ ਧਰਮ ਭਾਵੇਂ ਭਾਰਤ ਤੋਂ ਬਾਹਰ ਨਹੀਂ ਗਿਆ, ਪਰ ਉਸ ਦੀ ਹੋਂਦ ਇੱਥੇ ਸਮਾਪਤ ਨਹੀਂ ਹੋਈ। ਪ੍ਰੰਪਰਾ ਅਤੇ ਲਚਕ ਦੋਹੇਂ ਵਿਸ਼ੇਸ਼ਤਾਵਾਂ ਉਸ ਦੇ ਇਤਿਹਾਸ ਨਾਲ ਜੁੜੀਆਂ ਰਹੀਆਂ ਹਨ। ਜੈਨ ਸਾਧੂ ਅਤੇ ਗ੍ਰਹਿਸਥ ਦੋਹਾਂ ਵਰਗਾਂ ਨੇ ਸਹਿਣਸ਼ੀਲਤਾ ਅਤੇ ਪ੍ਰੰਪਰਾ ਨੂੰ ਜੀਵਨ ਵਿੱਚ ਉਤਾਰਿਆ ਹੈ। ਇਹਨਾਂ ਗੁਣਾਂ ਨੇ ਉਲਟ ਵਾਤਾਵਰਨ ਵਿੱਚ ਵੀ ਜੈਨ ਧਰਮ ਅਤੇ ਸਮਾਜ ਦੀ ਹੋਂਦ ਨੂੰ ਬਣਾ ਕੇ ਰੱਖਿਆ ਹੈ।

‘ਜਿਨ’ ਰਾਹੀਂ ਦੱਸੇ ਵਿਚਾਰ ਅਤੇ ਆਚਾਰ ਦਾ ਹੀ ਜੈਨ ਮੁਨੀਆਂ ਨੇ ਲਗਾਤਾਰ ਪ੍ਰਚਾਰ ਪ੍ਰਸਾਰ ਕੀਤਾ ਹੈ। ਜੈਨ ਧਰਮ ਦੀ ਮੁੱਖ ਕੋਸ਼ਿਸ਼, ਪ੍ਰਾਣੀਆਂ ਨੂੰ ਸੰਸਾਰ ਤੋਂ ਮੁਕਤ ਕਰਵਾਉਣ ਦੀ ਰਹੀ ਹੈ। ਕਰਮ ਅਤੇ ਪੁਨਰਜਨਮ ਤੋਂ ਛੁੱਟਕਾਰਾ ਦਿਲਾਉਣ ਦੇ ਲਈ ਹੀ ਜੈਨ ਧਰਮ ਦਾ ਨੀਤੀ ਅਤੇ ਧਰਮ ਤੱਤਵ ਖੜ੍ਹਾ ਹੈ। ਆਤਮ ਵਿਦਿਆ ਨਾਲ ਜੁੜੇ ਉਸ ਦੇ ਨੈਤਿਕ ਅਤੇ ਧਾਰਮਿਕ ਸਿਧਾਂਤ ਬਹੁਤ ਮਹੱਤਵਪੂਰਨ ਹਨ। ਇਹ ਤੱਤਵ ਹੋਰ ਜ਼ਿਆਦਾ ਸਪੱਸ਼ਟ ਹੁੰਦਾ ਹੈ, ਜਦ ਕੋਈ ਅਜੈਨ ਦਰਸ਼ਨ ਤੋਂ ਉੱਲਟ ਨਿਰਜਰਾ ਤੱਤਵ (ਕਰਮ ਝੜ੍ਹਨ ਦੀ ਪ੍ਰਕ੍ਰਿਆ) ‘ਤੇ ਤੁਲਨਾਤਮਕ ਦ੍ਰਿਸ਼ਟੀ ਨਾਲ ਵਿਚਾਰ ਕਰਨ ਲੱਗਦਾ ਹੈ। ਇਸ

ਸੋਧ ਪ੍ਰਬੰਧ ਵਿੱਚ ਮੈਂ ਭਾਰਤੀ ਪ੍ਰੰਪਰਾਵਾਂ ਅਤੇ ਖਾਸ ਤੌਰ 'ਤੇ ਜੈਨ ਪ੍ਰੰਪਰਾ ਵਿੱਚ ਦੱਸੀ ਮੁਕਤੀ ਪ੍ਰਕ੍ਰਿਆ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ। ਇਸ ਹਵਾਲੇ ਵਿੱਚ ਸਭ ਤੋਂ ਪਹਿਲਾਂ ਅਸੀਂ ਜੈਨ ਪ੍ਰੰਪਰਾ ਜੋ ਮੁਕਤੀ ਦੇ ਆਲੇ ਦੁਆਲੇ ਵਿਕਸਤ ਹੋਈ ਹੈ, ਨੂੰ ਪੇਸ਼ ਕਰਨ ਜਾ ਰਹੇ ਹਾਂ।

## ਜੈਨ ਧਰਮ ਦੀ ਉਤਪਤੀ

19ਵੀਂ ਸਦੀ ਵਿੱਚ ਜਦ ਜੈਨ ਵਿਦਿਆਵਾਂ ਦਾ ਅਧਿਐਨ ਸ਼ੁਰੂ ਦੀ ਅਵਸਥਾ ਵਿੱਚ ਸੀ ਵਿਦਵਾਨਾਂ ਨੇ ਜੈਨ ਧਰਮ ਦੀ ਉਤਪਤੀ ਦੇ ਹਵਾਲੇ ਵਿੱਚ ਕਾਫੀ ਵਿਰੋਧੀ ਵਿਚਾਰ ਪ੍ਰਗਟ ਕੀਤੇ। ਵਿਲਸਨ, ਲਾਸੇਨ ਅਤੇ ਵੈਵਰ ਦਾ ਵਿਚਾਰ ਸੀ ਕਿ ਜੈਨ ਧਰਮ ਬੁੱਧ ਧਰਮ ਦੀ ਇਕ ਸ਼ਾਖਾ ਹੈ। ਇਹ ਮਿੱਥੀਆ ਧਾਰਨਾ, ਜੈਨ ਧਰਮ ਅਤੇ ਬੁੱਧ ਧਰਮ ਦੀ ਕੁੱਝ ਸਾਧਨਾਵਾਂ ਅਤੇ ਸਿਧਾਂਤਾਂ ਦੇ ਆਪਸ ਵਿੱਚ ਇੱਕ ਵਿਖਾਈ ਦੇਣ ਵਾਲੇ ਮੇਲ 'ਤੇ ਆਧਾਰਤ ਸੀ। ਦੂਸਰੇ ਪਾਸੇ ਕੋਲੇਵਰੋਕ, ਪ੍ਰਿੰਸਪ, ਆਸਟੀਵੇਂਸਨ ਦਾ ਇਹ ਮੱਤ ਤੱਥ ਤੇ ਭਰਪੂਰ ਸੀ ਕਿ ਜੈਨ ਧਰਮ ਬੁੱਧ ਧਰਮ ਤੋਂ ਪ੍ਰਾਚੀਨ ਹੈ। ਭਾਵੇਂ ਉਹਨਾਂ ਦਾ ਇਹ ਵਿਚਾਰ ਇਸ ਗਲਤ ਕਲਪਨਾ 'ਤੇ ਆਧਾਰਤ ਸੀ ਕਿ ਮਹਾਵੀਰ ਦੇ ਚੇਲੇ ਇੰਦਰ ਭੂਤੀ ਗੋਤਮ, ਸਿਧਾਰਥ ਗੋਤਮ ਹੀ ਸਨ। ਇਹਨਾਂ ਦੋਹਾਂ ਧਾਰਨਾਵਾਂ ਦਾ ਖੰਡਨ ਕਰਕੇ ਵੂਲਹਰ, ਜੈਕੋਬੀ ਅਤੇ ਹਰਨਲ ਨੇ ਇਹ ਸਿੱਧ ਕੀਤਾ ਕਿ ਜੈਨ - ਬੁੱਧ ਆਗਮ ਗ੍ਰੰਥਾਂ ਦੇ ਤੁਲਨਾਤਮਕ ਅਧਿਐਨ ਦੇ ਆਧਾਰ ਤੇ ਕਿ ਵਰਧਮਾਨ ਮਹਾਵੀਰ ਅਤੇ ਸ਼ਾਕਯ ਮੁਨੀ ਬੁੱਧ ਸਮਕਾਲੀ ਸਨ। ਇਸ ਤੱਥ ਨੂੰ ਪੇਸ਼ ਕਰਨ ਦਾ ਸਿਹਰਾ ਹਰਮਨ ਜੈਕੋਬੀ ਨੂੰ ਜਾਂਦਾ ਹੈ, ਜਿਹਨਾਂ ਨੇ ਸਿੱਧ ਕੀਤਾ ਕਿ ਵਰਧਮਾਨ ਤੋਂ ਪਹਿਲਾਂ ਜੈਨੀਆਂ ਦੀ ਪਾਰਸ਼ਨਾਥ ਪ੍ਰੰਪਰਾ ਸੀ ਅਤੇ ਉਹਨਾਂ ਦਾ ਸਾਧੂ ਸੰਘ ਵੀ ਸੀ।

## ਵੈਦਿਕ ਉਤਪਤੀ ਦਾ ਸਿਧਾਂਤ

ਪੁਰਾਤਨ ਵਿੱਦਿਆ ਦੀ ਪੁਰਾਣੀ ਪੀੜੀ ਦੇ ਵਿਦਵਾਨਾਂ ਨੇ ਜੈਨ ਬੁੱਧ ਧਰਮ ਨੂੰ ਵੈਦਿਕ ਧਰਮ ਤੋਂ ਪੈਦਾ ਹੋਇਆ ਮੰਨਿਆ। ਉਹਨਾਂ ਦਾ ਮੱਤ ਸੀ ਕਿ ਇਹਨਾਂ ਧਰਮਾਂ ਦੀ ਉਤਪਤੀ, "ਬ੍ਰਾਹਮਣ ਧਰਮ ਦੇ ਸਿਧਾਂਤਾ ਦੇ ਉਲਟ ਹੋਈ,

ਕ੍ਰਾਂਤੀ ਦਾ ਸਿੱਟਾ ਸੀ" ਜੈਨ – ਬੁੱਧ ਧਰਮ ਦੇ ਸਿਧਾਂਤਾਂ ਅਤੇ ਸਾਧਨਾਵਾਂ ਵੈਦਿਕ ਸਿਧਾਂਤ ਅਤੇ ਸਾਧਨਾਵਾਂ ਵਿੱਚੋਂ ਪੈਦਾ ਹੋਏ ਸਨ[1]। ਦੂਸਰੇ ਸ਼ਬਦਾਂ ਵਿੱਚ ਜੈਨ ਧਰਮ ਬ੍ਰਹਮ ਧਰਮ ਦੇ ਅੰਦਰ ਹੀ ਇੱਕ ਵਿਰੋਧੀ ਅੰਦੋਲਨ ਦੇ ਰੂਪ ਵਿੱਚ ਪੈਦਾ ਹੋਇਆ।

ਜੈਨ ਧਰਮ ਦੀ ਉਤਪਤੀ ਦਾ ਇਹ ਵੈਦਿਕ ਸਿਧਾਂਤ ਕਾਫੀ ਸਮੇਂ ਤੋਂ ਚਰਚਾ ਵਿੱਚ ਰਿਹਾ ਹੈ ਅਤੇ ਜੈਨ ਧਰਮ ਨੂੰ ਇਕ ਵੇਦ ਧਾਰਮਿਕ ਸਿਧਾਂਤ ਦੇ ਰੂਪ ਵਿੱਚ ਲਿਖਿਆ ਜਾ ਰਿਹਾ ਹੈ[2]। ਇਸ ਵਿਚਾਰ 'ਤੇ ਅਨੇਕਾਂ ਧਾਰਨਾਵਾਂ ਨੇ ਜਨਮ ਲਿਆ। ਪਹਿਲੀ ਧਾਰਨਾ ਇਹ ਹੈ ਕਿ ਸੰਸਕ੍ਰਿਤੀ ਦੀ ਅਣਗਾਰਿਕ ਧਾਰਾ ਸ਼੍ਰਮਣ ਸਿਧਾਂਤ ਵੈਦਿਕ ਆਰੀਆ ਦੀ ਯੱਗ 'ਤੇ ਆਧਾਰਤ ਵਿਵਸਥਾ ਦੇ ਉਲਟ ਉਸੇ ਦੇ ਅੰਦਰ ਪੈਦਾ ਹੋਈ ਪ੍ਰਤੀਕ੍ਰਿਆ ਰੂਪ ਉਤਪੰਨ ਹੋਇਆ। ਦੂਸਰੀ ਧਾਰਨਾ ਇਹ ਹੈ ਕਿ ਵੈਦਿਕ ਸੰਸਕ੍ਰਿਤੀ ਭਾਰਤ ਦੀ ਪ੍ਰਾਚੀਨਤਮ ਸੰਸਕ੍ਰਿਤੀ ਹੈ। ਤੀਸਰੀ ਧਾਰਨਾ ਇਹ ਹੈ ਕਿ ਪ੍ਰਾਚੀਨ ਉਪਨਿਸ਼ਧ ਜੈਨ – ਬੁੱਧ ਧਰਮ ਤੋਂ ਪੁਰਾਣੇ ਹਨ। ਕੁੱਝ ਉਪਨਿਸ਼ਧ ਹੀ ਨਹੀਂ, ਸਗੋਂ ਕੁੱਝ ਵੈਦਿਕ ਸੂਤਰ ਗ੍ਰੰਥ ਵੀ ਜੈਨ ਧਰਮ ਤੋਂ ਪੁਰਾਣੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਚੌਥਾ ਸਨਿਆਸ ਆਸ਼ਰਮ ਬ੍ਰਾਹਮਣ ਫਿਰਕੇ ਵਿੱਚ ਸਭ ਤੋਂ ਪਹਿਲਾਂ ਸਥਾਪਤ ਹੋਇਆ। ਆਓ ਇਹਨਾਂ ਧਾਰਨਾਵਾਂ ਦੀ ਪ੍ਰਮਾਣਿਕਤਾ ਦਾ ਪਰੀਖਣ ਅਸੀਂ ਸੰਖੇਪ ਵਿੱਚ ਕਰੀਏ।

## ਵੈਦਿਕ ਕਾਲ ਤੋਂ ਪਹਿਲਾਂ ਦਾ ਪਿਛੋਕੜ

ਸ਼੍ਰਮਣ ਵਿਚਾਰ ਧਾਰਾ ਦੀ ਵੈਦਿਕ – ਬ੍ਰਾਹਮਣ ਉਤਪਤੀ ਦਾ ਸਿਧਾਂਤ ਉਸ ਸਮੇਂ ਸਥਾਪਤ ਕੀਤਾ ਗਿਆ। ਜਦ ਅਨਾਰੀਆ ਅਤੇ ਭਾਰਤ ਦੀ ਪਹਿਲੀ ਵੈਦਿਕ ਸੰਸਕ੍ਰਿਤੀ ਦੇ ਵਿਸ਼ੇ ਵਿੱਚ ਕੁੱਝ ਵੀ ਜਾਣਕਾਰੀ ਨਹੀਂ ਸੀ। ਸਿੰਧੂ ਘਾਟੀ ਸਭਿਅੱਤਾ ਜਾਂ ਹੜੱਪਾ ਸੰਸਕ੍ਰਿਤੀ ਦੀ ਖੋਜ ਤੋਂ ਬਾਅਦ ਇਸ ਸਿਧਾਂਤ ਦਾ ਮੁਲਿਆਂਕਨ ਕੀਤਾ ਜਾਣਾ ਜ਼ਰੂਰੀ ਹੋ ਗਿਆ। ਹੜੱਪਾ ਤੇ ਮੋਹਨਜੋਦੜੋ ਨਗਰਾਂ ਦੇ ਖੰਡਰਾਂ ਨੇ ਇਹ ਸਾਫ ਪ੍ਰਗਟ ਕਰ ਦਿੱਤਾ ਹੈ ਕਿ ਭਾਰਤ ਵਿੱਚ ਆਰੀਆ ਦੇ ਆਉਣ ਤੋਂ ਪਹਿਲਾਂ ਇੱਥੋਂ ਤੱਕ ਇਥੋਂ ਦੇ ਉੱਤਰ ਪੱਛਮ ਭਾਗ ਵਿੱਚ ਇੱਕ ਵਿਕਸਤ ਸੰਸਕ੍ਰਿਤੀ ਸੀ। ਇਸ ਸੰਸਕ੍ਰਿਤੀ ਦੀ ਤੁਲਨਾ ਵੈਦਿਕ ਆਰੀਆ ਸੰਸਕ੍ਰਿਤੀ ਵਿੱਚ ਵਿਖਾਈ ਦਿੰਦੀ ਹੈ। ਇਸ ਲਈ ਪੁਰਾਤਨ ਵਿਦਿਆ ਦੇ

ਵਿਦਵਾਨਾਂ ਨੇ ਵੈਦਿਕ ਸੰਸਕ੍ਰਿਤੀ ਦੀ ਪ੍ਰਾਚੀਨਤਾ ਦੇ ਹਵਾਲੇ ਵਿੱਚ ਅਪਣੇ ਵਿਚਾਰ ਬਦਲਣੇ ਸ਼ੁਰੂ ਕਰ ਦਿੱਤੇ ਹਨ। ਭਾਰਤ ਵਿੱਚ ਆਰੀਆ ਦਾ ਆਉਣਾ ਆਮ ਤੌਰ ਤੇ ਪੰਦਰਾਂ ਸੌ ਈਸਾ ਪੂਰਵ ਦੇ ਆਸ ਪਾਸ ਮੰਨਿਆ ਗਿਆ ਹੈ। ਵੈਦਿਕ ਸਾਹਿਤ ਅਤੇ ਸੰਸਕ੍ਰਿਤੀ ਦਾ ਵਿਕਾਸ ਇਸ ਤੋਂ ਬਾਅਦ ਸ਼ੁਰੂ ਹੋਇਆ। ਇਸ ਪ੍ਰਕਾਰ ਪਹਿਲਾਂ ਵੈਦਿਕ ਕਾਲ ਤੋਂ ਪਹਿਲਾਂ ਅਤੇ ਆਰੀਆ ਹੜੱਪਨ ਸੰਸਕ੍ਰਿਤੀ ਵੈਦਿਕ ਆਰੀਅਨ ਸੰਸਕ੍ਰਿਤੀ ਤੋਂ ਕਾਫੀ ਪੁਰਾਣੀ ਸੰਸਕ੍ਰਿਤੀ ਹੈ।

ਹੜੱਪਨ ਸੰਸਕ੍ਰਿਤੀ ਦੀ ਵਿਧਾਨਿਕਤਾ ਨੂੰ ਅਨੇਕਾਂ ਆਧੁਨਿਕ ਪੁਰਾਤਨ ਵਿਦਿਆ ਦੇ ਲੇਖਕਾਂ ਨੇ ਸਵੀਕਾਰ ਕੀਤਾ ਹੈ। ਇਹ ਆਮ ਤੌਰ ਤੇ ਸਵੀਕਾਰ ਕੀਤਾ ਜਾਣ ਲੱਗਾ ਹੈ ਕਿ ਸਾਡੇ ਪ੍ਰਾਚੀਨ ਸਿਧਾਂਤ ਅਤੇ ਸੰਸਕ੍ਰਿਤੀ ਵਿੱਚ ਕਈ ਤੱਤਵ ਅਨਾਰੀਆ ਅਤੇ ਆਰੀਆ ਦੇ ਆਉਣ ਤੋਂ ਪਹਿਲਾਂ ਉਤਪੰਨ ਹੋਏ ਹਨ। ਭਾਰਤੀ ਸੰਸਕ੍ਰਿਤੀ ਵਿੱਚ ਅਨਗਾਰਿਕ ਪ੍ਰੰਪਰਾ ਦਾ ਸੰਬੰਧ ਅਵੈਦਿਕ ਹੜੱਪਨ ਸੰਸਕ੍ਰਿਤੀ ਦੇ ਨਾਲ ਰਿਹਾ ਹੈ। ਵੈਦਿਕ ਯੱਗ ਕਰਮ ਕਾਂਡ ਦੀ ਪ੍ਰਤੀਕ੍ਰਿਆ ਪ੍ਰਾਚੀਨ ਉਪਨਿਸ਼ਧ ਜਿਹੇ ਬਾਅਦ ਵਿੱਚ ਲਿਖੇ ਵੈਦਿਕ ਗ੍ਰੰਥਾਂ ਵਿੱਚ ਉਪਲੱਬਧ ਹੁੰਦੀ ਹੈ। ਜਿਸ ਨੂੰ ਅਨਾਰੀਆ ਤਾਪਸ ਪ੍ਰੰਪਰਾ ਦਾ ਪ੍ਰਭਾਵ ਕਿਹਾ ਜਾਂਦਾ ਹੈ। ਅਨੇਕ ਸਾਲ ਪਹਿਲਾਂ ਡਾ: ਗੋਬਿੰਦ ਚੰਦ ਪਾਂਡੇ ਨੇ ਇਸ ਤੱਥ ਨੂੰ ਹੇਠ ਲਿਖੇ ਸ਼ਬਦਾਂ ਵਿੱਚ ਪ੍ਰਗਟ ਕੀਤਾ ਸੀ, ਅਨੇਕਾਂ ਪੁਰਾਤਨ ਲੇਖਕਾਂ ਦਾ ਮੱਤ ਹੈ ਕਿ ਬੁੱਧ ਧਰਮ ਅਤੇ ਜੈਨ ਧਰਮ ਬ੍ਰਾਹਮਣ ਧਰਮ ਦੇ ਅੰਦਰ ਹੀ ਯੱਗ ਵਿਰੋਧੀ ਕੰਮਾਂ ਦੇ ਸਿੱਟੇ ਵਜੋਂ ਉਤਪੰਨ ਹੋਏ ਹਨ। ਇਹ ਅਸੀਂ ਸਿੱਧ ਕਰਨ ਦਾ ਯਤਨ ਕੀਤਾ ਹੈ ਕੀ ਯੱਗ ਵਿਰੋਧੀ ਵਿਚਾਰ ਜੋ ਵੈਦਿਕ ਸੰਸਕ੍ਰਿਤੀ ਦੇ ਅੰਦਰ ਵਿਖਾਈ ਦਿੰਦੇ ਹਨ, ਤਾਪਸ ਪ੍ਰੰਪਰਾ ਤੋਂ ਪ੍ਰਭਾਵਿਤ ਹਨ। ਇਹ ਪ੍ਰੰਪਰਾ ਇਸ ਲਈ ਵੇਦਾਂ ਤੋਂ ਪਹਿਲਾਂ ਦੀ ਅਪਣੇ ਆਪ ਸਿੱਧ ਹੋ ਜਾਂਦੀ ਹੈ। ਜੈਨ ਧਰਮ ਨੂੰ ਇਸੇ ਵੈਦਿਕ ਵਿਚਾਰ ਧਾਰਾ ਦੀ ਅਗਵਾਈ ਕਰਦੀ ਹੈ। ਇਸ ਤੋਂ ਹੀ ਬੁੱਧ ਧਰਮ ਦੀ ਉਤਪਤੀ ਹੋਈ ਹੈ। ਭਾਵੇਂ ਇਹ ਵੈਦਿਕ ਵਿਚਾਰ ਧਾਰਾ ਤੋਂ ਜ਼ਿਆਦਾ ਪ੍ਰਭਾਵਿਤ ਹੈ, ਬੁੱਧ ਧਰਮ ਪ੍ਰਤੀਕ੍ਰਿਆ ਦੇ ਸਿੱਟੇ ਵਜੋਂ ਉਤਪੰਨ ਹੋਣ ਵਾਲਾ ਸੁਧਾਰਵਾਦੀ ਧਰਮ ਹੈ। ਇਹ ਸਿਧਾਂਤ ਇਤਿਹਾਸਕ ਪ੍ਰਮਾਣ ਅਗਿਆਨਤਾ ਜਾਂ ਪੂਰਵ ਸਭਿਅਤਾ ਦੀ ਅਨਦੇਖੀ ਤੇ ਅਧਾਰਤ ਪ੍ਰਤੀਤ ਹੁੰਦਾ ਹੈ”।[3]

ਬੁੱਧ ਧਰਮ ਦੀ ਉਤਪਤੀ ਦੇ ਪ੍ਰਸੰਗ ਵਿੱਚ ਡਾ: ਪਾਂਡੇ ਨੇ ਸ਼੍ਰਮਣ ਸੰਘ ਦੀ ਉਤਪਤੀ ਤੇ ਇਹ ਸੁੰਦਰ ਵਿਚਾਰ ਪਹਿਲੀ ਵਾਰ ਪ੍ਰਗਟ ਕੀਤਾ ਹੈ। ਇਸ ਤੋਂ ਪਹਿਲਾਂ ਸਰ ਜਾਨ ਮਾਰਸ਼ਲ ਨੇ ਵਿਸਥਾਰ ਨਾਲ ਹੜੱਪਨ ਸੰਸਕ੍ਰਿਤੀ ਵਿੱਚ ਪ੍ਰਾਪਤ ਯੋਗ ਅਤੇ ਸਾਧਨਾ ਦੇ ਉਤਪਤੀ ਦੇ ਹਵਾਲੇ ਵਿੱਚ ਅਪਣੇ ਵਿਚਾਰ ਪ੍ਰਗਟ ਕੀਤੇ ਹਨ[4]। ਮਾਰਸ਼ਲ ਦੇ ਵਿਚਾਰ ਨੂੰ ਆਮ ਤੌਰ ਤੇ ਸਭ ਨੇ ਸਵੀਕਾਰ ਕੀਤਾ ਹੈ, ਕਿਉਂਕਿ ਉਹਨਾਂ ਦੇ ਵਿਚਾਰ ਠੋਸ ਪੁਰਾਤੱਤਵ ਸਬੂਤਾਂ ਤੇ ਅਧਾਰਤ ਸਨ। ਯੋਗ ਜਾਂ ਕਾਯੋਤਸਰਗ ਮੁਦਰਾ ਵਿੱਚ ਪੁਰਸ਼ ਆਕ੍ਰਿਤੀ (ਮੂਰਤੀ) ਸਿੰਧੂ ਘਾਟੀ ਦੀ ਖੁਦਾਈ ਤੋਂ ਪ੍ਰਾਪਤ ਹੋਈ ਹੈ[5]। ਡਾ: ਲਾਲ ਮਨੀ ਜੋਸ਼ੀ ਨੇ ਇਹ ਸੰਕੇਤ ਦਿੱਤਾ ਹੈ ਕਿ ਇਹ ਹੜੱਪਨ ਯੋਗੀ ਆਕ੍ਰਿਤੀਆਂ ਭਾਰਤ ਦੇ ਪ੍ਰਾਗ ਇਤਿਹਾਸਕ ਕਾਲ ਦੇ ਮੁਨੀ ਅਤੇ ਸ਼੍ਰਮਣਾਂ ਦੀਆਂ ਆਕ੍ਰਿਤੀਆਂ ਹਨ, ਜਿਹਨਾਂ ਨੂੰ ਮਾਰਸ਼ਲ ਆਦਿ ਵਿਦਵਾਨਾਂ ਨੇ ਸ਼ਿਵ ਆਦਿ ਦੀ ਆਕ੍ਰਿਤੀ ਦੱਸਿਆ ਹੈ, ਉਹਨਾਂ ਨੂੰ ਡਾ: ਜੋਸ਼ੀ ਨੇ ਯੋਗੀ ਜਾਂ ਮੁਨੀ ਦੀ ਆਕ੍ਰਿਤੀ ਆਖਿਆ ਹੈ[6]। ਮੈਕੇ ਰਾਹੀਂ ਕੀਤੀ ਖੁਦਾਈ ਅਤੇ ਮਾਰਸ਼ਲ ਰਾਹੀਂ ਵਰਣਨ ਕੀਤੇ, "ਇਤਿਹਾਸਕ ਸ਼ਿਵ ਰੂਪ" ਮੁਦਰਾ ਦੇ ਹਵਾਲੇ ਵਿੱਚ ਡਾ: ਲਾਲ ਮਨੀ ਜੋਸ਼ੀ ਨੇ ਹੇਠ ਲਿਖੇ ਵਿਚਾਰ ਪ੍ਰਗਟ ਕੀਤੇ ਹਨ, "ਇਤਿਹਾਸਕ ਬ੍ਰਾਹਮਣ ਅਤੇ ਹਿੰਦੂ ਧਰਮ ਦੀ ਹੋਂਦ ਵਾਲੇ ਸ਼ਿਵ, ਮਹਾਦੇਵ, ਤ੍ਰਿਮੂਰਤੀ ਅਤੇ ਪਸ਼ੂਪਤੀ ਦੇ ਸਿਧਾਂਤਾਂ ਤੋਂ ਪਹਿਲਾਂ ਪ੍ਰਾਗ ਇਤਿਹਾਸਕ ਭਾਰਤ ਵਿੱਚ ਅਤੇ ਬੁੱਧ ਧਰਮ ਅਤੇ ਜੈਨ ਧਰਮ ਵਿੱਚ ਮੁਨੀ, ਯਤੀ ਅਤੇ ਸ਼੍ਰਮਣ ਹੋਏ ਹਨ। ਇਸ ਲਈ ਸਿੰਧੂ ਘਾਟੀ ਵਿੱਚੋਂ ਪ੍ਰਾਪਤ ਮੁਦਰਾ ਪ੍ਰਾਗ ਵੈਦਿਕ ਭਾਰਤੀ ਸੰਸਕ੍ਰਿਤੀ ਦੇ ਯੋਗੀ ਦੀ ਮੁਦਰਾ ਹੋਣੀ ਚਾਹੀਦੀ ਹੈ"।[7]

ਹੜੱਪਨ ਸੰਸਕ੍ਰਿਤੀ ਦੀ ਵਿਧਾਨਸ਼ਾਲਾ ਵਿੱਚ ਪ੍ਰਾਪਤ ਯੋਗ ਸਾਧਨਾ ਅਤੇ ਧਿਆਨ ਸਾਧਨਾ ਤੋਂ ਇਹ ਬਿਨਾ ਸ਼ੱਕ ਪ੍ਰਮਾਣਿਤ ਹੁੰਦਾ ਹੈ ਕਿ ਸ਼੍ਰਮਣ ਸਿਧਾਂਤ ਅਨਾਰੀਆ ਅਤੇ ਅਵੈਦਿਕ ਹਨ। ਇਸ ਲਈ ਵੈਦਿਕ ਉਪਨਿਸ਼ਧਾਂ ਵਿੱਚ ਵਰਣਨ ਯੋਗ ਵਿਚਾਰ ਅਨਾਰੀਆ ਤੋਂ ਪ੍ਰਭਾਵਿਤ ਹੋਣਾ ਚਾਹੀਦਾ ਹੈ। ਇਸੇ ਲਈ ਪ੍ਰਾਚੀਨ ਵੈਦਿਕ ਸਿਧਾਂਤ ਅਤੇ ਯੋਗ ਸਾਧਨਾ ਨਹੀਂ ਹੈ, ਇਹ ਤਾਂ ਯੋਗ ਸਾਧਨਾ ਤੋਂ ਉਲਟ ਹੀ ਹੈ। ਵੈਦਿਕ ਬ੍ਰਾਹਮਣਾਂ ਦੇ ਸਿਧਾਂਤ ਅਤੇ ਉਹਨਾਂ ਦੀ ਸਾਧਨਾ ਮੁਨੀ ਅਤੇ ਸ਼੍ਰਮਣਾਂ ਦੇ ਵਿਰੋਧ ਵਿੱਚ ਰਹੀ ਹੈ। ਵੈਦਿਕ ਬ੍ਰਾਹਮਣ ਧਰਮ

ਅਤੇ ਸ਼ੁਰੂ ਦੇ ਸ਼੍ਰਮਣ ਧਰਮ ਦੇ ਵਿੱਚ ਵਿਰੋਧ ਨੂੰ ਵਿਸਥਾਰ ਨਾਲ ਡਾ: ਗੋਬਿੰਦ ਚੰਦ ਪਾਂਡੇ ਅਤੇ ਡਾ: ਲਾਲ ਮਨੀ ਜੋਸ਼ੀ ਨੇ ਸਪੱਸ਼ਟ ਕੀਤਾ ਹੈ।[8]

## ਪ੍ਰਾਗ ਇਤਿਹਾਸਕ ਮੁਨੀਆਂ ਦਾ ਪ੍ਰਭਾਵ

ਵੈਦਿਕ ਜੇਤੂ ਆਰੀਆ ਨੇ ਛੇਤੀ ਹੀ ਅਨਾਰੀਆ ਨੂੰ ਹਰਾ ਦਿੱਤਾ। ਵੈਦਿਕ ਸਾਹਿਤ ਅਤੇ ਧਰਮ ਤੇ ਇਸ ਅਨਾਰੀਆ ਸੰਸਕ੍ਰਿਤੀ ਦਾ ਪ੍ਰਭਾਵ ਸਪੱਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਉਦਾਹਰਨ ਵਜੋਂ ਵੈਦਿਕ ਦੇਵਤਾ ਰੁਦਰ ਹੁਣ ਅਨਾਰੀਆ ਦੇਵਤਾ ਮੰਨਿਆ ਜਾਣ ਲੱਗ ਪਿਆ। ਵੈਦਿਕ ਸਾਹਿਤ ਵਿੱਚ ਅਨਾਰਿਆ ਪ੍ਰੰਪਰਾ ਦੇ ਵਰਣਨ ਵੀ ਮਿਲਦੇ ਹਨ। ਰਿਗ ਵੇਦ ਵਿੱਚ ਅਜਿਹੇ ਇਕ ਮੁਨੀ ਦਾ ਵਰਣਨ ਹੈ ਜਿਸ ਨੇ ਯੋਗ ਸਾਧਨਾ ਕੀਤੀ ਹੈ। ਉਸ ਨੂੰ ਕੇਸ਼ਿਨ ਆਖਿਆ ਗਿਆ ਹੈ ਅਤੇ ਸੰਭਾਵਨਾ ਹੈ ਕਿ ਉਹ ਨੰਗਨ (ਵਾਤਰਸਨਾ) ਰਿਹਾ ਕਰਦਾ ਸੀ।[9] ਹੋਰ ਵੈਦਿਕ ਗ੍ਰੰਥਾਂ ਵਿੱਚ ਵੀ ਲਿਖਿਆ ਹੈ ਕਿ ਮੁਨੀ ਜਾਂ ਤਾਂ ਨੰਗੇ ਰਹਿੰਦੇ ਸਨ ਜਾਂ ਕਸ਼ਾਏ (ਕਥੱਈ) ਰੰਗ ਦੇ ਕੱਪੜੇ ਪਹਿਣਦੇ ਸਨ। ਕੀਥ ਅਤੇ ਮੈਕਡਾਨਲ ਨੇ ਠੀਕ ਹੀ ਆਖਿਆ ਹੈ, "ਜਾਪਦਾ ਹੈ ਕਿ ਮੁਨੀਆਂ ਨੂੰ ਉਹਨਾਂ ਪੁਜਾਰੀਆਂ ਨੇ ਸਵੀਕਾਰ ਨਹੀਂ ਕੀਤਾ ਜੋ ਕਰਮ ਕਾਂਡੀ ਸਨ ਅਤੇ ਜਿਨ੍ਹਾਂ ਦੇ ਵਿਚਾਰ ਮੁਨੀ ਪ੍ਰੰਪਰਾ ਤੋਂ ਬਿਲਕੁਲ ਉਲਟ ਸਨ। ਇਹ ਪ੍ਰੰਪਰਾ ਸੰਤਾਨ ਅਤੇ ਦਾਨ ਦਕਸ਼ਨਾ ਚਾਹੁਨ ਵਾਲੇ ਭੌਤਿਕ ਵਿਚਾਰ ਧਾਰਾ ਤੋਂ ਉੱਚੀ ਸੀ"।[10]

ਮੁਨੀਆਂ ਅਤੇ ਸ਼੍ਰਮਣਾਂ ਤੋਂ ਵੈਦਿਕ ਰਿਸ਼ੀ ਜਾਣੂ ਸਨ ਇਹ ਤੱਥ ਬ੍ਰਾਹਮਣ ਗ੍ਰੰਥਾਂ ਤੋਂ ਪ੍ਰਗਟ ਹੋ ਜਾਂਦਾ ਹੈ। ਇਹ ਗ੍ਰੰਥ ਬਿਨ੍ਹਾਂ ਸ਼ੱਕ ਇਹ ਵਿਚਾਰ ਪ੍ਰਗਟ ਕਰਦੇ ਹਨ ਕਿ ਮੁਨੀਆਂ ਅਤੇ ਸ਼੍ਰਮਣਾਂ ਦੇ ਸਿਧਾਂਤ ਅਤੇ ਉਹਨਾਂ ਦੀਆਂ ਸਾਧਨਾਵਾਂ ਵੈਦਿਕ ਬ੍ਰਾਹਮਣਾਂ ਦੀ ਵਿਚਾਰਧਾਰਾ ਤੋਂ ਉਲਟ ਸਨ। 'ਏਤਰੈਯ ਬ੍ਰਾਹਮਣ' ਦਾ ਹੇਠ ਲਿਖਿਆ ਪਦ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ:

"ਮਲੀਨ ਜਾਂ ਕਸ਼ਾਏ ਕੱਪੜੇ ਪਹਿਨਣ ਦਾ ਕੀ ਫਾਇਦਾ ਹੈ? ਮ੍ਰਿਗਸ਼ਾਲਾ ਪਹਿਨਣ ਦਾ ਕੀ ਅਰਥ ਹੈ? ਦਾੜ੍ਹੀ ਰੱਖਣ ਦੀ ਕਿ ਲੋੜ ਹੈ? ਹੇ ਬ੍ਰਾਹਮਣ! ਪੁੱਤਰ ਦੀ ਇੱਛਾ ਕਰੋ ਸੰਸਾਰ ਵਿੱਚ ਇਹੋ ਪ੍ਰਸ਼ੰਸਾ ਯੋਗ ਵਸਤੂ ਹੈ"।[11]

ਇਸ ਉਦਾਹਰਣ ਤੋਂ ਪਤਾ ਚੱਲਦਾ ਹੈ ਕਿ ਉਸ ਸਮੇਂ ਕੁੱਝ ਅਜਿਹੇ ਸਾਧੂ ਸੰਨਿਆਸੀ ਸਨ ਜੋ ਕਥੱਈ ਕੱਪੜੇ ਪਹਿਣਦੇ ਸਨ, ਦਾੜ੍ਹੀ ਮੁੱਛ ਰੱਖਦੇ ਸਨ,

ਮ੍ਰਿਗਸ਼ਾਲਾ ਧਾਰਨ ਕਰਦੇ ਸਨ ਅਤੇ ਵਿਆਹੁਤਾ ਜੀਵਨ ਬਤੀਤ ਕਰਦੇ ਸਨ। ਗ੍ਰਹਿਸਥ ਜੀਵਨ ਤੇ ਇਹ ਪ੍ਰਭਾਵ ਬ੍ਰਾਹਮਣ ਦਰਸ਼ਨ ਦਾ ਸੀ ਜੋ ਸਾਧੂ ਜੀਵਨ ਨੂੰ ਸਵੀਕਾਰ ਨਹੀਂ ਕਰਦਾ ਸੀ। ਪਰ ਮੁਨੀਆਂ ਅਤੇ ਸ਼੍ਰਮਣਾਂ ਨੇ ਆਪਣੀ ਸਾਧੂ ਪ੍ਰੰਪਰਾ ਨੂੰ ਉੱਚੇ ਵੈਦਿਕ ਕਾਲ ਦੀ ਵੈਦਿਕ ਹੱਦ ਤੋਂ ਬਾਹਰ ਕਾਇਮ ਰੱਖਿਆ। ਅੱਗੇ ਚੱਲ ਕੇ ਉਹਨਾਂ ਦੇ ਸਿਧਾਤਾਂ ਅਤੇ ਸਾਧਨਾਵਾਂ ਨੂੰ ਵੈਦਿਕ ਪ੍ਰੰਪਰਾ ਦੇ ਰਿਸ਼ੀ ਮਹਾਂ ਰਿਸ਼ੀਆਂ ਨੂੰ ਪ੍ਰਭਾਵਤ ਕੀਤਾ।

ਅਨੇਕਾਂ ਵਿਦਵਾਨਾਂ ਨੇ ਇਸ ਤੱਥ ਵੱਲ ਸਾਡਾ ਧਿਆਨ ਖਿੱਚਿਆ ਹੈ ਕੀ ਪ੍ਰਾਗ ਇਤਿਹਾਸਕ ਮੁਨੀਆਂ ਅਤੇ ਸ਼੍ਰਮਣਾਂ ਦੀ ਧਾਰਮਕ ਪ੍ਰੰਪਰਾ ਵਿੱਚ ਯੋਗ, ਸਾਂਖਯ, ਜੈਨ ਧਰਮ ਅਤੇ ਬੁੱਧ ਧਰਮ ਦੀ ਮੂਲ ਉਤਪਤੀ ਹੋਈ ਹੈ। ਇਹਨਾਂ ਫਿਰਕਿਆਂ ਦੀਆਂ ਕੁੱਝ ਵਿਸ਼ੇਸ਼ਤਾਵਾਂ ਪੁਰਾਤਨ ਉਪਨਿਸ਼ਧਾਂ ਵਿੱਚ ਪ੍ਰਾਪਤ ਹੁੰਦੀ ਹੈ। ਜੋ ਨਿਸ਼ਚੈ ਹੀ ਮੁਨੀਆਂ ਤੇ ਸ਼੍ਰਮਣਾਂ ਦਾ ਪ੍ਰਭਾਵ ਆਖਿਆ ਜਾ ਸਕਦਾ ਹੈ। ਸਾਂਖਯ ਯੋਗ ਦਰਸ਼ਨ ਦੀ ਪ੍ਰਾਚੀਨਤਾ ਦਾ ਵਰਣਨ ਕਰਦੇ ਹੋਏ ਨਰਿਕ ਜੰਬਰ ਨੇ ਇੱਕ ਮਹੱਤਵ ਪੂਰਨ ਗੱਲ ਆਖੀ ਹੈ, "ਇਹ ਸਿਧਾਂਤ ਮੂਲ ਵੈਦਿਕ ਬ੍ਰਾਹਮਣ ਪ੍ਰੰਪਰਾ ਨਾਲ ਸੰਬੰਧਤ ਰਹੇ ਹਨ ਅਤੇ ਦੂਸਰੇ ਪਾਸੇ ਨਾ ਅਸੀਂ ਸਾਂਖਯ ਯੋਗ ਦੇ ਮੂਲ ਸਿਧਾਤਾਂ ਵਿੱਚ ਪਾਉਂਦੇ ਹਾਂ। ਇਹਨਾਂ ਦੋਹਾਂ ਪ੍ਰੰਪਰਾਵਾਂ ਦੀ ਉਤਪਤੀ ਬਿਲਕੁਲ ਭਿੰਨ ਹੈ। ਸਾਂਖਯ ਯੋਗ ਦਾ ਸੰਬੰਧ ਜੈਨ ਸਿਧਾਤਾਂ ਨਾਲ ਹੈ ਜੋ ਕਿਸੇ ਹੱਦ ਤੱਕ ਤੀਰਥੰਕਰਾਂ ਜਾਂ ਮੂਲ ਅਵੈਦਿਕ ਭਾਰਤੀ ਸੰਸਕ੍ਰਿਤੀ ਦੇ ਇਤਿਹਾਸਕ ਅਤੇ ਕਥਾਤਮਕ ਭਾਗਾਂ ਨਾਲ ਸੰਬੰਧਤ ਹਨ। ਇਸ ਲਈ ਸਾਂਖਯ ਅਤੇ ਯੋਗ ਦੇ ਮੂਲ ਸਿਧਾਂਤ ਕਾਫੀ ਪ੍ਰਾਚੀਨ ਹੋਣੇ ਚਾਹੀਦੇ ਹਨ। ਉਸ ਤੇ ਵੀ ਪੁਰਾਤਨ ਭਾਰਤੀ ਗ੍ਰੰਥਾਂ ਵਿੱਚ ਉਹਨਾਂ ਦਾ ਵਰਣਨ ਨਹੀਂ ਹੈ। ਹਾਂ ਬਾਅਦ ਦੇ ਉੱਤਰਕਾਲੀਨ ਉਪਨਿਸ਼ਧਾਂ ਅਤੇ ਭਗਵਤ ਗੀਤਾ ਵਿੱਚ ਇਹਨਾਂ ਦਾ ਵਰਣਨ ਜ਼ਰੂਰ ਹੋਇਆ ਹੈ। ਜਿੱਥੇ ਮੂਲ ਵੈਦਿਕ ਸਿਧਾਤਾਂ ਨਾਲ ਇਹਨਾਂ ਦਾ ਤਾਲਮੇਲ ਬਿਠਾ ਦਿੱਤਾ ਗਿਆ ਹੈ। ਕਠੋਰ ਇਤਿਹਾਸਕ ਵਿਰੋਧ ਦਾ ਪਿੱਛਾ ਕਰਦੇ ਹੋਏ ਆਰੀਆ ਹਮਲਾਵਰ ਦਾ ਰਹੱਸਵਾਦੀ ਦਿਮਾਗ ਕੁੱਝ ਖੁੱਲ੍ਹਿਆ ਅਤੇ ਮੂਲ ਨਿਵਾਸੀਆਂ ਦੇ ਸੁਝਾਅ ਆਏ ਅਤੇ ਉਹਨਾਂ ਤੋਂ ਪ੍ਰਭਾਵਿਤ ਹੋਏ। ਇਸ ਦਾ ਸਿੱਟਾ ਇਹ ਨਿਕਲਿਆ ਕਿ ਦੋਹੇਂ ਪ੍ਰੰਪਰਾਵਾਂ ਆਪਸ ਵਿੱਚ ਮਿਲ ਗਈਆਂ ਅਤੇ ਸਹੀ ਸਮੇਂ

ਤੇ ਮੱਧਕਾਲੀਨ ਅਤੇ ਆਧੁਨਿਕ ਭਾਰਤੀ ਵਿਚਾਰ ਤੋਂ ਪ੍ਰਭਾਵਿਤ ਅਤੇ ਸਿਹਤਮੰਦ ਫਿਰਕੇ ਖੜ੍ਹੇ ਹੋ ਗਏ।[13]

ਜਿੰਮਰ ਦੇ ਇਸ ਮੱਤ ਤੋਂ ਜੈਨ ਸਿਧਾਂਤਾਂ ਅਤੇ ਸ਼੍ਰਮਣ ਵਿਚਾਰ ਧਾਰਾ ਦੀ ਉਸ ਪੁਰਾਤਨ ਪ੍ਰੰਪਰਾ ਨੂੰ ਸੁਰੱਖਿਅਤ ਆਖਣਾ ਕਠਿਨ ਹੋਵੇਗਾ ਜਿਸ ਵਿੱਚ ਆਖਿਆ ਗਿਆ ਹੈ ਕਿ ਉਸ ਦੀ ਉਤਪਤੀ ਵੈਦਿਕ ਆਰੀਆ ਤੋਂ ਹੋਈ ਹੈ। ਜੈਨ ਧਰਮ, ਬੁੱਧ ਧਰਮ, ਯੋਗ, ਸ਼ਾਂਖਯ ਅਤੇ ਪ੍ਰਾਚੀਨ ਉਪਨਿਸ਼ਧਾਂ ਦੇ ਸਾਧਨਾ ਦੇ ਸਿਧਾਂਤ ਮੁਨੀ ਅਤੇ ਸ਼੍ਰਮਣ ਦੇ ਸਿਧਾਂਤਾਂ ਤੋਂ ਪ੍ਰੇਰਿਤ ਹਨ। ਜਿਸ ਨੇ ਅਤਿ ਪ੍ਰਾਚੀਨ ਅਵੈਦਿਕ ਹੜੱਪਨ ਸੰਸਕ੍ਰਿਤੀ ਨੂੰ ਜਿਉਂਦਾ ਰੱਖਿਆ ਹੈ ਇਸ ਸਿਧਾਂਤ ਵਿੱਚ ਸੰਸਾਰ, ਕਰਮ, ਯੋਗ, ਧਿਆਨ ਅਤੇ ਮੋਕਸ਼ ਦਾ ਨਿਰਵਾਨ ਦੇ ਸਿਧਾਂਤ ਮਿਲਦੇ ਹਨ। ਮੁਨੀਆਂ ਅਤੇ ਸ਼੍ਰਮਣਾਂ ਨੇ ਭਾਰਤੀ ਸੰਸਕ੍ਰਿਤੀ ਵਿਚਾਰ ਧਾਰਾ ਦੇ ਨਿਰਮਾਣ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਇਸ ਤਰਕ ਦੇ ਹਵਾਲੇ ਵਿੱਚ ਸੰਨਿਆਸ ਦੀ ਉਤਪਤੀ ਨੂੰ ਵੈਦਿਕ ਬ੍ਰਾਹਮਣ ਧਰਮ ਵਿੱਚ ਖੋਜਣਾ ਸਰਲ ਨਹੀਂ ਹੈ। ਆਮ ਵਿਦਵਾਨਾਂ ਨੇ ਇਹ ਮੱਤ ਪ੍ਰਗਟ ਕੀਤਾ ਹੈ ਕਿ ਬ੍ਰਾਹਮਣਾਂ ਰਾਹੀਂ ਪ੍ਰਗਟ ਕੀਤਾ ਚੌਥਾ ਆਸ਼ਰਮ ਬੁੱਧ ਤੋਂ ਬਾਅਦ ਹੀ ਪੈਦਾ ਹੋਇਆ ਹੈ।[14]

ਡਾ: ਸੁਕੁਮਾਰ ਦੱਤ ਨੇ ਵੀ ਕਿਹਾ ਹੈ, ਕਿ ਬ੍ਰਾਹਮਣ ਸਾਧਨਾ ਦੀ ਵਿਚਾਰ ਧਾਰਾ, ਬੁੱਧ ਜੈਨ ਧਰਮ ਨਾਲ ਮਿਲਦੀ ਜੁਲਦੀ ਹੋਣ ਦੇ ਕਾਰਨ ਕਠਿਨਤਾ ਨਾਲ ਸੁਰਖਿਅੱਤ ਰੱਖੀ ਜਾ ਸਕੀ ਹੈ।[15] ਪੁਰਾਤਨ ਉਪਨਿਸ਼ਧਾਂ ਵਿੱਚ ਸੰਨਿਆਸ ਨੂੰ ਸਵੀਕਾਰ ਨਹੀਂ ਕੀਤਾ ਗਿਆ।

ਡਾ: ਲਾਲ ਮਨੀ ਜੋਸ਼ੀ ਨੇ ਕਿਹਾ ਹੈ ਕਿ ਸ਼੍ਰਮਣ ਦਾ ਪਹਿਲਾ ਪ੍ਰਯੋਗ 'ਵ੍ਰਹਦਅਰੰਯਕ' ਉਪਨਿਸ਼ਧ ਵਿੱਚ ਹੋਇਆ ਹੈ। ਇਹ ਸ਼ਬਦ ਸਮੁਚੇ ਬ੍ਰਾਹਮਣ ਸਾਹਿਤ ਵਿੱਚ ਕਿਤੇ ਵੀ ਸਨਮਾਨ ਦਾ ਪਾਤਰ ਨਹੀਂ ਰਿਹਾ। ਉਹਨਾਂ ਅਨੁਸਾਰ, "ਕੋਈ ਵੀ ਉਪਨਿਸ਼ਧ ਬੁੱਧ ਕਾਲ ਤੋਂ ਪਹਿਲਾਂ ਦਾ ਸਿੱਧ ਨਹੀਂ ਕੀਤਾ ਜਾ ਸਕਦਾ। ਪ੍ਰਾਚੀਨਤਮ ਦੋਹੇਂ ਉਪਨਿਸ਼ਧ 'ਵ੍ਰਹਦਅਰੰਯਕ' ਅਤੇ ਛਾਦੋਂਗਯੋ ਵੀ ਬੁੱਧ ਅਤੇ ਮਹਾਵੀਰ ਤੋਂ ਪਹਿਲਾਂ ਦੇ ਆਖੇ ਨਹੀਂ ਜਾ ਸਕਦੇ। ਇਹਨਾਂ ਦੋਹਾਂ ਉਪਨਿਸ਼ਧਾਂ ਦਾ ਸਮਾਂ ਪੰਜਵੀ ਸਦੀ ਈ. ਪੂ. ਮੰਨਿਆ ਹੈ ਅਤੇ ਬਾਕੀ ਪੁਰਾਣੇ

ਉਪਨਿਸ਼ਧਾਂ ਨੂੰ 400 ਤੋਂ 200 ਈ. ਪੂ. ਵਿੱਚਕਾਰ ਰੱਖਿਆ ਹੈ। ਉਹਨਾਂ ਇਸ ਤੱਥ ਵੱਲ ਸਾਡਾ ਧਿਆਨ ਖਿੱਚਿਆ ਹੈ ਕੀ ਮਗਧ ਦੇ ਰਾਜੇ ਅਜਾਤਸ਼ਤਰੂ ਦਾ ਵਰਣਨ ਵ੍ਰਹਦਅਰੰਯਕ ਉਪਨਿਸ਼ਧ (II-i-i) ਅਤੇ ਕੋਸ਼ੀਤਿਕੀ ਉਪਨਿਸ਼ਧ ਚੈਪਟਰ (IV-i) ਵਿੱਚ ਆਇਆ ਹੈ। ਇਹ ਰਾਜੇ ਬੁੱਧ ਅਤੇ ਮਹਾਵੀਰ ਦੇ ਸਮਕਾਲੀ ਰਹੇ ਹਨ।[16]

ਡਾ: ਕੀਥ ਨੇ ਵੀ ਆਖਿਆ ਹੈ ਕਿ ਇਹ ਬਿਲਕੁਲ ਅਸੰਭਵ ਹੈ ਕਿ ਕਿਸੇ ਵੀ ਉਪਨਿਸ਼ਧ ਨੂੰ ਛੇਵੀਂ ਸਦੀ ਈ. ਪੂ. ਤੋਂ ਪਹਿਲਾਂ ਮੰਨਿਆ ਜਾਵੇ, ਜੇ ਕੋਈ ਅਜਿਹਾ ਮੰਨਦਾ ਵੀ ਹੈ ਤਾਂ ਇਹ ਉਸ ਦੀ ਆਪਣੀ ਨਿੱਜੀ ਕਲਪਣਾ ਹੋਵੇਗੀ।[17]

ਚੌਥੇ ਆਸ਼ਰਮ ਦਾ ਵਰਣਨ ਕਰਨ ਵਾਲੇ, ਬ੍ਰਾਹਮਣ ਧਰਮ ਸੂਤਰ ਬੁੱਧ ਕਾਲ ਦੇ ਬਾਅਦ ਦਾ ਹੈ। ਜੈਕੋਬੀ, ਬੂਲਰ ਅਤੇ ਸ਼ਾਰਪੇਂਟੀਯਰ ਦਾ ਇਸ ਲਈ ਇਹ ਆਖਣਾ ਅਸਿੱਧ ਹੋ ਜਾਂਦਾ ਹੈ ਕੀ ਜੈਨ ਬੁੱਧ ਸਾਧੂ ਫਿਰਕੇ ਨੇ ਬ੍ਰਾਹਮਣ ਸੰਨਿਆਸੀਆਂ ਤੋਂ ਕੁੱਝ ਉਧਾਰ ਲਿਆ ਹੈ। ਜੈਨ, ਬੁੱਧ ਭਿਕਸ਼ੂ ਸੰਸਥਾਨਾਂ ਦੇ ਹੋਂਦ ਵਿੱਚ ਆ ਜਾਣ ਤੋਂ ਬਾਅਦ ਵੀ ਬ੍ਰਾਹਮਣ ਵਿਧੀ ਬਣਾਉਣ ਵਾਲਿਆਂ ਨੇ ਸੰਨਿਆਸ ਨੂੰ ਸਵੀਕਾਰ ਕੀਤਾ।

## ਜੈਨ ਪ੍ਰੰਪਰਾ ਦੀ ਪ੍ਰਾਚੀਨਤਾ

ਜੈਨ ਸਿਧਾਂਤਾਂ ਦੇ ਅਧਿਐਨ ਦੇ ਪਿਛੋਕੜ ਵਿੱਚ ਸਾਨੂੰ ਜੈਨ ਇਤਿਹਾਸ ਅਤੇ ਪੁਰਾਣੀ ਕਥਾਵਾਂ ਨੂੰ ਠੀਕ ਢੰਗ ਨਾਲ ਸਮਝਣਾ ਉਚਿੱਤ ਹੋਵੇਗਾ। ਜੈਨ ਧਰਮ ਨੂੰ ਮੰਨਣ ਵਾਲਿਆਂ ਦਾ ਇਹ ਵਿਸ਼ਵਾਸ ਹੈ ਕਿ ਉਹਨਾਂ ਦਾ ਧਰਮ ਬਹੁਤ ਪ੍ਰਾਚੀਨ ਹੈ। ਮਹਾਵੀਰ ਤੋਂ ਪਹਿਲਾਂ ਉਹਨਾਂ ਦੇ ਅਨੁਸਾਰ 23 ਤੀਰਥੰਕਰ ਹੋਰ ਹੋਏ ਹਨ। ਮਹਾਵੀਰ ਜੈਨ ਧਰਮ ਦੇ ਸੰਸਥਾਪਕ ਨਹੀਂ ਸਗੋਂ ਪ੍ਰਸਾਰ ਕਰਨ ਵਾਲੇ ਹੋਏ ਹਨ। ਜੈਨ ਧਰਮ ਤਾਂ ਅਨਾਦੀ ਅਤੇ ਅੰਨਤ ਹੈ। 23 ਤੀਰਥੰਕਰਾਂ ਦੇ ਨਾਂ ਇਸ ਪ੍ਰਕਾਰ ਹਨ:

1. ਰਿਸ਼ਭ ਦੇਵ (ਆਦੀ ਨਾਥ), 2. ਅਜਿਤ ਨਾਥ, 3. ਸੰਭਵ ਨਾਥ, 4. ਅਭਿਨੰਦਨ ਨਾਥ, 5. ਸੁਮਤੀ ਨਾਥ, 6. ਪਦਮ ਪ੍ਰਭ, 7. ਸੁਪਾਰਸ਼ਵ ਨਾਥ, 8. ਚੰਦਰ ਪ੍ਰਭ, 9. ਸੁਵਿਧੀ ਨਾਥ (ਪੁਸ਼ਪ ਦੰਤ), 10. ਸ਼ੀਤਲ ਨਾਥ, 11. ਸ਼੍ਰੀਯਾਂਸ ਨਾਥ, 12. ਵਾਸੂ ਪੁਜਯ, 13. ਬਿਮਲ ਨਾਥ, 14. ਅਨੰਤ ਨਾਥ, 15. ਧਰਮ

ਨਾਥ, 16. ਸ਼ਾਂਤੀ ਨਾਥ, 17. ਕੁੰਥੂ ਨਾਥ, 18. ਅਰਹੰ ਨਾਥ, 19. ਮਲੀ ਨਾਥ, 20. ਮੁਨੀਸੁਵਰਤ ਨਾਥ, 21. ਨੇਮੀ ਨਾਥ (ਨਮੀ ਨਾਥ), 22. ਅਰਿਸ਼ਟ ਨੇਮੀ ਨਾਥ, 23. ਪਾਰਸ਼ਵ ਨਾਥ[18]

24 ਵੇਂ ਤੀਰਥੰਕਰ ਮਹਾਵੀਰ ਸਨ, ਜੋ ਸ਼ਾਕਯ ਮੁਨੀ ਮਹਾਤਮਾ ਬੁੱਧ ਦੇ ਸਮਕਾਲੀ ਸਨ।

ਉਪਰੋਕਤ ਤੀਰਥੰਕਰਾਂ ਵਿੱਚੋਂ ਜ਼ਿਆਦਾ ਦੀ ਪ੍ਰਾਚੀਨਤਾ ਸਿੱਧ ਕਰਨਾ ਸੰਭਵ ਨਹੀਂ ਹੈ। ਪਰ ਉਹਨਾਂ ਦੀ ਹੋਂਦ ਤੋਂ ਜੈਨ ਪ੍ਰੰਪਰਾ ਦਾ ਵਿਸ਼ਵਾਸ ਉਹਨਾਂ ਦੀ ਪ੍ਰਾਚੀਨਤਾ ਸਿੱਧ ਕਰਨ ਲਈ ਆਪਣੇ ਆਪ ਵਿੱਚ ਇਕ ਮਹੱਤਵਪੂਰਨ ਪ੍ਰਮਾਣ ਹੈ। ਸ਼ਾਕਯ ਮੁਨੀ ਬੁੱਧ ਤੋਂ ਪਹਿਲਾਂ ਵੀ 24 ਬੁੱਧਾਂ ਦੇ ਹੋਣ ਦੀ ਕਲਪਨਾ ਨੂੰ ਇਸ ਹਵਾਲੇ ਨਾਲ ਯਾਦ ਕੀਤਾ ਜਾ ਸਕਦਾ ਹੈ।[19]

ਕੁੱਝ ਇਕ ਵਿਦਵਾਨਾਂ ਦਾ ਇਹ ਮੱਤ ਹੈ ਕਿ ਪਹਿਲੇ ਤੀਰਥੰਕਰ ਰਿਸ਼ਭ ਦੇਵ ਦਾ ਵਰਣਨ ਵੇਦਾਂ ਵਿੱਚ ਆਇਆ ਹੈ।[20] ਵਿਸ਼ਨੂੰ ਪੁਰਾਣ ਅਤੇ ਭਾਗਵਤ ਪੁਰਾਣ[21] ਨੇ ਵੀ ਉਹਨਾਂ ਦਾ ਵਰਣਨ ਕੀਤਾ ਹੈ। ਇਹ ਨਿਸ਼ਚਤ ਰੂਪ ਵਿੱਚ ਆਖਿਆ ਜਾ ਸਕਦਾ ਹੈ ਕਿ ਇਹ ਵਰਣਨ ਇਕ ਇਤਿਹਾਸਕ ਵਿਅਕਤੀ ਦੇ ਨਾਲ ਜੁੜੇ ਹੋਏ ਹਨ। ਪਰ ਜੈਨ ਪ੍ਰੰਪਰਾ ਇਕ ਮੱਤ ਤੋਂ ਉਹਨਾਂ ਨੂੰ ਜੈਨ ਧਰਮ ਦੇ ਸੰਸਥਾਪਕ ਦੇ ਰੂਪ ਵਿੱਚ ਜ਼ਰੂਰ ਸਵੀਕਾਰ ਕਰਦੀ ਹੈ।

ਰਿਸ਼ਭ ਦੇਵ ਤੋਂ ਬਾਅਦ ਤੀਰਥੰਕਰਾਂ ਵਿੱਚ ਬ੍ਰਾਹਮਣ ਪੁਰਾਣ ਸੁਮਤੀਨਾਥ ਦਾ ਵਰਨਣ ਕਰਦੇ ਹਨ। ਕ੍ਰਿਸ਼ਨ ਦੇ ਪੌਰਾਣਿਕ ਵਰਣਨ ਵਿੱਚ 22ਵੇਂ ਤੀਰਥੰਕਰ ਅਰਿਸ਼ਟ ਨੇਮੀ ਨਾਥ ਦਾ ਸੰਬੰਧ ਹੈ।[22] ਬੁੱਧ ਸਾਹਿਤ ਵਿੱਚ ਵੀ ਲਗਭਗ ਸਾਰੇ ਹੀ ਤੀਰਥੰਕਰਾਂ ਦਾ ਵਰਣਨ ਕਿਸੇ ਨਾ ਕਿਸੇ ਰੂਪ ਵਿੱਚ ਆਇਆ ਹੈ, ਜਿਸ ਨੂੰ ਡਾ: ਭਾਗ ਚੰਦ ਜੈਨ ਨੇ ਸੰਕਲਿਤ ਕੀਤਾ ਹੈ।[23]

23ਵੇਂ ਤੀਰਥੰਕਰ ਪਾਰਸ਼ਵ ਨਾਥ ਦੀ ਇਤਿਹਾਸਿਕਤਾ ਦਾ ਪ੍ਰਮਾਣ ਬਿਨ੍ਹਾਂ ਸ਼ੱਕ ਇਤਿਹਾਸਕਾਰਾਂ ਕੋਲ ਹਨ। ਜੈਨ ਪ੍ਰੰਪਰਾ ਦੇ ਅਨੁਸਾਰ ਪਾਰਸ਼ਵ ਨਾਥ ਮਹਾਵੀਰ ਤੋਂ 250 ਸਾਲ ਪਹਿਲਾਂ ਹੋਏ ਹਨ। ਇਹ ਮਾਨਤਾ ਪਾਰਸ਼ਵ ਨਾਥ ਨੂੰ 8ਵੀਂ ਸਦੀ ਈ. ਪੂ. ਦਾ ਸਿੱਧ ਕਰਦੀ ਹੈ। ਪਾਰਸ਼ਵ ਨਾਥ ਦੀ ਪ੍ਰੰਪਰਾ ਤੋਂ ਪ੍ਰਾਪਤ ਜੀਵਨੀ ਇਹ ਦੱਸਦੀ ਹੈ, ਕੀ ਉਹ ਵਾਰਾਣਸੀ ਦੇ ਰਾਜਾ ਅਸ਼ਵ ਸੈਨ ਦੇ

ਸਪੁੱਤਰ ਸਨ। ਉਹਨਾਂ ਦੀ ਮਾਤਾ ਦਾ ਨਾਂ ਬਾਮਾ ਸੀ। 30 ਸਾਲ ਤੱਕ ਉਹ ਗ੍ਰਹਿਸਥ ਅਵਸਥਾ ਵਿੱਚ ਰਹੇ ਬਾਅਦ ਵਿੱਚ ਉਹਨਾਂ ਸਾਧੂ ਵਰਤਾਂ ਨੂੰ ਸਵੀਕਾਰ ਕੀਤੀ। ਸਾਧੂ ਜੀਵਨ ਵਿੱਚ ਉਹਨਾਂ ਕੇਵਲ ਗਿਆਨ ਪ੍ਰਾਪਤ ਕੀਤਾ ਅਤੇ 70 ਸਾਲ ਤੱਕ ਉਹ ਆਮ ਲੋਕਾਂ ਨੂੰ ਧਰਮ ਉਪਦੇਸ਼ ਦਿੰਦੇ ਰਹੇ। 100 ਸਾਲ ਦੀ ਉਮਰ ਵਿੱਚ ਸੰਮੇਤ ਸ਼ਿਖਰ (ਬਿਹਾਰ) ਵਿੱਚ ਉਹਨਾਂ ਦਾ ਪਰੀ ਨਿਰਵਾਨ ਹੋਇਆ।[24]

ਪਾਰਸ਼ਵ ਨਾਥ ਦਾ ਧਰਮ ਚਾਤੁਰਯਾਮ ਧਰਮ (ਚਾਉਜਾਮ ਧੱਮ) ਕਿਹਾ ਗਿਆ ਹੈ। ਇਹ ਚਾਰ ਯਾਮ (ਨਿਯਮ) ਇਸ ਪ੍ਰਕਾਰ ਹਨ: 1. ਅਹਿੰਸਾ, 2. ਸੱਚ, 3. ਅਸਤੇ (ਚੋਰੀ ਨਾ ਕਰਨਾ), 4. ਅਪਰੀਗ੍ਰਹਿ ਬੁੱਧ ਕਾਲ ਦੇ ਪਾਲੀ ਸਾਹਿਤ ਵਿੱਚ ਪਾਰਸ਼ਵ ਨਾਥ ਦੇ ਫਿਰਕੇ ਦੇ ਹੋਣ ਦੇ ਕਈ ਹਵਾਲੇ ਅਤੇ ਅਨੇਕਾਂ ਪ੍ਰਮਾਣ ਮਿਲਦੇ ਹਨ। ਹਰਮਨ ਜੈਕੋਬੀ ਨੇ ਇਹਨਾਂ ਪ੍ਰਮਾਣਾਂ ਵੱਲ ਸਾਡਾ ਧਿਆਨ ਖਿੱਚਿਆ ਹੈ।[25] ਪਾਲੀ ਸਾਹਿਤ ਨਿਰਗ੍ਰੰਥਾਂ ਦੇ ਸਿਧਾਂਤਾਂ ਦਾ ਵਰਣਨ ਕਰਦਾ ਹੈ। ਉੱਥੇ ਮਹਾਵੀਰ ਨੂੰ ਨਾਤਪੁਤ (ਗਿਆਤ ਪੁੱਤਰ) ਆਖਿਆ ਗਿਆ ਹੈ। ਕਿਉਂਕਿ ਉਹ ਗਿਆਤ ਪੁੱਤਰ ਕੁਲ ਦੇ ਸਨ[26] ਅਤੇ ਉਹਨਾਂ ਦੇ ਮਾਤਾ ਪਿਤਾ ਪਾਰਸ਼ਵ ਨਾਥ ਪ੍ਰੰਪਰਾ ਦੇ ਅਨੁਯਾਈ ਸਨ।[27]

ਸ਼ੁਰੂ ਦੇ ਬੁੱਧ ਸਾਹਿਤ ਵਿੱਚ ਨਿਗੰਠ ਨਾਤਪੁਤ ਦੇ ਨਾਂ ਦਾ ਅਨੇਕਾਂ ਵਾਰ ਵਰਣਨ ਆਇਆ ਹੈ। 'ਅੰਗੁਤਰ ਨਿਕਾਏ' ਗ੍ਰੰਥ ਵਿੱਚ ਕਿਹਾ ਗਿਆ ਹੈ।

ਨਿਗੰਠ ਨਾਤਪੁਤ ਸਭ ਨੂੰ ਜਾਣਦੇ ਹਨ ਅਤੇ ਵੇਖਦੇ ਹਨ। ਉਹ ਆਪਣੇ ਆਪ ਨੂੰ ਸਰਵਗ ਆਖਦੇ ਹਨ ਅਤੇ ਇਹ ਸਿਖਾਉਂਦੇ ਹਨ ਕਿ ਤਪੱਸਿਆ ਦੇ ਰਾਹੀਂ ਪੁਰਾਣੇ ਕਰਮਾਂ ਦੀ ਨਿਰਜਰਾ ਕੀਤੀ ਜਾ ਸਕਦੀ ਹੈ ਅਤੇ ਨਵੇਂ ਕਰਮਾਂ ਦਾ ਆਸ਼ਰਵ ਰੋਕਿਆ ਜਾ ਸਕਦਾ ਹੈ। ਜਦ ਕਰਮਾਂ ਦਾ ਆਸ਼ਰਵ ਬੰਦ ਹੋ ਜਾਵੇਗਾ ਤਾਂ ਦੁੱਖਾਂ ਤੋਂ ਮੁਕਤੀ ਹੋ ਜਾਵੇਗੀ।[28]

'ਮਹਾਵੱਗ' ਵਿੱਚ ਇਹ ਵਰਣਨ ਆਇਆ ਹੈ ਕਿ ਮਹਾਵੀਰ ਦਾ ਗ੍ਰਹਿਸਥ ਅਨੁਯਾਈ ਸਿੰਘ ਸੈਨਾਪਤੀ ਆਪਣੇ ਸ਼ਾਸਤਾ (ਗੁਰੂ) ਦੀ ਇੱਛਾ ਦੇ ਉਲਟ ਬੁੱਧ ਨੂੰ ਮਿਲਣ ਗਿਆ। ਉਸ ਨੇ ਮਹਾਵੀਰ ਦੇ ਕ੍ਰਿਆਵਾਦ ਨੂੰ ਛੱਡ ਦਿੱਤਾ ਅਤੇ ਬੁੱਧ ਦੇ ਅਕ੍ਰਿਆਵਾਦ ਨੂੰ ਸਵੀਕਾਰ ਕਰ ਲਿਆ। ਮਹਾਵੀਰ ਦਾ ਕ੍ਰਿਆਵਾਦ

ਆਤਮਾ, ਸੰਸਾਰ ਅਤੇ ਕ੍ਰਿਆ ਵਿੱਚ ਵਿਸ਼ਵਾਸ ਕਰਦਾ ਹੈ। ਜਦ ਕਿ ਬੁੱਧ ਦੇ ਅਕ੍ਰਿਆ ਵਾਦ ਵਿੱਚ ਇਹ ਸਭ ਕੁੱਝ ਨਹੀਂ ਹੈ।[29]

'ਅੰਗੁਤੱਰਨਿਕਾਏ' ਵਿੱਚ ਜੈਨ ਸ਼੍ਰਾਵਕਾਚਾਰ ਦਾ ਵਰਣਨ ਮਿਲਦਾ ਹੈ। ਜਿੱਥੇ ਜੈਨ ਸ਼੍ਰਾਵਕ (ਉਪਾਸਕ) ਦਾ ਨਿਯਮ ਇਸ ਪ੍ਰਕਾਰ ਵਰਣਨ ਕੀਤਾ ਗਿਆ ਹੈ, "ਮੈਂ ਅੱਜ ਇਕ ਨਿਸ਼ਚਤ ਦਿਸ਼ਾ ਵਿੱਚ ਜਾਵਾਗਾਂ।[30]" ਉੱਥੇ ਇਕ ਹੋਰ ਸਥਾਨ ਤੇ ਓਪੋਸਥ (ਧਾਰਮਿਕ ਕ੍ਰਿਆ) ਦੇ ਸੰਬੰਧ ਵਿੱਚ ਆਖਿਆ ਗਿਆ ਹੈ ਕਿ ਜਿੱਥੇ ਉਪਾਸਕ 24 ਘੰਟੇ ਦਾ ਪੋਸ਼ਧ (ਉਪਾਸਕ ਦਾ ਇਕ ਵਰਤ) ਕਰਦਾ ਹੈ ਅਤੇ ਮਨ ਵਚਨ ਅਤੇ ਕੰਮਾਂ ਨਾਲ ਭਿਕਸ਼ੂ ਦੀ ਤਰ੍ਹਾਂ ਰਹਿੰਦਾ ਹੈ।

'ਦੀਰਘਨਿਕਾਏ' ਦਾ ਸਾਮੱਜਫਲਸੁੱਤ "ਚਾਤੁਯਾਮ ਸੰਬਰ ਏਸੰਬੂਤੋ" ਦਾ ਵਰਣਨ ਮਿਲਦਾ ਹੈ। ਇਹ ਵਰਣਨ ਬੁੱਧ ਅਤੇ ਅਜਾਤਸ਼ਤਰੂ ਦੇ ਵਿੱਚਕਾਰ ਹੋਏ ਵਾਰਤਾਲਾਪ ਦੇ ਹਵਾਲੇ ਨਾਲ ਆਇਆ ਹੈ। ਜਿੱਥੇ ਰਾਜਾ ਨਿਗੰਠ ਨਾਤਪੁਤ ਨਾਲ ਹੋਈ ਭੇਂਟ ਦਾ ਵਰਣਨ ਕਰਦਾ ਹੈ। ਜੈਕੋਬੀ ਦੇ ਅਨੁਸਾਰ ਪਾਲੀ ਚਾਤੁਯਾਮ ਪ੍ਰਾਕਰਿਤ ਚਾਉਜੱਮ ਹੈ। ਜਿੱਥੇ ਪਾਰਸ਼ਵ ਨਾਥ ਦੀਆਂ ਚਾਰ ਸਿੱਖਿਆਵਾਂ ਦਾ ਵਰਣਨ ਮਿਲਦਾ ਹੈ। ਈ. ਡਬਲਯੂ. ਹਾਪਕਿੰਜ ਨੇ ਕਿਹਾ ਹੈ ਬੁੱਧਾਂ ਨੇ ਨਿਰਗ੍ਰੰਥਾਂ ਨੂੰ ਨਵੇਂ ਫਿਰਕੇ ਦੇ ਰੂਪ ਵਿੱਚ ਕਿਸੇ ਸਥਾਨ 'ਤੇ ਵੀ ਵਰਣਨ ਨਹੀਂ ਕੀਤਾ ਅਤੇ ਨਾ ਕਿਸੇ ਸਥਾਨ 'ਤੇ ਨਾਤਪੁਤ ਨੂੰ ਉਸ ਧਰਮ ਦਾ ਸੰਸਥਾਪਕ ਕਿਹਾ ਹੈ। ਜਦ ਕੀ ਜੈਕੋਬੀ ਸੱਚਾਈ ਦੇ ਨਾਲ ਇਹ ਆਖਦੇ ਹਨ ਕਿ ਜੈਨ ਧਰਮ ਦਾ ਸੰਸਥਾਪਕ ਮਹਾਵੀਰ ਤੋਂ ਕਾਫੀ ਪਹਿਲਾਂ ਹੋਇਆ ਹੈ। ਇਹ ਫਿਰਕਾ ਨਿਸ਼ਚਿਤ ਹੀ ਬੁੱਧ ਤੋਂ ਪਹਿਲਾਂ ਦਾ ਹੈ।[31]

ਇਹ ਵਰਣਨ ਇਸ ਤੱਥ ਦੇ ਠੋਸ ਪ੍ਰਮਾਣ ਹਨ ਕਿ ਮਹਾਵੀਰ ਜਦ ਸ਼ਾਸਤਾ (ਉਪਦੇਸ਼ ਦੇਣ ਵਾਲੇ ) ਵੀ ਨਹੀਂ ਹੋਏ ਸਨ, ਪਾਰਸ਼ਵ ਨਾਥ ਦੇ ਮੰਨਣ ਵਾਲੇ ਉਸ ਸਮੇਂ ਮੌਜੂਦ ਸਨ।

ਇਸ ਪ੍ਰਕਾਰ ਸਿੱਟੇ ਵਜੋਂ ਇਹ ਆਖਿਆ ਜਾ ਸਕਦਾ ਹੈ ਕਿ ਜੈਨ ਧਰਮ ਅਵੈਦਿਕ ਹੈ ਅਤੇ ਵੇਦਾਂ ਤੋਂ ਪਹਿਲਾਂ ਦਾ ਧਰਮ ਹੈ। ਬੁੱਧ ਧਰਮ ਦੀ ਤਰ੍ਹਾਂ ਜੈਨ ਧਰਮ ਵੀ ਵੈਦਾਂ ਦੀ ਹੋਂਦ ਨੂੰ ਨਹੀਂ ਮੰਨਦਾ। ਮਹਾਵੀਰ ਤੋਂ ਪਹਿਲਾਂ ਤੀਰਥੰਕਰ ਸ਼੍ਰਮਣ ਪ੍ਰੰਪਰਾ ਦੇ ਅਨੁਯਾਈ ਰਹੇ ਹਨ। ਮਹਾਵੀਰ ਨੇ ਉਹਨਾਂ ਦੀ

ਆਧਿਆਤਮਕ ਪ੍ਰੰਪਰਾ ਨੂੰ ਗ੍ਰਹਿਣ ਕੀਤਾ ਅਤੇ ਉਸ ਨੂੰ ਨਵਾਂ ਸੁਧਰਿਆ ਹੋਇਆ ਰੂਪ ਪ੍ਰਦਾਨ ਕੀਤਾ। ਸ਼੍ਰਮਣ ਪ੍ਰੰਪਰਾ ਜਿਵੇਂ ਕਿ ਪਹਿਲਾ ਆਖਿਆ ਜਾ ਚੁੱਕਾ ਹੈ ਹੱੜਪਾ ਸੰਸਕ੍ਰਿਤੀ ਦੇ ਯੋਗ ਪ੍ਰੰਪਰਾ ਨਾਲ ਜੁੜੀ ਹੋਈ ਹੈ। ਕੁੱਝ ਵਿਦਵਾਨਾਂ ਦਾ ਇਹ ਵੀ ਮੱਤ ਹੈ ਕਿ ਜੈਨ ਧਰਮ ਦੇ ਕੁੱਝ ਤੱਤਵਾ ਨੂੰ ਸਿੰਧੂ ਘਾਟੀ ਦੀ ਸੱਭਿਅਤਾ ਵਿੱਚ ਵੀ ਖੋਜਿਆ ਜਾ ਸਕਦਾ ਹੈ। ਡਾ: ਜਯੋਤੀ ਪ੍ਰਸਾਦ ਜੈਨ ਨੇ ਪ੍ਰੋਫੈਸਰ ਸ਼੍ਰੀਕਾਂਤ ਸ਼ਾਸਤਰੀ ਦੇ ਹੇਠ ਲਿਖੇ ਸ਼ਬਦਾਂ ਦਾ ਹਵਾਲਾ ਦਿੱਤਾ ਹੈ।

"3000-2500 ਈ. ਪੂ. ਦੀ ਸਿੰਧੂ ਸਭਿਅਤਾ ਵਿੱਚ ਨਗਨਤਾ ਅਤੇ ਯੋਗ ਰਿਸ਼ਭ ਦੀ ਪੂਜਾ ਅਤੇ ਹੋਰ ਚਿੰਨ ਜੈਨ ਧਰਮ ਦੀ ਹੋਂਦ ਵੱਲ ਹੋਰ ਸੰਕੇਤ ਕਰਦੇ ਹਨ। ਇਸ ਲਈ ਸਿੰਧੂ ਸਭਿਅਤਾ ਅਨਾਰੀਆ ਜਾਂ ਅਵੈਦਿਕ ਸਭਿਅਤਾ ਕਹੀ ਜਾਂਦੀ ਹੈ"।[32]

ਡਾ: ਹੀਰਾ ਲਾਲ ਜੈਨ ਨੇ ਜੈਨ ਧਰਮ ਦੀ ਉਤਪਤੀ ਨੂੰ ਹੱੜਪਾ ਸੰਸਕ੍ਰਿਤੀ ਵਿੱਚ ਖੋਜਿਆ ਹੈ। ਉਹਨਾਂ ਹੱੜਪਾ ਦੀ ਖੁਦਾਈ ਵਿੱਚੋਂ ਨਗਨ ਪੁਰਸ਼ ਮੂਰਤੀ ਦੀ ਕਲਾ ਦੀ ਤੁਲਨਾ ਲੋਹਾਨੀਪੁਰ ਵਿਚੋਂ ਪ੍ਰਾਪਤ ਹੱਥ ਪੈਰ ਰਹਿਤ ਨਗਨ ਪੁਰਸ਼ ਦੇ ਨਾਲ ਗਹਿਰੀ ਸਮਾਨਤਾ ਪ੍ਰਗਟ ਕੀਤੀ ਹੈ।[33]

## ਮਹਾਵੀਰ ਦਾ ਸਮਾਂ

ਇੰਝ ਜਾਪਦਾ ਹੈ ਕਿ ਮਹਾਵੀਰ ਦੇ ਸਮੇਂ ਉੱਤਰ ਭਾਰਤ ਵਿੱਚ ਖਾਸ ਤੌਰ ਤੇ ਮਗਧ ਵਿੱਚ ਪਾਰਸ਼ਵ ਨਾਥ ਪ੍ਰੰਪਰਾ ਦੇ ਕਾਫੀ ਅਨੁਯਾਈ ਸਨ। ਇਹ ਇੱਕ ਅਜਿਹਾ ਸਮਾਂ ਸੀ ਜਦੋਂ ਭਾਰਤ ਵਿੱਚ ਸੰਸਕ੍ਰਿਤਕ ਪਰਿਵਰਤਨ ਆ ਰਿਹਾ ਸੀ। ਰਾਜਨਿਤੀਕ ਪੱਖ ਤੋਂ ਉਸ ਸਮੇਂ ਦੋ ਪ੍ਰਕਾਰ ਦੇ ਸਰਕਾਰੀ ਤੰਤਰ ਸਨ, ਰਾਜਤੰਤਰ ਅਤੇ ਗਣਤੰਤਰ। ਮਗਧ ਅਤੇ ਕੋਸ਼ਲ ਵਿੱਚ ਰਾਜਤੰਤਰ ਸੀ ਜੋ ਵਿਸਤਾਰ ਵਾਦੀ ਅਤੇ ਉਪਨਿਵੇਸ਼ ਵਾਦੀ ਸੀ। ਦੂਸਰੇ ਪਾਸੇ ਵੈਸ਼ਾਲੀ ਦੇ ਲਿਛੱਵੀ, ਕਪਿਲ ਵਸਤੂ ਦੇ ਸ਼ਾਕਯ ਕੁਸ਼ੀਨਗਰ ਦੇ ਮੱਲ ਆਦਿ ਗਣਤੰਤਰ ਦੀ ਪ੍ਰਤੀਨਿਧਤਾ ਕਰਦੇ ਸਨ। ਉਹ ਸੁਤੰਤਰਤਾ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਕਰਦੇ ਸਨ। ਦੋਹਾਂ ਰਾਜਤੰਤਰਾਂ ਅਤੇ ਗਣਤੰਤਰਾਂ ਵਿੱਚ ਆਏ ਦਿਨ ਯੁੱਧ ਵੀ ਹੁੰਦੇ ਸਨ। ਉਦਾਹਰਣ ਵਜੋਂ ਮਗਧ ਦਾ ਅਜ਼ਾਤਸ਼ਤਰੂ, ਵੈਸ਼ਾਲੀ ਦੇ ਲਿਛੱਵੀਆਂ

ਦਾ ਦੁਸ਼ਮਣ ਸੀ। ਇਸੇ ਪ੍ਰਕਾਰ ਕੋਸ਼ਲ ਦਾ ਰਾਜਾ ਵਿਡੂਦਾਮ ਨੇ ਕਪਿਲ ਵਸਤੂ ਦੇ ਸ਼ਾਕਯ ਉੱਪਰ ਹਮਲਾ ਕੀਤਾ ਅਤੇ ਭਰਪੂਰ ਨੁਕਸਾਨ ਪਹੁੰਚਾਇਆ। ਉਸ ਸਮੇਂ ਇਕ ਹੋਰ ਰਾਜਨੀਤਿਕ ਘਟਨਾ ਸੀ ਪੰਜਾਬ ਤੇ ਪਰਸ਼ੀਅਨ ਹਮਲਾ। ਪਰ ਅਸਲ ਵਿੱਚ ਮਗਧ ਅਤੇ ਕੋਸ਼ਲ ਦੇ ਇਤਿਹਾਸ ਤੇ ਇਸ ਦਾ ਕੋਈ ਅਸਰ ਨਹੀਂ ਪਿਆ।[34]

ਵਰਧਮਾਨ ਮਹਾਵੀਰ ਦਾ ਸਮਾਂ ਧਾਰਮਿਕ ਉਥਲ ਪੁਥਲ ਦਾ ਸਮਾਂ ਸੀ। ਪੁਰਾਤਨ ਵੈਦਿਕ ਧਰਮ ਨਿਘਾਰ ਵੱਲ ਜਾ ਰਿਹਾ ਸੀ। ਵੈਦਿਕ ਬ੍ਰਾਹਮਣ ਦੇ ਯੱਗ ਸੰਬੰਧੀ ਕ੍ਰਿਆ ਕਾਂਡਾ ਨੂੰ ਮੁਨੀਆਂ ਅਤੇ ਸ਼੍ਰਮਣਾਂ ਦੇ ਧਰਮ ਅਤੇ ਦਰਸ਼ਨ ਦਾ ਸਖਤ ਮੁਕਾਬਲਾ ਸਹਿਣ ਕਰਨਾ ਪੈ ਰਿਹਾ ਸੀ। ਵੈਦਿਕ ਬ੍ਰਾਹਮਣ ਅਤੇ ਅਵੈਦਿਕ ਸ਼੍ਰਮਣਾਂ ਵਿੱਚ ਹੋਏ ਸਿਧਾਂਤਕ ਵਿਰੋਧ ਪੁਰਾਤਨ ਜੈਨ ਬੁੱਧ ਸਾਹਿਤ ਵਿੱਚ ਵਿਖਾਈ ਦਿੰਦੇ ਹਨ। ਇਹਨਾਂ ਗ੍ਰੰਥਾਂ ਵਿੱਚ ਉਸ ਸਮੇਂ ਅਨੇਕਾਂ ਫਿਰਕਿਆਂ ਅਤੇ ਦਾਰਸ਼ਨਿਕ ਮੱਤਭੇਦਾਂ ਦਾ ਵਰਣਨ ਆਇਆ ਹੈ। ਦੀਰਘਨਿਕਾਏ ਦੇ ਬ੍ਰਹਮਜਾਲਸੁੱਤ ਵਿੱਚ ਅਜਿਹੇ 62 ਮਿੱਥੀਆ ਦ੍ਰਿਸ਼ਟੀ (ਗਲਤ ਵਿਸ਼ਵਾਸ) ਦਾ ਵਰਣਨ ਮਿਲਦਾ ਹੈ।[35]

ਸੁਤਰਕ੍ਰਿਤਾਂਗ ਵਿੱਚ ਭਗਵਾਨ ਮਹਾਵੀਰ ਦੇ ਸਮੇਂ ਪ੍ਰਚਲਤ 363 ਫਿਰਕਿਆਂ, ਉਪ ਫਿਰਕਿਆਂ ਦਾ ਵਰਣਨ ਮਿਲਦਾ ਹੈ।[36] ਇਹਨਾਂ ਵਿੱਚੋਂ ਜ਼ਿਆਦਾ ਫਿਰਕਿਆਂ ਦੇ ਸੰਸਥਾਪਕ ਸ਼੍ਰਮਣ ਅਤੇ ਪਰੀਵਿਰਾਜ਼ਕ ਸਨ। ਨਾਸਤਿਕਤਾਵਾਦ, ਭੌਤਿਕਤਾਵਾਦ, ਨਿਸ਼ਚਤਵਾਦ, ਈਸ਼ਵਰਵਾਦ, ਅਨਿਸ਼ਵਰਵਾਦ ਅਤੇ ਪ੍ਰਤੱਖਵਾਦ ਜਿਹੇ ਦਾਰਸ਼ਨਿਕ ਸਿਧਾਂਤ ਇਹਨਾਂ ਦਾਰਸ਼ਨਿਕਾਂ ਵਿੱਚ ਪ੍ਰਚਲਤ ਸਨ। ਡਾ: ਗੋਬਿੰਦ ਚੰਦ ਪਾਂਡੇ ਦੇ ਅਨੁਸਾਰ ਇਹਨਾਂ ਸ਼੍ਰਮਣਾਂ ਅਤੇ ਮੁਨੀਆਂ ਵਿੱਚ ਪਰੀਵਿਰਾਜ਼ਕਤਾ (ਦੀਖਿਆ), ਨਿਰਾਸ਼ਾਵਾਦੀਤਾ, ਨਾਸਤਿਕਤਾ ਅਤੇ ਅਨੇਕਾਤਿਮਕਤਾ ਜ਼ਿਆਦਾ ਸੀ। ਸ਼ੁਰੂ ਦੇ ਜੈਨ ਧਰਮ ਵਿੱਚ ਇਹ ਚਾਰੇ ਵਿਸ਼ੇਸ਼ਤਾਵਾਂ ਵਿਖਾਈ ਦਿੰਦੀਆਂ ਹਨ। ਸ਼੍ਰਮਣ ਪ੍ਰੰਪਰਾ ਵਿੱਚ ਪਾਰਸ਼ਵ ਨਾਥ ਪ੍ਰੰਪਰਾ ਦੇ ਅਨੁਯਾਈ ਜ਼ਿਆਦਾ ਸਨ। ਇਹ ਇੱਕ ਅਜਿਹੀ ਧਰਮ ਕ੍ਰਾਂਤੀ ਦਾ ਸਮਾਂ ਸੀ ਜਦੋਂ ਵਰਧਮਾਨ ਮਹਾਵੀਰ ਦਾ ਜਨਮ ਹੋਇਆ।

## ਮਹਾਵੀਰ ਦਾ ਜੀਵਨ

ਮਹਾਵੀਰ ਸ਼ਬਦ ਦਾ ਅਰਥ ਹੈ, ਮਹਾਨ ਬਹਾਦਰ। ਇਹ ਇੱਕ ਅਜਿਹਾ ਵਿਸ਼ੇਸ਼ਣ ਹੈ ਜੋ ਅੰਤਮ ਤੀਰਥੰਕਰ ਦੀ ਨੈਤਿਕ ਅਤੇ ਅਧਿਆਤਮਿਕ ਵਿਸ਼ੇਸ਼ਤਾਵਾਂ ਵੱਲ ਜ਼ਿਆਦਾ ਇਸ਼ਾਰਾ ਕਰਦਾ ਹੈ। ਵਿਅਕਤੀਗਤ ਨਾਉ ਤੋਂ ਜ਼ਿਆਦਾ ਉਹਨਾਂ ਦਾ ਨਾਉਂ ਵਰਧਮਾਨ ਸੀ। ਉਹਨਾਂ ਦਾ ਜਨਮ ਲਗਭਗ 599 ਈ. ਪੂ. ਵੈਸ਼ਾਲੀ ਦੇ ਨੇੜੇ ਕੁੰਡਪੁਰ ਜਾਂ ਕੁੰਡਲਗ੍ਰਾਮ (ਅੱਜ ਕੱਲ ਦਾ ਬਸਾੜ, ਮੁਜ਼ੱਫਰਪੁਰ-ਬਿਹਾਰ) ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਮਹਾਰਾਜਾ ਸਿਧਾਰਥ ਸੀ, ਜੋ ਗਿਆਤ ਕੁਲ ਦੇ ਖੱਤਰੀ ਸਨ। ਮਾਤਾ ਦਾ ਨਾਮ ਮਹਾਰਾਨੀ ਤ੍ਰਿਸ਼ਲਾ ਸੀ, ਜੋ ਵੈਸ਼ਾਲੀ ਲਿਛੱਵੀ ਪ੍ਰਮੁੱਖ ਚੇਟਕ ਦੀ ਪੁੱਤਰੀ ਸੀ। ਮਹਾਵੀਰ ਦਾ ਜੀਵਨ ਅਨੇਕਾਂ ਗ੍ਰੰਥਾਂ ਵਿੱਚ ਮਿਲਦਾ ਹੈ। ਜਿਸ ਤੋਂ ਅਸੀਂ ਭਲੀ ਭਾਂਤ ਜਾਣੂ ਹਾਂ।[36]

ਸਵੇਤਾਂਬਰ ਜੈਨ ਪ੍ਰੰਪਰਾ ਅਨੁਸਾਰ ਰਾਜਕੁਮਾਰ ਵਰਧਮਾਨ ਦੀ ਸ਼ਾਦੀ ਰਾਜਕੁਮਾਰੀ ਯਸ਼ੋਧਾ ਦੇ ਨਾਲ ਹੋਈ ਸੀ। ਉਹਨਾਂ ਦੇ ਘਰ ਪ੍ਰਿਆ ਦਰਸ਼ਨਾ ਨਾਮ ਦੀ ਇੱਕ ਪੁੱਤਰੀ ਵੀ ਪੈਦਾ ਹੋਈ ਸੀ। ਦਿਗੰਬਰ ਜੈਨ ਪ੍ਰੰਪਰਾ ਇਸ ਗੱਲ ਨੂੰ ਸਵੀਕਾਰ ਨਹੀਂ ਕਰਦੀ। 30 ਸਾਲ ਦੀ ਉਮਰ ਵਿੱਚ ਮਹਾਵੀਰ ਨੇ ਘਰ ਦਾ ਤਿਆਗ ਕਰ ਦਿੱਤਾ ਅਤੇ ਮੁਨੀ ਹੋ ਗਏ। 12 ½ ਸਾਲ ਤੱਕ ਉਹਨਾਂ ਕਠੋਰ ਤੱਪ ਅਤੇ ਧਿਆਨ ਕੀਤਾ ਅਤੇ ਕੇਵਲ ਗਿਆਨ ਪ੍ਰਾਪਤ ਕੀਤਾ।

ਬਾਕੀ 30 ਸਾਲ ਤੱਕ ਮਹਾਵੀਰ ਨੇ ਤਿਆਗ ਅਤੇ ਅਹਿੰਸਾ ਦਾ ਸਾਧੂ ਜੀਵਨ ਦਾ ਉਪਦੇਸ਼ ਦਿੱਤਾ। ਸਾਧੂ ਜੀਵਨ ਤੇ ਜ਼ਿਆਦਾ ਜੋਰ ਦਿੱਤਾ ਅਤੇ ਬ੍ਰਹਮਚਰਜ ਵਰਤ ਪੰਜਵੇਂ ਮਹਾਵਰਤ ਦੇ ਰੂਪ ਵਿੱਚ ਸਥਾਪਤ ਕੀਤਾ। ਪਾਰਸ਼ਵਨਾਥ ਦੇ ਚਾਤੁਰਯਾਮ ਸੰਵਰ ਵਿੱਚ ਉਹਨਾਂ ਬ੍ਰਹਮਚਰਜ ਵਰਤ ਨੂੰ ਜੋੜ ਕੇ ਪੰਚਯਾਮ ਦੀ ਰਚਨਾ ਕੀਤੀ। ਤਿਆਗੀ ਲਈ ਉਹਨਾਂ ਅਨੁਸ਼ਾਸਨ ਦੀ ਵਿਵਸਥਾ ਕੀਤੀ। ਜਿਸ ਨੂੰ ਸਮਾਂ ਪੈਣ ਤੇ ਜੈਨ ਸੰਘ ਕਿਹਾ ਗਿਆ। ਉਸ ਵਿੱਚ ਚਾਰ ਵਰਗ ਸਨ, ਸਾਧੂ, ਸਾਧਵੀ, ਸ਼੍ਰਾਵਕ (ਉਪਾਸਕ) ਸ਼੍ਰਾਵਿਕਾ (ਉਪਾਸਿਕਾ) ਇੰਝ ਪ੍ਰਤੀਤ ਹੁੰਦਾ ਹੈ ਕਿ ਪਾਰਸ਼ਵ ਨਾਥ ਪ੍ਰੰਪਰਾ ਦੇ ਅਨੁਯਾਈ ਮਹਾਵੀਰ ਦੁਆਰਾ ਸਥਾਪਤ ਇਸ ਸੰਘ ਵਿੱਚ ਸ਼ਾਮਲ ਹੋ ਗਏ ਸਨ। ਉਤਰਾਅਧਿਐਨ

ਸੂਤਰ ਵਿੱਚ ਪਾਰਸ਼ਵ ਨਾਥ ਦੇ ਚੇਲੇ ਕੇਸ਼ੀ ਅਤੇ ਮਹਾਵੀਰ ਦੇ ਪ੍ਰਮੁੱਖ ਚੇਲੇ ਗੌਤਮ ਦੇ ਵਿੱਚਕਾਰ ਹੋਈ ਵਾਰਤਾਲਾਪ ਦਾ ਜ਼ਿਕਰ ਮਿਲਦਾ ਹੈ। ਜਿਸ ਵਿੱਚ ਦੋਹਾਂ ਚੇਲਿਆਂ ਨੇ ਅਪਣੇ ਮੱਤ ਭੇਦਾਂ ਨੂੰ ਖਤਮ ਕਰਕੇ ਨਵੇਂ ਪੁਰਾਣੇ ਸੰਘ ਨੂੰ ਇੱਕ ਕੀਤਾ ਹੈ।[37]

## ਜੈਨ ਧਰਮ ਦੀਆਂ ਮੂਲ ਮਾਨਤਾਵਾਂ

ਜੈਨ ਧਰਮ ਦੀ ਉਤਪਤੀ ਅਤੇ ਪ੍ਰਾਚੀਨਤਾ ਦੇ ਹਵਾਲੇ ਵਿੱਚ ਅਸੀਂ ਇਹ ਵੇਖ ਚੁੱਕੇ ਹਾਂ, ਕਿ ਪ੍ਰੰਪਰਾ ਵਾਦੀ ਬ੍ਰਾਹਮਣ ਧਰਮ ਤੋਂ ਜੈਨ ਧਰਮ ਦੇ ਸਿਧਾਂਤ ਬਿਲਕੁਲ ਵੱਖਰੇ ਰਹੇ ਹਨ। ਜੈਨ ਧਰਮ ਵੇਦਾਂ ਨੂੰ ਨਹੀਂ ਮੰਨਦਾ, ਉਸ ਦੇ ਸਿਧਾਂਤ ਤਾਂ ਉਸ ਦੇ ਤੀਰਥੰਕਰਾਂ ਰਾਹੀਂ ਦੱਸੇ ਗਏ ਹਨ। ਇਹ ਜਿਨ ਤੀਰਥੰਕਰ ਵਿਕਾਰ ਭਾਵਾਂ ਤੋਂ ਪੂਰਨ ਮੁਕਤ ਮੰਨੇ ਗਏ ਹਨ ਅਤੇ ਉਹਨਾਂ ਨੂੰ ਸਰਵੱਗ (ਸਭ ਕੁੱਝ ਜਾਨਣ ਅਤੇ ਵੇਖਣ ਵਾਲੇ) ਆਖਿਆ ਗਿਆ ਹੈ। ਜਿਨ (ਅਰਿਹੰਤਾਂ) ਰਾਹੀਂ ਦੱਸਿਆਂ ਧਰਮ ਹੀ ਜੈਨ ਧਰਮ ਹੈ।

ਜੈਨ ਧਰਮ ਦੀ ਦੂਜੀ ਵਿਸ਼ੇਸ਼ਤਾ ਹੈ ਈਸ਼ਵਰ - ਪ੍ਰਮਾਤਮਾ ਨੂੰ ਸ਼੍ਰਿਸ਼ਟੀ ਕਰਤਾ ਨਾ ਮੰਨਣਾ। ਬੁੱਧ ਧਰਮ ਦੀ ਤਰ੍ਹਾਂ ਜੈਨ ਧਰਮ ਵੀ ਇਹ ਮੰਨਦਾ ਹੈ ਕਿ ਅੰਤਮ ਸੱਚ ਨੂੰ ਸ਼੍ਰਿਸ਼ਟੀ ਕਰਤਾ ਈਸ਼ਵਰ ਦੇ ਰੂਪ ਵਿੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸ਼੍ਰਿਸ਼ਟੀ ਦਾ ਕਰਤਾ ਧਰਤਾ ਦੇ ਰੂਪ ਵਿੱਚ ਈਸ਼ਵਰ ਨੂੰ ਜੈਨ ਧਰਮ ਵਿੱਚ ਸਵੀਕਾਰ ਨਹੀਂ ਕੀਤਾ ਗਿਆ ਹੈ। ਬੁੱਧ ਧਰਮ ਦੀ ਤਰ੍ਹਾਂ ਜੈਨ ਧਰਮ ਦੀ ਇਹ ਮਾਨਤਾ ਹੈ ਕਿ ਧਰਮ ਦੀ ਪਰਿਭਾਸ਼ਾ ਵਿੱਚ ਈਸ਼ਵਰ ਨੂੰ ਕਰਤਾ ਦੇ ਰੂਪ ਵਿੱਚ ਬੰਨ੍ਹਨਾ ਜ਼ਰੂਰੀ ਨਹੀਂ ਹੈ। ਇਸ ਪੱਖੋਂ ਜੈਨ ਧਰਮ ਇੱਕ ਅਨਿਸ਼ਵਰ ਵਾਦੀ ਧਰਮ ਹੈ।

ਜੈਨ ਧਰਮ ਅਨੇਕਾਂਤ ਵਾਦੀ ਵਿਚਾਰਧਾਰਾ ਦਾ ਧਰਮ ਹੈ। ਇਸ ਦ੍ਰਿਸ਼ਟੀ ਤੋਂ ਉਹ ਬੁੱਧ ਧਰਮ ਅਤੇ ਵੇਦਾਂਤ ਦੋਹਾਂ ਤੋਂ ਵੱਖ ਹੈ। ਜੈਨ ਧਰਮ ਆਤਮਾ ਨੂੰ ਕੇਂਦਰ ਵਿੱਚ ਰੱਖ ਕੇ ਵਿਚਾਰ ਪੇਸ਼ ਕਰਦਾ ਹੈ। ਜਦ ਕਿ ਬੁੱਧ ਧਰਮ ਇਹ ਗੱਲ ਸਵੀਕਾਰ ਨਹੀਂ ਕਰਦਾ। ਆਤਮਾ ਦੀ ਹੋਂਦ ਜੈਨ ਧਰਮ ਦਾ ਮੂਲ ਸਿਧਾਂਤ ਹੈ। ਜਦ ਕਿ ਬੁੱਧ ਧਰਮ ਆਤਮਾ ਨੂੰ ਮੁੱਢ ਤੋਂ ਹੀ ਸਵੀਕਾਰ ਨਹੀਂ ਕਰਦਾ। ਜੈਨ ਧਰਮ ਦਾ ਆਤਮਵਾਦ ਵੇਦਾਂਤਿਕ ਆਤਮਵਾਦ ਤੋਂ ਭਿੰਨ ਹੈ। ਉਪਨਿਸ਼ਧਾਂ ਵਿੱਚ

ਅਤੇ ਭਗਵਤ ਗੀਤਾ ਵਿੱਚ ਆਤਮਾ ਨੂੰ ਅੰਤਮ ਅਤੇ ਇੱਕ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਜਦੋਂ ਕਿ ਜੈਨ ਧਰਮ ਆਤਮਾਵਾਂ ਦੀ ਸੰਖਿਆ ਅਨੰਤ ਮੰਨੀ ਗਈ ਹੈ।

ਯੋਗ ਵੀ ਜੈਨ ਧਰਮ ਦਾ ਇੱਕ ਮਹੱਤਵਪੂਰਨ ਸਿਧਾਂਤ ਹੈ। ਯੋਗ ਦੋ ਨਾਲ ਸੰਬੰਧਤ ਹੈ ਧਿਆਨ ਅਤੇ ਸਾਧੂ ਜੀਵਨ। ਜੈਨ ਧਰਮ ਅਨਿਸ਼ਵਰ ਵਾਦੀ ਹੈ।[38] ਉਸ ਵਿੱਚ ਤਿਆਗ ਤਪੱਸਿਆ ਤੇ ਜ਼ਿਆਦਾ ਬਲ ਦਿੱਤਾ ਗਿਆ ਹੈ। ਤਪੱਸਿਆ ਦੇ ਸਿਖਰ ਰੂਪ ਅਨੇਕਾਂ ਜੈਨ ਗ੍ਰੰਥਾਂ ਵਿੱਚ ਮਿਲਦੇ ਹਨ। ਮਹਾਵੀਰ ਨੇ ਅਜਿਹੀ ਤਪੱਸਿਆ ਰਾਹੀਂ ਨਿਰਵਾਨ ਪ੍ਰਾਪਤ ਕੀਤਾ ਸੀ ਅਤੇ ਤਪੱਸਿਆ ਦੀ ਇਹ ਪ੍ਰੰਪਰਾ ਇੱਕ ਲੰਬੇ ਸਮੇਂ ਤੋਂ ਚੱਲੀ ਆ ਰਹੀ ਹੈ।

ਜੈਨ ਧਰਮ ਅਤੇ ਸੰਸਕ੍ਰਿਤੀ ਦਾ ਇੱਕ ਹੋਰ ਪ੍ਰਮੁੱਖ ਸਿਧਾਂਤ ਹੈ ਅਹਿੰਸਾ। ਅੰਗ੍ਰੇਜ਼ੀ ਵਿੱਚ ਇਸ ਦਾ ਅਨੁਵਾਦ ਕੀਤਾ ਜਾਂਦਾ ਹੈ Non- violence ਪਰ ਇਹ ਸ਼ਬਦ ਕੇਵਲ ਨਾਂਹ ਪੱਖੀ ਹੀ ਨਹੀਂ ਹੈ ਸਗੋਂ ਇਸ ਦੇ ਦਾਇਰੇ ਵਿੱਚ ਦਯਾ, ਕਿਸੇ ਨੂੰ ਨੁਕਸਾਨ ਨਾ ਪਹੁੰਚਾਉਣਾ ਅਤੇ ਪ੍ਰਾਣੀ ਮਾਤਰ ਦੇ ਪ੍ਰਤੀ ਸਨਮਾਨ ਰੱਖਣਾ ਵੀ ਸ਼ਾਮਲ ਹੈ। ਪੁਰਾਤਨਤਾ ਦੇ ਉਪਾਸਕ ਜੈਨ ਅਚਾਰੀਆਵਾਂ ਨੇ ਇਸ ਸਿਧਾਂਤ ਉੱਪਰ ਬੜੇ ਵਿਸਥਾਰ ਨਾਲ ਪ੍ਰਗਟ ਕੀਤਾ ਹੈ। ਭਾਵੇਂ ਬੁੱਧ ਧਰਮ ਨੇ ਵੀ ਅਹਿੰਸਾ ਦੇ ਸਿਧਾਂਤ ਦਾ ਉਪਦੇਸ਼ ਦਿਤਾ ਹੈ ਪਰ ਜੈਨ ਧਰਮ ਨੇ ਜਿਸ ਗਹਿਰਾਈ ਨਾਲ ਇਸ ਨੂੰ ਛੋਹਿਆ ਹੈ ਉਹ ਹੋਰ ਕਿਤੇ ਨਹੀਂ ਮਿਲਦਾ।

ਦਾਰਸ਼ਨਿਕ ਸਿਧਾਂਤ ਦੀ ਦ੍ਰਿਸ਼ਟੀ ਤੋਂ ਅਨੇਕਾਂਤਵਾਦ ਜੈਨ ਧਰਮ ਦਾ ਇੱਕ ਮਹੱਤਵਪੂਰਨ ਵਿਸ਼ੇਸ਼ ਸਿਧਾਂਤ ਹੈ। ਇਸ ਸਿਧਾਂਤ ਦੇ ਅਨੁਸਾਰ ਸੱਚ ਦੇ ਭਿੰਨ ਭਿੰਨ ਪਹਿਲੂ ਕੇਵਲ ਕਿਸੇ ਇਕ ਦ੍ਰਿਸ਼ਟੀਕੋਣ ਦੀ ਪ੍ਰਤੀਨਿਧਤਾ ਕਰਦੇ ਹਨ। ਕੁੱਝ ਵਿਦਵਾਨਾਂ ਨੇ ਇਸ ਸਿਧਾਂਤ ਨੂੰ ਸਾਪੇਕਸ਼ਵਾਦ (ਕਿਸੇ ਇੱਕ ਪਦਾਰਥ ਨੂੰ ਗੁਣਾਂ ਦੇ ਪੱਖੋਂ ਭਿੰਨ ਭਿੰਨ ਦ੍ਰਿਸ਼ਟੀ ਤੋਂ ਵੇਖਣਾ) ਦੇ ਰੂਪ ਵਿੱਚ ਪੇਸ਼ ਕੀਤਾ ਹੈ। ਇਹ ਇੱਕ ਅਜਿਹਾ ਸਿਧਾਂਤ ਹੈ ਜਿਸ ਵਿੱਚ ਵਸਤੂ ਤੱਤਵ ਤੇ ਭਿੰਨ ਭਿੰਨ ਦ੍ਰਿਸ਼ਟੀਆਂ ਤੋਂ ਵਿਚਾਰ ਕਰਨ ਦੀ ਆਜ਼ਾਦੀ ਹੈ। ਬਾਅਦ ਦੇ ਜੈਨ ਤਰਕ ਸ਼ਾਸਤਰੀਆਂ ਨੇ ਇਸ ਸਿਧਾਂਤ ਨੂੰ ਵਿਕਸਤ ਕੀਤਾ ਹੈ। ਭਾਵੇਂ ਇਸ ਸਿਧਾਂਤ ਦੇ ਉਪਦੇਸ਼ਕ ਦੇ ਰੂਪ ਵਿੱਚ ਮਹਾਵੀਰ ਦਾ ਨਾਂ ਲਿਆ ਜਾਂਦਾ ਹੈ।

ਜੈਨ ਪ੍ਰੰਪਰਾ ਵਿੱਚ ਧਾਰਮਿਕ ਕ੍ਰਿਆ ਕਲਾਪਾਂ ਦਾ ਅੰਤਮ ਉਪਦੇਸ਼, ਮੁਕਤੀ, ਮੋਕਸ਼, ਨਿਰਵਾਨ ਜਾਂ ਕੇਵਲਿਆ ਦੀ ਪ੍ਰਾਪਤੀ ਰਿਹਾ ਹੈ। ਇਸ ਸੋਧ ਪ੍ਰਬੰਦ ਵਿੱਚ ਇਸੇ ਮੁਕਤੀ ਦੇ ਸਵਰੂਪ ਤੇ ਵਿਚਾਰ ਕੀਤਾ ਜਾਵੇਗਾ। ਪ੍ਰਾਚੀਨ ਗ੍ਰੰਥ ਉਸ ਨੂੰ ਪੂਰਨ ਸੁਤੰਤਰ ਗਿਆਨ ਅਤੇ ਸ਼ਾਂਤੀ ਦੀ ਅਵਸਥਾ ਦੇ ਰੂਪ ਵਿੱਚ ਵਰਣਨ ਕਰਦੇ ਹਨ। ਉਸ ਦਾ ਵਰਣਨ ਨਾਂਹ ਪੱਖ ਰੂਪ ਵਿੱਚ ਵੀ ਕੀਤਾ ਜਾਂਦਾ ਹੈ। ਉਸ ਨੂੰ ਵਚਨ ਅਤੇ ਵਿਚਾਰ ਤੋਂ ਪਰੇ ਮੰਨਿਆ ਜਾਂਦਾ ਹੈ। ਜੋ ਵੀ ਹੋਵੇ ਇਹ ਹਾਂ ਪੱਖੀ ਗੁਣਾਂ ਦੀ ਅਵਸਥਾ ਹੈ। ਮੁਕਤੀ ਦੀ ਸਰਵਉੱਚ ਵਿਵਸਥਾ ਦੇ ਨਾਲ ਜੈਨ ਧਰਮ ਉਸ ਤੋਂ ਕੁੱਝ ਹੇਠਲੀ ਅਵਸਥਾ ਰੂਪ ਸੁਗਤੀ ਜਾਂ ਸਵਰਗ ਜੀਵਨ ਦੇ ਉਦੇਸ਼ ਨੂੰ ਵੀ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਜੈਨ ਧਰਮ ਦਾ ਜ਼ਿਆਦਾ ਅਨੁਯਾਈ ਵਰਗ ਇਸ ਜੀਵਨ ਦਾ ਇੱਛਕ ਹੁੰਦਾ ਹੈ। ਇਹਨਾਂ ਦੇ ਉਦੇਸ਼ਾਂ ਦੇ ਪੱਖੋਂ ਦੋ ਪ੍ਰਕਾਰ ਦਾ ਧਰਮ ਹੁੰਦਾ ਹੈ। 1. ਸ਼੍ਰਮਣ ਧਰਮ ਜੋ ਸਾਧੂ ਸਾਧਵੀਆਂ ਦੇ ਲਈ ਨਿਰਧਾਰਤ ਹੁੰਦਾ ਹੈ 2. ਉਪਾਸਕ ਧਰਮ ਜੋ ਸ਼੍ਰਾਵਕ ਸ਼੍ਰਾਵਕਾਂ ਦੇ ਲਈ ਕਿਹਾ ਗਿਆ ਹੈ। ਸਾਧੂ ਅਤੇ ਉਪਾਸਕ ਵਰਗ ਦੇ ਵਿੱਚ ਹਮੇਸ਼ਾ ਇਕ ਸਿਹਤਮੰਦ ਅਤੇ ਆਪਸੀ ਸਾਂਝ ਬਣੀ ਰਹੀ ਹੈ। ਸਾਧੂ ਸਾਧਵੀਆਂ ਨੇ ਧਾਰਮਿਕ ਜੀਵਨ ਅਤੇ ਸਿੱਖਿਆ ਦੀ ਪਵਿੱਤਰ ਪ੍ਰੰਪਰਾ ਨੂੰ ਜਿਉਂਦਾ ਰੱਖਿਆ ਜਦ ਕਿ ਸ਼ਰਧਾਲੂ ਸ਼੍ਰਾਵਕਾਂ ਨੇ ਉਹਨਾਂ ਨੂੰ ਹਮੇਸ਼ਾਂ ਸੁਤੰਤਰਤਾ ਅਤੇ ਸਨਮਾਨ ਦਿੱਤਾ ਹੈ। ਥੇਰਵਾਦ ਬੁੱਧ ਧਰਮ ਦੀ ਤਰ੍ਹਾਂ ਜੈਨ ਧਰਮ ਵਿੱਚ ਵੀ ਸਾਧੂ ਫਿਰਕੇ ਦਾ ਵਿਸ਼ੇਸ਼ ਸਤਿਕਾਰ ਰਿਹਾ ਹੈ।

ਅੰਤ ਵਿੱਚ ਇਹ ਵੀ ਵਰਣਨਯੋਗ ਹੈ ਕਿ ਜੈਨ ਧਰਮ ਵਿੱਚ ਸੰਸਾਰ ਦਾ ਸਿਧਾਂਤ ਵੀ ਮੁੱਖ ਸਿਧਾਂਤ ਹੈ। ਇਸ ਸੰਸਾਰ ਤੋਂ ਛੁਟਕਾਰਾ ਵੱਲ ਸੰਕੇਤ ਕਰਦਾ ਹੈ। ਜਦ ਤੱਕ ਕਰਮ ਹੈ, ਤੱਦ ਤੱਕ ਸੰਸਾਰ ਹੈ, ਕਰਮ ਸਿਧਾਂਤ ਨੈਤਿਕ ਬਦਲਾਉ ਦਾ ਸਿਧਾਂਤ ਹੈ। ਉਹ ਪੁਨਰਜਨਮ ਦਾ ਕਾਰਨ ਹੈ, ਹਰ ਕਰਮ ਦਾ ਕੰਮ ਅਨੁਸਾਰ ਚੰਗਾ ਜਾਂ ਮਾੜਾ ਸਿੱਟਾ ਹੁੰਦਾ ਹੈ। ਕਰਮ ਕਰਨ ਵਾਲੇ ਨੂੰ ਇਸ ਜਨਮ ਵਿੱਚ ਜਾਂ ਅਗਲੇ ਜਨਮ ਵਿੱਚ ਉਸ ਦਾ ਫਲ ਭੋਗਣਾ ਹੀ ਪਵੇਗਾ। ਪ੍ਰਤਿਆਵਾਦ ਦੀ ਦ੍ਰਿਸ਼ਟੀ ਤੋਂ ਇਹੋ ਬੰਧ ਹੈ, ਜਦ ਤੱਕ ਕਰਮ ਜੁੜੇ ਹਨ ਤੱਦ ਤੱਕ ਜਨਮ ਪ੍ਰੰਪਰਾ ਖਤਮ ਨਹੀਂ ਹੋ ਸਕਦੀ ਕਿਉਂਕਿ ਪੁਨਰ ਜਨਮ ਨੂੰ ਹਰ

ਦ੍ਰਿਸ਼ਟੀ ਤੋਂ ਦੁੱਖਾਂ ਦਾ ਘਰ ਮੰਨਿਆ ਗਿਆ ਹੈ। ਇਸ ਲਈ ਸੰਸਾਰ ਦੀ ਹੋਂਦ ਨੂੰ ਚੰਗਾ ਨਹੀਂ ਮੰਨਿਆ ਜਾ ਸਕਦਾ। ਇਸ ਦੁੱਖ ਤੋਂ ਮੁਕਤ ਹੋਣ ਦੇ ਲਈ ਸੰਸਾਰ ਦੀ ਹੋਂਦ ਨੂੰ ਖਤਮ ਕਰਨਾ ਜ਼ਰੂਰੀ ਹੈ। ਦੂਸਰੇ ਸ਼ਬਦਾਂ ਵਿੱਚ ਜੋ ਵਿਅਕਤੀ ਪੁਨਰਜਨਮ ਤੋਂ ਮੁਕਤੀ ਚਾਹੁੰਦਾ ਹੈ ਉਸ ਨੂੰ ਕਰਮ ਦੀਆਂ ਜ਼ੰਜੀਰਾਂ ਨੂੰ ਕੱਟਣਾ ਹੋਵੇਗਾ। ਜੈਨ ਸੰਸਕ੍ਰਿਤੀ ਨੇ ਕਰਮ ਕੱਟਣ ਦੀ ਪ੍ਰਕ੍ਰਿਆ ਨੂੰ ਵਿਸਥਾਰ ਨਾਲ ਸਮਝਾਇਆ ਹੈ।

## ਜੈਨ ਧਰਮ ਦਾ ਵਿਕਾਸ

ਤੀਰਥੰਕਰ ਮਹਾਵੀਰ ਦੇ ਗਿਆਰਾਂ ਗਨਧਰ ਜਾਂ ਪ੍ਰਮੁੱਖ ਚੇਲੇ ਸਨ। ਉਹਨਾਂ ਦੇ ਨਾਂ ਇਸ ਪ੍ਰਕਾਰ ਹਨ: ਇੰਦਰਭੂਤੀ, ਅਗਨੀਭੂਤੀ, ਵਾਯੂਭੂਤੀ, ਵਿਅੱਕਤ, ਸੁਧਰਮਾਂ, ਮੰਡਿਕ ਪੁੱਤਰ, ਮੋਰੀਆ ਪੁੱਤਰ, ਅਕੰਪਿਤ, ਅਚਲਭਰਾਤਾ, ਮੈਤਾਰਿਆ ਅਤੇ ਪ੍ਰਭਾਸ਼।[39]

ਸਾਰੇ ਗਨਧਰ ਮਹਾਨ ਵਿਦਵਾਨ ਸਨ। ਉਹ ਜੈਨੀਆਂ ਦੇ ਸਾਰੇ ਬਾਰਾਂ ਅੰਗ, ਚੋਦ੍ਹਾਂ ਪੂਰਵ ਅਤੇ ਸਾਰੇ ਸਿਧਾਂਤਾਂ ਦੇ ਪੰਡਿਤ ਸਨ।[40] ਇੰਦਰਭੂਤੀ ਅਤੇ ਸੁਧਰਮਾ ਮਹਾਵੀਰ ਦੇ ਪਰੀਨਿਰਵਾਨ ਤੋਂ ਬਾਅਦ ਵੀ ਮੌਜੂਦ ਰਹੇ। ਬਾਕੀ ਗਨਧਰਾਂ ਨੇ ਮਹਾਵੀਰ ਦੇ ਪਰੀਨਿਰਵਾਨ ਤੋਂ 12 ਸਾਲ ਪਹਿਲਾਂ ਹੀ ਪਰੀਨਿਰਵਾਨ ਪ੍ਰਾਪਤ ਕਰ ਲਿਆ ਸੀ।[41] ਉਹਨਾਂ ਤੋਂ ਬਾਅਦ ਮਹਾਵੀਰ ਦੇ ਧਰਮ ਦਾ ਪ੍ਰਮੁੱਖ ਪੱਦ ਆਰੀਆ ਸੁਧਰਮਾਂ ਨੂੰ ਮਿਲਿਆ ਉਹਨਾਂ ਸਮੁੱਚਾ ਜੈਨ ਸਾਹਿਤ ਅਪਣੇ ਚੇਲੇ ਆਰੀਆ ਜੰਬੂ ਸਵਾਮੀ ਨੂੰ ਸਮਝਾਇਆ।[42]

ਜੈਨ ਪ੍ਰੰਪਰਾ ਦੇ ਅਨੁਸਾਰ ਜੰਬੂ ਸਵਾਮੀ ਅੰਤਮ ਕੇਵਲ ਗਿਆਨੀ ਸਨ, ਜਿਨ੍ਹਾ ਮਹਾਵੀਰ ਦੇ ਪਰੀਨਿਰਵਾਨ ਦੇ 64 ਸਾਲ ਬਾਅਦ ਪਰੀਨਿਰਵਾਨ ਪ੍ਰਾਪਤ ਕੀਤਾ।[43] ਜੰਬੂ ਸਵਾਮੀ ਤੋਂ ਬਾਅਦ ਪ੍ਰਾਚੀਨ ਧਾਰਮਿਕ ਨੇਤਾਵਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਅਚਾਰੀਆ ਭੱਦਰ ਬਾਹੂ ਸਨ। ਜੈਨ ਪ੍ਰੰਪਰਾ ਉਹਨਾਂ ਨੂੰ ਸਮਰਾਟ ਚੰਦਰਗੁਪਤ ਮੋਰੀਆ ਦਾ ਗੁਰੂ ਮੰਨਦੀ ਹੈ। ਉਹ ਜੈਨੀਆਂ ਵਿੱਚ ਵੀ ਪ੍ਰਾਚੀਨ ਪ੍ਰਮੁੱਖ ਲੇਖਕ ਦੇ ਰੂਪ ਵਿੱਚ ਸਵੀਕਾਰੇ ਜਾਂਦੇ ਹਨ। ਸਵੇਤਾਂਬਰ ਪ੍ਰੰਪਰਾ ਅਨੁਸਾਰ ਭੱਦਰ ਬਾਹੂ ਜੋ ਸਾਧਨਾ ਕਰਨ ਲਈ ਨੇਪਾਲ ਗਏ ਜਦ ਕੀ ਦਿਗੰਬਰ ਪ੍ਰੰਪਰਾ

ਇਹ ਮੰਨਦੀ ਹੈ ਕਿ ਉਹ ਦੱਖਣ ਵਿੱਚ ਅਪਣੇ ਵਿਸ਼ਾਲ ਮੁਨੀ ਸੰਘ ਨਾਲ ਜੈਨ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਗਏ।

ਬੁੱਧ ਧਰਮ ਦੀ ਤਰ੍ਹਾਂ ਜੈਨ ਧਰਮ ਵੀ ਮਹਾਨ ਰਾਜਿਆਂ, ਮਹਾਰਾਣੀਆਂ, ਮੰਤਰੀਆਂ ਅਤੇ ਧਨਵਾਨ ਵਿਉਪਾਰੀਆਂ ਰਾਹੀਂ ਸਵੀਕਾਰ ਕੀਤਾ ਗਿਆ ਅਤੇ ਸੁਰੱਖਿਅਤ ਕੀਤਾ ਗਿਆ। ਮਗਧ ਦੇ ਬਿੰਬਸਾਰ ਅਤੇ ਅਜਾਤਸਤਰੂ, ਵੈਸ਼ਾਲੀ ਦੇ ਚੇਟਕ, ਅਵੰਤੀ ਦੇ ਪ੍ਰਦੋਤ, ਵਤਸ ਦੇ ਉਦਯਨ, ਦੱਧੀਵਾਹਨ ਅਤੇ ਚੰਦਰ ਗੁਪਤ ਮੋਰੀਆ ਜਿਹੇ ਰਾਜਿਆਂ ਨੇ ਜੈਨ ਸੰਘ ਦੇ ਵਿਕਾਸ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਹੈ।[44] ਇਸੇ ਤਰ੍ਹਾਂ ਉਦਯਨ ਰਾਜੇ ਦੀ ਮਹਾਰਾਣੀ ਪ੍ਰਭਾਵਤੀ, ਕੋਸ਼ਾਂਭੀ ਦੀ ਮਹਾਰਾਣੀ ਮ੍ਰਿਗਾਵਤੀ ਅਤੇ ਜਯੰਤੀ ਅਤੇ ਸ਼੍ਰੇਣਿਕ ਅਤੇ ਪ੍ਰਦੋਤ ਦੀਆਂ ਮਹਾਰਾਣੀਆਂ ਆਦਿ ਵੀ ਮਹਾਵੀਰ ਦੀਆਂ ਅਨੁਯਾਈ ਸਨ। ਉਹ ਸੰਘ ਵਿੱਚ ਸ਼ਾਮਲ ਹੋ ਕੇ ਦੀਖਿਅਤ ਹੋਈਆਂ ਹਨ।[45] ਅਤੀਮੁਕਤ, ਪਦਮ, ਮੇਘ ਅਤੇ ਅਭੈ ਜਿਹੇ ਰਾਜਕੁਮਾਰ ਜੈਨ ਮੁਨੀ ਬਣੇ ਅਤੇ ਉਹਨਾਂ ਜੈਨ ਧਰਮ ਦਾ ਵਿਕਾਸ ਕੀਤਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਚੰਦਰ ਗੁਪਤ ਮੋਰੀਆ ਜੈਨ ਮੁਨੀ ਬਣੇ ਅਤੇ ਉਹ ਖੁਦ ਭੱਦਰਬਾਹੂ ਦੀ ਦੱਖਣ ਯਾਤਰਾ ਵਿੱਚ ਸ਼ਾਮਲ ਹੋਏ।

ਰਾਜਾ ਸੰਪ੍ਰਤੀ ਨੇ ਸਾਰੇ ਭਾਰਤ ਵਿੱਚ ਜੈਨ ਮੰਦਿਰਾਂ ਦਾ ਨਿਰਮਾਣ ਕਰਕੇ ਅਤੇ ਜੈਨ ਮੁਨੀਆਂ ਉਪਦੇਸਕਾਂ ਅਤੇ ਪ੍ਰਚਾਰਕਾਂ ਨੂੰ ਦੱਖਣ ਭਾਰਤ ਅਤੇ ਅਫਗਾਨਿਸਤਾਨ ਭੇਜਕੇ ਜੈਨ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਦੂਸਰੀ ਸਦੀ ਈ. ਪੂ. ਵਿੱਚ ਕਲਿੰਗ ਦੇ ਰਾਜੇ ਖਾਰਵੇਲ ਨੇ ਜੈਨ ਧਰਮ ਸਵੀਕਾਰ ਕੀਤਾ ਅਤੇ ਜੈਨ ਮੂਰਤੀਆਂ ਨੂੰ ਸਥਾਪਤ ਕੀਤਾ ਅਤੇ ਸ਼ਿਲਾਗ੍ਰਹਿ (ਗੁਫਾਵਾਂ) ਬਣਾਈਆਂ।[46]

## ਮੰਖਲੀ ਗੋਸ਼ਾਲਕ ਅਤੇ ਆਜੀਵਕ ਫਿਰਕਾ

ਮੰਖਲੀ ਗੋਸ਼ਾਲਕ ਵੀ ਸ਼੍ਰਮਣ ਪ੍ਰੰਪਰਾ ਦਾ ਅਨੁਯਾਈ ਸੀ, ਤੱਪਸਵੀ ਸੀ, ਨਗਨ ਰਹਿੰਦਾ ਸੀ ਅਤੇ ਭਾਗਵਾਦੀ ਸੀ। ਜੈਨ ਆਗਮ ਗ੍ਰੰਥਾਂ ਵਿੱਚ ਮੰਖਲੀ ਗੋਸ਼ਾਲਕ ਨੂੰ ਜਿੱਥੇ ਕੀਤੇ ਵੀ ਤੀਰਥੰਕਰ ਮਹਾਵੀਰ ਦਾ ਵਿਰੋਧ ਕਰਦੇ ਵੇਖਿਆ ਗਿਆ ਹੈ। ਭਗਵਤੀ ਸੂਤਰ ਵਿੱਚ ਉਹ ਅਪਣੇ ਆਪ ਨੂੰ ਇਸ ਅਵਸਰਪਨੀ ਕਾਲ ਦਾ 24ਵਾਂ ਤੀਰਥੰਕਰ ਮੰਨਦਾ ਹੋਇਆ ਪਾਉਂਦੇ ਹਾਂ।[47]

ਦੋਹੇਂ ਬੁੱਧ ਅਤੇ ਜੈਨ ਆਗਮਾਂ ਵਿੱਚ ਮੰਖਲੀ ਗੋਸ਼ਾਲਕ ਨੂੰ ਨਿਯਤੀਵਾਦ ਦਾ ਸੰਸਥਾਪਕ ਮੰਨਿਆ ਗਿਆ ਹੈ। ਬੁੱਧ ਗ੍ਰੰਥਾਂ ਤੋਂ ਪਤਾ ਚੱਲਦਾ ਹੈ ਕਿ ਗੋਸ਼ਾਲਕ ਨੇ ਇੱਕ ਸੁਤੰਤਰ ਫਿਰਕੇ ਦੀ ਸਥਾਪਨਾ ਕੀਤੀ ਸੀ, ਜਿਸ ਦਾ ਨਾਉਂ ਅਜੀਵਕ ਸੀ।[48] ਉਸ ਦੇ ਵਿਚਾਰ ਅਨੁਸਾਰ:

"ਪ੍ਰਾਣੀਆਂ ਦੇ ਪਾਪ ਦਾ ਨਾ ਕੋਈ ਕਾਰਨ ਹੈ ਨਾ ਕੋਈ ਆਧਾਰ, ਉਹ ਬਿਨ੍ਹਾਂ ਕਿਸੇ ਕਾਰਨ ਅਤੇ ਆਧਾਰ ਦੇ ਪਾਪੀ ਬਣ ਜਾਂਦੇ ਹਨ। ਪ੍ਰਾਣੀਆਂ ਦੀ ਪਵਿੱਤਰਤਾ ਦੇ ਲਈ ਵੀ ਕੋਈ ਕਾਰਨ ਅਤੇ ਆਧਾਰ ਨਹੀਂ ਹੈ। ਉਹ ਬਿਨ੍ਹਾਂ ਕਿਸੇ ਕਾਰਨ ਅਤੇ ਆਧਾਰ ਦੇ ਸਿੱਧ ਹੋ ਜਾਂਦੇ ਹਨ। ਕਿਸੇ ਦੇ ਰਾਹੀਂ ਵੀ ਕੀਤਾ ਗਿਆ ਕੋਈ ਅਜਿਹਾ ਕੰਮ ਨਹੀਂ ਹੈ, ਜੋ ਕਿਸੇ ਦੇ ਅਗਲੇ ਜਨਮ ਨੂੰ ਪ੍ਰਭਾਵਿਤ ਕਰਦਾ ਹੋਵੇ। ਅਜਿਹਾ ਕੋਈ ਮਨੁੱਖੀ ਕੰਮ ਵੀ ਨਹੀਂ, ਕੋਈ ਬਲ ਨਹੀਂ, ਕੋਈ ਹੌਂਸਲਾ ਨਹੀਂ, ਕੋਈ ਸਹਿਣਸ਼ੀਲਤਾ ਨਹੀਂ, ਕੋਈ ਸ਼ਕਤੀ ਨਹੀਂ ਜੋ ਇਸ ਜੀਵਨ ਨੂੰ ਪ੍ਰਭਾਵਿਤ ਕਰ ਸਕੇ ਉਹ ਸਾਰੇ ਪ੍ਰਾਣੀ ਜਿਨ੍ਹਾਂ ਵਿੱਚ ਸਾਹ ਹੈ ਜਿਨ੍ਹਾਂ ਜਨਮ ਲਿਆ ਹੈ, ਜਿਨ੍ਹਾਂ ਵਿੱਚ ਜੀਵਨ ਹੈ ਉਹ ਸ਼ਕਤੀ, ਸਮੱਰਥਾ ਅਤੇ ਗੁਣ ਰਹਿਤ ਹਨ। ਪਰ ਉਹ ਭਾਗ, ਪ੍ਰਾਕ੍ਰਿਤੀ ਦੇ ਰਾਹੀਂ ਵਿਕਸਤ ਹੋਏ ਹਨ ਅਤੇ ਦੁੱਖ ਦਾ ਅਨੁਭਵ ਛੇ ਵਰਗਾਂ ਵਿੱਚ ਕਰਦੇ ਹਨ।[49]

ਗੋਸ਼ਾਲਕ ਦੇ ਮੂਲ ਦਰਸ਼ਨ ਦੇ ਅਨੁਸਾਰ ਪਾਪ ਜਾਂ ਪੁੰਨ ਦਾ ਕੰਮ ਕਿਸੇ ਇੱਛਾ ਦਾ ਸਿੱਟਾ ਨਹੀਂ ਹੈ। ਮਨੁੱਖ ਕੋਈ ਵੀ ਕੰਮ ਨਹੀਂ ਕਰਦਾ ਹੈ ਨਾ ਚੰਗਾ ਨਾ ਬੁਰਾ। ਪਰ ਉਸ ਦੇ ਕੰਮ ਭਾਗ ਉੱਤੇ ਆਧਾਰਤ ਹੁੰਦੇ ਰਹਿੰਦੇ ਹਨ। ਇਸ ਦਾ ਅਰਥ ਹੈ ਕੀ ਗੋਸ਼ਾਲਕ ਦੇ ਸਿਧਾਂਤ ਅਨੁਸਾਰ ਇਸ ਦੁਨੀਆ ਵਿੱਚ ਹਰ ਵਸਤੂ ਦਾ ਭਾਗ ਨਿਸ਼ਚਤ ਹੈ ਅਤੇ ਸਿੱਟੇ ਵਜੋਂ ਉਸ ਵਿਅਕਤੀ ਦੀ ਸੁਤੰਤਰ ਇੱਛਾ ਅਤੇ ਉਲੰਘਣਾ ਦੀ ਕੋਈ ਥਾਂ ਨਹੀਂ ਹੈ, ਉਸ ਦੇ ਆਪਣੇ ਸਮੁੱਚੀ ਸੰਸਾਰਕ ਹੋਂਦ ਵਿੱਚ।

"ਅਵਿਪਾਕੀ ਕਰਮ ਨੂੰ ਫਲਦਾਇਕ ਬਣਾਉਣ ਦਾ ਕੋਈ ਪ੍ਰਸ਼ਨ ਨਹੀਂ ਹੈ, ਅਤੇ ਨਾ ਤਪੱਸਿਆ, ਨਾ ਵਰਤ ਜਾਂ ਦਾਨ ਆਦਿ ਰਾਹੀਂ ਪੱਕੇ ਹੋਏ ਕਰਮਾਂ ਤੋਂ ਮੁਕਤ ਹੋਇਆ ਜਾ ਸਕਦਾ ਹੈ। ਸੰਸਾਰ ਇੱਕ ਮਾਪ ਤੋਂ ਮਾਪਿਆ ਗਿਆ ਹੈ। ਉਸਦਾ ਆਨੰਦ ਨਾ ਘੱਟ ਹੁੰਦਾ ਹੈ ਨਾ ਵੱਧ ਹੁੰਦਾ ਹੈ ਅਤੇ ਨਾ ਹੀ ਉਸ ਦੀ

ਕੋਈ ਘਾਟ ਜਾਂ ਵਾਧ ਹੈ। ਜਿਸ ਪ੍ਰਕਾਰ ਇਕ ਸੂਤ ਦਾ ਗੋਲਾ ਸੁੱਟੇ ਜਾਣ ਤੇ ਉਛੱਲ ਜਾਂਦਾ ਹੈ ਉਸੇ ਪ੍ਰਕਾਰ ਮੂਰਖ ਅਤੇ ਵਿਦਵਾਨ ਮਨੁੱਖ ਇਕੋ ਰੂਪ ਵਿੱਚ ਇਕੋ ਸਮੇਂ ਆਪਣੇ ਦੁੱਖਾਂ ਦਾ ਅੰਤ ਕਰ ਲੈਂਦੇ ਹਨ।[50]

ਜੈਨ ਧਰਮ ਦੇ ਆਧਾਰ ਤੇ ਅਸੀਂ ਇਹ ਆਖ ਸਕਦੇ ਹਾਂ ਕਿ ਮੰਖਲੀ ਗੋਸ਼ਾਲਕ ਨਿਯਤੀਵਾਦੀ ਸੀ ਅਤੇ ਉਸ ਦੇ ਅਨੁਸਾਰ ਹਰ ਕੰਮ ਨਿਯਤੀ ਰਾਹੀਂ ਸੰਚਾਲੀਤ ਸੀ।[51] ਉਪਰੋਕਤ ਵਰਣਨ ਤੋਂ ਇਹ ਸਪੱਸ਼ਟ ਹੈ ਕਿ ਨਿਯਤੀ ਦੇ ਸਾਹਮਣੇ ਮਨੁੱਖ ਅਸਹਾਏ ਹੋ ਜਾਂਦਾ ਹੈ। ਮਨੁੱਖ ਦੇ ਸਮੁੱਚੇ ਕੰਮ ਅਤੇ ਕੋਸ਼ਿਸ਼ ਕਿਸਮਤ ਰਾਹੀਂ ਪਹਿਲਾਂ ਤੋਂ ਨਿਰਧਾਰਤ ਹਨ। ਮੰਖਲੀ ਗੋਸ਼ਾਲਕ ਦਾ ਇਹ ਕਠੋਰ ਨਿਸ਼ਚਿਤਵਾਦ (ਨਿਯਤੀਵਾਦ) ਨੈਤਿਕਤਾ ਵਾਦ, ਕਰਮਵਾਦ, ਸੁਤੰਤਰ ਇੱਛਾਵਾਦ ਆਦਿ ਜਿਹੇ ਸਿਧਾਂਤਾਂ ਤੋਂ ਬਿਲਕੁਲ ਉਲਟ ਹੈ।

ਜੈਨ ਪ੍ਰੰਪਰਾ ਦੇ ਅਨੁਸਾਰ ਮੰਖਲੀ ਗੋਸ਼ਾਲਕ ਸ਼ੁਰੂ ਵਿੱਚ ਮਹਾਵੀਰ ਦਾ ਚੇਲਾ ਸੀ। ਪਰ ਬਾਅਦ ਵਿੱਚ ਕੁੱਝ ਸਿਧਾਂਤਕ ਮੱਤਭੇਦ ਹੋਣ ਕਾਰਨ ਉਹ ਉਹਨਾਂ ਤੋਂ ਅਲਗ ਹੋ ਗਿਆ। ਇਕ ਸਮੇਂ ਮਹਾਵੀਰ ਅਤੇ ਮੰਖਲੀ ਗੋਸ਼ਾਲਕ ਦੋਹੇ ਸ਼੍ਰਾਵਸਤੀ ਨਗਰੀ ਵਿੱਚ ਸਨ। ਉਥੇ ਮਹਾਵੀਰ ਨੇ ਇਸ ਗੱਲ ਦਾ ਖੰਡਨ ਕੀਤਾ ਕੀ ਮੰਖਲੀ ਗੋਸ਼ਾਲਕ ਤੀਰਥੰਕਰ ਹੈ। ਮਹਾਵੀਰ ਨੂੰ ਵਿਰੋਧ ਕਰਦੇ ਹੋਏ ਵੇਖ ਕੇ ਮੰਖਲੀ ਬਹੁਤ ਗੁੱਸੇ ਹੋ ਗਿਆ, ਉਸ ਨੇ ਆਪਣੀ ਲੇਸ਼ਿਆ ਸ਼ਕਤੀ ਰਾਹੀਂ ਮਹਾਵੀਰ ਨੂੰ ਭਸਮ ਕਰਨ ਦਾ ਯਤਨ ਕੀਤਾ। ਪਰ ਮਹਾਵੀਰ ਨੇ ਇਹ ਘੋਸ਼ਣਾ ਕੀਤੀ ਕਿ ਉਹਨਾਂ ਉੱਤੇ ਉਸ ਦਾ ਇਹ ਪ੍ਰੀਖਣ ਦੇ ਕਾਰਨ ਗੋਸ਼ਾਲਕ ਇਕ ਸਪਤਾਹ ਦੇ ਵਿੱਚ ਕਾਲ ਨੂੰ ਪ੍ਰਾਪਤ ਹੋ ਜਾਵੇਗਾ। ਇਹ ਭਵਿੱਖਵਾਣੀ ਸਹੀ ਨਿਕਲੀ ਅਤੇ ਮਰਨ ਸਮੇਂ ਗੋਸ਼ਾਲਕ ਨੇ ਇਹ ਸਵੀਕਾਰ ਵੀ ਕੀਤਾ ਅਤੇ ਆਪਣੇ ਅਨੁਯਾਈਆਂ ਦੇ ਸਾਹਮਣੇ ਕਿਹਾ ਕਿ ਉਹ ਗਲਤ ਸੀ ਅਤੇ ਮਹਾਵੀਰ ਹੀ ਸੱਚੇ ਜਿਨ ਹਨ।[51]

ਜੈਨ ਸੰਘ ਵਿੱਚ ਇਹ ਮੱਤਭੇਦ ਆਖਿਆ ਗਿਆ ਹੈ ਕਿ ਜੈਨ ਸੰਘ ਵਿੱਚ ਮੱਤਭੇਦ ਵਰਧਮਾਨ ਮਹਾਵੀਰ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਏ ਸਨ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਦਿਗੰਬਰ ਅਤੇ ਸਵੇਤਾਂਬਰ ਫਿਰਕਿਆਂ ਦੇ ਬਨਣ ਤੋਂ ਪਹਿਲਾਂ 7 ਮੱਤਭੇਦ ਰਹੇ ਹਨ।[52]

ਇਹ ਮੱਤਭੇਦ ਜ਼ਿਆਦਾ ਪ੍ਰਸਿੱਧੀ ਪ੍ਰਾਪਤ ਨਾ ਕਰ ਸਕੇ ਅਤੇ ਅੰਤ ਵਿੱਚ ਇਹ ਮੂਲ ਸੰਘ ਵਿੱਚ ਮਿਲ ਗਏ, ਪਰ ਅੱਠਵਾਂ ਮੱਤਭੇਦ ਅੰਤ ਵਿੱਚ ਦੋ ਭਾਗਾਂ ਵਿੱਚ ਵੰਡਿਆ ਗਿਆ। ਪਹਿਲਾ ਦਿਗੰਬਰ ਜੋ ਪੂਰਨ ਨਗਨਤਾ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਦੂਸਰਾ ਸਵੇਤਾਂਬਰ ਸਫੈਦ ਕਪੜੇ ਧਾਰਨ ਕਰਦੇ ਹਨ। ਜਿੱਥੋਂ ਤੱਕ ਦਾਰਸ਼ਨਿਕ ਵਿਚਾਰਧਾਰਾ ਦਾ ਪ੍ਰਸ਼ਨ ਹੈ ਇਹ ਦੋਹੇਂ ਫਿਰਕੇ ਲਗਭਗ ਇੱਕ ਮੱਤ ਹਨ। ਪਰ ਉਹਨਾਂ ਵਿੱਚ ਮੁਨੀ ਦੇ ਆਚਾਰ ਦੇ ਬਾਰੇ ਕੁੱਝ ਮੱਤਭੇਦ ਹਨ।

ਦਿਗੰਬਰ ਪ੍ਰੰਪਰਾ ਨਗਨਤਾ ਵਿੱਚ ਵਿਸ਼ਵਾਸ ਰੱਖਦੀ ਹੈ। ਉਸ ਦੇ ਅਨੁਸਾਰ ਨਗਨਤਾ (ਪਰੀਗ੍ਰਹਿ ਤੋਂ ਪੂਰਨ ਮੁਕਤੀ) ਅਪਣਾਏ ਬਿਨ੍ਹਾਂ ਕਰਮਾਂ ਤੋਂ ਮੁਕਤ ਨਹੀਂ ਹੋਇਆ ਜਾ ਸਕਦਾ ਹੈ ਇਸੇ ਲਈ ਇਸ ਪ੍ਰੰਪਰਾ ਦੇ ਲਈ ਬਿਨ੍ਹਾਂ ਵਸਤਰਾਂ ਦੇ ਰਹਿੰਦੇ ਹਨ। ਦੂਸਰੇ ਪਾਸੇ ਸਵੇਤਾਂਵਰ ਪ੍ਰੰਪਰਾ ਦੇ ਮੁਨੀ ਵਸਤਰ ਸਹਿਤ ਰਹਿੰਦੇ ਹਨ ਉਹਨਾਂ ਦਾ ਵਿਚਾਰ ਹੈ ਕਿ ਮੁਕਤੀ ਪ੍ਰਾਪਤੀ ਦੇ ਲਈ ਵਸਤਰ ਰਹਿਤ ਹੋਣਾ ਜ਼ਰੂਰੀ ਨਹੀਂ।

ਦਿਗੰਬਰ ਪ੍ਰੰਪਰਾ ਦੇ ਅਨੁਸਾਰ ਇਸਤਰੀਆਂ ਮੁਕਤੀ ਪ੍ਰਾਪਤ ਨਹੀਂ ਕਰ ਸਕਦੀਆਂ। ਕਿਉਂਕਿ ਉਹਨਾਂ ਦਾ ਨਗਨ ਰਹਿਣਾ ਸੰਭਵ ਨਹੀਂ ਹੈ। ਸਵੇਤਾਂਵਰ ਪ੍ਰੰਪਰਾ ਇਸਤਰੀ ਮੁਕਤੀ ਪ੍ਰਾਪਤ ਕਰ ਸਕਦੀ ਹੈ। ਉਹ ਉਸ ਦੇ ਲਈ ਇਸਤਰੀ ਜਿਨ ਮੱਲੀ ਨਾਥ 19ਵੇਂ ਤੀਰਥੰਕਰ ਦਾ ਉਦਾਹਰਨ ਦਿੰਦੇ ਹਨ। ਦਿਗੰਬਰ ਪ੍ਰੰਪਰਾ ਉਹਨਾਂ ਨੂੰ ਇਸਤਰੀ ਦੇ ਰੂਪ ਵਿੱਚ ਸਵੀਕਾਰ ਨਹੀਂ ਕਰਦੀ।

ਦਿਗੰਬਰ ਪ੍ਰੰਪਰਾ ਇਹ ਮੰਨਦੀ ਹੈ ਕਿ ਮੂਲ ਆਗਮ ਜਿਸ ਵਿੱਚ ਮਹਾਵੀਰ ਦੇ ਸ਼ਬਦ ਦਰਜ ਸਨ ਨਸ਼ਟ ਹੋ ਗਏ ਹਨ। ਇਸ ਲਈ ਸਵੇਤਾਂਵਰ ਪ੍ਰੰਪਰਾ ਰਾਹੀਂ ਮੰਨੇ ਆਗਮ ਰੂਪਾਂ ਨੂੰ ਉਹ ਅਸਲ ਰੂਪ ਵਿੱਚ ਸਵੀਕਾਰ ਨਹੀਂ ਕਰਦੀ। ਕੁੱਝ ਵੀ ਹੋਵੇ ਸਵੇਤਾਂਵਰ ਪ੍ਰੰਪਰਾ ਇਹ ਵਿਸ਼ਵਾਸ਼ ਕਰਦੀ ਹੈ ਕਿ ਉਸ ਨੇ ਆਗਮਾਂ ਦਾ ਇੱਕ ਵੱਡਾ ਭਾਗ ਸੁਰੱਖਿਅਤ ਰੱਖਿਆ ਹੈ।

ਇਹ ਦੋਹੇਂ ਫਿਰਕੇ ਅੱਗੇ ਚੱਲਕੇ ਉਪ ਫਿਰਕਿਆਂ ਵਿੱਚ ਵੰਡੇ ਗਏ। ਦਿਗੰਬਰ ਫਿਰਕੇ ਦੇ ਤਿੰਨ ਉਪ ਫਿਰਕੇ ਹਨ: ਵੀਸ ਪੰਥੀ, ਤੇਰ੍ਹਾਂ ਪੰਥੀ, ਤਾਰਨ ਪੰਥੀ। ਸਵੇਤਾਂਵਰ ਫਿਰਕੇ ਦੇ ਵੀ ਤਿੰਨ ਫਿਰਕੇ ਹਨ: ਮੂਰਤੀ ਪੂਜਕ, ਸਥਾਨਕ ਵਾਸੀ, ਅਤੇ ਤੇਰਾ ਪੰਥੀ। ਮੂਰਤੀ ਪੂਜਕ ਤੀਰਥੰਕਰਾਂ ਦੀ ਪੂਜਾ ਵਿੱਚ ਵਿਸ਼ਵਾਸ

ਕਰਦੇ ਹਨ। ਜਦਕਿ ਸਥਾਨਕ ਵਾਸੀ ਅਤੇ ਤੇਰ੍ਹਾਂ ਪੰਥੀ ਇਸ ਵਿੱਚ ਵਿਸ਼ਵਾਸ ਨਹੀਂ ਕਰਦੇ। ਸਥਾਨਕ ਵਾਸੀ ਅਤੇ ਤੇਰ੍ਹਾਂ ਪੰਥੀ ਉਪ ਫਿਰਕਿਆਂ ਵਿੱਚ ਕੁੱਝ ਸਾਧੂਆਂ ਦੇ ਆਚਾਰ ਨੂੰ ਲੈ ਕੇ ਮੱਤਭੇਦ ਹਨ। ਦਿਗੰਬਰ ਪ੍ਰੰਪਰਾ ਵਿੱਚ ਵੀਸ ਪੰਥੀ ਮੂਰਤੀ ਪੂਜਾ ਵਿੱਚ ਵਿਸ਼ਵਾਸ ਰੱਖਦੇ ਹਨ ਅਤੇ ਪੂਜਾ ਵਿਧੀ ਵਿੱਚ ਤਾਜੇ ਫਲ, ਫੁਲ, ਧੂਪ ਆਦਿ ਚੜ੍ਹਾਉਂਦੇ ਹਨ। ਤੇਰ੍ਹਾਂ ਪੰਥੀ ਮੂਰਤੀ ਪੂਜਾ ਤਾਂ ਕਰਦੇ ਹਨ, ਪਰ ਪੂਜਾ ਤੇ ਤਾਜੇ ਦ੍ਰਵ ਨਹੀਂ ਚੜ੍ਹਾਉਂਦੇ, ਜਦਕਿ ਤਾਰਨ ਪੰਥੀ ਮੂਰਤੀ ਦੀ ਜਗ੍ਹਾ ਆਗਮ ਦੀ ਪੂਜਾ ਕਰਦੇ ਹਨ। ਇਹ ਸਾਰੇ ਫਿਰਕੇ ਆਮ ਮਾਨਤਾਵਾਂ ਦੇ ਨਾਲ ਨਾਲ ਆਪਣਾ ਇਤਿਹਾਸ ਅਤੇ ਧਾਰਮਿਕ ਪਿਛੋਕੜ ਸੰਭਾਲੇ ਹੋਏ ਹਨ।

## ਜੈਨ ਆਗਮ ਦੀ ਰਚਨਾ ਅਤੇ ਸੰਗੀਤੀਆਂ (ਵਾਚਨਾਵਾਂ)

ਜੈਨੀਆਂ ਦੇ ਲਈ ਆਗਮ ਦੇ ਸ਼ਬਦਾਂ ਤੋਂ ਜ਼ਿਆਦਾ ਅਰਥ ਦਾ ਮਹੱਤਵ ਜ਼ਿਆਦਾ ਰਿਹਾ ਹੈ ਕਿਉਂਕਿ ਸ਼ਬਦ ਤਾਂ ਵਿਚਾਰਾਂ ਨੂੰ ਪ੍ਰਗਟ ਕਰਨ ਦਾ ਛੋਟਾ ਸਾਧਨ ਹੈ। ਜੈਨ ਪ੍ਰੰਪਰਾ ਅਨੁਸਾਰ ਮਹਾਵੀਰ ਨੇ ਆਗਮਾ ਦਾ ਅਰਥ ਦੱਸਿਆ। ਜਦਕਿ ਗਨਧਰਾਂ ਨੇ ਉਹਨਾਂ ਦੀ ਵਿਆਖਿਆ ਕੀਤੀ। ਇਹ ਹੀ ਵਿਆਖਿਆ ਸੂਤਰਾਂ ਦੇ ਰੂਪ ਵਿੱਚ ਪ੍ਰਗਟ ਹੋਈ।[53] ਕਿਉਂਕਿ ਸੂਤਰਾਂ ਦੇ ਵਿਸ਼ੇ ਤੀਰਥੰਕਰ ਮਹਾਵੀਰ ਦੇ ਉਪਦੇਸ਼ਾਂ ਦੇ ਅਨੁਸਾਰ ਹਨ ਇਸ ਲਈ ਸੂਤਰਾਂ ਨੂੰ ਮਹਾਵੀਰ ਦੇ ਸ਼ਬਦ ਦੇ ਰੂਪ ਵਿੱਚ ਹੀ ਸਵੀਕਾਰ ਕੀਤਾ ਗਿਆ ਹੈ।

ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤੀਰਥੰਕਰ ਮਹਾਵੀਰ ਦੇ ਉਪਦੇਸ਼ 14 ਪੂਰਵਾਂ ਵਿੱਚ ਸੁਰੱਖਿਅਤ ਕੀਤੇ ਗਏ ਸਨ ਜਿਨ੍ਹਾਂ ਨੂੰ ਮਹਾਵੀਰ ਨੇ ਅਪਣੇ ਗਨਧਰਾਂ ਨੂੰ ਦੇ ਦਿੱਤਾ। ਕੁੱਝ ਸਮੇਂ ਬਾਅਦ 14 ਪੂਰਵ ਅਲੋਪ ਹੋ ਗਏ ਅਤੇ ਇਹ ਕਿਹਾ ਗਿਆ ਕਿ ਚੰਦਰ ਗੁਪਤ ਮੋਰੀਆ ਦਾ ਸਮੇਂ ਆਉਂਦੇ ਆਉਂਦੇ ਸਿਰਫ ਭੱਦਰਬਾਹੂ ਇੱਕ ਸ਼ਰੂਤ ਕੇਵਲੀ ਬਚੇ ਹੋਏ ਸਨ ਜੋ 14 ਪੂਰਵਾਂ ਦੇ ਜਾਣਕਾਰ ਸਨ। ਚੰਦਰਗੁਪਤ ਮੋਰੀਆ ਦੇ ਸਮੇਂ ਇੱਕ ਬਹੁਤ ਵੱਡਾ ਅਕਾਲ ਪਿਆ। ਅਜਿਹਾ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੈਨ ਧਰਮ ਦੇ ਅਨੁਯਾਈ ਚੰਦਰ ਗੁਪਤ ਮੋਰੀਆ ਰਾਜ ਸਿੰਘਾਸਨ ਛੱਡ ਕੇ ਭੱਦਰਬਾਹੂ ਦੇ ਨਾਲ ਦੱਖਣ ਭਾਰਤ ਚਲੇ ਗਏ। ਉਹਨਾਂ ਦੇ ਨਾਲ ਇੱਕ ਵਿਸ਼ਾਲ ਜੈਨ ਮੁਨੀ ਸੰਘ ਵੀ ਸੀ।

ਬਾਕੀ ਮੁਨੀ ਸੰਘ ਸਥੂਲੀਭੱਦਰ ਦੀ ਅਗਵਾਈ ਵਿੱਚ ਪਾਟਲੀ ਪੁੱਤਰ ਵਿੱਚ ਰੁੱਕ ਗਿਆ। ਬਾਰ੍ਹਾਂ ਸਾਲ ਦੇ ਲੰਬੇ ਅਕਾਲ ਨੇ ਜੈਨ ਮੁਨੀ ਸੰਘ ਵਿੱਚ ਬਿਖਰਾਵ ਪੈਦਾ ਕਰ ਦਿੱਤਾ। ਅਕਾਲ ਦੇ ਸਮਾਪਤ ਹੋ ਜਾਣ ਤੇ ਸਥੂਲੀਭੱਦਰ ਨੇ ਇਕ ਸੰਗੀਤੀ ਪਾਟਲੀ ਪੁਤਰ ਵਿੱਚ ਬੁਲਾਈ ਤਾਂ ਕਿ ਲੁਪਤ ਹੋ ਰਹੇ ਆਗਮ ਦਾ ਸੰਪਾਦਨ ਕੀਤਾ ਜਾ ਸਕੇ। ਇਹ ਇਸ ਲਈ ਜ਼ਰੂਰੀ ਸੀ ਕਿਉਂਕਿ ਮੁਨੀ ਲੋਕ ਅਕਾਲ ਦੇ ਕਾਰਨ ਅਪਣੀ ਯਾਦਾਸ਼ਤ ਨੂੰ ਕਾਇਮ ਰੱਖਣ ਵਿੱਚ ਅਸਮਰਥ ਸਨ ਕਿਉਂਕਿ ਭੱਦਰਬਾਹੂ ਹੀ 14 ਪੂਰਵਾਂ ਦੇ ਇੱਕ ਮਾਤਰ ਜਾਣਕਾਰ ਸਨ। ਸੰਗੀਤੀ ਨੇ ਸਥੂਲੀਭੱਦਰ ਨੂੰ ਉਹਨਾਂ ਕੋਲ ਪੂਰਵਾਂ ਦਾ ਗਿਆਨ ਸਿੱਖਣ ਲਈ ਭੇਜਿਆ। ਭੱਦਰਬਾਹੂ ਨੇ ਆਖਰੀ ਚਾਰ ਪੂਰਵ ਉਹਨਾਂ ਨੂੰ ਨਹੀਂ ਸਿਖਾਏ, ਬਾਕੀ ਰਹਿੰਦੇ ਦੱਸ ਪੂਰਵ ਪਾਟਲੀ ਪੁਤਰ ਸੰਗੀਤੀ ਵਿੱਚ ਸੰਕਲਤ ਕੀਤੇ ਗਏ।

ਮਹਾਵੀਰ ਦੇ ਪਰੀਨਿਰਵਾਨ ਦੀ ਨੌਵੀਂ ਸਦੀ ਵਿੱਚ ਅਚਾਰੀਆ ਸਕੰਧਿਲ ਦੀ ਅਗਵਾਈ ਹੇਠ ਮਥਰਾ ਵਿਖੇ ਜੈਨ ਮੁਨੀ ਸੰਘ ਦੀ ਦੂਸਰੀ ਸੰਗੀਤੀ ਹੋਈ। ਉਸ ਵਿੱਚ ਬਾਕੀ ਉਪਲੱਬਧ ਆਗਮ ਗਿਆਨ ਨੂੰ ਵੀ ਸੰਕਲਤ ਕੀਤਾ ਗਿਆ ਇਸੇ ਪ੍ਰਕਾਰ ਦੀ ਨਾਗਅਰਜੁਨ ਸ਼੍ਰੀ ਦੀ ਅਗਵਾਈ ਹੇਠ ਬਲਵੀ ਵਿਖੇ ਇੱਕ ਹੋਰ ਸੰਗੀਤੀ ਹੋਈ। ਇਸ ਤੀਜੀ ਸੰਗੀਤੀ ਦੇ ਕਰਵਾਉਣ ਦਾ ਸਿਹਰਾ ਦੇਵਾਰਧਿਗਨੀ ਕਸ਼ਮਾਂਸ਼੍ਰਮਣ ਨੂੰ ਜਾਂਦਾ ਹੈ ਜਿਨ੍ਹਾਂ ਆਗਮਾਂ ਨੂੰ ਲਿਪੀਬੱਧ ਕਰਨ ਦਾ ਕੰਮ ਅਪਣੇ ਹੱਥਾਂ ਵਿੱਚ ਲਿਆ। ਅੱਜ ਜੋ ਵੀ ਆਗਮ ਸਾਹਿਤ ਉਪਲੱਬਧ ਹੈ ਉਸ ਦਾ ਸਿਹਰਾ ਦੇਵਾਰਧਿਗਨੀ ਨੂੰ ਹੈ।

ਸਵੇਤਾਂਵਰ ਆਗਮ ਛੇ ਭਾਗਾਂ ਵਿੱਚ ਵੰਡੇ ਹੋਏ ਹਨ। 1. ਅੰਗ, 2. ਉਪਾਂਗ, 3 ਮੂਲ ਸੂਤਰ, 4. ਛੇਦ ਸੂਤਰ, 5. ਚੂਲੀਕਾ ਸੂਤਰ ਅਤੇ 6. ਪ੍ਰਕ੍ਰਿਨਕ ਇਹ ਸਾਰੇ ਆਗਮ ਗ੍ਰੰਥ ਅਰਧ ਮਾਗਧੀ ਪ੍ਰਾਕ੍ਰਿਤ ਵਿੱਚ ਲਿਖੇ ਗਏ ਹਨ।

## 1. ਬਾਰ੍ਹਾਂ ਅੰਗ ਇਸ ਪ੍ਰਕਾਰ ਹਨ।

1. ਆਯਾਰੰਗ (ਆਚਾਰੰਗ), 2. ਸੂਯਗਡਾਂਗ (ਸੂਤਰਕ੍ਰਿਤਾਂਗ),
3. ਠਾਣਾਂਗ (ਸਥਾਨਗ), 4. ਸਮਵਾਯਾਂਗ
5. ਭਗਵਤੀ ਵਿਵਾਹਪੰਣਤੀ (ਵਿਆਖੀਆ ਪ੍ਰਗਿਅਪਤੀ)

6. ਨਾਯਾਧੱਮ ਕਹਾਉ (ਗਿਆਤਾ ਧਰਮਕਥਾਂਗ),
7. ਉਵਾਸਗ ਦਸਾਉ (ਉਪਾਸਕਦਸ਼ਾ),
8. ਅੰਤਗਡ ਦਸਾਉ (ਅੰਤਕ੍ਰਿਤਦਸ਼ਾ),
9. ਅਣੁਤਰੋਵਵਾਈਯ ਦਸਾ (ਅਣੁਤਰੋਪਪਾਤਿਕ), 10. ਪੰਨਹਾ ਵਾਗਰੰਣਾ (ਪ੍ਰਸ਼ਨਵਿਆਕਰਣ), 11. ਵਿਵਾਗਸੁਯੰ (ਵਿਪਾਕਸੂਤਰ), 12. ਦਿੱਠੀਵਾਯ (ਦ੍ਰਿਸ਼ਟੀਵਾਦ) (ਉਪਲੱਬਧ ਨਹੀਂ)

## 2. ਬਾਰ੍ਹਾਂ ਉਪਾਂਗ ਇਸ ਪ੍ਰਕਾਰ ਹਨ:

1. ਉਵਵਾਈਯ (ਔਪਪਾਤਿਕ), 2. ਰਾਏ ਪਸੇਣਿਯ (ਰਾਜ ਪ੍ਰਸ਼ਨੀਆ)
3. ਜੀਵਾਭਿਗਮ (ਜੀਵਾਭਿਗਮ), 4. ਪੰਣਵੰਣਾ (ਪ੍ਰਗਿਆਪਨਾ)
5. ਸੂਰਯਪੰਣਤੀ (ਸੂਰਯ ਪ੍ਰਗਿਅਪਤੀ) 6. ਜੰਬੂਦੀਪ ਪੰਣਤੀ (ਜੰਬੂਦੀਪ ਪ੍ਰਗਿਅਪਤੀ) 7. ਚੰਦਪੰਣਤੀ (ਚੰਦਰ ਪ੍ਰਗਿਅਪਤੀ), 8. ਨਿਰਯਾਵਲੀਔ (ਨਿਰਯਾਵਲੀਕਾ), 9. ਕੱਪਾਵੰਡਸੀਉ (ਕਲਪਾਵੰਤਸਿਕਾ), 10. ਪੁਫਿਔ (ਪੁਸ਼ਪਿਕਾ), 11. ਪੁਫਚੁਲਿਔ (ਪੁਸ਼ਪਚੂਲੀਕਾ), 12. ਵੰਨੀਦਸ਼ਾਔ (ਵ੍ਰਿਸਨੀਦਸ਼ਾ)

## 3. ਚਾਰ ਮੂਲ ਸੂਤਰ ਇਸ ਪ੍ਰਕਾਰ ਹਨ:

1. ਉਤਰਾਝਯਨ (ਉਤਰਾਧਿਐਨ) 2. ਦਸਵੇਯਾਲਿਯਾ (ਦਸਵੇਂਕਾਲਿਕ)
3. ਆਵਸੱਯ (ਆਵਸਯਕ) 4. ਪਿੰਡ-ਨਿੱਝੁਤੀ (ਪਿੰਡਨ੍ਰਿਯੁਕਤੀ)

## 4. ਛੇ ਸੂਤਰ ਇਸ ਪ੍ਰਕਾਰ ਹਨ:

1. ਨਿਸੀਹ (ਨਿਸ਼ੀਥ), 2. ਮਹਾਨਿਸੀਹ (ਮਹਾਨਿਸ਼ੀਥ), 3. ਵਵਹਾਰ (ਵਿਵਹਾਰ), 4. ਆਯਾਰਦਸਾਔ (ਆਚਾਰ ਦਸ਼ਾ ਜਾਂ ਦਸ਼ਾਸਰੁਤਸਕੰਦ)
5. ਕੱਪ (ਬ੍ਰਹਤਕਲਪ) 6. ਪੰਚਕੱਪ ਜਾਂ ਜੀਯਕੱਪ (ਪੰਚਕਲਪ ਜਾਂ ਜੀਤਕਲਪ)

## 5. ਦਸ ਪ੍ਰਕ੍ਰਿਨਕ ਇਸ ਪ੍ਰਕਾਰ ਹਨ:

1. ਚਉਸਰਣ (ਚਤੁਸ਼ਰਣ), 2. ਆਉਰ ਪੱਛਖਾਨ (ਆਤੁਰ ਪ੍ਰਤਖਿਆਨ)
3. ਭੱਤਪਰਿਣਾ (ਭਕਤਪ੍ਰਤਿਗੀਆ), 4. ਸੰਥਾਰਾਯ (ਸੰਸਤਾਰਕ)
5. ਤੰਦੁਲਵਿਯਾਲਿਯ (ਤੰਦੁਲਵਿਚਾਰਕ) 6. ਚੰਦਾਵਿਝਯ (ਚੰਦਰਵੈਧਯਕ)

7. ਦੇਵਿੰਦਤਥਾਯ (ਦੇਵਿੰਦਰ ਸਤਵ) 8. ਗਨੀਵਿਝਯਾ (ਗਨੀਵਿਦਿਆ),
9. ਮਹਾਪੱਛਖਾਨ (ਮਹਾਪ੍ਰਤੱਖਿਯਾਨ) 10. ਵੀਰਤਥਾਯ (ਵੀਰਸੱਤਵ),

**6. ਦੋ ਚੂਲਕਾ ਸੂਤਰ ਇਸ ਪ੍ਰਕਾਰ ਹਨ:**

1. ਨੰਦੀ ਸੂਤ (ਨੰਦੀ ਸੂਤਰ), 2. ਅਨੋਗਦੁਆਰਾਈ (ਅਨੁਯੋਗਦੁਆਰ)

ਦਿਗੰਬਰ ਫਿਰਕੇ ਜੋ ਉਪਰੋਕਤ ਆਗਮ ਸਾਹਿਤ ਨੂੰ ਵਿਸ਼ਵਾਸ ਯੋਗ ਅਤੇ ਮੂਲ ਨਹੀਂ ਮੰਨਦਾ ਇਕ ਅਲੱਗ ਆਗਮ ਸਾਹਿਤ ਦੀ ਸੂਚੀ ਪੇਸ਼ ਕਰਦਾ ਹੈ। ਉਸ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ।

1. ਪ੍ਰਥਮਾ ਅਨੁਯੋਗ: ਇਸ ਵਿੱਚ ਪੌਰਾਣਿਕ ਸਾਹਿਤ ਆਉਂਦਾ ਹੈ ਜਿਵੇਂ ਪਦਮ ਪੁਰਾਣ, ਹਰੀਵੰਸ਼ ਪੁਰਾਣ, ਤਰੇਸ਼ਟ ਲਕਸ਼ਨ ਪੁਰਾਣ, ਮਹਾ ਪੁਰਾਣ ਅਤੇ ਉੱਤਰ ਪੁਰਾਣ।

2. ਕਰਨਾ ਅਨੁਯੋਗ: ਇਸ ਵਿੱਚ ਲੋਕ ਦੇ ਵਿਸ਼ੇ ਵਿੱਚ ਜਾਣਕਾਰੀ ਮਿਲਦੀ ਹੈ। ਜਿਵੇਂ ਸੂਰਜ ਪ੍ਰਗਿਅਪਤੀ, ਚੰਦਰ ਪ੍ਰਗਿਅਪਤੀ ਅਤੇ ਜੈ ਧਵਲਾ।

3. ਦ੍ਰਵਯਾ ਅਨੁਯੋਗ: ਇਸ ਵਿੱਚ ਦਰਸ਼ਨ ਦੇ ਵਿਸ਼ੇ ਸ਼ਾਮਲ ਹਨ, ਜਿਵੇਂ ਅਚਾਰੀਆ ਕੁੰਦਕੁੰਦ ਦੇ ਸਮੇਂਸਾਰ, ਨਿਯਮਸਾਰ, ਪ੍ਰਵਚਸਾਰ ਆਦਿ ਗ੍ਰੰਥ। ਉਮਾਸਵਾਤੀ ਦਾ ਤੱਤਵਾਰਥ ਸੂਤਰ ਅਤੇ ਸਮੰਤ ਭੱਦਰ ਦੀ ਆਪਤ ਮੀਮਾਂਸਾ।

4. **ਚਰਨ ਅਨੁਯੋਗ:** ਜਿਸ ਵਿੱਚ ਉਪਾਸਕ ਅਤੇ ਮੁਨੀਆਂ ਦਾ ਆਚਾਰ ਵਰਣਨ ਹੈ। ਜਿਵੇਂ ਵੱਟਕੇਰ ਦਾ ਮੂਲਾਚਾਰ ਅਤੇ ਤ੍ਰਿਵੈਨੀਚਾਰ ਅਤੇ ਸਮੰਤ ਭੱਦਰ ਦਾ ਰਤਨ ਕਰੰਡ ਸ਼੍ਰਾਵਕਾਚਾਰ।

ਸਵੇਤਾਂਵਰ ਆਗਮ ਸਾਹਿਤ ਅਰਧ ਮਾਗਧੀ ਪ੍ਰਾਕ੍ਰਿਤ ਵਿੱਚ ਲਿਖਿਆ ਗਿਆ ਹੈ। ਜਦੋਂਕਿ ਦਿਗੰਬਰ ਆਗਮ ਸਾਹਿਤ ਸ਼ੋਰਸੈਨੀ ਪ੍ਰਾਕ੍ਰਿਤ ਵਿੱਚ। ਇਹਨਾਂ ਦੋ ਪ੍ਰਾਕ੍ਰਿਤਾਂ ਤੋਂ ਇਲਾਵਾ ਜੈਨੀਆਂ ਨੇ ਮਹਾਰਾਸ਼ਟਰੀ ਪ੍ਰਾਕ੍ਰਿਤ ਦਾ ਪ੍ਰਯੋਗ ਵੀ ਕੀਤਾ ਹੈ। ਇਸੇ ਤਰ੍ਹਾਂ ਉਹਨਾਂ ਅੱਪਭ੍ਰੰਸ਼ ਅਤੇ ਸੰਸਕ੍ਰਿਤ ਭਾਸ਼ਾ ਨੂੰ ਵੀ ਅਪਣੇ ਵਿਚਾਰ ਪ੍ਰਗਟ ਕਰਨ ਦਾ ਸਾਧਨ ਬਣਾਇਆ।

ਇਹਨਾਂ ਆਗਮ ਗ੍ਰੰਥਾਂ ਦੋ ਛੁੱਟ ਵਿਸ਼ਾਲ ਜੈਨ ਸਾਹਿਤ ਚਾਰ ਹੋਰ ਸ਼੍ਰੇਣੀਆਂ ਵਿੱਚ ਵੀ ਮਿਲਦਾ ਹੈ। ਨਿਰਯੁਕਤੀ, ਭਾਸ਼ਯ, ਚੂਰਨੀ ਅਤੇ ਟੀਕਾ।

ਜੈਨ ਸਾਹਿਤ ਦਾ ਵਿਕਾਸ ਭਾਰਤੀ ਭਾਸ਼ਾਵਾਂ ਵਿੱਚ ਜੈਨ ਧਰਮ ਦਾ ਭਰਪੂਰ ਯੋਗਦਾਨ ਹੈ। ਜੈਨ ਆਗਮ ਸਾਹਿਤ ਤੋਂ ਭਾਰਤੀ ਭਾਸ਼ਾ ਦੇ ਵਿਕਾਸ ਤੋਂ ਪਰਦਾ ਚੁੱਕਣ ਵਿੱਚ ਸਹਾਇਤਾ ਮਿਲਦੀ ਹੈ। ਕਿਉਂਕਿ ਲਗਭਗ ਸਾਰੇ ਆਗਮ ਗ੍ਰੰਥਾਂ ਉੱਪਰ ਭਿੰਨ ਭਿੰਨ ਭਾਸ਼ਾਵਾਂ ਵਿੱਚ ਨਿਰਯੁਕਤੀ, ਚੂਰਨੀ, ਭਾਸ਼ਯ ਅਤੇ ਟੀਕਾਵਾਂ ਲਿਖੀਆਂ ਗਈਆਂ ਹਨ। ਜੈਨ ਅਚਾਰੀਆਵਾਂ ਨੇ ਭਿੰਨ ਭਿੰਨ ਵਿਸ਼ਿਆਂ ਤੇ ਸੰਸਕ੍ਰਿਤ, ਪ੍ਰਾਕ੍ਰਿਤ, ਅਪ੍ਰਭੰਸ਼, ਤਾਮਿਲ, ਕੰਨੜ, ਹਿੰਦੀ, ਗੁਜਰਾਤੀ ਆਦਿ ਭਿੰਨ ਭਿੰਨ ਭਾਸ਼ਾਵਾਂ ਵਿੱਚ ਸਾਹਿਤ ਦੀ ਸਿਰਜਨਾ ਕੀਤੀ ਹੈ। ਇਸ ਦ੍ਰਿਸ਼ਟੀ ਤੋਂ ਉਹਨਾਂ ਨੇ ਅਨੇਕਾਂ ਭਾਸ਼ਾਵਾਂ ਦੇ ਵਿਕਾਸ ਵਿੱਚ ਅਪਣਾ ਮਹੱਤਵਪੂਰਨ ਯੋਗਦਾਨ ਪਾਇਆ ਹੈ। ਆਧੁਨਿਕ ਜੈਨ ਲੇਖਕਾਂ ਨੇ ਵੀ ਹਿੰਦੀ, ਗੁਜਰਾਤੀ, ਤਾਮਿਲ, ਕੰਨੜ ਤੇ ਮਰਾਠੀ ਆਦਿ ਭਾਸ਼ਾਵਾਂ ਨੂੰ ਖੁਸ਼ਹਾਲ ਬਣਾਇਆ ਹੈ।

ਜੈਨੀਆਂ ਨੇ ਪਵਿੱਤਰ, ਆਧਿਆਤਮਕ ਅਤੇ ਵਿਗਿਆਨਕ ਸਾਹਿਤ ਦੀ ਰਚਨਾ ਕੀਤੀ ਹੈ। ਕੁੱਝ ਅਜਿਹੇ ਪ੍ਰਮੁੱਖ ਗ੍ਰੰਥਾਂ ਦਾ ਵਰਣਨ ਕੀਤਾ ਜਾ ਸਕਦਾ ਹੈ -ਉਮਾਸਵਾਤੀ ਦਾ ਤੱਤਵਾਰਥਾਧਿਗਮ ਸੂਤਰ, ਜਿਨਭੱਦਰ ਦਾ ਵਿਸ਼ੇਸਾਕਵਸ਼ਯਕ ਭਾਸ਼ਯ, ਸਿੱਧਸੈਨ ਦਿਵਾਕਰ ਦਾ ਸੱਨਮਤੀ ਤਰਕ ਅਤੇ ਨਿਯਾਏ ਅਵਤਾਰ ਸਮੰਤ ਭੱਦਰ ਦਾ ਰਤਨ ਕਰੰਡ ਸ਼੍ਰਾਵਕਾਚਾਰ, ਹੇਮਚੰਦਰ ਦਾ ਤ੍ਰੈਸ਼ੱਠ ਸ਼ਲਾਕਾ ਪੁਰਸ਼ ਚਰਿੱਤਰ, ਮੱਲੀ ਸੈਨ ਦੀ ਸਿਆਦਵਾਦ ਮੰਜਰੀ ਆਦਿ। ਸੂਰਯ ਪ੍ਰਗਪਤੀ ਅਤੇ ਚੰਦਰ ਪ੍ਰਗਪਤੀ ਵਿੱਚ ਜੋਤਸ਼ ਦਾ ਵਰਣਨ ਹੈ ਅਤੇ ਜੰਬੂ ਦੀਪ ਪ੍ਰਗਪਤੀ ਵਿੱਚ ਲੋਕ ਸੰਬੰਧੀ ਜਾਣਕਾਰੀ ਹੈ। ਇਹ ਸਪੱਸ਼ਟ ਹੈ ਕਿ ਜੈਨ ਅਚਾਰੀਆਂ ਨੇ ਦਰਸ਼ਨ, ਕਾਵਯ, ਵਿਆਕਰਨ, ਤਰਕ, ਜੋਤਸ਼ ਅਤੇ ਨਛੱਤਰ ਵਿਦਿਆ ਜਿਹੇ ਵਿਸ਼ਿਆਂ ਤੇ ਬਹੁਤ ਕੁੱਝ ਲਿਖਿਆ ਹੈ। ਇਸ ਤਰ੍ਹਾਂ ਉਹਨਾਂ ਸਮੁੱਚੇ ਭਾਰਤੀ ਸਾਹਿਤ ਨੂੰ ਅਮੀਰ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਭਾਰਤੀ ਸਾਹਿਤ ਦੇ ਮਹੱਤਵ ਤੇ ਚਾਨਣ ਪਾਉਂਦੇ ਹੋਏ ਡਾ: ਵੂਲਹਰ ਨੇ ਲਿਖਿਆ ਹੈ।

"ਵਿਆਕਰਨ, ਨਛੱਤਰ ਵਿਦਿਆ ਆਦਿ ਲਗਭਗ ਸਾਰੇ ਖੇਤਰਾਂ ਵਿੱਚ ਜੈਨੀਆਂ ਦਾ ਏਨਾ ਜ਼ਿਆਦਾ ਯੋਗਦਾਨ ਹੈ ਕਿ ਉਹਨਾਂ ਦੇ ਵਿਰੋਧੀ ਵੀ ਇਸ ਨੂੰ ਅੱਖੋ ਓਹਲੇ ਨਹੀਂ ਕਰ ਸਕੇ। ਇਹਨਾਂ ਵਿੱਚੋਂ ਕੁੱਝ ਗ੍ਰੰਥ ਤਾਂ ਇਹੋ ਜਿਹੇ ਵੀ ਹਨ ਜੋ ਅੱਜ ਵੀ ਯੂਰਪ ਦੇ ਵਿਗਿਆਨ ਦੇ ਲਈ ਉਪਯੋਗੀ ਹਨ। ਦੱਖਣ ਵਿੱਚ ਜਿੱਥੇ

ਉਹਨਾਂ ਦ੍ਰਾਵੜ ਲੋਕਾਂ ਵਿੱਚ ਕੰਮ ਕੀਤਾ ਹੈ ਉਹਨਾਂ ਭਾਸ਼ਾ ਨੂੰ ਅਮੀਰ ਬਣਾਇਆ ਹੈ। ਕੰਨੜ, ਤਾਮਿਲ ਤੈਲਗੂ ਜਿਹੀ ਸਾਹਿਤਕ ਭਾਸ਼ਾ ਜੈਨ ਮੁਨੀਆਂ ਰਾਹੀਂ ਨਿਰਮਾਣ ਕੀਤੀ ਭੂਮਿਕਾ ਤੇ ਅਧਾਰਤ ਹੈ ਭਾਵੇਂ ਇਸ ਗਤੀ ਵਿਧੀ ਨੇ ਉਹਨਾਂ ਨੂੰ ਅਪਣੇ ਮੂਲ ਉਦੇਸ਼ ਤੋਂ ਕਾਫੀ ਦੂਰ ਛੱਡ ਦਿੱਤਾ ਸੀ। ਪਰ ਉਹਨਾਂ ਦਾ ਨਾਉਂ ਇਸ ਕਾਰਨ ਭਾਰਤੀ ਇਤਿਹਾਸ ਸਾਹਿਤ ਅਤੇ ਸੰਸਕ੍ਰਿਤੀ ਵਿੱਚ ਅਮਰ ਹੋ ਗਿਆ"।

ਜੈਨੀਆਂ ਨੇ ਆਪਣੀ ਪੁਰਾਤਨ ਕਲਾ ਅਤੇ ਸਾਹਿਤ ਜੈਸਲਮੇਰ, ਜੈਪੁਰ, ਪੱਟਣ, ਮੁੜਵਿਦਰੀ ਆਦਿ ਜਿਹੇ ਸਥਾਨਾਂ ਤੇ ਸੁਰੱਖਿਅਤ ਰੱਖਣ ਦਾ ਨਾ ਥੱਕਣ ਵਾਲਾ ਯਤਨ ਕੀਤਾ। ਲਾਈਸ ਰੈਣੀ ਦੇ ਅਨੁਸਾਰ ਜੈਨ ਆਗਮ ਥੇਰਵਾਦ ਬੋਧਾਂ ਦੇ ਪੱਖੋਂ ਜ਼ਿਆਦਾ ਸਿਲਸਿਲੇਵਾਰ ਹਨ। ਉਹ ਲਿਖਦੇ ਹਨ, "ਜੈਨ ਆਗਮ ਬੁੱਧ ਆਗਮਾਂ ਦੇ ਪੱਖੋਂ ਪੁਰਾਤਨਤਾ ਦਾ ਜ਼ਿਆਦਾ ਗਿਆਨ ਕਰਵਾਉਂਦੇ ਹਨ। ਪਿਟਕ ਦਾ ਸੰਕਲਣ ਬਿਨ੍ਹਾਂ ਕਿਸੇ ਸਿਲਸਿਲੇ ਤੋਂ ਕੀਤਾ ਗਿਆ ਹੈ ਉਸ ਵਿੱਚ ਕੁੱਝ ਸੁਤੰਤਰ ਗ੍ਰੰਥ ਅਤੇ ਕੁੱਝ ਬਾਅਦ ਵਿੱਚ ਸ਼ਾਮਿਲ ਕਰ ਦਿੱਤਾ ਗਿਆ ਹੈ। ਉਸ ਦੇ ਦਾਰਸ਼ਨਿਕ ਭਾਗ ਅਤੇ ਪਾਲੀ ਅਭੀਧਰਮ ਕੋਈ ਸਮਾਨਤਾ ਨਹੀਂ ਰੱਖਦਾ। ਇਸ ਲਈ ਇੱਥੇ ਇੱਕ ਹੀ ਪ੍ਰੰਪਰਾ ਹੈ। ਬੁੱਧ ਫਿਰਕਿਆਂ ਦੀ ਅਨੇਕਤਾ ਕੁੱਝ ਵੀ ਨਹੀਂ ਹੈ।[54]

## ਜੈਨ ਕਲਾ ਅਤੇ ਸ਼ਿਲਪ

ਜੈਨ ਧਰਮ ਨੇ ਭਾਰਤ ਵਿੱਚ ਕਲਾ ਅਤੇ ਸ਼ਿਲਪ ਦੇ ਖੇਤਰ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸੁੰਦਰ ਪੱਥਰਾਂ ਤੇ ਉਕੇਰੇ ਗਏ ਵਿਸ਼ਾਲ ਮੰਦਿਰ ਮਨਮੋਹਕ ਕਲਾਤਮਕ ਸ਼ਿਲਪ, ਤਰਾਸ਼ੇ ਗਏ ਅੱਦਭੁਤ ਖੰਭੇ, ਸੁੰਦਰ ਪ੍ਰਵੇਸ਼ ਦਰਵਾਜ਼ੇ ਅਤੇ ਵਿਸ਼ਾਲ ਮੂਰਤੀਆਂ ਭਾਰਤ ਦੀ ਕਲਾ ਦਾ ਖਜ਼ਾਨਾ ਹਨ। ਬੋਧੀਆਂ ਦੀ ਤਰ੍ਹਾਂ ਜੈਨੀਆਂ ਨੇ ਵੀ ਆਪਣੇ ਤੀਰਥੰਕਰਾਂ, ਮਹਾਤਮਾਵਾਂ ਅਤੇ ਅਧਿਆਤਮਿਕ ਸੰਤਾਂ, ਮੁਨੀਆਂ ਅਤੇ ਪੂਜਨਿਕ ਪੁਰਸ਼ਾਂ ਦੇ ਸਨਮਾਨ ਵਿੱਚ ਸਤੂਪ ਅਤੇ ਮੂਰਤੀਆਂ ਬਣਾਈਆਂ। 11ਵੀਂ ਅਤੇ 12ਵੀਂ ਸ਼ਤਾਬਦੀ ਵਿੱਚ ਬੁੰਦੇਲਖੰਡ ਵਿੱਚ ਵੱਡੀ ਸੰਖਿਆ ਵਿੱਚ ਮੂਰਤੀਆਂ ਦਾ ਨਿਰਮਾਣ ਹੋਇਆ।

ਮੈਸੂਰ (ਵਰਤਮਾਨ ਕਰਨਾਟਕ) ਦੇ ਸ਼੍ਰਵਨ ਵੇਲਗੋਲ ਵਿਖੇ 57 ਫੁੱਟ ਉੱਚੀ ਭਗਵਾਨ ਬਾਹੂਬਲੀ ਦੀ ਮੂਰਤੀ ਕਲਾਤਮਕ ਸੁੰਦਰਤਾ ਦਾ ਉਚਤਮ ਨਮੂਨਾ ਹੈ।

ਦੂਜੀ ਸਦੀ ਈ. ਪੂ. ਵਿੱਚ ਜੈਨ ਸ਼ਿਲਾਵਾਂ ਨੂੰ ਉਕੇਰ ਕੇ ਮੰਦਿਰ ਨਿਰਮਾਣ ਸ਼ੁਰੂ ਹੋ ਗਿਆ ਸੀ। ਸੂੰਗ ਕਾਲੀਨ, ਹਾਥੀ ਗੁਫਾ ਅਤੇ ਰਾਣੀ ਗੁਫਾ ਕੁਦਰਤੀ ਗੁਫਾਵਾਂ ਜਿਹੀਆਂ ਦਿੱਸਦੀਆਂ ਹਨ। ਜੈਨ ਅੰਗ ਸਾਹਿਤ ਵਿੱਚ ਚੈਤਯ ਦਾ ਅਨੇਕਾਂ ਵਾਰ ਵਰਣਨ ਆਇਆ ਹੈ, ਜੋ ਯਕਸ਼ਾਂ ਨੂੰ ਸਮਰਪਿਤ ਕੀਤੇ ਗਏ ਹਨ। ਭਗਵਤੀ ਸੂਤਰ, ਉਪਾਸਕ ਦਸ਼ਾ ਸੂਤਰ ਅਤੇ ਗਿਆਤਾ ਧਰਮ ਕਥਾ ਵਿੱਚ ਅਰਹਤ ਚੈਤਯ ਦਾ ਵਰਣਨ ਮਿਲਦਾ ਹੈ। ਰਾਜ ਪ੍ਰਸ਼ਨੀਆ, ਸਥਾਨਾਂਗ ਅਤੇ ਜੀਵਾਅਭਿਗਮ ਸੂਤਰ ਵਿੱਚ ਸ਼ਾਸਵਤ ਪ੍ਰਤੀਮਾ ਦਾ ਵਰਣਨ ਆਇਆ ਹੈ।55

ਆਮ ਤੌਰ ਤੇ ਜੈਨ ਮੂਰਤੀਆਂ ਧਿਆਨ ਮੁਦਰਾ ਵਿੱਚ ਰਹਿੰਦੀਆਂ ਹਨ, ਉਹਨਾਂ ਕੋਈ ਗਹਿਣਾ ਨਹੀਂ ਰਹਿੰਦਾ, ਉਹਨਾਂ ਦੇ ਚੇਹਰੇ ਤੇ ਇੱਕ ਵਿਸ਼ੇਸ਼ ਚਮਕ ਵਿਖਾਈ ਦਿੰਦੀ ਹੈ।

ਤੀਰਥੰਕਰਾਂ ਦੀ ਯਾਦ ਵਿੱਚ ਜੈਨੀਆਂ ਨੇ ਸਤੂਪ ਬਣਵਾਏ ਅਜਿਹੇ ਸਤੂਪਾਂ ਵਿੱਚ ਪੁਰਾਤਨ ਸਤੂਪ ਮਥੁਰਾ ਵਿੱਚ ਮਿਲੀਆਂ ਹੈ। ਇਹ ਸਤੂਪ ਪਾਰਸ਼ਵ ਨਾਥ ਨੂੰ ਸਮਰਪਤ ਕੀਤਾ ਗਿਆ ਹੈ। ਇਸੇ ਤਰ੍ਹਾਂ ਦਾ ਦੂਸਰਾ ਸਤੂਪ ਵੈਸ਼ਾਲੀ (ਵਸਾਡ) ਵਿੱਚ ਮਿਲਿਆ ਹੈ, ਜੋ ਮੁਨੀ ਸੁਵਰਤ ਨਾਥ ਨੂੰ ਸਮਰਪਤ ਕੀਤਾ ਗਿਆ ਹੈ।[56] ਤੀਰਥੰਕਰਾਂ ਦੀਆਂ ਮੂਰਤੀਆਂ ਦੀ ਪੂਜਾ ਤੋਂ ਛੁੱਟ ਜੈਨੀਆਂ ਨੇ ਚੈਤਯ ਦਰਖਤ, ਧਰਮ ਚੱਕਰ, ਆਯਾਗਪੱਟ, ਧਵਜਸਤੰਭ ਅਤੇ ਸਵਾਸਤਿਕ, ਸ਼੍ਰੀਵਤਸ ਚਿੰਨ, ਕਮਲ, ਮੱਛੀਆਂ ਦਾ ਜੋੜਾ ਜਿਹੇ ਸ਼ੁਭ ਪ੍ਰਤੀਕਾਂ ਦੀ ਪੂਜਾ ਕੀਤੀ।[57]

ਅਨੇਕਾਂ ਮੰਦਿਰ ਕਲਾਤਮਕ ਵਿਸ਼ੇਸ਼ਤਾ ਦੇ ਲਈ ਪ੍ਰਸਿੱਧ ਹਨ। ਉਦਾਹਰਣ ਲਈ ਖਜੁਰਾਹੋ ਦਾ ਪਾਰਸ਼ਵ ਨਾਥ ਮੰਦਿਰ, ਮਾਉਂਟ ਆਬੂ ਦਾ ਦਿਲਵਾੜਾ ਵਿੱਚ ਰਿਸ਼ਭ ਦੇਵ ਦਾ ਮੰਦਿਰ, ਸ਼ਤਰੂਜਯ (ਪਾਲੀਤਾਨਾ ਦੇ ਕੋਲ) ਰਾਜ ਗਿਰੀ ਅਤੇ ਪਾਵਾਪੁਰੀ (ਬਿਹਾਰ) ਦੇ ਮੰਦਿਰਾਂ ਦਾ ਸਮੂਹ। ਪ੍ਰਾਚੀਨਤਮ ਜੈਨ ਚਿੱਤਰਕਲਾ ਬੜੀ ਮਨਮੋਹਕ ਹੈ, ਜਿੱਥੇ ਕਲਾਤਮਕਤਾ ਦੇ ਨਾਲ ਧਾਰਮਿਕ ਪੁਰਸ਼, ਇਸਤਰੀ,

ਹਾਥੀ, ਭੈਂਸ, ਕਮਲ, ਫੁੱਲ ਆਦਿ ਦਾ ਚਿੱਤਰਨ ਕੀਤਾ ਗਿਆ ਹੈ। ਖਾਰਵੇਲ ਕਾਲ ਵਿੱਚ ਅਜਿਹੀ ਚਿੱਤਰਕਲਾ ਦੀ ਉਦਾਹਰਣ ਉੜੀਸਾ ਵਿੱਚ ਹਾਥੀ ਗੁਫਾ ਵਿੱਚ ਅਤੇ 7ਵੀਂ ਸਦੀ ਦੇ ਉਦਾਹਰਣ ਤੰਜੋਰ ਦੇ ਨੇੜੇ ਸਿਤੱਨਵਸਲ ਵਿੱਚ ਪ੍ਰਾਪਤ ਹੁੰਦੇ ਹਨ। ਜੈਨ ਧਰਮ ਤੋਂ ਪ੍ਰੇਰਿਤ ਹੋ ਕੇ ਕੁੱਝ ਚਿੱਤਰਕਲਾ ਦਾ ਵਿਕਾਸ ਛੋਟੇ ਚਿੱਤਰਾਂ ਅਤੇ ਆਗਮਾ ਨੂੰ ਸਜਾਉਣ ਵਿੱਚ ਵੀ ਹੋਇਆ ਹੈ। ਨਿਸ਼ੀਥਚੂਰਨੀ, ਗਿਆਤਾ ਧਰਮ ਕਥਾ ਅਤੇ ਹੋਰ ਅੰਗ ਗ੍ਰੰਥਾਂ ਦੇ ਤਾੜ ਪੱਤਰਾਂ ਤੇ ਸਜੀਆਂ ਪਾਂਡੂ ਲਿਪੀਆਂ ਪ੍ਰਸਿੱਧ ਹਨ। ਇਸ ਤਰ੍ਹਾਂ ਦੀ ਚਿੱਤਰਕਲਾ ਦਾ ਵਿਕਾਸ ਇਤਿਹਾਸ ਦੇ ਮਗਧ ਕਾਲ ਵਿੱਚ ਗੁਜਰਾਤ ਅਤੇ ਰਾਜਸਥਾਨ ਵਿੱਚ ਜ਼ਿਆਦਾ ਹੋਇਆ। ਕਲਪ ਸੂਤਰ, ਕਾਲਕਾਚਾਰੀਆ ਕਥਾ ਅਤੇ ਉਤਰਾਧਿਐਨ ਸੂਤਰ ਦੀ ਚੋਣ ਵਿਸ਼ੇਸ਼ ਰੂਪ ਵਿੱਚ ਚਿੱਤਰਤ ਕਰਨ ਲਈ ਕੀਤੀ ਗਈ।[58]

ਇਸ ਪ੍ਰਕਾਰ ਜੈਨ ਕਲਾ ਦੀ ਪ੍ਰੰਪਰਾ ਹੁਣ ਤੱਕ ਚੱਲੀ ਆ ਰਹੀ ਹੈ।[59]

## ਸਾਰ

ਜੈਨ ਧਰਮ ਦੇ ਸਰਵੇਖਣ ਦੇ ਆਧਾਰ ਤੇ ਇਹ ਸਪੱਸ਼ਟ ਹੈ ਕਿ ਜੈਨ ਪ੍ਰੰਪਰਾ ਇੱਕ ਅਵੈਦਿਕ ਸ਼੍ਰਮਣ ਪ੍ਰੰਪਰਾ ਹੈ। ਜੈਨ ਧਰਮ ਤੋਂ ਉਲਟ ਉਸ ਨੂੰ ਕਿਸੇ ਹੋਰ ਧਰਮ ਦੀ ਸ਼ਾਖਾ ਦੇ ਰੂਪ ਵਿੱਚ ਸਵੀਕਾਰ ਨਹੀਂ ਕੀਤਾ ਜਾ ਸਕਦਾ। ਉਸ ਨੇ ਅਪਣੇ ਇੱਕ ਲੰਬੇ ਇਤਿਹਾਸ ਵਿੱਚ ਉੱਚੇ ਦਰਜੇ ਦਾ ਦਰਸ਼ਨ, ਨੈਤਿਕ ਸੰਸਕ੍ਰਿਤੀ, ਵਿਸ਼ਾਲ ਸਾਹਿਤ, ਅਮੀਰ ਕਲਾ ਅਤੇ ਸ਼ਿਲਪ ਅਤੇ ਸ਼ਰਧਾਲੂ ਸਮਾਜ ਦੀ ਰਚਨਾ ਕੀਤੀ ਹੈ।

ਬ੍ਰਾਹਮਣ ਪ੍ਰੰਪਰਾ ਤੋਂ ਉਲਟ ਜੈਨ ਪ੍ਰੰਪਰਾ ਨੇ ਪਦਾਰਥ ਵਿਚਾਰ ਦੇ ਹਵਾਲੇ ਨਾਲ ਅਨੇਕਾਂਤ ਵਾਦ ਦਾ ਵਿਕਾਸ ਕੀਤਾ ਹੈ। ਉਸ ਨੇ ਈਸ਼ਵਰਵਾਦ ਦੀ ਹੋਂਦ ਤੋਂ ਇਨਕਾਰ ਵੀ ਕੀਤਾ ਹੈ। ਇਸ ਦੇ ਬਦਲੇ ਉਸ ਨੇ ਆਤਮ ਦੀ ਮਹਾਨਤਾ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ।

ਜੈਨ ਧਰਮ ਵੇਦ ਨੂੰ ਧਰਮ ਦੇ ਖੇਤਰ ਵਿੱਚ ਪ੍ਰਮਾਣਕ ਨਹੀਂ ਮੰਨਦਾ ਉਸ ਦਾ ਆਪਣਾ ਪੁਰਾਣਾ ਪ੍ਰਾਚੀਨ ਆਗਮ ਸੰਕਲਨ ਹੈ। ਜੈਨ ਸਾਹਿਤ ਅਤੇ ਕਲਾ ਦਾ ਅਧਿਐਨ ਜੈਨ ਸਿਧਾਂਤ ਅਤੇ ਸਾਧਨਾ ਨੂੰ ਸਮਝਣ ਦੀ ਦ੍ਰਿਸ਼ਟੀ ਤੋਂ ਕੀਤਾ ਜਾ ਸਕਦਾ ਹੈ।

ਜੈਨ ਧਰਮ ਅਨੁਸਾਰ ਧਾਰਮਿਕ ਕ੍ਰਿਆਕਾਂਡ ਦਾ ਅੰਤ ਜਾਂ ਮੂਲ ਉਦੇਸ਼ ਪੱਕੀ ਸ਼ਾਂਤੀ ਅਤੇ ਮੋਕਸ਼ ਦੀ ਪ੍ਰਾਪਤੀ ਕਰਨਾ ਹੈ। ਅਨੰਤ ਗਿਆਨ ਅਤੇ ਦਰਸ਼ਨ ਆਤਮਾ ਦਾ ਸੁਭਾਵਿਕ ਗੁਣ ਹੈ। ਪ੍ਰਾਣੀਆਂ ਵਿੱਚ ਮਨੁੱਖ ਸਭ ਤੋਂ ਵਿਕਸਤ ਪ੍ਰਾਣੀ ਹੈ। ਆਤਮਾ ਦੀ ਵਿਸ਼ੁੱਧ ਅਵਸਥਾ ਦੇ ਅਨੁਭਵ ਕਰਨ ਦੀ ਸ਼ਕਤੀ ਉਸ ਵਿੱਚ ਹੈ, ਜਿਨ, ਤੀਰਥੰਕਰਾਂ ਰਾਹੀਂ ਵਿਖਾਇਆ ਧਰਮ ਅਤੇ ਨੈਤਿਕ ਸੰਸਕ੍ਰਿਤੀ ਆਤਮਾ ਨੂੰ ਪੂਰਨਤਾ ਵੱਲ ਲੈ ਜਾਣ ਦੇ ਲਈ ਇੱਕ ਵਿਵਹਾਰਿਕ ਮਾਰਗ ਦੀ ਰਚਨਾ ਕਰਦੀ ਹੈ।

ਇਹ ਕਹਿਣ ਦੀ ਕੋਈ ਜ਼ਰੂਰਤ ਨਹੀਂ ਹੈ ਕਿ ਭਾਰਤੀ ਧਰਮਾਂ ਵਿੱਚ ਮੋਕਸ਼ ਪ੍ਰਾਪਤ ਕਰਨ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਗਿਆ ਹੈ। ਇਹਨਾਂ ਵਿੱਚ ਅਤੇ ਜੈਨ ਧਰਮ ਦੇ ਸਿਧਾਂਤਾਂ ਵਿੱਚ ਵਿਸ਼ੇਸ਼ ਅੰਤਰ ਇਹ ਹੈ ਕਿ ਜੋ ਤਿਆਗ ਅਤੇ ਸਾਧਨਾ ਦੀ ਗਹਿਰਾਈ ਇਸ ਧਰਮ ਵਿੱਚ ਹੈ, ਉਹ ਹੋਰ ਕਿਤੇ ਨਹੀਂ ਮਿਲਦੀ, ਸੰਸਾਰ

ਦੀ ਹੋਂਦ ਦੁੱਖ ਦਾ ਪ੍ਰਤੀਕ ਹੈ। ਦੁੱਖ ਅਤੇ ਸੰਸਾਰ ਨੂੰ ਭਿੰਨ ਭਿੰਨ ਨਹੀਂ ਕੀਤਾ ਜਾ ਸਕਦਾ ਦੁੱਖ ਤੋਂ ਇਲਾਵਾ ਮਿੱਥਿਆ ਗਿਆਨ ਅਤੇ ਵਿਕਾਰਾਂ ਦੇ ਭਾਵ ਦੇ ਕਾਰਨ ਕਰਮਾਂ ਦਾ ਲਗਾਤਾਰ ਬੰਧ ਹੁੰਦਾ ਰਹਿੰਦਾ ਹੈ। ਇਹਨਾਂ ਤੋਂ ਸਾਵਧਾਨ ਰਹਿਣ ਦੇ ਲਈ ਸ਼੍ਰਮਣ ਸੰਸਕ੍ਰਿਤੀ ਵਿਸ਼ੇਸ਼ ਤੌਰ ਤੇ ਜੈਨ ਅਤੇ ਬੁੱਧ ਧਰਮ ਨੇ ਚੰਗੇ ਸਾਧੂ ਪ੍ਰਦਾਨ ਕੀਤੇ ਹਨ। ਇਸ ਹਵਾਲੇ ਵਿੱਚ ਦੋਹਾਂ ਧਰਮ ਸਮਾਨ ਵਿਚਾਰਾਂ ਦੇ ਹਨ ਕਿ ਸੰਸਾਰ ਦੁੱਖ ਦਾ ਕਾਰਨ ਹੈ।[60]

ਅਗਲੇ ਅਧਿਐਨਾ ਵਿੱਚ ਅਸੀਂ ਜੈਨ ਧਰਮ ਦੇ ਬੰਧ ਅਤੇ ਮੋਕਸ਼ ਸੰਬੰਧੀ ਵਿਚਾਰਾਂ ਦਾ ਇਤਿਹਾਸਕ ਅਤੇ ਵਰਨਾਤਮਕ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਹਵਾਲੇ ਵਿੱਚ ਹਿੰਦੂ, ਬੁੱਧ ਅਤੇ ਸਿੱਖ ਧਰਮਾਂ ਵਿੱਚ ਪ੍ਰਾਪਤ ਵਿਚਾਰਾਂ ਨੂੰ ਵੀ ਅਪਣੇ ਅਧਿਐਨ ਦਾ ਵਿਸ਼ੇ ਬਣਾਇਆ ਹੈ। ਇਸ ਦੇ ਦੋ ਕਾਰਨ ਹਨ: ਪਹਿਲਾ ਤਾਂ ਇਹ ਕਿ ਇਸ ਅਧਿਐਨ ਤੋਂ ਜੈਨ ਧਾਰਮਿਕ ਵਿਚਾਰਾਂ ਨੂੰ ਮੂਲ ਰੂਪ ਵਿੱਚ ਸਮਝਣ ਵਿੱਚ ਸਹਿਯੋਗ ਮਿਲੇਗਾ ਅਤੇ ਦੂਸਰਾ ਇਹ ਕਿ ਇਸ ਨਾਲ ਹਿੰਦੂ, ਬੁੱਧ ਅਤੇ ਸਿੱਖ ਧਰਮਾਂ ਦੇ ਅਧਿਐਨ ਵਿੱਚ ਬੰਧ-ਮੁਕਤੀ ਪ੍ਰਕ੍ਰਿਆ ਦੇ ਅਧਿਐਨ ਵਿੱਚ ਸਾਡਾ ਦ੍ਰਿਸ਼ਟੀਕੋਣ ਵਿਸ਼ਾਲ ਹੋਵੇਗਾ। ਅਸਲ ਵਿੱਚ ਜੈਨ ਧਰਮ ਦਾ ਅਨੇਕਾਂਤਵਾਦ ਸਿਧਾਂਤ ਦੂਸਰੇ ਧਰਮਾਂ ਦੇ ਤੱਥਸੰਗਤ ਸਿਧਾਂਤਾਂ ਦੀ ਪ੍ਰਸ਼ੰਸਾ ਕਰਦਾ ਹੈ। ਭਾਰਤੀ ਦਰਸ਼ਨਾਂ ਦੇ ਅਧਿਐਨ ਦੇ ਹਵਾਲੇ ਵਿੱਚ ਅਸੀਂ ਨਾ ਕੇਵਲ ਇਹ ਪਾਇਆ ਕੀ ਅਨੇਕਾਂ ਸਿਧਾਂਤ ਅਜਿਹੇ ਹਨ ਜਿਨ੍ਹਾਂ ਵਿੱਚ ਸਾਰੇ ਵਿਚਾਰ ਲਗਭਗ ਇੱਕ ਸਮਾਨ ਹਨ। ਪਰ ਅਜਿਹੇ ਵੀ ਤੱਥ ਵਿਖਾਈ ਦਿੱਤੇ ਜੋ ਇੱਕ ਦੂਸਰੇ ਤੋਂ ਬਿਲਕੁਲ ਭਿੰਨ ਹਨ।

ਜੈਨ ਧਰਮ ਦੇ ਮੋਕਸ਼ ਦੇ ਸਿਧਾਂਤ ਨੂੰ ਸਮਝਣ ਲਈ ਉਸ ਦੇ ਆਤਮਾ ਦੇ ਸਿਧਾਂਤ ਨੂੰ ਸਮਝਣ ਦੀ ਜ਼ਰੂਰਤ ਹੈ। ਜੈਨ ਧਰਮ ਦਾ ਆਤਮਾ ਸੰਬੰਧੀ ਵਿਚਾਰ ਕੁੱਝ ਗੂੜਾ ਜਿਹਾ ਲੱਗਦਾ ਹੈ। ਅਗਲੇ ਅਧਿਐਨ ਵਿੱਚ ਅਸੀਂ ਇਸ ਤੇ ਵਿਸਥਾਰ ਨਾਲ ਅਧਿਐਨ ਕਰਾਂਗੇ।

ਹਵਾਲੇ: ਵੇਖੋ ਉਦਾਹਰਣ ਲਈ:

1. Jarl Charpentier in the Cambridge History of India, Vol. I. PP. 134 – 135
2. A Source Book in Indian Philosophy, 1957
3. G.C. Pandey, Studies in the Origins of Buddhism P. 317
4. Sir John Marshall et al, Mohenjodaro and the Indus Civilization, Vol. I.P. 48 F.F.
5. Do Vol. I. Plates XIII, 17a, IVI, 28, CXVII, II.
6. Brahmanism, Buddhism and Hinduism PP. 62 – 63 By Dr. Lal Mani Joshi
7. Do Page 62
8. Studies in the Origins of Buddhism. Chapter on the Vedic Background by Govind Chander Pandy and Brahmnism Buddhism and Hinduism PP. 31 – 45, by L. M. Joshi. Aspects of Buddhism in Indian History PP. 14 – 26 by L.M. Joshi.
9. Righ Ved X, 136, 2 – 4
10. A.A. Macdonell and A.B. Keith, Vedic Index of Names and Subjects, Vol. II, PP. 167 – 168
11. Ateriya Brahmin VII, 13,7, see Shankhyayan Srutsuttar XV, 17, L.M. Joshi, Brahminism, Buddhism and Hinduism P. 35
12. Heinrich, Zimmer, Philosophy of India P. 281
13. G.C. Pandy do PP. 251, L.M. Joshi, Brahminism, Buddhism and Hinduism P. 48
14. Sakumar Dutt, Early Buddhist Monachism P. 39

15. L.M. Joshi, Aspects of Buddhism in Indian History, PP. 15 – 26, L.M. Joshi, Studies in the Buddist Culture of India, P. xviii.
16. A.B. Keith, Religion and Philosphy of the Veda and Upanishads, Vol. II, PP. 498 – 502
17. 24 ਤੀਰਥੰਕਰਾਂ ਅਤੇ ਹੋਰ ਜੈਨ ਮਹਾਂਪੁਰਸ਼ਾਂ ਦੇ ਸੰਬੰਧ ਵਿੱਚ ਵਿਸਥਾਰ ਨਾਲ ਵੇਖੋ, ਤ੍ਰਿਸ਼ਠਸ਼ਲਾਕਾਪੁਰਸ਼ ਚਰਿੱਤਰ; Encyclopedia of Religion and Ethics, Vol. vii, PP. 466 FF. ਵਿੱਚ ਪ੍ਰਕਾਸ਼ਿਤ 'Jainism' by Herimen Zecobi
18. ਥੇਰਵਾਦੀ ਬੁੱਧ ਧਰਮ ਵਿੱਚ 25 ਬੁੱਧਾਂ ਦੇ ਹਵਾਲੇ ਲਈ ਵੇਖੋ ਬੁੱਧ ਵੰਸ਼ (ਖੁਦੱਕ ਨਿਕਾਏ) Vol. 3 P. 466 FF. 25 ਬੁੱਧਾਂ ਦੇ ਨਾਂ ਇਸ ਪ੍ਰਕਾਰ ਹਨ:

i. ਦਿਪੰਕਰ
ii. ਕੋਂਡਜਯ
iii. ਮੰਗਲ
iv. ਸੁਮਨ
v. ਰੇਵਤ
vi. ਸੋਭਿਤ
vii. ਅਨੁਮਦੱਸੀ
viii. ਪਦਮ
ix. ਨੀਰਦ
x. ਪਮੋਤਰ
xi. ਸੁਮੇਧ
xii. ਸੁਜਾਤ
xiii. ਪਿਯਦੱਸੀ
xiv. ਅੱਥਦੱਸੀ

xv. ਧੱਮਦੱਸੀ
xvi. ਸਿਧੱਥ
xvii. ਤਿੱਸ
xviii. ਪੁੱਸ
xix. ਵਿਪੱਸੀ
xx. ਸਿਖੀ
xxi. ਸਿਖੀ
xxii. ਕਕੁਸੰਦ
xxiii. ਕੋਨਾਗਮਨ
xxiv. ਕਸੱਪ
xxv. ਗੋਤਮ

19. ਡਾ: ਹੀਰਾ ਲਾਲ ਜੈਨ, ਭਾਰਤੀ ਸੰਸਕ੍ਰਿਤੀ ਮੇਂ ਜੈਨ ਧਰਮ ਕਾ ਯੋਗਦਾਨ P.P. 342 – 43, A Source Book in Indian Philosophy P. 250 bY Dr. Bhag Chander Jain, Jainism in Buddist Literature PP. 3
20. Vishnu Puran by H.H. Wilson, P 133, Bhagwat Puran v/3-6
21. S.B. Dev, History of Jain Monachism P. 59
22. Dr. Bhag Chander Jain, Jainism in Buddhist Literature PP. 22 – 26, ਜੈਨ ਦਰਸ਼ਨ ਏਵਮ ਸੰਸਕ੍ਰਿਤੀਕ ਇਤਿਹਾਸ PP. 14 – 20
23. ਕਲਪ ਸੂਤਰ SBE. Vol. xxii, PP. 271 – 75
24. Jain Sutras, SEB., Vol xLv. Introduction, P, xv, FF., and Jainism in Buddist Literature by Dr. Bhag Chander Jain
25. Acharang Sutar PP 1373, Edit by (Acharya Shri Atma Ram Ji Maharaj)

26. ਉਹੀ ਪੰਨਾ 1370
27. ਅੰਗੁਤਰ ਨਿਕਾਯ Vol. iv. P. 67
28. ਮਹਾਬੱਗ P. 249 FF
29. ਅੰਗੁਤਰ ਨਿਕਾਯ Vol. iv. P. 190 – 91
30. E. W. Hopkins, The Religions of India, P. 282 Footnote
31. Dr. Jyoti Parshad Jain, Jainism; the oldest religion, p. 51; Jain Antiquary, xv. 2, P. 58.
32. ਹੀਰਾ ਲਾਲ ਜੈਨ, ਭਾਰਤੀਯ ਸੰਸਕ੍ਰਿਤੀ ਮੇਂ ਜੈਨ ਧਰਮ ਕਾ ਯੋਗਦਾਨ, PP. 342 – 43
33. H.C. Rai Chaudhry, Political History of Ancient India, 1953, PP. 187 FF, 239 FF,
34. ਦੀਘਨਿਕਾਯ, Vol. I, ਬ੍ਰਹਮਜਾਲਸੁੱਤ
35. ਸੁਯਗਡਾਂਗ, ਸ਼ੀਲਾਂਕਾ ਅਚਾਰੀਆ ਰਚਿਤ ਵਿਆਖਿਆ ਸਹਿਤ, ਆਗਮੋਦਯ ਸਮਿਤੀ 1977, PP 208 FF SBE=xl, P. 315, S>B. Deo History of Jain Monachism P. 64
36. ਕਲਪ ਸੂਤਰ, SBE Vol. xxii, P. 217 – 270; ਤ੍ਰਿਸਠਸ਼ਿਲਾਕਾਪੁਰਸ਼ ਚਰਿੱਤਰ ਅੰਗਰੇਜ਼ੀ ਅਨੁਵਾਦ. GOS. Nos. 51, 77, ਹੀਰਾ ਲਾਲ ਜੈਨ, ਭਾਰਤੀਯ ਸੰਸਕ੍ਰਿਤੀ ਮੇਂ ਜੈਨ ਧਰਮ ਕਾ ਯੋਗਦਾਨ
37. ਉਤਰਾਧਿਐਨ ਸੂਤਰ ਸੰਪਾਦਕ ਅਧਿਐਨ xxiii, (ਸੰਪਾਦਕ: ਆਰ. ਡੀ. ਵੇਦੇਕਰ ਅਤੇ ਐਨ. ਵੀ. ਵੈਦਯ, ਪੂਨਾ 1959) ਪੰਨਾ 640
38. L.M. Joshi, Facts of Jain Religiousness in Comparative Light, Ahmedabad, L.D. Institute of Indology, 1981
39. ਗਨਧਰਵਾਦ, ਪੰਨਾ: 8, ਸਮਵਯਾਂਗ ਅਭੈਦੇਵ ਚੂਰਨੀ, ਅਹਿਮਦਾਬਾਦ, 1938, PP. 69 – B, 83 – A, 84 B – 100 B.
40. ਕਲਪ ਸੂਤਰ, SBE Vol. xxii, P. 287;

41. ਇੱਥੇ ਸਵੇਤਾਂਬਰ ਜੈਨ ਮਾਨਤਾ ਅਨੁਸਾਰ ਦੱਸਿਆ ਗਿਆ ਹੈ, ਵੇਖੋ ਅਨੁਵਾਦਕ ਦਾ ਗ੍ਰੰਥ ਜੈਨ ਦਰਸ਼ਨ ਅਤੇ ਸੰਸਕ੍ਰਿਤੀ ਦਾ ਇਤਿਹਾਸ ਪੰਨਾ 28 – 32
42. ਜਿਵੇਂ ਅਨੇਕਾਂ ਜੈਨ ਸਿਧਾਂਤ ਗ੍ਰੰਥਾਂ ਤੋਂ ਪਤਾ ਚੱਲਦਾ ਹੈ ਕਿ ਆਰੀਆ ਸੁਧਰਮਾ, ਆਰੀਆ ਜੰਬੂ ਨੂੰ ਆਖਦੇ ਹਨ।
43. ਜੈ ਧਵਲਾ ਭਾਗ –1 ਦੀ ਪ੍ਰਸਤਾਵਨਾ ਪੰਨਾ 23 – 30 ਵਿੱਚ ਇਹ ਸਮਾਂ 62 ਸਾਲ ਦਿੱਤਾ ਗਿਆ ਹੈ – ਅਨੁਵਾਦਕ
44. ਐਸ. ਵੀ. ਦੇਵ History of Jain Monachism P- 70
45. M.L. Mehta, Jain Culture P -17
46. Bhagwati Suttar, XV, Suttar 554, A.L. Bhashim written History and Doctrine of Ajivikas, P 27
47. Dhegh Nikaye, Vol. I, Samanj Phal Suttar PP – 46 FF
48. A.L. Bhashim written History and Doctrine of Ajivikas, PP 13 – 14
49. Do P – 14
50. Aagamuday Samti Bombay, 1921, PP 369 FF, Thanag, Aagamuday Samti 1975, P 233 B. Appatik Suttar 41 etc.
51. Bhagwati Suttar, PP 659 F
52. S. B. Dev, History of Jain Monachism, PP. 79-80; See K.K. Dixit's Jain Ontology, PP. 129-30, Kamal Chand Sogani, Ethical Doctrines in Jainism PP. 7-8
53. ਆਵੱਸਯਕ ਨਿਰਯੁਕਤੀ: 192
54. Louis Renov: Religions of Ancient India – 120
55. Mohan Lal Mehta, Jain Cultur P 125 and also see L.M. Joshi's Jainism P 96-114

56. Ummakant P Shah's Studies in Jain Art P – 9, ਆਵੱਸਯਕ ਚੁਰਨੀ by Jin Das PP – 223 – 27, 567
57. Ummakant P Shah's do P-10-11
58. Mohan Lal Mehta, Jain Cultur P 132 - 33
59. See; L.M. Joshi's Jainism; Jain Literature and Art, Punjabi University Patiala 1975, See reference Moti Chand U.P. Shah, M.A. Theke, H.K. Parsad, R.P. Sharma and M.L. Nigam, See the collection of Articles published by Shri Mahavir Jain Vidiyala Golden Jubilee Volume Pt. I, Bombay 1968 and also see Jain Art and Architect by Bhartiya Giyan Peeth 1975, Dr. Bhag Chand Bhaskar's Jain Darshan Aivam Sanskritik Itihas Chapter, Jain Kala, published by Nagpur Vidiya Peeth 1977.
60. See L.M. Joshi, Facets of Jain Religiousness in Comparative Light, Ahmedabad, L.D. Institute of Indology 1981-PP – 1 – 37.

# 2
# ਆਤਮਾ ਦਾ ਸਿਧਾਂਤ

ਜ਼ਿਆਦਾ ਭਾਰਤੀ ਦਰਸ਼ਨ ਆਤਮਾ, ਪੁਰਸ਼, ਬ੍ਰਹਮਾ ਜਾਂ ਜੀਵ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਬੁੱਧ ਧਰਮ ਜ਼ਰੂਰ ਇੱਕੋ ਇੱਕ ਧਰਮ ਹੈ ਜੋ ਆਤਮਾ ਦੀ ਸ਼ਾਸਵਤਾ (ਹਮੇਸ਼ਾ ਰਹਿਣ) ਨੂੰ ਸਵੀਕਾਰ ਨਹੀਂ ਕਰਦਾ। ਇਸ ਅਧਿਆਏ ਵਿੱਚ ਅਸੀਂ ਜੈਨ ਧਰਮ ਦੇ ਆਤਮਾ ਸੰਬੰਧੀ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਇਸ ਸਿਧਾਂਤ ਨੂੰ ਸਰਲਤਾ ਨਾਲ ਸਮਝਿਆ ਜਾ ਸਕੇਗਾ ਜਦੋਂ ਅਸੀਂ ਬ੍ਰਾਹਮਣ ਅਤੇ ਬੁੱਧ ਦਰਸ਼ਨਾਂ ਰਾਹੀਂ ਮੰਨੇ ਆਤਮਾ ਦੇ ਸਿਧਾਂਤ ਨੂੰ ਸਮਝ ਲਈਏ। ਇਸ ਲਈ ਸਾਨੂੰ ਵੈਦਿਕ ਸਿਧਾਂਤ ਰਾਹੀਂ ਮੰਨੇ ਆਤਮਾ ਦੇ ਵਿਕਾਸ ਸੂਤਰਾਂ ਦਾ ਸਰਵੇਖਣ ਕਰਾਂਗੇ।

## ਬ੍ਰਾਹਮਣ ਧਰਮ ਤੇ ਆਤਮਾ ਦਾ ਸਿਧਾਂਤ

ਸੈਲਫ ਦੇ ਲਈ ਭਾਰਤੀ ਸ਼ਬਦ ਆਤਮਾ ਹੈ। ਸੰਸਕ੍ਰਿਤ ਸ਼ਬਦ ਆਤਮ ਦੇ ਲਈ ਸੰਖੇਪ ਅੰਗਰੇਜ਼ੀ ਸ਼ਬਦ ਮਿਲਣਾ ਬਹੁਤ ਮੁਸ਼ਕਲ ਹੈ। ਆਧੁਨਿਕ ਅੰਗਰੇਜ਼ੀ ਵਿੱਚ ਇਸ ਦੇ ਲਈ ਇਹਨਾਂ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। Self, Spirit, Being ਅਤੇ Soul ਅਸਲੀਅਤ ਤਾਂ ਇਹ ਹੈ ਕਿ ਆਤਮ ਸ਼ਬਦ ਦੇ ਅਰਥ ਦੇ ਘੇਰੇ ਵਿੱਚ ਇਹ ਸਾਰੇ ਸ਼ਬਦਾਂ ਦੇ ਅਰਥ ਸਮਾ ਜਾਂਦੇ ਹਨ। ਇੱਥੇ ਅਸੀਂ ਆਤਮ ਸ਼ਬਦ ਦੇ ਅਰਥ ਵਿੱਚ ਸੈਲਫ ਸ਼ਬਦ ਦਾ ਪ੍ਰਯੋਗ ਕੀਤਾ ਹੈ। ਫੇਰ ਵੀ ਇਸ ਸ਼ਬਦ ਦੇ ਭਿੰਨ ਰੂਪ ਜਾਂ ਭਾਰਤੀ ਸਾਹਿਤ ਵਿੱਚ ਬਰਾਬਰ ਮਹੱਤਵ ਵਾਲੇ ਸ਼ਬਦ ਵਰਣਨਯੋਗ ਹਨ। ਇਸ ਪ੍ਰਕਾਰ ਆਤਮਾ ਸ਼ਬਦ ਵੈਦਿਕ ਸਾਹਿਤ ਵਿੱਚ ਮਿਲਦਾ ਹੈ, ਇਸ ਦੇ ਪਾਲੀ ਰੂਪ ਅੱਤਾ, ਪ੍ਰਾਕ੍ਰਿਤ ਰੂਪ ਅੱਪਾ ਅਤੇ ਸ਼ੋਰਸ਼ੈਨੀ ਪ੍ਰਾਕ੍ਰਿਤ ਰੂਪ ਆਧਾ ਤੋਂ ਅਸੀਂ ਜਾਣੂ ਹਾਂ। ਬ੍ਰਾਹਮਣ ਸਾਹਿਤ ਵਿੱਚ ਆਤਮ ਤੋਂ ਇਲਾਵਾ ਉਸੇ ਅਰਥ ਵਿੱਚ ਪ੍ਰਗਿਆ, ਵੀਤ ਅਤੇ ਬ੍ਰਹਮਾ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਪ੍ਰਾਣ ਸ਼ਬਦ ਸਾਹ ਦੇ ਹਵਾਲੇ ਨਾਲ ਆਇਆ ਹੈ। ਜੀਵ ਚੇਤਨਤਾ ਦੇ ਸਿਧਾਂਤ ਨੂੰ ਪ੍ਰਗਟ ਕਰਦਾ ਹੈ। ਆਤਮ ਸ਼ਬਦ ਖ਼ੁਦ ਵੱਲ ਸੰਕੇਤ ਕਰਦਾ ਹੈ ਜਾਂ ਆਪਣੇ ਸੁਭਾਅ ਜਾਂ ਹੋਂਦ ਨੂੰ ਪ੍ਰਗਟ ਕਰਦਾ ਹੈ। ਬ੍ਰਹਮਾ

ਸ਼ਬਦ ਆਖਰੀ ਸੱਚ ਵੱਲ ਇਸ਼ਾਰਾ ਕਰਦਾ ਹੋਇਆ ਹਿੰਦੂ ਧਰਮ ਵਿੱਚ ਆਤਮ ਵਿਦਿਆ ਦੇ ਅਰਥ ਵਿੱਚ ਜ਼ਿਆਦਾ ਪ੍ਰਯੋਗ ਹੋਇਆ ਹੈ। ਇਸ ਹਵਾਲੇ ਨਾਲ ਜਦੋਂ ਆਤਮਾ ਦਾ ਪ੍ਰਯੋਗ ਬ੍ਰਹਮਾ ਦੇ ਅਰਥ ਵਿੱਚ ਹੋਣ ਲੱਗਾ ਤਾਂ ਆਖਰੀ ਸੱਚ ਦੇ ਲਈ ਦੂਸਰਾ ਸ਼ਬਦ ਸੈਲਫ ਮੰਨਿਆ ਜਾ ਸਕਦਾ ਹੈ।

ਪ੍ਰਾਚੀਨ ਵੈਦਿਕ ਗ੍ਰੰਥਾਂ ਵਿੱਚ 'ਆਤਮਾ' ਨੂੰ ਜ਼ਿੰਦਗੀ - ਮੌਤ ਸੂਚਕ ਸਾਹ ਦੇ ਰੂਪ ਵਿੱਚ ਸਮਝਿਆ ਗਿਆ ਹੈ। ਰਿਗਵੇਦ ਦੇ ਕੁੱਝ ਸਥਾਨਾਂ ਤੇ 'ਮਨਸ' ਨੂੰ ਵਿਚਾਰ ਦਾ ਕੇਂਦਰ ਮੰਨਿਆ ਗਿਆ ਅਤੇ ਹਿਰਦੇ ਵਿੱਚ ਰਹਿਣ ਵਾਲਾ ਕਿਹਾ ਗਿਆ ਹੈ। ਉਪਨਿਸ਼ਧਾਂ ਵਿੱਚ ਆਤਮਾ ਤੇ ਬ੍ਰਹਮ ਦੋਹਾਂ ਸ਼ਬਦਾਂ ਦਾ ਪ੍ਰਯੋਗ ਬਹੁਤ ਸਥਾਨਾਂ ਤੇ ਇਕੋ ਰੂਪ ਵਿੱਚ ਹੋਇਆ ਹੈ। ਉੱਥੇ ਕਿਹਾ ਗਿਆ ਹੈ ਕਿ ਬ੍ਰਹਮਾ ਸ਼ਬਦ ਦਾ ਮੂਲ ਅਰਥ ਹੈ-ਪਵਿੱਤਰ ਗਿਆਨ, ਪ੍ਰਾਥਨਾ ਜਾਂ ਚਮਤਕਾਰੀ ਜਾਂ ਰਹੱਸ ਵਾਲਾ ਤੱਤਵ। 'ਬ੍ਰਹਮਾਂਵਤ' ਅਤੇ ਬ੍ਰਹਮਵਰਚਸਵ ਜਿਹੇ ਸ਼ਬਦ ਇਹ ਦੱਸਦੇ ਹਨ ਕਿ ਬ੍ਰਹਮਾ ਦਾ ਅਰਥ ਚਮਤਕਾਰ ਜਾਂ ਧਾਰਮਿਕ ਗਿਆਨ ਹੀ ਨਹੀਂ ਸਗੋਂ ਉਹ ਸ਼ਕਤੀ ਹੈ ਜੋ ਪਵਿੱਤਰ ਮੰਤਰਾਂ, ਪ੍ਰਾਥਨਾਵਾਂ ਅਤੇ ਗਿਆਨ ਵਿੱਚ ਹੈ[1]।

## ਉਪਨਿਸ਼ਧ

ਉਪਨਿਸ਼ਧ ਦਾ ਪ੍ਰੀਸ਼ਧ ਸਿਧਾਂਤ ਹੈ - ਆਤਮਵਾਦ ਜਿਸ ਨੂੰ ਆਖਰੀ ਸੱਚ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਪ੍ਰਾਚੀਨ ਉਪਨਿਸ਼ਧਾਂ ਵਿੱਚ ਆਤਮਾ ਨੂੰ ਇੱਕ ਸ਼ਾਸਵਤ, ਚੇਤਨ ਅਤੇ ਸਰਵਵਿਆਪੀ ਕਿਹਾ ਗਿਆ ਹੈ। ਆਤਮਾ ਸੱਭ ਪਾਸੇ ਹੈ, ਸੰਸਾਰ ਦਾ ਆਧਾਰ ਹੈ, ਉਪਨਿਸ਼ਧਾਂ ਦੇ ਕੁੱਝ ਉਦਾਹਰਣਾਂ ਵਿੱਚ ਆਤਮਾ ਦੀ ਪਹਿਚਾਣ ਬ੍ਰਹਮਾ ਨਾਲ ਕੀਤੀ ਗਈ ਹੈ। ਬ੍ਰਹਮਾ ਸੰਸਾਰ ਦਾ ਪੱਕਾ ਸਿਧਾਂਤ ਹੈ। ਅਜਿਹਾ ਤੱਤਵ ਹੈ ਜੋ ਅੰਦਰ ਹੈ ਅਤੇ ਬਹੁਤ ਮਹੱਤਵ ਦਾ ਹੈ। ਦੂਸਰੇ ਸ਼ਬਦਾਂ ਵਿੱਚ ਬ੍ਰਹਮਾ ਜਾਂ ਈਸ਼ਵਰ ਅਤੇ ਆਤਮਾ ਜਾਂ ਸੈਲਫ ਸਮਾਨ ਅਰਥ ਵਾਲੇ ਸ਼ਬਦ ਹਨ। ਇਸ ਆਖਰੀ ਸੱਚ ਨੂੰ ਵੇਦਾਂਤ ਦੇ ਅਦਵੈਤ ਫਿਰਕੇ ਵਿੱਚ ਜ਼ਿਆਦਾ ਵਿਕਸਤ ਕੀਤਾ ਗਿਆ ਹੈ। ਪ੍ਰਾਚੀਨ ਉਪਨਿਸ਼ਧਾਂ ਵਿੱਚ ਆਤਮਾ ਦੇ ਸੁਭਾਅ ਦੇ ਵਿਸ਼ੇ ਵਿੱਚ ਆਪਸ ਵਿਰੋਧੀ ਮੱਤ ਪ੍ਰਾਪਤ ਹੁੰਦੇ ਹਨ। ਤੈਤਰਿਆ ਉਪਨਿਸ਼ਧ ਵਿੱਚ ਆਤਮਾ ਦੇ ਪੰਜ ਰੂਪ ਮਿਲਦੇ ਹਨ- ਅੱਨਮਯ,

ਪ੍ਰਾਣਮਯ, ਮਨੋਮਯ, ਵਿਗਿਆਨਮਯ ਅਤੇ ਆਨੰਦਮਯ[2]। ਇਸੇ ਤਰ੍ਹਾਂ ਉਪਨਿਸ਼ਧਾਂ ਵਿੱਚ ਇਹ ਕਿਹਾ ਗਿਆ ਹੈ ਕਿ ਬ੍ਰਹਮਾ ਭੋਜਨ ਹੈ, ਪ੍ਰਾਣ ਹੈ, ਦਿਮਾਗ ਹੈ, ਉਸ ਵਿਚੋਂ ਹੀ ਪਦਾਰਥਾਂ ਦਾ ਜਨਮ ਹੋਇਆ ਹੈ, ਉਹ ਹੋਂਦ ਵਿੱਚ ਹੈ ਅਤੇ ਉਹਨਾਂ ਦਾ ਅੰਤ ਹੋਇਆ ਹੈ। ਇਸ ਦਾ ਅਰਥ ਹੈ ਕਿ ਆਤਮਾ ਜਾਂ ਬ੍ਰਹਮਾ ਨੂੰ ਭੋਜਨ, ਪ੍ਰਾਣ ਤੇ ਦਿਮਾਗ ਦੇ ਨਾਲ ਪਛਾਣਿਆ ਜਾ ਸਕਦਾ ਹੈ।

ਉਪਨਿਸ਼ਧਾਂ ਦੇ ਅਨੇਕਾਂ ਉਦਾਹਰਣਾ ਵਿੱਚ ਆਤਮਾ ਜਾਂ ਬ੍ਰਹਮਾ ਸ਼੍ਰਿਸਟੀ ਦਾ ਕਰਤਾ ਹੈ। ਤੈਤਰਿਆ ਉਪਨਿਸ਼ਧ ਆਖਦਾ ਹੈ ਕਿ ਉਹ ਉਸ ਦੇ ਰਾਹੀਂ ਬਣਾਇਆ ਗਿਆ ਅਤੇ ਉਸ ਨੇ ਹੀ ਉਸ ਵਿੱਚ ਪ੍ਰਵੇਸ਼ ਕੀਤਾ ਹੈ[3]।

ਛਾਂਦੋਗਿਓ ਉਪਨਿਸ਼ਧ ਵਿੱਚ ਬ੍ਰਹਮਾ ਦਾ ਵਰਣਨ ਜੀਵਨ, ਆਨੰਦ ਅਤੇ ਸ਼ੁਨਯ (ਜ਼ੀਰੋ) ਦੇ ਰੂਪ ਵਿੱਚ ਕੀਤਾ ਗਿਆ ਹੈ। ਉਪਨਿਸ਼ਧ ਦਾ ਇਹ ਆਤਮਾ ਦਾ ਸਿਧਾਂਤ ਸਰਵ ਈਸ਼ਵਰਵਾਦੀ ਜਾਂ ਸਰਵ ਦੇਵਤਾਵਾਦੀ ਹੈ, ਆਤਮਾ ਸਰਵ ਵਿਆਪਕ ਹੈ, ਸਾਰੇ ਵਸਤੂਆਂ ਵਿੱਚ ਫੈਲੀ ਹੈ। ਮੁੰਡਕ ਉਪਨਿਸ਼ਧ ਵਿੱਚ ਇਸੇ ਪ੍ਰਕਾਰ ਦਾ ਵਰਣਨ ਆਇਆ ਹੈ[4]।

ਸੰਸਾਰ ਦੀ ਅਸਲੀਅਤ ਬ੍ਰਹਮਾ ਤੇ ਨਿਰਭਰ ਕਰਦੀ ਹੈ। ਭਾਵੇਂ ਉਹ ਸੰਸਾਰ ਦਾ ਸਿਰਜਕ ਹੈ ਪਰ ਉਹ ਕ੍ਰਿਆ ਰਹਿਤ ਅਤੇ ਨਿਸ਼ਚਲ ਹੈ। ਕੁੱਝ ਉਦਾਹਰਣਾ ਵਿੱਚ ਆਤਮਾ ਨੂੰ ਨਾਂਹ ਪੱਖੀ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਪਰ ਜ਼ਿਆਦਾ ਸਥਾਨਾਂ ਤੇ ਉਸ ਨੂੰ ਹਾਂ ਪੱਖੀ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਇਸ ਪ੍ਰਕਾਰ ਆਤਮਾ ਅੰਤਰ ਆਤਮਾ ਹੈ, ਪੱਥ ਦਰਸ਼ਕ ਹੈ, ਗਿਆਤਾ (ਜਾਣਨ ਵਾਲਾ) ਹੈ ਅਤੇ ਕਰਮ ਫਲ ਭੋਗਣ ਵਾਲਾ ਹੈ। ਉਹ ਸਰਵ ਵਿਆਪਕ ਅਤੇ ਹਰ ਜਗ੍ਹਾ ਰਹਿਣ ਵਾਲਾ ਹੈ।

ਤੈਤਰਿਆ ਉਪਨਿਸ਼ਧ ਵਿੱਚ ਬ੍ਰਹਮਾ, ਸੱਚ, ਗਿਆਨ ਅਤੇ ਅੰਨਤ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਉਹ ਬ੍ਰਹਮਾ ਮਨੁੱਖ ਦੇ ਹਿਰਦੇ ਵਿੱਚ ਰਹਿੰਦਾ ਹੈ[5]। ਉਪਨਿਸ਼ਧਾਂ ਦੇ ਆਤਮਾ ਸੰਬੰਧੀ ਵਿਚਾਰਾਂ ਵਿੱਚ ਆਸਤਿਕਤਾ ਅਤੇ ਸੁਤੰਤਰਤਾ ਮਿਲਦੀ ਹੈ। ਜੈਨ ਧਰਮ ਦੇ ਉਲਟ ਅਨੇਕਾਂ ਉਪਨਿਸ਼ਧਾਂ ਦੇ ਉਦਾਹਰਣ ਜੀਵਨ ਦੇ ਸਾਰੇ ਰੂਪਾਂ ਨੂੰ ਸਿਖਾਉਂਦੇ ਹਨ। ਅਸੀਂ ਇਹ ਕਹਿ

ਸਕਦੇ ਹਾਂ ਕਿ ਜੈਨ ਧਰਮ ਦੇ ਆਤਮ ਬਹੁਤਵ ਵਾਦ (ਅੰਨਤ ਆਤਮਾਵਾਂ) ਦੇ ਉਲਟ ਵੇਦਾਂਤ ਆਤਮਾਂ ਦੇ ਇੱਕਤਵ ਵਾਦ (ਇੱਕ ਆਤਮਾ) ਨੂੰ ਸਿਖਾਉਂਦਾ ਹੈ।

## ਭਗਵਤ ਗੀਤਾ

ਉਪਨਿਸ਼ਧਾਂ ਤੋਂ ਬਾਅਦ ਬ੍ਰਾਹਮਣ ਧਰਮ ਅਧਿਆਤਮ ਵਿਦਿਆ ਦੇ ਖੇਤਰ ਵਿੱਚ ਸਭ ਤੋਂ ਪ੍ਰਮੁੱਖ ਅਤੇ ਪ੍ਰਮਾਣਿਕ ਗ੍ਰੰਥ ਹੈ ਭਗਵਤ ਗੀਤਾ ਹੈ। ਇਹ ਵੈਦਿਕ ਅਤੇ ਅਵੈਦਿਕ ਸਿਧਾਤਾਂ ਦਾ ਸੁੰਦਰ ਸਮੀਕਰਨ ਪੇਸ਼ ਕਰਦਾ ਹੈ। ਆਤਮਾ ਅਤੇ ਬ੍ਰਹਮ ਦੀ ਏਕਤਾ ਕਿਸ ਪ੍ਰਕਾਰ ਹੋਵੇ, ਇਹ ਗ੍ਰੰਥ ਵਿੱਚ ਸਿਖਾਇਆ ਗਿਆ ਹੈ। ਭਗਵਤ ਗੀਤਾ ਆਤਮਾ ਅਤੇ ਭੌਤਿਕ ਪਦਾਰਥਾਂ ਵਿੱਚ ਸਪੱਸ਼ਟ ਭੇਦ ਰੇਖਾ ਖਿੱਚਦੀ ਹੈ, ਭਾਵੇਂ ਇਹਨਾਂ ਦੋਹਾਂ ਦੀ ਰਚਨਾ ਈਸ਼ਵਰ ਦੇ ਲਈ ਹੋਈ ਹੈ। ਈਸ਼ਵਰ ਦੇ ਲਈ ਬ੍ਰਹਮ, ਪੁਰਸ਼, ਈਸ਼ਵਰ, ਵਿਸ਼ਨੂੰ, ਕ੍ਰਿਸ਼ਨ, ਵਾਸਦੇਵ ਆਦਿ ਨਾਵਾਂ ਦਾ ਪ੍ਰਯੋਗ ਕੀਤਾ ਗਿਆ ਹੈ।

ਦੂਸਰੇ ਪਾਸੇ ਆਤਮਾ ਨੂੰ ਸਾਸਵਤ, ਅਜਨਮਾ, ਸਰਵ ਵਿਆਪਕ, ਪ੍ਰਾਚੀਨ, ਅਪ੍ਰਕਾਸ਼ਯ ਅਤੇ ਅਚਿੰਤਨ ਮੰਨਿਆ ਗਿਆ ਹੈ। ਉਹ ਨਾਸ਼ ਰਹਿਤ ਹੈ, ਇਹੋ ਅਵਿਨਸ਼ਵਰਤਾ (ਅਮਰ) ਜਾਂ ਜਨਮ ਮਰਨ ਰਹਿਤ ਆਤਮਾ ਪ੍ਰਮਾਤਮਾ ਦੇ ਨਾਲ ਏਕਾਕਾਰ ਹੋ ਜਾਂਦਾ ਹੈ[6]। ਆਤਮਾ ਦੀ ਅਵਿਨਾਸ਼ਵਰਤਾ ਨੂੰ ਇਸ ਪ੍ਰਕਾਰ ਸਪੱਸ਼ਟ ਕੀਤਾ ਗਿਆ ਹੈ[7]।

ਇਸ ਆਤਮਾ ਨੂੰ ਹੱਥਿਆਰ ਕੱਟ ਨਹੀਂ ਸਕਦੇ, ਇਸ ਨੂੰ ਅੱਗ ਜਲਾ ਨਹੀ ਸਕਦੀ, ਇਸ ਨੂੰ ਪਾਣੀ ਗਾਲ ਨਹੀਂ ਸਕਦਾ ਅਤੇ ਹਵਾ ਇਸ ਆਤਮਾ ਨੂੰ ਸੁਖਾ ਨਹੀਂ ਸਕਦੀ॥ 23

ਕਿਉਂਕਿ ਇਹ ਆਤਮਾ ਛੇਦ ਰਹਿਤ ਹੈ, ਇਹ ਆਤਮਾ ਅੱਗ ਦੇ ਸੇਕ ਤੋਂ ਰਹਿਤ ਹੈ, ਪਾਣੀ ਦੇ ਪ੍ਰਭਾਵ ਤੋਂ ਰਹਿਤ ਹੈ ਅਤੇ ਬਿਨ੍ਹਾਂ ਸ਼ੱਕ ਇਹ ਹਵਾ ਦੇ ਪ੍ਰਭਾਵ ਤੋਂ ਰਹਿਤ ਹੈ ਅਤੇ ਇਹ ਆਤਮਾ ਨਿੱਤ (ਹਮੇਸ਼ਾਂ ਰਹਿਣ ਵਾਲਾ) ਸਰਵਵਿਆਪੀ (ਸਭ ਜਗ੍ਹਾ ਫੈਲਿਆ ਹੋਇਆ), ਅੱਚਲ (ਗਤੀ ਰਹਿਤ), ਸਥਿਰ ਰਹਿਣ ਵਾਲਾ ਅਤੇ ਸਨਾਤਨ (ਪ੍ਰਾਚੀਨ) ਹੈ॥ 24

ਸਾਂਖਯ ਦਰਸ਼ਨ ਦੀ ਤਰ੍ਹਾਂ ਹੀ ਭਗਵਤ ਗੀਤਾ ਵੀ ਆਤਮਾ ਅਤੇ ਈਸ਼ਵਰ ਵਿੱਚ ਭੇਦ ਕਰਦੀ ਹੈ। ਦੋਹਾਂ ਵਿਚਕਾਰ ਸੰਬੰਧ ਉਸ ਦੀ ਦ੍ਰਿਸ਼ਟੀ ਤੋਂ ਹੀ ਹੈ। ਜੋ

ਮਨੁੱਖ ਅਤੇ ਉਸ ਦੇ ਕੱਪੜਿਆਂ ਵਿੱਚ ਰਹਿੰਦਾ ਹੈ। ਪੁਨਰਜਨਮ ਨੂੰ ਇੱਥੇ ਸਵੀਕਾਰ ਕੀਤਾ ਗਿਆ ਹੈ। ਸਰੀਰ ਵਿੱਚ ਰਹਿਣ ਵਾਲਾ ਆਤਮਾ ਜਨਮ, ਮੌਤ ਅਤੇ ਪੁਨਰ ਜਨਮ ਦੀ ਪ੍ਰਕ੍ਰਿਆ ਵਿੱਚ ਘੁੰਮਦਾ ਰਹਿੰਦਾ ਹੈ ਇਸ ਪ੍ਰਕਾਰ ਉਪਨਿਸ਼ਧ ਦੇ ਸਿਧਾਂਤ ਭਗਵਤ ਗੀਤਾ ਵਿੱਚ ਵੀ ਸਿਖਾਏ ਗਏ ਹਨ। ਪਰ ਭਗਵਤ ਗੀਤਾ ਤੇ ਸਾਂਖਯ ਦਰਸ਼ਨ ਦੇ ਅਸਰ ਨੇ ਬ੍ਰਹਮ ਦੇ ਉਪਨਿਸ਼ਧਾਂ ਦੇ ਸਿਧਾਂਤ ਪ੍ਰਾਕ੍ਰਿਤੀ ਅਤੇ ਪੁਰਸ਼ ਦੇ ਸਾਂਖਯ ਸਿਧਾਂਤ ਅਤੇ ਵੈਸ਼ਨਵ ਅਧਿਆਤਮਿਕਤਾ ਜਾਂ ਈਸ਼ਵਰ ਗਿਆਨ ਦੇ ਨਵੇਂ ਸਮੀਕਰਨ ਪੈਦਾ ਕਰਦੇ ਹਨ। ਅਧਿਆਤਮ ਜਾਂ ਈਸ਼ਵਰੀ ਗਿਆਨ ਦੇ ਵਿਕਾਸ ਅਤੇ ਭਗਤੀ ਨੇ ਦੈਵੀ ਆਨੰਦ ਦੇ ਰਾਹੀਂ ਕੀਤੇ ਮੁਕਤੀ ਦੇ ਸਿਧਾਂਤ ਨੂੰ ਪ੍ਰੇਰਿਤ ਕੀਤਾ ਹੈ। ਭਗਵਤ ਗੀਤਾ ਦਾ ਸ਼ੁਰੂ ਦੇ ਭਾਗ ਵਿੱਚ ਆਤਮਾ ਦੀ ਮੁਕਤੀ ਦੇ ਹਵਾਲੇ ਵਿੱਚ ਕਰਮਯੋਗ ਨੂੰ ਸਭ ਤੋਂ ਜ਼ਿਆਦਾ ਉਪਯੋਗੀ ਰਾਹ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ। ਇਸੇ ਹਵਾਲੇ ਨਾਲ ਭਗਵਤ ਗੀਤਾ ਧਿਆਨ ਅਤੇ ਆਸ਼ਕਤੀ (ਲਗਾਉ ਦੀ ਭਾਵਨਾ) ਦੇ ਤਿਆਗ ਦਾ ਉਪਦੇਸ਼ ਦਿੰਦੀ ਹੈ। ਜਿਵੇਂ ਅਸੀਂ ਅੱਗੇ ਵੇਖਾਂਗੇ ਇਹ ਮਾਰਗ ਜੈਨ, ਬੁੱਧ ਧਰਮ ਵਿੱਚ ਦੱਸੇ ਮੁਕਤੀ ਮਾਰਗ ਦੇ ਨਾਲ ਕਾਫੀ ਸਮਾਨਤਾ ਰੱਖਦਾ ਹੈ।

ਜਿਵੇਂ ਪ੍ਰਾਚੀਨ ਉਪਨਿਸਧਾਂ ਅਤੇ ਭਗਵਤ ਗੀਤਾ ਵਿੱਚ ਪਾਇਆ ਜਾਂਦਾ ਹੈ, ਆਤਮਾ ਦੇ ਪ੍ਰਾਚੀਨ ਬ੍ਰਾਹਮਣ ਸਿਧਾਂਤ ਤੇ ਉੱਪਰ ਉਸ ਸਮੇਂ ਅਨੇਕਾਂ ਵਿਆਖਿਆਵਾਂ ਕੀਤੀਆਂ ਗਈਆਂ। ਇਸ ਪ੍ਰਕਾਰ ਸ਼ੰਕਰ ਦੀ ਅਗਵਾਈ ਵਿੱਚ ਕੀਤਾ ਜਾਣ ਵਾਲਾ ਅਦਵੈਤ ਵੇਦਾਂਤ ਨੇ ਪੂਰਨ ਅਤੇ ਸੁਤੰਤਰ ਆਤਮਾ ਦਾ ਸਿਧਾਂਤ ਦਿੱਤਾ ਜਦਕਿ ਰਾਮਾਨੁਜ ਦੀ ਅਗਵਾਈ ਹੇਠ ਵਿਸ਼ਿਸ਼ਟਾ ਅਦਵੈਤ ਈਸ਼ਵਰੀ ਆਤਮਾ ਦਾ ਸਿਧਾਂਤ ਦੱਸਿਆ। ਅਦਵੈਤ ਵੇਦਾਂਤ ਵਿੱਚ ਆਤਮਾ ਜਾਂ ਬ੍ਰਹਮ ਨੂੰ ਆਖਰੀ ਸੱਚ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਅਤੇ ਸੰਸਾਰ ਨੂੰ ਮਾਯਾ ਦੇ ਰੂਪ ਵਿੱਚ ਚਿੱਤਰਰਿਤ ਕੀਤਾ ਗਿਆ। ਇਸ ਦਰਸ਼ਨ ਵਿੱਚ ਅਵਿਦਿਆ ਨੂੰ ਕਰਮ ਬੰਧ ਦਾ ਕਾਰਨ ਮੰਨਿਆ ਗਿਆ ਹੈ। ਆਤਮਾ ਜਾਂ ਬ੍ਰਹਮ ਦਾ ਗਿਆਨ ਹੋਣ ਤੇ ਮੁਕਤੀ ਪ੍ਰਾਪਤ ਹੋ ਸਕਦੀ ਹੈ। ਸ਼ੰਕਰ ਦੇ ਬ੍ਰਹਮ ਸੂਤਰ ਦੀ ਵਿਆਖਿਆ ਵਿੱਚ ਆਤਮਾ ਦਾ ਮੂਲ ਸਵਰੂਪ ਪ੍ਰਮੇਸ਼ਵਰ ਨਾਲ ਮਿਲਦਾ

ਜੁਲਦਾ ਹੈ। ਉਸ ਦੇ ਅਨੁਸਾਰ ਆਤਮਾ ਦਾ ਮੂਲ ਰੂਪ ਪੁਨਰਜਨਮ ਨਹੀਂ ਲੈਂਦਾ। ਸਰੀਰ ਵਿੱਚ ਰਹਿਣ ਵਾਲਾ ਜੀਵ ਜੋ ਕਰਮਾਂ ਦਾ ਕਰਤਾ ਅਤੇ ਭੋਗਨ ਵਾਲਾ ਹੈ, ਪ੍ਰਮੇਸ਼ਵਰ ਦੇ ਬਰਾਬਰ ਨਹੀਂ ਠਹਿਰਦਾ[8]। ਆਪਣੀ ਭਗਵਤ ਗੀਤਾ ਦੀ ਵਿਆਖਿਆ ਅਦਵੈਤ ਸਿਧਾਂਤ ਦੀ ਦ੍ਰਿਸ਼ਟੀ ਤੋਂ ਕੀਤੀ ਹੈ। ਭਗਵਤ ਗੀਤਾ ਦੀ ਈਸ਼ਵਰ ਵਾਦੀ ਵੇਦਾਂਤ ਦੇ ਸਿਧਾਂਤ ਨੂੰ ਪੇਸ਼ ਕਰਦੀ ਹੈ। ਅਨੇਕ ਛੰਦਾਂ ਵਿੱਚ ਵਿਅਕਤੀਗਤ ਆਤਮਾ ਅਤੇ ਈਸ਼ਵਰੀ ਆਤਮਾ ਦੇ ਵਿਚਕਾਰ ਫਰਕ ਸਾਫ ਵਿਖਾਈ ਦਿੰਦਾ ਹੈ। ਮੁਕਤੀ ਦਾ ਰਾਹ ਕੇਵਲ ਗਿਆਨ ਨਹੀਂ ਹੈ। ਈਸ਼ਵਰ ਦੇ ਪ੍ਰਤੀ ਨਿਰਾਸਕਤ (ਲਗਾਉ ਰਹਿਤ) ਅਤੇ ਫਲ ਦੀ ਆਸ ਤੋਂ ਦੂਰ ਰਹਿਕੇ ਭਗਤੀਪੂਰਵਕ ਕੀਤਾ ਕਰਮ ਭਗਵਤ ਗੀਤਾ ਦੇ ਅਨੁਸਾਰ ਮੁਕਤੀ ਦੇ ਸਮਾਨ ਮਾਰਗ ਹੈ।

## ਸਾਂਖਯ ਯੋਗ

ਭਾਵੇਂ ਸਾਂਖਯ ਯੋਗ ਮੂਲ ਰੂਪ ਵਿੱਚ ਅਵੈਦਿਕ ਸ਼੍ਰਮਣ ਦਰਸ਼ਨ ਹੈ। ਪਰ ਬਾਅਦ ਵਿੱਚ ਬ੍ਰਾਹਮਣ ਦਰਸ਼ਨਾਂ ਦੇ ਛੇ ਦਰਸ਼ਨਾਂ ਵਿੱਚ ਉਸ ਨੂੰ ਸ਼ਾਮਲ ਕਰ ਲਿਆ ਗਿਆ। ਇਹ ਦੋਹੇਂ ਦਰਸ਼ਨ ਅਨੀਸ਼ਵਰ ਵਾਦੀ ਹਨ। ਭਾਵੇਂ ਯੋਗ ਸੂਤਰ ਵਿੱਚ ਈਸ਼ਵਰ ਦਾ ਵਰਣਨ ਆਇਆ ਹੈ, ਪਰ ਉਹ ਯੋਗ ਦਰਸ਼ਨ ਵਿੱਚ ਕੇਂਦਰ ਬਿੰਦੂ ਨਹੀਂ ਹੈ। ਯੋਗ ਦਰਸ਼ਨ ਸਾਂਖਯ ਦਰਸ਼ਨ ਵਿੱਚਕਾਰ ਜ਼ਿਆਦਾ ਅੰਤਰ ਨਹੀਂ ਰੱਖਦਾ, ਦੂਸਰੇ ਪਾਸੇ ਸ਼ਾਂਖਯ ਦਰਸ਼ਨ ਵਿੱਚ ਦੱਸੀ ਮੁਕਤੀ ਕ੍ਰਿਆ ਯੋਗ ਦਰਸ਼ਨ ਨਾਲ ਮਿਲਦੀ ਜੁਲਦੀ ਹੈ। ਇਸ ਲਈ ਦੋਹੇਂ ਦਰਸ਼ਨਾਂ ਦਾ ਲਗਭਗ ਇਕੱਠਾ ਵਰਣਨ ਆਇਆ ਹੈ।

ਸਾਂਖਯ ਦਰਸ਼ਨ ਅਨੀਸ਼ਵਰਵਾਦੀ ਹੀ ਨਹੀਂ ਦਵੈਤਵਾਦੀ ਹੈ। ਉਹ ਪੁਰਸ਼ ਅਤੇ ਪ੍ਰਾਕ੍ਰਿਤੀ ਵਿੱਚ ਸਾਫ ਦਵੈਤਵਾਦੀ ਹੈ। ਉਹ ਈਸ਼ਵਰ ਨੂੰ ਸਵੀਕਾਰ ਨਹੀਂ ਕਰਦਾ ਉਹ ਆਤਮਾ ਦੀ ਅਨੇਕਤਾ ਵਿੱਚ ਵਿਸ਼ਵਾਸ ਰੱਖਦਾ ਹੈ। ਪ੍ਰਾਕ੍ਰਿਤੀ ਅਤੇ ਪੁਰਸ਼ ਦੋਹੇਂ ਸਾਸਵਤ ਤੱਤਵ ਹਨ। ਪੁਰਸ਼ ਨੂੰ ਆਤਮਾ ਕਿਹਾ ਗਿਆ ਹੈ, ਉਹ ਸਰੀਰ, ਮਨ, ਇੰਦਰੀਆਂ ਅਤੇ ਹੋਰ ਤੱਤਵਾਂ ਤੋਂ ਅੱਡ ਹੈ, ਉਹ ਚੇਤਨ ਹੈ, ਜਾਨਣ ਵਾਲਾ ਹੈ ਅਤੇ ਸ਼ੁੱਧ ਹੈ, ਅਸਲ ਪੁਰਸ਼ ਪਰਿਵਰਤਨ ਰਹਿਤ ਅਤੇ ਆਪ ਹੀ ਪ੍ਰਕਾਸ਼ਮਾਨ ਹੈ। ਇਹ ਸਾਰੇ ਪੁਰਸ਼ਾਂ ਵਿੱਚੋਂ ਭਿੰਨ ਹੈ, ਬੁੱਧ ਧਰਮ ਜੈਨ ਧਰਮ

ਅਤੇ ਯੋਗ ਦੀ ਤਰ੍ਹਾਂ ਸਾਂਖਯ ਦਰਸ਼ਨ ਵਿੱਚ ਵੀ ਸੰਸਾਰ ਨੂੰ ਦੁੱਖ ਦਾ ਕਾਰਨ ਮੰਨਿਆ ਗਿਆ ਹੈ ਅਤੇ ਉਸ ਤੋਂ ਮੁਕਤ ਹੋਣ ਲਈ ਵੀ ਆਖਿਆ ਗਿਆ ਹੈ। ਇਹ ਵਰਣਨਯੋਗ ਹੈ ਕੀ ਸਾਂਖਯ ਦਰਸ਼ਨ ਵਿੱਚ ਪ੍ਰਾਕ੍ਰਿਤੀ ਤੋਂ ਉਤਪੰਨ ਅਹੰਕਾਰ ਕਰਮ ਬੰਧ ਦਾ ਕਾਰਨ ਹੈ। ਪੁਰਸ਼ ਪ੍ਰਾਕ੍ਰਿਤੀ ਦੇ ਵਿੱਚ ਭੇਦ ਵਿਗਿਆਨ ਦੀ ਪ੍ਰਾਪਤੀ ਹੀ ਮੁਕਤੀ ਦਾ ਪ੍ਰਧਾਨ ਮਾਰਗ ਹੈ। ਈਸ਼ਵਰ ਕ੍ਰਿਸ਼ਨ ਦੇ ਅਨੁਸਾਰ ਪ੍ਰਾਕ੍ਰਿਤੀ ਦੇ ਭਿੰਨ ਭਿੰਨ ਰੂਪਾਂ ਵਿੱਚ ਬੰਧ ਅਤੇ ਮੁਕਤੀ ਹੁੰਦੀ ਹੈ। ਪੁਰਸ਼ ਆਪਣੇ ਮੂਲ ਰੂਪ ਵਿੱਚ ਸਭ ਤੋਂ ਜ਼ਿਆਦਾ ਸ਼੍ਰੇਸ਼ਠ ਅਤੇ ਨਾ ਵਰਣਨਯੋਗ ਹੈ।

ਯੋਗ ਦਰਸ਼ਨ ਦਾ ਆਤਮ ਸਿਧਾਂਤ ਵੀ ਦਵੈਤਵਾਦੀ ਹੈ, ਯੋਗ ਦੇ ਅਨੁਸਾਰ ਕੁੱਝ ਸ਼ਾਸਵਤ ਅਤੇ ਖੁਦ ਪ੍ਰਕਾਸ਼ਮਾਨ ਹੈ। ਉਹ ਈਸ਼ਵਰ ਦੇ ਆਸਰੇ ਨਹੀਂ ਹੈ, ਅਵਿਦਿਆ ਦੇ ਕਾਰਨ ਹੀ ਕਰਮ ਬੰਧ ਹੁੰਦਾ ਹੈ। ਪ੍ਰਾਕ੍ਰਿਤੀ ਪੁਰਸ਼ ਵਿੱਚ ਭੇਦ ਗਿਆਨ ਹੋ ਜਾਣ ਤੇ ਮੁਕਤੀ ਹੁੰਦੀ ਹੈ। ਭਗਵਤ ਗੀਤਾ, ਸਾਂਖਯ ਅਤੇ ਯੋਗ ਦਰਸ਼ਨ ਵਿੱਚ ਈਸ਼ਵਰ ਵਾਦੀ ਸਿਧਾਂਤ ਦੀ ਮਹਿਮਾ ਗਾਈ ਗਈ ਹੈ। ਯੋਗ ਦਾ ਆਤਮਾ ਦਾ ਸਿਧਾਂਤ ਪਾਤੰਜਲੀ ਦੇ ਯੋਗ ਸੂਤਰ ਵਿੱਚ ਵਰਣਨ ਕੀਤਾ ਗਿਆ ਹੈ।

## ਬੁੱਧ ਧਰਮ ਦਾ ਅਨਾਤਮਵਾਦ

ਬੁੱਧ ਧਰਮ ਦਾ ਆਤਮਾ ਦਾ ਸਿਧਾਂਤ ਹੋਰ ਭਾਰਤ ਦਰਸ਼ਨਾਂ ਤੋਂ ਭਿੰਨ ਹੈ, ਉਸਦਾ ਮੁੱਖ ਸਿਧਾਂਤ ਹੀ ਅਨਾਤਮਵਾਦ ਹੈ। ਬੁੱਧ ਧਰਮ ਦੇ ਅਨੁਸਾਰ ਆਤਮਾ ਦੇ ਰੂਪ ਵਿੱਚ ਕੋਈ ਨਿੱਤ ਪਦਾਰਥ ਹੈ ਹੀ ਨਹੀਂ। ਆਤਮਾ ਦੀ ਹੋਂਦ ਵਿੱਚ ਵਿਸ਼ਵਾਸ ਕਰਨਾ ਬੁੱਧ ਧਰਮ ਵਿੱਚ ਮਿੱਥਿਆ ਦ੍ਰਿਸ਼ਟੀ ਦਾ ਪ੍ਰਤੀਕ ਹੈ।

ਧਰਮ ਵਿੱਚ ਪਦਾਰਥ ਦੀਆਂ ਤਿੰਨ ਵਿਸ਼ੇਸ਼ਤਾਵਾਂ ਮੰਨੀਆਂ ਗਈਆਂ ਹਨ। ਅਨਿੱਤ, ਦੁੱਖ ਅਤੇ ਅਨਾਤਮ। ਧੱਮਪਦ ਵਿੱਚ ਕਿਹਾ ਗਿਆ ਹੈ, ਪ੍ਰਤਯ (ਕਾਰਨ) ਵਾਲਾ ਹਰ ਪਦਾਰਥ ਅਨਿਤ ਹੈ, ਦੁੱਖਾਤਮਕ ਹੈ ਅਤੇ ਅਨਾਤਮਕ ਹੈ। ਇਥੇ ਪ੍ਰਤਯ ਵਾਲਾ ਦਾ ਅਰਥ ਹੈ: ਹੇਤੂ ਅਤੇ ਪ੍ਰਤਯ ਤੇ ਆਧਾਰਤ ਭਾਵ ਪ੍ਰਤੀਤਾਤਯ ਸਮੁਤਪੰਨ, ਬੁੱਧ ਧਰਮ ਵਿੱਚ ਪ੍ਰਤੀਤਯ ਸਮੁਪਾਦ ਦਾ ਸਿਧਾਂਤ ਸੰਸਾਰ ਦੇ ਹਰ ਪਦਾਰਥ ਨਾਲ ਜੁੜਿਆ ਹੈ। ਹਰ ਪਦਾਰਥ ਹੇਤੂ ਅਤੇ ਪ੍ਰਤਯ

ਤੋਂ ਉਤਪੰਨ ਹੁੰਦਾ ਹੈ ਇਸ ਲਈ ਇਸ ਦਾ ਕੋਈ ਸੁਭਾਅ ਜਾਂ ਆਤਮ ਭਾਵ ਹੋਣ ਦੀ ਸੰਭਾਵਨਾ ਨਹੀਂ ਰਹਿੰਦੀ। ਬੁੱਧ ਧਰਮ ਦੇ ਅਨੁਸਾਰ ਜੋ ਪਦਾਰਥ ਉਤਪੰਨ ਹੁੰਦਾ ਹੈ, ਉਹ ਉਸਦਾ ਅਪਣਾ ਕੋਈ ਸੁਭਾਅ ਨਹੀਂ ਰਹਿੰਦਾ। ਇਸ ਕਾਰਨਵਾਦ ਵਿੱਚ ਆਤਮਾ ਦੀ ਸਾਸਵਤਤਾ (ਸਦੀਵੀ) ਨੂੰ ਖੋਜਣਾ ਹਮੇਸ਼ਾ ਗਲਤ ਹੈ।

ਮਹਾਤਮਾ ਬੁੱਧ ਨੇ ਇਸ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਕਿਹਾ – ਹਰ ਪਦਾਰਥ ਪੰਜ ਸਕੰਧ ਵਾਲਾ ਹੁੰਦਾ ਹੈ। ਇਹ ਪੰਜ ਸਕੰਧ ਹਨ: ਰੂਪ (ਭੌਤਿਕ ਸਰੀਰ), ਵੇਦਨਾ, ਸੰਗੀਆ, ਸੰਸਕਾਰ ਅਤੇ ਵਿਗਿਆਨ। ਇਹਨਾਂ ਵਿੱਚ ਰੂਪ ਸਕੰਧ ਦਾ ਅਰਥ ਹੈ: ਭੌਤਿਕ ਸਰੀਰ, ਬਾਕੀ ਚਾਰ ਪੁਦਗਲ ਦੇ ਭਿੰਨ ਭਿੰਨ ਭਾਗ ਹਨ। ਬੁੱਧ ਨੇ ਇਹ ਸਪੱਸ਼ਟ ਕੀਤਾ ਕਿ ਇਹਨਾਂ ਪੰਜ ਸਕੰਧਾਂ ਤੋਂ ਵੱਖ ਰੂਪ ਵਿੱਚ ਕੋਈ ਵੀ ਆਤਮਾ ਨਹੀਂ ਪਾ ਸਕਦਾ। ਉਹਨਾਂ ਦੱਸਿਆ ਕਿ ਸਾਰੇ ਸਕੰਧ ਮਨੁੱਖੀ ਵਿਆਕਤੀਤੱਵ ਦੇ ਭਾਗ ਹਨ। ਉਹ ਅਨਿਤ ਹਨ, ਕਿਉਂਕਿ ਉਹ ਪ੍ਰਤਿਯ ਤੇ ਆਧਾਰਤ ਹਨ। ਦੁੱਖ ਦੇਣਾ ਉਹਨਾਂ ਦਾ ਸੁਭਾਅ ਹੈ ਕਿਉਂਕਿ ਉਹ ਅਨਿਤ ਹਨ ਅਤੇ ਹੇਤੂ ਪ੍ਰਤਿਯਾ ਤੋਂ ਉਤਪੰਨ ਹੁੰਦੇ ਹਨ। ਜੋ ਪਦਾਰਥ ਅਨਿਤ ਹੁੰਦਾ ਹੈ, ਹੇਤੂ ਪ੍ਰਤਿਯਾ ਤੇ ਆਧਾਰਤ ਹੁੰਦਾ ਹੈ ਅਤੇ ਦੁੱਖਦਾਈ ਹੁੰਦਾ ਹੈ, ਉਹ ਕਦੇ ਆਪਣਾ ਨਹੀਂ ਹੋ ਸਕਦਾ ਜਾਂ ਉਸ ਨੂੰ ਆਤਮਾ ਨਹੀਂ ਕਿਹਾ ਜਾ ਸਕਦਾ। ਬੁੱਧ ਤੋਂ ਲੈਕੇ ਸ਼ਾਂਤਰੱਕਸ਼ਿਤ (7ਵੀਂ ਸਦੀ) ਤੱਕ ਸਾਰੇ ਬੋਧ ਦਾਰਸ਼ਨਿਕਾਂ ਨੇ ਆਤਮਾ ਵਾਦ ਦਾ ਪੁਰਜੋਰ ਖੰਡਨ ਕੀਤਾ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਬੁੱਧ ਧਰਮ ਵਿੱਚ ਇੱਕ ਵਾਤਸੀਪੁਤੀਯ ਜਾਂ ਪੁਦਗਲਵਾਦੀ ਫਿਰਕਾ ਸੀ। ਜੋ ਪੁਦਗਲ ਜਾਂ ਆਤਮਾ ਦੀ ਹੋਂਦ ਵਿੱਚ ਵਿਸ਼ਵਾਸ ਕਰਦਾ ਸੀ। ਉਸ ਦੇ ਅਨੁਸਾਰ ਆਤਮਾ ਨਾ ਤਾਂ ਬਿਲਕੁਲ ਸਕੰਧ ਦੀ ਤਰ੍ਹਾਂ ਹੈ ਅਤੇ ਨਾ ਅੱਡ[9]। ਬੁੱਧ ਧਰਮ ਦੇ ਜ਼ਿਆਦਾ ਫਿਰਕਿਆਂ ਨੇ ਇਸ ਸਿਧਾਂਤ ਨੂੰ ਬੁੱਧਮੱਤ ਨਾਲ ਸੰਬੰਧਿਤ ਕੀਤਾ ਹੈ। ਕਿਉਂਕਿ ਇਸ ਦੀ ਵਿਚਾਰਧਾਰਾ ਬੁੱਧ ਧਰਮ ਦੇ ਕੇਂਦਰੀ ਤੱਤਵ ਤੋਂ ਉਲਟ ਹੈ।

ਸਵਾਮੀ ਵਿਵੇਕਾਨੰਦ, ਸ਼੍ਰੀਮਤੀ ਰਿਜੇਡੇਵਿਟੱਸ, ਆਨੰਦਕੁਮਾਰ ਸਵਾਮੀ, ਰਾਧਾਕ੍ਰਿਸ਼ਨ ਜਿਹੇ ਆਧੁਨਿਕ ਵਿਦਵਾਨਾਂ ਦਾ ਮੱਤ ਹੈ ਕਿ ਬੁੱਧ ਨੇ ਆਤਮਾ ਦੀ

ਹੋਂਦ ਤੋਂ ਕਦੀ ਇਨਕਾਰ ਨਹੀਂ ਕੀਤਾ ਉਹਨਾਂ ਦੇ ਚੇਲਿਆਂ ਨੇ ਜ਼ਰੂਰ ਆਤਮਾ ਦੀ ਹੋਂਦ ਨੂੰ ਨਹੀਂ ਮੰਨਿਆ ਅਤੇ ਅਨਾਤਮਵਾਦ ਦੇ ਸਿਧਾਂਤ ਦੀ ਸਥਾਪਨਾ ਕੀਤੀ। ਅਜਿਹੇ ਵਿਦਵਾਨ ਜੋ ਬੁੱਧ ਦੇ ਅਤੇ ਉਪਨਿਸ਼ਧਾਂ ਦੇ ਸਿਧਾਤਾਂ ਵਿੱਚ ਸਮਾਨਤਾ ਵੇਖਦੇ ਹਨ ਉਹਨਾਂ ਦਾ ਵਿਚਾਰ ਹੈ ਕਿ ਮੂਲ ਬੁੱਧ ਧਰਮ ਆਤਮਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਦਾ ਹੈ।

ਪਰ ਏ. ਕੋਂਜੇ ਅਤੇ ਟੀ. ਆਰ. ਵੀ. ਮੂਰਤੀ ਆਦਿ ਅਨੇਕਾਂ ਵਿਦਵਾਨਾਂ ਨੇ ਇਹ ਤੱਥ ਪੇਸ਼ ਕੀਤਾ ਕਿ ਇਸ ਪ੍ਰਕਾਰ ਦੀ ਵਿਚਾਰਧਾਰਾ ਸਥਾਪਤ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕੀ ਆਤਮਾ ਦੀ ਹੋਂਦ ਤੋਂ ਇਨਕਾਰ ਕਰਨ ਵਾਲੇ ਉਸ ਸਿਧਾਂਤ ਨੂੰ ਅਸਵੀਕਾਰ ਕੀਤਾ ਜਾਵੇ ਜੋ ਪਾਲੀ ਤ੍ਰਿਪਿਟਕ ਵਿੱਚ ਮਿਲਦਾ ਹੈ। ਇਹ ਨਾ ਤਾਂ ਪ੍ਰਮਾਣਿਕ ਹੋਵੇਗਾ ਅਤੇ ਨਾ ਹੀ ਇਸ ਨੂੰ ਨਿਯਾਸੰਗਤ ਆਖਿਆ ਜਾਵੇਗਾ। ਬੁੱਧ ਧਰਮ ਦਾ ਮਾਧਿਅਮਕ ਫਿਰਕਾ ਅਨਾਤਮਵਾਦ ਨੂੰ ਪੇਸ਼ ਕਰਦਾ ਹੈ ਅਤੇ ਬੋਧ ਦਾਸ਼ਨਿਕ ਅਤੇ ਬੁੱਧ ਸਿਧਾਤਾਂ ਵਿੱਚ ਇੱਕ ਪ੍ਰਮੁੱਖ ਸਿਧਾਂਤ ਦੇ ਰੂਪ ਵਿੱਚ ਪ੍ਰਸ਼ੰਸਾ ਕਰਦੇ ਹਨ। ਇਸ ਤਰ੍ਹਾਂ ਜਾਪਦਾ ਹੈ ਕੀ ਅਨਾਤਮਵਾਦ ਦਾ ਸਿਧਾਂਤ ਨਿਰਵਾਨ ਪ੍ਰਾਪਤੀ ਦੇ ਲਈ ਬੁੱਧ ਧਰਮ ਵਿੱਚ ਇੱਕ ਮੌਲਿਕ ਆਧਾਰਭੂਤ ਸਿਧਾਂਤ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਰਿਹਾ ਹੈ।

ਬੁੱਧ ਧਰਮ ਦੇ ਆਤਮਾ ਸੰਬੰਧੀ ਸਿਧਾਂਤ ਦੇ ਹਵਾਲੇ ਵਿੱਚ ਸਿੱਟੇ ਦੇ ਰੂਪ ਵਿੱਚ ਅਸੀਂ ਮਹਾਂਯਾਨੀ ਅਚਾਰੀਆ ਨਾਗ ਅਰਜੁਨ ਅਤੇ ਚੰਦਰ ਕਿਰਤੀ ਦੇ ਵਿਚਾਰਾਂ ਨੂੰ ਪੇਸ਼ ਕਰ ਸਕਦੇ ਹਾਂ। ਨਾਗ ਅਰਜੁਨ ਨੇ ਇੱਕ ਪਦ ਵਿੱਚ ਕਿਹਾ ਹੈ, ਕਿ ਬੁੱਧ ਨੇ ਆਤਮਾ ਅਤੇ ਅਨਾਤਮਾ ਨੂੰ ਸਿਖਾਇਆ ਪਰ ਉਹਨਾਂ ਇਹ ਵੀ ਸਿਖਾਇਆ ਕਿ ਨਾ ਆਤਮਾ ਹੈ ਅਤੇ ਨਾ ਅਨਾਤਮਾ ਹੈ[10]।

ਇਸ ਦੀ ਵਿਆਖਿਆ ਕਰਦੇ ਹੋਏ ਚੰਦਰ ਕਿਰਤੀ ਨੇ ਕਿਹਾ ਕਿ ਭਗਵਾਨ ਬੁੱਧ ਨੇ ਕਰੁਣਾ ਕਰਕੇ ਇਹ ਉਪਦੇਸ਼ ਉਹਨਾਂ ਨੂੰ ਦਿੱਤਾ ਜੋ ਨਾ ਇਸ ਲੋਕ ਦੀ ਹੋਂਦ ਵਿੱਚ ਵਿਸ਼ਵਾਸ ਕਰਦੇ ਹਨ ਅਤੇ ਨਾ ਪਰਲੋਕ ਵਿੱਚ ਅਤੇ ਜਿਨ੍ਹਾਂ ਨੂੰ ਕਰਮਵਾਦ ਤੇ ਵੀ ਕੋਈ ਭਰੋਸਾ ਨਹੀਂ ਹੈ। ਅਜਿਹੇ ਲੋਕਾਂ ਨੂੰ ਉਹਨਾਂ ਸ਼ੁਨਯਵਾਦ ਦਾ ਉਪਦੇਸ਼ ਦਿੱਤਾ ਅਜਿਹੇ ਲੋਕਾਂ ਨੂੰ ਗਿਰਾਵਟ ਤੋਂ ਬਚਾਉਣ ਲਈ ਬੁੱਧ ਨੇ ਆਤਮਾ ਦੀ ਹੋਂਦ ਦਾ ਉਪਦੇਸ਼ ਦਿੱਤਾ। ਜੋ ਵਿਅਕਤੀ ਸਦ ਗੁਣੀ ਹਨ ਪਰ

ਸੱਤਕਾਯ ਦ੍ਰਿਸ਼ਟੀ (ਆਤਮਾ ਦੀ ਹੋਂਦ ਤੇ ਵਿਸ਼ਵਾਸ) ਦੇ ਕਾਰਨ ਜਨਮ ਮਰਨ ਦੀ ਪ੍ਰੰਪਰਾ ਤੋਂ ਮੁਕਤ ਨਹੀਂ ਹੋ ਸਕਦੇ ਅਜਿਹੇ ਵਿਅਕਤੀਆਂ ਨੂੰ ਉਹਨਾਂ ਅਨਾਤਮ ਵਾਦ ਦਾ ਸਿਧਾਂਤ ਦਿੱਤਾ ਤਾਂ ਕਿ ਉਹਨਾਂ ਦੇ ਹਿਰਦੇ ਵਿੱਚ ਨਿਰਵਾਨ ਪ੍ਰਾਪਤੀ ਦੀ ਇੱਛਾ ਜਾਗਰਤ ਹੋ ਸਕੇ। ਇਸ ਲਈ ਉਹਨਾਂ ਨੇ ਇਹ ਵਿਚਾਰ ਦਿੱਤਾ ਕਿ ਨਾ ਆਤਮਾ ਦੀ ਹੋਂਦ ਹੈ ਨਾ ਅਨਾਤਮਾ ਦੀ ਹੀ ਹੈ। ਇਹ ਸਿਧਾਂਤ ਉਹਨਾਂ ਲਈ ਹੈ ਜਿਨ੍ਹਾਂ ਦੇ ਮਨ ਵਿੱਚ ਆਤਮਾ ਦੇ ਪ੍ਰਤੀ ਪ੍ਰੇਮ ਸਮਾਪਤ ਹੋ ਗਿਆ ਹੋਵੇ ਅਤੇ ਜੋ ਅਧਿਆਤਮ ਪੱਥ 'ਤੇ ਬਹੁਤ ਅੱਗੇ ਵੱਧ ਚੁੱਕੇ ਹੋਣ ਅਤੇ ਭਗਵਾਨ ਬੁੱਧ ਦੇ ਗੰਭੀਰ ਸਿਧਾਤਾਂ ਨੂੰ ਸਮਝਣ ਦੀ ਸ਼ਕਤੀ ਆ ਗਈ ਹੋਵੇ। ਇਸ ਦਾ ਅਰਥ ਇਹ ਹੈ ਕਿ ਅੰਤਮ ਸੱਚ ਦੇ ਰੂਪ ਵਿੱਚ ਨਿਰਵਾਨ ਵਿੱਚ ਨਾ ਆਤਮਾ ਹੈ ਅਤੇ ਨਾ ਅਨਾਤਮਾ।

## ਜੈਨ ਧਰਮ ਵਿੱਚ ਆਤਮਾ ਦਾ ਸਿਧਾਂਤ

ਜੈਨ ਧਰਮ ਵਿੱਚ ਆਤਮਾ ਦੇ ਲਈ ਅਕਸਰ ਪ੍ਰਾਣੀ, ਭੂਤ, ਸੱਤਵ, ਵਿਗਯ, ਵੇਦ, ਚੇਤ, ਜੇਤ ਆਦਿ ਸ਼ਬਦ ਮਿਲਦੇ ਹਨ। ਪਰ ਆਮ ਤੌਰ ਤੇ ਜੀਵ ਜਾਂ ਆਤਮਾ ਸ਼ਬਦ ਦਾ ਪ੍ਰਯੋਗ ਜ਼ਿਆਦਾ ਹੋਇਆ ਹੈ[11]। ਜੈਨ ਧਰਮ ਵਿੱਚ ਆਤਮਾ ਇੱਕ ਸ਼ਾਸਵਤ (ਹਮੇਸ਼ਾ ਰਹਿਣ ਵਾਲਾ) ਤੱਤਵ ਮੰਨਿਆ ਗਿਆ ਹੈ। ਉਸ ਦੇ ਅਨੁਸਾਰ ਆਤਮਾ ਦਾ ਗੁਣ ਚੇਤਨਾ ਹੈ ਅਤੇ ਇਸ ਲਈ ਇਹ ਭੌਤਿਕ ਪਦਾਰਥਾਂ ਤੋਂ ਵੱਖ ਹੈ। ਆਤਮਾ ਆਦਿ ਅੰਤਹੀਣ ਹੈ। ਉਸ ਦਾ ਨਾ ਕੋਈ ਸ਼ੁਰੂ ਹੈ ਅਤੇ ਨਾ ਕੋਈ ਅੰਤ। ਇਹ ਇੱਕ ਅਜਿਹਾ ਤੱਤਵ ਹੈ ਜਿਸ ਦੀ ਹੋਂਦ ਪਹਿਲਾਂ ਸੀ ਵਰਤਮਾਨ ਵਿੱਚ ਹੈ ਅਤੇ ਭਵਿੱਖ ਵਿੱਚ ਵੀ ਨਿਸਚੈ ਰੂਪ ਵਿੱਚ ਰਹੇਗੀ। ਇਹ ਪ੍ਰਤੱਖ ਨਜ਼ਰ ਤੋਂ ਵੇਖੀਆ ਨਹੀਂ ਜਾ ਸਕਦਾ ਹੈ ਪਰ ਸੰਸਾਰ ਵਿੱਚ ਰਹਿੰਦੇ ਹੋਏ ਉਸ ਦੀਆਂ ਕੁੱਝ ਵਿਸ਼ੇਸ਼ਤਾਵਾਂ ਹਨ- ਇੰਦਰੀਆਂ, ਬਲ, ਉਮਰ, ਸਵਾਸੋਉਛਵਾਸ, ਜਿਸ ਕਰਕੇ ਉਸ ਨੂੰ ਸਰੀਰ ਵਿੱਚ ਰਹਿੰਦੇ ਹੋਏ ਸਮਝਿਆ ਜਾ ਸਕਦਾ ਹੈ[12]।

ਆਤਮਾ ਦੇ ਸਿਧਾਂਤ ਨੂੰ ਸਮਝਣ ਦੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਅਨਾਤਮਵਾਦ ਕੀ ਹੈ। ਕਿਉਂਕਿ ਪਦਾਰਥਾਂ ਦੀ ਤੱਤਵ ਪੱਖੋਂ ਵਿਆਖਿਆ ਜੈਨ ਦਰਸ਼ਨ ਵਿੱਚ ਦੋਹਾਂ ਰੂਪਾਂ ਵਿੱਚ ਲਈ ਜਾਂਦੀ ਹੈ। ਜੀਵ ਰੂਪ ਵਿੱਚ ਅਤੇ ਅਜੀਵ

ਰੂਪ ਵਿੱਚ ਜੋ ਸੰਸਾਰ ਦੀ ਸੰਪੂਰਨ ਅਤੇ ਸਰੀਰਕ ਤੱਤਵਾਂ ਨੂੰ ਅਪਣੇ ਘੇਰੇ ਵਿੱਚ ਲੈ ਲੈਂਦਾ ਹੈ।

## ਅਜੀਵ

ਜੈਨ ਵਿਦਵਾਨਾਂ ਨੇ ਅਜੀਵ ਨੂੰ ਚੇਤਨ ਰੂਪ ਆਤਮਾ ਤੋਂ ਭਿੰਨ ਮੰਨਿਆ ਹੈ। ਅਜੀਵ ਆਖਣ ਦਾ ਅਰਥ ਇਹ ਨਹੀਂ ਹੈ ਕਿ ਉਹ ਕੇਵਲ ਸਰੀਰ ਦੇ ਨਾਲ ਸੰਬੰਧਤ ਹੋਵੇ[13]। ਕਿਉਂਕਿ ਅਜੀਵ ਅਜਿਹੇ ਪਦਾਰਥਾਂ ਨੂੰ ਆਖਿਆ ਗਿਆ ਹੈ ਜਿਨ੍ਹਾਂ ਦਾ ਕੋਈ ਰੂਪ ਨਹੀਂ ਹੈ। ਇਸ ਸ਼੍ਰੇਣੀ ਵਿੱਚ ਇਹ ਤੱਤਵ ਆਉਂਦੇ ਹਨ: 1. ਪੁਦਗਲ (Matter) 2. ਧਰਮ 3. ਅਧਰਮ 4. ਅਕਾਸ਼ (Space) 5. ਕਾਲ (Time)।

ਪੁਦਗਲ ਉਹ ਹੈ ਜਿਸ ਦੀ ਕੋਈ ਆਕ੍ਰਿਤੀ ਹੋਵੇਗੀ। ਸਾਰੇ ਭੌਤਿਕ ਪਦਾਰਥ ਪੁਦਗਲ ਹਨ। ਉਹਨਾਂ ਵਿੱਚ ਪਰਿਆਏ (ਅਵਸਥਾ) ਦਾ ਪਰੀਨਮਨ (ਪਰਿਵਰਤਨ) ਹੁੰਦਾ ਰਹਿੰਦਾ ਹੈ। ਹੋਰ ਤੱਤਵਾਂ ਦਾ ਮਿਸ਼ਰਨ ਹੁੰਦਾ ਰਹਿੰਦਾ ਹੈ ਉਹਨਾਂ ਨੂੰ ਵੱਖ ਵੀ ਕੀਤਾ ਜਾ ਸਕਦਾ ਹੈ। ਮਿਸ਼ਰਨ ਦੇ ਕਾਰਨ ਕਦੇ ਪੁਦਗਲ ਵਿੱਚ ਵਾਧਾ ਹੁੰਦਾ ਹੈ ਅਤੇ ਉਸ ਦੇ ਵੱਖ ਹੋ ਜਾਣ ਤੇ ਵਾਧਾ ਘੱਟ ਜਾਂਦਾ ਹੈ। ਇਸੇ ਪ੍ਰਕ੍ਰਿਆ ਨੂੰ ਕ੍ਰਮਵਾਰ ਪੁਦ ਅਤੇ ਗਲ ਆਖਿਆ ਜਾਂਦਾ ਹੈ[14]।

ਪੁਦਗਲ ਉਹ ਹੈ ਜਿਸ ਵਿੱਚ ਸਪਰਸ਼, ਰਸ਼, ਗੰਧ ਅਤੇ ਵਰਨ (ਰੰਗ) ਹੋਵੇ[15] ਜਿਨ੍ਹਾਂ ਨੂੰ ਭਾਰਤ ਦਰਸ਼ਨਾਂ ਵਿੱਚ ਪੁਦਗਲ ਦੇ ਸੁਭਾਵਿਕ ਗੁਣਾਂ ਦੇ ਰੂਪ ਵਿੱਚ ਮੰਨਿਆ ਗਿਆ ਹੈ ਪਰ ਜੈਨ ਦਰਸ਼ਨ ਇਹ ਨਹੀਂ ਮੰਨਦਾ ਕਿ ਸ਼ਬਦ ਪੁਦਗਲ ਦਾ ਗੁਣ ਹੈ। ਉਹ ਇਸ ਨੂੰ ਪੁਦਗਲ ਦੀ ਪਰਿਆਏ (ਅਵਸਥਾ) ਮੰਨਦਾ ਹੈ।[16]

ਪੁਦਗਲ ਦੇ ਦੋ ਰੂਪ ਹੁੰਦੇ ਹਨ- ਅਣੂ ਜਾਂ ਪ੍ਰਮਾਣੂ ਅਤੇ ਸਕੰਧ ਜੋ ਇਹਨਾਂ ਦੇ ਸੰਘਾਤ (ਵਿਖਰਾਵ ਜਾਂ ਟੁੱਟਨਾ) ਤੋਂ ਬਣਦਾ ਹੈ।[17] ਅਣੂ ਜਾਂ ਪ੍ਰਮਾਣੂ ਸੂਖਮ ਅਤੇ ਅੱਖਾਂ ਨਾਲ ਨਾ ਵੇਖੇ ਜਾਣ ਵਾਲੇ ਹੁੰਦੇ ਹਨ। ਕਿਉਂਕਿ ਉਹ ਬਹੁਤ ਛੋਟੇ ਹੁੰਦੇ ਹਨ ਅਤੇ ਨਾ ਹੀ ਉਹਨਾਂ ਨੂੰ ਭੇਦਿਆ (ਵੰਡਿਆ) ਜਾ ਸਕਦਾ ਹੈ। ਭਾਵੇਂ ਇੰਦਰੀਆਂ ਅਤੇ ਪ੍ਰਮਾਣੂਆਂ ਦੇ ਵਿੱਚ ਹਮੇਸ਼ਾਂ ਸਪਰਸ਼, ਰਸ, ਗੰਧ, ਵਰਨ ਜਿਹੇ ਤੱਤਵਾਂ ਦੀ ਸੰਭਾਵਨਾ ਰਹਿੰਦੀ ਹੈ ਅਤੇ ਇਹ ਇਸ ਨਾਲ ਜੁੜੇ ਰਹਿੰਦੇ ਹਨ ਪਰ

ਰੁੱਖਾਪਣ ਜਾਂ ਕੋਮਲਤਾ ਅਤੇ ਭਾਰੀਪਣ ਜਾਂ ਹਲਕਾਪਣ ਜਿਹੇ ਗੁਣ ਪ੍ਰਮਾਣੂਆਂ ਵਿੱਚ ਨਹੀਂ ਹੁੰਦੇ। ਇਹ ਗੁਣ ਸਕੰਧਾਂ ਵਿੱਚ ਹੁੰਦੇ ਹਨ। ਸਕੰਧਾਂ ਵਿੱਚ ਆਸਥੀ ਵੰਧ ਅਤੇ ਸੰਘਾਤ (ਵਿਖਰਾਅ ਜਾਂ ਟੁੱਟਣਾ) ਹੁੰਦੇ ਰਹਿੰਦੇ ਹਨ[18]। ਸਕੰਧਾਂ ਦਾ ਇੱਕਠਾ ਰੂਪ ਹੋਣ ਦਾ ਅਰਥ ਇਹ ਨਹੀਂ ਹੈ ਕਿ ਉਹ ਹਮੇਸ਼ਾਂ ਹੀ ਵੇਖਣ ਯੋਗ ਹੁੰਦੇ ਹਨ। ਕਦੇ ਕੁੱਝ ਸਕੰਧ ਅਦਿੱਖ ਵੀ ਹੁੰਦੇ ਹਨ।[19] ਪਰ ਵੇਖਣ ਵਾਲੇ ਤੱਦ ਹੁੰਦੇ ਹਨ ਜਦ ਉਹ ਆਪਸੀ ਸੰਘਾਤ ਹੋ ਜਾਂਦੇ ਹਨ। ਉਦਾਹਰਣ ਦੇ ਤੌਰ ਤੇ ਹਾਈਡਰੋਜਨ ਤੇ ਕਲੋਰੀਨ ਗੈਸਾਂ ਦੇ ਸਕੰਧ ਅਦਿੱਖ ਹੁੰਦੇ ਹਨ। ਪਰ ਜਦ ਉਹਨਾਂ ਨੂੰ ਵੱਖ ਕੀਤਾ ਜਾਂਦਾ ਹੈ ਜਾਂ ਉਹਨਾਂ ਵਿੱਚ ਸੰਘਾਤ (ਵਿਖਰਾਵ ਜਾਂ ਟੁੱਟਣਾ) ਹੁੰਦਾ ਹੈ ਤਾਂ ਉਹ ਵੇਖੇ ਜਾ ਸਕਦੇ ਹਨ।[20]

ਪ੍ਰਮਾਣੂਆਂ ਦਾ ਆਪਸੀ ਮੇਲ ਸਕੰਧ ਅਖਵਾਉਂਦਾ ਹੈ[21] ਸਪਰਸ਼, ਰਸ਼, ਗੰਧ ਅਤੇ ਵਰਨ ਜਿਹੇ ਪੁਦਗਲਾਂ ਦੇ ਗੁਣ ਉਹਨਾਂ ਵਿੱਚ ਰਹਿੰਦੇ ਹਨ। ਸਕੰਧ ਦੇ ਅੱਧੇ ਭਾਗ ਨੂੰ ਸਕੰਧ ਦੇਸ਼ ਅਤੇ ਸਕੰਧ ਦੇਸ਼ ਦੇ ਅੱਧੇ ਭਾਗ ਨੂੰ ਸਕੰਧ ਪ੍ਰਦੇਸ਼ ਆਖਦੇ ਹਨ। ਪ੍ਰਮਾਣੂਆਂ ਦੇ ਆਪਸੀ ਬੰਧ ਵਿੱਚ ਚਿਕਨਾਹਟ ਅਤੇ ਰੁਖਾਪਣ ਦੇ ਕਾਰਨ ਹੁੰਦਾ ਹੈ। ਇਹਨਾਂ ਕਾਰਨਾਂ ਤੋਂ ਪੁਦਗਲਾਂ ਦਾ ਇਕੱਠ ਜਾਂ ਸ਼੍ਰਿਸ਼ਟੀ ਦਾ ਇਕੱਠ ਦਾ ਸਿਰਜਣ ਹੁੰਦਾ ਹੈ। ਸਕੰਧ ਦੇ ਆਮ ਤੌਰ ਤੇ ਛੇ ਭੇਦ ਕੀਤੇ ਜਾਂਦੇ ਹਨ: 1. ਸਥੂਲ - ਸਥੂਲ (ਜ਼ਮੀਨ ਪਰਬਤ ਆਦਿ), 2. ਸਥੂਲ (ਦੁੱਧ ਅਤੇ ਘੀ ਆਦਿ), 3. ਸਥੂਲ ਸੂਖਮ (ਛਾਂ, ਪ੍ਰਕਾਸ਼ ਅਤੇ ਤਪਸ਼ ਆਦਿ), 4. ਸੂਖਮ ਸਥੂਲ (ਸਪਰਸ਼, ਰਸ਼, ਗੰਧ ਆਦਿ), 5. ਸੂਖਮ (ਕਾਰਮਨ, ਵਰਗਨਾ ਆਦਿ) 6. ਸੂਖਮ, ਸੂਖਮ ਜਾਂ ਅਤਿ ਸੂਖਮ (ਦੋ ਸਕੰਧ ਆਦਿ)[22]

ਪਹਿਲੇ ਚਾਰ ਭੇਦ ਮੋਟੇ ਅਤੇ ਵਿਖਾਈ ਦਿੰਦੇ ਹਨ ਜਦਕਿ ਅੰਤਮ ਦੋ ਅਦਿੱਖ ਹੁੰਦੇ ਹਨ। ਕਰਮ ਪੁਦਗਲ ਸੂਖਮ ਮੰਨੇ ਗਏ ਹਨ। ਪ੍ਰਮਾਣੂ ਨਿਰ ਅਵਯਭ (ਅੰਡ ਰਹਿਤ) ਹੈ ਇਸ ਲਈ ਉਸ ਵਿੱਚ ਇੱਕ ਰਸ਼ ਇੱਕ ਗੰਧ ਤੇ ਇੱਕ ਵਰਨ ਹੈ। ਠੰਡੇ ਗਰਮ ਵਿੱਚ ਕੋਈ ਇੱਕ ਅਤੇ ਚਿਕਨਾ ਅਤੇ ਰੁੱਖੇ ਵਿੱਚੋਂ ਕੋਈ ਇੱਕ ਅਵਿਰੋਧੀ ਦੋ ਸਪਰਸ਼ ਹੁੰਦੇ ਹਨ। ਗੁਰੁ (ਭਾਰਾ), ਲਘੁ (ਛੋਟਾ), ਮਰਿਦੂ (ਹਲਕਾ) ਅਤੇ ਕਠੋਰ ਸਪਰਸ਼ ਵਾਲੇ ਪ੍ਰਮਾਣੂ ਵਿੱਚ ਨਹੀਂ ਪਾਏ ਜਾਂਦੇ ਕਿਉਂਕਿ ਇਹ ਸਕੰਧਗਤ ਹਨ। ਸਰੀਰ ਇੰਦਰੀਆਂ ਅਤੇ ਮਹਾਂਭੂਤ ਆਦਿ

ਸਕੰਧ ਰੂਪ ਕਾਰਨਾਂ ਵਿੱਚ ਪ੍ਰਮਾਣੂਆਂ ਦੀ ਹੋਂਦ ਸਿੱਧ ਹੁੰਦੀ ਹੈ। ਇਹ ਅਵਿਭਾਗੀ ਹੁੰਦਾ ਹੈ, ਪ੍ਰਮਾਣੂ ਅਕਾਸ਼ ਦਾ ਇੱਕ ਭਾਗ ਗ੍ਰਹਿਣ ਕਰਦਾ ਹੈ। ਇਸੇ ਤਰ੍ਹਾਂ ਸਕੰਧ ਅਪਣੇ ਪ੍ਰਮਾਣੂਆਂ ਦੇ ਅਨੁਸਾਰ ਅਕਾਸ਼ ਵਿੱਚ ਫੈਲਦਾ ਹੈ।

ਜੈਨ ਦਰਸ਼ਨ ਸਕੰਧ ਨਿਰਮਾਨ ਦੀ ਪ੍ਰਕ੍ਰਿਆ ਦੀ ਵਿਆਖਿਆ ਇਸ ਪ੍ਰਕਾਰ ਕਰਦਾ ਹੈ: 1. ਚਿਕਨਾਹਟ ਅਤੇ ਰੁੱਖੇਪਨ ਦਾ ਸੰਬੰਧ 2. ਚਿਕਨੇ ਪ੍ਰਮਾਣੂ ਦਾ ਚਿਕਨੇ ਪ੍ਰਮਾਣੂ ਨਾਲ ਸੰਬੰਧ 3. ਰੁੱਖੇ ਪ੍ਰਮਾਣੂ ਦਾ ਚਿਕਨੇ ਪ੍ਰਮਾਣੂ ਨਾਲ ਸੰਬੰਧ 4. ਅਭਿਯਵ ਦਾ ਬੰਧ ਨਹੀਂ ਹੋਵੇਗਾ 5. ਦੋ ਤੋਂ ਜ਼ਿਆਦਾ ਗੁਣ ਵਾਲੇ ਅਭਿਯਵ ਦਾ ਬੰਧ ਨਹੀਂ ਹੋਵੇਗਾ, 6. ਇੱਕ ਤਰ੍ਹਾਂ ਵਿਖਾਈ ਦੇਣ ਵਾਲੇ ਚਿਕਨਾਹਟ ਤੋਂ ਚਿਕਨੇ ਅਤੇ ਰੁਖੇ ਅਭਿਯਵ ਦਾ ਵੀ ਇੱਕ ਸਮਾਨ ਗੁਣ ਹੋਣ ਤੇ ਬੰਧ ਨਹੀਂ ਹੋਵੇਗਾ।[23]

(ਦੋ-ਤਿੰਨ) ਧਰਮ ਅਤੇ ਅਧਰਮ, ਜੀਵ ਅਤੇ ਪੁਦਗਲਾਂ ਦੀ ਸਿਲਸਿਲੇਵਾਰ ਗਤੀ ਅਤੇ ਸਥਿਤੀ ਵਿੱਚ ਸਹਾਇਕ ਕਾਰਨ ਹੈ। ਇਹ ਕ੍ਰਿਆ ਰਹਿਤ, ਅਖੰਡ, ਵਿਆਪਕ, ਨਿੱਤ, ਅਮੂਰਤਿਕ (ਸ਼ਕਲ ਤੋਂ ਰਹਿਤ), ਅਤੇ ਅਸੰਖਿਆਤ ਪ੍ਰਦੇਸ਼ੀ ਹੈ। ਜੀਵ ਅਤੇ ਪੁਦਗਲ ਆਪਸ ਵਿੱਚ ਗਮਨ ਅਤੇ ਸਗਨ ਵਿੱਚ ਆਪ ਹੀ ਉਪਾਦਾਨ ਕਾਰਨ ਹਨ ਅਤੇ ਧਰਮ ਅਤੇ ਅਧਰਮ ਦਰੱਵ ਉਸ ਵਿੱਚ ਸਹਿਕਾਰੀ ਕਾਰਨ ਬਣ ਜਾਂਦੇ ਹਨ, ਪ੍ਰੇਰਕ ਨਹੀਂ ਜਿਵੇਂ ਮੱਛਲੀ ਦੇ ਤੈਰਨ ਵਿੱਚ ਪਾਣੀ ਉਪਕਾਰਕ ਹੁੰਦਾ ਹੈ ਅਤੇ ਮਨੁੱਖ ਦੇ ਠਹਿਰਨ (ਬਲਦੀ ਦੁਪਿਹਰ ਵਿੱਚ) ਰੁੱਖ ਉਪਕਾਰਕ ਹੁੰਦਾ ਹੈ।[24]

(ਚਾਰ) ਅਕਾਸ਼ ਦਾ ਕੰਮ ਅਵਗਾਹਨ ਕਰਨਾ ਹੈ, ਸਥਾਨ ਦੇਣਾ ਹੈ, ਉਸ ਵਿੱਚ ਜੀਵ ਅਤੇ ਪੁਦਗਲ ਇੱਕਠੇ ਅਵਕਾਸ਼ ਦੇਣ ਦੀ ਸ਼ਕਤੀ ਹੈ। ਉਹ ਅਮੂਰਤੀਕ, ਅਖੰਡ, ਨਿੱਤ, ਸਰਵਵਿਆਪਕ ਅਤੇ ਅਨੰਤ ਪ੍ਰਦੇਸ਼ੀ ਦ੍ਰੱਵ ਹੈ।[25] ਅਕਾਸ਼ ਦੇ ਦੋ ਭੇਦ ਹਨ, ਲੋਕਾ ਅਕਾਸ਼ ਤੇ ਅਲੋਕਾ ਅਕਾਸ਼। ਲੋਕਾ ਅਕਾਸ਼ ਵਿੱਚ ਪੰਜ ਦ੍ਰਵਾਂ ਦੀ ਹੋਂਦ ਰਹਿੰਦੀ ਹੈ। ਪਰ ਅਲੋਕਾ ਅਕਾਸ਼ ਦਰੱਵ ਰਹਿਤ ਹੈ। ਲੋਕਾ ਅਕਾਸ਼ ਅਸੰਖਿਆਤ ਪ੍ਰਦੇਸ਼ੀ ਹੈ ਅਤੇ ਅਲੋਕਾ ਅਕਾਸ਼ ਅਨੰਤ ਪ੍ਰਦੇਸ਼ੀ ਹੈ। (ਪੰਜ) ਕਾਲ ਦ੍ਰਵ ਪਦਾਰਥ ਦੇ ਵਰਤਨਾ (ਲੰਘ ਜਾਣਾ) ਪਰਨਾਮ ਕ੍ਰਿਆ ਅਤੇ ਪਰਤਵਾਪਰਤਵ ਵਿਵਹਾਰ ਵਿੱਚ ਉਪਕਾਰਕ ਹੈ। ਪਦਾਰਥ ਵਿੱਚ

ਹਰ ਪਲ ਉਤਪਾਦ (ਪੈਦਾ ਹੋਣਾ) ਵਿਆਯ (ਖਰਚ ਹੋਣਾ) ਧਰੋਵਯ (ਟਿੱਕ ਜਾਣਾ) ਰੂਪਾਤਮਕ ਰੂਪ ਵਿੱਚ ਪਰੀਨਮਨ ਦਾ ਜੋ ਅਨੁਭਵ ਹੁੰਦਾ ਹੈ ਉਹ ਵਰਤਨਾ ਹੈ, ਪਦਾਰਥ ਦਾ ਸੁਭਾਵਿਕ ਪਰਿਵਰਤਨ ਪਰੀਣਾਮ ਹੈ, ਉਸ ਵਿੱਚ ਬਦਲਾਓ ਹੋਣਾ ਕ੍ਰਿਆ ਹੈ। ਇਸ ਵਿੱਚ ਵਰਤਨਾ ਤੱਤਵ ਨਿਸਚੈ ਕਾਲ ਨੂੰ ਦਰਸਾਉਂਦਾ ਹੈ ਅਤੇ ਬਾਕੀ ਉਪਕਾਰਕ ਤੱਤਵ ਭੂਤ ਵਸਤੂਆਂ ਅਤੇ ਭਵਿੱਖ ਰੂਪ ਵਿਵਹਾਰ ਕਾਲ ਨਾਲ ਸੰਬੰਧਤ ਹੈ। ਹਰ ਲੋਕਾ ਅਕਾਸ਼ ਦੇ ਪ੍ਰਦੇਸ਼ ਤੇ ਇੱਕ ਕਾਲਾਣੂ ਦ੍ਰੱਵ ਸਥਿਤ ਹੈ। ਕਾਲ ਵੀ ਅਮੂਰਤਿਕ ਅਤੇ ਕ੍ਰਿਆ ਰਹਿਤ ਹੈ।

ਇਸ ਪ੍ਰਕਾਰ ਪੁਦਗਲ, ਧਰਮ, ਅਧਰਮ, ਅਕਾਸ਼ ਅਤੇ ਕਾਲ ਇਹ ਪੰਜ ਦ੍ਰੱਵ ਜੈਨ ਧਰਮ ਵਿੱਚ ਅਜੀਵ ਮੰਨੇ ਜਾਂਦੇ ਹਨ। ਜੀਵ ਇਹਨਾਂ ਤੋਂ ਭਿੰਨ ਹੈ ਜਿਸ ਦੇ ਵਿਸ਼ੇ ਬਾਰੇ ਅਸੀਂ ਅੱਗੇ ਵਰਣਨ ਕਰਾਂਗੇ।

## ਆਤਮਾ ਦੀ ਹੋਂਦ

ਆਤਮਾ ਦੀ ਹੋਂਦ ਦੇ ਸੰਬੰਧ ਵਿੱਚ ਆਮ ਤੌਰ ਤੇ ਇਹ ਤਰਕ ਦਿੱਤਾ ਜਾਂਦਾ ਹੈ, ਕਿ ਗਗਨ ਪੁਸ਼ਪ ਦੀ ਤਰ੍ਹਾਂ ਆਤਮਾ ਦੀ ਕੋਈ ਹੋਂਦ ਨਹੀਂ। ਕਿਉਂਕਿ ਉਸਦਾ ਸਿੱਧਾ ਪ੍ਰਤੱਖ ਵਿਖਾਈ ਨਹੀਂ ਦਿੰਦਾ। ਅਸੀਂ ਘੜੇ ਨੂੰ ਤਾਂ ਪ੍ਰਤੱਖ ਵੇਖ ਲੈਂਦੇ ਹਾਂ ਪਰ ਆਤਮਾ ਨੂੰ ਨਹੀਂ। ਇਸ ਦਾ ਉੱਤਰ ਦਿੰਦੇ ਹੋਏ ਕਿਹਾ ਗਿਆ ਹੈ ਕਿ ਆਤਮਾ ਪ੍ਰਤੱਖ ਰੂਪ ਵਿੱਚ ਵੇਖਿਆ ਜਾ ਸਕਦਾ ਹੈ ਕਿਉਂਕਿ ਸ਼ੱਕ ਦੇ ਗਿਆਨ ਨਾਲ ਭਰੀ ਖੁਦ ਆਤਮਾ ਹੈ, ਜੋ ਅਨੁਭਵ ਵਿੱਚ ਆਉਂਦਾ ਹੈ ਉਸ ਨੂੰ ਪ੍ਰਮਾਣ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਸਰੀਰ ਦੇ ਆਨੰਦ ਦੁੱਖ, ਆਦਿ ਦੇ ਅਨੁਭਵ ਦੇ ਲਈ ਵੀ ਕਿਸੇ ਦੂਸਰੇ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ।[26]

ਆਤਮਾ ਦੇ ਵਿਸ਼ੇ ਵਿੱਚ ਸ਼ੱਕ ਹੀ ਉਸ ਦੀ ਹੋਂਦ ਨੂੰ ਪ੍ਰਮਾਣਤ ਕਰਦਾ ਹੈ। ਜੇ ਅਸੀਂ ਅਪਣੁ ਅਨੁਭਵ ਤੇ ਪ੍ਰਸ਼ਨ ਚਿੰਨ੍ਹ ਖੜਾ ਕਰੀਏ ਤਾਂ ਵੀ ਅਨੁਭਵ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਹ ਤੱਥ ਇਸ ਪ੍ਰਸਿੱਧ ਯੁਕਤੀ ਦਾ ਸਿਮਰਨ ਕਰਵਾਉਂਦਾ ਹੈ, "ਮੈਂ ਸੋਚਦਾ ਹਾਂ ਇਸ ਲਈ ਮੈਂ ਹਾਂ" ਇਹ ਯੁਕਤੀ ਸ਼ੱਕ ਦੇ ਇਸ ਸਿਧਾਂਤ ਤੇ ਆਧਾਰਤ ਹੈ ਕਿਉਂਕਿ ਵਿਚਾਰਾਂ ਦੀ ਹੋਂਦ ਹੈ। ਇਸ ਲਈ ਆਤਮਾ ਦੀ ਵੀ ਹੋਂਦ ਹੈ। ਇਹ ਕੱਥਨ ਪਦਾਰਥ ਅਤੇ ਉਸ ਦੇ ਗੁਣਾਂ ਦੇ ਵਿੱਚ ਸੰਬੰਧ ਸਪੱਸ਼ਟ ਕਰਦਾ ਹੈ। ਡੇਸਕਾਰਟ ਦਾ ਮਤ ਹੈ ਕਿ ਚਿੰਤਨ ਸ਼ੀਲ

ਆਤਮਾ ਦੀ ਹੋਂਦ ਦੇ ਵਿਸ਼ੇ ਵਿੱਚ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ ਕਿਉਂਕਿ ਆਤਮਾ ਇੱਕ ਤੱਤਵ ਹੈ ਜਿਸ ਦਾ ਗੁਣ ਹੈ ਗਿਆਨ – ਵਿਚਾਰ।

ਪਦਾਰਥ ਅਪਣੇ ਗੁਣਾਂ ਰਾਹੀਂ ਜਾਣਿਆ ਜਾਂਦਾ ਹੈ। ਪਦਾਰਥ ਤੇ ਉਸ ਦੇ ਗੁਣ ਇੱਕਠੇ ਰਹਿੰਦੇ ਹਨ। ਜੇ ਗੁਣ ਅਨੁਭਵ ਵਿੱਚ ਆਉਂਦੇ ਹਨ ਤਾਂ ਗੁਣਾਂ ਵਿੱਚ ਰਹਿਣ ਵਾਲੇ ਤੱਤਵ ਦੀ ਹੋਂਦ ਸਿੱਧ ਹੋ ਜਾਂਦੀ ਹੈ। ਜੀਵ ਜਾਂ ਆਤਮਾ ਵੀ ਇੱਕ ਤੱਤਵ ਹੈ ਉਸ ਦੇ ਗੁਣ ਹਨ, ਦਰਸ਼ਨ, ਗਿਆਨ ਆਦਿ ਜੋ ਸਾਡੇ ਅਨੁਭਵ ਵਿੱਚ ਆਉਂਦੇ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਆਤਮਾ ਦੀ ਹੋਂਦ ਹੈ। ਆਤਮਾ ਦੀ ਹੋਂਦ ਇਸ ਆਧਾਰ ਤੇ ਵੀ ਮੰਨਣਯੋਗ ਹੈ ਕਿ ਆਤਮਾ ਨੂੰ ਗੁਣੀ ਕਿਹਾ ਗਿਆ ਹੈ। ਆਤਮਾ ਦੇ ਗੁਣ ਹਨ, ਸਮਰਿਤੀ, ਜਿਗਿਆਸਾ (ਜਾਨਣ ਦੀ ਇੱਛਾ), ਚਿਕੀਰਸ਼ਾ (ਕਰਨ ਦੀ ਇੱਛਾ), ਜਿਗਮਿਸ਼ਾ (ਜਾਨਣ ਦੀ ਇੱਛਾ) ਉੱਤੇ ਸ਼ੱਕ ਆਦਿ। ਇਹ ਅਪਣੇ ਆਪ ਵਿੱਚ ਸਪੱਸ਼ਟ ਹੈ ਕਿਉਂਕਿ ਇਸ ਦਾ ਅਨੁਭਵ ਕੀਤਾ ਜਾਂਦਾ ਹੈ। ਇਸ ਲਈ ਗੁਣੀ ਆਤਮਾ ਦੀ ਹੋਂਦ ਅਪਣੇ ਆਪ ਸਿੱਧ ਹੋ ਜਾਂਦੀ ਹੈ।[27]

ਆਤਮਾ ਦੀ ਹੋਂਦ ਸਿੱਧ ਕਰਨ ਦੇ ਲਈ ਇੱਕ ਹੋਰ ਪ੍ਰਮਾਣ ਇਹ ਵੀ ਦਿੱਤਾ ਜਾਂਦਾ ਹੈ ਕਿ ਜੀਵ ਅਕਾਸ਼ ਦੀ ਤਰ੍ਹਾਂ ਅਪਣੇ ਆਪ ਵਿੱਚ ਸ਼ੁੱਧ ਹੈ।[28] ਇਹ ਆਤਮਾ ਸੁਤੰਤਰ ਹੈ, ਇੰਦਰੀਆਂ ਤੋਂ ਪਰੇ ਹੈ ਮਨ ਵਚਨ ਅਤੇ ਕਾਇਆ (ਸਰੀਰ) ਤੋਂ ਰਹਿਤ ਹੈ। ਜੇ ਕੋਈ ਉਸ ‘ਤੇ ਆਪਣੇ ਆਪ ਨੂੰ ਕੇਂਦਰਤ ਕਰਦਾ ਹੈ ਤਾਂ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਂਦੀ ਹੈ।[29]

## ਆਤਮਾ ਦੀ ਪ੍ਰਕ੍ਰਿਤੀ (ਸੁਭਾਵ)

ਹਰ ਆਤਮਾ ਚੇਤਨ ਹੈ, ਕਰਤਾ ਹੈ ਅਤੇ ਭੋਗਣ ਵਾਲਾ ਹੈ। ਇਹ ਸਿਧਾਂਤ ਪ੍ਰਸਿੱਧ ਦਾਰਸ਼ਨਿਕ ਵਰਗਸ਼ਨ ਦੇ ਵਿਚਾਰਾਂ ਨਾਲ ਮਿਲਦਾ ਜੁਲਦਾ ਹੈ। ਹਰ ਆਤਮਾ ਇੱਕ ਵੱਖ ਤੱਤਵ ਹੈ। ਉਹ ਅਨਿਤ ਹੈ, ਉਹ ਅਨਿਸ਼ਪਣ (ਨਾ ਪੈਦਾ ਹੋਇਆ) ਹੈ, ਅਵਿਨਸ਼ਵਰ (ਨਾ ਖਤਮ ਹੋਣ ਵਾਲਾ) ਹੈ ਅਤੇ ਨਾ ਵਿਖਾਈ ਦੇਣ ਵਾਲਾ ਹੈ। ਇਹ ਪੂਰਨ ਅਨੁਭਵ ਕਰਦਾ ਹੈ, ਸੁਤੰਤਰ ਹੈ ਅਤੇ ਦੇਖਣ ਵਾਲਾ ਹੈ। ਜੈਨ ਧਰਮ ਵਿੱਚ ਆਤਮਾ ਦੀ ਹੋਂਦ ਨੂੰ ਹਰ ਪਾਸੇ ਸਵੀਕਾਰ ਕੀਤਾ ਗਿਆ ਹੈ। ਉਹ ਅੰਤ ਹੀਨ ਅਤੇ ਅੰਤ ਰਹਿਤ ਮੰਨਿਆ ਗਿਆ ਹੈ। ਦੂਸਰੇ ਸ਼ਬਦਾਂ

ਵਿੱਚ ਉਹ ਅਵਿਨਾਸ਼ੀ ਅਤੇ ਅਨਿਤ ਹੈ। ਸੰਸਾਰ ਵਿੱਚ ਜੀਵ ਸਰੀਰ ਤੋਂ ਭਿੰਨ ਨਹੀਂ ਹੈ। ਆਤਮਾ ਦਾ ਇਹ ਸਵਰੂਪ ਨਿਸਚੈ ਨਯ ਤੋਂ ਭਿੰਨ ਹੋ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਆਤਮਾ ਸਰੀਰ ਤੋਂ ਭਿੰਨ ਹੈ। ਸਮੇਂ ਦੇ ਪੱਖੋਂ ਆਤਮਾ ਭੂਤ, ਵਰਤਮਾਨ ਅਤੇ ਭੱਵਿਖ ਇਹਨਾਂ ਤਿੰਨਾਂ ਕਾਲਾਂ ਵਿੱਚ ਮੌਜੂਦ ਹੈ। ਕਾਲ ਦੀ ਤਰ੍ਹਾਂ ਆਤਮਾ ਵੀ ਸ਼ੁਰੂ ਅਤੇ ਅੰਤ ਰਹਿਤ ਹੈ। ਜਦ ਕਦੇ ਆਤਮਾ ਦੀ ਤੁਲਨਾ ਅਕਾਸ਼ ਨਾਲ ਕੀਤੀ ਜਾਂਦੀ ਹੈ ਤਾਂ ਅਕਾਸ਼ ਦੀ ਤਰ੍ਹਾਂ ਉਹ ਰੂਪੀ ਹੈ। ਆਤਮਾ ਗਿਆਨ ਅਤੇ ਹੋਰ ਗੁਣਾਂ ਦਾ ਆਧਾਰ ਹੈ।

ਜੈਨ ਧਰਮ ਦੀ ਦ੍ਰਿਸ਼ਟੀ ਤੋਂ ਆਤਮਾ ਤਾਤਵੀਕ (ਗਿਆਨਵਾਨ) ਹੈ। ਉਹ ਗਤੀ (ਜਨਮ ਮਰਨ) ਦੀ ਭਿੰਨ ਭਿੰਨ ਅਵਸਥਾਵਾਂ ਨੂੰ ਅਲਗ ਅਲਗ ਰੂਪ ਵਿੱਚ ਧਾਰਨ ਕਰ ਸਕਦਾ ਹੈ। ਪਰ ਉਸ ਦਾ ਤਾਤਵਿਕ ਸਵਰੂਪ ਵੀ ਪਰਿਵਰਤਨ ਰਹਿਤ ਬਣਿਆ ਰਹਿੰਦਾ ਹੈ। ਉਸੇ ਤਰ੍ਹਾਂ ਭਿੰਨ ਭਿੰਨ ਗਤੀਆਂ ਵਿੱਚ ਵੀ ਆਤਮਾ ਹਮੇਸ਼ਾਂ ਹੋਂਦ ਵਿੱਚ ਰਹਿੰਦੀ ਹੈ। 'ਸਮੇਸਾਰ' ਵਿੱਚ ਆਖਿਆ ਗਿਆ ਹੈ, "ਪਦਾਰਥਾਂ ਤੋਂ ਜੋ ਕੁੱਝ ਵੀ ਉਤਪਨ ਹੁੰਦਾ ਹੈ, ਉਸ ਵਿੱਚ ਪਦਾਰਥ ਦੇ ਗੁਣ ਬਣੇ ਰਹਿੰਦੇ ਹਨ, ਗੁਣ ਆਪਣੇ ਗੁਣੀ ਤੋਂ ਕਦੇ ਭਿੰਨ ਨਹੀਂ ਹੋ ਸਕਦਾ। ਉਸੇ ਪ੍ਰਕਾਰ ਜਿਸ ਤਰ੍ਹਾਂ ਸੋਨੇ ਦੇ ਬਣੇ ਹੋਏ ਕਾਂਟੇ, ਕੁੰਡਲ ਆਦਿ ਸੋਨੇ ਤੋਂ ਵੱਖ ਨਹੀਂ ਹੁੰਦੇ।[30]

ਆਤਮਾ ਇਸ ਅਰਥ ਵਿੱਚ ਗਤੀਸ਼ੀਲ ਤੱਤਵ ਹੈ। ਕਿ ਉਹ ਕਰਮ ਦਾ ਕਰਤਾ ਅਤੇ ਫਲ ਦਾ ਭੋਗਣ ਵਾਲਾ ਹੈ। ਆਤਮਾ ਦੀ ਦੂਸਰੀ ਵਿਸ਼ੇਸ਼ਤਾ ਹੈ, ਉਸ ਦਾ ਸਵੈਪ੍ਰਕਾਸ਼ ਤੱਤਵ, ਉਹ ਜਿਸ ਸਰੀਰ ਵਿੱਚ ਵੀ ਰਹਿੰਦਾ ਹੈ ਉਸ ਨੂੰ ਪ੍ਰਕਾਸ਼ਵਾਨ ਕਰਦਾ ਹੈ। ਆਤਮਾ ਦੀ ਸਭ ਤੋਂ ਮਹੱਤਵਪੂਰਨ ਵਿਸ਼ੇਸ਼ਤਾ ਹੈ ਗਿਆਨ। ਆਚਾਰਾਂਗ ਸੂਤਰ ਵਿੱਚ ਆਖਿਆ ਗਿਆ ਹੈ ਕਿ ਆਤਮਾ ਗਿਆਤਾ ਹੈ ਅਤੇ ਗਿਆਤਾ ਆਤਮਾ ਹੈ। ਵਿਅਕਤੀ ਜਿਸ ਦੇ ਰਾਹੀਂ ਜਾਣਦਾ ਹੈ ਉਹ ਆਤਮਾ ਹੈ, ਇਸ ਕਾਰਨ ਨਾਲ ਆਤਮਾ ਦੀ ਹੋਂਦ ਸਿੱਧ ਹੁੰਦੀ ਹੈ। ਇਹੋ ਆਤਮ ਵਾਦ ਦਾ ਸਿਧਾਂਤ ਹੈ।[31]

ਪ੍ਰਵਚਨ ਸਾਰ ਵਿੱਚ ਅਚਾਰਿਆ ਕੁੰਦਕੁੰਦ ਨੇ ਇਸ ਤੱਥ ਨੂੰ ਪ੍ਰਗਟ ਕੀਤਾ ਹੈ ਕਿ ਆਤਮਾ ਪਰੀਨਾਮੀ ਹੈ। ਇਹ ਸਿਧਾਂਤ ਸਾਨੂੰ ਸਾਂਖਯ ਦੇ ਪਰੀਨਾਮ ਵਾਦ

ਵਿੱਚ ਯਾਦ ਦਿਲਾਉਂਦਾ ਹੈ। ਸਾਂਖਯ ਸਿਧਾਂਤ ਦੇ ਅਨੁਸਾਰ ਸਰੀਰਕ ਅਤੇ ਮਾਨਸਿਕ ਸੰਸਾਰ ਪ੍ਰਾਕ੍ਰਿਤੀ ਦਾ ਪਰੀਨਾਮ ਹੈ। ਵਿਗਿਆਨ ਵਾਦ ਵਿੱਚ ਵੀ ਇੱਕ ਪ੍ਰਕਾਰ ਦੇ ਪਰੀਨਾਮ ਵਾਦ ਦਾ ਵਰਣਨ ਆਉਂਦਾ ਹੈ ਜੋ ਇਸ ਪਰੀਨਾਮ ਵਾਦ ਤੋਂ ਵੱਖ ਹੈ। ਵਸੂਬੰਦੂ ਅਪਣੀ ਤ੍ਰੀਸਿੰਕਾਂ ਵਿੱਚ ਲਿਖਦਾ ਹੈ ਕਿ ਸਮੁੱਚਾ ਸੰਸਾਰ ਤਿੰਨ ਪ੍ਰਕਾਰ ਦੇ ਵਿਗਿਆਨ ਪਰੀਨਾਮ ਦੀਆਂ ਕ੍ਰਿਆਵਾਂ ਵਿੱਚੋਂ ਗੁਜ਼ਰਦਾ ਹੈ। ਆਲਯ ਵਿਗਿਆਨ, ਮਨੋਵਿਗਿਆਨ ਅਤੇ ਪ੍ਰਵਿਰਤੀ ਵਿਗਿਆਨ।[32]

ਕੁੰਦਕੁੰਦ ਦੇ ਅਨੁਸਾਰ ਗਿਆਨ, ਕਾਰਜ ਅਤੇ ਫਲ ਦੀ ਦ੍ਰਿਸ਼ਟੀ ਤੋਂ ਆਤਮਾ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ। ਇਸ ਲਈ ਆਤਮਾ ਨੂੰ ਗਿਆਨਵਾਨ, ਕਰਮਵਾਨ ਅਤੇ ਫਲਵਾਨ ਸਮਝਣਾ ਚਾਹੀਦਾ ਹੈ।[33] ਅਗਲੀ ਗਾਥਾ ਵਿੱਚ ਉਹ ਲਿਖਦੇ ਹਨ, ਕਿ ਸ਼੍ਰਮਣ ਵਿਸ਼ੁੱਧ ਆਤਮਾ ਦਾ ਅਨੁਭਵ ਕਰਦਾ ਹੈ। ਜਦ ਉਹ ਇਹ ਸਮਝ ਲੈਂਦਾ ਹੈ ਕਿ ਸਿਰਫ ਆਤਮਾ ਕਰਤਾ, ਕਰਨ, ਕਾਰਜ ਅਤੇ ਫਲ ਹੈ। ਅਜਿਹਾ ਸਾਧੂ ਹੀ ਵਿਕਾਰਾਂ ਤੋਂ ਮੁਕਤ ਹੁੰਦਾ ਹੈ।[34]

ਕੁੰਦਕੁੰਦ ਦੇ ਅਨੁਸਾਰ ਆਤਮਾ ਰੂਪੀ ਅਤੇ ਵਰਨ ਰਹਿਤ ਹੈ ਪਰ ਉਹ ਰੂਪ ਰੰਗ ਅਤੇ ਉਸ ਦੇ ਗੁਣਾਂ ਨੂੰ ਵੇਖਦਾ ਅਤੇ ਜਾਣਦਾ ਹੈ।[35]

ਇਸ ਦਾ ਇਹ ਅਰਥ ਨਹੀਂ ਕਿ ਆਤਮਾ ਦੀ ਮੂਲ ਪ੍ਰਕ੍ਰਿਤੀ ਦਰਸ਼ਨ ਆਦਿ ਜਿਹੇ ਕੰਮਾਂ ਵਿੱਚ ਢੱਕੀ ਹੈ। ਕੁੰਦਕੁੰਦ ਦਾ ਮਤ ਹੈ ਕਿ ਚੇਤਨਾ ਦੀਆਂ ਅਵਸਥਾਵਾਂ ਹਨ ਜੋ ਵਿਕਾਰੀ ਭਾਵਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ। ਇਸ ਲਈ ਉਹ ਕੰਮਾਂ ਵਿੱਚ ਉਲਝੀ ਰਹਿੰਦੀ ਹੈ। ਉਹ ਆਖਦੇ ਹਨ, "ਹਰ ਇੱਕ ਦ੍ਰਵ ਅਪਣੇ ਪਰੀਨਮਨ ਤੋਂ ਹੀ ਪਰੀਨਮਦਾ ਹੈ, ਹੋਰ ਪਰੀਨਮਨ ਤੋਂ ਪਰੀਨਮਦਾ। ਇਸ ਨਿਆਏ ਤੋਂ ਅਪਣੇ ਨੂੰ ਆਸ਼ਰੀਭੂਤ, ਵਿਸ਼ੇਭੂਤ, ਨਮਿਤਭੂਤ ਪਰਪਦਾਰਥਾਂ ਦਾ ਅਕਰਤਾ ਜਾਣ ਕੇ ਪਰਾਏ ਵਿਸ਼ੇ ਵਿਕਲਪਾਂ ਤੋਂ ਛੁਟਕਾਰਾ ਹੋਣਾ ਚਾਹੀਦਾ ਹੈ। ਸਦਾਕਾਲ ਆਤਮਾ ਦਾ ਸਜਾਤੀਯ ਸਾਰੇ ਪਰ ਦ੍ਰੱਵ ਵਿੱਚ ਅਤਿਅੰਤਾ ਭਾਵ ਹੈ। ਇਹ ਵੇਖਦੇ ਹੋਏ ਪਰ ਦ੍ਰਵਾਂ ਦਾ ਕਰਤਾ ਮੰਨਕੇ ਸਾਰੇ ਵਿਕਲਪਾਂ ਨੂੰ ਛੱਡਕੇ ਅਪਣੇ ਆਪ ਵਿੱਚ ਸਹਿਜ ਆਰਾਮ ਕਰਨਾ ਚਾਹੀਦਾ ਹੈ।[36] ਕੁੰਦਕੁੰਦ ਦੇ ਇਸ ਤਰ੍ਹਾਂ ਦੇ ਸਾਰੇ ਕਥਨ ਵਿਵਹਾਰਨਯ ਅਤੇ ਨਿਸ਼ਚੈਨਯ ਦੀ ਦ੍ਰਿਸ਼ਟੀ ਤੋਂ ਸਮਝਣੇ

ਚਾਹੀਦੇ ਹਨ। ਇਹ ਕਹਿਣਾ ਝੂਠ ਨਹੀਂ ਹੋਵੇਗਾ ਕਿ ਆਤਮਾ ਦੀ ਇੱਛਾ ਸੁਤੰਤਰਤਾ ਨੂੰ ਜੈਨ ਦਰਸ਼ਨ ਨੇ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ। ਇਸ ਲਈ ਇੱਥੇ ਆਤਮਾ ਅਪਣਾ ਭਾਗ ਜਾਂ ਪੱਖ ਦਾ ਨਿਰਮਾਤਾ ਖੁਦ ਆਪ ਹੈ। ਉਤਰਾਅਧਿਐਨ ਸੂਤਰ ਵਿੱਚ ਆਖਿਆ ਗਿਆ ਹੈ, "ਮੇਰੀ ਆਤਮਾ ਹੀ ਵੈਤਰਨੀਯ ਨਦੀ ਹੈ ਅਤੇ ਆਤਮਾ ਹੀ ਕੂਟਸ਼ਾਲਮਲੀ ਦਰੱਖਤ ਹੈ। ਆਤਮਾ ਹੀ ਕਾਮਧੇਨੂ ਗਾਂ ਹੈ, ਆਤਮਾ ਹੀ ਨੰਦਨਬਨ ਹੈ। ਆਤਮਾ ਹੀ ਸੁੱਖ ਦੁੱਖ ਦਾ ਕਰਨ ਵਾਲਾ ਹੈ ਅਤੇ ਉਸ ਦਾ ਖਾਤਮਾ ਕਰਨ ਵਾਲਾ ਹੈ। ਚੰਗੀ ਪ੍ਰਵਿਰਤੀ ਵਿੱਚ ਲੱਗਿਆ ਹੋਇਆ ਆਤਮਾ ਮਿੱਤਰ ਹੈ। ਮਾੜੀ ਵਿਰਤੀ ਵਿੱਚ ਲੱਗਾ ਆਤਮਾ ਦੁਸ਼ਮਣ ਹੈ।[37]

ਹਰ ਮਨੁੱਖ ਆਪਣੇ ਕੰਮ ਦੇ ਲਈ ਖੁਦ ਹੀ ਨੈਤਿਕ ਤੌਰ ਤੇ ਜ਼ਿਮੇਵਾਰ ਹੈ ਇਹ ਸਮੁਚੀ ਭਾਰਤੀ ਪ੍ਰੰਪਰਾ ਸਵੀਕਾਰ ਕਰਦੀ ਹੈ। 'ਪਾਲੀਧੱਮ ਪਦ' ਵਿੱਚ ਇਸੇ ਨਾਲ ਮਿਲਦੇ ਜੁਲਦੇ ਉਦਾਹਰਨ ਵਰਨਣਯੋਗ ਹਨ ਜਿੱਥੇ ਕਿਹਾ ਗਿਆ ਹੈ ਕਿ ਮਨੁੱਖ ਆਪਣਾ ਸਵਾਮੀ ਆਪ ਹੈ। ਦੂਸਰਾ ਕੌਣ ਸਵਾਮੀ ਹੋ ਸਕਦਾ ਹੈ? ਆਪਣੇ ਆਪ ਨੂੰ ਦਮਨ (ਕਾਬੂ) ਕਰਨ ਵਾਲਾ ਹੀ ਸਵਾਮੀ ਪੁਨੇ ਨੂੰ ਪਾਉਂਦਾ ਹੈ।[38]

ਇੱਕ ਹੋਰ ਗਾਥਾ ਵਿੱਚ ਕਿਹਾ ਗਿਆ ਹੈ, ਕਿ ਜੋ ਆਪਣੇ ਆਪ ਨੂੰ ਪ੍ਰੇਰਿਤ ਕਰੇਗਾ, ਜੋ ਆਪਣੀ ਪ੍ਰੀਖਿਆ ਕਰੇਗਾ ਉਹ ਆਤਮ ਸੱਯਮੀ ਭਿਕਸ਼ੂ ਸੁੱਖ ਪੂਰਵਕ ਰਹੇਗਾ।[39]

ਭਗਵਤ ਗੀਤਾ ਵਿੱਚ ਵੀ ਇਸ ਤਰ੍ਹਾਂ ਆਖਿਆ ਗਿਆ ਹੈ ਕਿ ਆਪਣੇ ਆਪ ਨੂੰ ਆਪ ਹੀ ਪ੍ਰੇਰਿਤ ਕਰੋ ਆਪਣੇ ਆਪ ਦਾ ਪਤਨ ਨਾ ਹੋਣ ਦਿਉ। ਆਤਮਾ ਦੇ ਲਈ ਆਤਮਾ ਹੀ ਮਿੱਤਰ ਹੈ, ਆਤਮਾ ਦੇ ਲਈ ਆਤਮਾ ਹੀ ਦੁਸ਼ਮਣ ਹੈ।[40]

ਜੈਨ ਆਗਮਾਂ ਵਿੱਚ ਅਨੇਕਾਂ ਸਥਾਨ ਤੇ ਇਹ ਕਿਹਾ ਗਿਆ ਹੈ ਕਿ ਆਤਮਾ ਅਪਣੇ ਹੀ ਪੁਰਸ਼ਾਰਥ ਨਾਲ ਮੁਕਤ ਹੁੰਦਾ ਹੈ। ਉਤਰਾਧਿਐਨ ਸੂਤਰ ਵਿੱਚ, "ਸਰੀਰ ਨੂੰ ਕਿਸ਼ਤੀ, ਜੀਵ ਨੂੰ ਕਿਸ਼ਤੀ ਚਲਾਉਣ ਵਾਲ ਅਤੇ ਸੰਸਾਰ ਨੂੰ ਸਮੁੰਦਰ ਆਖਿਆ ਗਿਆ ਹੈ। ਮਹਾਨ ਮੋਕਸ਼ ਦੀ ਇੱਛਾ ਰੱਖਣ ਵਾਲੇ ਇਸ ਨੂੰ

ਤਰ ਕੇ ਪਾਰ ਕਰ ਜਾਂਦੇ ਹਨ"।[41] ਹੋਰ ਗਾਥਾਵਾਂ ਵਿੱਚ ਵੀ ਇਸੇ ਪ੍ਰਕਾਰ ਦਾ ਕਥਨ ਮਿਲਦਾ ਹੈ। ਉਦਾਹਰਣ ਵਜੋਂ, "ਆਤਮਾ ਦਾ ਹੀ ਦਮਨ ਕਰਨਾ ਚਾਹੀਦਾ ਹੈ ਕਿਉਂਕਿ ਆਤਮਾ ਹੀ ਦਾ ਦਮਨ ਕਰਨਾ ਔਖਾ ਹੈ। ਦਮਨ ਕੀਤਾ ਆਤਮਾ ਇਸ ਲੋਕ ਅਤੇ ਪਰਲੋਕ ਵਿੱਚ ਸੁਖੀ ਹੁੰਦਾ ਹੈ। ਚੰਗਾ ਇਹੋ ਹੈ ਕਿ ਮੈਂ ਸੰਜਮ ਤੇ ਤਪ ਰਾਹੀਂ ਆਪਣੀ ਆਤਮਾ ਦਾ ਦਮਨ ਕਰਾਂ। ਦੂਸਰੇ ਲੋਕ ਬੰਧਨ ਅਤੇ ਬੱਧ ਦੇ ਰਾਹੀਂ ਮੇਰਾ ਦਮਨ ਕਰਨ ਇਹ ਚੰਗਾ ਨਹੀਂ"।[42]

ਲਗਭਗ ਇਸੇ ਪ੍ਰਕਾਰ ਬੋਧ ਗ੍ਰੰਥਾਂ ਵਿੱਚ ਵੀ ਮਿਲਦਾ ਹੈ। ਧੱਮਪਦ ਵਿੱਚ ਆਖਿਆ ਗਿਆ ਹੈ, ਪਾਣੀ ਲੈ ਜਾਣ ਵਾਲੇ ਪਾਣੀ ਲੈ ਜਾਂਦੇ ਹਨ। ਤੀਰ ਬਣਾਉਣ ਵਾਲੇ ਤੀਰ ਬਣਾਉਂਦੇ ਹਨ। ਤਰਖਾਣ ਲੱਕੜੀ ਬਣਾਉਂਦੇ ਹਨ ਅਤੇ ਪੰਡਿਤ ਆਪਣਾ ਦਮਨ ਕਰਦੇ ਹਨ।[43]

ਇੱਕ ਹੋਰ ਗਾਥਾ ਵਿੱਚ ਆਤਮ ਵਿਜੈ ਦੇ ਮਹੱਤਵ ਦਾ ਵਰਣਨ ਕੀਤਾ ਗਿਆ ਹੈ, ਇੱਕ ਆਦਮੀ ਲੜਾਈ ਵਿੱਚ ਲੱਖਾਂ ਆਦਮੀਆਂ ਨੂੰ ਜਿੱਤ ਲਵੇ ਅਤੇ ਇੱਕ ਦੂਸਰਾ ਆਪਣੇ ਆਪ ਨੂੰ ਜਿੱਤ ਲਵੇ। ਇਹ ਦੂਸਰਾ ਆਦਮੀ ਹੀ ਸੱਚਾ ਲੜਾਈ ਦਾ ਜੇਤੂ ਹੈ।[44]

ਜੈਨ ਧਰਮ ਵਿੱਚ ਇਸੇ ਪ੍ਰਕਾਰ ਦੀ ਸਿੱਖਿਆ ਦਿੱਤੀ ਗਈ ਹੈ। ਉਤਰਾਧਿਐਨ ਵਿੱਚ ਕਿਹਾ ਗਿਆ ਹੈ, "ਜੋ ਮਨੁੱਖ ਨਾ ਜਿੱਤਣ ਵਾਲੇ ਯੁੱਧ ਵਿੱਚ ਦਸ ਲੱਖ ਸਿਪਾਹੀਆਂ ਨੂੰ ਜਿੱਤਦਾ ਹੈ ਉਸ ਦੀ ਤੁਲਨਾ ਪੱਖੋਂ ਜੋ ਆਪਣੇ ਆਪ ਨੂੰ ਜਿੱਤਦਾ ਹੈ ਉਹ ਪਰਮ ਜੇਤੂ ਹੈ"।[45]

ਬੁੱਧ ਸਾਹਿਤ ਵਿੱਚ ਚਿੱਤ ਦੀ ਸੁਰੱਖਿਆ ਅਤੇ ਵਿਸ਼ੁੱਧੀ ਤੇ ਬਲ ਦਿੱਤਾ ਗਿਆ ਹੈ। ਉਸ ਦੀ ਤੁਲਨਾ ਜੈਨ ਆਗਮਾਂ ਵਿੱਚ ਵੀ ਕੀਤੀ ਜਾ ਸਕਦੀ ਹੈ। ਜਿੱਥੇ ਆਤਮਾ ਦੀ ਸੁਰੱਖਿਆ ਅਤੇ ਵਿਸ਼ੁੱਧੀ ਦੀ ਗੱਲ ਆਖੀ ਗਈ ਹੈ। ਧੱਮਪਦ ਵਿੱਚ ਕਿਹਾ ਗਿਆ ਹੈ ਕਿ ਦੁਸ਼ਮਣ ਦੁਸ਼ਮਣ ਦੀ ਅਤੇ ਵੈਰੀ ਵੈਰੀ ਦਾ ਜਿੰਨਾ ਨੁਕਸਾਨ ਕਰਦਾ ਹੈ। ਭੈੜੇ ਰਾਹ ਪਿਆ ਹੋਇਆ ਮਨ ਮਨੁੱਖ ਦਾ ਉਸ ਤੋਂ ਕੀਤੇ ਜ਼ਿਆਦਾ ਨੁਕਸਾਨ ਕਰਦਾ ਹੈ"।[46]

ਉਤਰਾਧਿਐਨ ਵਿੱਚ ਵੇਖੋ, "ਆਪਣੀ ਬੁਰੀ ਵਿਰਤੀ ਜੋ ਅਨਰਥ ਪੈਦਾ ਕਰਦੀ ਹੈ। ਉਹ ਅਨਰਥ ਗਲਾ ਕੱਟਣ ਵਾਲਾ ਦੁਸ਼ਮਣ ਵੀ ਨਹੀਂ ਕਰਦਾ।

ਇਹ ਭੈੜੀ ਵਿਰਤੀ ਕਰਨ ਵਾਲਾ ਦਯਾ ਰਹਿਤ ਮਨੁੱਖ ਮੌਤ ਦੇ ਮੂੰਹ ਵਿੱਚ ਪਹੁਚਣ ਦੇ ਸਮੇਂ ਪਸ਼ਚਾਤਾਪ ਦੇ ਨਾਲ ਇਸ ਤੱਥ ਨੂੰ ਜਾਣ ਸਕੇਗਾ"।[47]

ਜੈਨ ਆਗਮਾਂ ਵਿੱਚ ਆਤਮਾ ਦੀ ਪ੍ਰਾਕ੍ਰਿਤੀ ਦੇ ਹਵਾਲੇ ਬਹੁਤ ਕੁੱਝ ਆਖਿਆ ਗਿਆ ਹੈ। ਆਤਮਾ ਦੀ ਵਿਨਾਸ਼ਵਰਤਾ ਅਤੇ ਅਨਿਤਤਾ ਦੇ ਸੰਬੰਧ ਵਿੱਚ ਉਤਰਾਧਿਐਨ ਵਿੱਚ ਆਖਿਆ ਗਿਆ ਹੈ, "ਆਤਮਾ ਅਮੂਰਤ ਹੈ ਇਸ ਲਈ ਇਹ ਇੰਦਰੀਆਂ ਦੇ ਰਾਹੀਂ ਨਹੀਂ ਜਾਣਿਆ ਜਾ ਸਕਦਾ। ਇਹ ਅਮੂਰਤ ਹੈ ਇਸ ਲਈ ਨਿੱਤ ਹੈ, ਇਹ ਨਿਸ਼ਚੈ ਹੈ ਕਿ ਆਤਮਾ ਦੇ ਅੰਦਰਲੇ ਦੋਸ਼ ਹੀ ਬੰਧਨ ਦੇ ਕਾਰਨ ਹਨ ਅਤੇ ਬੰਧਨ ਹੀ ਸੰਸਾਰ ਦਾ ਕਾਰਨ ਹੈ"।[48]

ਜੈਨ ਧਰਮ ਵਿੱਚ ਆਤਮਾ ਦਾ ਪੁਨਰ ਜਨਮ ਦਾ ਸਿਧਾਂਤ ਹੀ ਮੁੱਖ ਹੈ। ਪੁਨਰ ਜਨਮ ਦੇ ਹਵਾਲੇ ਵਿੱਚ ਅਸੀਂ ਇਹ ਪਾਉਂਦੇ ਹਾਂ ਕਿ ਇਸ ਦਰਸ਼ਨ ਵਿੱਚ ਕਰਮ ਦੇ ਅਨੁਸਾਰ ਸੁੱਖ ਦੁੱਖ ਵੀ ਮਿਲਦਾ ਹੈ। ਆਚਾਰਾਂਗ ਸੂਤਰ ਆਤਮਾ ਵਿੱਚ ਵਿਸ਼ਵਾਸ ਕਰਨ ਵਾਲੇ ਨੂੰ ਵਿਸ਼ਵ ਵਿੱਚ ਵਿਸ਼ਵਾਸ ਕਰਨ ਵਾਲਾ, ਕਰਮ ਵਿੱਚ ਵਿਸ਼ਵਾਸ ਕਰਨ ਵਾਲਾ, ਅਤੇ ਕਾਰਜ ਵਿੱਚ ਵਿਸ਼ਵਾਸ ਕਰਨ ਵਾਲਾ ਆਖਿਆ ਗਿਆ ਹੈ"।[49]

## ਆਤਮਾ ਦਾ ਵਰਗੀਕਰਨ

ਅਸੀਂ ਜਾਣਦੇ ਹਾਂ ਕਿ ਜੈਨ ਧਰਮ ਬਹੁਲਵਾਦੀ ਦਰਸ਼ਨ ਹੈ ਅਤੇ ਉਹ ਅਨੰਤ ਆਤਮਾਵਾਂ ਵਿੱਚ ਵਿਸ਼ਵਾਸ ਕਰਦਾ ਹੈ। ਇਹ ਵਿਸ਼ਵਾਸ ਵੇਦਾਂਤਿਕ ਅਦੈਵਤਵਾਦ ਦਾ ਬਿਲਕੁਲ ਵਿਰੋਧੀ ਸਿਧਾਂਤ ਹੈ ਜਿੱਥੇ ਇੱਕ ਹੀ ਆਤਮਾ ਨੂੰ ਮੰਨਿਆ ਜਾਂਦਾ ਹੈ। ਜੈਨ ਧਰਮ ਇਸ ਸਿਧਾਂਤ ਦਾ ਖੰਡਨ ਕਰਕੇ ਆਤਮਾ ਦੇ ਬਹੁਲਵਾਦੀ ਸਿਧਾਂਤ ਦੀ ਸਥਾਪਨਾ ਕਰਦਾ ਹੈ। ਉਸ ਦੇ ਅਨੁਸਾਰ ਜ਼ਮੀਨ, ਪਾਣੀ, ਬਨਸਪਤੀ ਆਦਿ ਸਭ ਜੀਵ ਹੈ। ਸੰਖੇਪ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਸਾਰਾ ਸੰਸਾਰ ਜੀਵਾਂ ਨਾਲ ਭਰਿਆ ਹੋਇਆ ਹੈ।

ਕੁੱਝ ਗ੍ਰੰਥਾਂ ਵਿੱਚ ਆਤਮਾ ਦੀ ਬਹੁਲਤਾ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਪਰੀ ਆਪਤ ਅਤੇ ਅਪਰੀ ਆਪਤ ਭਾਵ ਪੂਰਨ ਵਿਕਸਿਤ ਅਤੇ ਅਪੂਰਨਵਿਕਸਿਤ। ਜੀਵਕਾਂਡ ਗੋਮੁਟਸਾਰ ਵਿੱਚ ਇਹਨਾਂ ਦੋ ਅਵਸਥਾਵਾਂ ਨੂੰ

ਉਹਨਾਂ ਦੇ ਸਰੀਰਕ ਅਤੇ ਮਾਨਸਿਕ ਅਵਸਥਾਵਾਂ ਦੇ ਆਧਾਰ ਤੇ 14 ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ।[50]

ਉਹ ਆਤਮਾਵਾਂ ਪਰੀ ਆਪਤ ਹਨ ਜੋ ਪੁਨਰ ਜਨਮ ਵਿੱਚ ਸਰੀਰਕ ਅਤੇ ਮਾਨਸਿਕ ਅਵਸਥਾਵਾਂ ਦੇ ਪੱਖੋਂ ਵਿਕਸਿਤ ਹੋਣ ਦੀ ਸਮਰਥਾ ਰੱਖਦੀਆਂ ਹਨ। ਅਜਿਹੇ ਜੀਵ ਯੋਨੀ ਸਥਾਨ ਵਿੱਚ ਪ੍ਰਵੇਸ਼ ਕਰਦੇ ਹੀ ਆਪਣੇ ਸਰੀਰ ਦੇ ਯੋਗ ਪੁਦਗਲ ਵਰਗਨਾਮਾਂ ਨੂੰ ਗ੍ਰਹਿਣ ਜਾਂ ਭੋਜਨ ਕਰਦੇ ਹਨ। ਉਸ ਤੋਂ ਬਾਅਦ ਉਹਨਾਂ ਰਾਹੀਂ ਸਰੀਰ, ਸਾਹ, ਇੰਦਰੀਆਂ, ਭਾਸ਼ਾ ਅਤੇ ਮਨ ਦਾ ਨਿਰਮਾਣ ਹੁੰਦਾ ਹੈ। ਜਿਹਨਾਂ ਜੀਵਾਂ ਵਿੱਚ ਇਹ ਸ਼ਕਤੀ ਨਹੀਂ ਰਹਿੰਦੀ ਉਹ ਅਪਰੀ ਆਪਤ ਅਖਵਾਉਂਦੀਆਂ ਹਨ।

ਜੈਨ ਧਰਮ ਅਨੁਸਾਰ ਜੀਵਾਂ ਦੀ ਸੰਖਿਆ ਅਨੰਤ ਹੈ ਅਤੇ ਇਹ ਜੀਵ ਇੱਕ ਦੂਸਰੇ ਤੋਂ ਭਿੰਨ ਹਨ। ਇੱਕ ਦੂਸਰਾ ਕਦੀ ਵੀ ਨਹੀਂ ਹੋ ਸਕਦਾ। ਹਰ ਜੀਵ ਆਪਣੇ ਸਰੀਰ ਦੇ ਆਕਾਰ ਦਾ ਹੁੰਦਾ ਹੈ। ਸੰਸਾਰੀ ਆਤਮਾ ਆਪਣੇ ਸਰੀਰ ਦੇ ਅਨੁਸਾਰ ਆਪਣੇ ਨੂੰ ਸਮਾਯੋਜਿਤ (ਆਕਾਰ) ਕਰ ਲੈਂਦੀ ਹੈ ਉਸੇ ਤਰ੍ਹਾਂ ਜਿਸ ਤਰ੍ਹਾਂ ਪ੍ਰਕਾਸ਼ ਕਮਰੇ ਦੇ ਅਨੁਸਾਰ ਫੈਲਦਾ ਅਤੇ ਸਿਕੁੜ ਜਾਂਦਾ ਹੈ। ਆਪਣੇ ਦ੍ਰਵ ਪ੍ਰਾਣਾਂ ਦੇ ਕਾਰਨ ਆਤਮਾ ਸਰੀਰ ਤੇ ਸਥਿਤ ਰਹਿੰਦੀ ਹੈ। ਉਸ ਦੀਆਂ ਪੰਜ ਇੰਦਰੀਆਂ ਹੁੰਦੀਆਂ ਹਨ- ਛੋਹ, ਰਸਨਾ, ਨੱਕ, ਅੱਖ ਅਤੇ ਕੰਨ: ਸਰੀਰ ਵਿੱਚ ਤਿੰਨ ਸ਼ਕਤੀਆਂ ਰਹਿੰਦੀਆਂ ਹਨ; ਮਨ, ਵਚਨ, ਕਾਇਆ, ਉਮਰ ਅਤੇ ਸਾਹ, ਇਹ ਦਸ ਬੱਲ ਹਰ ਆਤਮਾ ਵਿੱਚ ਅਪਣੀ ਸ਼ਕਤੀ ਅਨੁਸਾਰ ਰਹਿੰਦੇ ਹਨ।[51] ਇਹ ਆਤਮਾ ਦੀ ਵਿਸ਼ੇਸ਼ਤਾ ਹੈ।

ਤੱਤਵਾਰਥ ਸਾਰ ਵਿੱਚ ਜੀਵ ਦਾ 10 ਪ੍ਰਕਾਰ ਨਾਲ ਵਰਗੀਕਰਨ ਕੀਤਾ ਗਿਆ ਹੈ। ਜੀਵ ਦੇ ਪੱਖੋਂ ਜੀਵ ਇੱਕ ਹੈ, ਸੰਸਾਰੀ ਅਤੇ ਮੁਕਤ ਦੇ ਪੱਖੋਂ ਉਹ ਦੋ ਪ੍ਰਕਾਰ ਦਾ ਹੈ। ਪਰੀਆਪਤ, ਨਿਵ੍ਰਤਿਆ ਪਰੀਆਪਤ ਅਤੇ ਲਭਧ ਪਰੀਆਪਤ ਦੇ ਭੇਦ ਤੋਂ ਤਿੰਨ ਪ੍ਰਕਾਰ ਦਾ ਹੈ। ਨਰਕ, ਪਸ਼ੂ, ਮਨੁੱਖ ਅਤੇ ਦੇਵ ਇਹਨਾਂ ਚਾਰ ਗਤੀਆਂ ਵਿੱਚ ਭਰਮਣ ਕਰਨ ਕਾਰਨ ਇਹ ਚਾਰ ਪ੍ਰਕਾਰ ਦਾ ਹੈ। ਔਪਸ਼ਮਿਕ ਆਦਿ ਪੰਜ ਭਾਵਾਂ ਦੇ ਪੱਖੋਂ ਜਾਂ ਇੱਕ ਇੰਦਰੀਆਂ ਆਦਿ ਦੇ ਪੱਖੋਂ ਪੰਜ ਪ੍ਰਕਾਰ ਦਾ ਹੈ। ਛੇ ਦਿਸ਼ਾਵਾਂ ਵਿੱਚ ਅਪਕ੍ਰਮ ਹੋਣ ਕਾਰਨ ਇਹ ਛੇ

ਪ੍ਰਕਾਰ ਦਾ ਹੈ। ਸਪਤਭੰਗੀਨਯ ਦੇ ਸਿੱਧ ਹੋਣ ਕਾਰਨ ਇਹ ਸੱਤ ਪ੍ਰਕਾਰ ਦਾ ਹੈ। ਅੱਠ ਕਰਮ ਜਾਂ ਸਮਿਅਕਤ ਵਾਦੀ ਅੱਠ ਗੁਣਾਂ ਵਾਲਾ ਹੋਣ ਕਾਰਨ ਇਹ ਅੱਠ ਪ੍ਰਕਾਰ ਦਾ ਹੈ। ਨੌਂ ਪਦਾਰਥ ਦੇ ਰੂਪ ਵਿੱਚ ਪਰੀਨਮਨ ਕਰਨ ਕਾਰਨ ਇਹ ਨੌਂ ਪ੍ਰਕਾਰ ਦਾ ਹੈ। ਪ੍ਰਿਥਵੀ ਆਦਿ ਪੰਜ ਅਤੇ ਇੱਕ ਇੰਦਰੀ ਆਦਿ ਪੰਜ ਇਹਨਾਂ ਦਸ ਸਥਾਨਾਂ ਨੂੰ ਪ੍ਰਾਪਤ ਹੋਣ ਕਾਰਨ ਇਹ ਦਸ ਪ੍ਰਕਾਰ ਦਾ ਹੈ।[52]

ਇਸ ਪ੍ਰਸੰਗ ਵਿੱਚ ਬੁੱਧ ਧਰਮ ਵਿੱਚ ਵਰਣਨ ਛੇ ਗਤੀਆਂ ਦਾ ਵੀ ਵਰਣਨ ਕੀਤਾ ਜਾ ਸਦਕਾ ਹੈ। ਨਰਕ, ਪਸ਼ੂ, ਪ੍ਰੇਤ, ਅਸੁਰ, ਮਨੁੱਖ ਅਤੇ ਦੇਵ।[53]

ਇਹ ਛੇ ਪ੍ਰਾਕਰ ਤੋਂ ਛੁੱਟ ਬੁੱਧ ਧਰਮ ਵਿੱਚ ਹੋਰ ਵੀ ਅਨੇਕਾਂ ਪ੍ਰਕਾਰ ਦਾ ਵਰਨਣ ਕੀਤਾ ਗਿਆ ਹੈ। ਉਸ ਦੇ ਅਨੁਸਾਰ ਸਮਿਅਕ, ਸੰਬੁੱਧ ਸਰਵਉੱਚ ਮੰਨੇ ਜਾਂਦੇ ਹਨ। ਇਸ ਤੋਂ ਬਾਅਦ ਸਿਲਸਲਾ ਚੱਲਦਾ ਹੈ - ਪ੍ਰਤੇਕ ਬੁੱਧ, ਅਰਹਤ ਦੇਵ, ਬ੍ਰਹਮਾਂ, ਗੰਧਰਵ, ਗਰੂਡ, ਨਾਗ, ਯਕਸ਼, ਕੁੰਭਾਂਡ, ਅਸੁਰ, ਰਾਕਸ਼ਸ, ਪ੍ਰੇਤ ਅਤੇ ਨਰਕ।[54]

ਤੱਤਵਾਰਥ ਸੂਤਰ ਦੇ ਦੂਜੇ ਅਧਿਐਨ ਵਿੱਚ ਜੀਵਾਂ ਦਾ ਵਰਗੀਕਰਨ ਇੱਕ ਦੂਸਰੇ ਢੰਗ ਨਾਲ ਕੀਤਾ ਗਿਆ ਹੈ। ਉਸ ਦੇ ਅਨੁਸਾਰ ਜੀਵ ਦੇ ਤਿੰਨ ਮੌਲਿਕ ਵਿਸ਼ੇਸ਼ਤਾਵਾਂ ਹੁੰਦੀਆਂ ਹਨ: ਜੀਵਤਵ, ਭੱਵਯਤਵ ਅਤੇ ਅਭੱਵਯਤਵ। ਜੀਵ ਦਾ ਲੱਛਣ ਚੇਤਨਾ ਹੈ। ਉਪਯੋਗ ਦਾ ਸਵਰੂਪ ਚੇਤਨਾ ਹੈ, ਇਹ ਆਤਮਾ ਦਾ ਲੱਛਣ ਹੈ ਜੋ ਉਸ ਨੂੰ ਸਰੀਰ ਤੋਂ ਵੱਖ ਕਰਦਾ ਹੈ। ਉਪਯੋਗ ਦੋ ਪ੍ਰਕਾਰ ਦਾ ਹੈ, ਉਸ ਵਿੱਚ ਪਹਿਲੇ ਪ੍ਰਕਾਰ ਦੇ ਅੱਠ ਭੇਦ ਹਨ ਅਤੇ ਦੂਜੇ ਪ੍ਰਕਾਰ ਦੇ ਚਾਰ ਭੇਦਾਂ ਵਿੱਚ ਵੰਡਿਆ ਗਿਆ ਹੈ। [55]

ਤੱਤਵਾਰਥ ਸੂਤਰ ਦੇ ਵਿਆਖਿਆ ਕਾਰ ਪੂਜਯਪਾਲ ਦੇ ਅਨੁਸਾਰ ਇਹ ਵਰਗੀ ਕਰਨ ਇਸ ਪ੍ਰਕਾਰ ਹੈ - ਉਪਯੋਗ ਦੇ ਦੋ ਭੇਦ ਹਨ, ਗਿਆਨ ਅਤੇ ਦਰਸ਼ਨ; ਗਿਆਨ ਉਪਯੋਗ ਅੱਠ ਪ੍ਰਕਾਰ ਦਾ ਹੈ - ਮਤੀ ਗਿਆਨ, ਸਰੂਤ ਗਿਆਨ, ਅਵਧੀ ਗਿਆਨ, ਮਨਪਰਯਵ ਗਿਆਨ, ਕੇਵਲ ਗਿਆਨ, ਮੱਤਯ ਗਿਆਨ, ਸ਼ਰੂਤ ਗਿਆਨ ਅਤੇ ਵਿਭੰਗ ਗਿਆਨ। ਦਰਸ਼ਨ ਉਪਯੋਗ ਚਾਰ ਪ੍ਰਕਾਰ ਦਾ ਹੈ - ਚਕਸ਼ੂ ਦਰਸ਼ਨ, ਅਚਕਸ਼ੂ ਦਰਸ਼ਨ, ਅਵਧੀ ਦਰਸ਼ਨ ਅਤੇ ਕੇਵਲ ਦਰਸ਼ਨ।[56]

ਇਸ ਵਰਗੀ ਕਰਨ ਤੋਂ ਇਹ ਸਪੱਸ਼ਟ ਹੈ ਕਿ ਆਤਮਾ ਦਾ ਪ੍ਰਮੁੱਖ ਗੁਣ ਗਿਆਨ ਹੈ। ਗਿਆਨ ਅਤੇ ਦਰਸ਼ਨ ਦੇ ਰਾਹੀਂ ਚੇਤਨਾ ਦੀ ਹੋਂਦ ਸੱਚ ਸਿੱਧ ਹੁੰਦੀ ਹੈ। ਗਿਆਨ ਪਦਾਰਥ ਦੇ ਆਮ ਅਤੇ ਖਾਸ ਤੱਤਵ ਨੂੰ ਜਾਣਦਾ ਹੈ। ਦਰਸ਼ਨ ਆਤਮਾ ਤੱਤਵ ਨੂੰ ਸਮਝਦਾ ਹੈ, ਦਰਸ਼ਨ ਪਦਾਰਥ ਦੇ ਅੰਦਰ ਨੂੰ ਸਪੱਸ਼ਟ ਕਰਦਾ ਹੈ ਜਦਕਿ ਗਿਆਨ ਉਸ ਦੇ ਬਾਹਰਲੇ ਤੱਤਵ ਨੂੰ ਨਿਸ਼ਚੈ ਨਯ ਦੇ ਪੱਖੋ ਆਤਮਾ ਦੇ ਹਵਾਲੇ ਵਿੱਚ ਗਿਆਨ ਅਤੇ ਦਰਸ਼ਨ ਇੱਕ ਹੀ ਹਨ। ਜਦ ਆਤਮਾ ਪਦਾਰਥ ਦੇ ਬਾਹਰਲੇ ਤੱਤਵ ਨੂੰ ਜਾਣਦਾ ਹੈ ਤੱਦ ਉਹ ਗਿਆਨ ਹੈ ਅਤੇ ਜਦ ਉਹ ਖੁਦ ਨੂੰ ਜਾਣਦਾ ਹੈ ਤਾਂ ਉਹ ਦਰਸ਼ਨ ਹੈ। ਇਸ ਪ੍ਰਕਾਰ ਦਰਸ਼ਨ ਅਤੇ ਗਿਆਨ ਦੋਹੇਂ ਆਤਮਾ ਦੇ ਗੁਣ ਹਨ। ਇਸੇ ਤਰ੍ਹਾਂ ਜਿਸ ਤਰ੍ਹਾਂ ਅੱਗ ਵਿੱਚ ਗਰਮੀ ਤੇ ਪ੍ਰਕਾਸ਼ ਦੋ ਗੁਣ ਹਨ।[57]

ਵਰਗੀਕਰਨ ਤੋਂ ਇਹ ਵੀ ਸਪੱਸ਼ਟ ਹੈ ਕਿ ਜੀਵ ਦੋ ਪ੍ਰਕਾਰ ਦੇ ਹਨ - ਇਕ ਸੰਸਾਰੀ ਅਤੇ ਦੂਸਰੇ ਮੁਕਤ।[58]

ਸੰਸਾਰੀ ਜੀਵ ਦੋ ਪ੍ਰਕਾਰ ਦੇ ਹਨ- ਤਰੱਸ (ਹਿਲਣ ਚਲਣ ਵਾਲੇ) ਅਤੇ ਸਥਾਵਰ (ਸਥਿਰ): ਤਰੱਸ ਜੀਵ ਚਾਰ ਪ੍ਰਕਾਰ ਦੇ ਹਨ: ਦੋ ਇੰਦਰੀਆਂ ਵਾਲੇ ਜੀਵ, ਤਿੰਨ ਇੰਦਰੀਆਂ ਵਾਲੇ ਜੀਵ, ਚਾਰ ਇੰਦਰੀਆਂ ਵਾਲੇ ਜੀਵ ਅਤੇ ਪੰਜ ਇੰਦਰੀਆਂ ਵਾਲੇ ਜੀਵ। ਸਥਾਵਰ ਇੱਕ ਪ੍ਰਕਾਰ ਦੇ ਹੁੰਦੇ ਹਨ ਜਿਨ੍ਹਾਂ ਵਿੱਚ ਸਪਰਸ਼ ਇੰਦਰੀ (ਛੋਹਨ ਵਾਲੀ ਸ਼ਕਤੀ) ਹੀ ਹੁੰਦੀ ਹੈ। ਉਹ ਪੰਜ ਪ੍ਰਕਾਰ ਦੇ ਹੁੰਦੇ ਹਨ: ਜ਼ਮੀਨ, ਪਾਣੀ, ਅੱਗ, ਹਵਾ ਅਤੇ ਬਨਸਪਤੀ ਸਰੀਰ ਧਾਰੀ ਜੀਵ। ਇਹਨਾਂ ਵਿੱਚ ਮਾਤਰ ਸਪਰਸ਼ ਇੰਦਰੀ ਹੀ ਹੁੰਦੀ ਹੈ। ਜੈਨ ਦਰਸ਼ਨ ਅਨੁਸਾਰ ਇੱਕ ਇੰਦਰੀ ਜੀਵ ਹੀ ਅਵਿਦਿਆ ਦੇ ਭਿਆਨਕ ਪਰਦੇ ਦਾ ਸ਼ਿਕਾਰ ਹੁੰਦੇ ਹਨ।[59]

ਜੀਵ ਕਾਂਡ ਗੋਮਟ ਸਾਰ ਦੇ ਅਨੁਸਾਰ ਸਾਡੇ ਗੁਣ 14 ਮਾਰਗਨਾਵਾਂ ਹੁੰਦੀਆਂ ਹਨ। ਮਾਰਗਨਾ ਦਾ ਅਰਥ ਹੈ - ਪ੍ਰੀਖਿਅਨ, ਖੋਜ ਆਤਮਾ ਦਾ ਪ੍ਰੀਖਿਅਨ: ਇਸ ਸਿਧਾਂਤ ਵਿੱਚ 14 ਪ੍ਰਕਾਰ ਨਾਲ ਪ੍ਰੀਖਿਅਨ ਕੀਤਾ ਜਾਂਦਾ ਹੈ - ਗਤੀ, ਇੰਦਰੀਆਂ, ਕਾਇਆ, ਯੋਗ (ਮਨ, ਵਚਨ, ਕਾਇਆ ਦਾ ਮੇਲ), ਵੈਦ

(ਲਿੰਗ), ਕਸ਼ਾਏ (ਕ੍ਰੋਧ, ਮਾਨ, ਮਾਇਆ, ਲੋਭ), ਗਿਆਨ, ਸੰਜਮ, ਦਰਸ਼ਨ, ਲੇਸ਼ਿਆ, ਭਵਯਤੱਵ, ਸਮਿਅਕਤਵ, ਸਗਿਆਤਵ ਅਤੇ ਆਹਾਰ (ਭੋਜਨ)।[60]

ਅਨੇਕ ਗ੍ਰੰਥਾਂ ਵਿੱਚ ਆਤਮਾ ਦੇ ਤਿੰਨ ਰੂਪ ਮਿਲਦੇ ਹਨ: ਬਾਹਰੀ ਆਤਮਾ, ਅੰਤਰ ਆਤਮਾ ਅਤੇ ਪਰਮਾਤਮਾ। ਬਾਹਰੀ ਆਤਮਾ ਉਹ ਹੈ ਜੋ ਸਰੀਰ ਦੇ ਲਈ ਹੀ ਆਤਮਾ ਨੂੰ ਮੰਨਦੇ ਹਨ ਅਤੇ ਆਖਦੇ ਹਨ ਕਿ ਮੈਂ ਹੀ ਸਰੀਰ ਹਾਂ ਅਤੇ ਸਰੀਰ ਹੀ ਮੈਂ ਹਾਂ। ਮੁਕਤੀ ਪ੍ਰਾਪਤ ਕਰਨ ਦੇ ਰਾਹ ਵਿੱਚ ਇਹ ਇੱਕ ਬਹੁਤ ਵੱਡਾ ਰੁਕਾਵਟ ਵਾਲਾ ਤੱਤਵ ਹੈ।[61]

ਅੰਤਰ ਆਤਮਾ ਅਤੇ ਅਨਆਤਮਾ ਦੇ ਵਿੱਚਕਾਰਲੇ ਭੇਦ ਨੂੰ ਸਮਝਦਾ ਹੈ। ਉਹ ਇਹ ਜਾਣਦਾ ਹੈ ਕਿ ਆਤਮਾ ਸਰਵਉੱਚ ਤੱਤਵ ਹੈ, ਇੰਦਰੀਆਂ ਦੀ ਪਹੁੰਚ ਤੋਂ ਪਰੇ ਹੈ। ਇਸ ਅਵਸਥਾ ਵਿੱਚ ਆਤਮਾ ਅਧਿਆਤਮ ਵੱਲ ਮੁੜਦਾ ਰਹਿੰਦਾ ਹੈ। ਭੌਤਿਕ ਆਸਕਤੀਆਂ ਤੋਂ ਦੂਰ ਰਹਿੰਦਾ ਹੈ ਅਤੇ ਮੁਕਤੀ ਮਾਰਗ ਵਿੱਚ ਦ੍ਰਿੜ ਰਹਿੰਦਾ ਹੈ। ਜਦ ਉਹ ਪਦਾਰਥ ਦੇ ਅਸਲ ਰੂਪ ਨੂੰ ਸਮਝ ਲੈਂਦਾ ਹੈ ਤਾਂ ਅੰਤਰ ਆਤਮਾ ਤੋਂ ਪਰਮਾਤਮਾ ਬਣ ਜਾਂਦਾ ਹੈ। ਪੂਰਨ ਗਿਆਨਵਾਨ ਹੋ ਜਾਂਦਾ ਹੈ ਅਤੇ ਕਰਮ ਤੋਂ ਮੁਕਤ ਹੋ ਜਾਂਦਾ ਹੈ।[62] ਸਮੇਂ ਸਾਰ ਵਿੱਚ ਇਸ ਦਾ ਵਰਣਨ ਮਿਲਦਾ ਹੈ। ਜਿਸ ਨੇ ਪਰਮਾਤਮਾ ਦਾ ਗਿਆਨ ਪ੍ਰਾਪਤ ਕਰ ਲਿਆ ਹੈ, "ਜੋ ਅਜਿਹਾ ਜਾਂਦਾ ਹੈ ਕਿ ਮੋਹ ਮੇਰਾ ਕੁੱਝ ਵੀ ਨਹੀਂ ਹੈ ਇੱਕ ਗਿਆਨ ਦਰਸ਼ਨ ਉਪਯੋਗ ਰੂਪ ਮੈਂ ਹੀ ਹਾਂ ਇਸ ਪ੍ਰਕਾਰ ਜਾਣਨ ਦੇ ਸਿਧਾਂਤ ਜਾਂ ਆਤਮ ਸਵਰੂਪ ਦੇ ਗਿਆਨੀ ਪਹਿਲੇ ਅਚਾਰੀਆ ਨੇ ਮੋਹ ਨੂੰ ਮਮਤਾ ਰਹਿਤ ਆਖਦੇ ਹਨ"।[63]

ਪਰਮਾਤਮਾ ਆਤਮਾ ਦੀ ਸਰਵਉੱਚ ਵਿਸ਼ੁੱਧ ਅਵਸਥਾ ਵੱਲ ਇਸ਼ਾਰਾ ਕਰਦਾ ਹੈ। ਜੋ ਪੂਰਨ ਹੈ, ਵਿਸ਼ੁੱਧ ਹੈ ਅਤੇ ਸਵੈਪ੍ਰਕਾਸ਼ਕ ਹੈ ਅਜਿਹੇ ਆਤਮਾ ਨੂੰ ਸਿੱਧ ਆਖਿਆ ਜਾਂਦਾ ਹੈ। ਉਹ ਸਰਵੱਗ ਹੈ ਅਤੇ ਵਿਕਾਰੀ ਭਾਵਾਂ ਦਾ ਜੇਤੂ ਹੈ।[64] ਤੱਤਵਾਰਥ ਸਾਰ ਵਿੱਚ ਉਸ ਨੂੰ ਪੂਰਨ, ਵਿਸ਼ੁੱਧ, ਨਿਤ, ਕਰਮ ਮੁਕਤ ਅਤੇ ਗਿਆਨਸੁਭਾਵੀ ਕਿਹਾ ਗਿਆ ਹੈ। ਸਿੱਧ ਦਾ ਇਹ ਸਿਧਾਂਤ ਜੈਨ ਧਰਮ ਦਾ ਸਰਵਉੱਚ ਸਿਧਾਂਤ ਹੈ। ਜੈਨ ਧਰਮ ਵਿੱਚ ਸਿੱਧ ਅਵਸਥਾ ਨੂੰ ਪ੍ਰਾਪਤ

ਕਰਨਾ ਸਰਵਉੱਚ ਉਦੇਸ਼ ਮੰਨਿਆ ਗਿਆ ਹੈ। ਇਸੇ ਅਵਸਥਾ ਨੂੰ ਮੋਕਸ਼ ਕਿਹਾ ਜਾਂਦਾ ਹੈ।

ਕੁੰਦ ਕੁੰਦ ਨੇ ਦੋ ਨਯ ਸਿਧਾਂਤਾਂ ਨੂੰ ਸੰਖੇਪ ਵਿੱਚ ਸਪੱਸ਼ਟ ਕੀਤਾ ਹੈ। ਇਹ ਦੋ ਨਯ ਹਨ – ਨਿਸ਼ਚੈ ਨਯ ਅਤੇ ਵਿਵਹਾਰ ਨਯ। ਨਿਸ਼ਚੈ ਨਯ ਨੂੰ ਸ਼ੁੱਧ ਨਯ ਵੀ ਆਖਦੇ ਹਨ। ਪਦਾਰਥ ਦਾ ਗਿਆਨ ਸ਼ੁੱਧ ਨਯ ਤੋਂ ਹੁੰਦਾ ਹੈ, "ਵਿਵਹਾਰ ਨਯ ਉਸ ਦੇ ਸਵਰੂਪ ਨੂੰ ਸਪੱਸ਼ਟ ਨਹੀਂ ਕਰ ਪਾਉਂਦਾ। ਸ਼ੁੱਧ ਨਯ ਨੂੰ ਸਵੀਕਾਰ ਕਰਨ ਵਾਲਾ ਸਮਿਅੱਕ ਦ੍ਰਿਸ਼ਟੀ ਹੈ। ਵਿਵਹਾਰ ਨਯ ਨੂੰ ਸਵੀਕਾਰ ਕਰਨ ਵਾਲੇ ਪਦਾਰਥ ਦੀ ਹੋਂਦ ਦੇ ਹੇਠਲੇ ਸਤਰ ਤੋਂ ਹੀ ਸੰਤੁਸ਼ਟ ਰਹਿੰਦਾ ਹੈ। ਪਰ ਸਰਵਉੱਚ ਪਰਮਾਤਮ ਅਵਸਥਾ ਨੂੰ ਪ੍ਰਾਪਤ ਹੋਣ ਵਾਲੇ ਮਹਾਤਮਾ ਸ਼ੁੱਧ ਨਯ ਨੂੰ ਹੀ ਸਵੀਕਾਰ ਕਰਦੇ ਹਨ। ਵਿਵਹਾਰ ਨਯ ਅਭੂਤਆਰਥ ਹੈ ਅਤੇ ਸ਼ੁੱਧ ਨਯ ਭੂਤਆਰਥ ਹੈ"। ਰਿਸ਼ੀਆਂ ਨੇ ਦੱਸਿਆ ਹੈ ਕਿ ਜੋ ਜੀਵ ਭੂਤਆਰਥ ਦਾ ਆਸਰਾ ਲੈਂਦਾ ਹੈ ਨਿਸਚੈ ਹੀ ਉਹ ਸੱਮਿਅਕ ਦ੍ਰਿਸ਼ਟੀ ਹੈ। ਸ਼ੁੱਧ ਆਤਮਾ ਭਾਵ ਨੂੰ ਵੇਖਣ ਵਾਲੇ ਗਿਆਨੀਆਂ ਰਾਹੀਂ ਸ਼ੁੱਧ ਦ੍ਰਵ ਦਾ ਕਥਨ ਕਰਨ ਵਾਲਾ ਸ਼ੁੱਧ ਨਯ-ਨਿਸ਼ਚੈ ਨਯ ਜਾਣਨ ਯੋਗ ਹੈ ਅਤੇ ਜੋ ਜੀਵ ਸ਼ੁੱਧ ਭਾਵ ਵਿੱਚ (ਸ਼੍ਰਾਵਕ ਦੇ ਪੱਖੋਂ ਸ਼ੁਭ ਉਪਯੋਗ ਵਿੱਚ ਅਤੇ ਪ੍ਰਮਤ – ਅਪ੍ਰਮਤ ਦੇ ਪੱਖੋਂ ਭੇਦ (ਰਤਨਤਰੈ ਵਿੱਚ) ਸਥਿਤ ਹੈ ਉਸ ਲਈ ਵਿਵਹਾਰ ਨਯ ਦਾ ਉਪਦੇਸ਼ ਦਿੱਤਾ ਗਿਆ ਹੈ।[65]

ਬੁੱਧ ਧਰਮ ਵਿੱਚ ਜੋ ਦੋ ਸੱਚਾਈਆਂ ਦਾ ਸਿਧਾਂਤ ਪਾਇਆ ਜਾਂਦਾ ਹੈ ਉਸ ਨੂੰ ਕੁੰਦ ਕੁੰਦ ਰਾਹੀਂ ਦੱਸੇ ਸੱਚ ਤੋਂ ਪ੍ਰਭਾਵਿਤ ਲਗਦਾ ਹੈ। ਨਾਗ ਅਰਜੁਨ ਕੁੰਦ ਕੁੰਦ ਤੋਂ ਪਹਿਲਾਂ ਹੋਏ ਹਨ।[66] ਕੁੰਦ ਕੁੰਦ ਨੇ ਇਹਨਾਂ ਦੋ ਸੱਚ ਦੇ ਸਿਧਾਤਾਂ ਦੀ ਵਰਤੋਂ ਕੀਤੀ ਇਸ ਉਦੇਸ਼ ਨਾਲ ਕਿ ਜੈਨ ਸਿਧਾਤਾਂ ਨੂੰ ਸਪੱਸ਼ਟ ਕੀਤਾ ਜਾ ਸਕੇ ਕਿ ਪ੍ਰਮਾਤਮ ਅਵਸਥਾ ਦਾ ਗਿਆਨ ਸ਼ੁੱਧ ਨਯ ਹੈ। ਉਹ ਆਖਦੇ ਹਨ, "ਜੋ ਨਯ ਸ਼ੁੱਧ ਆਤਮਾ ਨੂੰ ਬੰਧ ਰਹਿਤ, ਪਰ ਦੇ ਸਪਰਸ਼ ਤੋਂ ਰਹਿਤ, ਅਨਿਤ ਤੋਂ ਰਹਿਤ, ਨਿਯਤ (ਚਲ ਅਚਲ ਆਦਿ ਤੋਂ ਰਹਿਤ), ਗਿਆਨ ਦਰਸ਼ਨ ਆਦਿ ਦੇ ਭੇਦ ਤੋਂ ਰਹਿਤ ਅਤੇ ਹੋਰ ਦੇ ਸੰਜੋਗ ਤੋਂ ਰਹਿਤ ਅਜਿਹੇ ਛੇ ਭਾਵ ਰੂਪ ਆਤਮਾ ਵਿੱਚ ਵੇਖਦਾ ਹੈ। ਉਸ ਨੂੰ ਸ਼ੁੱਧ ਨਯ ਸਮਝੋ।[67]

## ਆਤਮਾ, ਚੇਤਨਾ ਅਤੇ ਮਨ

ਜੈਨ ਦਾਰਸ਼ਨਿਕਾਂ ਨੇ ਆਤਮਾ ਦੀ ਮੁੱਖ ਵਿਸ਼ੇਸ਼ਤਾ ਚੇਤਨਾ ਦੱਸਿਆ ਹੈ। ਜੈਨ ਆਗਮਾ ਵਿੱਚ ਇਸ ਦੇ ਉਪਯੋਗ ਸ਼ਬਦ ਦਾ ਇਸਤੇਮਾਲ ਹੋਇਆ ਹੈ। ਤੱਤਵਾਰਥ ਸੂਤਰ ਵਿੱਚ ਉਪਯੋਗ ਨੂੰ ਆਤਮਾ ਦੀ ਵਿਸ਼ੇਸ਼ਤਾ ਮੰਨਿਆ ਗਿਆ ਹੈ।[68] ਇਸ ਸ਼ਬਦ ਦਾ ਅਰਥ ਹੈ, ਜੋ ਕੋਈ ਕੰਮ ਕਰੇ। ਗੋਮਟਸਾਰ ਜੀਵ ਕਾਂਡ ਦੇ ਅਨੁਸਾਰ ਇਹ ਕੰਮ ਹੈ ਵਸਤੂ ਨੂੰ ਗ੍ਰਹਿਣ ਕਰਨ ਦੀ ਆਦਤ। ਦੂਸਰੇ ਸ਼ਬਦਾਂ ਵਿੱਚ ਚੇਤਨਾ ਦਾ ਮੁੱਖ ਕੰਮ ਹੈ ਗਿਆਨ, ਉਪਯੋਗ ਦੋ ਪ੍ਰਕਾਰ ਦਾ ਹੈ। ਸਾਕਾਰ ਅਤੇ ਨਿਰਾਕਾਰ। ਨਿਰਾਕਾਰ ਉਪਯੋਗ ਦਰਸ਼ਨ ਹੈ ਅਤੇ ਸਾਕਾਰ ਉਪਯੋਗ ਗਿਆਨ ਹੈ। ਇਹ ਗਿਆਨ ਅਤੇ ਦਰਸ਼ਨ ਚੇਤਨਾ ਦੀ ਵਿਸ਼ੇਸ਼ਤਾ ਹੈ।

ਚੇਤਨਾ ਦਾ ਜੈਨ ਸਿਧਾਂਤ ਆਧੁਨਿਕ ਮਨੋ ਵਿਗਿਆਨ ਦੇ ਕੁੱਝ ਖਾਸ ਸਿਧਾਂਤਾਂ ਵੱਲ ਇਸ਼ਾਰਾ ਕਰਦਾ ਹੈ। ਜੈਨ ਧਰਮ ਦੇ ਅਨੁਸਾਰ ਚੇਤਨਾ ਤਿੰਨ ਤੱਥਾਂ ਵੱਲ ਸਾਡਾ ਧਿਆਨ ਖਿਚਦੀ ਹੈ - (1) ਸਵੀਕਾਰਜ ਜਾਂ ਅਸਵੀਕਾਰਜ ਪਦਾਰਥਾਂ ਦੀ ਕ੍ਰਿਆਹੀਣ ਅਨੁਭੂਤੀ। (2) ਪ੍ਰਯੋਜਨਾਤਮਕ ਕਾਰਜ ਦੀ ਚੇਤਨਾ (3) ਵਿਸ਼ੁੱਧ ਗਿਆਨ ਵੱਲ ਲੈ ਜਾਣ ਵਾਲੀ ਜਟਲ ਮਾਨਸਿਕ ਅਵਸਥਾ।[69] ਜਦ ਕਦੇ ਚੇਤਨਾ ਅਤੇ ਉਪਯੋਗ ਵਿੱਚ ਫਰਕ ਕੀਤਾ ਜਾਂਦਾ ਹੈ। ਉਪਯੋਗ ਅਜਿਹੇ ਹਵਾਲੇ ਵਿੱਚ ਚੇਤਨਾ ਦਾ ਕੰਮ ਮੰਨਿਆ ਜਾਂਦਾ ਹੈ।[70]

ਉਪਨਿਸ਼ਧਾਂ ਨੇ ਬ੍ਰਹਮ ਜਾਂ ਆਤਮਾ ਦੀ ਮੂਲ ਵਿਸ਼ੇਸ਼ਤਾ ਦੇ ਰੂਪ ਵਿੱਚ ਵਿਗਿਆਨ ਸ਼ਬਦ ਦਾ ਪ੍ਰਯੋਗ ਕੀਤਾ ਹੈ। ਤੈਤਰਯ ਉਪਨਿਸ਼ਧ ਵਿੱਚ ਆਤਮਾ ਦਾ ਵਰਣਨ ਵਿਗਿਆਨ ਅਤੇ ਅਵਿਗਿਆਨ ਦੋਹਾਂ ਰੂਪਾਂ ਵਿੱਚ ਹੋਇਆ।[71] ਛਾਦੰਗਯੋ ਉਪਨਿਸ਼ਧ ਵਿੱਚ ਬ੍ਰਹਮਾਂ ਦੀ ਵਿਸ਼ੇਸ਼ਤਾ ਦੱਸੀ ਗਈ ਹੈ ਵਿਗਿਆਨ ਅਤੇ ਗਿਆਨ।[72] ਪ੍ਰਸ਼ਨਾਂਉਪਨਿਸ਼ਧ ਵਿੱਚ ਆਤਮਾ ਨੂੰ ਵਿਗਿਆਨ ਆਤਮਾ ਕਿਹਾ ਗਿਆ ਹੈ।[73]

ਬੁੱਧ ਗ੍ਰੰਥ ਵਿਗਿਆਨ, ਵੇਦਨਾ ਅਤੇ ਸੰਸਕਾਰ ਦੇ ਸਿਧਾਂਤਾ ਉੱਪਰ ਜ਼ਿਆਦਾ ਵਿਸ਼ਵਾਸ ਰੱਖਦਾ ਹੈ। ਇਹ ਸ਼ਬਦ ਆਮ ਤੌਰ ਤੇ ਗਿਆਨ, ਅਨੁਭੂਤੀ ਅਤੇ ਇੱਛਾ ਦੇ ਅਰਥ ਰੂਪ ਵਿੱਚ ਪ੍ਰਯੋਗ ਹੋਏ ਹਨ।[74] ਥੇਰਵਾਦ ਵਿੱਚ ਵਿਗਿਆਨ (ਚੇਤਨਾ) ਸਕੰਧ (ਪੁਦਗਲ) ਦਾ ਇੱਕ ਰਚਨਾ ਵਾਲਾ ਤੱਤਵ

ਹੈ, ਇਸ ਤੋਂ ਅਜਿਹਾ ਲੱਗਦਾ ਹੈ ਕਿ ਚੇਤਨਾ ਤੱਤਵ ਇੱਕ ਹੋਂਦ ਤੋਂ ਦੂਸਰੀ ਹੋਂਦ ਨਾਲ ਸੰਬੰਧ ਸਥਾਪਤ ਕਰਦਾ ਹੈ। ਇਹੋ ਪੁਨਰਜਨਮ ਦੀ ਪ੍ਰਕ੍ਰਿਆ ਹੈ।

ਵਿਗਿਆਨ (ਚੇਤਨਾ) ਦੇ ਸਿਧਾਂਤ ਨੂੰ ਵਿਗਿਆਨ ਵਾਦ ਨੇ ਜ਼ਿਆਦਾ ਵਿਕਸਿਤ ਕੀਤਾ ਇਸ ਫਿਰਕੇ ਵਿੱਚ ਵਿਗਿਆਨ ਇੱਕ ਪ੍ਰਕਾਸ਼ਕ, ਸਬਚੇਤਕ, ਅਤੇ ਸਬਸੰਵੇਦਯ ਮੰਨਿਆ ਗਿਆ ਹੈ। ਇਹ ਭਿੰਨ ਭਿੰਨ ਅਤੇ ਹਰ ਪਲ ਪਰਿਵਰਤਨਸ਼ੀਲ, ਸ਼ੁੱਧ ਸਵੱਛ ਅਤੇ ਸਾਰੇ ਪ੍ਰਾਣੀਆਂ ਵਿੱਚ ਵਿਦਮਾਨ ਤੱਤਵ ਹੈ।[75]

ਜ਼ਿਆਦਾ ਭਾਰਤੀ ਦਾਰਸ਼ਨਿਕ ਫਿਰਕਿਆਂ ਵਿੱਚ ਚੇਤਨ ਅਚੇਤਨ ਮਨ ਨੂੰ ਸਵੀਕਾਰ ਕੀਤਾ ਗਿਆ ਹੈ। ਉਪਨਿਸ਼ਧਾਂ ਵਿੱਚ ਵੀ ਸ਼ਾਇਦ ਅਵਚੇਤਨ ਮਨ ਮਿਲਦਾ ਹੈ। ਮਾਂਡੂਕਿਆ ਵਿੱਚ ਉਪਨਿਸ਼ਧ ਵਿੱਚ ਚੇਤਨ ਤੱਤਵ ਦੀ ਜਾਗਰਤ ਅਤੇ ਸੋਈ ਅਵਸਥਾ ਦਾ ਵਰਣਨ ਹੈ। ਇਹ ਸੁਪਨੇ ਤੋਂ ਰਹਿਤ ਅਵਸਥਾ ਅਤੇ ਆਤਮਾ ਦੀ ਸਰਵਉੱਚ ਅਵਸਥਾ ਜਿਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ ਦਾ ਵਰਣਨ ਮਿਲਦਾ ਹੈ।

ਪ੍ਰਾਚੀਨ ਬੁੱਧ ਗ੍ਰੰਥਾਂ ਵਿੱਚ ਭਵੰਗ ਦਾ ਵਰਣਨ ਮਿਲਦਾ ਹੈ ਜੋ ਵਿਅਕਤੀ ਦੇ ਅਵਚੇਤਨ ਮਨ ਨੂੰ ਜਾਹਰ ਕਰਦਾ ਹੈ। ਇਸ ਪ੍ਰਕਾਰ ਭਾਵਗੰਚਿਤ ਅਵਚੇਤਨ ਮਨ ਦਾ ਕੰਮ ਕਰਦਾ ਹੈ।[76]

ਟੀ. ਜੀ. ਕਾਲਘਟਗੀ ਨੇ ਇਸ ਤੱਥ ਵੱਲ ਸਾਡਾ ਧਿਆਨ ਖਿੱਚਿਆ ਹੈ ਕਿ ਜੈਨ ਅਚਾਰੀਆ ਇਸ ਅਵਚੇਤਨ ਅਵਸਥਾ ਤੋਂ ਜਾਣੂ ਸਨ। ਇਸ ਦੀ ਪੁਸ਼ਟੀ ਲਈ ਉਹਨਾਂ ਨੇ ਨੰਨਦੀ ਸੂਤਰ ਦੀ ਮੌਲਿਕ ਉਦਾਹਰਣ ਪੇਸ਼ ਕੀਤੀ ਜਿਸ ਦਾ ਵਰਣਨ ਹੇਠ ਲਿਖੇ ਦਿੱਤਾ ਗਿਆ ਹੈ:

ਇੱਕ ਨਵਾਂ ਮਿੱਟੀ ਦਾ ਭਾਂਡਾ ਦੋ ਤਿੰਨ ਪਾਣੀ ਦੀਆਂ ਬੂੰਦਾਂ ਨਾਲ ਗਿੱਲਾ ਨਹੀਂ ਹੁੰਦਾ ਪਰ ਜਦ ਵਾਰ ਵਾਰ ਉਸ ਨੂੰ ਪਾਣੀ ਦੀਆਂ ਬੂੰਦਾਂ ਨਾਲ ਸਿੰਜਿਆ ਜਾਂਦਾ ਹੈ ਤਾਂ ਉਹ ਗਿੱਲਾ ਹੋ ਜਾਂਦਾ ਹੈ। ਕਿਉਂਕਿ ਪਾਣੀ ਦੀਆਂ ਬੂੰਦਾਂ ਨੂੰ ਸੋਖਣ ਦੀ ਸ਼ਕਤੀ ਸਮਾਪਤ ਹੋ ਗਈ। ਇਸ ਤੋਂ ਬਾਅਦ ਲਗਾਤਾਰ ਪਾਣੀ ਪਾਉਣ ਤੇ ਉਹ ਇਸ ਸਥਿਤੀ ਅਜਿਹੀ ਆਉਂਦੀ ਹੈ ਜਦ ਪਾਣੀ ਵਿਖਾਈ ਦੇਣ ਲੱਗਦਾ ਹੈ। ਕਾਲਘਟਗੀ ਦੇ ਅਨੁਸਾਰ ਇਹ ਦ੍ਰਿਸ਼ਾਂਤ ਅਵਚੇਤਨ ਮਨ ਦੀ ਗਹਿਰਾਈ ਨੂੰ

ਦਰਸਾਉਂਦਾ ਹੈ। ਜੋ ਸਾਡੀਆਂ ਸਾਰੀਆਂ ਇਛਾਵਾਂ ਅਤੇ ਵਿਚਾਰਾਂ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ। ਇਸ ਉਦਾਹਰਣ ਵਿੱਚ ਭਾਵੇਂ ਅਵਗ੍ਰਹਿ ਦੀ ਪ੍ਰਕ੍ਰਿਆ ਦੀ ਵਿਆਖਿਆ ਪੇਸ਼ ਕੀਤੀ ਗਈ ਹੈ।[77]

ਇਸ ਹਵਾਲੇ ਨਾਲ ਜੈਨ ਧਰਮ ਵਿੱਚ ਵਰਣਨ ਮਨ ਦੇ ਸਿਧਾਂਤ ਦਾ ਵਰਣਨ ਕਰਨਾ ਗਲਤ ਨਹੀਂ ਹੋਵੇਗਾ। ਤੱਤਵਾਰਥ ਸੂਤਰ ਵਿੱਚ (2.21) ਮਨ ਨੂੰ ਇੰਦਰੀ ਮੰਨਿਆ ਗਿਆ ਹੈ। ਜੈਨ ਦਰਸ਼ਨ ਵਿੱਚ ਅਤਿਇੰਦਰੀਯ, ਮਨ ਅਤੇ ਅੰਤਾਕਰਨ ਨੂੰ ਸਮਾਨ ਅਰਥ ਆਖ ਕੇ ਮਨ ਨੂੰ ਵਿਕਲਪ ਜਾਲ ਆਖਿਆ ਗਿਆ ਹੈ। ਇਸ ਦੇ ਦੋ ਭੇਦ ਮੰਨੇ ਗਏ ਹਨ। ਭਾਵ ਮਨ ਅਤੇ ਦ੍ਰਵ ਮਨ: ਦ੍ਰਵ ਮਨ ਰੂਪ ਆਦਿ ਹੋਣ ਕਾਰਨ ਪੁਦਗਲ ਦ੍ਰਵ ਦੀ ਪਰੀਆਏ (ਅਵਸਥਾ) ਹੈ ਜੋ ਹਿਰਦੇ ਸਥਾਨ ਵਿੱਚ 8 ਪੰਖੜੀਆਂ ਵਾਲੇ ਕਮਲ ਦੇ ਆਕਾਰ ਵਾਲਾ ਹੈ ਅਤੇ ਭਾਵ ਮਨ ਆਤਮਾ ਦੀ ਸ਼ੁੱਧੀ ਦਾ ਦਰਸ਼ਕ ਹੈ। ਭਾਵ ਮਨ ਗਿਆਨ ਸਵਰੂਪ ਹੈ ਅਤੇ ਗਿਆਨ ਜੀਵ ਦਾ ਗੁਣ ਹੋਣ ਕਾਰਨ ਆਤਮਾ ਵਿੱਚ ਉਸ ਦਾ ਅੰਤਰ ਭਾਵ ਹੈ। ਦਰੱਵ ਮਨ ਭਾਵ ਮਨ ਦਾ ਨਮਿਤ ਹੈ, ਇਸ ਮਨ ਨੂੰ ਅਨਇੰਦਰੀਯ ਵੀ ਕਿਹਾ ਗਿਆ ਹੈ। ਇੰਦਰ ਭਾਵ ਆਤਮਾ ਦੇ ਲਿੰਗ ਨੂੰ ਇੰਦਰੀਆਂ ਮੰਨਿਆ ਗਿਆ ਹੈ, ਜਿਸ ਪ੍ਰਕਾਰ ਬਾਕੀ ਇੰਦਰੀਆਂ ਦਾ ਗ੍ਰਹਿਣ ਬਾਹਰਲੀਆਂ ਇੰਦਰੀਆਂ ਰਾਹੀਂ ਹੁੰਦਾ ਹੈ ਇਸ ਪ੍ਰਕਾਰ ਮਨ ਦਾ ਨਹੀਂ ਹੁੰਦਾ ਹੈ। ਇਸ ਲਈ ਉਸ ਨੂੰ ਇੰਦਰ (ਆਤਮਾ) ਦਾ ਲਿੰਗ ਨਹੀਂ ਆਖ ਸਕਦੇ ਅਤੇ ਇਸ ਲਈ ਇਸ ਨੂੰ ਅਨਇੰਦਰੀਯ ਕਿਹਾ ਗਿਆ ਹੈ। ਗੁਣ ਦੋਸ਼ ਦਾ ਵਿਚਾਰ, ਸਿਮਰਨ ਆਦਿ ਕ੍ਰਿਆਵਾਂ ਮਨ ਦੇ ਕੰਮਾਂ ਵਿੱਚ ਇਹੋ ਆਸ਼ਰਵ ਬੰਧ ਦਾ ਕਾਰਨ ਹੈ ਅਤੇ ਇਹੋ ਨਿਰਜਰਾ ਹੈ ਅਤੇ ਇਹੋ ਨਿਰਜਰਾ ਮੋਕਸ਼ ਦਾ ਮਾਰਗ ਹੈ।[78]

## ਪਰਮਾਤਮਾ ਦੀ ਪ੍ਰਾਕ੍ਰਿਤੀ

ਅਚਾਰੀਆ ਕੁੰਦ ਕੁੰਦ ਪਰਮਾਤਮ ਸਵਰੂਪ ਦਾ ਵਰਣਨ ਕਰਦੇ ਹੋਏ ਆਖਦੇ ਹਨ, “ਜੋ ਅਜਿਹਾ ਜਾਣਦਾ ਹੈ ਕਿ ਧਰਮ ਆਦਿ ਦ੍ਰਵ ਨਿਸ਼ਚੈ ਹੀ ਮੇਰੇ ਨਹੀਂ ਹਨ, ਇੱਕ ਗਿਆਨ - ਦਰਸ਼ਨ ਉਪਯੋਗ ਰੂਪ ਹੀ ਮੈਂ ਹਾਂ। ਇਸ ਪ੍ਰਾਕਰ ਜਾਣਨ ਨੂੰ ਸਿਧਾਂਤ ਜਾਂ ਆਤਮ ਤੱਤਵ ਦੇ ਜਾਣਨ ਵਾਲੇ ਪਹਿਲੇ ਅਚਾਰੀਆ ਧਰਮ ਦ੍ਰਵ ਨੂੰ ਨਿਰ ਮੱਮਤਵ (ਮਮਤਾ ਰਹਿਤ) ਆਖਦੇ ਹਨ। ਗਿਆਨੀ

ਆਤਮ ਇਹ ਜਾਣਦਾ ਹੈ ਕਿ ਮੈਂ ਇੱਕ ਹਾਂ ਨਿਸ਼ਚੈ ਹੀ ਸ਼ੁੱਧ ਹਾਂ, ਦਰਸ਼ਨ - ਗਿਆਨ ਵਾਲਾ ਹਾਂ (ਰੂਪ, ਰਸ, ਗੰਧ, ਸਪਰਸ਼ ਦੀ ਅਨਹੋਂਦ ਕਾਰਨ) ਸਦਾ ਰੂਪੀ ਹਾਂ, ਕੋਈ ਵੀ ਹੋਰ ਦ੍ਰਵ ਪ੍ਰਮਾਣੂ ਮਾਤਰ (ਥੋੜਾ) ਵੀ ਮੇਰਾ ਨਹੀਂ ਹੈ।[79]

ਉਹ ਜੋ ਆਤਮਾ ਨੂੰ ਅਨਆਤਮਾ ਦਾ ਰੂਪ ਮੰਨਦੇ ਹਨ, ਗਿਰਾਵਟ ਵਾਲੇ ਚਿੱਤ ਦੇ ਧਾਰਕ ਹਨ। ਸਮਾਧੀ ਤੰਤਰ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਸੰਸਾਰ ਦੁੱਖਾਂ ਦਾ ਕਾਰਨ ਹੈ, ਸਰੀਰ ਨੂੰ ਆਤਮਾ ਮੰਨਣਾ। ਇਸ ਲਈ ਮਨੁੱਖ ਨੂੰ ਇਹ ਮਿੱਥਿਆ ਗਿਆਨ ਛੱਡ ਦੇਣਾ ਚਾਹੀਦਾ ਹੈ। ਇੰਦਰੀਆਂ ਦਾ ਸੰਜਮ ਕਰਕੇ ਆਤਮਾ ਨੂੰ ਪਹਿਚਾਨਣਾ ਚਾਹੀਦਾ ਹੈ।[80]

ਕੁੱਝ ਜੈਨ ਗ੍ਰੰਥਾਂ ਵਿੱਚ ਸਗੁਣ ਆਤਮਾ ਅਤੇ ਨਿਰਗੁਣ ਆਤਮਾ ਦੇ ਵਿੱਚਕਾਰ ਭੇਦ ਕੀਤਾ ਗਿਆ ਹੈ। ਇਸ ਪ੍ਰਕਾਰ ਆਤਮਾ ਦੇ ਕੁੱਝ ਖਾਸ ਉਪਾਧੀ ਜਾਂ ਗੁਣ ਦੱਸੇ ਗਏ ਹਨ। ਉਸ ਅਨੁਸਾਰ ਉਹ ਚੇਤਨ ਹੈ ਉਪਯੋਗ ਵਾਲਾ ਹੈ, ਗਿਆਨਵਾਨ ਹੈ, ਪ੍ਰਭੂ ਹੈ, ਕਰਤਾ ਹੈ, ਭੋਗਣ ਵਾਲਾ ਹੈ, ਸਰੀਰ ਪ੍ਰਮਾਣ ਹੈ, ਰੂਪੀ ਹੈ ਅਤੇ ਕਰਮ ਯੁਕਤ ਹੈ।[81] ਉਪਾਧੀ ਸਹਿਤ ਆਤਮਾ ਦੇ ਇਹ ਗੁਣ ਹੁੰਦੇ ਹਨ, ਉਪਾਧੀ ਰਹਿਤ ਆਤਮਾ ਵਿੱਚ ਵੀ ਲਗਭਗ ਇਹੋ ਹੀ ਗੁਣ ਹੁੰਦੇ ਹਨ। ਜੋ ਆਤਮਾ ਪਹਿਲੇ ਸੰਸਾਰਕ ਅਵਸਥਾ ਵਿੱਚ ਇੰਦਰੀਆਂ ਕਾਰਨ ਪ੍ਰਾਧੀਨ ਅਤੇ ਮੂਰਤਕ ਸੁੱਖ ਦਾ ਅਨੁਭਵ ਕਰਦਾ ਸੀ ਹੁਣ ਉਹ ਚਿਦ ਆਤਮਾ ਮੁਕਤ ਅਵਸਥਾ ਵਿੱਚ ਸਰਵੱਗ ਅਤੇ ਸਰਵ ਦਰਸ਼ੀ ਹੋ ਕੇ ਅਨੰਤ, ਅਵਵਿਵਾਧ (ਨਾ ਖਤਮ ਹੋਣ ਵਾਲਾ), ਅਜ਼ਾਦ ਅਤੇ ਅਮੂਰਤਕ ਸੁੱਖ ਦਾ ਅਨੁਭਵ ਕਰਦਾ ਹੈ।[82] ਦ੍ਰਵ ਸੰਗ੍ਰਹ ਵਿੱਚ ਜੀਵ ਦੇ ਗੁਣ ਇਸ ਪ੍ਰਕਾਰ ਦੱਸੇ ਗਏ ਹਨ - ਆਤਮਾ ਜੀਵ ਹੈ ਚੇਤਨਾ ਵਾਲਾ ਹੈ, ਅਰੂਪੀ ਹੈ, ਕਰਤਾ ਹੈ, ਦੇਹ ਪ੍ਰਮਾਣ ਹੈ, ਭੋਗਣ ਵਾਲਾ ਹੈ, ਸੰਸਾਰ ਵਿੱਚ ਭਟਕਣ ਵਾਲਾ ਹੈ, ਪੂਰਨ ਹੈ ਅਤੇ ਉਰਧਵਗਾਮੀ (ਧੂਏਂ ਦੀ ਤਰ੍ਹਾਂ) ਹੈ।[83]

ਉਪਰੋਕਤ ਵਰਣਨ ਤੋਂ ਇਹ ਸਪੱਸ਼ਟ ਹੈ ਕਿ ਜੀਵ ਦੇ ਕਰਿਤ ਅਤੇ ਉਸ ਦੀਆਂ ਵਿਸ਼ੇਸ਼ਤਾਵਾਂ ਵਿਵਹਾਰ ਨਯ ਦੇ ਅਨੁਸਾਰ ਵਰਣਨ ਕੀਤੀਆਂ ਗਈਆਂ ਹਨ। ਆਤਮਾ ਦਾ ਮੂਲ ਸਵਰੂਪ ਅਤੇ ਜੈਨ ਸੰਸਕ੍ਰਿਤੀ ਦਾ ਮੂਲ ਉਦੇਸ਼ ਇਨ੍ਹਾਂ ਸਭ ਤੋਂ ਭਿੰਨ ਹੈ। ਸਮੇਸਾਰ ਵਿੱਚ ਜੀਵ ਦੇ ਅਸਲ ਸਵਰੂਪ ਦਾ ਲੱਛਣ ਇਸ

ਪ੍ਰਕਾਰ ਦਿੱਤਾ ਗਿਆ ਹੈ – ਜੋ ਰਸ ਰਹਿਤ ਹੈ, ਰੂਪ ਰਹਿਤ ਹੈ, ਗੰਧ ਰਹਿਤ ਹੈ, ਵਿਆਖਿਆ ਰਹਿਤ ਹੈ, ਚੇਤਨਾ ਗੁਣ ਤੋਂ ਰਹਿਤ ਹੈ, ਸ਼ਬਦ ਰਹਿਤ ਹੈ, ਜਿਸ ਦਾ ਕਿਸੇ ਚਿੰਨ ਜਾਂ ਇੰਦਰੀਆਂ ਰਾਹੀਂ ਗ੍ਰਹਿਣ ਨਹੀਂ ਹੁੰਦਾ ਅਤੇ ਜਿਸ ਦਾ ਆਕਾਰ ਆਖਿਆ ਨਹੀਂ ਜਾ ਸਕਦਾ ਉਸ ਨੂੰ ਜੀਵ ਕਿਹਾ ਜਾਂਦਾ ਹੈ। ਜੀਵ ਦੇ ਨਾ ਵਰਨ ਹੈ, ਨਾ ਗੰਧ ਹੈ, ਨਾ ਰਸ ਹੈ, ਨਾ ਸਪਰਸ਼ ਹੈ, ਨਾ ਰੂਪ ਹੈ, ਨਾ ਸਰੀਰ ਹੈ, ਨਾ ਸੰਸਥਾਨ ਹੈ, ਨਾ ਸਹਿਨਣ ਹੈ, ਨਾ ਰਾਗ ਹੈ, ਨਾ ਦਵੇਸ਼ ਹੈ, ਨਾ ਮੋਹ ਹੈ, ਨਾ ਪ੍ਰਤਯ ਹੈ, ਨਾ ਕਰਮ ਹੈ, ਨਾ ਵਰਗ ਹੈ, ਨਾ ਵਰਗਨਾ ਹੈ, ਨਾ ਕੋਈ ਸਪ੍ਰਧਕ ਹੈ, ਨਾ ਅਧਿਅਵਸਾਯ ਸਥਾਨ ਹੈ, ਨਾ ਅਨੁਭਵ ਸਥਾਨ ਹੈ, ਨਾ ਕੋਈ ਯੋਗ ਸਥਾਨ ਹੈ, ਨਾ ਬੰਧ ਸਥਾਨ ਹੈ, ਨਾ ਉਦੈ ਸਥਾਨ ਹੈ, ਨਾ ਮਾਰਗਨਾ ਸਥਾਨ ਹੈ, ਨਾ ਸਥਿਤੀ ਬੰਧ ਸਥਾਨ ਹੈ, ਨਾ ਸੰਕਲੇਸ਼ ਸਥਾਨ ਹੈ, ਨਾ ਸੰਯਮ ਲਭਦੀ ਸਥਾਨ ਹੈ, ਨਾ ਜੀਵਸਮਾਸ ਹੈ ਅਤੇ ਨਾ ਗੁਣ ਸਥਾਨ ਹੈ, ਕਿਉਂਕਿ ਇਹ ਸਾਰੇ ਪੁਦਗਲ ਦ੍ਰਵ ਦੇ ਪਰਿਣਾਮ ਹਨ।[84]

'ਪਰਮਾਤਮ ਪ੍ਰਕਾਸ਼' ਵਿੱਚ ਪ੍ਰਮਾਤਮਾ ਦਾ ਵਿਸਥਾਰ ਨਾਲ ਵਰਣਨ ਮਿਲਦਾ ਹੈ। ਇੱਥੇ ਇਹ ਆਖਿਆ ਗਿਆ ਹੈ ਕਿ ਕੇਵਲੀ ਦੀ ਦਿਵਯ ਵਾਣੀ ਨਾਲ, ਮਹਾਮੁਨੀਆਂ ਦੇ ਵਚਨਾ ਨਾਲ ਅਤੇ ਇੰਦਰੀਆਂ ਅਤੇ ਮਨ ਨਾਲ ਵੀ ਇਹ ਸ਼ੁੱਧ ਆਤਮਾ ਅਵੈਦਿਯ ਹੈ। ਭਾਵ ਵੇਦ ਸ਼ਾਸ਼ਤਰ ਇਹ ਦੋਵੇਂ ਸ਼ਬਦ ਅਰਥ ਸਵਰੂਪ ਹਨ। ਆਤਮਾ ਸ਼ਬਦਾਂ ਦੀ ਪਕੜ ਤੋਂ ਪਰੇ ਹੈ ਅਤੇ ਇੰਦਰੀਆਂ – ਮਨ ਵਿਕਲਪ ਰੂਪ ਹਨ। ਇਸ ਲਈ ਇਹ ਤਿੰਨ ਨਾਲ ਨਹੀਂ ਜਾਣੇ ਜਾ ਸਕਦੇ। ਜੋ ਆਤਮ ਆਤਮਾ ਨਿਰਮਲ ਧਿਆਨ ਦੇ ਰਾਹੀਂ ਜਾਣੀ ਜਾਂਦੀ ਹੈ। ਉਹੀ ਆਦਿ ਅੰਤ ਰਹਿਤ ਪਰਮਾਤਮਾ ਹੈ। ਜੋ ਕੇਵਲ ਗਿਆਨ ਕੇਵਲ ਦਰਸ਼ਨ ਵਾਲਾ ਹੈ, ਭਾਵ ਜਿਸ ਨੂੰ ਪਰਾਈ ਵਸਤੂ ਦਾ ਆਸਰਾ ਨਹੀਂ ਖੁਦ ਹੀ ਸਾਰੀਆਂ ਦ੍ਰਿਸ਼ਟੀਆਂ ਤੋਂ ਪੂਰਨ ਗਿਆਨ ਦਰਸ਼ਨ ਵਾਲਾ ਹੈ। ਇਸ ਦਾ ਕੇਵਲ ਸੁੱਖ ਸੁਭਾਅ ਹੈ ਅਤੇ ਜੋ ਅਨੰਤ ਵੀਰਜ ਵਾਲਾ (ਸ਼ਕਤੀ ਵਾਲਾ) ਹੈ ਉਹ ਹੀ ਉੱਚਾ ਅਰਹੰਤ, ਪ੍ਰਮੇਸ਼ਠੀ ਤੋਂ ਵੀ ਉੱਚਾ ਸੁਭਾਅ ਵਾਲਾ ਸਿੱਧ ਰੂਪ ਸ਼ੁੱਧ ਆਤਮਾ ਹੈ। ਇਹਨਾਂ ਲੱਛਣਾ ਵਾਲੇ ਸਰਵਉੱਚ ਔਦਾਰਿਕ, ਵੈਕ੍ਰਿਯ, ਆਹਾਰਕ, ਤੇਜਸ਼ ਅਤੇ ਕਾਰਮਨ ਇਹਨਾਂ ਪੰਜ ਸਰੀਰਾਂ ਤੋਂ ਰਹਿਤ ਨਿਰਾਕਾਰ ਹੈ। ਤਿੰਨ ਲੋਕਾਂ ਰਾਹੀਂ ਪੂਜਨ ਯੋਗ

ਦੇਵ ਹੈ, ਅਜਿਹਾ ਜੋ ਪਰਮਾਤਮਾ ਸਿੱਧ ਹੈ ਉਹ ਹੀ ਉਸ ਲੋਕ ਦੇ ਸਿਖਰ ਤੇ ਵਿਰਾਜਮਾਨ ਹੈ ਜੋ ਤਿੰਨ ਲੋਕਾਂ ਦਾ ਨਿਸ਼ਾਨਾ ਹੈ।[85]

## ਹਵਾਲੇ:

1. R.E. Hume, The Thirteen Principal of Upnisadas, P.P. 14 – 15, S.N. Dasgupta, A History of Indian Philosphy Vol. I, P. 211
2. Tetaria Upnisad II, 11-5
3. Tetaria Upnisad II, 6
4. Mundak Upnisad, 11-2-11, English translation R.E. Hume
5. Katho Upnisad V 10-12 Eisha Upnisad iv-5, Tataria Upnisad II, I
6. Bhagwat Geeta II, 18, 20, 22
7. Bhagwat Geeta 2, 23, 24
8. Brahm Sutra Shankar Bhash 1.1.17
9. Tatav Sanghreh by Shantrakhshit 335-449 Padey
10. ਮਾਧਿਆਮਿਕ ਸੂਤਰ, ਚੰਦਰਕ੍ਰਿਤੀ ਵਿਆਖਿਆ xviii, 6
11. Bhagwati Suttar English Translation by Lalwani Vol. II, P179
12. ਪ੍ਰਵਚਨ ਸਾਰ 2.55, ਪੰਚਾਸਿਤਕਾਇਆ 30
13. ਸ੍ਰਵਾਰਥ ਸਿੱਧੀ 1.4, ਪ੍ਰਵਚਨ ਸਾਰ 2.35, ਦਰੱਵਯ ਸੰਗ੍ਰਹਿ ਟੀਕਾ 15
14. ਤੱਤਵਾਰਥ ਸੂਤਰ 5.5, ਤੱਤਵਾਰਥ ਰਾਜਵਾਰਤਿਕ 4.1, ਦ੍ਰਵਯ ਸੰਗ੍ਰਹਿ ਟੀਕਾ 15, 26, ਨਿਯਮਸਾਰ ਵ੍ਰਿਤੀ 9, ਤੱਤਵਾਰਥ ਸਾਰ 3.55
15. ਤੱਤਵਾਰਥ ਸੂਤਰ 5.23, ਵਿਆਖਿਆ ਪ੍ਰਗਯਪਤੀ 12.5.450
16. ਐਚ. ਐਸ. ਭੱਟਾਚਾਰਿਆ ਰੀਅਲਜ ਇੰਨ ਜੈਨਾ ਮੈਟਾਫੇਜਿਕਸ ਪੰਨਾ 119
17. ਤੱਤਵਾਰਥ ਸੂਤਰ 5.25
18. ਤੱਤਵਾਰਥ ਸੂਤਰ 5.26
19. ਤੱਤਵਾਰਥ ਸੂਤਰ 5.28
20. ਐਮ. ਐਲ. ਮੇਹਤਾ; ਜੈਨ ਫਿਲਾਸਫੀ ਪੰਨਾ 121
21. ਗੋਮਟਸਾਰ ਜੀਵ ਕਾਂਡ 604

22. ਨਿਯਮ ਸਾਰ 21-24, ਗੋਮਟਸਾਰ ਜੀਵਕਾਂਡ 603
23. ਤੱਤਵਾਰਥ ਸੂਤਰ 5, 33-35
24. ਦਰਵਯ ਸੰਗ੍ਰਹਿ 18, ਤੱਤਵਾਰਥ ਸੂਤਰ 5.8.13 ਸਥਾਨਾਂਗ ਸੂਤਰ 4.3.334
25. ਤੱਤਵਾਰਥ ਸੂਤਰ 5.18, ਭਗਵਤੀ ਸੂਤਰ 13.14
26. ਗਨਧਰਵਾਦ ਗਾਥਾ 6,
27. ਗਨਧਰਵਾਦ ਗਾਥਾ 10
28. ਯੋਗਸਾਰ ਗਾਥਾ 58, ਸ਼ੀਤਲਪ੍ਰਸ਼ਾਦ - ਏ ਕਮਪੈਰਟਿਵ ਸਟੱਡੀ ਆਫ ਬੁੱਧਇਜ਼ਮ ਐਂਡ ਜੈਨਇਜ਼ਮ ਪੰਨਾ 85
29. ਸਮਯਸਾਰ ਗਾਥਾ 308
30. ਸਮਯਸਾਰ ਗਾਥਾ 308
31. ਅਚਾਰਾਂਗ ਸੂਤਰ 1.55, ਐਸ. ਬੀ. ਈ. ਵੋਲਿਯਮ 22 ਪੰਨਾ 50
32. ਵਿਗਯਪਤੀ ਮਾਤਰਵਾਸਿਧੀ 17
33. ਪ੍ਰਵਚਨਸਾਰ 2.33
34. ਪ੍ਰਵਚਨਸਾਰ 2.34
35. ਪ੍ਰਵਚਨਸਾਰ 2.82
36. ਪ੍ਰਵਚਨਸਾਰ 2.92-93
37. ਉਤਰਾਅਧਿਐਨ ਸੂਤਰ 20, 36-37
38. ਧੱਮਪਦ ਗਾਥਾ 160
39. ਧੱਮਪਦ ਗਾਥਾ 379
40. ਭਗਵਤੀ ਗੀਤਾ 6.5
41. ਉਤਰਾਧਿਐਨ ਸੂਤਰ 23-73
42. ਉਤਰਾਧਿਐਨ ਸੂਤਰ 1, 15-16
43. ਧੱਮਪਦ ਗਾਥਾ 80
44. ਧੱਮਪਦ ਗਾਥਾ 103
45. ਉਤਰਾਧਿਐਨ 9, 35

46. ਧੱਮਪਦ ਗਾਥਾ 42
47. ਉਤਰਾਧਿਐਨ ਸੂਤਰ 20-48
48. ਉਤਰਾਧਿਐਨ ਸੂਤਰ 14.19
49. ਆਚਾਰਾਂਗ ਸੂਤਰ 1.1.5.6
50. ਗੋਮਟਸਾਰ ਜੀਵਕਾਂਡ ਗਾਥਾ 72
51. ਪੰਚਾਸਤੀਕਾਯ ਸਾਰ ਗਾਥਾ 30
52. ਤੱਤਵਾਰਥ ਸਾਰ 234-237; ਵਿਸਥਾਰ ਨਾਲ ਵੇਖੋ ਐਚ. ਐਸ. ਭੱਟਾਚਾਰਿਆ ਰਾਹੀਂ Reals in Jaina metaphysics PP. 290-362
53. ਧਰਮ ਸੰਗ੍ਰਹਿ ਸ਼ੈਕਸ਼ਨ 57
54. ਦੇਖੋ ਐਚ. ਕਰਨ, Manual of Indian Buddhism 59 – 60
55. ਤੱਤਵਾਰਥ ਸੂਤਰ 2-7-9, ਉਤਰਾਧਿਐਨ ਸੂਤਰ 28-10
56. ਸਰਵਾਰਥ ਸਿੱਧੀ 2-9, ਐਸ. ਏ. ਜੈਨ Reality PP 55-56
57. ਦ੍ਰਵ ਸੰਗ੍ਰਹਿ, ਵਿਰਤੀ ਸਹਿਤ, ਗਾਥਾ 44
58. ਤੱਤਵਾਰਥ ਸੂਤਰ 2-10, ਸਥਾਨਾਂਗ ਸੂਤਰ 2-1-57
59. ਪੰਚਾਸਤੀਕਾਯ ਸਾਰ, 109-110, ਤੱਤਵਾਰਥ ਸੂਤਰ, 2-12-14, ਸਥਾਨਾਂਗ ਸੂਤਰ, 5-1-394
60. ਗੋਮਟਸਾਰ ਜੀਵ ਕਾਂਡ, ਗਾਥਾ 142,
61. ਸਮਾਧੀ ਤੰਤਰ 15,27,30,37
62. ਪਰਮਾਤਮ ਪ੍ਰਕਾਸ਼ 1-15, ਮੋਖਪਾਹੁੜ ਗਾਥਾ 5
63. ਸਮਯਸਾਰ, 36
64. ਮੋਖ ਪਾਹੁੜ, 35
65. ਸਮਯਸਾਰ 1-11-12
66. ਵੇਖੋ ਮਧਯਮਕਾ ਸ਼ਾਸਤਰ, 24, 8-10
67. ਸਮਯਸਾਰ, 1-14
68. ਤੱਤਵਾਰਥ ਸੂਤਰ 2-8
69. ਐਚ. ਐਸ. ਭੱਟਾਚਾਰਿਆ Reals in Jaina metaphysics PP. 293

70. ਪੰਚਾਸਤੀਕਾਯ ਸਾਰ ਗਾਥਾ 16
71. ਤੈਤਰਯ ਉਪਨਿਸ਼ਧ 2-16.
72. ਛਾਂਦੋਗਯੋ ਉਪਨਿਸ਼ਧ 7-8-2
73. ਪ੍ਰਸ਼ਨੋ ਉਪਨਿਸ਼ਧ4-9-10
74. ਐਸ. ਰਾਧਾਕ੍ਰਿਸ਼ਨ ਇੰਡੀਅਨ ਫਿਲਾਸਫੀ, ਭਾਗ ਪਹਿਲਾ ਪੰਨਾ 400
75. ਐਲ. ਐਮ. ਜੋਸ਼ੀ ਸਟੱਡੀ ਇਨ ਦੀ ਬੁੱਧਸਿਟ ਕਲਚਰ ਆਫ ਇੰਡੀਆ ਪੀ.ਪੀ. 254-255
76. T.W. Ridg Davids and W. Sted- Pali English Dictionary P. 499
77. T.G. Kalghatgi, Some Problems in Jaina Pshychology PP 42-43
78. ਡਾ: ਭਾਗ ਚੰਦ ਜੈਨ ਭਾਸਕਰ, ਬੋਧ ਮਨੋਵਿਗਿਆਨ 1-2
79. ਸਮਯਸਾਰ 1-37-38
80. ਸਮਾਧੀਤੰਤਰ ਗਾਥਾ 15,16-17, 54-55 ਵੀ ਵੇਖੋ
81. ਪੰਚਾਸਤੀਕਾਯ ਸਾਰ ਗਾਥਾ 27
82. ਪੰਚਾਸਤੀਕਾਯ ਸਾਰ ਗਾਥਾ 29
83. ਦਰੱਵਯ ਸੰਗ੍ਰਹਿ 2, ਤੱਤਵਾਰਥ ਸੂਤਰ 10, 4-5, ਗਿਆਤਾਧਰਮ ਕਥਾਂਗ 6,62
84. ਸਮਯਸਾਰ 49-52
85. ਪਰਮਾਤਮ ਪ੍ਰਕਾਸ਼ 23-250

3

# ਕਰਮ ਅਤੇ ਪੁਨਰ ਜਨਮ

ਭਾਰਤੀ ਧਰਮ ਦਰਸ਼ਨ ਦੇ ਪ੍ਰਮੁੱਖ ਮੂਲ ਸਿਧਾਤਾਂ ਵਿੱਚ ਕਰਮ ਸਿਧਾਂਤ ਦਾ ਮਹੱਤਵਪੂਰਨ ਸਥਾਨ ਹੈ। ਭਾਰਤੀ ਦਾਰਸ਼ਨਿਕ ਫਿਰਕਿਆਂ ਵਿੱਚ ਪਾਇਆ ਜਾਂਦਾ ਹੈ। ਇਹ ਇੱਕ ਅਜਿਹਾ ਸਿਧਾਂਤ ਹੈ ਜਿਸ ‘ਤੇ ਲਗਭਗ ਸਾਰੇ ਭਾਰਤੀ ਜਾਣੂ ਹਨ। ਜੈਨ, ਬੁੱਧ, ਹਿੰਦੂ ਸਾਰੇ ਦਰਸ਼ਨਾਂ ਵਿੱਚ ਇਕੋ ਸਮਾਨ ਰੂਪ ਵਿੱਚ ਪਾਇਆ ਜਾਂਦਾ ਹੈ। ਪੁਨਰ ਜਨਮ ਨਾਲ ਇਹ ਡੂੰਘਾ ਜੁੜਿਆ ਹੋਇਆ ਹੈ। ਅਸਲ ਵਿੱਚ ਕਰਮ ਸਿਧਾਂਤ ਇਹ ਸਪੱਸ਼ਟ ਕਰਦਾ ਹੈ ਕਿ ਸੰਸਾਰ ਵਿੱਚ ਲੋਕਾਂ ਦੇ ਦੁੱਖ ਸੁੱਖ ਦੀ ਸਮੱਸਿਆ ਕਿਉਂ ਤੇ ਕਿਵੇਂ ਹੈ ਅਤੇ ਭਾਰਤੀ ਦਰਸ਼ਨ ਉਸ ਦਾ ਹਲ ਕੀ ਕਰਦਾ ਹੈ? ਇਹ ਮੌਤ ਦਾ ਨੈਤਿਕ ਨਿਯਮ ਹੈ। ਜੋ ਕੰਮ ਦੇ ਕਾਰਨ ਅਤੇ ਪ੍ਰਭਾਵ ਦੀ ਵਿਆਖਿਆ ਕਰਦਾ ਹੈ। ਇਹ ਮੁਕਤੀ ਸਿਧਾਂਤ ਨਾਲ ਵੀ ਜੁੜਿਆ ਹੈ ਕਿਉਂਕਿ ਕਰਮਾਂ ਤੋਂ ਪੂਰਨ ਮੁਕਤੀ ਹੀ ਨਿਰਵਾਨ ਹੈ।

ਆਤਮਾ ਦਾ ਪੁਨਰ ਜਨਮ ਸਿਧਾਂਤ ਕੁੱਝ ਪੁਰਾਤਨ ਗ੍ਰੀਕ ਅਤੇ ਮਿਸਰ ਦੇ ਦਾਰਸ਼ਨਿਕਾਂ ਨੂੰ ਵੀ ਪਤਾ ਸੀ। ਕੁੱਝ ਵਿਦਵਾਨਾਂ ਦੇ ਅਨੁਸਾਰ ਪਾਈਥਾਗੋਰਸ ਅਤੇ ਐਮਨੋਦੋਕਲਸ ਜਿਹੇ ਗ੍ਰੀਕ ਦਾਰਸ਼ਨਿਕ ਭਾਰਤੀ ਸਿਧਾਂਤ ਤੋਂ ਜਾਣੂ ਰਹੇ ਹੋਣਗੇ। ਪਰ ਕਰਮ ਸਿਧਾਂਤ ਦਾ ਵਿਸਥਾਰ ਅਤੇ ਨੈਤਿਕ ਵਿਆਖਿਆ ਭਾਰਤੀ ਦਰਸ਼ਨ ਵਿੱਚ ਵਿਸ਼ੇਸ਼ ਰੂਪ ਵਿੱਚ ਪਾਈ ਜਾਂਦੀ ਹੈ। ਇਸ ਅਧਿਆਏ ਵਿੱਚ ਕਰਮ ਸਿਧਾਂਤ ਉੱਪਰ ਵਿਸਥਾਰ ਨਾਲ ਵਿਚਾਰ ਕਰਾਂਗੇ।

## ਕਰਮ ਦਾ ਅਰਥ

ਕਰਮ ਸ਼ਬਦ ਉਤਪਤੀ ‘ਕ੍ਰ’ ਧਾਤੂ ਤੋਂ ਹੋਈ ਹੈ। ਜਿਸ ਦਾ ਅਰਥ ਹੈ ਕਰਨਾ। ਕੋਈ ਵੀ ਕੰਮ ਚਾਹੇ ਉਹ ਸਰੀਰਕ ਹੋਵੇ ਜਾਂ ਮਾਨਸਿਕ ਕਰਮ ਅਖਵਾਉਂਦਾ ਹੈ। ਇਸ ਸ਼ਬਦ ਵਿੱਚ ਕਾਰਨ ਅਤੇ ਕੰਮ ਦੋਵੇਂ ਸਮਾਏ ਹਨ। ਇੱਥੇ ਇਹ ਵਰਣਨਯੋਗ ਹੈ ਕਿ ਸੰਸਕ੍ਰਿਤ ਸ਼ਬਦ ਕਰਮ ਪਵਿੱਤਰ ਅਤੇ ਧਾਰਮਿਕ ਦੋਹਾਂ ਪ੍ਰਕਾਰ ਦੇ ਕੰਮਾਂ ਲਈ ਪ੍ਰਯੋਗ ਕੀਤਾ ਗਿਆ ਹੈ। ਇਸ ਪ੍ਰਕਾਰ ਇਸ ਸ਼ਬਦ ਦੇ ਅੰਦਰ ਧਾਰਮਿਕ ਕੰਮ, ਦਫਤਰੀ ਕੰਮ, ਕਰਤੱਵ, ਵਪਾਰਕ ਜਾਂ

ਨੈਤਿਕ ਕੰਮ ਸਾਰੇ ਆ ਜਾਂਦੇ ਹਨ। ਇਸ ਸ਼ਬਦ ਤੋਂ ਪਿਛਲੇ ਜਨਮ ਦੇ ਕਰਮ ਪਰਿਣਾਮ (ਸਿੱਟੇ) ਵੀ ਭਾਗ ਦੇ ਨਾਉਂ ਵੱਲ ਇਸ਼ਾਰਾ ਕਰਦੇ ਹਨ।

ਕਰਮ ਦਾ ਇਹ ਸਧਾਰਨ ਸਿਧਾਂਤ ਹੈ ਕਿ ਚੰਗੇ ਕਰਮਾਂ ਦਾ ਫਲ ਚੰਗਾ ਹੁੰਦਾ ਹੈ ਅਤੇ ਬੁਰੇ ਕਰਮਾਂ ਦਾ ਫਲ ਬੁਰਾ ਹੁੰਦਾ ਹੈ। ਕਰਮ ਸਿਧਾਂਤ ਪੁਨਰ ਜਨਮ ਦੀ ਸਥਾਪਨਾ ਕਰਦਾ ਹੈ ਅਤੇ ਹਰ ਜਨਮ ਵਿੱਚ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ। ਸਿਧਾਂਤ ਪੱਖੋਂ ਕਰਮ ਦੇ ਪਰਿਣਾਮਾਂ ਤੋਂ ਬਚਿਆ ਨਹੀਂ ਜਾ ਸਕਦਾ। ਕਰਮ ਦੀ ਕਠੋਰਤਾ ਸਭ ਪ੍ਰਕਾਰ ਦੇ ਕੰਮ ਚਾਹੇ ਉਹ ਸਰੀਰਕ ਹੋਣ ਜਾਂ ਮਾਨਸਿਕ, ਨਾਲ ਜੁੜੀ ਹੋਈ ਹੈ। ਇਹ ਸਵੀਕਾਰ ਕਰਨਾ ਪਵੇਗਾ ਕਿ ਕਰਮ ਸਿਧਾਂਤ ਅਨੁਭੂਤੀ ਦੇ ਆਧਾਰ ਤੇ ਪ੍ਰਮਾਣਿਕ ਨਹੀਂ ਕੀਤਾ ਜਾ ਸਕਦਾ। ਜੈਨ ਧਰਮ ਅਤੇ ਬੁੱਧ ਧਰਮ ਵਿੱਚ ਇਸ ਸਿਧਾਂਤ ਦਾ ਵਿਸ਼ੇਸ਼ ਮਹੱਤਵ ਹੈ। ਜਿੱਥੇ ਇਸ ਸੰਸਾਰ ਦਾ ਨਾ ਤਾਂ ਕੋਈ ਕਰਤਾ ਮੰਨਿਆ ਗਿਆ ਹੈ ਅਤੇ ਨਾ ਹੀ ਕੋਈ ਸੁਰੱਖਿਆ ਕਰਨ ਵਾਲਾ। ਕਰਮ ਸਿਧਾਂਤ ਇਸ ਸੰਸਾਰ ਵਿੱਚ ਸਰਵ ਵਿਆਪਕ ਹੈ ਅਤੇ ਪ੍ਰਾਣੀਆਂ ਉਪਰ ਇਹ ਰਾਜ ਕਰਦਾ ਹੈ। ਕਰਮਾਂ ਦੇ ਪਰਿਣਾਮ ਦਾ ਵਿਪਾਕ (ਫਲ ਭੁਗਤਨ ਲਈ) ਹੋਣ ਦੇ ਲਈ ਮਨੁੱਖ ਨੂੰ ਪੁਨਰ ਜਨਮ ਲੈਣਾ ਪੈਂਦਾ ਹੈ। ਇਸ ਪ੍ਰਕਾਰ ਕਰਮ ਵਰਤਮਾਨ ਜੀਵਨ ਹੀ ਨਹੀਂ ਸਗੋਂ ਆਉਣ ਵਾਲੇ ਜੀਵਨ ਨੂੰ ਵੀ ਨਿਯੰਤਰਿਤ ਕਰਦਾ ਹੈ। ਨੈਤਿਕ ਕਾਰਨ-ਸ਼੍ਰੇਣੀ ਵਿਅਕਤੀ ਦੀਆਂ ਤਿੰਨ ਹੋਂਦਾ ਨੂੰ ਜੋੜਦੀ ਹੈ, ਭੂਤ, ਵਰਤਮਾਨ ਅਤੇ ਭਵਿੱਖ।

## ਬ੍ਰਾਹਮਣ ਧਰਮ ਦਾ ਕਰਮ ਸਿਧਾਂਤ

ਪਹਿਲੇ ਅਧਿਐਨ ਵਿੱਚ ਅਸੀਂ ਡਾ: ਗੋਬਿੰਦ ਚੰਦ ਪਾਂਡੇ ਅਤੇ ਡਾ: ਲਾਲ ਮਨੀ ਜੋਸ਼ੀ ਦੇ ਵਿਚਾਰਾਂ ਦਾ ਵਰਣਨ ਕੀਤਾ ਹੈ ਕਿ ਸੰਸਾਰ, ਕਰਮ, ਯੋਗ ਅਤੇ ਧਿਆਨ ਦੇ ਸਿਧਾਂਤ ਵੈਦਿਕ ਕਾਲ ਤੋਂ ਪਹਿਲਾਂ ਦੇ ਸਮੇਂ ਦੇ ਮੁਨੀ ਅਤੇ ਸ਼੍ਰਮਣਾਂ ਵਿੱਚ ਪ੍ਰਗਟ ਹੋ ਗਏ ਸਨ। ਪ੍ਰਾਚੀਨ ਵੈਦਿਕ ਸਾਹਿਤ ਵਿੱਚ ਸਾਨੂੰ ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਨਹੀਂ ਮਿਲਦਾ। ਡਾ: ਪੀ. ਵੀ. ਕਾਨੇ ਨੇ ਇਸ ਪ੍ਰਕਾਰ ਸਿੱਟਾ ਕੱਢਿਆ ਹੈ, "ਸਮੁੱਚੇ ਰਿਗਵੇਦ ਵਿੱਚ ਕਰਮ ਅਤੇ ਪੁਨਰਜਨਮ ਦਾ ਸਿਧਾਂਤ ਨਹੀਂ ਮਿਲਦਾ ਹੈ"[1] ਕੁੱਝ ਵੀ ਹੋਵੇ ਰਿਗਵੇਦ ਵਿੱਚ ਕਰਮ ਦਾ ਅਨੇਕਾਂ ਵਾਰ ਵਰਣਨ ਆਇਆ ਹੈ, ਕੁੱਝ ਥਾਵਾਂ ਤੇ ਇਸ ਦਾ ਅਰਥ ਹੈ ਸੋਸ਼ਣ ਦੂਸਰੇ

ਥਾਵਾਂ ਤੇ ਉਸ ਦਾ ਸੰਬੰਧ ਯੱਗ ਆਦਿ ਧਾਰਮਿਕ ਕੰਮਾਂ ਨਾਲ ਹੈ। ਅਥਰਵ ਵੇਦ (XVIII, 2.71) ਵਿੱਚ ਸੁਕ੍ਰਤ ਦਾ ਵਰਣਨ ਆਇਆ ਹੈ। ਸ਼ਤਪਥ ਬ੍ਰਾਹਮਣ (XII, 9.1.1) ਪ੍ਰਤੀ ਦਾਨ ਦਾ ਵਰਣਨ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ। ਉੱਥੇ ਦੁਬਾਰਾ ਮੌਤ ਦਾ ਵਿਸ਼ਵਾਸ ਦਾ ਵਰਣਨ ਮਿਲਦਾ ਹੈ। ਪ੍ਰਾਚੀਨ ਵ੍ਰਹਦਾਰੰਯਕ ਅਤੇ ਛਾਦੋਂਗਿਯ ਉਪਨਿਸ਼ਧ ਵਿੱਚ ਤਾਂ ਕਰਮ ਸਿਧਾਂਤ ਦਾ ਸਪੱਸ਼ਟ ਵਰਣਨ ਹੋਇਆ ਹੈ। ਪੁਨਰ ਜਨਮ ਸਿਧਾਂਤ ਦਾ ਆਧਾਰ ਹੇਠ ਲਿਖੇ ਸ਼ਬਦਾਂ ਵਿੱਚ ਵਰਣਨਯੋਗ ਹੈ।

ਜਿਸ ਪ੍ਰਕਾਰ ਤਿੱਤਲੀ ਦਾ ਲਾਰਵਾ ਇੱਕ ਘਾਹ ਤੋਂ ਦੂਸਰੇ ਘਾਹ ਤੇ ਜਾਂਦਾ ਹੈ, ਉਸ ਨੂੰ ਆਪ ਅਪਣੇ ਵੱਲ ਖਿੱਚਦਾ ਹੈ ਅਤੇ ਉਸ ਤੇ ਬੈਠ ਜਾਂਦਾ ਹੈ। ਇਸੇ ਪ੍ਰਕਾਰ ਇਹ ਆਤਮਾ ਮੌਤ ਦੇ ਰੂਪ ਵਿੱਚ ਸਰੀਰ ਨੂੰ ਸਮਾਪਤ ਕਰਦੀ ਹੈ। ਅਵਿਦਿਆ ਨੂੰ ਨਸ਼ਟ ਕਰਦੀ ਹੈ ਅਤੇ ਦੂਸਰੇ ਸਰੀਰ ਨੂੰ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਫੇਰ ਉਸ ਵਿੱਚ ਮਿਲ ਜਾਂਦੀ ਹੈ।[2]

ਦਾਰਸ਼ਨਿਕ ਚਰਚਾ ਦੇ ਦੌਰਾਨ ਆਰਤਭਾਗ ਨੇ ਯਾਗਵੱਲਯਕ ਰਿਸ਼ੀ ਤੋਂ ਪੁੱਛਿਆ ਕਿ ਮਨੁੱਖ ਜਦੋਂ ਮੌਤ ਨੂੰ ਪ੍ਰਾਪਤ ਹੁੰਦਾ ਹੈ ਤਾਂ ਉਸ ਨੂੰ ਕੀ ਹੁੰਦਾ ਹੈ? ਯਾਗਵੱਲਯਕ ਨੇ ਉੱਤਰ ਦਿੱਤਾ ਮਨੁੱਖ ਚੰਗਾ ਹੋਵੇ ਜਾਂ ਬੁਰਾ ਉਹ ਕਰਮ ਦੇ ਰਾਹੀਂ ਹੀ ਹੁੰਦਾ ਹੈ।[3] ਕਰਮ ਹੀ ਹੈ ਜੋ ਮੌਤ ਤੋਂ ਬਾਅਦ ਬਾਕੀ ਰਹਿੰਦਾ ਹੈ।[4] ਅੱਗੇ ਛਾਦੋਂਗਿਯ ਉਪਨਿਸ਼ਧ ਵਿੱਚ ਕਿਹਾ ਗਿਆ ਹੈ ਕਿ ਮਨੁੱਖ ਜੋ ਸ਼ੁਭ ਕਰਮ ਕਰਦਾ ਹੈ, ਚੰਗਾ ਕਰਮ ਪਾਉਂਦਾ ਹੈ, ਸਿਹਤ ਪਾਉਂਦਾ ਹੈ ਅਤੇ ਆਰਾਮ ਦਾਇਕ ਜੀਵਨ ਪਾਉਂਦਾ ਹੈ ਅਤੇ ਜੋ ਅਸੱਤ ਕਰਮ ਕਰਦਾ ਹੈ, ਉਸ ਨੂੰ ਨਿਸ਼ਚਤ ਹੀ ਬੁਰਾ ਜਨਮ ਮਿਲਦਾ ਹੈ, ਬੁਰੀ ਸਿਹਤ ਮਿਲਦੀ ਹੈ ਅਤੇ ਕਸ਼ਟ ਦਾਇਕ ਜੀਵਨ ਮਿਲਦਾ ਹੈ। ਇਸ ਉਦਾਹਰਣ ਵਿੱਚ ਕੰਮ ਦੇ ਅਨੁਸਾਰ ਆਤਮਾ ਦੇ ਪੁਨਰ ਜਨਮ ਦੀਆਂ ਭਿੰਨ ਭਿੰਨ ਅਵਸਥਾਵਾਂ ਦਾ ਸੰਖੇਪ ਵਰਣਨ ਵੀ ਪ੍ਰਾਪਤ ਹੁੰਦਾ ਹੈ।[5]

ਅਪਣੇ ਕਰਮਾਂ ਦੇ ਅਨੁਸਾਰ ਮਨੁੱਖ ਭਿੰਨ ਭਿੰਨ ਅਨੇਕ ਆਕਾਰ ਨੂੰ ਗ੍ਰਹਿਣ ਕਰਦਾ ਹੈ। ਭਿੰਨ ਭਿੰਨ ਸਥਿਤੀਆਂ ਵਿੱਚ ਕਦੇ ਸੁੰਦਰ ਅਤੇ ਕਦੇ ਕਰੂਪ ਅਪਣੇ ਗੁਣਾਂ ਦੇ ਅਨੁਸਾਰ ਉਹ ਇਹਨਾਂ ਆਕਾਰਾਂ ਦੀ ਚੋਣ ਕਰ ਲੈਂਦਾ ਹੈ।

ਕਠੋਉਪਨਿਸ਼ਧ ਵਿੱਚ ਯੱਮ ਨੇ ਨਚਿਕੇਤਾ ਨੂੰ ਕਰਮ ਅਤੇ ਗਿਆਨ ਅਨੁਸਾਰ ਪੁਨਰਜਨਮ ਹੁੰਦਾ ਹੈ, ਇਸ ਸਿਧਾਂਤ ਦੀ ਸਿੱਖਿਆ ਦਿੱਤੀ।[6] ਅੱਗੇ ਉਪਨਿਸ਼ਧ ਆਖਦਾ ਹੈ ਕਿ ਵਿਅਕਤੀ ਜੋ ਅਗਿਆਨੀ ਹੈ ਜਿਸ ਦਾ ਮਨ ਸੰਜਮੀ ਨਹੀਂ ਹੈ, ਉਹ ਮੋਕਸ਼ ਪ੍ਰਾਪਤ ਨਹੀਂ ਕਰ ਸਕਦਾ। ਉਸ ਨੂੰ ਜਨਮ ਮਰਨ ਦੇ ਚੱਕਰ ਵਿੱਚ ਘੁੰਮਣਾ ਪੈਂਦਾ ਹੈ।[7] ਮੁੰਡਿਕਾ ਉਪਨਿਸ਼ਧ ਵਿੱਚ ਮਨ ਨੂੰ ਸੰਸਾਰ ਦਾ ਕਾਰਨ ਦੱਸਿਆ ਗਿਆ ਹੈ।[8]

ਭਗਵਤ ਗੀਤਾ ਤੇ ਮਹਾਂਭਾਰਤ ਕਰਮ ਅਤੇ ਪੁਨਰ ਜਨਮ ਸਿਧਾਂਤ ਦੇ ਜਾਣੂ ਹਨ। ਗੀਤਾ ਦੋ ਮਾਰਗਾਂ ਦਾ ਵਰਣਨ ਕਰਦੀ ਹੈ- ਸ਼ੁਕਲ (ਸਫੈਦ) ਅਤੇ ਕ੍ਰਿਸ਼ਨ (ਕਾਲਾ), ਸ਼ੁਕਲ ਮਾਰਗ ਦਾ ਚੱਲਣ ਵਾਲੇ ਯੋਗੀ ਸੰਸਾਰ ਵਿੱਚ ਫੇਰ ਨਹੀਂ ਆਉਂਦੇ ਅਤੇ ਕ੍ਰਿਸ਼ਨ ਮਾਰਗ ਤੇ ਚੱਲਣ ਵਾਲੇ ਨੂੰ ਸੰਸਾਰ ਵਿੱਚ ਵਾਪਸ ਆਉਂਣਾ ਪੈਂਦਾ ਹੈ। ਗੀਤਾ ਇਸ ਤੱਥ ਤੇ ਜ਼ੋਰ ਦਿੰਦੀ ਹੈ ਕਿ ਮਿਹਨਤ ਵਿਅਰਥ ਨਹੀਂ ਜਾਂਦੀ। ਜੇ ਯੋਗ ਦੇ ਰਾਹ ਤੇ ਚੱਲਣ ਦੀ ਕੋਸ਼ਿਸ਼ ਮਨੁੱਖ ਨੂੰ ਇਸ ਜਨਮ ਵਿੱਚ ਛੇਤੀ ਹੀ ਪਰਿਣਾਮ ਨਹੀਂ ਦਿੰਦੀ ਹੈ ਤਾਂ ਉਸ ਦਾ ਜਨਮ ਉੱਚ ਕੁਲ ਵਿੱਚ ਅਤੇ ਜੋ ਵੀ ਪਰਵਾਰ ਵਿੱਚ ਹੁੰਦਾ ਹੈ, ਨਵੀਂ ਕੋਸ਼ਿਸ਼ ਅਤੇ ਪੁਨਰਜਨਮ ਵਿੱਚ ਕੀਤੀਆਂ ਸਖਤ ਕੋਸ਼ਿਸ਼ਾਂ ਨਾਲ ਉਹ ਅੰਤਮ ਪੂਰਨਤਾ ਨੂੰ ਪ੍ਰਾਪਤ ਹੋ ਜਾਂਦਾ ਹੈ।[9]

ਇੱਕ ਸਥਾਨ ਤੇ ਭਗਵਾਨ ਕ੍ਰਿਸ਼ਨ ਅਰਜਨ ਨੂੰ ਆਖਦੇ ਹਨ, "ਮੇਰੇ ਅਨੇਕਾਂ ਜਨਮ ਹੋ ਚੁੱਕੇ ਹਨ ਅਤੇ ਤੇਰੇ ਵੀ। ਮੈਂ ਉਹਨਾਂ ਸਾਰੀਆਂ ਨੂੰ ਜਾਣਦਾ ਹਾਂ ਪਰ ਤੂੰ ਨਹੀਂ ਜਾਣਦਾ"[10]

ਇਸ ਗ੍ਰੰਥ ਵਿੱਚ ਪੁਨਰ ਜਨਮ ਦਾ ਅਨੇਕਾਂ ਵਾਰ ਵਰਣਨ ਆਇਆ ਹੈ।[11] ਇੱਥੇ ਇਹ ਵੀ ਵਰਣਨਯੋਗ ਹੈ ਕਿ ਭਗਵਤ ਗੀਤਾ ਵਿੱਚ ਤਾਂ ਈਸ਼ਵਰ ਨੂੰ ਸਮਰਪਤ ਕੰਮਾਂ ਦੀ ਮਹਿਮਾਂ ਗਾਈ ਗਈ ਹੈ।

ਪਰਿਣਾਮ ਦੀ ਇੱਛਾ ਤੋਂ ਬਿਨ੍ਹਾਂ ਕੋਈ ਕੰਮ ਕਰਨਾ 'ਨਿਸ਼ਕਾਮ ਕਰਮ' ਕਿਹਾ ਜਾਂਦਾ ਹੈ। ਕੰਮ ਛੱਡਣ ਦੇ ਪੱਖੋਂ ਕੰਮ ਦੇ ਫਲ ਦੀ ਇੱਛਾ ਛੱਡ ਦੇਣ ਦਾ ਉਪਦੇਸ਼ ਇੱਥੇ ਦਿੱਤਾ ਗਿਆ ਹੈ, ਇਸ ਨੂੰ ਕਰਮਯੋਗ ਵੀ ਕਿਹਾ ਗਿਆ ਹੈ। ਇੱਥੇ ਸਾਰੀਆਂ ਉੱਲਟ ਆਦਤਾਂ ਜਿਵੇਂ ਦੁੱਖ ਸੁੱਖ ਵਿੱਚ, ਹਾਨੀ ਲਾਭ ਵਿੱਚ, ਜਿੱਤ ਹਾਰ ਵਿੱਚ, ਸਮਤਾ ਧਾਰਨ ਕਰਨ ਵਾਲਾ, 'ਸਮਤਵਯੋਗ' ਵੀ ਕਿਹਾ

ਜਾਂਦਾ ਹੈ। ਗੀਤਾ ਸਵੈ ਧਰਮ ਨੂੰ ਪੂਰਾ ਕਰਨ ਦਾ ਉਪਦੇਸ਼ ਵੀ ਦਿੰਦੀ ਹੈ। ਇਸ ਵਿੱਚ ਬ੍ਰਹਮ ਵਿਚਾਰਧਾਰਾ ਦੇ ਅਨੁਸਾਰ ਸਮਾਜ ਦਾ ਵਰਗੀਕਰਨ 'ਚਤੁਰਵ੍ਰਨਯ' (ਚਾਰ ਵਰਨ) ਵੀ ਸਮਝਿਆ ਜਾ ਸਕਦਾ ਹੈ। ਜੋ ਹਰ ਵਰਨ ਦੇ ਗੁਣ ਤੇ ਕਰਮ ਦੇ ਆਧਾਰਤ ਹੈ। ਭਾਵੇਂ ਗੀਤਾ ਦੇ ਅਨੇਕਾਂ ਪਦਾਂ ਵਿੱਚ ਕਰਮ ਸਿਧਾਂਤ ਨੂੰ ਸਮਝਾਇਆ ਗਿਆ ਹੈ ਅਤੇ ਕਰਮ ਦੀ ਗਤੀਸ਼ੀਲਤਾ ਨੂੰ ਸਪੱਸ਼ਟ ਕੀਤਾ ਗਿਆ ਹੈ। ਫੇਰ ਵੀ ਉਸ ਵਿੱਚ ਭਗਵਾਨ ਕ੍ਰਿਸ਼ਨ ਦੀ ਭਗਤੀ ਉੱਪਰ ਜ਼ਿਆਦਾ ਬਲ ਦਿੱਤਾ ਗਿਆ ਹੈ। ਈਸ਼ਵਰ ਦੀ ਕ੍ਰਿਪਾ ਨਾਲ ਕਰਮ ਸਿਧਾਂਤ ਦੀ ਸ਼ਕਤੀ ਨੂੰ ਪ੍ਰਭਾਵਹੀਣ ਬਣਾਇਆ ਜਾ ਸਕਦਾ ਹੈ। ਭਗਵਤ ਗੀਤਾ ਦਾ ਅੰਤ ਵਿੱਚ ਭਗਵਾਨ ਕ੍ਰਿਸ਼ਨ ਅਰਜਨ ਨੂੰ ਅਪਣੀ ਸ਼ਰਨ ਵਿੱਚ ਆਉਣ ਲਈ ਪ੍ਰੇਰਿਤ ਕਰਦੇ ਹਨ। ਸਭ ਧਰਮਾਂ ਨੂੰ ਛੱਡ ਕੇ ਅਤੇ ਵਚਨ ਦਿੰਦੇ ਹਨ, ਕਿ ਉਸ ਨੂੰ ਸਾਰੇ ਪਾਪਾਂ ਤੋਂ ਮੁਕਤ ਕਰਨ ਦਾ। ਪ੍ਰਭੂ ਕ੍ਰਿਪਾ ਨਾਲ ਪਾਪੀ ਵੀ ਪਾਪ ਤੋਂ ਮੁਕਤ ਹੋ ਸਕਦੇ ਹਨ। ਇਹ ਵਿਚਾਰ ਧਾਰਾ ਵਿਸ਼ੇਸ਼ ਰੂਪ ਵਿੱਚ ਮੱਧਯੁੱਗ ਦੇ ਸੰਤ ਕਵੀਆਂ ਨੇ ਜ਼ੋਰ ਨਾਲ ਫੈਲਾਈ ਅਤੇ ਜ਼ਬਰਦਸਤ ਭਗਤੀ ਅੰਦੋਲਨ ਚੱਲ ਪਿਆ। ਈਸ਼ਵਰਵਾਦੀ ਧਰਮਾਂ ਵਿੱਚ ਈਸ਼ਵਰ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਖਿਮਾ ਕਰਨਾ।[12]

ਈਸ਼ਵਰ ਦੀ ਕ੍ਰਿਪਾ ਅਤੇ ਖਿਮਾ ਨੂੰ ਪ੍ਰਾਪਤ ਕਰਨ ਦੀ ਅੱਥਕ ਕੋਸ਼ਿਸ਼ ਉਸ ਦੇ ਭਗਤ ਕਰਦੇ ਹਨ। ਇਹ ਵਿਚਾਰਧਾਰਾ ਹਿੰਦੂ ਧਰਮ ਵਿੱਚ ਹੈ, ਈਸਾਈ ਧਰਮ ਵਿੱਚ ਹੈ, ਮੁਸਲਿਮ ਧਰਮ ਵਿੱਚ ਹੈ, ਅਤੇ ਸਿੱਖ ਧਰਮ ਵਿੱਚ ਹੈ। ਜੈਨ ਧਰਮ ਅਤੇ ਬੁੱਧ ਧਰਮ ਕਰਮ ਸਿਧਾਂਤ ਦਾ ਪਾਲਣ ਪੂਰੀ ਤਰ੍ਹਾਂ ਹੋਇਆ ਹੈ। ਦੁਸ਼ਕਰਮ ਦੀ ਸ਼ਕਤੀ ਦੇ ਪੱਖੋਂ ਸੱਤ ਕਰਮ ਦੀ ਸ਼ਕਤੀ ਜ਼ਿਆਦਾ ਬਲਵਾਨ ਹੈ ਅਤੇ ਸੱਤ ਕਰਮ ਦੀ ਸ਼ਕਤੀ ਦੁਸ਼ਕਰਮਾਂ ਦੀ ਸ਼ਕਤੀ ਨੂੰ ਹਰਾ ਸਕਦੀ ਹੈ। ਕੁੱਝ ਵੀ ਹੋਵੇ ਕਰਮ ਕਰਤਾ ਦੇ ਲਈ, ਅਪਣੇ ਕਰਮ ਦਾ ਪਰਿਣਾਮ (ਫਲ) ਭੋਗਣਾ ਹੀ ਪਵੇਗਾ। ਇਸ ਵਿੱਚ ਈਸ਼ਵਰ ਕੁੱਝ ਨਹੀਂ ਕਰ ਸਕਦਾ।

ਕਰਮ ਸਿਧਾਂਤ ਦੀ ਸਮੀਖਿਆ ਕਰਦੇ ਹੋਏ ਡਾ: ਪੀ. ਵੀ. ਕਾਨੇ ਨੇ ਲਿਖਿਆ ਹੈ ਵਰਤਮਾਨ ਜੀਵਨ ਦੀਆਂ ਅਨੇਕ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਦੀ ਵਿਆਖਿਆ ਪੁਨਰ ਜਨਮ ਦੇ ਸਿਧਾਂਤ ਨਾਲ ਸੰਤੋਖ ਪੂਰਨ ਢੰਗ ਨਾਲ ਕੀਤੀ ਜਾ

ਸਕਦੀ ਹੈ। ਦੋ ਮਨੁੱਖ ਜੋ ਇੱਕ ਦੂਸਰੇ ਤੋਂ ਘੱਟ ਜਾਣੂ ਹਨ, ਮਿੱਤਰਤਾ ਜਾਂ ਘ੍ਰਿਣਾ ਦੇ ਭਾਵ ਦਾ ਅਨੁਭਵ ਕਿਉਂ ਕਰਦੇ ਹਨ? ਇਹ ਕਲਪਣਾ ਕਿ ਉਹ ਪਿਛਲੇ ਜਨਮ ਵਿੱਚ ਆਪਸ ਵਿੱਚ ਮਿੱਤਰ ਸਨ ਜਾਂ ਇੱਕ ਦੂਸਰੇ ਨੂੰ ਸਹਿਯੋਗ ਕਰਦੇ ਸਨ ਜਾਂ ਹਾਨੀ ਪਹੁੰਚਾਉਂਦੇ ਸਨ। ਇਸ ਵਿਸ਼ਲੇਸ਼ਣ ਦੀ ਉਮੀਦ ਕਰਦੀ ਹੈ। ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਇਹ ਸਪੱਸ਼ਟ ਕਰਦਾ ਹੈ ਕਿ ਬਹੁਤ ਜ਼ਿਆਦਾ ਵਿਅਕਤੀ ਦੁੱਖੀ ਕਿਉਂ ਹਨ ਅਤੇ ਬਹੁਤੇ ਜ਼ਰੂਰਤ ਤੋਂ ਜ਼ਿਆਦਾ ਸੁੱਖ ਅਤੇ ਆਨੰਦ ਕਿਉਂ ਭੋਗ ਰਹੇ ਹਨ। ਸਾਡੇ ਨਿਆਏ ਦਾ ਭਾਵ ਸੰਸਾਰ ਵਿੱਚ ਵਿਦਮਾਨ (ਮੌਜੂਦ) ਇਸ ਅਸਮਾਨਤਾ ਨੂੰ ਵੇਖ ਕੇ ਕੰਬ ਜਾਂਦਾ ਜੇ ਇਹ ਸਿਧਾਂਤ ਨਾ ਹੁੰਦਾ। ਇਹ ਕਲਪਨਾ ਅਤੇ ਵਿਸ਼ਵਾਸ ਕਿ ਸਾਰੇ ਮਨੁੱਖ ਅਪਣੇ ਕਰਮਾਂ ਦੇ ਅਨੁਸਾਰ ਅਗਲੇ ਜਨਮ ਵਿੱਚ ਇਨਾਮ ਜਾਂ ਦੰਡ ਪ੍ਰਾਪਤ ਕਰਨਗੇ। ਉਹਨਾਂ ਨੂੰ ਸੱਤ ਕਰਮ ਕਰਨ ਵੱਲ ਪ੍ਰੇਰਨਾ ਕਰਦਾ ਹੈ ਅਤੇ ਦੁਸ਼ਟਤਾ ਤੋਂ ਬਚਾਉਂਦਾ ਹੈ। ਕਰਮ ਸਿਧਾਂਤ ਸੁੱਖ ਦੁੱਖ ਦੀ ਭਿੰਨਤਾ ਜਾਂ ਅਸਮਾਨਤਾ ਦੀ ਵਿਆਖਿਆ ਨਹੀਂ ਕਰਦਾ ਸਗੋਂ ਇਸ ਤੱਥ ਨੂੰ ਵੀ ਸਪੱਸ਼ਟ ਕਰਦਾ ਹੈ ਕਿ ਭੌਤਿਕ ਸਮ੍ਰਿਧੀ ਅਤੇ ਸਰੀਰਕ ਸਿਹਤ ਵਿੱਚ ਵੀ ਮਨੁੱਖਾਂ ਵਿੱਚ ਫਰਕ ਕਿਉਂ ਹੈ।[13]

## ਬੁੱਧ ਧਰਮ ਵਿੱਚ ਕਰਮ ਸਿਧਾਂਤ

6ਵੀਂ ਸਤਾਵਦੀ ਈ.ਪ: ਵਿੱਚ ਅਨੇਕਾਂ ਸ਼੍ਰਮਣ ਅਚਾਰੀਆ ਨੇ ਕਰਮ ਸਿਧਾਂਤ ਨੂੰ ਸਥਾਪਤ ਕੀਤਾ। ਇਹਨਾਂ ਸ਼੍ਰਮਣ ਦਾਰਸ਼ਨਿਕਾਂ ਦੇ ਸਾਹਮਣੇ ਵਿਚਾਰ ਦੇ ਲਈ ਮੁੱਖ ਸਮੱਸਿਆ ਸੀ ਕਿ ਦੁੱਖ ਦੀ ਉਤਪਤੀ ਦਾ ਕਾਰਨ ਕੀ ਹੈ। ਕਰਮ ਸਿਧਾਂਤ ਨੇ ਇਸ ਪ੍ਰਸ਼ਨ ਦਾ ਹੱਲ ਕਰ ਦਿੱਤਾ। ਮਹਾਵੀਰ ਅਤੇ ਬੁੱਧ ਦੇ ਲਈ ਇਹ ਸਿਧਾਂਤ ਇੱਕ ਰੂਪ ਵਿੱਚ ਹੀ ਸਵੀਕਾਰ ਸੀ। ਪਾਲੀ ਗ੍ਰੰਥਾਂ ਵਿੱਚ ਅਨੇਕ ਸਥਾਨ ਤੇ ਭਗਵਾਨ ਬੁੱਧ ਕਰਮ ਸਿਧਾਂਤ ਦਾ ਉਪਦੇਸ਼ ਦਿੰਦੇ ਵਿਖਾਈ ਦਿੰਦੇ ਹਨ। ਪ੍ਰਾਣੀਆਂ ਨੂੰ ਉਹਨਾਂ ਨੇ 'ਕੰਮਦਾਯਾਦ' ਕਿਹਾ ਹੈ, ਅਤੇ ਕਿਹਾ ਹੈ ਕਿ ਕਰਮ ਹੀ ਉਹਨਾਂ ਦਾ ਭਾਗ ਨਿਰਮਾਤਾ ਹੈ, ਕਰਮ ਹੀ ਉਹਨਾਂ ਦਾ ਮਿੱਤਰ ਅਤੇ ਕਰਮ ਹੀ ਉਹਨਾਂ ਦੀ ਸ਼ਰਨ ਹੈ।[14] ਇੱਕ ਸਥਾਨ ਤੇ ਇਹ ਵੀ ਕਿਹਾ ਗਿਆ ਹੈ ਕਿ ਪ੍ਰਾਣੀ ਕਰਮ ਨਾਲ ਬੰਨ੍ਹੇ ਹੋਏ ਹਨ। ਜਿਵੇਂ ਰੱਥ ਦਾ ਚੱਕਾ ਅਪਣੇ ਧੁਰੇ ਤੇ ਅਧਾਰਤ ਰਹਿੰਦਾ ਹੈ ਕਰਮ ਦੇ ਕਾਰਨ ਹੀ ਵਿਅਕਤੀਆਂ ਦੇ ਅਨੁਭਵਾਂ ਵਿੱਚ

ਅੰਤਰ ਵਿਖਾਈ ਦਿੰਦਾ ਹੈ। ਹਰ ਕਰਮ ਪਰਿਣਾਮ ਵਾਲਾ ਹੁੰਦਾ ਹੈ, ਪੁਰਾਣੇ ਜਾਂ ਵਰਤਮਾਨ ਦੇ ਸਾਰੇ ਕਰਮ ਪ੍ਰਭਾਵਿਤ ਪ੍ਰਤੀਕ੍ਰਿਆ ਰੱਖਦੇ ਹਨ। ਪਾਲੀ ਤ੍ਰਿਪਿਟਕ ਦੇ ਕੁੱਝ ਸਥਾਨਾਂ ਤੇ ਦੁੱਖ ਦਾ ਕਾਰਨ ਇੱਕਲੇ ਕਰਮ ਨੂੰ ਨਹੀਂ ਮੰਨਿਆ ਉੱਥੇ ਉਹਨਾਂ ਲੋਕਾਂ ਦੀ ਆਲੋਚਨਾ ਕੀਤੀ ਗਈ ਹੈ ਜੋ ਕਰਮ ਨੂੰ ਦੁੱਖ ਦਾ ਕਾਰਨ ਮੰਨਦੇ ਹਨ।[15]

ਬੁੱਧ ਧਰਮ ਕਰਮ ਨੂੰ ਚਾਰ ਭਾਗਾਂ ਵਿੱਚ ਵੰਡਦਾ ਹੈ: ਕ੍ਰਿਸ਼ਨ, ਸ਼ੁਕਲ, ਕ੍ਰਿਸ਼ਨ ਅਤੇ ਸ਼ੁਕਲ, ਅਤੇ ਨਾ ਕ੍ਰਿਸ਼ਨ ਨਾ ਕੁਸ਼ਲ। ਇਹ ਚਾਰ ਪ੍ਰਕਾਰ ਦਾ ਵਰਗੀਕਰਨ, ਯੋਗ ਸੂਤਰ ਵਿੱਚ ਵੀ ਮਿਲਦਾ ਹੈ। ਅਨੇਕਾਂ ਬੁੱਧ ਗ੍ਰੰਥਾਂ ਵਿੱਚ ਕਰਮ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ – ਕੁਸ਼ਲ ਅਕੁਸ਼ਲ ਅਤੇ ਅਵੱਯਕ੍ਰਿਤ। ਬੁੱਧ ਗ੍ਰੰਥਾਂ ਵਿੱਚ ਕਰਮ ਸ਼ਬਦ ਦਾ ਅਰਥ ਹੈ। ਮਾਨਸਿਕ ਕੰਮ ਜਾਂ ਇੱਛਾ, ਇਹ ਮਾਨਸਿਕ ਕੰਮ ਜਾਂ ਇੱਛਾ ਜਦ ਸਰੀਰਕ ਜਾਂ ਵਚਨ ਦੇ ਕੰਮ ਨਾਲ ਮਿਲਦੀ ਹੈ ਤੱਦ ਉਸ ਨੂੰ ਕਰਮ ਕਿਹਾ ਜਾਂਦਾ ਹੈ। ਕਰਮ ਦਾ ਕੇਂਦਰ ਬਿੰਦੂ ਚੇਤਨਾ ਹੈ।[16] ਧੱਮਸੰਗਣੀ ਦੀ ਵਿਆਖਿਆ ਅੱਠਸਾਲਨੀ ਦੇ ਅਨੁਸਾਰ ਕਰਮ ਤਿੰਨ ਪ੍ਰਕਾਰ ਦੇ ਹਨ- ਕਾਇਆ ਕਰਮ, ਵੱਚੀ ਕਰਮ ਅਤੇ ਮਨੋ ਕਰਮ।[17]

ਇਹ ਸਾਰੇ ਕੰਮ ਇੱਛਾ ‘ਤੇ ਆਧਾਰਤ ਹੁੰਦੇ ਹਨ, ਜਿਵੇਂ ਡਾ: ਗੋਬਿੰਦ ਚੰਦ ਪਾਂਡੇ ਨੇ ਸਪੱਸ਼ਟ ਕੀਤਾ ਹੈ, “ਬੁੱਧ ਕਰਮ ਸਿਧਾਂਤ, ਜੈਨ ਧਰਮ ਸਿਧਾਂਤ ਤੋਂ ਭਿੰਨ ਹੈ, ਜਿੱਥੇ ਕਰਮ ਨੂੰ ਤੱਤਵ ਮੰਨਿਆ ਗਿਆ ਹੈ। ਬੁੱਧ ਧਰਮ ਸਿਧਾਂਤ ਅਵਿਅਕਤਿਕ ਹੈ। ਇੱਥੇ ਕਰਮ ਦਾ ਕਰਤਾ ਕੋਈ ਨਹੀਂ ਹੈ ਸਿਰਫ ਕਰਮ ਦੀ ਹੋਂਦ ਹੈ। ਪ੍ਰੰਪਰਾਵਾਦੀ ਸਿਧਾਂਤ ਇਹ ਹੈ ਕਿ ਅਪਰੀਮਨਸ਼ੀਲ ਆਤਮਾ ਦੀ ਹੋਂਦ ਨਹੀਂ ਹੈ ਜੋ ਹਰ ਅਵਸਥਾ ਵਿੱਚ ਅਪਰਵਰਤਿਤ ਰਹੇ। ਕਰਮ ਦੀ ਸਾਤੱਤਯ ਕ੍ਰਿਆ ਪ੍ਰਤੀਤਯ ਸਮੁਤਵਾਦ ਦੇ ਰਾਹੀਂ ਸਪੱਸ਼ਟ ਕੀਤੀ ਗਈ ਹੈ। ਕਰਮ ਦਾ ਦਾਰਸ਼ਨਿਕ ਸਿਧਾਂਤ ਪੁਨਰ ਜਨਮ ਦੇ ਰਾਹੀਂ ਸਿੱਧ ਕੀਤਾ ਗਿਆ ਹੈ। ਇਸ ਤੋਂ ਛੁੱਟ ਬੁੱਧ ਧਰਮ ਕਰਮ ਦੇ ਉਸ ਸਿਧਾਂਤ ਨੂੰ ਵੀ ਸਪੱਸ਼ਟ ਕਰਦਾ ਹੈ ਜਿਸ ਦੇ ਅਨੁਸਾਰ ਮਨੁੱਖ ਅਪਣੇ ਪੁਨਰ ਜਨਮ ਵਿੱਚ ਵੀ ਇਨਾਮ ਜਾਂ ਦੰਡ ਪ੍ਰਾਪਤ ਕਰਦਾ ਹੈ।[18]

## ਬੁੱਧ ਧਰਮ ਵਿੱਚ ਪੁਨਰ ਜਨਮ

ਕਰਮ ਇਕ ਪ੍ਰਕਾਰ ਦੀ ਸ਼ਕਤੀ ਹੈ ਜੋ ਪਰਿਣਾਮ ਉਤਪੰਨ ਕਰਦੀ ਹੈ। ਇਹ ਕਿਹਾ ਗਿਆ ਹੈ ਕਿ ਵਿਅਕਤੀ ਦੇ ਪਿੱਛਲੇ ਕਰਮ ਉਸ ਦੇ ਵਰਤਮਾਨ ਜੀਵਨ ਨੂੰ ਚਲਾਉਂਦੇ ਹਨ ਅਤੇ ਵਰਤਮਾਨ ਅਤੇ ਪੁਰਾਣੇ ਜੀਵਨ ਦੇ ਕਰਮ ਵਰਤਮਾਨ ਜੀਵਨ ਨੂੰ ਨਿਸ਼ਚਤ ਕਰਦੇ ਹਨ। ਇਸ ਤਰ੍ਹਾਂ ਕਰਮ ਦੇ ਪਰਿਣਾਮ ਚਾਹੇ ਸ਼ੁਭ ਹੋਣ ਜਾਂ ਅਸ਼ੁਭ ਇਹਨਾਂ ਤੋਂ ਬਚਿਆ ਨਹੀਂ ਜਾ ਸਕਦਾ ਨਾ ਇਸ ਲੋਕ ਵਿੱਚ ਨਾ ਪਰਲੋਕ ਵਿੱਚ। ਸੰਖੇਪ ਵਿੱਚ ਪੁਨਰਜਨਮ ਦਾ ਇਹ ਹੀ ਸਿਧਾਂਤ ਹੈ।

ਬੁੱਧ ਧਰਮ ਦੇ ਅਨੁਸਾਰ ਮਾਨਵ ਜਨਮ ਗ੍ਰਹਿਣ ਕਰਨ ਲਈ ਤਿੰਨ ਕਾਰਨ ਹਨ: ਪੁਰਸ਼ ਵੀਰਜ, ਇਸਤਰੀ ਬੀਜ ਅਤੇ ਕਰਮਵੇਗ। ਜਦੋਂ ਮਨੁੱਖ ਮੌਤ ਨੂੰ ਪ੍ਰਾਪਤ ਹੁੰਦਾ ਹੈ ਅਤੇ ਨਵਾਂ ਜਨਮ ਗ੍ਰਹਿਣ ਕਰਦਾ ਹੈ ਤਦ ਇਹ ਕਰਮਵੇਗ ਮੌਤ ਵਿੱਚ ਕਾਰਜਸ਼ੀਲ ਹੋ ਜਾਂਦਾ ਹੈ। ਮਾਤਾ ਪਿਤਾ ਸਿਰਫ ਕਿਸੇ ਪੱਖੋਂ ਸਰੀਰਕਤ ਤੱਤਵ ਗਰਭ ਸਰੀਰ ਦੀ ਰਚਨਾ ਦੇ ਲਈ ਪ੍ਰਦਾਨ ਕਰਦੇ ਹਨ। ਮਨੁੱਖ ਜਦੋਂ ਮਰਦਾ ਹੈ ਤੇ ਪੁਨਰ ਜਨਮ ਲੈਂਦਾ ਹੈ ਤਾਂ ਇਹ ਪੁਨਰਜਨਮ ਮਨੁੱਖ ਨਹੀਂ ਲੈਂਦਾ ਸਗੋਂ ਉਸ ਦਾ ਕਰਮ ਲੈਂਦਾ ਹੈ।[19]

ਬੁੱਧ ਦਰਸ਼ਨ ਵਿੱਚ ਆਤਮਾ ਜਿਹਾ ਕੋਈ ਨਿੱਤ ਤੱਤਵ ਨਹੀਂ ਹੈ ਉਹ ਮਨੁੱਖ ਦੇ ਗੁਣਾਂ ਅਤੇ ਉਸ ਦੇ ਕਾਰਜ ਖੇਤਰ ਅਤੇ ਇਸ ਲੋਕ ਅਤੇ ਪਰਲੋਕ ਦੇ ਜੀਵਨ ਚਲਾਉਣ ਵਿੱਚ ਕਰਮ ਮਹੱਤਵਪੂਰਨ ਸਥਾਨ ਰੱਖਦਾ ਹੈ। ਕਰਮ ਚੇਤਨਾ, ਵਿਚਾਰ, ਅਨੁਭੂਤੀ, ਇੱਛਾ ਅਤੇ ਭੌਤਿਕ ਤੱਤਵਾਂ ਦਾ ਸੰਗ੍ਰਹਿ ਮਾਤਰ ਹੈ। ਜਿਵੇਂ ਡੇਲਾ ਵਾਲੀ ਪਾਓਸਿਨ ਨੇ ਆਖਿਆ ਹੈ: ਇਹ ਕਰਮ ਅਨਾਦੀ ਹੈ, ਉਸ ਨੂੰ ਕੁੱਝ ਕਰਮਾਂ ਦਾ ਫਲ ਖਾਸ ਸਥਿਤੀਆਂ ਵਿੱਚ ਭੋਗਣਾ ਪੈਂਦਾ ਹੈ। ਇਹਨਾਂ ਕਰਮਾ ਦਾ ਅਨੁਭਵ ਹੀ ਪੁਨਰ ਜਨਮ ਦਾ ਕਾਰਨ ਹੁੰਦਾ ਹੈ। ਜਦੋ ਪੁਨਰ ਜਨਮ ਸਮਾਪਤ ਹੁੰਦਾ ਹੈ ਤਾਂ ਵੀ ਕੁੱਝ ਨਵੇਂ ਅਤੇ ਪੁਰਾਣੇ ਕਰਮ ਬਾਕੀ ਰਹਿੰਦੇ ਹਨ, ਜਿਨ੍ਹਾਂ ਦਾ ਫਲ ਭੋਗਣਾ ਪੈਂਦਾ ਹੈ। ਇਸ ਲਈ ਕਰਮ ਪੁਨਰ ਜਨਮ ਦਾ ਕਾਰਨ ਬਣਦਾ ਹੈ ਅਤੇ ਨਵੀਆਂ ਸਥਿਤੀਆਂ ਦੇ ਅਨੁਸਾਰ ਨਵਾਂ ਜੀਵਨ ਗ੍ਰਹਿਣ ਕਰਦਾ ਹੈ। ਕੁੱਲ ਮਿਲਾਕੇ ਉਹ ਨੈਤਿਕ ਅਤੇ ਭੌਤਿਕ ਤੱਤਵਾਂ ਦੇ ਨਾਲ ਜਨਮ ਪ੍ਰੰਪਰਾ ਨੂੰ

ਲਏ ਹੋਏ ਹੈ। ਅਸਲ ਵਿੱਚ ਕੋਈ ਕਰਤਾ ਨਹੀਂ ਮਾਤਰ ਕਰਮ ਹੈ ਅਤੇ ਉਸ ਦਾ ਫਲ ਹੈ। ਅੰਗ, ਵਿਚਾਰ, ਅਤੇ ਬਾਹਰਲੀ ਵਸਤੂ ਇਹ ਸਭ ਕਰਮਾਂ ਦਾ ਪ੍ਰਤੀਫਲ ਰੂਪ ਵਿੱਚ ਹਨ, ਜਿਸ ਰੂਪ ਵਿੱਚ ਸੁੱਖ ਅਤੇ ਦੁੱਖ ਦੀ ਅਨੁਭੂਤੀ ਹੁੰਦੀ ਹੈ।

ਬੁੱਧ ਧਰਮ ਇਸ ਪੁਨਰ ਜਨਮ ਦੇ ਸਿਧਾਂਤ ਨੂੰ ਅਸੀਂ ਜ਼ਿਆਦਾ ਸਮਝਾਂਗੇ ਜਦ ਇਹ ਸ਼ਬਦ 'ਭਵੰਗ ਸਰੋਤ' ਨੂੰ ਸਮਝ ਲਵਾਂਗੇ। ਭਵੰਗ ਦਾ ਅਰਥ ਹੈ ਨਿੱਤ ਅਵਿਨਸ਼ਵਰ ਅਤੇ ਪੂਰਨ ਆਤਮਾ ਨਹੀਂ ਸਗੋਂ ਇਹ ਇੱਕ ਲਗਾਤਾਰ ਪਰਿਵਰਤਨਸ਼ੀਲ ਅਵਚੇਤਨ ਕ੍ਰਿਆ। ਇਹ ਸਾਡੇ ਪੁਰਾਣੇ ਕਰਮਾਂ, ਅਨੁਭਵਾਂ ਅਤੇ ਸੰਵੇਦਨਾਵਾਂ ਦਾ, ਜਿਨ੍ਹਾਂ ਨੂੰ ਅਸੀਂ ਅੰਦਰਲੇ ਜਾਂ ਬਾਹਰਲੇ ਰੂਪ ਵਿੱਚ ਵੇਖਿਆ, ਸੁਣਿਆਂ, ਅਨੁਭਵ ਕੀਤਾ ਅਤੇ ਵਿਚਾਰਿਆ ਹੈ, ਦਾ ਭਾਗ ਹਨ। ਇਸ ਪ੍ਰਕਾਰ ਕਿਸੇ ਵੀ ਚੇਤਨ ਪ੍ਰਾਣੀ ਦਾ ਕਰਮ ਅਵਚੇਤਨ (ਜਾਂ ਭਵੰਗ ਸਰੋਤ) ਦੀ ਰਚਨਾ ਕਰਦਾ ਹੈ, ਜੋ ਹੋਂਦ ਦੀ ਪ੍ਰੰਪਰਾ ਨੂੰ ਬਣਾਕੇ ਰੱਖਣ ਦਾ ਕਾਰਨ ਬਨਦਾ ਹੈ। ਜਿਵੇਂ 'ਮਿਲਿੰਦਪੰਹੋਂ' ਵਿੱਚ ਆਖਿਆ ਗਿਆ ਹੈ, ਉਹ ਨਾ ਤਾਂ ਉਹੀ ਹੈ ਅਤੇ ਨਾ ਹੋਰ ਹੈ, ਇਹੋ ਪੁਰਨਜਨਮ ਹੈ। ਹਰਕਲੀਟਸ ਦਾ ਇਹ ਮੱਤ ਹੈ, "ਅਸੀਂ ਕਦੀ ਵੀ ਉਸ ਧਾਰਾ ਵਿੱਚ ਪ੍ਰਵੇਸ਼ ਨਹੀਂ ਕਰਦੇ, ਅਸੀਂ ਉਸ ਦੇ ਰੂਪ ਅਨੁਸਾਰ ਹਾਂ ਅਤੇ ਨਹੀਂ ਹਾਂ" ਹਰ ਪ੍ਰਾਣੀ ਚਾਹੇ ਚੇਤਨ ਹੋਵੇ ਜਾਂ ਅਵਚੇਤਨ ਖਿੰਨਭੁੰਗਰ (ਨਾਸ਼ਵਾਨ) ਹੈ। ਹੋਂਦ, ਪਰਿਵਰਤਨ ਅਤੇ ਰੂਪਾਂਤਰਨ ਦੀ ਲਗਾਤਾਰ ਕ੍ਰਿਆ ਹੈ ਸਿੱਟੇ ਵਜੋਂ ਕੋਈ ਨਿੱਤ ਆਤਮਾ ਜਾਂ ਮਨੁੱਖ ਦੀ ਹੋਂਦ ਨਹੀਂ ਹੈ। ਸਿਰਫ ਇੱਕ ਪਰੀਨਮਨਸ਼ੀਲ ਤੱਤਵ ਹੈ।

ਪੁਨਰ ਜਨਮ ਦਾ ਭਾਵ ਬੁੱਧ ਧਰਮ ਵਿੱਚ ਇਹ ਹੈ ਸਿਰਫ ਮਨੋਕਾਯਿਕ ਪ੍ਰਕ੍ਰਿਆ। ਜੋ ਮੌਤ ਦੇ ਸਮੇਂ ਅਸਤਗਤ (ਛਿੱਪ) ਹੋ ਜਾਂਦੀ ਹੈ ਅਤੇ ਫੇਰ ਜਾਰੀ ਹੋ ਜਾਂਦੀ ਹੈ-ਸ਼ਿਸ਼ੇ ਵਿੱਚ ਇੱਕ ਛਾਂ ਦੇ ਸਮਾਨ ਜਾਂ ਕਿਸੇ ਅਵਾਜ਼ ਦੀ ਗੂੰਜਨ ਦੀ ਤਰ੍ਹਾਂ ਇਹ ਚੇਤਨਤਾ ਦਾ ਪੁਨਰ ਜਨਮ ਹੈ। ਇਸ ਤਰ੍ਹਾਂ ਮੁਦਰਾ ਅਤੇ ਸ਼ੀਸ਼ੇ ਦੇ ਸਪਰਸ਼ ਦੇ ਰਾਹੀਂ ਮੂਰਤੀ ਵਿਖਾਈ ਦਿੰਦੀ ਹੈ। ਉਹ ਵਰਤਮਾਨ ਚੇਤਨਤਾ ਦਾ ਸਿਰਫ ਦੁਰਗਮਨ ਹੈ ਜੋ ਬਾਅਦ ਵਿੱਚ ਜਨਮ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ। ਇਸ ਦਾ ਅਰਥ ਹੈ ਕਿ 'ਪਟਿਸੰਧਿਵਾਣ' (ਚੇਤਨਤਾ ਦਾ ਸੰਬੰਧ ਵਰਤਮਾਨ

ਜਨਮ ਦੇ ਵਿੱਚ) ਪਿਛਲੇ ਜਨਮ ਵਿੱਚ ਦੂਸਰੀ ਚੇਤਨਾ ਦੇ ਗਮ 'ਤੇ ਆਧਾਰਤ ਹੈ ਅਤੇ ਵਰਤਮਾਨ ਜੀਵਨ ਦੀ ਹੋਂਦ ਵਿੱਚ ਆਉਣਾ ਕਰਮ ਦੀ ਸ਼ਕਤੀ ਦਾ ਪ੍ਰਤੀਕ ਹੈ। ਇਸ ਪ੍ਰਕਾਰ ਸੱਚਾਈ ਬੁੱਧ ਧਰਮ ਵਿੱਚ ਕੋਈ ਆਤਮਾ ਜਿਹਾ ਨਿੱਤ ਜਾਂ ਸ਼ਾਸਵਤ ਤੱਤਵ ਨਹੀਂ ਹੈ। ਜੋ ਪੁਨਰ ਜਨਮਾਂ ਵਿੱਚ ਚੱਕਰ ਲਗਾਉਂਦਾ ਰਹਿੰਦਾ ਹੈ। ਪਰ ਉਹ ਕਰਮ ਦੀ ਪਰਿਵਰਤਨਸ਼ੀਲ ਦੋ ਪ੍ਰਕ੍ਰਿਆ ਹਨ: ਕੱਮੰਤਰ ਅਤੇ ਵਿਪਾਕਾਨੰਤਰ ਇਹ ਕਰਮ ਹੀ ਹੈ ਜੋ ਦੁੱਖ ਦਾ ਕਾਰਨ ਹੈ। ਜਿਸ ਪ੍ਰਕਾਰ ਵਿਸ਼ੁੱਧੀਮੱਗ ਵਿੱਚ ਕਿਹਾ ਗਿਆ ਹੈ – ਉਹ ਮਾਤਰ ਇੱਕ ਤੱਤਵ ਹੈ ਜੋ ਪੁਨਰ ਜਨਮ ਦਾ ਕਾਰਨ ਬਣਦਾ ਹੈ। ਪ੍ਰੰਤੂ ਉਹ ਪਿਛਲੇ ਜਨਮ ਤੋਂ ਪ੍ਰਗਟ ਨਹੀਂ ਹੁੰਦਾ ਅਤੇ ਫੇਰ ਵੀ ਉਹ ਬਿਨ੍ਹਾਂ ਪਿਛਲੇ ਕਾਰਨ ਦੇ ਪ੍ਰਗਟ ਨਹੀਂ ਹੁੰਦਾ।[20]

## ਕੁਸ਼ਲ ਅਤੇ ਅਕੁਸ਼ਲ ਕਰਮ

ਕਰਮਾਂ ਨੂੰ ਉਹਨਾਂ ਦੇ ਪ੍ਰਭਾਵ ਅਨੁਸਾਰ ਚਾਰ ਅੰਗਾਂ ਵਿੱਚ ਵੰਡਿਆ ਗਿਆ ਹੈ:[21]

1. **ਕੁਸ਼ਲ ਕਰਮ**
2. **ਅਕੁਸ਼ਲ ਕਰਮ**
3. **ਕੁਸ਼ਲ ਅਕੁਸ਼ਲ ਕਰਮ**
4. **ਲੋਕੋਤੱਰ ਕਰਮ**

ਆਮ ਤੌਰ ਤੇ ਦੋ ਪ੍ਰਕਾਰ ਦੇ ਕਰਮ ਹੁੰਦੇ ਹਨ:

1. **ਆਸ਼ਰਵ ਮੁਕਤ ਕਰਮ (ਕੁਸ਼ਲ ਕਰਮ)**
2. **ਆਸ਼ਰਵ ਯੁਕਤ ਕਰਮ (ਅਕੁਸ਼ਲ ਕਰਮ)**

ਇੱਥੇ ਆਸ਼ਰਵ ਦਾ ਅਰਥ ਹੈ, ਅਵਿਦਿਆ, ਇੱਛਾ, ਚੇਤਸਿਕ ਅਤੇ ਅਨਾਸ਼ਰਵ ਦਾ ਭਾਵ ਹੈ ਇਸ ਅਵਿਦਿਆ, ਇੱਛਾ ਅਤੇ ਚੇਤਸਿਕਾਂ ਤੋਂ ਮੁਕਤ ਹੋਣਾ। ਇੱਥੇ ਅਨਾਸ਼ਰਵ ਨਿਰਵਾਨ ਦਾ ਕਾਰਨ ਹੈ। ਕਰਮ ਤ੍ਰਿਸ਼ਨਾ ਦੇ ਬਿਨ੍ਹਾਂ ਕੋਈ ਕੁਸ਼ਲ ਜਾਂ ਅਕੁਸ਼ਲ ਪਰਿਣਾਮ ਉਤਪੰਨ ਕਰਨ ਦੀ ਸ਼ਕਤੀ ਨਹੀਂ ਰੱਖਦਾ। ਤ੍ਰਿਸ਼ਨਾ ਦੇ ਪੂਰਨ ਰੂਪ ਵਿੱਚ ਨਸ਼ਟ ਹੋ ਜਾਣ ਤੇ ਨਿਰਵਾਨ ਪ੍ਰਾਪਤ ਹੁੰਦਾ ਹੈ। ਇਸ ਲਈ ਧਰਮ ਇੱਛਾ ਦੇ ਰਾਹੀਂ ਤੋਂ ਪਰਿਣਾਮ ਲੈਂਦਾ ਹੈ। ਜਦੋਂ ਇੱਛਾ ਸਮਾਪਤ ਹੋ ਜਾਂਦੀ ਹੈ ਤਾਂ ਅਵਿਦਿਆ ਅਤੇ ਚੇਤਸਿਕ ਜਿਹੇ ਤੱਤਵ

ਅਪਣੇ ਆਪ ਨਸ਼ਟ ਹੋ ਜਾਂਦੇ ਹਨ। ਉਹਨਾਂ ਦਾ ਪੁਨਰ ਜਨਮ ਵਿੱਚ ਕੋਈ ਹੱਥ ਨਹੀਂ ਰਹਿੰਦਾ।

ਕਰਮ ਦੇ ਬੀਜ ਹਨ ਰਾਗ, ਦਵੇਸ਼ ਅਤੇ ਮੋਹ: ਇਹਨਾਂ ਬੀਜਾਂ ਨੂੰ ਸਮਾਪਤ ਕਰਨ ਲਈ ਸਮਿਅੱਕ ਦ੍ਰਿਸ਼ਟੀ ਦੀ ਜ਼ਰੂਰਤ ਹੁੰਦੀ ਹੈ।

## ਮੰਖਲੀ ਪੁੱਤਰ ਗੋਸ਼ਾਲਕ ਦਾ ਕਰਮ ਸਿਧਾਂਤ

ਮੰਖਲੀ ਪੁੱਤਰ ਗੋਸ਼ਾਲਕ ਦੇ ਅਨੁਸਾਰ ਜੀਵਨ ਵਿੱਚ *ਨਿਯਤੀ* ਦਾ ਮਹੱਤਵਪੂਰਨ ਸਥਾਨ ਹੈ। ਹਰ ਕੰਮ ਨਿਯਤੀ ਰਾਹੀਂ ਕਰਵਾਇਆ ਜਾਂਦਾ ਹੈ। ਹਰ ਪ੍ਰਾਣੀ ਦੀ ਮੂਲ ਵਿਸ਼ੇਸ਼ਤਾ ਉਸ ਦੀ ਨਿਯਤੀ ਹੈ। ਜਿਸ ਦੇ ਬਿਨ੍ਹਾਂ ਕੁੱਝ ਨਹੀਂ ਹੋ ਸਕਦਾ। ਉਸ ਦਾ ਸਿਧਾਂਤ ਹੈ, ਮਨੁੱਖ ਦੀਆਂ ਕੋਸ਼ਿਸ਼ਾਂ ਬੇਕਾਰ ਹੁੰਦੀਆਂ ਹਨ ਅਤੇ ਇਸ ਸਿਧਾਂਤ ਨੂੰ ਸੰਖੇਪ ਵਿੱਚ ਜਾਂ ਭਾਗ ਕਿਹਾ ਜਾਂਦਾ ਹੈ।

ਮੰਖਲੀ ਪੁੱਤਰ ਗੋਸ਼ਾਲਕ ਦੇ ਅਨੁਸਾਰ ਨਿਰਵਾਨ ਲਈ ਤੱਪ, ਸੱਮਿਅਕ ਦ੍ਰਿਸ਼ਟੀ, ਸੱਮਿਅਕ ਕਰਮ, ਸਾਧਨਾ ਦੀ ਜ਼ਰੂਰਤ ਨਹੀਂ ਬਲਕਿ ਹਰ ਮਨੁੱਖ ਨੂੰ ਬਿਨ੍ਹਾਂ ਕੋਸ਼ਿਸ਼ ਕੀਤੇ ਅਚਾਨਕ ਹੀ 84,00,000 ਮਹਾਂਕਲਪਾਂ ਤੋਂ ਬਾਅਦ ਪ੍ਰਾਪਤ ਹੋ ਜਾਂਦਾ ਹੈ। ਇਸ ਦਾ ਅਰਥ ਹੈ ਕਿ ਮੰਖਲੀ ਪੁੱਤਰ ਗੋਸ਼ਾਲਕ ਦੇ ਅਨੁਸਾਰ ਕਰਮਾਂ ਦੀ ਨਿਰਜਰਾ ਕਰਨ ਦੀ ਜ਼ਰੂਰਤ ਨਹੀਂ ਹੈ। ਉਸ ਦਾ ਵਿਸ਼ਵਾਸ ਸੀ ਕਿ ਇਹ ਪ੍ਰਾਣੀਆਂ ਦੀ ਨਿਯਤੀ ਹੈ ਕਿ ਉਹਨਾਂ ਨੇ ਇਸ ਲੋਕ ਵਿੱਚ ਜਨਮ ਲਿਆ ਹੈ ਅਤੇ ਸੁੱਖ ਦੁੱਖ ਭੋਗ ਰਹੇ ਹਨ।

ਭਾਵੇਂ ਨਿਯਤੀ ਵਾਦੀ ਜੈਨ ਧਰਮ ਦੇ ਕਰਮ ਸਿਧਾਂਤ ਤੋਂ ਉਲਟ ਹੈ ਫੇਰ ਵੀ ਉਸ ਦੇ ਸਿਧਾਂਤ ਨਾਲ ਮਿਲਦੇ ਜੁਲਦੇ ਵਿਚਾਰ ਆਧੁਨਿਕ ਭਾਰਤੀ ਦਰਸ਼ਨ ਵਿੱਚ ਮਿਲਦੇ ਹਨ। ਮਿਰਸੇ ਏਲਿਯਾਰਡ ਦਾ ਕਥਨ ਹੈ, "ਇਹ ਸਹੀ ਹੈ ਕਿ ਮੰਖਲੀ ਪੁੱਤਰ ਗੋਸ਼ਾਲਕ ਨੇ ਭਾਰਤੀ ਦਰਸ਼ਨਾ ਵਿੱਚ ਮੌਲਿਕ ਵਿਚਾਰ ਧਾਰਾ ਨੂੰ ਪੇਸ਼ ਕੀਤਾ ਹੈ। ਉਸ ਦੇ ਨਿਯਤੀਵਾਦ ਨੂੰ ਉਸ ਨੂੰ ਕੁਦਰਤੀ ਤੱਤਵਾਂ ਅਤੇ ਜੀਵਨ ਨਿਯਮਾਂ ਦੇ ਅਧਿਐਨ ਕਰਨ ਦਾ ਮੌਕਾ ਦਿੱਤਾ। ਉਸ ਨੇ ਇੰਦਰੀਆਂ ਦੇ ਆਧਾਰ ਤੇ ਜੀਵਾਂ ਦਾ ਵਰਗੀਕਰਨ ਕੀਤਾ ਹੈ ਅਤੇ ਪਰਿਣਾਮ ਵਾਦ ਨੂੰ ਪੇਸ਼ ਕੀਤਾ ਹੈ ਉਸ ਨੇ ਬਨਸਪਤੀ ਵਿੱਚ ਵੀ ਜੀਵ ਤੱਤਵ ਦੇ ਹੋਣ ਦੀ ਗੱਲ ਕੀਤੀ ਹੈ।[22]

## ਜੈਨ ਧਰਮ ਦਾ ਕਰਮ ਸਿਧਾਂਤ

ਲਗਭਗ ਸਾਰੇ ਭਾਰਤੀ ਦਰਸ਼ਨ, ਚਾਰਵਾਕ ਨੂੰ ਛੱਡਕੇ, ਕਰਮ ਦੇ ਸਿਧਾਂਤ ਨੂੰ ਸਵੀਕਾਰ ਕਰਦੇ ਹਨ। ਜੈਨ ਵਿਚਾਰ ਧਾਰਾ ਵਿੱਚ ਕਰਮ ਸਿਧਾਂਤ ਕੇਂਦਰੀ ਤੱਤਵ ਹੈ। ਜੈਨੀਆਂ ਦੇ ਅਨੁਸਾਰ ਕਰਮ, ਬੰਧ ਦਾ ਕਾਰਨ ਹੈ ਅਤੇ ਉਸ ਦੀ ਨਿਰਜਰਾ ਮੋਕਸ਼ ਦਾ ਕਾਰਨ ਹੈ। ਤੱਤਵਾਰਥ ਰਾਜਵਾਰਤਿਕ ਦੇ ਅਨੁਸਾਰ ਵੀਰਯਅੰਤਰਾਏ (ਆਤਮ ਸ਼ਕਤੀ ਜਾਂ ਪੁਰਸ਼ਾਰਥ ਵਿੱਚ ਰੁਕਾਵਟ ਦਾ ਕਾਰਨ ਕਰਮ) ਅਤੇ ਗਿਆਨਾਵਰਨੀਆਂ (ਅਗਿਆਨ) ਦੇ ਕਸ਼ੋਯਪਸ਼ਮ (ਕੁੱਝ ਸ਼ਾਂਤ ਕਰਨਾ ਅਤੇ ਕੁੱਝ ਮੂਲ ਤੋਂ ਨਸ਼ਟ ਕਰਨਾ) ਦਾ ਪੱਖ ਰੱਖਣ ਵਾਲੇ ਆਤਮਾ ਦੇ ਰਾਹੀਂ ਨਿਸ਼ਚੈ ਨਯ ਤੋਂ ਆਤਮਾ ਪਰਿਣਾਮ (ਪਰਿਵਰਤਨ ਜਾਂ ਬਦਲਾਓ) ਅਤੇ ਪੁਦਗਲ ਦੇ ਰਾਹੀਂ ਪੁਦਗਲ ਪਰਿਣਾਮ ਅਤੇ ਵਿਵਹਾਰ ਨਯ ਤੋਂ ਆਤਮਾ ਦੇ ਰਾਹੀਂ ਪੁਦਗਲ ਪਰਿਣਾਮ ਦੇ ਰਾਹੀਂ ਪੁਦਗਲ ਪਰਿਣਾਮ ਦੀ ਕੀਤੇ ਜਾਣ ਉਹ ਕਰਮ ਹਨ। ਕਰਨਭੂਤ ਪਰਿਣਾਮਾਂ ਦੀ ਪ੍ਰਸ਼ੰਸਾ ਦੀ ਵਿਵਕਸ਼ਾ (ਆਖਣ ਦੀ ਇੱਛਾ) ਵਿੱਚ ਕ੍ਰਿਤਧਰਮ ਆਰੋਪ ਕਰਨ ਤੇ ਉੱਥੇ ਹੀ ਉਹ ਪਰਿਣਾਮ ਸੰਵਯਮ ਦ੍ਰਵ ਅਤੇ ਭਾਵ ਰੂਪ ਕੁਸ਼ਲ ਅਕੁਸ਼ਲ ਕਰਮ ਨੂੰ ਕਰਦਾ ਹੈ। ਇਸ ਲਈ ਉਹ ਹੀ ਕਰਮ ਹੈ, ਆਤਮਾ ਦੀ ਪ੍ਰਧਾਨਤਾ ਵਿੱਚ ਉਹ ਕਰਤਾ ਹੈ ਅਤੇ ਪਰਿਣਾਮ ਕਰਣ ਤੱਦ 'ਕ੍ਰਿਯਤੇ ਅਨੇਨ' ਇਹ ਵਿਗ੍ਰਹਿ ਵੀ ਹੁੰਦਾ ਹੈ। ਸਾਧਯ ਸਾਧਨ ਭਾਵ ਦੀ ਵਿਵਕਸ਼ਾ ਨਾ ਹੋਣ ਕਾਰਨ ਸਵਰੂਪ ਮਾਤਰ ਕੱਥਨ ਕਰਨ ਦੀ ਕ੍ਰਿਤੀ ਨੂੰ ਵੀ ਕਰਮ ਕਹਿੰਦੇ ਹਨ।[23]

ਆਤਮਾ ਪਰਿਕਸ਼ਾ ਟੀਕਾ ਨਾਮ ਦਾ ਗ੍ਰੰਥ, ਕਰਮ ਦੀ ਵਿਆਖਿਆ ਕਰਦੇ ਹੋਏ ਆਖਦਾ ਹੈ ਕਿ ਕਰਮ ਉਹ ਹੈ ਜੋ ਆਤਮਾ ਨੂੰ ਗੁਲਾਮ ਬਣਾਉਂਦਾ ਹੈ, ਦੂਸਰੇ ਸ਼ਬਦਾਂ ਵਿੱਚ ਆਤਮਾ ਨੂੰ ਜੋ ਉੱਲਟ ਗਿਆਨ ਉੱਲਟ ਸ਼ਰਧਾ ਵੱਲ ਲੈ ਜਾਵੇ।[24] ਇਸ ਪ੍ਰਕਾਰ ਜੈਨ ਧਰਮ ਅਨੁਸਾਰ ਕਰਮ ਦਾ ਅਰਥ ਕੰਮ ਜਾਂ ਨਿਯਤੀ ਨਹੀਂ ਹੈ, ਜਿਹਾ ਹੋਰ ਭਾਰਤੀ ਦਰਸ਼ਨਾਂ ਵਿੱਚ ਸਮਝਿਆ ਜਾਂਦਾ ਹੈ। ਪਰ ਇਹ ਸੂਖਮ ਪ੍ਰਮਾਣੂਆਂ ਦਾ ਸੁਕੰਧ ਮਾਤਰ ਹੈ। ਜੋ ਸਾਡੀ ਇੰਦਰੀਆਂ ਰਾਹੀਂ ਪ੍ਰਤੱਖ ਨਹੀਂ ਹੈ। ਕਰਮ ਆਤਮਾ ਨੂੰ ਖਿੱਚਦਾ ਹੈ, ਅਤੇ ਉਸ ਆਸਕਤ ਕਰਦਾ ਹੈ ਜੋ ਕਦੇ ਆਨੰਦ ਅਤੇ ਕਦੇ ਦੁੱਖ ਰੂਪ ਉਤਪੰਨ ਕਰਦਾ ਹੈ। ਇਹ

ਉਹ ਪ੍ਰਵਲ ਸ਼ਕਤੀ ਹੈ ਜੋ ਆਤਮਾ ਨੂੰ ਉਸ ਦੇ ਕੁਸ਼ਲ ਅਕੁਸ਼ਲ ਕਰਮਾਂ ਨਾਲ ਬੰਨ੍ਹ ਦਿੰਦਾ ਹੈ। ਆਤਮਾ ਵਿੱਚ ਪਰਿਵਰਤਨ ਆਉਣ ਦਾ ਕਾਰਨ ਵੀ ਕਰਮ ਹੀ ਹੈ। ਦੁੱਖ ਸੁੱਖ ਆਨੰਦ, ਬੰਧ ਆਦਿ ਸਭ ਦਾ ਕਾਰਨ ਕਰਮ ਹੀ ਹੈ। ਰਾਜਵਾਰਤਿਕ ਵਿੱਚ ਕਿਹਾ ਗਿਆ ਹੈ ਕਿ ਆਤਮਾ ਦੇ ਯੋਗ ਪਰਿਣਾਮਾਂ ਰਾਹੀਂ ਜੋ ਕੀਤਾ ਜਾਂਦਾ ਹੈ ਉਸ ਨੂੰ ਕਰਮ ਆਖਦੇ ਹਨ।[25]

ਸਿੱਟੇ ਵਜੋਂ ਕਰਮ ਆਤਮਾ ਦਾ ਮੂਲ ਗੁਣ ਗਿਆਨ, ਦਰਸ਼ਨ, ਸੁੱਖ, ਵੀਰਜ ਨੂੰ ਦੂਰ ਕਰ ਦਿੰਦਾ ਹੈ ਅਤੇ ਬੰਧਨ ਵਿੱਚ ਪਾ ਦਿੰਦਾ ਹੈ। ਸੰਖੇਪ ਵਿੱਚ ਕਰਮ ਸੂਖਮ ਪ੍ਰਮਾਣੂਆਂ ਦਾ ਸੰਗ੍ਰਹਿ ਮਾਤਰ ਹੈ। ਜੋ ਸਾਡੀਆਂ ਅੱਖਾਂ ਦੀ ਨਜ਼ਰ ਤੋਂ ਬਾਹਰ ਹੈ। ਇਸ ਲਈ ਕਰਮ ਨੂੰ ਪੌਦਗਲੀਕ ਕਿਹਾ ਗਿਆ ਹੈ ਜੋ ਆਤਮਾ ਵਿੱਚ ਕੁੱਝ ਵਿਸ਼ੇਸ਼ ਸਥਿਤੀਆਂ ਪੈਦਾ ਕਰ ਦਿੰਦਾ ਹੈ। ਇੱਥੋਂ ਤੱਕ ਕਿ ਜ਼ਹਿਰ ਦੇ ਘੁੱਟ ਵਰਗਾ, ਸਰੀਰ ਵਿੱਚ ਜਿਸ ਦੇ ਜਾਣ ਨਾਲ ਅਨੇਕਾਂ ਪ੍ਰਕਾਰ ਦੇ ਪ੍ਰਭਾਵ ਦਿਖਾਈ ਦੇਣ ਲੱਗਦੇ ਹਨ।[26]

ਕਰਮ ਸਿਧਾਂਤ ਕਾਰਨ ਵਾਦ ਤੇ ਆਧਾਰਤ ਹੈ। ਇਥੇ ਕਾਰਨਾਂ ਅਤੇ ਉਸ ਦੇ ਫਲਾਂ ਦੇ ਸਹਾਰੇ ਟਿਕਿਆ ਹੈ। ਜਿਸ ਵਿੱਚ ਹਰ ਕਾਰਜ ਆਪਣੇ ਫਲ ਦਾ ਅਨੁਕਰਨ (ਪਿੱਛੇ ਲੱਗਣਾ) ਕਰਦਾ ਹੈ। ਪਿਛਲੇ ਕੀਤੇ ਕੰਮਾਂ ਦਾ ਫਲ ਅੱਗੇ ਦੇ ਕੰਮਾਂ ਦੇ ਲਈ ਕਾਰਨ ਬਣ ਜਾਂਦਾ ਹੈ। ਇਸ ਪ੍ਰਕਾਰ ਕਿਸੇ ਇੱਕ ਦ੍ਰਿਸ਼ਟੀ ਤੋਂ ਕਾਰਜ ਫਲ ਹੈ ਅਤੇ ਉਹੀ ਫਲ ਦੂਸਰੀ ਦ੍ਰਿਸ਼ਟੀ ਤੋਂ ਕਾਰਨ ਬਣ ਜਾਂਦਾ ਹੈ। ਇਸ ਲਈ ਹਰ ਨਵਾਂ ਫਲ ਦੂਸਰੇ ਫਲ ਉਤਪੰਨ ਕਰਦਾ ਹੈ। ਜਿਸ ਦੇ ਲਈ ਉਹ ਕਾਰਨ ਬਣ ਜਾਂਦਾ ਹੈ। ਇਸੇ ਨੂੰ ਕਰਮ ਦਾ ਸਿਧਾਂਤ ਕਿਹਾ ਜਾਂਦਾ ਹੈ।

## ਕਰਮ ਆਤਮਾ ਨਾਲ ਇਸ ਪ੍ਰਕਾਰ ਬੰਧਨ ਕਰਦੇ ਹਨ:

ਅਮੂਰਤ (ਸ਼ਕਲ ਰਹਿਤ) ਜੀਵ ਨਾਲ ਮੂਰਤ (ਸ਼ਕਲ) ਵਾਲੇ ਜੀਵ ਕਰਮ ਕਿਵੇਂ ਬੰਧਨ ਕਰਦੇ ਹਨ? ਇਸ ਸਵਾਲ ਦਾ ਜਵਾਬ ਇਸ ਰੂਪ ਵਿੱਚ ਦਿੱਤਾ ਜਾ ਸਕਦਾ ਹੈ ਕਿ ਜਿਸ ਪ੍ਰਕਾਰ ਅਮੂਰਤ ਆਤਮਾ ਦੇ ਗੁਣ ਸ਼ਰਾਬ ਪੀਣ ਨਾਲ ਢੱਕੇ ਜਾਂਦੇ ਹਨ, ਉਸੇ ਪ੍ਰਕਾਰ ਆਤਮਾ ਕਰਮ ਦੇ ਕਾਰਨ ਸੰਸਾਰਿਕ ਪਦਾਰਥਾਂ ਵਿੱਚ ਫਸ ਜਾਂਦਾ ਹੈ। ਇੱਕ ਹੋਰ ਉਦਾਹਰਣ ਦਿੱਤਾ ਗਿਆ ਹੈ; ਇਸ ਪ੍ਰਸ਼ਨ ਦੇ ਹੱਲ ਦਾ, ਜਿਵੇਂ ਅੱਡ ਰਹਿਣ ਵਾਲੇ ਮਿੱਟੀ ਦੇ ਬਲਦ ਨੂੰ ਜਾਂ ਸੱਚੇ ਬਲਦ ਨੂੰ ਵੇਖਣ

ਅਤੇ ਜਾਣਨ ਨਾਲ ਬਲਦ ਦਾ ਕੋਈ ਸੰਬੰਧ ਨਹੀਂ ਹੈ। ਫੇਰ ਵੀ ਵਿਸ਼ੇ ਰੂਪ ਵਿੱਚ ਰਹਿਣ ਵਾਲਾ ਬਲਦ ਉਹਨਾਂ ਦਾ ਨਮਿਤ (ਕਾਰਨ) ਹੈ। ਅਜਿਹੇ ਉਪਯੋਗ ਆਰੂੜ (ਆਤਮ ਸਿੱਧੀ ਵਿੱਚ ਸਹਾਇਕ) ਵਰਿਸਵਆਕਾਰ (ਬਲਦ ਦਾ ਆਕਾਰ) ਦਰਸ਼ਨ ਗਿਆਨ ਦੇ ਨਾਲ ਦਾ ਸੰਬੰਧ ਬਲਦ ਦੇ ਨਾਲ ਦੇ ਸੰਬੰਧ ਰੂਪ ਵਿਵਹਾਰ ਦਾ ਸਾਧਕ ਜ਼ਰੂਰ ਹੈ। ਇਸ ਪ੍ਰਕਾਰ ਆਤਮਾ ਰੂਪੀ ਹੋਣ ਕਾਰਨ ਸਪਰਸ਼ ਰਹਿਤ ਹੈ। ਇਸ ਲਈ ਉਸ ਦਾ ਕਰਮ ਪੁਦਗਲਾਂ ਦੇ ਨਾਲ ਸੰਬੰਧ ਨਹੀਂ ਹੈ। ਫੇਰ ਵੀ ਏਕਾਵਗਾਹ (ਇੱਕ ਵਿੱਚ ਡੁੱਬਣ ਵਾਲਾ) ਵਿੱਚ ਰਹਿਣ ਵਾਲੇ ਕਰਮ ਪੁਦਗਲ ਜਿਸ ਦੇ ਨਮਿਤ ਹਨ, ਅਜਿਹੇ ਉਪਯੋਗ ਆਰੂੜ ਰਾਗ ਦਵੇਸ਼ ਆਦਿ ਭਾਵਾਂ ਦੇ ਨਾਲ ਦਾ ਸੰਬੰਧ ਕਰਮ ਪੁਦਗਲਾਂ ਦੇ ਨਾਲ ਬੰਧ ਰੂਪ ਵਿਵਹਾਰ ਦਾ ਸਾਧਕ ਜ਼ਰੂਰ ਹੈ।[27]

ਇਸ ਪ੍ਰਸ਼ਨ ਦਾ ਹੱਲ ਧਵਲਾ ਵਿੱਚ ਇਸ ਪ੍ਰਕਾਰ ਮਿਲਦਾ ਹੈ ਕਿ ਸੰਸਾਰ ਅਵਸਥਾ ਵਿੱਚ ਜੀਵਾਂ ਵਿੱਚ ਅਮੂਰਤਪੁਨਾ ਨਹੀਂ ਪਾਇਆ ਜਾਂਦਾ। ਜੇ ਫੇਰ ਇਹ ਪ੍ਰਸ਼ਨ ਕੀਤਾ ਜਾਵੇ ਕਿ ਉਹ ਅਮੂਰਤ ਨੂੰ ਕਿਸ ਪ੍ਰਕਾਰ ਪ੍ਰਾਪਤ ਹੋ ਸਕਦਾ ਹੈ? ਉੱਤਰ ਵਿੱਚ ਇਹ ਕਿਹਾ ਗਿਆ ਹੈ ਕਿ ਇਹ ਕੋਈ ਦੋਸ਼ ਨਹੀਂ ਹੈ ਕਿਉਂਕਿ ਜੀਵ ਵਿੱਚ ਮੂਰਤ ਦਾ ਕਾਰਨ ਕਰਮ ਹੈ। ਇਸ ਲਈ ਕਰਮ ਦੇ ਅਭਾਵ ਹੋਣ ਤੇ ਉਸ ਤੋਂ ਪੈਦਾ ਹੋਇਆ ਮੂਰਤ ਦਾ ਅਭਾਵ ਵੀ ਹੋ ਜਾਂਦਾ ਹੈ ਅਤੇ ਇਸ ਲਈ ਸਿੱਧ ਜੀਵਾਂ ਦੇ ਅਮੂਰਤਪੁਨੇ ਦੀ ਸਿੱਧੀ ਹੋ ਜਾਂਦੀ ਹੈ।[28]

ਕਰਮ ਮੂਰਤ ਹੈ ਉਸ ਦਾ ਕਿ ਆਧਾਰ ਹੈ? ਕਰਮ ਤੋਂ ਆਨੰਦ, ਦੁੱਖ ਆਦਿ ਉਤਪੰਨ ਹੁੰਦੇ ਹਨ ਇਸ ਲਈ ਉਹ ਮੂਰਤ ਹੈ ਇਸ ਲਈ ਉਸ ਦਾ ਫਲ ਵੀ ਮੂਰਤ ਹੈ ਅਤੇ ਫੇਰ ਕਰਮ ਤਾਂ ਸਾਧਨ ਹੈ ਜਦਕਿ ਪ੍ਰਮੁੱਖ ਕਾਰਨ ਸਾਡੇ ਕੰਮਾਂ ਦਾ ਹੈ ਆਤਮਾ। ਜੇ ਇਹ ਆਤਮਾ ਦੇ ਨਾਲ ਜੁੜਿਆ ਨਹੀਂ ਹੁੰਦਾ ਤਾਂ ਉਸ ਦਾ ਕੋਈ ਫਲ ਨਹੀਂ ਹੁੰਦਾ। ਅਸਲੀਅਤ ਤਾਂ ਇਹ ਹੈ ਕਿ ਆਤਮਾ ਨਾਲ ਜੁੜੇ ਬਿਨ੍ਹਾਂ ਕਰਮ ਕੁੱਝ ਨਹੀਂ ਹੈ। ਇਸ ਲਈ ਕਰਮ ਨੂੰ ਮੂਰਤ ਮੰਨਿਆ ਗਿਆ ਹੈ।

ਹੁਣ ਪ੍ਰਸ਼ਨ ਪੈਦਾ ਹੋ ਸਕਦਾ ਹੈ ਕਿ ਇਨ੍ਹੇ ਸੂਖਮ ਪ੍ਰਮਾਣੂ ਆਤਮਾ ਦੇ ਨਾਲ ਇਹ ਕਿਵੇਂ ਸੰਬੰਧ ਸਥਾਪਤ ਕਰਦਾ ਹੈ। ਉੱਤਰ ਇਹ ਹੈ ਕਿ ਕਰਮ ਕਿਉਂਕਿ ਸੂਖਤਮ ਪੁਦਗਲ ਹੈ। ਇਸ ਲਈ ਆਤਮਾ ਆਪਣੇ ਆਪ ਇਸ ਵੱਲ ਖਿੱਚੀ

ਜਾਂਦੀ ਹੈ। ਆਤਮਾ ਕਰਮ ਨੂੰ ਖਿੱਚ ਦੀ ਚੁੰਬਕੀ ਸ਼ਕਤੀ ਹੈ, ਜਿਵੇਂ ਚੁੰਬਕ ਵਿੱਚ ਲੋਹੇ ਨੂੰ ਖਿੱਚਣ ਦੀ ਸ਼ਕਤੀ ਹੈ, ਜ਼ਮੀਨ ਉੱਪਰ ਘੁੰਮਦੇ ਹੋਏ ਹਰ ਪਦਾਰਥ ਨੂੰ ਖਿੱਚਣ ਦੀ ਸ਼ਕਤੀ ਹੈ। ਕੱਪੜੇ ਵਿੱਚ ਪਾਣੀ ਨੂੰ ਸੁਕਾ ਲੈਣ ਦੀ ਸ਼ਕਤੀ ਹੈ, ਇਸੇ ਤਰ੍ਹਾਂ ਆਤਮਾ ਵਿੱਚ ਕਰਮ ਨੂੰ ਖਿੱਚਣ ਦੀ ਸ਼ਕਤੀ ਹੈ। ਕਰਮ ਜਿਵੇਂ ਹੀ ਉਸ ਵਿੱਚ ਪ੍ਰਵੇਸ਼ ਕਰਦਾ ਹੈ ਆਤਮਾ ਉਸ ਦੇ ਭਿੰਨ ਭਿੰਨ ਪ੍ਰਭਾਵਾਂ ਨੂੰ ਪ੍ਰਗਟ ਕਰਨ ਲੱਗਦਾ ਹੈ।

ਜੈਨ ਧਰਮ ਆਤਮਾ ਤੇ ਕਰਮ ਦੇ ਸੰਬੰਧ ਨੂੰ ਅਨਾਦੀ ਦੱਸਦਾ ਹੈ। ਉਸ ਦਾ ਮੱਤ ਹੈ ਕਿ ਦੋਹੇਂ ਅਵਿਦਿਆ ਅਤੇ ਕਰਮ ਅਨਾਦੀ ਹਨ। ਭਾਵੇਂ ਆਤਮਾ ਕੁਦਰਤੀ ਤੌਰ ਤੇ ਸ਼ੁੱਧ ਹੈ ਪੂਰਨ ਸੁਤੰਤਰ ਹੈ, ਫੇਰ ਵੀ ਕਰਮ ਦੇ ਕਾਰਨ ਸੀਮਤ ਹੋ ਜਾਂਦਾ ਹੈ। ਜਦ ਤੱਕ ਕਰਮ ਤੋਂ ਆਤਮਾ ਮੁਕਤ ਨਹੀਂ ਹੁੰਦਾ ਤੱਦ ਤੱਕ ਹਰ ਪਲ ਉਹ ਨਵੇਂ ਕਰਮ ਗ੍ਰਹਿਣ ਕਰਦਾ ਰਹਿੰਦਾ ਹੈ। ਕਰਮ ਗ੍ਰੰਥ ਵਿੱਚ ਕਿਹਾ ਗਿਆ ਹੈ ਕਿ ਜਿਸ ਪ੍ਰਕਾਰ ਅੱਗ ਲੋਹੇ ਨੂੰ ਇੱਕਠਾ ਕਰ ਦਿੰਦੀ ਹੈ। ਪਾਣੀ ਦੁੱਧ ਨਾਲ ਮਿਲ ਜਾਂਦਾ ਹੈ ਉਸ ਪ੍ਰਕਾਰ ਕਰਮ ਦਾ ਵੀ ਆਤਮਾ ਨਾਲ ਉਸੇ ਤਰ੍ਹਾਂ ਦਾ ਮੇਲ ਹੈ।[29]

ਤੱਤਵਾਰਥ ਸਾਰ ਵਿੱਚ ਕਿਹਾ ਗਿਆ ਹੈ ਕਿ ਸੰਸਾਰੀ ਆਤਮਾ ਅਨਾਦੀ ਕਾਲ ਤੋਂ ਮੂਰਤ ਕਰਮਾ ਰਾਹੀਂ ਢੱਕੀ ਹੋਈ ਹੈ ਤੇ ਕਰਮ ਬੰਧਨ ਰਹਿਣ ਕਾਰਨ ਉਸ ਤੋਂ ਉਸੇ ਤਰ੍ਹਾਂ ਇੱਕਠੀ ਹੋ ਗਈ ਹੈ ਜਿਵੇਂ ਸੋਨਾ ਅਤੇ ਚਾਂਦੀ ਅੱਗ ਵਿੱਚ ਪਿਘਲਾਉਣ ਤੇ ਇੱਕ ਹੋ ਜਾਂਦੇ ਹਨ।[30] ਗਲੇਸ਼ਨਪ ਦੇ ਅਨੁਸਾਰ ਕਰਮ ਅਤੇ ਆਤਮਾ ਜਲ ਅਤੇ ਦੁੱਧ ਜਾਂ ਅੱਗ ਅਤੇ ਆਇਸ਼ ਤੋਂ ਵੀ ਕੀਤੇ ਜ਼ਿਆਦਾ ਡੂੰਘਾਈ ਨਾਲ ਸੰਬੰਧ ਹੋ ਜਾਂਦੇ ਹਨ।[31]

ਪਰ ਇਹ ਆਖਣਾ ਜ਼ਿਆਦਾ ਠੀਕ ਹੋਵੇਗਾ ਕਿ ਕਰਮਾਂ ਦੇ ਪੁਦਗਲ ਸਰਵੱਗ ਆਤਮਾ ਨੂੰ ਉਸੇ ਤਰ੍ਹਾਂ ਢੱਕਦਾ ਹੈ ਜਿਵੇਂ ਬੱਦਲ ਸੂਰਜ ਦੀ ਰੋਸ਼ਨੀ ਨੂੰ ਢੱਕ ਲੈਂਦਾ ਹੈ। ਆਤਮਾ ਵਿੱਚ ਅਭਿੰਨ ਆਤਮ ਪ੍ਰਦੇਸ਼ ਹੁੰਦੇ ਹਨ ਇਸ ਲਈ ਕਰਮ ਆਤਮਾ ਦੇ ਨਾਲ ਦੁੱਧ ਅਤੇ ਪਾਣੀ ਜਾਂ ਅੱਗ ਅਤੇ ਲੋਹੇ ਦੇ ਸਮਾਨ ਨਹੀਂ ਮਿਲਦਾ। ਕਰਮ ਆਤਮਾ ਦੇ ਗੁਣਾਂ ਨੂੰ ਢੱਕ ਲੈਂਦਾ ਹੈ ਜਿਸ ਪ੍ਰਕਾਰ ਬੱਦਲ ਸੂਰਜ ਦੇ ਪ੍ਰਕਾਸ਼ ਨੂੰ ਢੱਕ ਲੈਂਦਾ ਹੈ।

# ਕਰਮਾਂ ਦਾ ਵਰਗੀਕਰਨ

ਸਥੂਲ (ਮੋਟੇ) ਰੂਪ ਵਿੱਚ ਕਰਮ ਦੋ ਪ੍ਰਕਾਰ ਦੇ ਹੁੰਦੇ ਹਨ: ਦ੍ਰਵ ਕਰਮ ਅਤੇ ਭਾਵ ਕਰਮ। ਜੈਨ ਅਚਾਰੀਆ ਨੇ ਇਹਨਾਂ ਦੋਹਾਂ ਵਿੱਚ ਫਰਕ ਕਰਦੇ ਹਨ। ਦ੍ਰਵ ਕਰਮ ਜੀਵ ਦੇ ਨਾਲ ਪੁਦਗਲ ਕਰਮ ਹੈ ਜੋ ਆਤਮਾ ਵਿੱਚ ਪ੍ਰਵੇਸ਼ ਕਰਦਾ ਹੈ। ਰਾਗ ਦਵੇਸ਼ ਆਦਿ ਵਿਕਾਰੀ ਭਾਵਾਂ ਨੂੰ ਭਾਵ ਕਰਮ ਕਹਿੰਦੇ ਹਨ ਦੋਹੇ ਕਰਮ ਕਾਰਜ ਕਾਰਨ ਦੀ ਤਰ੍ਹਾਂ ਜੁੜੇ ਹਨ।

ਪ੍ਰਾਕ੍ਰਿਤੀ ਦੇ ਅਨੁਸਾਰ ਕਰਮ ਬੰਧ ਚਾਰ ਪ੍ਰਕਾਰ ਨਾਲ ਹੁੰਦਾ ਹੈ- ਪ੍ਰਾਕ੍ਰਿਤੀ ਬੰਧ, ਸਥਿਤੀ ਬੰਧ, ਅਨੁਭਾਗ ਬੰਧ ਅਤੇ ਪ੍ਰਦੇਸ਼ ਬੰਧ, ਪ੍ਰਾਕ੍ਰਿਤੀ ਅਤੇ ਪ੍ਰਦੇਸ਼ ਬੰਧ, ਯੋਗ ਨਾਲ ਹੁੰਦਾ ਹੈ ਅਤੇ ਸਥਿਤੀ ਅਤੇ ਅਨੁਭਾਗ ਬੰਧ ਕਸ਼ਾਏ ਕਾਰਨ ਹੁੰਦਾ ਹੈ। ਕਰਮ ਨੂੰ ਅੱਠ ਪ੍ਰਕਾਰ ਨਾਲ ਵਿਭਾਜਿਤ ਕੀਤਾ ਗਿਆ ਹੈ। ਉਹਨਾਂ ਦੇ 37 ਉਪਭੇਦਾਂ ਨੂੰ ਗਿਣਾਇਆ ਗਿਆ ਹੈ।

# ਕਰਮ ਦੀ ਪ੍ਰਕ੍ਰਿਤੀ

ਕਰਮ ਦੇ ਮੁੱਖ ਅੱਠ ਪ੍ਰਕਾਰ ਇਹ ਹਨ:

1. ਗਿਆਨਾਵਰਨੀਆਂ ਕਰਮ
2. ਦਰਸ਼ਨਾਵਰਨੀਆਂ ਕਰਮ
3. ਵੇਦਨੀਆ ਕਰਮ
4. ਮੋਹਨੀਆ ਕਰਮ
5. ਆਯੂਸ਼ ਕਰਮ
6. ਨਾਮ ਕਰਮ
7. ਗੋਤਰ ਕਰਮ
8. ਅੰਤਰਾਏ ਕਰਮ

ਇਹਨਾਂ ਅੱਠ ਕਰਮਾਂ ਵਿੱਚ ਚਾਰ ਕਰਮ ਘਾਤੀ ਕਹੇ ਜਾਂਦੇ ਹਨ। ਗਿਆਨਾਵਰਨੀਆਂ, ਦਰਸ਼ਨਾਂਵਰਨੀਆਂ, ਮੋਹਨੀਆਂ, ਅੰਤਰਾਏ। ਇਹ ਕਰਮ ਆਤਮਾ ਦੇ ਮੂਲ ਗੁਣਾਂ ਦੇ ਵਿਕਾਸ ਵਿੱਚ ਰੁਕਾਵਟ ਬਣਦੇ ਹਨ। ਆਤਮਾ ਨੂੰ ਮਿੱਥਿਆ ਮਾਰਗ ਤੇ ਲੈ ਜਾਂਦੇ ਹਨ ਅਤੇ ਆਤਮਾ ਦੀ ਮੂਲ ਸ਼ਕਤੀ ਨੂੰ ਰੋਕਦੇ ਹਨ। ਕੁੱਝ ਇਹਨਾਂ ਵਿੱਚੋਂ ਸਰਵ ਘਾਤੀ ਹਨ ਅਤੇ ਕੁੱਝ ਦੇਸ਼ ਭਾਤੀ ਹਨ। ਬਾਕੀ ਚਾਰ ਵੇਦਨੀਆਂ, ਨਾਮ, ਗੋਤਰ ਅਤੇ ਆਯੂਸ਼ ਕਰਮ ਅਘਾਤੀ ਕਰਮ ਹਨ। ਇਹ ਕਰਮ ਆਤਮਾ ਦੀ ਮੂਲ ਪ੍ਰਕ੍ਰਿਤੀ ਨੂੰ ਸਪੱਸ਼ਟ ਕਰਨ ਵਿੱਚ ਰੁਕਾਵਟ ਨਹੀਂ ਬਣਦੇ। ਘਾਤੀ ਕਰਮ ਦਾ ਫਲ ਜਾਂ ਪ੍ਰਭਾਵ ਕਠੋਰ ਪੁਰਸ਼ਾਰਥ

ਅਤੇ ਤੱਪ ਨਾਲ ਨਸ਼ਟ ਕੀਤਾ ਜਾ ਸਕਦਾ ਹੈ ਜਦਕਿ ਅਘਾਤੀ ਕਰਮ ਸਰਲਤਾ ਨਾਲ ਨਸ਼ਟ ਹੋ ਜਾਂਦੇ ਹਨ। ਚਾਰ ਘਾਤੀ ਕਰਮ ਦੇ ਨਸ਼ਟ ਹੋ ਜਾਣ ਤੋਂ ਬਾਅਦ ਹੀ ਮਨੁੱਖ ਕੇਵਲੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਪਰ ਪੂਰਨ ਮੁਕਤ ਨਹੀਂ ਹੁੰਦਾ ਕਿਉਂਕਿ ਚਾਰ ਅਘਾਤੀ ਕਰਮ ਬਾਕੀ ਰਹਿ ਜਾਂਦੇ ਹਨ। ਇਸ ਦਾ ਅਰਥ ਇਹ ਹੈ ਕਿ ਜਦੋਂ ਤੱਕ ਅੱਠ ਕਰਮਾਂ ਦਾ ਨਾਸ਼ ਨਾ ਹੋ ਜਾਵੇਗਾ ਤੱਦ ਆਤਮਾ ਪੂਰਨ ਮੁਕਤ ਨਹੀਂ ਮੰਨਿਆਂ ਜਾਵੇਗਾ ਅਤੇ ਸਿੱਧ ਅਵਸਥਾ ਪ੍ਰਾਪਤ ਨਹੀਂ ਕਰ ਸਕੇਗਾ।[32]

ਆਤਮਾ ਆਪਣੀਆਂ ਮੂਲ ਵਿਸ਼ੇਸ਼ਤਾਵਾਂ ਨੂੰ ਸਰਵਘਾਤੀ ਕਰਮਾ ਦੇ ਪ੍ਰਭਾਵਿਤ ਹੋਣ ਤੇ ਵੀ ਨਹੀਂ ਛੱਡਦਾ ਇੱਥੇ ਸੂਰਜ ਅਤੇ ਬੱਦਲਾਂ ਦੀ ਉਦਾਹਰਣ ਉਪਯੋਗੀ ਸਿੱਧ ਹੁੰਦੀ ਹੈ। ਭਾਵੇਂ ਸੂਰਜ ਬੱਦਲਾਂ ਨੂੰ ਢੱਕ ਲੈਂਦਾ ਹੈ ਪਰ ਫੇਰ ਵੀ ਸੂਰਜ ਦਾ ਪ੍ਰਕਾਸ਼ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਸਰਵਘਾਤੀ ਕਰਮਾਂ ਦੇ ਰਹਿਣ ਤੇ ਆਤਮਾ ਦੀ ਮੂਲ ਪ੍ਰਕ੍ਰਿਤੀ ਪੂਰਨ ਰੂਪ ਵਿੱਚ ਰੁਕਾਵਟ ਜਾਂ ਖੁਸ਼ਕ ਨਹੀਂ ਹੁੰਦੀ।[33]

ਕਰਮ ਦੇ ਅੱਠ ਭੇਦ (ਮੂਲ ਪ੍ਰਕ੍ਰਿਤੀ) ਉੱਤਰ ਪ੍ਰਕ੍ਰਿਤੀਆਂ ਵਿੱਚ ਵੰਡੇ ਜਾਂਦੇ ਹਨ। ਫੇਰ ਉਸ ਦਾ ਦੁਬਾਰਾ ਬਟਵਾਰਾ ਹੁੰਦਾ ਹੈ। ਇਸੇ ਤਰ੍ਹਾਂ ਕਰਮ ਦੀ ਇੱਕ ਲੰਬੀ ਸੰਖਿਆ ਹੋ ਜਾਂਦੀ ਹੈ। ਇਥੇ ਅਸੀਂ ਮੁੱਖ ਰੂਪ ਵਿੱਚ ਅੱਠ ਕਰਮਾਂ ਦਾ ਵਰਨਣ ਕਰਦੇ ਹਾਂ।

1. ਗਿਆਨਾਵਰਨੀਆਂ ਕਰਮ-ਇਹ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ: ੳ. ਮੱਤੀ ਗਿਆਨਾਵਰਨੀਆਂ ਕਰਮ-ਗਿਆਨ ਨੂੰ ਵਿਕਸਤ ਨਾ ਹੋਣ ਦੇਣ ਵਾਲਾ ਕਰਮ। ਅ. ਸ਼ਰੂਤ ਗਿਆਨਾਵਰਨੀਆਂ ਕਰਮ-ਜੋ ਸ਼ਰੂਤ ਗਿਆਨ ਨੂੰ ਨਾ ਹੋਣ ਦੇਵ। ੲ. ਅਵੱਧੀ ਗਿਆਨਾਵਰਨੀਆਂ ਕਰਮ-ਜੋ ਇੰਦਰੀਆਂ ਅਤੇ ਮਨ ਦੀ ਸਹਾਇਤਾ ਦੇ ਬਿਨ੍ਹਾਂ ਉਤਪੰਨ ਹੋਣ ਵਾਲੇ ਗਿਆਨ ਨੂੰ ਨਾ ਹੋਣ ਦੇਵੇ। ਸ. ਮਨ ਪਰਿਆਏ ਗਿਆਨਾਵਰਨੀਆਂ ਕਰਮ-ਇੰਦਰੀਆਂ ਅਤੇ ਮਨ ਦੀ ਸਹਾਇਤਾ ਤੋਂ ਬਿਨ੍ਹਾਂ ਸੰਗੀ (ਸੋਚਨ ਦੀ ਸ਼ਕਤੀ ਰੱਖਣ ਵਾਲੇ) ਜੀਵਾਂ ਦੇ ਮਨ ਦੇ ਭਾਵਾਂ ਨੂੰ ਨਾ ਜਾਣਨ ਦੇਣ ਵਾਲਾ। ਹ. ਕੇਵਲ ਗਿਆਨਾਵਰਨੀਆਂ ਕਰਮ-ਸਾਰੇ

ਦ੍ਰਵ ਅਤੇ ਪਦਾਰਥਾਂ ਨੂੰ ਜੋ ਯੁਗਪਤ ਭਾਵ ਤੋਂ ਪ੍ਰਤੱਖ ਜਾਣਨ ਵਾਲੇ ਗਿਆਨ ਨੂੰ ਜੋ ਨਾ ਹੋਣ ਦੇਵੇ।

ਇਸ ਪ੍ਰਕਾਰ ਗਿਆਨਾਵਰਨੀਆਂ ਕਰਮ ਆਤਮਾ ਦੇ ਗਿਆਨ ਦਰਸ਼ਨ ਆਦਿ ਸੁਭਾਵਿਕ ਗੁਣਾਂ ਨੂੰ ਢੱਕ ਲੈਂਦਾ ਹੈ। ਇਹ ਕਰਮ ਸਰਵਘਾਤੀ ਅਤੇ ਦੇਸ਼ਘਾਤੀ ਦੋ ਪ੍ਰਕਾਰ ਦਾ ਹੈ। ਇਸ ਵਿੱਚ ਬੰਧ ਦੇ ਕਾਰਨ ਹਨ - ਗਿਆਨ ਪ੍ਰਤਯਨੀਕਤਾ, ਗਿਆਨ ਨਿੰਹਵ, ਗਿਆਨ ਅੰਤਰਾਏ, ਗਿਆਨ ਪ੍ਰਦਵੇਸ਼, ਗਿਆਨ ਅਸ਼ਾਤਨਾ ਅਤੇ ਗਿਆਨ ਵਿਸੰਵਾਦਨਯੋਗ।

2. ਦਰਸ਼ਨਾਵਰਨੀਆਂ ਕਰਮ: ਪਦਾਰਥ ਦੇ ਆਕਾਰ ਤੋਂ ਇਲਾਵਾ ਅਰਥਾਂ ਦੀ ਵਿਸ਼ੇਸ਼ਤਾ ਨੂੰ ਗ੍ਰਹਿਣ ਕੀਤੇ ਬਿਨ੍ਹਾਂ ਕੇਵਲ ਸਧਾਰਨ ਰੂਪ ਵਿੱਚ ਗ੍ਰਹਿਣ ਕਰਨਾ ਦਰਸ਼ਨ ਹੈ। ਜੋ ਕਰਮ ਅਜਿਹੇ ਦਰਸ਼ਨ ਨੂੰ ਢੱਕ ਲੈਂਦਾ ਹੈ ਉਹ ਦਰਸ਼ਨਾਵਰਨੀਆਂ ਕਰਮ ਹੈ। ਇਸ ਦੇ ਨੌਂ ਭੇਦ ਹਨ:-

i. ਚੱਕਸ਼ੂ ਦਰਸ਼ਨਾਵਰਨੀਆਂ ਕਰਮ -

ii. ਅਚੱਕਸ਼ੂ ਦਰਸ਼ਨਾਵਰਨੀਆਂ ਕਰਮ -

iii. ਅਵੱਧੀ ਦਰਸ਼ਨਾਵਰਨੀਆਂ ਕਰਮ -

iv. ਕੇਵਲ ਦਰਸ਼ਨਾਵਰਨੀਆਂ ਕਰਮ -

v. ਨੀਦਰਾਂ - ਜਿਸ ਨਾਲ ਸੁੱਖਪੂਰਵਕ ਨੀਂਦ ਦੀ ਉਤਪਤੀ ਹੋਵੇ।

vi. ਨੀਦਰਾਂ ਅਨੀਦਰਾਂ - ਜੋ ਅਜਿਹੀ ਨੀਂਦ ਉਤਪੰਨ ਕਰੇ ਕਿ ਸੋਇਆ ਹੋਈਆ ਆਦਮੀ ਮੁਸ਼ਕਲ ਨਾਲ ਜਾਗ ਸਕੇ।

vii. ਪ੍ਰਚਲਾ - ਜਿਸ ਕਰਮ ਤੋਂ ਖੜ੍ਹੇ ਖੜ੍ਹੇ ਜਾਂ ਬੈਠੇ ਬੈਠੇ ਨੀਂਦ ਆ ਜਾਵੇ।

viii. ਅਪ੍ਰਚਲਾ - ਜਿਸ ਕਰਮ ਤੋਂ ਚੱਲਦੇ ਫਿਰਦੇ ਵੀ ਨੀਂਦ ਆ ਜਾਵੇ।

ix. ਸਥਾਨ ਗ੍ਰਿਧੀ - ਜਿਸ ਕਰਮ ਤੋਂ ਦਿਨ ਵਿੱਚ ਸੋਚਿਆ ਕੰਮ ਨੀਂਦ ਵਿੱਚ ਕੀਤਾ ਜਾਵੇ ਅਜਿਹੀ ਸ਼ਕਤੀ ਆਵੇ।

3. ਵੇਦਨੀਆ ਕਰਮ - ਜਿਸ ਕਰਮ ਤੋਂ ਸੁੱਖ ਦੁੱਖ ਵੇਦਨ (ਭੋਗਿਆ ਜਾਵੇ) ਹੋਵੇ। ਇਹ ਦੋ ਪ੍ਰਕਾਰ ਦਾ ਹੈ:- ਸਾਤਾ ਵੇਦਨੀਆਂ (ਸੁੱਖ ਪੂਰਵਕ) ਅਤੇ ਅਸਾਤਾ ਵੇਦਨੀਆਂ (ਦੁੱਖ ਪੂਰਵਕ)। ਇਸ ਕਰਮ ਦੀ ਤੁਲਨਾ ਸ਼ਹਿਦ ਨਾਲ ਲਿਬੜੀ ਤਲਵਾਰ ਦੀ ਧਾਰ ਦੇ ਨਾਲ ਕੀਤੀ ਗਈ ਹੈ। ਜਿਸ ਕਰਮ ਦੇ ਪ੍ਰਗਟ

ਹੋਣ ਤੇ ਸੁੱਖ ਦਾ ਅਨੁਭਵ ਹੋਵੇ ਉਹ ਸਾਤਾ ਵੇਦਨੀਆਂ ਹੈ ਜਿਸ ਕਰਮ ਦੇ ਪ੍ਰਗਟ ਹੋਣ ਤੇ ਦੁੱਖ ਦਾ ਅਨੁਭਵ ਹੋਵੇ ਉਹ ਅਸਾਤਾ ਵੇਦਨੀਆਂ ਹੈ।

4. ਮੋਹਨੀਆਂ ਕਰਮ - ਜੋ ਕਰਮ ਮੂਰਖਤਾ ਉਤਪੰਨ ਕਰੇ। ਇਹ ਕਰਮ ਆਪਣੇ ਤੇ ਪਰਾਏ ਵਿਵੇਕ ਵਿੱਚ ਅਤੇ ਸਵਰੂਪ ਸਿਮਰਨ ਵਿੱਚ ਰੁਕਾਵਟ ਪਹੁੰਚਾਉਂਦਾ ਹੈ। ਇਸ ਕਰਮ ਦੀ ਤੁਲਨਾ ਸ਼ਰਾਬ ਦੇ ਨਾਲ ਕੀਤੀ ਜਾਂਦੀ ਹੈ। ਇਹ ਕਰਮ ਦੋ ਪ੍ਰਕਾਰ ਦਾ ਹੈ। ਦਰਸ਼ਨਾ ਮੋਹਨੀਆਂ - ਜੋ ਸ਼ਰਧਾ, ਸਮਿਅੱਕਤਵ ਆਦਿ ਨਾ ਹੋਣ ਦੇਵੇ ਅਤੇ ਚਰਿਤੱਰ ਮੋਹਨੀਆਂ - ਜੋ ਸ਼ੁੱਧ ਆਚਰਨ ਨਾ ਹੋਣ ਦੇਵੇ।

i. ਦਰਸ਼ਨ ਮੋਹਨੀਆਂ ਕਰਮ ਤਿੰਨ ਪ੍ਰਕਾਰ ਦਾ ਹੈ:

ੳ. ਸਮਿਅੱਕਤਵ ਮੋਹਨੀਆਂ

ਅ. ਮਿਥਿਆਤਵ ਮੋਹਨੀਆਂ

ੲ. ਸਮਿਅੱਕਤਵ ਮਿਥਿਆਤਵ ਮੋਹਨੀਆਂ

ii. ਚਰਿੱਤਰ ਮੋਹਨੀਆਂ ਕਰਮ ਦੋ ਪ੍ਰਕਾਰ ਦਾ ਹੁੰਦਾ ਹੈ:-

ੳ. ਕਸ਼ਾਏ ਮੋਹਨੀਆਂ ਅਤੇ ਅ. ਨੋ ਕਸ਼ਾਏ ਮੋਹਨੀਆਂ।

ਕਸ਼ਾਏ ਮੋਹਨੀਆਂ 16 ਪ੍ਰਕਾਰ ਦਾ ਹੈ ਅਤੇ ਨੋ ਕਸ਼ਾਏ 9 ਪ੍ਰਕਾਰ ਦਾ ਹੈ। ਚਰਿੱਤਰ ਮੋਹਨੀਆਂ ਦੇ ਕੁੱਲ 25 ਭੇਦ ਇਸ ਪ੍ਰਕਾਰ ਹਨ:

1 ਤੋਂ 4: ਅਨੰਤਾਨੂਬੰਧੀ, ਕ੍ਰੋਧ, ਮਾਨ, ਮਾਇਆ, ਲੋਭ।

5 ਤੋਂ 8: ਅਪ੍ਰਤਯਾਖਯਾਨ ਆਵਰਨੀਆਂ, ਕ੍ਰੋਧ, ਮਾਨ, ਮਾਇਆ, ਲੋਭ।

9 ਤੋਂ 12: ਪ੍ਰਤਯਾਖਯਾਨ ਆਵਰਨੀਆਂ, ਕ੍ਰੋਧ, ਮਾਨ, ਮਾਇਆ, ਲੋਭ।

13 ਤੋਂ 16: ਸੰਜਵਲਨ ਕ੍ਰੋਧ, ਮਾਨ, ਮਾਇਆ, ਲੋਭ।

17: ਹਾਸਯ ਮੋਹਨੀਆਂ

18: ਰਤੀ ਮੋਹਨੀਆਂ

19: ਅਰਤੀ ਮੋਹਨੀਆਂ

20: ਭੈ ਮੋਹਨੀਆਂ

21: ਸ਼ੋਕ ਮੋਹਨੀਆਂ

22: ਜੁਗੁਪਸਾ ਮੋਹਨੀਆਂ
23: ਇਸਤਰੀ ਵੇਦ
24: ਪੁਰਸ਼ ਵੇਦ
25: ਨਪੁੰਸਕਵੇਦ

ਮੋਹ ਕਰਮ ਦੇ ਪ੍ਰਗਟ ਹੋਣ ਤੇ ਜੀਵ ਮਿੱਥਿਆ ਦ੍ਰਿਸ਼ਟੀ ਅਤੇ ਚਰਿੱਤਰਹੀਣ ਬਣਦਾ ਹੈ। ਇਹਨਾਂ ਵਿੱਚੋਂ ਪਹਿਲੇ 12 ਕਸ਼ਾਏ ਸਰਵ ਘਾਤੀ ਹਨ। ਮੋਹਨੀਆਂ ਕਰਮ ਦੇ ਅਨੁਭਾਵ ਪੰਜ ਹਨ: ਸਮਿਅੱਕਤਵ, ਮਿੱਥਿਆਤਵ, ਸਮਿਅੱਕਤਵ ਮਿੱਥਿਆਤਵ, ਕਸ਼ਾਏ, ਨੌਂ ਕਸ਼ਾਏ ਵੇਦਨੀਆਂ।

5. ਆਯੂਸ਼ ਕਰਮ: ਭਿੰਨ ਭਿੰਨ ਗਤੀ ਦੇ ਜੀਵਨ ਕਾਲ ਦਾ ਨਿਰਣਾ ਕਰਨ ਵਾਲਾ ਕਰਮ ਆਯੂਸ਼ ਕਰਮ ਅਖਵਾਉਂਦਾ ਹੈ। ਇਸ ਕਰਮ ਦੀ ਤੁਲਨਾ ਜੇਲ ਖਾਨੇ ਨਾਲ ਕੀਤੀ ਜਾਂਦੀ ਹੈ। ਗਤੀ ਦੇ ਪੱਖੋਂ ਆਯੂਸ਼ ਕਰਮ ਚਾਰ ਪ੍ਰਕਾਰ ਦਾ ਹੈ:

ੳ. ਨਰਕਾਯੂਸ਼ ਕਰਮ (ਨਰਕ ਦੀ ਉਮਰ ਦਾ ਕਾਰਨ ਕਰਮ)
ਅ. ਤ੍ਰਿਯੰਚਆਯੂਸ਼ ਕਰਮ (ਪਸ਼ੂ ਯੋਨੀ ਦੇ ਉਮਰ ਦਾ ਕਾਰਨ ਕਰਮ)
ੲ. ਮਨੁੱਸ਼ਆਯੂਸ਼ ਕਰਮ (ਮਨੁੱਖ ਦੀ ਉਮਰ ਦਾ ਕਾਰਨ ਕਰਮ)
ਸ. ਦੇਵਆਯੂਸ਼ ਕਰਮ (ਦੇਵਤਾ ਦੀ ਉਮਰ ਦਾ ਕਾਰਨ ਕਰਮ)

6. ਨਾਮ ਕਰਮ: ਜੋ ਕਰਮ ਜੀਵ ਨੂੰ ਗਤੀ ਪਦਾਰਥਾਂ ਨੂੰ ਅਨੁਭਵ ਕਰਨ ਵਿੱਚ ਰੁਕਾਵਟ ਪੈਦਾ ਕਰੇ ਉਹ ਨਾਮ ਕਰਮ ਹੈ। ਇਸ ਕਰਮ ਦੀ ਤੁਲਨਾ ਚਿੱਤਰਕਾਰ ਨਾਲ ਕੀਤੀ ਜਾਂਦੀ ਹੈ। ਇਹ ਕਰਮ ਦੋ ਪ੍ਰਕਾਰ ਦਾ ਹੈ - ਸ਼ੁਭ ਅਤੇ ਅਸ਼ੁਭ। ਸ਼ੁਭ ਕਰਮ ਦੇ 37 ਭੇਦ ਹਨ ਅਤੇ ਅਸ਼ੁਭ ਦੇ 34 ਭੇਦ ਹਨ। ਨਾਮਕਰਮ ਦੀ ਉੱਤਰ ਪ੍ਰਾਕ੍ਰਿਤੀਆਂ ਅਤੇ ਉਪ ਭੇਦ ਦਾ ਪੁੰਨ ਪਾਪ ਰੂਪ ਵਰਗੀਕਰਨ ਇਸ ਪ੍ਰਕਾਰ ਹੈ:

1 ਤੋਂ 4: ਗਤੀਨਾਮ ਕਰਮ ਚਾਰ - ਮਨੁੱਖ - ਦੇਵਗਤੀ (ਪੁੰਨ ਰੂਪ) ਅਤੇ ਨਰਕ - ਤ੍ਰਿਯੰਚਗਤੀ (ਪਾਪ ਰੂਪ)

5 ਤੋਂ 9: ਜਾਤੀ ਨਾਮ ਪੰਜ - ਇੱਕ ਇੰਦਰੀਆਂ, ਦੋ ਇੰਦਰੀਆਂ, ਤਿੰਨ ਇੰਦਰੀਆਂ, ਚਾਰ ਇੰਦਰੀਆਂ (ਪਾਪ ਰੂਪ) ਅਤੇ ਪੰਜ ਇੰਦਰੀਆਂ (ਪੁੰਨ ਰੂਪ)

10 ਤੋਂ 14: ਸਰੀਰ ਨਾਮ ਕਰਮ ਪੰਜ - ਔਦਾਰਿਕ - ਵੈਕ੍ਰਿਅਕ, ਆਹਾਰਕ - ਤੇਜਸ਼ - ਕਾਰਮਨ (ਪੁੰਨ ਰੂਪ)

15 ਤੋਂ 17: ਸਰੀਰ ਅੰਗ-ਉਪੰਗ ਨਾਮ ਕਰਮ ਤਿੰਨ - ਔਦਾਰਿਕ - ਵੈਕ੍ਰਿਅਕ - ਆਹਾਰਿਕ (ਪੁੰਨ ਰੂਪ)

18 ਤੋਂ 23: ਸੰਹਨਨ ਨਾਮਕਰਮ ਛੇ - ਵਜ਼ਰ ਰਿਸ਼ਵਨਾਰਾਂਚ ਸੰਹਨਨ (ਪੁੰਨ ਰੂਪ), ਰਿਸ਼ਭਨਾਰਾਚ - ਨਾਰਾਚ-ਅਰਧ ਨਾਰਾਚ- ਕੀਲਿਕਾ-ਸੇਵਾਰਤ ਸੰਹਨਨ (ਪਾਪ ਰੂਪ)

24 ਤੋਂ 29: ਸੰਸਥਾਨ ਨਾਮਕਰਮ ਛੇ - ਸਮਚਤੁਰ ਸੰਸਥਾਨ (ਪੁੰਨ ਰੂਪ), ਨਯਗ੍ਰੋਵ ਪਰੀਮੰਡਲ-ਸਾਦਿਸੰਸਥਾਨ-ਵਾਮਨ ਸੰਸਥਾਨ-ਕੁਬਜ ਸੰਸਥਾਨ (ਪਾਪ ਰੂਪ)

30 ਤੋਂ 31: ਵਰਨ ਨਾਮ ਦੋ - ਸ਼ੁਭ ਵਰਨ ਅਸ਼ੁਭ ਵਰਨ।

32 ਤੋਂ 33: ਗੰਧ ਨਾਮ ਦੋ - ਸੁਰਭੀ ਗੰਧ (ਚੰਗੀ) ਅਤੇ ਦੁਰਭੀ ਗੰਧ (ਦੁਰਗੰਧ)

34 ਤੋਂ 35: ਰਸ ਨਾਮ ਦੋ - ਸ਼ੁਭ ਨਾਮ ਅਸ਼ੁਭ ਨਾਮ।

36 ਤੋਂ 37: ਸਪਰਸ਼ ਨਾਮ ਦੋ - ਸ਼ੁਭ ਅਤੇ ਅਸ਼ੁਭ।

38: ਅਗੁਰੂ ਲਘੁ ਨਾਮ ਇੱਕ - ਪੁੰਨ ਰੂਪ।

39: ਉਪਘਾਤ ਨਾਮ ਇੱਕ - ਪਾਪ ਰੂਪ।

40: ਪਰਾਘਾਤ ਨਾਮ ਇੱਕ - ਪੁੰਨ ਰੂਪ।

41 ਤੋਂ 44: ਆਨੁਪੂਰਵੀ ਨਾਮ ਚਾਰ - ਨਰਕ - ਤ੍ਰਿਯੰਚ (ਪਾਪ ਰੂਪ), ਮਨੁੱਖ - ਦੇਵਾਨੁਪੂਰਵੀ ਨਾਮ (ਪੁੰਨ ਰੂਪ)

45: ਉਛਵਾਸ ਨਾਮ ਇੱਕ - ਪੁੰਨ ਰੂਪ।

46: ਆਤਪ ਨਾਮ ਇੱਕ - ਪੁੰਨ ਰੂਪ।

47: ਉਦਯੋਤ ਨਾਮ ਇੱਕ - ਪੁੰਨ ਰੂਪ।

48 ਤੋਂ 49: ਵਿਹਾਯੋ ਗਤੀ ਨਾਮ ਦੋ - ਪ੍ਰਸ਼ਸਤ ਵਿਹਾਯੋ ਗਤੀ ਅਤੇ ਅਪ੍ਰਸ਼ਸਤ ਵਿਹਾਯੋ ਗਤੀ ਨਾਮ।

50: ਤਰਸ ਨਾਮ ਇੱਕ - ਪੁੰਨ ਰੂਪ।

51: ਸਥਾਵਰ ਨਾਮ ਇੱਕ – ਪਾਪ ਰੂਪ।
52: ਸੂਖਮ ਨਾਮ ਇੱਕ – ਪਾਪ ਰੂਪ।
53: ਬਾਦਰ ਨਾਮ ਇੱਕ – ਪੁੰਨ ਰੂਪ।
54: ਪਰਿਆਪਤ ਨਾਮ ਇੱਕ – ਪੁੰਨ ਰੂਪ।
55: ਅਪਰਿਆਪਤ ਨਾਮ ਇੱਕ – ਪਾਪ ਰੂਪ।
56: ਸਧਾਰਨ ਸਰੀਰ ਨਾਮ ਇੱਕ – ਪਾਪ ਰੂਪ।
57: ਪ੍ਰਤੇਕ ਸਰੀਰ ਨਾਮ ਇੱਕ – ਪੁੰਨ ਰੂਪ।
58: ਸਥਿਰ ਨਾਮ ਇੱਕ – ਪੁੰਨ ਰੂਪ।
59: ਅਸਥਿਰ ਨਾਮ ਇੱਕ – ਪਾਪ ਰੂਪ।
60: ਸ਼ੁਭ ਨਾਮ ਇੱਕ – ਪੁੰਨ ਰੂਪ।
61: ਅਸ਼ੁਭ ਨਾਮ ਇੱਕ – ਪਾਪ ਰੂਪ।
62: ਸੁਭੱਗ ਨਾਮ ਇੱਕ – ਪੁੰਨ ਰੂਪ।
63: ਅਸੁਭੱਗ ਨਾਮ ਇੱਕ – ਪਾਪ ਰੂਪ।
64: ਸੁਸਵਰ ਨਾਮ ਇੱਕ – ਪੁੰਨ ਰੂਪ।
65: ਦੁਸਵਰ ਨਾਮ ਇੱਕ – ਪਾਪ ਰੂਪ।
66: ਆਦੇਯ ਨਾਮ ਇੱਕ – ਪੁੰਨ ਰੂਪ।
67: ਅਨਾਦੇਯ ਨਾਮ ਇੱਕ – ਪਾਪ ਰੂਪ।
68: ਯੱਸ਼ਕੀਰਤੀ ਨਾਮ ਇੱਕ – ਪੁੰਨ ਰੂਪ।
69: ਅਯੱਸ਼ਕੀਰਤੀ ਨਾਮ ਇੱਕ – ਪਾਪ ਰੂਪ।
70: ਨਿਰਵਾਨ ਨਾਮ ਇੱਕ – ਪੁੰਨ ਰੂਪ।
71: ਤੀਰਥੰਕਰ ਨਾਮ ਇੱਕ – ਪੁੰਨ ਰੂਪ।

ਇਸ ਪ੍ਰਕਾਰ ਉਤਰ ਪ੍ਰਕ੍ਰਿਤੀਆਂ ਦੇ ਮਿਲਣ ਨਾਲ ਨਾਮ ਕਰਮ ਦੇ ਕੁੱਲ ਭੇਦ 65 (71 – 6) + 5 + 5 + 5 + 5 + 5 = 93 ਹੁੰਦੇ ਹਨ। ਅਸ਼ੁਭ ਨਾਮ ਕਰਮ ਦੇ ਅਨਿਸ਼ਟ ਗਤੀ, ਸਥਿਤੀ ਆਦਿ ਅਨੁਭਾਵ ਹੁੰਦੇ ਹਨ। ਸ਼ੁਭ ਨਾਮ ਕਰਮ ਦੇ ਅਨੁਭਾਵ ਇਸ ਤੋਂ ਉੱਲਟ ਹੁੰਦੇ ਹਨ। ਅਸ਼ੁਭ ਨਾਮ ਕਰਮ ਦੇ ਬੰਧ ਹੇਤੁ ਯੋਗਵਕਰਤਾ (ਮਨ, ਬਚਨ, ਕਾਇਆ ਦੇ ਮੇਲ ਨਾਲ ਪੈਦਾ ਹੋਣ ਵਾਲੇ

ਬੁਰੇ ਵਿਚਾਰ) ਅਤੇ ਵਿਸੰਵਾਦਨ (ਅਪ੍ਰਮਾਣਿਕਤਾ) ਹੈ ਅਤੇ ਸ਼ੁਭ ਨਾਮ ਕਰਮ ਦੇ ਬੰਧ ਹੇਤੁ ਕਾਏ ਭਾਵ ਆਦਿ ਦੀ ਰਿਜੂਤਾ ਅਤੇ ਗੋਰਵਤਾ ਹੈ।

7. ਗੋਤਰ ਕਰਮ: ਉੱਚੇ ਅਤੇ ਨੀਵੇਂ ਕੁਲਾਂ ਆਦਿ ਵਿੱਚ ਉਤਪੰਨ ਕਰਨ ਵਾਲੇ ਕਰਮ ਨੂੰ ਗੋਤਰ ਕਰਮ ਆਖਦੇ ਹਨ ਇਸ ਦੀ ਤੁਲਨਾ ਘੁਮਾਰ ਨਾਲ ਕੀਤੀ ਗਈ ਹੈ। ਇਸਦੇ ਦੋ ਭੇਦ ਹਨ - ਉੱਚ ਗੋਤਰ ਕਰਮ ਅਤੇ ਨੀਚ ਗੋਤਰ ਕਰਮ।

8. ਅੰਤਰਾਏ ਕਰਮ: ਜੋ ਕਰਮ ਕ੍ਰਿਆ, ਲਬਧੀ, ਭੋਗ ਅਤੇ ਬਲ ਪੈਦਾ ਕਰਨ ਵਿੱਚ ਰੁਕਾਵਟ ਪੈਦਾ ਕਰੇ ਉਸ ਨੂੰ ਅੰਤਰਾਏ ਕਰਮ ਆਖਦੇ ਹਨ। ਇਸ ਦੀ ਤੁਲਨਾ ਰਾਜੇ ਦੇ ਭੰਡਾਰੀ ਨਾਲ ਕੀਤੀ ਜਾਂਦੀ ਹੈ। ਇਸ ਕਰਮ ਦੀਆਂ ਪੰਜ ਪ੍ਰਕ੍ਰਿਤੀਆਂ ਹਨ: ਦਾਨ, ਲਾਭ, ਭੋਗ, ਉਪਭੋਗ ਅਤੇ ਵੀਰਯ ਅੰਤਰਾਏ ਕਰਮ। ਉੱਤਰ ਪ੍ਰਕ੍ਰਿਤੀ ਦੇ 148 ਭੇਦ ਇਸ ਪ੍ਰਕਾਰ ਹਨ: ਅੱਠ ਮੂਲ ਪ੍ਰਕ੍ਰਿਤੀਆਂ ਦੇ 5+ 9 + 2 + 28 + 4 + 42 + 2 + 5 = 148 ਭੇਦ ਹਨ। ਉਤਰੋਤਰ ਭੇਦਾਂ ਦੇ ਪੱਖੋਂ ਕਰਮ ਅਸੰਖਿਆਤ ਲੋਕ ਪ੍ਰਮਾਣ ਵਿੱਚ ਵੀ ਮੰਨਿਆ ਗਿਆ ਹੈ। ਇਸ ਪ੍ਰਾਕ੍ਰਿਤੀ ਦੇ ਆਦਿ, ਅਨਾਦਿ, ਧਰੁਵ, ਅਧਰੁਵ, ਪੁੰਨ, ਪਾਪ, ਅੰਤਰ, ਨਿਰੰਤਰ, ਪਰਿਣਾਮ, ਪਰਭਵਿਕ, ਸਪ੍ਰਤਿਪਕਸ਼, ਅਪ੍ਰਤਿਪਕਸ਼ ਆਦਿ ਪ੍ਰਕਾਰ ਵੀ ਹੁੰਦੇ ਹਨ।

## ਕਰਮ ਦਾ ਸਥਿਤੀ ਕਾਲ

ਬੰਧ ਕਾਲ ਤੋਂ ਲੈਕੇ ਫਲ ਦੇ ਕੇ ਦੂਰ ਹੋ ਜਾਣ ਤੱਕ ਦੇ ਸਮੇਂ ਨੂੰ ਸਥਿਤੀ ਆਖਦੇ ਹਨ। ਘੱਟ ਤੋਂ ਘੱਟ ਸਥਿਤੀ ਜੱਘਣਿਆ ਅਤੇ ਜ਼ਿਆਦਾ ਤੋਂ ਜ਼ਿਆਦਾ ਸਥਿਤੀ ਉਤਕ੍ਰਸ਼ਟ ਅਖਵਾਉਂਦੀ ਹੈ। ਇੱਕ ਸਥਿਤੀ ਅੰਤਰਮਹੂਰਤ ਦੀ ਵੀ ਹੁੰਦੀ ਹੈ। ਕਰਮਾਂ ਦੀ ਪ੍ਰਵਲਤਾ ਦੇ ਅਨੁਸਾਰ ਉਸ ਦੀ ਸਥਿਤੀ ਕਾਲ ਵਿੱਚ ਫਰ ਰਹਿੰਦਾ ਹੈ। ਭਿੰਨ ਭਿੰਨ ਕਰਮਾਂ ਦੀਆਂ ਸਥਿਤੀਆਂ ਇਸ ਪ੍ਰਕਾਰ ਹਨ[34]:

| ਖਰਮ | | ਜੱਘਣਿਆ (ਘੱਟ ਤੋਂ ਘੱਟ ਸਥਿਤੀ) | | ਉਤਕ੍ਰਸ਼ਟ (ਜ਼ਿਆਦਾ ਤੋਂ ਜ਼ਿਆਦਾ) ਸਥਿਤੀ |
|---|---|---|---|---|
| 1. ਗਿਆਨਾਵਰਨੀਆਂ | | ਅੰਤਰ ਮਹੂਰਤ | | 30 ਕੋਟਾਕੋਟੀ ਸਾਗਰੋਪਮ |

| | | | | |
|---|---|---|---|---|
| 2. ਦਰਸ਼ਨਾਵਰਨੀਆਂ | | " | | " |
| 3. ਵੇਦਨੀਆਂ | | – | | – |
| 4. ਮੋਹਨੀਆਂ<br>ੳ. ਦਰਸ਼ਨਾਂ ਮੋਹਨੀਆਂ<br>ਅ. ਚਰਿੱਤਰ ਮੋਹਨੀਆਂ | | –<br>ਅੰਤਰ ਮਹੂਰਤ<br>ਅੰਤਰ ਮਹੂਰਤ | | –<br>70 ਕੋਟਾਕੋਟੀ ਸਾਗਰੋਪਮ<br>40 ਕੋਟਾਕੋਟੀ ਸਾਗਰੋਪਮ |
| 5. ਆਯੂਸ਼ | | ਅੰਤਰ ਮਹੂਰਤ | | 33 ਕੋਟਾਕੋਟੀ ਸਾਗਰੋਪਮ |
| 6. ਨਾਮ | | 8 ਮਹੂਰਤ | | 20 ਕੋਟਾਕੋਟੀ ਸਾਗਰੋਪਮ |
| 7. ਗੋਤਰ | | 8 ਮਹੂਰਤ | | 20 ਕੋਟਾਕੋਟੀ ਸਾਗਰੋਪਮ |
| 8. ਅੰਤਰਾਏ | | ਅੰਤਰ ਮਹੂਰਤ | | 30 ਕੋਟਾਕੋਟੀ ਸਾਗਰੋਪਮ |

## ਕਰਮ ਨਿਸ਼ੇਕ ਕਾਲ

ਕਰਮ ਬੰਧ ਹੋਣ ਤੋਂ ਬਾਅਦ ਕਰਮ ਦਾ ਵਿਸ਼ਾਕ ਹੁੰਦਾ ਹੈ ਅਤੇ ਫੇਰ ਉਹ ਉਦੈ (ਪ੍ਰਗਟ ਹੋਣ) ਤੇ ਫਲ ਹੁੰਦਾ ਹੈ। ਵਿਪਾਕ ਕਾਲ ਵਿੱਚ ਕਰਮ ਫਲ ਨਹੀਂ ਦਿੰਦਾ, ਉਸ ਕਾਲ ਦੇ ਬਾਅਦ ਕਰਮ ਉਦੈ ਵਿੱਚ ਆਉਂਦਾ ਹੈ ਅਤੇ ਫਲ ਦਾ ਅਨੁਭਵ ਕਰਵਾਉਣ ਲੱਗਦਾ ਹੈ। ਫਲ ਅਨੁਭਵ ਦੇ ਕਾਲ ਨੂੰ ਕਰਮ ਨਿਸ਼ੇਕ ਕਾਲ ਆਖਦੇ ਹਨ। ਇੱਥੇ ਕਰਮਾਂ ਦੀਆਂ ਜੋ ਸਥਿਤੀਆਂ ਦੱਸੀਆਂ ਗਈਆਂ ਹਨ ਉਹ ਦੋਹੇਂ ਕਾਲ ਨੂੰ ਮਿਲਾ ਕੇ ਆਖੀਆਂ ਗਈਆਂ ਹਨ। ਅਬਾਧਾ ਕਾਲ ਨੂੰ ਜਾਣਨ ਦਾ ਤਰੀਕਾ ਇਹ ਹੈ ਕਿ ਜਿਸ ਕਰਮ ਦੀ ਜਿਨ੍ਹੇ ਸਾਗਰੋਪਮ ਦੀ ਸਥਿਤੀ ਹੁੰਦੀ ਹੈ ਉਨ੍ਹੇ ਸੋ ਸਾਲ ਅਬਾਧਾ ਕਾਲ ਹੁੰਦਾ ਹੈ। ਉਦਾਹਰਣ ਵਜੋਂ ਗਿਆਨਾਵਰਨੀਆਂ ਕਰਮ ਦੀ ਸਥਿਤੀ 30 ਕੋਟਾਕੋਟੀ ਸਾਗਰੋਪਮ ਹੈ, ਉਸ ਦਾ ਅਬਾਧਾ ਕਾਲ 3000 ਸਾਲ ਹੈ। ਇਨ੍ਹੇ ਸਾਲਾਂ ਤੱਕ ਉਹ ਸੱਤਾ ਰੂਪ ਵਿੱਚ ਰਹਿੰਦਾ ਹੈ ਪਰ ਫਲ ਨਹੀਂ ਦਿੰਦਾ, ਇਹ ਵਿਸ਼ਾਕ ਕਾਲ ਹੈ। ਭਗਵਤੀ ਸੂਤਰ[35] ਵਿੱਚ ਅਬਾਧਾ ਅਤੇ ਨਿਸ਼ੇਕ ਕਾਲ ਦਾ ਵਰਣਨ ਇਸ ਪ੍ਰਕਾਰ ਹੈ:

| ਖਰਮ | | ਅਬਾਧਾ ਕਾਲ | | ਵਿਸ਼ੇਕ ਕਾਲ |
|---|---|---|---|---|
| 1. ਗਿਆਨਾਵਰਨੀਆਂ | | 3000 ਸਾਲ | | 30 ਕੋਟਾਕੋਟੀ ਸਾਗਰੋਪਮ ਘੱਟ 3000 ਸਾਲ |
| 2. ਦਰਸ਼ਨਾਵਰਨੀਆਂ | | – | | – |
| 3. ਵੇਦਨੀਆਂ | | – | | – |

| | | | | |
|---|---|---|---|---|
| 4. ਮੋਹਨੀਆਂ | | 7000 ਸਾਲ | | 70 ਕੋਟਾਕੋਟੀ ਸਾਗਰੋਪਮ ਘੱਟ 7000 ਸਾਲ |
| 5. ਆਯੂਸ਼ | | ਪੂਰਵ ਕੋਟੀਤ੍ਰਿਭਾਗ | | ਪੂਰਵ ਕੋਟੀਤ੍ਰਿਭਾਗ ਉਪਰਾਂਕ 33 ਸਾਗਰੋਪਮ ਘੱਟ ਪੂਰਵ ਕੋਟੀਤ੍ਰਿਭਾਗ |
| 6. ਨਾਮ | | 2000 ਸਾਲ | | 20 ਸਾਗਰੋਪਮ ਘੱਟ 2000 ਸਾਲ |
| 7. ਗੋਤਰ | | 2000 ਸਾਲ | | 20 ਸਾਗਰੋਪਮ ਘੱਟ 2000 ਸਾਲ |
| 8. ਅੰਤਰਾਏ | | 3000 ਸਾਲ | | 30 ਕੋਟਾਕੋਟੀ ਸਾਗਰੋਪਮ ਘੱਟ 3000 ਸਾਲ |

## ਕਰਮ ਪ੍ਰਦੇਸ਼

ਪ੍ਰਦੇਸ਼ ਦਾ ਅਰਥ ਪ੍ਰਮਾਣੂ ਹੈ। ਅੱਠ ਕਰਮਾ ਦੇ ਪੁਦਗਲ ਪ੍ਰਦੇਸ਼ ਅਨੰਤ ਹੁੰਦੇ ਹਨ। ਇਹਨਾਂ ਪ੍ਰਦੇਸ਼ਾਂ ਦੀ ਸੰਖਿਆ ਸੰਸਾਰ ਦੇ ਅਨੁਭਵ ਜੀਵਾਂ ਤੋਂ ਅਨੰਤ ਗੁਣਾਂ ਅਤੇ ਅਨੰਤ ਸਿਧਾਂ ਦੇ ਅਨੰਤਵੇਂ ਭਾਗ ਜਿੰਨ੍ਹੀ ਹੁੰਦੀ ਹੈ।[36] ਕਰਮ ਪ੍ਰਾਕ੍ਰਿਤੀਆਂ ਦੇ ਕਾਰਨ ਭੂਤ ਪ੍ਰਤੀ ਸਮੇਂ ਯੋਗਵਿਸ਼ੇਸ਼ ਦੇ ਸੂਖਮ, ਇੱਕ ਖੇਤਰ ਅਵਗਾਹੀ ਅਤੇ ਸਥਿਤੀ ਅਨੰਤਾਂ ਅਨੰਤ ਪੁਦਗਲ ਪ੍ਰਮਾਣੂ ਸਭ ਆਤਮ ਪ੍ਰਦੇਸ਼ਾ ਵਿੱਚ ਹੁੰਦੀ ਹੈ।[37]

ਉਤਕ੍ਰਿਸ਼ਟਯੋਗ ਤੋਂ ਉਤਕ੍ਰਿਸ਼ਟ ਬੰਧ ਅਤੇ ਜੱਘਨਿਆ ਯੋਗ ਤੋਂ ਜੱਘਨਿਆ ਪ੍ਰਦੇਸ਼ ਬੰਧ ਹੁੰਦਾ ਹੈ। ਆਤਮਾ ਦਾ ਹਰ ਭਾਗ ਯੋਗ ਅਤੇ ਕਸ਼ਾਏ ਦੇ ਕਾਰਮਿਕ ਪ੍ਰਮਾਣੂਆਂ ਨੂੰ ਖਿੱਚਦਾ ਹੈ ਅਤੇ ਇਸ ਪ੍ਰਕਾਰ ਨਾਲ ਅੱਠ ਕਰਮਾਂ ਦਾ ਬੰਧ ਹੁੰਦਾ ਹੈ। ਇਹਨਾਂ ਅੱਠ ਕਰਮਾ ਦਾ ਉਤਰੋਤਰ ਜ਼ਿਆਦਾ ਪ੍ਰਦੇਸ਼ ਬੰਧ ਘੱਟ ਤੋਂ ਜ਼ਿਆਦਾ ਵੱਲ ਅਤੇ ਸਿਲਸਿਲੇਵਾਰ ਇਸ ਪ੍ਰਕਾਰ ਹੁੰਦਾ ਹੈ - ਆਯੂਸ਼ ਕਰਮ- ਨਾਮ- ਗੋਤਰਕਰਮ - ਗਿਆਨਾਵਰਨੀਆਂ ਕਰਮ - ਦਰਸ਼ਨਾਵਰਨੀਆਂ - ਅੰਤਰਾਏ ਕਰਮ, ਮੋਹਨੀਆਂ ਕਰਮ ਅਤੇ ਵੇਦਨੀਆਂ ਕਰਮ।[38]

## ਕਰਮ ਦੀਆਂ ਚਾਰ ਅਵਸਥਾਵਾਂ

ਕਰਮ ਦੀਆਂ ਚਾਰ ਅਵਸਥਾਵਾਂ ਹਨ - ਬੰਧ, ਉਦੈ, ਉਦੀਰਨਾ ਅਤੇ ਸੱਤਾ।[39] ਕਰਮ ਪ੍ਰਦੇਸ਼ਾਂ ਦਾ ਆਤਮਾ ਪ੍ਰਦੇਸ਼ਾਂ ਵਿੱਚ ਇੱਕ ਖੇਤਰ ਅਵਗਾਹ ਹੋ

ਜਾਣਾ ਬੰਧ ਹੈ। ਮਿੱਥਿਆਤਵ ਆਦਿ ਦੇ ਕਾਰਨ ਇਹ ਕਰਮ ਆਤਮਾ ਵਿੱਚ ਪਾਣੀ ਅਤੇ ਦੁੱਧ ਦੇ ਸਮਾਨ ਮਿਲ ਜਾਂਦੇ ਹਨ।[40] ਬੰਧੇ ਹੋਏ ਪਹਿਲੇ ਅਤੇ ਵਰਤਮਾਨ ਕਾਲ ਦੇ ਕਰਮ ਪੁਦਗਲ ਵਿਪਾਕ ਪ੍ਰਾਪਤ ਹੋਣ ਤੱਦ ਫਲ ਦੇਣ ਵਿੱਚ ਸਮਰਥ ਹੋ ਜਾਂਦੇ ਹਨ। ਤੱਦ ਉਹਨਾਂ ਦੇ ਨਿਸ਼ੇਕ ਪ੍ਰਗਟ ਹੋਣ ਲੱਗ ਜਾਂਦੇ ਹਨ ਇਹੋ ਉਦੈ ਹੈ। ਕਰਮਾਂ ਦੇ ਫਲ ਭੋਗਣ ਦੇ ਕਾਲ ਨੂੰ ਉਦੈ ਆਖਦੇ ਹਨ ਅਤੇ ਅਪਕਵ (ਨਾ ਪੱਕੇ) ਕਰਮਾਂ ਦੇ ਪਾਚਨ ਨੂੰ ਉਦੀਰਨਾ ਆਖਦੇ ਹਨ। ਉਦੀਰਨਾ ਉਦੈਅਵਲਿਕਾ ਦੇ ਵਹੀਭੂਤ ਕਰਮ ਪੁਦਗਲਾਂ ਦੀ ਹੀ ਹੁੰਦੀ ਹੈ। ਉਦੈ ਅਵਲਿਕਾ ਵਿੱਚ ਪ੍ਰਵੇਸ਼ ਕਰਮ ਪੁਦਗਲਾਂ ਦੀ ਉਦੀਰਨਾ ਨਹੀਂ ਹੁੰਦੀ। ਉਦੀਰਨਾ ਅਣੂਦੀਰਨ ਕਰਮਾਂ ਦੀ ਹੀ ਹੁੰਦੀ ਹੈ। ਅਨੁਦਿਤ ਕਰਮਾਂ ਦੀ ਉਦੀਰਨਾ ਤਪ ਦੇ ਰਾਹੀਂ ਸੰਭਵ ਹੈ। ਹੋਂਦ ਨੂੰ ਸੱਤਾ ਆਖਦੇ ਹਨ, ਬਿਨ੍ਹਾਂ ਪਰਿਣਾਮ ਦਿੱਤੇ ਕਰਮ ਜਦ ਤੱਕ ਆਤਮਾ ਦੇ ਨਾਲ ਹੋਂਦ ਵਿੱਚ ਰਹਿੰਦੇ ਹਨ ਤੱਦ ਤੱਕ ਉਹਨਾਂ ਦੀ ਸੱਤਾ ਮੰਨੀ ਜਾਂਦੀ ਹੈ।

## ਕਰਮ ਦੀ ਤਕਨੀਕੀ ਦ੍ਰਿਸ਼ਟੀ

ਆਤਮਾ ਅਤੇ ਕਰਮ ਦੇ ਵਿਚਕਾਰ ਡੂੰਘਾ ਸੰਬੰਧ ਹੈ। ਨਿਰਵਾਨ ਪ੍ਰਾਪਤੀ ਤੋਂ ਪਹਿਲਾਂ ਇਹ ਸੰਬੰਧ ਨਸ਼ਟ ਕਰ ਦੇਣਾ ਜ਼ਰੂਰੀ ਹੁੰਦਾ ਹੈ। ਆਤਮਾ ਦੀਆਂ ਭਿੰਨ ਭਿੰਨ ਅਵਸਥਾਵਾਂ ਅਤੇ ਉਸ ਦੇ ਭਾਵਾਂ ਦਾ ਕਰਮਾਂ ਨਾਲ ਸੰਬੰਧ ਹੈ। ਯੋਗ ਦੇ ਕਾਰਨ ਕਰਮ ਬੰਧ ਹੁੰਦਾ ਹੈ। ਆਤਮਾ ਦਾ ਯੋਗ ਉਸ ਦੀ ਸ਼ਕਤੀ ਨੂੰ ਦੱਸਦਾ ਹੈ। ਇੱਥੇ ਯੋਗ ਸ਼ਬਦ ਦਾ ਪ੍ਰਯੋਗ ਪਰੀਭਾਸਕ ਅਰਥ ਵਿੱਚ ਹੋਇਆ ਹੈ। ਪੰਜ ਸੰਗ੍ਰਿਹ ਦੇ ਅਨੁਸਾਰ ਮਨ, ਵਚਨ, ਅਤੇ ਕਾਇਆ ਸਮੇਤ ਜੀਵ ਦਾ ਜੋ ਦੀਰਗ ਪਰਿਣਾਮ ਜਾਂ ਪ੍ਰਦੇਸ਼ ਪਰੀਸਪੰਦ (ਹਿਲਣਾ ਚੱਲਣਾ) ਰੂਪ ਪ੍ਰਨਿਯੋਗ (ਵਰਤੋਂ) ਹੁੰਦਾ ਹੈ ਉਸ ਨੂੰ ਯੋਗ ਆਖਦੇ ਹਨ।[41]

ਮਾਨਸਿਕ, ਵਾਚਿਕ ਅਤੇ ਕਾਇਕ ਪ੍ਰਵਿਰਤੀ ਨੂੰ ਯੋਗ ਕਿਹਾ ਜਾਂਦਾ ਹੈ। ਮਿਥਿਆਤਵ, ਅਵਿਰਤਿ, ਪ੍ਰਮਾਦ ਅਤੇ ਕਸ਼ਾਏ ਆਸ਼ਰਵ ਪ੍ਰਵਿਰਤੀ ਰੂਪ ਨਹੀਂ ਭਾਵ ਰੂਪ ਹੈ। ਯੋਗ ਪ੍ਰਵਿਰਤੀ ਰੂਪ ਹੈ, ਯੋਗ ਤੋਂ ਆਤਮਾ ਪ੍ਰਦੇਸ਼ਾਂ ਵਿੱਚ ਸੰਪਨਦ ਹੁੰਦਾ ਹੈ। ਮਿੱਥਿਆਤਵ ਵਾਦੀ ਵਿੱਚ ਅਜਿਹੀ ਗੱਲ ਨਹੀਂ ਇਹ ਯੋਗ ਕ੍ਰਿਆਵਾਂ ਸ਼ੁਭ ਅਸ਼ੁਭ ਹੁੰਦੀਆਂ ਹਨ ਅਤੇ ਉਹਨਾਂ ਦਾ ਫਲ ਵੀ ਸ਼ੁਭ ਅਸ਼ੁਭ

ਹੁੰਦਾ ਹੈ। ਪਰ ਕਦੇ ਕਦੇ ਕਰਮ ਅਸ਼ੁਭ ਹੁੰਦਾ ਹੈ ਅਤੇ ਫਲ ਸ਼ੁਭ ਹੁੰਦਾ ਹੈ।[42] ਇਸ ਦਾ ਕਾਰਨ ਕੀ ਹੈ? ਆਗਮ ਦੇ ਅਨੁਸਾਰ ਬੰਧਨ ਵਾਲੇ ਕਰਮ ਵਿੱਚ ਅੱਠ ਪ੍ਰਕਾਰ ਦੀਆਂ ਸਥਿਤੀਆਂ ਘੱਟ ਸਕਦੀਆਂ ਹਨ। ਇਹਨਾ ਨੂੰ ਕਰਨ ਕਿਹਾ ਗਿਆ ਹੈ:-

1. ਬੰਧਨ - ਆਤਮਾ ਦੇ ਨਾਲ ਜੁੜੇ ਕਰਮ ਸੁੱਖ ਦੁੱਖ ਦੇ ਕਾਰਨ ਹੁੰਦੇ ਹਨ। ਸੰਗਤ ਨਾਲ ਕਰਮ ਹੀ ਸੰਸਾਰ ਬੰਧਨ ਉਤਪੰਨ ਕਰਦੇ ਹਨ।

2. ਸੰਕ੍ਰਮਣ - ਜੋ ਪ੍ਰਾਕ੍ਰਿਤੀ ਪੂਰਵ ਵਿੱਚ ਬੰਧਨ ਕੀਤੀ ਸੀ, ਉਸ ਦਾ ਹੋਰ ਪ੍ਰਾਕ੍ਰਿਤੀ ਰੂਪ ਪਰੀਨਮਨ ਹੋ ਜਾਣਾ ਸੰਕ੍ਰਮਣ ਹੈ।

3. ਉਦਵ੍ਰਤਨਾ - ਕਰਮ ਦੀ ਸਥਿਤੀ ਦਾ ਲੰਬਾ ਹੋਣਾ ਅਤੇ ਰਸ ਤੇਜ਼ ਹੋਣਾ।

4. ਅਪਵ੍ਰਤਨਾ - ਕਰਮ ਸਥਿਤੀ ਦਾ ਘੱਟਣਾ ਅਤੇ ਰਸ ਦਾ ਘੱਟ ਹੋਣਾ।

5. ਉਦੀਰਨਾ - ਲੰਬੇ ਸਮੇਂ ਦੇ ਬਾਅਦ ਤੇਜ਼ ਭਾਵ ਨਾਲ ਉਦੈ ਵਿੱਚ ਆਉਣ ਵਾਲੇ ਕਰਮਾਂ ਦਾ ਉਸੇ ਸਮੇਂ ਅਤੇ ਮੰਦ ਭਾਵ ਵਿੱਚ ਉਦੈ ਵਿੱਚ ਆਉਣਾ।

6. ਉਪਸ਼ਮਣਾ - ਅਜਿਹੇ ਹਾਲਾਤ ਜਿਨ੍ਹਾਂ ਵਿੱਚ ਕਰਮ ਸ਼ਾਂਤ ਹੋ ਜਾਂਦਾ ਹੈ।

7. ਨਿਘੱਤੀ - ਜੋ ਕਰਮ ਉਦੈਯਾਵਲੀ ਵਿੱਚ ਪ੍ਰਾਪਤ ਕਰਨ ਨੂੰ ਜਾਂ ਹੋਰ ਪ੍ਰਾਕ੍ਰਿਤੀ ਰੂਪ ਸੰਕ੍ਰਮਣ ਕਰਨ ਵਿੱਚ ਸਮਰਥ ਨਾ ਹੋਵੇ।

8. ਨਿਕਾਚਿਤ - ਉਹ ਕਰਮ ਹਨ ਜਿਨ੍ਹਾਂ ਦਾ ਫਲ ਹੋਰ ਨਹੀਂ ਹੋ ਸਕਦਾ।

ਆਤਮਾ ਦੀ ਇਸ ਪ੍ਰਕ੍ਰਿਆ ਤੋਂ ਕਰਮ ਦੀ ਪ੍ਰਕ੍ਰਿਆ ਜੁੜੀ ਹੋਈ ਹੈ। ਆਤਮਾ ਵਿੱਚ ਕਿਸੇ ਪ੍ਰਕਾਰ ਦਾ ਪਰਿਵਰਤਨ ਕਰਮ ਵਿੱਚ ਹੋਏ ਪਰਿਵਰਤਨ ਵੱਲ ਇਸ਼ਾਰਾ ਕਰਦਾ ਹੈ। ਆਤਮਾ ਅਤੇ ਕਰਮ ਦੇ ਇਸ ਪਰਿਵਰਤਨ ਨੂੰ ਅਸੀਂ ਕਰਮ ਸਿਧਾਂਤ ਵਿੱਚ ਸਮਝ ਚੁੱਕੇ ਹਾਂ।[43]

## ਕਰਮ ਦਾ ਕਾਰਨ

ਭਾਵੇਂ ਕਰਮ ਦਾ ਸਧਾਰਨ ਅਰਥ ਹੁੰਦਾ ਹੈ ਕੰਮ ਪਰ ਇੱਥੇ ਸਾਡਾ ਭਾਵ ਹੈ ਅਧਿਆਤਮਿਕ ਨੈਤਿਕ ਸਿਧਾਂਤ ਤੋਂ। ਇਸ ਦ੍ਰਿਸ਼ਟੀ ਤੋਂ ਕਰਮ ਸ਼ੁਭ (ਪੁੰਨ)

ਹੋਵੇਗਾ ਜਾਂ ਅਸ਼ੁਭ (ਪਾਪ) ਹੋਵੇਗਾ। ਜੋ ਕਰਮ ਵਿਅਕਤੀ ਨੂੰ ਅਧਿਆਤਮ ਖੇਤਰ ਵਿੱਚ ਵਧਾਵੇ ਜਾਂ ਨਿਰਵਾਨ ਵੱਲ ਵਧਾਵੇ ਉਹ ਸ਼ੁਭ ਹੈ। ਇਸ ਤੋਂ ਉਲਟ ਜੋ ਕਰਮ ਆਤਮਾ ਨੂੰ ਅਸ਼ੁੱਧ ਬਣਾਵੇ ਸੰਸਾਰ ਨੂੰ ਵਧਾਵੇ ਅਤੇ ਜਨਮ ਮਰਨ ਦੀ ਪ੍ਰਕ੍ਰਿਆ ਨੂੰ ਫੈਲਾਵੇ ਉਹ ਅਸ਼ੁਭ ਹੈ। ਭਾਵੇਂ ਮੁਕਤੀ ਜਾਂ ਨਿਰਵਾਨ ਵਿੱਚ ਸ਼ੁਭ ਅਸ਼ੁਭ ਸਭ ਪ੍ਰਕਾਰ ਦੇ ਕਰਮਾ ਦਾ ਵਿਨਾਸ਼ ਹੋਣ ਦੀ ਆਸ ਹੁੰਦੀ ਹੈ। ਅਸ਼ੁਭ ਕਰਮਾ ਤੋਂ ਨਿਰਵਤੀ ਅਤੇ ਸ਼ੁਭ ਕਰਮਾਂ ਦੀ ਪ੍ਰਗਤੀ ਨਿਰਵਾਨ ਮਾਰਗ ਨੂੰ ਪੱਧਰਾ ਕਰਨ ਵਿੱਚ ਬਹੁਤ ਜ਼ਰੂਰੀ ਹੈ।

ਦੋ ਪ੍ਰਕਾਰ ਦੇ ਕਰਮ ਹੁੰਦੇ ਹਨ: ਸ਼ੁਭ ਅਤੇ ਅਸ਼ੁਭ। ਜੋ ਕਰਮ ਮਿਥਿਆ ਚਰਿਤੱਰ ਵੱਲ ਆਤਮਾ ਨੂੰ ਖਿੱਚੇ ਉਹ ਅਸ਼ੁਭ ਹੈ ਅਤੇ ਜੋ ਸ਼ੁਭ ਕਰਮਾਂ ਵੱਲ ਖਿੱਚੇ ਉਹ ਸ਼ੁਭ ਹੈ। ਅਸ਼ੁਭ ਕਰਮ ਦੁੱਖ ਦਾ ਕਾਰਨ ਹਨ, ਸ਼ੁਭ ਕਰਮ ਸੁੱਖ ਦਾ ਕਾਰਨ ਹੈ। ਦੂਸਰੇ ਸ਼ਬਦਾਂ ਵਿੱਚ ਸ਼ੁਭ ਕਰਮਾਂ ਤੋਂ ਪੁੰਨ ਹੁੰਦਾ ਹੈ ਅਤੇ ਅਸ਼ੁਭ ਕਰਮਾਂ ਤੋਂ ਪਾਪ ਹੁੰਦਾ ਹੈ। ਜਿੱਥੇ ਕੋਈ ਵੀ ਕਰਮ ਹੁੰਦਾ ਹੈ ਚਾਹੇ ਉਹ ਸ਼ੁਭ ਹੋਵੇ ਜਾਂ ਅਸ਼ੁਭ ਹੋਵੇ ਕਰਮ ਦੇ ਕਾਰਨ ਹੁੰਦਾ ਹੈ। ਨਿਰਵਾਨ ਪ੍ਰਾਪਤੀ ਦੀ ਇੱਛਾ ਕਰਨ ਵਾਲੇ ਦੇ ਲਈ ਇਹਨਾਂ ਦੋਹਾਂ ਕਰਮਾਂ ਨੂੰ ਛੱਡ ਦੇਣਾ ਪੈਂਦਾ ਹੈ। ਸ਼ੁਭ ਕਰਮਾ ਤੋਂ ਸਵਰਗ ਅਤੇ ਅਸ਼ੁਭ ਕਰਮਾਂ ਤੋਂ ਨਰਕ ਗਤੀ ਮਿਲਦੀ ਹੈ।

ਅਚਾਰੀਆ ਕੁੰਦ ਕੁੰਦ ਨੇ ਸਮੇਂ ਸਾਰ ਵਿੱਚ ਕਿਹਾ ਹੈ, ਕਿ ਦੋਹੇਂ ਪ੍ਰਕਾਰ ਦੇ ਇਹ ਕਰਮ (ਸ਼ੁਭ ਅਤੇ ਅਸ਼ੁਭ) ਤਿਆਗਨ ਯੋਗ ਹਨ ਕਿਉਂਕਿ ਇਹ ਸੰਸਾਰ ਦਾ ਕਾਰਨ ਹਨ। ਸ਼ੁਭ ਕਰਮ ਸੋਨੇ ਦੀ ਬੇੜੀ ਹੈ, ਅਸ਼ੁਭ ਕਰਮ ਲੋਹੇ ਦੀ ਬੇੜੀ ਹੈ। ਜਿਸ ਪ੍ਰਕਾਰ ਲੋਹੇ ਦੀ ਬੇੜੀ ਮਨੁੱਖ ਨੂੰ ਬੰਨ੍ਹਦੀ ਹੈ ਉਸੇ ਪ੍ਰਕਾਰ ਸੋਨੇ ਦੀ ਵੀ ਬੰਨ੍ਹਦੀ ਹੈ। ਇਸ ਪ੍ਰਕਾਰ ਕੀਤਾ ਹੋਇਆ ਸ਼ੁਭ ਅਸ਼ੁਭ ਕਰਮ ਜੀਵ ਨੂੰ ਬੰਨ੍ਹਦਾ ਹੀ ਹੈ।[44] ਪ੍ਰਮਾਤਮ ਪ੍ਰਕਾਸ਼ ਦੇ ਲੇਖਕ ਯੋਗਇੰਦੂ ਦਾ ਵੀ ਇਹੋ ਮੱਤ ਹੈ ਕਿ ਸਾਰੇ ਜੀਵ ਪਾਪ ਦੇ ਉਦੈ ਨਾਲ ਨਰਕ ਗਤੀ ਅਤੇ ਪਸ਼ੂ ਗਤੀ ਪ੍ਰਾਪਤ ਕਰਦੇ ਹਨ, ਪੁੰਨ ਕਾਰਨ ਦੇਵਤਾ ਬਣਦੇ ਹਨ। ਪੁੰਨ ਅਤੇ ਪਾਪ ਦੋਹਾਂ ਦੇ ਮੇਲ ਕਾਰਨ ਮਨੁੱਖ ਗਤੀ ਨੂੰ ਪ੍ਰਾਪਤ ਹੁੰਦੇ ਹਨ ਅਤੇ ਪੁੰਨ ਪਾਪ ਦੋਹਾਂ ਦਾ ਨਾਸ਼ ਹੋਣ ਤੇ ਹੀ ਨਿਰਵਾਨ ਦੀ ਪ੍ਰਾਪਤੀ ਹੁੰਦੀ ਹੈ।[45]

ਕਰਮ ਬੰਧ ਦਾ ਮੂਲ ਕਾਰਨ ਹੈ, ਇੱਛਾ। ਮਨੁੱਖ ਦੇ ਸੁੱਖ ਦੁੱਖ ਦਾ ਕਾਰਨ ਇੱਛਾ ਹੀ ਹੈ ਇੱਥੇ ਕਿਹਾ ਜਾ ਸਕਦਾ ਹੈ ਕਿ ਕਰਮ ਦਾ ਬੰਧ ਇੱਛਾ ਦਾ ਬੰਧ ਹੈ। ਪਰੀਗ੍ਰਹਿ ਜਾਂ ਵਿਸ਼ੇ ਵਿਕਾਰਾਂ ਦੀ ਇੱਛਾ ਦਾ ਕੋਈ ਅੰਤ ਨਹੀਂ ਹੁੰਦਾ। ਇਹਨਾਂ ਦੀ ਸਮਾਪਤੀ ਤੱਦ ਹੀ ਹੋ ਸਕਦੀ ਹੈ, ਜਦ ਮਨੁੱਖ ਪੂਰਨ ਰੂਪ ਵਿੱਚ ਇੱਛਾ ਮੁਕਤ ਹੋ ਜਾਵੇ, ਵੀਤਰਾਗ ਹੋ ਜਾਵੇ। ਜਿਵੇਂ ਹੀ ਉਹ ਵਿਸ਼ੇ ਦੀ ਇੱਛਾ ਕਰਦਾ ਹੈ ਉਸ ਦਾ ਕਾਰਮਨ ਸਰੀਰ ਉਸੇ ਅਨੁਸਾਰ ਕਰਮਾਂ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ। ਇਹ ਪ੍ਰਕ੍ਰਿਆ ਕਿਸੇ ਬਾਹਰਲੇ ਲੱਛਣ ਤੋਂ ਨਹੀਂ ਹੁੰਦੀ ਸਗੋਂ ਆਤਮਾ ਅਪਣੀ ਸ਼ਕਤੀ ਤੋਂ ਇਹਨਾਂ ਕਾਰਮਿਕ ਪ੍ਰਮਾਣੂਆਂ ਨੂੰ ਖਿੱਚਦਾ ਹੈ। ਇਸੇ ਤੋਂ ਪੁਨਰ ਜਨਮ ਪ੍ਰਾਪਤ ਹੁੰਦਾ ਹੈ। ਦਾਸ ਗੁਪਤਾ ਨੇ ਠੀਕ ਹੀ ਕਿਹਾ ਹੈ, "ਕਰਮ ਇੱਛਾ ਅਤੇ ਪੁਨਰ ਜਨਮ ਦੇ ਵਿਚਕਾਰ ਸੰਬੰਧ ਸਥਾਪਤ ਕਰਨ ਵਾਲਾ ਮਾਧਿਅਮ ਹੈ"।[46]

ਆਤਮਾ ਦੇ ਰਾਹੀਂ ਕਰਮ ਪ੍ਰਮਾਣੂਆਂ ਦਾ ਇਹ ਮਿਸ਼ਰਨ ਉਸ ਦੇ ਕੰਮਾਂ ਦੇ ਕਾਰਨ ਹੁੰਦਾ ਹੈ। ਇਹ ਪ੍ਰਕ੍ਰਿਆ ਪੰਚਾਸਤੀਕਾਏ ਵਿੱਚ ਇਸ ਪ੍ਰਕਾਰ ਸਪੱਸ਼ਟ ਕੀਤੀ ਗਈ ਹੈ। ਕਰਮਾਂ ਦਾ ਗ੍ਰਹਿਣ ਯੋਗਾਂ ਦੇ ਨਿਮਿਤ ਤੋਂ ਹੁੰਦਾ ਹੈ, ਯੋਗ, ਮਨ, ਵਚਨ, ਕਾਇਆ ਦੇ ਵਪਾਰ ਤੋਂ ਹੁੰਦਾ ਹੈ। ਬੰਧ ਭਾਵਾਂ ਦੇ ਨਿਮਿਤ ਤੋਂ ਹੁੰਦਾ ਹੈ ਅਤੇ ਭਾਵ, ਰਤੀ, ਰਾਗ, ਦਵੇਸ਼ ਅਤੇ ਮੋਹ ਤੋਂ ਯੁਕਤ ਹੁੰਦੇ ਹਨ।[47]

ਜੈਨ ਗ੍ਰੰਥਾਂ ਵਿੱਚ ਕਰਮ ਦੇ ਉਦੈ, ਕਾਰਨ, ਅਤੇ ਪਰਿਣਾਮਾਂ ਦੀ ਵਿਸਥਾਰ ਰੂਪ ਵਿੱਚ ਚਰਚਾ ਹੋਈ ਹੈ। ਤੱਤਵਾਰਥ ਰਾਜਵਾਰਤਿਕ ਵਿੱਚ ਕਿਹਾ ਗਿਆ ਹੈ, ਕਿ ਜੀਵ ਸਵਕਸਾਏ ਹੋਣ ਤੇ ਕਰਮ ਯੋਗ ਪੁਦਗਲਾਂ ਨੂੰ ਗ੍ਰਹਿਣ ਕਰਦਾ ਹੈ, ਇਹੋ ਬੰਧ ਹੈ ਇਸ ਨੂੰ ਸਪੱਸ਼ਟ ਕਰਨ ਲਈ ਉਦਾਹਰਣ ਦਿੱਤੇ ਗਏ ਹਨ। ਜਿਵੇਂ ਕਿਸੇ ਭਾਂਡੇ ਵਿੱਚ ਅਨੇਕਾਂ ਰਸ ਵਾਲੇ ਬੀਜ, ਫਲ, ਫੁੱਲ ਆਦਿ ਦਾ ਸ਼ਰਾਬ ਰੂਪ ਵਿੱਚ ਪਰੀਨਮਨ ਹੁੰਦਾ ਹੈ, ਉਸੇ ਤਰ੍ਹਾਂ ਆਤਮਾ ਵਿੱਚ ਵੀ ਸਥਿਤ ਪੁਦਗਲਾਂ ਦਾ ਯੋਗ ਅਤੇ ਕਸ਼ਾਏ ਤੋਂ ਕਰਮ ਰੂਪ ਪਰੀਨਮਨ ਹੋ ਜਾਂਦਾ ਹੈ। ਜਿਵੇਂ ਭੰਡਾਰ ਤੋਂ ਪੁਰਾਣੇ ਅਨਾਜ ਬਾਹਰ ਕੀਤਾ ਜਾਂਦਾ ਹੈ ਅਤੇ ਨਵਾਂ ਭਰ ਲਿਆ ਜਾਂਦਾ ਹੈ ਉਸੇ ਤਰ੍ਹਾਂ ਅਨਾਦਿ ਕਾਰਮਨ ਸਰੀਰ ਰੂਪ ਭੰਡਾਰ ਵਿੱਚ ਕਰਮਾਂ ਦਾ ਆਉਣਾ ਜਾਣਾ

ਹੁੰਦਾ ਰਹਿੰਦਾ ਹੈ। ਪੁਰਾਣੇ ਕਰਮ ਫਲ ਦੇ ਕੇ ਝੱੜ ਜਾਂਦੇ ਹਨ ਅਤੇ ਨਵੇਂ ਕਰਮ ਆ ਜਾਂਦੇ ਹਨ। ਇਸ ਤਰ੍ਹਾਂ ਉਪਚੈ - ਅਪਚੈ ਹੁੰਦਾ ਰਹਿੰਦਾ ਹੈ।[48]

ਦ੍ਰਵ ਸੰਗ੍ਰਹਿ ਵਿੱਚ ਕਰਮ ਬੰਧ ਦੇ ਚਾਰ ਕਾਰਨ ਦਿੱਤੇ ਗਏ ਹਨ। ਮਿੱਥਿਆਤਵ, ਅਵਿਰਤੀ, ਪ੍ਰਮਾਦ, ਯੋਗ ਅਤੇ ਕਸ਼ਾਏ। ਇਹਨਾਂ ਦੀ ਵਿਸਥਾਰ ਨਾਲ ਵਿਆਖਿਆ ਵੀ ਮਿਲਦੀ ਹੈ।

1. ਮਿੱਥਿਆਤਵ: ਉਲਟ ਜਾਂ ਗਲਤ ਸ਼ਰਧਾ ਨੂੰ ਮਿੱਥਿਆਤਵ ਆਖਦੇ ਹਨ ਜਿਵੇਂ ਅਧਰਮ ਨੂੰ ਧਰਮ, ਗਲਤ ਰਾਹ ਨੂੰ ਸੱਚਾ ਰਾਹ, ਅਜੀਵ ਨੂੰ ਜੀਵ, ਜੀਵ ਨੂੰ ਅਜੀਵ, ਸਾਧੂ ਨੂੰ ਅਸਾਧੂ ਆਦਿ ਦੇ ਰੂਪ ਵਿੱਚ ਸਮਝਣਾ।[49]

ਇਹ ਮਿੱਥਿਆਤਵ ਪੰਜ ਪ੍ਰਕਾਰ ਦਾ ਹੈ:

ੳ. ਅਭਿਗ੍ਰਾਹਿਕ ਮਿੱਥਿਆਤਵ (ਤੱਤਵ ਦੀ ਪ੍ਰੀਖਿਆ ਕੀਤੇ ਬਿਨ੍ਹਾਂ ਕਿਸੇ ਸਿਧਾਂਤ ਨੂੰ ਗ੍ਰਹਿਣ ਕਰਕੇ ਦੂਸਰੇ ਸਿਧਾਂਤ ਦਾ ਖੰਡਨ ਕਰਨਾ)

ਅ. ਅਨਾਅਭਿਗ੍ਰਾਹਿਕ ਮਿੱਥਿਆਤਵ (ਗੁਣ ਦੋਸ਼ ਦੀ ਪ੍ਰੀਖਿਆ ਕੀਤੇ ਬਿਨ੍ਹਾਂ ਸਾਰੇ ਮੱਤਾਂ ਨੂੰ ਇੱਕ ਬਰਾਬਰ ਸਮਝਣਾ)

ੲ. ਸੰਸ਼ਯਿਤ ਮਿੱਥਿਆਤਵ (ਦੇਵ, ਗੁਰੂ ਅਤੇ ਧਰਮ ਦੇ ਸਰੂਪ ਵਿੱਚ ਸ਼ੱਕ ਵਾਲੀ ਬੁੱਧੀ ਰੱਖਣਾ)

ਸ. ਆਭਿਨਿਵੇਸ਼ਿਕ ਮਿੱਥਿਆਤਵ (ਆਪਣੀ ਮਾਨਤਾ ਨੂੰ ਝੂਠ ਸਮਝ ਲੈਣ ਤੇ ਵੀ ਉਸ ਨੂੰ ਪਕੜ ਕੇ ਰੱਖਣਾ)

ਹ. ਅਨਾਭੋਗਿਕ ਮਿੱਥਿਆਤਵ (ਵਿਚਾਰ ਅਤੇ ਵਿਸ਼ੇਸ਼ ਗਿਆਨ ਦੀ ਅਣਹੋਂਦ ਵਿੱਚ ਜਾਂ ਮੋਹ ਦੀ ਪ੍ਰਬਲਤਮ ਅਵਸਥਾ ਵਿੱਚ ਰਹੀ ਹੋਈ ਮੂਰਖਤਾ)

2. ਅਵਿਰਤੀ: ਹਿੰਸਾ, ਝੂਠ, ਚੋਰੀ, ਮੈਥੁਨ (ਦੁਰਾਚਾਰ), ਪਰੀਗ੍ਰਹਿ ਆਦਿ ਪਾਪ ਭੋਗ - ਉਪਭੋਗ ਆਦਿ ਅਵਸਥਾ ਅਤੇ ਸਾਵੱਦਯ (ਪਾਪਕਾਰੀ) ਕਰਮਾਂ ਤੋਂ ਛੁੱਟਕਾਰਾ ਨਾ ਹੋਣਾ ਜਾਂ ਪ੍ਰਤੀਖਿਆਨ (ਪ੍ਰਤਿਗਿਆ) ਪੂਰਵਕ ਉਹਨਾਂ ਦਾ ਤਿਆਗ ਨਾ ਕਰਨਾ ਅਵਿਰਤੀ ਹੈ। ਅਵਿਰਤੀ ਭਾਵ ਅਤਿਆਗ ਭਾਵ।[50]

3. ਪ੍ਰਮਾਦ: ਕੁਸ਼ਲ (ਯੋਗ) ਵਿੱਚ ਅਨਾਦਰ ਭਾਵ, ਪ੍ਰਮਾਦ ਹੈ।[51] ਇਹ ਪ੍ਰਮਾਦ ਅਨੇਕਾਂ ਪ੍ਰਕਾਰ ਦਾ ਹੈ। ਕਾਇਆ, ਬਿਨੈ, ਇਰਿਆਪੱਥ (ਵੇਖ ਕੇ ਚੱਲਣਾ), ਦਵਾਈ, ਸੋਨਾ, ਆਸਨ, ਪ੍ਰਤੀਸਠਾਪਨ, ਵਾਕ ਸ਼ੁੱਧੀ, ਉੱਤਮ ਖਿਮਾਂ

ਆਦਿ ਦਸ ਪ੍ਰਕਾਰ ਦੇ ਧਰਮਾਂ ਵਿੱਚ ਉਤਸ਼ਾਹ ਨਾ ਵਿਖਾਉਣਾ ਜਾਂ ਆਦਰ ਦਾ ਭਾਵ ਨਾ ਰੱਖਣਾ ਪ੍ਰਮਾਦ ਹੈ। ਕ੍ਰੋਧ, ਮਾਨ, ਮਾਇਆ, ਲੋਭ ਆਦਿ ਇਸ ਦੇ ਪਰਿਣਾਮ ਹਨ।

4. ਯੋਗ: ਮਾਨਸਿਕ, ਵਾਚਿਕ, ਅਤੇ ਕਾਇਕ ਪ੍ਰਵਿਰਤੀ ਨੂੰ ਯੋਗ ਆਖਦੇ ਹਨ। ਮਨ, ਵਚਨ, ਕਾਇਆ (ਸਰੀਰ) ਤੋਂ ਕ੍ਰਿਤ (ਕਰਨਾ), ਕਾਰਿਤ, (ਕਰਵਾਉਣਾ) ਅਤੇ ਅਨੁਮਤੀ (ਹਮਾਇਤ ਕਰਨਾ) ਰੂਪ ਪ੍ਰਵਿਰਤੀ ਯੋਗ ਹੈ।

5. ਕਸ਼ਾਏ: ਜੀਵ ਦੇ ਕ੍ਰੋਧ ਆਦਿ ਰੂਪ ਪਰਿਣਾਮ ਨੂੰ ਕਸ਼ਾਏ ਆਖਦੇ ਹਨ। ਇਸ ਦੇ ਸੋਲ੍ਹਾਂ ਭੇਦ ਹਨ।

ੳ. ਅੰਨਤਾਂਨੁਬੰਧੀ: ਕ੍ਰੋਧ, ਮਾਨ, ਮਾਇਆ, ਲੋਭ।

ਅ. ਅਪ੍ਰਤਖਿਆਨ ਆਵਰਨੀਆਂ: ਕ੍ਰੋਧ, ਮਾਨ, ਮਾਇਆ, ਲੋਭ।

ੲ. ਪ੍ਰਤਖਿਆਨ ਆਵਰਨੀਆਂ: ਕ੍ਰੋਧ, ਮਾਨ, ਮਾਇਆ, ਲੋਭ।

ਸ. ਸੰਜਵਲਨ: ਕ੍ਰੋਧ, ਮਾਨ, ਮਾਇਆ, ਲੋਭ। ਇਕ ਹੋਰ ਪ੍ਰਕਾਰ ਹੁੰਦਾ ਹੈ, ਨੋਕਸ਼ਾਏ। ਜੋ ਕਸ਼ਾਏ ਦੇ ਨਾਲ ਸਹਾਈਕ ਹੁੰਦਾ ਹੈ, ਜਾਂ ਜੋ ਕਸ਼ਾਏ ਨੂੰ ਉਤੇਜਿਤ ਕਰਦੇ ਹਨ, ਉਹ ਹਾਸਾ, ਸੋਗ, ਭੈ ਆਦਿ ਨੂੰ ਨੋ ਕਸ਼ਾਏ ਆਖਦੇ ਹਨ।

ਜੈਨ ਕਰਮ ਸਿਧਾਂਤ ਦਾ ਇੱਕ ਮੁੱਖ ਸਿਧਾਂਤ ਹੈ ਲੈਸ਼ਿਆ, ਇਸ ਦਾ ਅੰਗਰੇਜ਼ੀ ਅਨੁਵਾਦ ਕਰਨਾ ਬੜਾ ਕਠਿਨ ਹੈ ਆਮ ਤੌਰ ਤੇ ਇਸ ਦਾ ਅਨੁਵਾਦ 'ਟਿਨਟ' ਸ਼ਬਦ ਰਾਹੀਂ ਕੀਤਾ ਜਾਂਦਾ ਹੈ। ਇੱਕ ਹੋਰ ਸ਼ਬਦ ਵੀ ਹੈ 'ਕਲੇਰੇਸਨ' ਲੈਸ਼ਿਆ ਦਾ ਅਰਥ ਹੈ ਜੋ ਆਤਮਾ ਨੂੰ ਕਰਮ ਭਾਵਾਂ ਨਾਲ ਲਿਪਤ ਕਰੇ, ਭਾਵ ਜਿਸ ਦੇ ਰਾਹੀਂ ਜੀਵ ਪੁੰਨ ਪਾਪ ਨਾਲ ਅਪਣੇ ਆਪ ਨੂੰ ਲਿਪਤ ਕਰਦਾ ਹੈ ਉਹ ਲੈਸ਼ਿਆ ਹੈ। ਇਹ ਲੈਸ਼ਿਆ ਸ਼ੁਭ ਅਤੇ ਅਸ਼ੁਭ ਦੇ ਭੇਦ ਤੋਂ ਦੋ ਪ੍ਰਕਾਰ ਦੀ ਹੁੰਦੀ ਹੈ। ਅਸ਼ੁਭ ਲੈਸ਼ਿਆਵਾਂ ਹਨ, ਕ੍ਰਿਸ਼ਨ, ਨੀਲ ਅਤੇ ਕਪੋਤ ਅਤੇ ਸ਼ੁਭ ਲੈਸ਼ਿਆਵਾਂ ਹਨ - ਪੀਤ, ਪਦਮ, ਅਤੇ ਸ਼ੁਕਲ। ਦ੍ਰਵ ਅਤੇ ਭਾਵ ਦੇ ਭੇਦ ਤੋਂ ਵੀ ਲੈਸ਼ਿਆ ਦੇ ਦੋ ਪ੍ਰਕਾਰ ਕੀਤੇ ਜਾਂਦੇ ਹਨ। ਸਰੀਰ ਨਾਮ ਕਰਮ ਉਦੈ ਤੋਂ ਉਤਪੰਨ ਦ੍ਰਵ ਲੈਸ਼ਿਆ ਹੁੰਦੀ ਹੈ ਅਤੇ ਮੋਹਨੀਆਂ ਕਰਮ ਦੇ ਉਦੈ, ਕਸ਼ਯੋਪਸਮ, ਉਪਸ਼ਮ ਅਤੇ ਸ਼ਯ ਤੋਂ ਉਤਪੰਨ ਹੋਇਆ ਜੋ ਜੀਵ ਦਾ ਸਪੰਦਨ

(ਹਰਕਤ) ਹੈ ਉਹ ਭਾਵ ਲੈਸ਼ਿਆ ਹੈ।[52] ਭਾਵ ਲੈਸ਼ਿਆ ਕਸ਼ਾਏ ਦੇ ਉਦੈ ਤੋਂ ਅਨੁਰੰਜਿਤ (ਰੰਗੀ ਹੋਈ) ਯੋਗ (ਮਨ, ਵਚਨ, ਕਾਇਆ) ਵੀ ਪ੍ਰਵਿਰਤੀ ਰੂਪ ਹੈ। ਇਸ ਲਈ ਇਹ ਔਦਯਿਕੀ ਆਖੀ ਜਾਂਦੀ ਹੈ।

ਕ੍ਰਿਸ਼ਨ ਆਦਿ ਛੇ ਲੈਸ਼ਿਆ ਦ੍ਰਵ ਲੈਸ਼ਿਆ ਹਨ। ਤੇਜ਼, ਕ੍ਰੋਧ ਕਰਨ ਵਾਲਾ ਹੋਵੇ, ਵੈਰ ਨੂੰ ਨਾ ਛੱਡੇ, ਲੜਨਾ ਜਿਸ ਦਾ ਸੁਭਾਅ ਹੋਵੇ, ਧਰਮ ਅਤੇ ਦਯਾ ਤੋਂ ਰਹਿਤ ਹੋਵੇ, ਦੁਸ਼ਟ ਹੋਵੇ ਇਹ ਸ਼ੁਭ ਕ੍ਰਿਸ਼ਨ ਲੈਸ਼ਿਆ ਵਾਲੇ ਦੇ ਲੱਛਣ ਹਨ। ਵਿਸ਼ਿਆਂ ਵਿੱਚ ਲੱਗੇ ਬੁੱਧੀਹੀਣ ਘੱਟ ਅਕਲ, ਆਲਸੀ, ਲੋਭੀ ਆਦਿ ਲੱਛਣ ਨੀਲ ਲੈਸ਼ਿਆ ਦੇ ਹਨ। ਦ੍ਰਿੜਤਾ, ਮਾਤਸਰਿਆ, ਚੁਗਲੀ, ਅਪਣੀ ਪ੍ਰਸ਼ੰਸਾ ਕਰਨਾ, ਪਰਾਏ ਝਗੜੇ ਆਦਿ ਵਿੱਚ ਫਸਨਾ ਕਪੋਤ ਲੈਸ਼ਿਆ ਦੇ ਲੱਛਣ ਹਨ। ਦ੍ਰਿੜਤਾ, ਮਿੱਤਰਤਾ, ਦਿਆਲਤਾ, ਸੱਚ ਬੋਲਣਾ, ਦਾਨਸ਼ੀਲਤਾ, ਆਪਣੇ ਕੰਮ ਵਿੱਚ ਹੁਸ਼ਿਆਰੀ ਸਾਰੇ ਧਰਮਾਂ ਪ੍ਰਤੀ ਇੱਕ (ਇੱਜਤ ਦਾ) ਭਾਵ ਰੱਖਣਾ, ਆਦਿ ਪੀਤ ਲੈਸ਼ਿਆ ਦੇ ਲੱਛਣ ਹਨ। ਸੱਚਾਈ, ਖਿਮਾ, ਸਹੀ ਦਾਨ, ਵਿਦਵਾਨਤਾ, ਗੁਰੂ ਦੇਵਤਾ ਆਦਿ ਵਿੱਚ ਰੁਚੀ, ਪਦਮ ਲੈਸ਼ਿਆ ਦੇ ਲੱਛਣ ਹਨ। ਨਿਰਵੇਦ, ਵੀਤਰਾਗਤਾ, ਦੁਸ਼ਮਨ ਦੇ ਦੋਸ਼ਾਂ ਨੂੰ ਨਾ ਵੇਖਣਾ, ਨਿੰਦਾ ਨਾ ਕਰਨਾ, ਪਾਪਕਰਮਾਂ ਵਿੱਚ ਉਦਾਸੀਨਤਾ ਰੱਖਣਾ ਚੰਗਾ ਮਾਰਗ ਰੁਚੀ ਆਦਿ ਸ਼ੁਕਲ ਲੈਸ਼ਿਆ ਦੇ ਲੱਛਣ ਹਨ।[53]

ਲੈਸ਼ਿਆ ਨੂੰ ਸਮਝਣ ਲਈ ਜੈਨ ਸ਼ਾਸਤਰ ਵਿੱਚ ਇੱਕ ਉਦਾਹਰਣ ਦਿੱਤਾ ਗਿਆ ਹੈ। ਛੇ ਆਦਮੀ ਜੰਗਲ ਵਿੱਚ ਗਏ ਉਹਨਾਂ ਨੇ ਫਲਾਂ ਨਾਲ ਲੱਦਿਆ ਅੰਬਾਂ ਦਾ ਦਰਖਤ ਵੇਖਿਆ। ਉਹਨਾਂ ਵਿੱਚੋਂ ਹਰ ਆਦਮੀ ਅੰਬ ਖਾਣ ਦਾ ਇੱਛਕ ਸੀ। ਪਹਿਲੇ ਆਦਮੀ ਨੇ ਸਮੁੱਚੇ ਦਰਖਤ ਨੂੰ ਕੱਟਣਾ ਚਾਹਿਆ। ਦੂਸਰੇ ਨੇ ਤਣਾ, ਤੀਸਰੇ ਨੇ ਬੜੀ ਬੜੀ ਸ਼ਾਖ, ਚੌਥੇ ਨੇ ਛੋਟੀ ਛੋਟੀ ਸ਼ਾਖ ਕੱਟਨੀ ਚਾਹੀ ਪੰਜਵੇਂ ਨੇ ਅੰਬ ਫਲ ਤੋੜਨਾ ਚਾਹਿਆ ਅਤੇ ਛੇਵੇਂ ਨੇ ਜ਼ਮੀਨ ਉੱਪਰ ਗਿਰੇ ਪੱਕੇ ਫਲ ਨੂੰ ਗ੍ਰਹਿਣ ਕਰਨਾ ਚਾਹਿਆ ਤਾਂ ਕਿ ਦਰਖਤ ਨੂੰ ਕੋਈ ਤਕਲੀਫ ਨਾ ਹੋਵੇ। ਇਹ ਛੇ ਆਦਮੀ ਅਤੇ ਇਹਨਾਂ ਦੇ ਭਾਵ ਸਿਲਸਿਲੇਵਾਰ ਕ੍ਰਿਸ਼ਨ, ਨੀਲ, ਕਪੋਤ, ਪੀਤ, ਪਦਮ ਅਤੇ ਸ਼ੁਕਲ ਲੈਸ਼ਿਆ ਵਾਲੇ ਹਨ।

ਬੁੱਧ ਧਰਮ ਵਿੱਚ ਵੀ ਲੈਸ਼ਿਆ ਦਾ ਸਿਧਾਂਤ ਮਿਲਦਾ ਹੈ ਉੱਥੇ ਇਹ ਚਾਰ ਪ੍ਰਕਾਰ ਦੀਆਂ ਹਨ। ਕ੍ਰਿਸ਼ਨ, ਸ਼ੁਕਲ, ਕ੍ਰਿਸ਼ਨ - ਸ਼ੁਕਲ, ਆਕ੍ਰਿਸ਼ਨ ਆਸ਼ੁਕਲ ਜੇ. ਐਲ. ਜੈਨੀ ਨੇ ਸਹੀ ਕਿਹਾ ਹੈ ਕਿ ਇਹਨਾਂ ਛੇ ਲੈਸ਼ਿਆਂ ਦੇ ਰੰਗ ਤੋਂ ਮਨੁੱਖ ਦੇ ਭਾਵਾਂ ਦੀ ਪਰਖ ਹੁੰਦੀ ਹੈ। ਇਸ ਦੀ ਤੁਲਨਾ ਔਰਾ ਨਾਲ ਕੀਤੀ ਜਾ ਸਕਦੀ ਹੈ। ਸੰਤ ਦਾ ਔਰਾ ਸਫੈਦ ਹੁੰਦਾ ਹੈ, ਕਰੋਧੀ ਦਾ ਲਾਲ ਅਤੇ ਦੁਸ਼ਟ ਦਾ ਕਾਲਾ।[54]

ਕਰਮ ਸਿਧਾਂਤ ਲੈਸ਼ਿਆ ਸਿਧਾਂਤ ਨਾਲ ਸੰਬੰਧਤ ਹੈ ਅਤੇ ਉਸ ਦਾ ਨੈਤਿਕ ਆਧਾਰ ਹੈ। ਡਾ: ਰਾਧਾ ਕ੍ਰਿਸ਼ਨ ਨੇ ਲਿਖਿਆ ਹੈ, "ਕਰਮ ਨਾਲ ਸੰਬੰਧਤ ਲੈਸ਼ਿਆ ਦਾ ਸਿਧਾਂਤ ਹੈ, ਇਹ ਲੈਸ਼ਿਆ ਛੇ ਹਨ: ਕਰਮ ਨਾਲ ਢੱਕੇ ਵਿਅਕਤੀ ਦੇ ਭਿੰਨ ਭਿੰਨ ਭਾਵ ਉਸ ਦੇ ਅੰਦਰ ਛੁੱਪੇ ਰਹਿੰਦੇ ਹਨ ਜੋ ਨੰਗੀਆਂ ਅੱਖਾਂ ਨਾਲ ਨਹੀਂ ਵੇਖੇ ਜਾ ਸਕਦੇ। ਇਹਨਾਂ ਦਾ ਨੈਤਿਕ ਆਧਾਰ ਹੈ।[55]

ਲੈਸ਼ਿਆ ਅਤੇ ਕਰਮ ਦੇ ਬੰਧ ਜੀਵਾਂ ਦੀਆਂ ਪੰਜ ਅਵਸਥਾਵਾਂ ਹਨ ਜਿਨ੍ਹਾਂ ਨੂੰ ਭਾਵ ਕਿਹਾ ਜਾਂਦਾ ਹੈ।[56]

1. ਔਦਿਯਕ ਭਾਵ - ਬੰਧਨ ਹੋਏ ਕਰਮ ਜੱਦ ਉਦੈ ਅਵਸਥਾ ਵਿੱਚ ਆਉਂਦੇ ਹਨ ਤਦ ਉਸ ਕਰਮ ਬੰਧਨ ਜੀਵ ਦੀ ਵੀ ਵਿਸ਼ੇਸ਼ ਸਥਿਤੀ ਹੁੰਦੀ ਹੈ। ਜੀਵ ਦੀ ਇਸ ਸਥਿਤੀ ਵਿਸ਼ੇਸ਼ ਨੂੰ ਔਦਿਯਕ ਭਾਵ ਆਖਦੇ ਹਨ। ਇਸ ਕਾਰਨ ਜੀਵ ਨੂੰ ਸੰਸਾਰ ਵਿੱਚ ਘੁੰਮਣਾ ਪੈਂਦਾ ਹੈ।

2. ਔਪਸ਼ਮਿਕ ਭਾਵ - ਬੰਨ੍ਹੇ ਹੋਏ ਕਰਮਾਂ ਦੀ ਉਪਸ਼ਾਂਤ ਅਵਸਥਾ ਵਿੱਚ ਉਤਪੰਨ ਜੀਵ ਦੀ ਸਥਿਤੀ ਵਿਸ਼ੇਸ਼ ਨੂੰ ਔਪਸ਼ਮਿਕ ਭਾਵ ਆਖਦੇ ਹਨ। ਮਿਥਿਆਤਵ ਆਦਿ ਕਰਮ ਪ੍ਰਕ੍ਰਿਤੀ ਦੇ ਉਪਸ਼ਮ ਤੋਂ ਇਹ ਅਵਸਥਾ ਪ੍ਰਗਟ ਹੁੰਦੀ ਹੈ।

3. ਕਸ਼ਾਯੋਸ਼ਮਿਕ ਭਾਵ - ਕਰਮਾਂ ਦੀ ਕਸ਼ਯੋਕਸ਼ਮ ਉਤਪੰਨ ਜੀਵ ਦੀ ਸਥਿਤੀ ਵਿਸ਼ੇਸ਼ ਨੂੰ ਕਸ਼ਾਯੋਸ਼ਮਿਕ ਭਾਵ ਆਖਦੇ ਹਨ। ਜਿਵੇਂ ਕੋਂਦੋ (ਜੌਂ) ਨੂੰ ਧੋਨ ਨਾਲ ਕੋਂਦਾਂ ਦੀ ਨਸ਼ੇ ਦੀ ਸ਼ਕਤੀ ਹਲਕੀ ਹੋ ਜਾਂਦੀ ਹੈ ਅਤੇ ਕੁਝ ਹਲਕੀ ਨਹੀਂ ਹੁੰਦੀ ਉਸੇ ਪ੍ਰਕਾਰ ਪਰਿਣਾਮਾਂ ਦੀ ਨਿਰਮਲਤਾ ਵਿੱਚ ਕਰਮਾਂ ਦੇ ਇੱਕ

ਦੇਸ਼ (ਹਿੱਸਾ) ਦਾ ਸਮਾਪਤ ਹੋ ਜਾਣਾ ਅਤੇ ਇੱਕ ਦੇਸ਼ ਦਾ ਉਪਸ਼ਮ ਹੋਣਾ ਕਸ਼ਾਯੋਸ਼ਮਿਕ ਭਾਵ ਹੈ। ਇਸ ਦੇ ਸੱਤ ਭੇਦ ਹੁੰਦੇ ਹਨ।

4. ਕਸ਼ਾਯਕ ਭਾਵ – ਕਰਮਾਂ ਦੀ ਜ਼ਿਆਦਾ ਨਿਰਵਤੀ ਤੋਂ ਜੋ ਕਰਮਾਂ ਦੀ ਜ਼ਿਆਦਾ ਸ਼ੁੱਧੀ ਹੁੰਦੀ ਹੈ ਉਹ ਕਸ਼ਾਯਕ ਭਾਵ ਹੈ। ਇਸ ਦੇ ਨੌਂ ਭੇਦ ਹੁੰਦੇ ਹਨ।

5. ਪਰੀਨਾਮਕ ਭਾਵ – ਜੋ ਭਾਵ ਦਰੱਵ ਜੀਵ ਵਿੱਚ ਪਰਾਏ ਸੰਬੰਧ ਦੇ ਬਿਨ੍ਹਾਂ ਕੁਦਰਤੀ ਹੁੰਦੇ ਹਨ। ਉਹ ਪਰੀਨਾਮਕ ਭਾਵ ਹੁੰਦੇ ਹਨ। ਚੇਤਨਿਆ ਭਾਵ ਹੀ ਜੀਵ ਦਾ ਪਰੀਨਾਮਕ ਭਾਵ ਹੈ। ਇਹ ਭਾਵ ਤਿੰਨ ਪ੍ਰਕਾਰ ਦਾ ਹੁੰਦਾ ਹੈ। ਜੀਵੱਤਵ, ਭੱਵਯਤਵ, ਅਭੱਵਯਤਵ।

## ਸੰਸਾਰ ਦਾ ਸਿਧਾਂਤ

ਉਪਰੋਕਤ ਵਰਣਨ ਤੋਂ ਇਹ ਸਪੱਸ਼ਟ ਹੈ ਕਿ ਕਰਮ ਅਤੇ ਪੁਨਰ ਜਨਮ ਸਿਧਾਂਤਾਂ ਦਾ ਡੂੰਘਾ ਸੰਬੰਧ ਹੈ। ਬੰਧ ਅਵਸਥਾ ਵਿੱਚ ਆਤਮਾ ਬਾਰ ਬਾਰ ਜਨਮ ਗ੍ਰਹਿਣ ਕਰਦਾ ਹੈ। ਸੰਸਾਰ ਵਿੱਚ ਉਸ ਦਾ ਨਿਸ਼ਚੈ ਹੀ ਉਸ ਦੇ ਬੰਨ੍ਹੇ ਹੋਏ ਕਰਮਾਂ ਤੇ ਨਿਰਭਰ ਕਰਦਾ ਹੈ। ਪੁਨਰ ਜਨਮ ਦਾ ਸਿਧਾਂਤ ਭੂਤ, ਵਰਤਮਾਨ ਅਤੇ ਭਵਿੱਖ ਦੀ ਹੋਂਦ ਨੂੰ ਸਿੱਧ ਕਰਦਾ ਹੈ।

ਸਰਵਾਰਥ ਸਿੱਧੀ ਵਿੱਚ ਸੰਸਾਰ ਦਾ ਅਰਥ ਇਸ ਪ੍ਰਕਾਰ ਹੈ: ਸੰਸਰਨ (ਆਉਣਾ ਜਾਣਾ) ਕਰਨ ਨੂੰ ਹੀ ਸੰਸਾਰ ਆਖਦੇ ਹਨ। ਕਰਮ ਦੇ ਵਿਪਾਕ ਦੇ ਵੱਸ ਵਿੱਚ ਆਤਮਾ ਨੂੰ ਭੱਵਅੰਤਰ ਦੀ ਪ੍ਰਾਪਤੀ ਹੋਣਾ ਹੀ ਸੰਸਾਰ ਹੈ।[57] ਪਰਿਵਰਤਨ ਦਾ ਅਰਥ ਹੈ ਬਦਲਾਉ। ਜੀਵ ਇੱਕ ਸਰੀਰ ਨੂੰ ਛੱਡਦਾ ਹੈ ਅਤੇ ਦੂਸਰੇ ਨਵੇਂ ਸਰੀਰ ਨੂੰ ਗ੍ਰਹਿਣ ਕਰਦਾ ਹੈ, ਉਸ ਤੋਂ ਬਾਅਦ ਉਸ ਸਰੀਰ ਨੂੰ ਛੱਡਦਾ ਹੈ ਅਤੇ ਫੇਰ ਨਵਾਂ ਗ੍ਰਹਿਣ ਕਰਦਾ ਹੈ। ਇਸੇ ਜਨਮ ਮਰਨ ਪ੍ਰਕ੍ਰਿਆ ਨੂੰ ਸੰਸਾਰ ਆਖਿਆ ਗਿਆ ਹੈ।[58]

'ਸੰਸਾਰ' ਸ਼ਬਦ 'ਸਮ' ਉਪਸ੍ਰਗ ਪੁਰਵਕ 'ਸ੍ਰ' ਧਾਤੂ ਤੋਂ ਉਤਪੰਨ ਹੁੰਦਾ ਹੈ। ਜਿਸ ਦਾ ਅਰਥ ਹੈ ਨਾਲ ਨਾਲ ਚੱਲਣਾ, ਘੁੰਮਣਾ, ਭਟਕਣਾ, ਜਨਮ ਮਰਨ ਦਾ ਚੱਕਰ ਲਗਾਉਣਾ।[59]

ਸੰਸਾਰ ਵਿੱਚ ਰਹਿਣ ਦਾ ਅਰਥ ਹੈ ਕਰਮ ਬੰਧ ਦੀ ਅਵਸਥਾ। ਇਸ ਲਈ ਕਰਮ ਅਤੇ ਪੁਨਰ ਜਨਮ ਵਿੱਚ ਡੂੰਘਾ ਸੰਬੰਧ ਹੈ। ਜੀਵ ਸੰਸਾਰ ਵਿੱਚ ਇੱਛਾ

ਰਾਹੀਂ ਸੰਚਾਲਤ ਹੈ। ਇੱਛਾ ਤੋਂ ਕਰਮ ਅਤੇ ਕਰਮ ਦੇ ਕਾਰਨ ਜੀਵ ਨੂੰ ਭਿੰਨ ਭਿੰਨ ਗਤੀਆਂ ਵਿੱਚ ਜਨਮ ਮਰਨ ਕਰਨਾ ਪੈਂਦਾ ਹੈ। ਜੀਵ ਕਰਮ ਕਾਰਨ ਸਰੀਰ ਇੰਦਰੀਆਂ ਗ੍ਰਹਿਣ ਕਰਦਾ ਹੈ। ਇੰਦਰੀਆਂ ਤੋਂ ਇੱਛਾ ਅਤੇ ਇੱਛਾ ਤੋਂ ਕਰਮ ਬੰਧ ਹੁੰਦਾ ਹੈ। ਇਸ ਪ੍ਰਕਾਰ ਕਰਮ ਅਤੇ ਕਰਮ ਤੋਂ ਪੁਨਰ ਜਨਮ ਦਾ ਚੱਕਰ ਚੱਲਦਾ ਰਹਿੰਦਾ ਹੈ।[60]

ਧਵਲਾ ਦੇ ਅਨੁਸਾਰ ਸੰਸਾਰ ਇਸ ਇੱਛਾ ਜਾਂ ਕਰਮ ਦਾ ਪਰਿਣਾਮ ਹੈ ਜੋ ਆਤਮਾ ਦੇ ਮੂਲ ਸੁਭਾਅ ਨੂੰ ਢੱਕ ਲੈਂਦਾ ਹੈ ਅਤੇ ਸੰਸਾਰ ਦੀਆਂ ਚਾਰ ਗਤੀਆਂ ਵਿੱਚ ਘੁੰਮਦਾ ਰਹਿੰਦਾ ਹੈ।[61] ਇਹ ਘੁੰਮਣਾ ਤੱਦ ਤੱਕ ਬਣਿਆ ਰਹਿੰਦਾ ਹੈ ਜਦ ਤੱਕ ਮਨ, ਵਚਨ, ਕਾਇਆ ਦਾ ਪਰੀਸਪੰਦਨ ਬੰਦ ਨਹੀਂ ਹੁੰਦਾ। ਇਸ ਕਾਰਜ ਤੋਂ ਮੁਕਤੀ ਹੀ ਮੁਕਤੀ ਹੈ।[62]

ਸੰਸਾਰ ਦਾ ਵਰਣਨ ਪੰਜ ਪ੍ਰਕਾਰ ਦੇ ਪਰਿਵਰਤਨ ਰੂਪ ਵਿੱਚ ਕੀਤਾ ਜਾਂਦਾ ਹੈ - ਦ੍ਰਵ, ਖੇਤਰ, ਕਾਲ, ਭੱਵ ਅਤੇ ਭਾਵ ਪਰਿਵਰਤਨ।[63]

ਇਹ ਜੀਵ ਅਨਾਦਿ ਕਾਲ ਤੋਂ ਇਸ ਸੰਸਾਰ ਵਿੱਚ ਘੁੰਮ ਰਿਹਾ ਹੈ ਅਤੇ ਅੰਨਤ ਵਾਰ ਜਨਮ ਮਰਨ ਪ੍ਰਾਪਤ ਕਰਦਾ ਰਿਹਾ ਹੈ ਚਾਰਾਂ ਗਤੀਆਂ ਵਿੱਚ। ਇਹਨਾਂ ਪਰਿਵਰਤਨਾਂ ਵਿੱਚ ਸਭ ਤੋਂ ਘੱਟ ਭਾਵ ਪਰਿਵਰਤਨ ਹੁੰਦਾ ਹੈ, ਉਸ ਤੋਂ ਬਾਅਦ ਭਵ ਫੇਰ ਕਾਲ ਫੇਰ ਖੇਤਰ ਫੇਰ ਪੁਦਗਲ ਪਰਿਵਰਤਨ ਹੁੰਦਾ ਹੈ। ਭਾਵ ਸਭ ਤੋਂ ਜ਼ਿਆਦ ਪੁਦਗਲ ਪਰਿਵਰਤਨ ਹੁੰਦਾ ਹੈ। ਕਾਲ ਦੀ ਦ੍ਰਿਸ਼ਟੀ ਤੋਂ ਸਭ ਤੋਂ ਘੱਟ ਪੁਦਗਲ ਪਰਿਵਰਤਨ ਦਾ ਸਮਾਂ ਹੈ, ਇਸ ਤੋਂ ਬਾਅਦ ਸਿਲਸਿਲੇਵਾਰ ਖੇਤਰ, ਕਾਲ, ਭਵ ਅਤੇ ਭਾਵ ਪਰਿਵਰਤਨਾਂ ਦਾ ਕਾਲ ਅਨੰਤ ਗੁਣਾ ਵੱਧਦਾ ਜਾਂਦਾ ਹੈ।[64]

ਕਰਮ ਆਸ਼ਰਵ ਦਾ ਮੂਲ ਕਾਰਨ ਮਿੱਥਿਆਤਵ ਹੈ। ਇਹੋ ਸੰਸਾਰ ਦਾ ਕਾਰਨ ਹੈ। ਬੁੱਧ ਧਰਮ ਵਿੱਚ ਵੀ ਇਹੋ ਸਿਧਾਂਤ ਮਿਲਦਾ ਹੈ। ਉੱਥੇ ਅਵਿਦਿਆ ਜੋ ਮਿੱਥਿਆਤਵ ਦਾ ਹੀ ਨਾਮਾਂਤਰਨ ਹੈ ਨੂੰ ਸੰਸਾਰ ਦਾ ਕਾਰਨ ਦੱਸਿਆ ਗਿਆ ਹੈ। ਬੁੱਧ ਧਰਮ ਦਾ ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਜੈਨ ਧਰਮ ਦੇ ਕਰਮ ਅਤੇ ਪੁਨਰ ਜਨਮ ਦੇ ਸਿਧਾਂਤ ਤੋਂ ਅਲੱਗ ਹੈ। ਬੁੱਧ ਧਰਮ ਵਿੱਚ ਵਿਅਕਤੀ ਰੂਪ, ਵੇਦਨਾ, ਸੰਗਿਆ, ਸੰਸਕਾਰ ਅਤੇ ਵਿਗਿਆਨ ਇਹਨਾਂ ਪੰਜ

ਸਕੰਧਾਂ ਦਾ ਸੰਘਾਤ ਮਾਤਰ ਹੈ। ਜੋ ਪਿਛਲੇ ਜਨਮ ਦੇ ਕਰਮਾਂ ਕਾਰਨ ਉਤਪੰਨ ਹੁੰਦਾ ਹੈ। ਵਰਤਮਾਨ ਜੀਵਨ ਦੇ ਕੰਮ ਅੱਗਲੇ ਜਨਮ ਦੇ ਲਈ ਕਰਮ ਕਾਰਨ ਬਣਦੇ ਹਨ। ਜਨਮ ਦੀ ਇਹ ਪ੍ਰੰਪਰਾ ਅਵਿਦਿਆ ਰਾਹੀਂ ਚੱਲਦੀ ਹੈ।

## ਪੁਨਰ ਜਨਮ ਦੀ ਪ੍ਰਕ੍ਰਿਆ

ਆਤਮਾ ਦੇ ਪੁਨਰ ਜਨਮ ਦੀ ਪ੍ਰਕ੍ਰਿਆ ਦੇ ਬਾਰੇ ਵੈਦਿਕ ਮਾਨਤਾ ਇਹ ਹੈ ਕਿ ਜਿਵੇਂ ਸੁਨਿਆਰ ਸੋਨੇ ਦੇ ਗਹਿਣੇ ਨੂੰ ਅੱਗ ਵਿੱਚ ਪਿਘਲਾ ਕੇ ਉਸ ਦੇ ਨਵੇਂ ਗਹਿਣੇ ਬਣਾ ਦਿੰਦਾ ਹੈ। ਉਸੇ ਤਰ੍ਹਾਂ ਆਤਮਾ ਨਵੇਂ ਸਰੀਰ ਵਿੱਚ ਨਵਾਂ ਜਨਮ ਗ੍ਰਹਿਣ ਕਰਦਾ ਹੈ।[65] ਆਤਮਾ ਅਪਣੇ ਸਰੀਰ ਨੂੰ ਉਸਦੀ ਹੋਂਦ ਵਾਲੇ ਤੱਤਵਾਂ ਨੂੰ ਲੈਕੇ ਨਵੇਂ ਆਕਾਰ ਵਿੱਚ ਪਰੀਨਮਿਤ ਕਰਦਾ ਹੈ।[66]

ਜਿਸ ਪ੍ਰਕਾਰ ਘੁਮਿਆਰ ਹਾਜ਼ਰ ਮਿੱਟੀ ਤੋਂ ਨਵਾਂ ਘੜਾ ਬਣਾਉਂਦਾ ਹੈ, ਜੈਨ ਸਿਧਾਂਤ ਦੇ ਅਨੁਸਾਰ ਮੌਤ ਦੇ ਸਮੇਂ ਆਤਮਾ ਤੇਜ਼ਸ ਅਤੇ ਕਾਰਮਨ ਸਰੀਰ ਸਹਿਤ ਹੁੰਦਾ ਹੈ। ਨਵੇਂ ਸਰੀਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਉਹ ਕੁੱਝ ਸਮੇਂ ਆਪਣੇ ਪਹਿਲੇ ਆਕਾਰ ਵਿੱਚ ਰਹਿੰਦਾ ਹੈ ਅਤੇ ਫੇਰ ਨਵਾਂ ਸਰੀਰ ਗ੍ਰਹਿਣ ਕਰਦਾ ਹੈ। ਬੁੱਧ ਧਰਮ ਇਹ ਮੰਨਦਾ ਹੈ ਕਿ ਮੌਤ ਸਮੇਂ ਪੰਜ ਸਕੰਧ ਸਮਾਪਤ ਹੋ ਜਾਂਦੇ ਹਨ ਖਾਲੀ ਵਿਗਿਆਨ ਬਚ ਜਾਂਦਾ ਹੈ। ਜੋ ਪੁਨਰ ਜਨਮ ਵਿੱਚ ਕਰਮ ਸਹਿਤ ਹੋਣ ਦੇ ਕਾਰਨ ਨਵਾਂ ਜਨਮ ਲੈਂਦਾ ਹੈ।

## ਚਾਰ ਗਤੀਆਂ

ਜੈਨ ਧਰਮ ਅਨੁਸਾਰ ਚਾਰ ਗਤੀਆਂ ਮੰਨੀਆਂ ਜਾਂਦੀਆਂ ਹਨ। ਦੇਵ ਗਤੀ, ਮਨੁੱਖ ਗਤੀ, ਤ੍ਰਿਅੰਚ (ਪਸ਼ੂ) ਅਤੇ ਨਰਕ ਗਤੀ। ਜੈਨ ਧਰਮ ਸਥਿਰ ਰੂਪ ਵਿੱਚ ਵਿਸ਼ਵਾਸ ਕਰਦਾ ਹੈ ਕਿ ਹਰ ਪ੍ਰਾਣੀ ਨੂੰ ਅਪਣੇ ਕੀਤੇ ਕਰਮਾਂ ਦਾ ਫਲ ਭੋਗਣਾ ਹੀ ਪਵੇਗਾ, ਇਸ ਜਨਮ ਵਿੱਚ ਜਾਂ ਅਗਲੇ ਜਨਮ ਵਿੱਚ। ਸ਼ੁਭ ਕਰਮਾਂ ਰਾਹੀਂ ਉਹ ਦੇਵ ਗਤੀ ਅਤੇ ਮਨੁੱਖ ਗਤੀ ਵਿੱਚ ਜਨਮ ਲੈਂਦਾ ਹੈ। ਅਸ਼ੁਭ ਕਰਮਾਂ ਕਾਰਨ ਨਰਕ ਗਤੀ ਅਤੇ ਤ੍ਰਿਅੰਚ ਗਤੀ ਵਿੱਚ ਜਾਣਾ ਪੈਂਦਾ ਹੈ।

ਜੈਨ ਧਰਮ ਅਨੁਸਾਰ ਹਰ ਅਸੀਤੱਤਵਾਂ ਜਾਂ ਗਤੀ ਵਿੱਚ ਜਨਮ ਲੈਣ ਦੇ ਚਾਰ ਕਾਰਨ ਹੁੰਦੇ ਹਨ। ਦੇਵ ਗਤੀ ਦੇ ਵਿੱਚ ਜਨਮ ਲੈਣ ਦੇ ਇਹ ਚਾਰ ਕਾਰਨ

ਹਨ: 1. ਸਰਾਗ ਸੰਜਮ, 2. ਸ੍ਰਾਵਕ ਜੀਵਨ, 3. ਅਗਿਆ ਤਪ ਬਿਨ੍ਹਾਂ ਕੋਈ ਸਿੱਟਾ ਜਾਣਦੇ ਹੋਏ, 4. ਅਕਾਮਨਿਰਜਰਾ (ਬਿਨ੍ਹਾ ਉਦੇਸ਼ ਤੋਂ ਤੱਪ ਕਰਨ ਨਾਲ) ਚਾਰ ਕਾਰਨਾਂ ਨਾਲ ਪਸ਼ੂ ਗਤੀ ਵਿੱਚ ਪੈਦਾ ਹੋਣ ਯੋਗ ਕਰਮ ਬੰਧਨ ਹੁੰਦਾ ਹੈ।

1. ਮਨ ਦੀ ਕੁਟਿਲਤਾ, 2. ਭੇਸ ਬਦਲ ਕੇ ਠੱਗਣ ਤੋਂ, 3. ਝੂਠ ਬੋਲਣ ਤੋਂ, 4. ਝੂਠੇ ਮਾਪ ਤੋਲ ਕਰਨ ਤੋਂ।

ਚਾਰ ਕਾਰਨਾਂ ਕਰਕੇ ਮਨੁੱਖ ਗਤੀ ਵਿੱਚ ਉਤਪੰਨ ਯੋਗ ਕਰਮ ਬੰਧ ਹੁੰਦੇ ਹਨ:

1. ਸਰਲ ਸੁਭਾਅ ਤੋਂ, 2. ਨਿਮਰਤਾ ਤੋਂ, 3. ਰਹਿਮ ਦਿਲੀ, 4. ਧੋਖੇਬਾਜ਼ੀ ਨਾ ਰੱਖਣ ਤੇ,

ਚਾਰ ਕਾਰਨਾਂ ਕਰਕੇ ਨਰਕ ਯੋਗ ਕਰਮ ਬੰਧਨ ਹੁੰਦਾ ਹੈ:-

1. ਮਹਾ ਆਰੰਭ (ਹਿੰਸਾ) ਕਰਨ ਤੇ, 2. ਮਹਾ ਪਰੀਗ੍ਰਹਿ ਕਰਨ ਤੋਂ, 3. ਪੰਜ ਇੰਦਰੀਆਂ ਦੇ ਜੀਵਾਂ ਨੂੰ ਮਾਰਨ ਤੇ, 4. ਮਾਸ ਦਾ ਭੋਜਨ ਕਰਨ ਤੇ

ਕਰਮਾਂ ਦਾ ਫਲ ਉਹਨਾਂ ਦੀ ਪ੍ਰਕ੍ਰਿਤੀ ਸਥਿਤੀ ਕਾਲ ਆਦਿ ਤੇ ਨਿਰਭਰ ਕਰਦਾ ਹੈ। ਜਦ ਕਦੀ ਜੀਵ ਆਪਣੇ ਕਰਮਾਂ ਦਾ ਫਲ ਇਸ ਜੀਵਨ ਵਿੱਚ ਨਹੀਂ ਭੋਗ ਪਾਉਂਦਾ ਤਾਂ ਉਹ ਉਸ ਨੂੰ ਅਗਲੇ ਜਾਂ ਉਸ ਤੋਂ ਬਾਅਦ ਦੇ ਭਵਾਂ ਵਿੱਚ ਭੋਗਦਾ ਹੈ। ਸਥਾਨਾਂਗ ਸੂਤਰ[67] ਵਿੱਚ ਕਰਮ ਫਲ ਦੇ ਅੱਠ ਮਾਰਗ ਦਿੱਤੇ ਗਏ ਹਨ।

1. ਵਰਤਮਾਨ ਜੀਵਨ ਵਿੱਚ ਕੀਤੇ ਦੁਸ਼ਕਰਮ ਦਾ ਫਲ ਵਰਤਮਾਨ ਵਿੱਚ ਮਿਲਦਾ ਹੈ। ਜਿਸ ਤਰ੍ਹਾਂ ਚੋਰ ਨੂੰ ਚੋਰੀ ਦਾ ਫਲ ਉਸੇ ਜਨਮ ਵਿੱਚ ਮਿਲ ਜਾਂਦਾ ਹੈ।

2. ਵਰਤਮਾਨ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦਾ ਫਲ ਅਗਲੇ ਜੀਵਨ ਵਿੱਚ ਮਿਲਦਾ ਹੈ ਜਿਵੇਂ ਮਨੁੱਖ ਦੇ ਮਾੜੇ ਕਰਮ ਕਰਨ ਤੇ ਉਹ ਨਰਕ ਵਿੱਚ ਜਾਂਦਾ ਹੈ।

3. ਪੁਰਾਣੇ ਜੀਵਨ ਵਿੱਚ ਕੀਤੇ ਬੁਰੇ ਕਰਮ ਦਾ ਫਲ ਵਰਤਮਾਨ ਜੀਵਨ ਵਿੱਚ ਮਿਲਦਾ ਹੈ। ਜਿਵੇਂ ਮਨੁੱਖ ਸੁੱਖ ਦੁੱਖ ਦਾ ਅਨੁਭਵ ਇਸ ਜੀਵਨ ਵਿੱਚ ਕਰਦਾ ਹੈ।

4. ਪੁਰਾਣੇ ਜੀਵਨ ਵਿੱਚ ਕੀਤੇ ਮਾੜੇ ਕਰਮ ਦਾ ਫਲ ਵਰਤਮਾਨ ਅਤੇ ਭਵਿੱਖ ਦੇ ਜੀਵਨ ਵਿੱਚ ਮਿਲਦਾ ਹੈ। ਜਿਵੇਂ ਮਨੁੱਖ ਅਪਣੇ ਭੂਤਕਾਲ ਤੇ ਜੀਵਨ ਵਿੱਚ ਕੀਤੇ ਮਾੜੇ ਕਰਮ ਦੇ ਫਲ ਤੋਂ ਪਸ਼ੂ ਗਤੀ ਪਾਉਂਦਾ ਹੈ ਅਤੇ ਫੇਰ ਨਰਕ ਵਿੱਚ ਜਾਂਦਾ ਹੈ।

5. ਸ਼ੁਭ ਕਰਮ ਇਸ ਜੀਵਨ ਵਿੱਚ ਕਰਨ ਨਾਲ ਉਸ ਦਾ ਫਲ ਵੀ ਇਸੇ ਜੀਵਨ ਵਿੱਚ ਮਿਲਦਾ ਹੈ।

6. ਭੂਤਕਾਲ ਦੇ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦਾ ਫਲ ਭਵਿੱਖ ਦੇ ਜਨਮ ਵਿੱਚ ਮਿਲਦਾ ਹੈ।

7. ਭੂਤਕਾਲ ਦੇ ਜੀਵਨ ਵਿੱਚ ਕੀਤੇ ਮਾੜੇ ਕਰਮਾਂ ਦਾ ਫਲ ਵਰਤਮਾਨ ਜੀਵਨ ਵਿੱਚ ਮਿਲਦਾ ਹੈ।

8. ਭੂਤਕਾਲ ਦੇ ਜੀਵਨ ਵਿੱਚ ਕੀਤੇ ਦੁਸ਼ ਕਰਮਾਂ ਦਾ ਫਲ ਵਰਤਮਾਨ ਜੀਵਨ ਵਿੱਚ ਜਾਂ ਬਾਅਦ ਵਿੱਚ ਵੀ ਮਿਲਦਾ ਹੈ।

ਇਸੇ ਪ੍ਰਕਾਰ ਦੇ ਸਿਧਾਂਤ ਛਾਂਦੋਂਗਯੋ ਉਪਨਿਸ਼ਧ ਆਦਿ ਵਿੱਚ ਵੀ ਉਪਲਬਧ ਹੁੰਦੇ ਹਨ।

ਜਿਨ੍ਹਾਂ ਦਾ ਆਚਰਨ ਚੰਗਾ ਰਿਹਾ ਹੈ ਉਹ ਛੇਤੀ ਹੀ ਉੱਤਮ ਜਨਮ ਪਾ ਲੈਂਦੇ ਹਨ। ਬ੍ਰਾਹਮਣ ਖੱਤਰੀ ਜਾਂ ਬਾਣੀਆ ਕੁਲ ਵਿੱਚ। ਪਰ ਜਿਨ੍ਹਾਂ ਦਾ ਆਚਰਨ ਚੰਗਾ ਨਹੀਂ ਹੁੰਦਾ ਉਹ ਛੇਤੀ ਹੀ ਕੁੱਤੇ, ਚੰਡਾਲ ਜਿਹੇ ਬੁਰੇ ਕੁਲ ਵਿੱਚ ਜਨਮ ਗ੍ਰਹਿਣ ਕਰਦੇ ਹਨ।[68]

ਕੁੱਝ ਵਿਅਕਤੀ ਆਪਣੇ ਕਰਮ ਅਤੇ ਭਾਵ ਦੇ ਅਨੁਸਾਰ ਦੂਸਰਾ ਜਨਮ ਗ੍ਰਹਿਣ ਕਰਦੇ ਹਨ। ਕੁੱਝ ਫੇਰ ਬਨਸਪਤੀ ਕਾਇਆ ਜੀਵਾਂ ਵਿੱਚ ਜਨਮ ਗ੍ਰਹਿਣ ਕਰਦੇ ਹਨ।[69]

## ਪੁਨਰ ਜਨਮ ਦਾ ਜੈਨ ਸਿਧਾਂਤ

ਜੈਨ ਧਰਮ ਵਿੱਚ ਪੰਜ ਪ੍ਰਕਾਰ ਦੇ ਸਰੀਰਾਂ ਦਾ ਵਰਣਨ ਮਿਲਦਾ ਹੈ – ਔਦਾਰਿਕ, ਵੇਕ੍ਰਿਆ, ਆਹਾਰਕ, ਤੇਜ਼ਸ ਅਤੇ ਕਾਰਮਨ।

1. ਔਦਾਰਿਕ – ਜੋ ਸਰੀਰ ਜਲਾਇਆ ਜਾ ਸਕੇ ਜਿਸ ਦਾ ਛੇਦਨ ਭੇਦਨ ਹੋ ਸਕੇ ਉਹ ਔਦਾਰਿਕ ਸਰੀਰ ਹੈ। ਮਨੁੱਖ, ਪਸ਼ੂ, ਪੰਛੀ ਆਦਿ ਦਾ ਸਰੀਰ ਔਦਾਰਿਕ ਹੁੰਦਾ ਹੈ।

2. ਵੇਕ੍ਰਿਆ – ਜੋ ਸਰੀਰ ਛੋਟਾ ਬੜਾ ਆਦਿ ਭਿੰਨ ਭਿੰਨ ਰੂਪਾਂ ਨੂੰ ਧਾਰਨ ਕਰ ਸਕੇ ਉਹ ਵੇਕ੍ਰਿਆ ਅਖਵਾਉਂਦਾ ਹੈ। ਇਹ ਸਰੀਰ ਦੇਵਤਾ ਅਤੇ ਨਾਰਕੀ ਜੀਵਾਂ ਦਾ ਹੁੰਦਾ ਹੈ।

3. ਆਹਾਰਕ – ਜੋ ਸਰੀਰ ਕੇਵਲ 14 ਪੂਰਵ ਧਾਰੀ ਗਿਆਨੀ ਮੁਨੀ ਦੁਆਰਾ ਹੀ ਰੱਚਿਆ ਜਾ ਸਕਦਾ ਹੈ। ਉਸ ਨੂੰ ਆਹਾਰਕ ਸਰੀਰ ਆਖਦੇ ਹਨ।

4. ਤੇਜ਼ਸ – ਜੋ ਸਰੀਰ ਗਰਮੀ ਦਾ ਕਾਰਨ ਹੈ ਅਤੇ ਭੋਜਨ ਪਚਾਉਣ ਦਾ ਕੰਮ ਕਰਦਾ ਹੈ ਉਹ ਤੇਜ਼ਸ ਸਰੀਰ ਅਖਵਾਉਂਦਾ ਹੈ।

5. ਕਾਰਮਨ – ਕਰਮ ਸਮੂਹ ਹੀ ਕਾਰਮਨ ਸਰੀਰ ਹੈ।

ਪੁਨਰ ਜਨਮ ਦੇ ਜੈਨ ਸਿਧਾਂਤ ਨੂੰ ਇਹਨਾਂ ਪੰਜ ਸਰੀਰਾਂ ਦੇ ਰਾਹੀਂ ਸਮਝਿਆ ਜਾ ਸਕਦਾ ਹੈ। ਆਤਮਾ ਦੇ ਤੇਜ਼ਸ ਅਤੇ ਕਾਰਮਨ ਸਰੀਰ ਹੁੰਦੇ ਹੀ ਹਨ, ਇਹਨਾਂ ਸਰੀਰਾਂ ਵਿੱਚ ਪੁਨਰਜਨਮ ਦੇ ਬੀਜ ਰਹਿੰਦੇ ਹਨ ਜਿਸ ਨੂੰ ਆਤਮਾ ਧਾਰਨ ਕਰਦੇ ਹਨ। ਕਾਰਮਨ ਸਰੀਰ ਤੋਂ ਹੀ ਪੁਨਰਜਨਮ ਮਿਲਦਾ ਹੈ। ਇਹ ਆਤਮਾ ਤੇ ਦ੍ਰਵ ਦਾ ਸੰਯੋਗ ਹੈ, ਜਿਵੇਂ ਕਿ ਸੀ. ਆਰ. ਜੈਨ ਨੇ ਕਿਹਾ ਹੈ – ਕਾਰਮਨ ਸਰੀਰ ਅਗਲਾ ਜਨਮ ਤੈ ਕਰਦਾ ਹੈ।[70]

ਕਾਰਮਨ ਸਰੀਰ ਜੋ ਪੁਨਰ ਜਨਮ ਵਿੱਚ ਮੁੱਖ ਕਾਰਨ ਹੈ ਜੀਵ ਅਤੇ ਪੁਦਗਲ ਦਾ ਸੰਘਾਤ ਰੂਪ ਹੈ। ਇਹ ਪੁਨਰ ਜਨਮ ਦਾ ਬੀਜ ਹੈ ਅਤੇ ਭਾਗ ਨੂੰ ਚਲਾਉਣ ਦੀ ਸ਼ਕਤੀ ਰੱਖਦਾ ਹੈ। ਬੁੱਧ ਧਰਮ ਦੇ ਅਨੁਸਾਰ ਮਨੁੱਖ ਦੇ ਸਰੀਰਕ ਅਤੇ ਮਾਨਸਿਕ ਭਾਗ ਨਸ਼ਟ ਹੋ ਜਾਂਦੇ ਹਨ ਅਤੇ ਸਿਰਫ ਵਿਗਿਆਨ ਬਾਕੀ ਰਹਿੰਦਾ ਹੈ। ਉਹ ਪੂਰਵ ਜਨਮ ਤੋਂ ਸੰਚਾਲਿਤ ਹੋ ਕੇ ਨਵਾਂ ਜਨਮ ਗ੍ਰਹਿਣ ਕਰਦਾ ਹੈ। ਵੇਦਾਂਤ ਵਿੱਚ ਤਿੰਨ ਪ੍ਰਾਕਰ ਦੇ ਸਰੀਰ ਮੰਨੇ ਗਏ ਹਨ। ਕਰਨ, ਸੂਖਮ ਅਤੇ ਸਥੂਲ ਸਰੀਰ। ਜਦਕਿ ਜੈਨ ਧਰਮ ਉਸ ਦੀ ਸੰਖਿਆ ਪੰਜ ਦੱਸਦਾ ਹੈ।

ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਤੇਜ ਬੁੱਧੀ ਦਾ ਸੁੰਦਰ ਫਲ ਹੈ। ਇਹ ਰੱਹਸਮਈ ਸਿਧਾਂਤ ਦਾ ਕੋਈ ਤਰਕ ਵਾਲਾ ਪਰੀਮਾਨ ਜਾਂ ਵਿਗਿਆਨਕ ਪਰੀਮਾਨ ਪ੍ਰਾਪਤ ਨਹੀਂ ਹੁੰਦਾ ਪਰ ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਸੰਸਾਰਕ ਦੁੱਖਾਂ ਦਾ ਤੱਥ ਸੰਗਤ ਉੱਤਰ ਹੈ।

## ਹਵਾਲੇ:

1. ਪੀ.ਵੀ. ਕਾਨ੍ਹੇ ਹਿਸਟਰੀ ਆਫ ਧਰਮ ਸ਼ਾਸ਼ਤਰਾ ਵੋਲਿਅਮ 5, ਪਾਰਟ 2 ਪੰਨਾ 1536
2. ਬ੍ਰਹਦਾਰੰਜਕ ਉਪਨਿਸ਼ਧ 4 - 4.3
3. ਉਹੀ 4 - 4.5.7
4. ਉਹੀ 4 - 3.13
5. ਛਾਦੰਗਯੋਉਪਨਿਸ਼ਧ 5 - 10.7 - 8
6. ਕਠੋਉਪਨਿਸ਼ਧ 5 - 6 - 7
7. ਉਹੀ 3 - 7
8. ਮ੍ਰਿਤਕਾਉਪਨਿਸ਼ਧ 2 - 37
9. ਭਗਵਤ ਗੀਤਾ 6 - 35 - 47
10. ਉਹੀ 4 - 5
11. ਉਹੀ 2.12 - 13, 22 - 27, 4.1 - 9, 7.19, 8.6, 15-16, 9-21
12. ਉਹੀ 11- 48
13. ਪੀ.ਵੀ. ਕਾਨ੍ਹੇ ਹਿਸਟਰੀ ਆਫ ਧਰਮ ਸ਼ਾਸ਼ਤਰਾ ਵੋਲਿਅਮ 5, ਪਾਰਟ 2 ਪੰਨਾ 1572-73
14. ਮੱਝੀਨਮਕਾਯ ਭਾਗ 3 ਪੰਨਾ 2 - 3
15. ਅੰਗਤੂਰਨਿਕਾਯ ਭਾਗ 5 ਪੰਨਾ 292
16. ਸੰਯੁਕਤ ਨਿਕਾਯ ਭਾਗ 2, ਪੰਨਾ 39 - 40
17. ਅੱਠਸਾਲਿਨੀ ਪੰਨਾ 88
18. ਵੇਖੋ ਚ. ਹਮਫ੍ਰੇਜ਼, ਕਰਮਾਂ ਐਂਡ ਰੀਬਰਥ
19. ਅਭਿਧਰਮ ਕੋਸ਼ ਭਾਗ 3 - 11 - 24
20. ਡੇ. ਲਾ. ਵਾਲੀ ਪਾਓਸਿਨ, “ਕਰਮਾ ਇਨ ਐਨਸਾਈਕਲੋਪੀਡਿਆ ਆਫ ਰਿਲੀਜਨ ਐਂਡ ਐਥਿਕਸ ਵੋਲੀਅਮ 8 ਪੰਨਾ 674
21. ਵਿਸ਼ੁੱਧੀ ਮੱਘ, 17 - 161

22. ਅੱਠਸਾਲਨੀ 3 - 117
23. ਮਿਰਸੇ ਏਲਿਯਾਰਡ, ਯੋਗਾ ਇਮੋਰਟਾਲੀਟੀ ਐਂਡ ਫਰੀਡਮ, ਪੰਨਾ 190 - 91
24. ਤੱਤਵਾਰਥ ਰਾਜਵਾਰਤਿਕ, 6 - 1 - 7
25. ਆਤਮ ਪਰਿਕਸ਼ਾ ਟੀਕਾ, 113 - 296
26. ਤੱਤਵਾਰਥ ਰਾਜਵਾਰਤਿਕ, 5 - 24 - 9 ਪੰਨਾ 488
27. ਐਚ. ਵੀ. ਗਲੈਸਨੇਪ, ਦੀ ਡੋਕਟਰਾਇਨ ਆਫ ਕਰਮਾ ਇਨ ਜੈਨ ਫਿਲਾਸਫੀ ਪੰਨਾ 3
28. ਪ੍ਰਵਚਨਸਾਰ 174, ਤਾਤਪ੍ਰੀਆ ਟੀਕਾ, ਜਿਨੇਂਦਰ ਸਿਧਾਂਤ ਕੋਸ਼ ਭਾਗ 3 ਪੰਨਾ 175
29. ਧਵਲਾ, 13, 5, 3, 12, 11, 9 ਜਿਨੇਂਦਰ ਸਿਧਾਂਤ ਕੋਸ਼ ਭਾਗ 3 ਪੰਨਾ 176
30. ਕਰਮ ਗ੍ਰੰਥ ਭਾਗ 1 ਪੰਨਾ 2
31. ਅਮ੍ਰਤਚੰਦ ਦਾ ਤੱਤਵਾਰਥਸਾਰ 16-18
32. ਐਚ. ਵੀ. ਗਲੈਸਨੇਪ, ਦੀ ਡੋਕਟਰਾਇਨ ਆਫ ਕਰਮਾ ਇਨ ਜੈਨ ਫਿਲਾਸਫੀ ਪੰਨਾ 3
33. ਅਸ਼ਟ ਸਹਸਤ੍ਰੀ, ਪੰਨਾ 51
34. ਸਰਵਾਰਥ ਸਿੱਧੀ 10.2
35. ਨੰਦੀ ਸੂਤਰ 42
36. ਉਤਰਾਧਿਐਨ ਸੂਤਰ 33, 19 - 23
37. ਨਵਪਦਾਰਥ ਸ਼੍ਰੀਚੰਦ ਰਾਮਪੁਰੀਆ ਪੰਨਾ 722 - 23
38. ਉਤਰਾਧਿਐਨ ਸੂਤਰ 33, 17
39. ਤੱਤਵਾਰਥ ਸੂਤਰ 8 - 24
40. ਵੇਖੋ ਕਰਮ ਪ੍ਰਕ੍ਰਿਤੀ
41. ਕਰਮ ਗ੍ਰੰਥ ਭਾਗ 2 ਗਾਥਾ 1
42. ਰਾਜਵਾਰਤਿਕ 1 , 4 - 17

43. ਪੰਚ ਸੰਗ੍ਰਹਿ 1, 88
44. ਠਾਣਾਂਗ 4 - 4, 312
45. ਵਿਸਥਾਰ ਨਾਲ ਵੇਖੋ, ਕਰਮ ਪ੍ਰਕ੍ਰਿਤੀ, ਨਥਮਲ ਟਾਟੀਆ, ਸਟਡੀਜ਼ ਇਨ ਜੈਨ ਫਿਲਾਸਫੀ ਪੰਨਾ 252 - 263 ਜਿਨੇਂਦਰ ਸਿਧਾਂਤ ਕੋਸ਼ ਭਾਗ 2 ਪੰਨਾ 24
46. ਸਮਯਸਾਰ 146
47. ਪ੍ਰਮਾਤਮ ਪ੍ਰਕਾਸ਼ 2, 63
48. ਐਸ. ਐਨ. ਦਾਸ਼ ਗੁਪਤਾ ਏ ਹਿਸਟਰੀ ਆਫ ਇੰਡੀਅਨ ਫਿਲਾਸਫੀ ਵੋਲੀਅਮ 5 ਪੰਨਾ 56
49. ਪੰਚਾਸਤੀਕਾਯ ਸਾਰ 148
50. ਤੱਤਵਾਰਥ ਰਾਜਵਾਰਤਿਕ, 8.2
51. ਠਾਣਾਂਗ, 10, 1, 734
52. ਤੱਤਵਾਰਥ ਰਾਜਵਾਰਤਿਕ 7 - 1, 8 - 1
53. ਤੱਤਵਾਰਥ ਰਾਜਵਾਰਤਿਕ 8 - 1
54. ਗੋਮੱਟਸਾਰ ਜੀਵ ਕਾਂਡ, 536, 488
55. ਰਾਜਵਾਰਤਿਕ, 4 - 22 -10, ਸਰਵਾਰਥਸਿੱਧੀ 2 - 6 ਕਰਮ ਗ੍ਰੰਥ 4 - 13 ਉਤਰਾਧਿਐਨ ਸੂਤਰ 34 - 21 - 32, ਜਿਨੇਂਦਰ ਸਿਧਾਂਤ ਕੋਸ਼ ਭਾਗ 3 ਪੰਨਾ 436
56. ਜੇ. ਐਲ ਜੈਨੀ, ਆਉਟਲਾਇਨ ਆਫ ਜੈਨਇਜਮ ਪੰਨਾ 45
57. ਐਸ. ਰਾਧਾਕ੍ਰਿਸ਼ਨਨ, ਇੰਡੀਅਨ ਫਿਲਾਸਫੀ ਭਾਗ 1, ਪੰਨਾ 320
58. ਸਰਵਾਰਥਸਿੱਧੀ 2 - 1
59. ਸਰਵਾਰਥਸਿੱਧੀ 2 - 10, 9 - 7, ਰਾਜਵਾਰਤਿਕ 210
60. ਕਾਰਤਿਕੇਯਾਨੂਪ੍ਰੇਕਸ਼ਾ 32 - 33
61. ਮੋਨੀਅਰ ਵਿਲੀਅਮ, ਏ ਸੰਸਕ੍ਰਿਤ ਇੰਗਲਸ਼ ਡਿਕਸ਼ਨਰੀ ਪੰਨਾ 119
62. ਪੰਚਾਸਤੀਕਾਯ - ਸਮਯਸਾਰ 135 - 137
63. ਧਵਲਾ, 13 - 4 - 5, 17 - 44 - 10

64. ਸਮਾਧੀ ਤੰਤਰ 62
65. ਵਿਸਥਾਰ ਨਾਲ ਵੇਖੋ ਸਰਵਾਰਥਸਿੱਧੀ 2 - 10
66. ਧਵਲਾ 4 - 1 - 5 - 4
67. ਬ੍ਰਹਦਾਰਨਯਕ ਉਪਨਿਸ਼ਧ 4 - 4 - 3
68. ਯਾਗਵੱਲਯਕ ਸਮਰਿਤ 3 - 146
69. ਸਥਾਨਾਂਗਸੂਤਰ 4 - 2 - 7
70. ਛਾਦਨਗਯੋਉਪਨਿਸ਼ਧ 5 - 10 - 7
71. ਕਠੋਉਪਨਿਸ਼ਧ 2 - 2 - 7
72. ਸੀ. ਆਰ ਜੈਨ. ਵਹਾਟ ਇਜ ਜੈਨ ਇਜਮ (ਐਸਏਜ ਐਂਡ ਐਡਰੈਸਜ) ਪੰਨਾ 179

# 4
# ਮੁਕਤੀ ਦਾ ਜੈਨ ਸਿਧਾਂਤ

ਜੈਨ ਧਰਮ ਨੌਂ ਤੱਤਵਾਂ ਵਿੱਚ ਵਿਸ਼ਵਾਸ ਰੱਖਦਾ ਹੈ – ਜੀਵ, ਅਜੀਵ, ਪੁੰਨ, ਪਾਪ, ਆਸ਼ਰਵ, ਬੰਧ, ਸੰਬਰ, ਨਿਰਜਰਾ ਅਤੇ ਮੋਕਸ਼। ਕਈ ਜਗ੍ਹਾ ਤੇ ਸੱਤ ਤੱਤਵਾਂ ਦਾ ਵਰਣਨ ਵੀ ਆਇਆ ਹੈ। ਉੱਥੇ ਪੁੰਨ ਅਤੇ ਪਾਪ ਨੂੰ ਆਸ਼ਰਵ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ। ਅਨੇਕਾਂ ਅਧੁਨਿਕ ਵਿਦਵਾਨਾਂ ਨੇ ਇਹਨਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਜਿਸ ਨੂੰ ਅਸੀਂ ਇੱਥੇ ਦੁਹਰਾਨਾ ਨਹੀਂ ਚਾਹਾਂਗੇ।[1] ਇਹਨਾਂ ਨੌਂ ਤੱਤਵਾਂ ਵਿੱਚ ਬੰਧ ਅਤੇ ਮੋਕਸ਼ ਦਾ ਵਰਣਨ ਇਸ ਹਵਾਲੇ ਨਾਲ ਵਿਸ਼ੇਸ਼ ਮਹੱਤਵਪੂਰਨ ਹੈ ਇਸ ਲਈ ਇਸ ਅਧਿਆਏ ਵਿੱਚ ਅਸੀਂ ਇਹਨਾਂ ਦੋ ਤੱਤਵਾਂ (ਬੰਧ ਅਤੇ ਮੋਕਸ਼) ਤੇ ਆਪਣਾ ਵਿਸ਼ੇਸ਼ ਧਿਆਨ ਕੇਂਦਰਤ ਕਰਾਂਗੇ।

ਮਨੁੱਖ ਪ੍ਰਤਿਆਵਾਦ ਤੇ ਨਿਰਭਰ ਹੈ ਅਤੇ ਜਨਮ ਮਰਨ ਦੇ ਚੱਕਰ ਤੋਂ ਘਿਰਿਆ ਹੋਇਆ ਹੈ। ਉਸ ਦੀ ਸੰਸਾਰਿਕਤਾ ਉਸ ਦੀ ਵਾਸਨਾ ਅਤੇ ਸੰਸਕਾਰਾਂ 'ਤੇ ਨਿਰਭਰ ਹੈ। ਭੌਤਿਕ ਲਗਾਓ ਵਿੱਚ ਆਪਣੇ ਆਪ ਵਿੱਚ ਮਗਨ ਹੋਣ ਦੇ ਕਾਰਨ ਉਸ ਦੀ ਸੰਸਾਰਿਕਤਾ ਬਣੀ ਰਹਿੰਦੀ ਹੈ। ਉਸ ਦਾ ਅਹੰਕਾਰ ਅਤੇ ਮੱਮਕਾਰ ਬੰਧ ਦਾ ਕਾਰਨ ਹੁੰਦਾ ਹੈ। ਇਹ ਬੰਧ ਅਨਾਤਮਾ ਦੇ ਨਾਲ ਆਤਮਾ ਦੇ ਰੂਪ ਵਿੱਚ ਸਵੀਕਾਰ ਕਰਨ ਕਾਰਨ ਮਿੱਥਿਆ ਧਾਰਨਾ ਦੇ ਸਿੱਟੇ ਵਜੋਂ ਹੁੰਦਾ ਹੈ। ਸੰਸਾਰ ਵਿੱਚ ਇਸ ਬੰਧ ਦਾ ਪਰਿਣਾਮ ਹੈ ਦੁੱਖ।

ਸੰਸਾਰਿਕ ਦੁੱਖਾਂ ਤੋਂ ਮੁਕਤ ਹੋਣ ਦੇ ਲਈ ਬੰਧ ਦੇ ਸਵਰੂਪ ਨੂੰ ਸਮਝਣਾ ਜ਼ਰੂਰੀ ਹੈ। ਸੂਤਰਕ੍ਰਿਤਾਂਗ[2] ਵਿੱਚ ਆਖਿਆ ਗਿਆ ਹੈ, "ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਕਿਹੜੇ ਕਾਰਨਾਂ ਕਾਰਨ ਆਤਮਾ ਬੰਧਨ ਗ੍ਰਹਿਣ ਕਰਦਾ ਹੈ ਅਤੇ ਅਜਿਹਾ ਜਾਣਕੇ ਉਸ ਨੂੰ ਜ਼ਰੂਰ ਕਰਨਾ ਚਾਹੀਦਾ ਹੈ। ਇਹ ਆਤਮਾ ਅਨਾਦੀਕਾਲ ਤੋਂ ਕਰਮਾਂ ਨਾਲ ਬੰਨੀ ਹੋਈ ਹੈ। ਮਨੁੱਖ ਨੂੰ ਇਸ ਬੰਧ ਦੇ ਕਾਰਨਾਂ ਦਾ ਸਹੀ ਗਿਆਨ ਕਰਨਾ ਚਾਹੀਦਾ ਹੈ ਅਤੇ ਮੁਕਤੀ ਦੇ ਨਿਸ਼ਾਨੇ ਨੂੰ ਖੋਜਣਾ ਚਾਹੀਦਾ ਹੈ।

## ਬੰਧ ਦੇ ਕਾਰਨ

ਕਰਮ ਤੇ ਪੁਨਰ ਜਨਮ ਦੇ ਸਿਧਾਂਤ ਦਾ ਅਧਿਐਨ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਰਮ ਜਨਮ ਮਰਨ ਪ੍ਰਕ੍ਰਿਆ ਦਾ ਮੂਲ ਕਾਰਨ ਹੈ। ਇਹ ਕਰਮ ਹੈ ਜੋ ਆਤਮਾ ਦੇ ਅਸਲ ਸਵਰੂਪ ਨੂੰ ਤਿਰੋਹਿਤ (ਹੋਲੀ ਹੋਲੀ ਕਮਜ਼ੋਰ ਕਰਨਾ) ਕਰਦਾ ਹੈ ਅਤੇ ਉਸ ਵਿੱਚ ਵੱਡਾ ਪਰਿਵਰਤਨ ਕਰਦਾ ਹੈ। ਕਰਮ ਰਾਗ ਦਵੇਸ਼ ਦੇ ਕਾਰਨ ਆਤਮਾ ਦੇ ਨਾਲ ਬੰਧਨ ਕਰਦਾ ਹੈ। ਅਵਿੱਦਿਆ ਰਾਗ ਦਵੇਸ਼ ਦਾ ਮੂਲ ਕਾਰਨ ਹੈ, ਜੈਨ ਗ੍ਰੰਥ[3] ਬੰਧਨ ਦੇ ਹੇਠ ਲਿਖੇ ਪੰਜ ਕਾਰਨ ਦੱਸਦੇ ਹਨ:

1. ਮਿੱਥਿਆ ਦਰਸ਼ਨ: ਉਲਟ ਦ੍ਰਿਸ਼ਟੀ ਰੱਖਣਾ
2. ਅਵਿਰਤਿ: ਤਿਆਗ ਦੀ ਘਾਟ
3. ਪ੍ਰਮਾਦ: ਉਤਸ਼ਾਹ ਹੀਨਤਾ
4. ਕਸ਼ਾਏ: ਕ੍ਰੋਧ ਆਦਿ ਪਰਿਣਾਮ
5. ਯੋਗ: ਮਨ, ਮਾਨਸ਼ਿਕ, ਵਾਚਿਕ ਅਤੇ ਕਾਇਕ ਪ੍ਰਵਿਰਤੀ

ਜੈਨ ਧਰਮ ਵਿੱਚ ਮਿੱਥਿਆਤਵ ਦਾ ਧਾਰਨਾ ਲਗਭਗ ਉਹੀ ਹੈ ਜੋ ਹੋਰ ਭਾਰਤੀ ਦਰਸ਼ਨਾਂ ਵਿੱਚ ਪ੍ਰਾਪਤ ਹੁੰਦੀ ਹੈ। ਮਿੱਥਿਆਤਵ, ਮਿੱਥਿਆ ਦਰਸ਼ਨ, ਮਿੱਥਿਆ ਦ੍ਰਿਸ਼ਟੀ, ਦਰਸ਼ਨ ਮੋਹ ਅਤੇ ਮੋਹ ਸਮਾਨ ਅਰਥ ਰੂਪ ਵਿੱਚ ਪ੍ਰਯੋਗ ਹੋਏ ਹਨ ਜੈਨ ਗ੍ਰੰਥਾਂ ਵਿੱਚ। ਇਹਨਾਂ ਸਾਰੇ ਸ਼ਬਦਾਂ ਦਾ ਅਰਥ ਹੈ ਮਿੱਥਿਆ ਧਾਰਨਾ।

ਮਿੱਥਿਅਤਵ ਦੀ ਇਹ ਪ੍ਰਕ੍ਰਿਤੀ ਹੈ ਕਿ ਉਸ ਦੇ ਪ੍ਰਭਾਵ ਵਿੱਚ ਆ ਕੇ ਮਨੁੱਖ ਅਧਰਮ ਨੂੰ ਧਰਮ, ਕੁਮਾਰਗ ਨੂੰ ਸੱਚਾ ਮਾਰਗ, ਅਜੀਵ ਨੂੰ ਜੀਵ, ਅਸ਼ੁਭ ਨੂੰ ਸ਼ੁਭ, ਅਮੂਰਤ ਨੂੰ ਮੂਰਤ, ਅਸਾਧੂ ਨੂੰ ਸਾਧੂ ਜਾਂ ਇਸ ਦੇ ਉਲਟ ਸਮਝਣ ਲੱਗਦਾ ਹੈ। ਅਪਣੇ ਧਰਮ ਨੂੰ ਛੱਡ ਕੇ ਹੋਰ ਧਰਮਾਂ ਵਿੱਚ ਸ਼ੱਕ, ਇੱਛਾ, ਪ੍ਰਸੰਸਾ ਨਿੰਦਾ ਆਦਿ ਮਿੱਥਿਆਤਵ ਦਾ ਆਧਾਰ ਹੈ। ਸੰਸਾਰਿਕ ਜੀਵਨ ਵਿੱਚ ਦੁੱਖਾਂ ਦਾ ਕਾਰਨ ਹੈ ਮਿੱਥਿਆਤਵ। ਮਿੱਥਿਆਤਵ ਦੇ ਪ੍ਰਭਾਵ ਵਿੱਚ ਹੀ ਆ ਕੇ ਆਤਮਾ ਸੋਚਦੀ ਹੈ ਮੈਂ ਇਹ ਹਾਂ, ਇਹ ਮੇਰਾ ਹੈ। ਵਿਚਾਰਾਂ ਦੀਆਂ ਇਹ ਦੋਨਾਂ ਸ਼੍ਰੇਣੀਆਂ ਕ੍ਰੋਧ ਆਦਿ ਵਿਕਾਰਾਂ ਨੂੰ ਉਤਪੰਨ ਕਰਦੀਆਂ ਹਨ। ਇਹਨਾਂ ਵਿਕਾਰ ਭਾਵਾਂ ਤੋਂ ਪ੍ਰਭਾਵਿਤ ਹੋ ਕੇ ਆਤਮਾ ਸੰਸਾਰ ਵਿੱਚ ਲਗਾਤਾਰ ਭਟਕਦੀ ਰਹਿੰਦੀ ਹੈ।

ਬੁੱਧ ਧਰਮ ਵਿੱਚ ਇਸੇ ਹਵਾਲੇ ਵਿੱਚ ਇਹ ਵਿਚਾਰ ਆਇਆ ਹੈ। ਜਿਸ ਨੂੰ ਵਿਪ੍ਰਯਾਸ ਕਿਹਾ ਜਾਂਦਾ ਹੈ- ਇਹ ਚਾਰ ਪ੍ਰਕਾਰ ਦਾ ਹੈ:

1. ਦੁੱਖ ਨੂੰ ਸੁੱਖ ਸਮਝਣਾ।
2. ਸ਼ੁਭ ਨੂੰ ਅਸ਼ੁਭ ਸਮਝਣਾ।
3. ਅਨਿਤ ਨੂੰ ਨਿਤ ਸਮਝਣਾ।
4. ਹੋਂਦ ਹੀਨ ਨੂੰ ਹੋਂਦ ਵਾਲਾ ਮਨਣਾ।[4]

ਮੈਂ ਇਹ ਹਾਂ, ਇਹ ਮੇਰਾ ਹੈ, ਇਹ ਦੋ ਮਿੱਥਿਆ ਵਿਚਾਰ ਧਾਰਾਵਾਂ ਕ੍ਰੋਧ ਆਦਿ ਵਿਚਾਰਾਂ ਨੂੰ ਜਨਮ ਦਿੰਦੀਆਂ ਹਨ। ਆਤਮਾ ਇਹਨਾਂ ਤੋਂ ਪ੍ਰਭਾਵਿਤ ਹੋ ਕੇ ਸੰਸਾਰ ਵਿੱਚ ਭਟਕਦਾ ਹੈ। ਪੁਜਯਪਾਦ ਨੇ ਮਿੱਥਿਆਤਵ ਪੰਜ ਪ੍ਰਕਾਰ ਦਾ ਕਿਹਾ ਹੈ:

1. ਏਕਾਂਤ ਮਿੱਥਿਆ ਦਰਸ਼ਨ - ਇਹ ਹੀ ਹੈ, ਇਸ ਪ੍ਰਕਾਰ ਦਾ ਹੈ, ਇਸ ਪ੍ਰਕਾਰ ਧਰਮ ਅਤੇ ਧਰਮੀ ਨੂੰ ਏਕਾਂਤ ਮਤਲਬ ਰੱਖਣਾ ਜਿਵੇਂ ਇਹ ਸਾਰਾ ਜਗਤ ਪਾਰਬ੍ਰਹਮ ਰੂਪ ਹੀ ਹੈ ਜਾਂ ਸਭ ਪਦਾਰਥ ਅਨਿਤ ਹੀ ਹਨ ਜਾਂ ਨਿੱਤ ਹੀ ਹਨ।

2. ਵਿਪ੍ਰਯਯ ਮਿੱਥਿਆਦਰਸ਼ਨ - ਸਗ੍ਰੰਥ (ਅੰਦਰਲੀ ਗੱਠ ਵਾਲਾ) ਨੂੰ ਨਿਰਗ੍ਰੰਥ ਮੰਨਣਾ ਜਾਂ ਕੇਵਲੀ ਨੂੰ ਕਵਲਾਹਾਰ ਮੰਨਣਾ ਆਦਿ।

3. ਸੰਸ਼ਯ ਮਿੱਥਿਆਦਰਸ਼ਨ - ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿਤੱਰ ਇਹ ਤਿੰਨੇ ਮਿਲਕੇ ਮੋਕਸ਼ ਹੈ ਜਾਂ ਨਹੀਂ ਇਸ ਪ੍ਰਕਾਰ ਦਾ ਸ਼ੱਕ ਰੱਖਣਾ।

4. ਵੈਨਯਿਕ ਮਿੱਥਿਆਦਰਸ਼ਨ - ਸਾਰੇ ਦੇਵਤਿਆਂ ਅਤੇ ਸਾਰੇ ਮੱਤਾਂ ਨੂੰ ਇਕ ਸਾਰ ਸਮਝਣਾ।

5. ਅਗਿਆਨਕ ਮਿੱਥਿਆਦਰਸ਼ਨ - ਹਿੱਤ ਅਹਿੱਤ ਦੀ ਪ੍ਰੀਖਿਆ ਤੋਂ ਰਹਿਤ ਹੋਣਾ।[5]

ਕਰਮ ਗ੍ਰੰਥ ਵਿੱਚ ਇਹ ਮਿੱਥਿਆਤਵ ਪੰਜ ਪ੍ਰਕਾਰ ਦਾ ਇਸ ਪ੍ਰਕਾਰ ਹੈ:

1. ਅਭਿਗ੍ਰਹਿਕ ਮਿੱਥਿਆਤਵ - ਤੱਤਵ ਦੀ ਪ੍ਰੀਖਿਆ ਕੀਤੇ ਬਿਨ੍ਹਾਂ ਕਿਸੇ ਸਿਧਾਂਤ ਨੂੰ ਗ੍ਰਹਿਣ ਕਰਕੇ ਦੂਸਰੇ ਦਾ ਖੰਡਨ ਕਰਨਾ।

2. ਅਨਾਭਿਗ੍ਰਹਿਕ ਮਿੱਥਿਆਤਵ - ਗੁਣ ਦੋਸ਼ ਗੁਣ ਦੋਸ਼ ਦੀ ਪ੍ਰੀਖਿਆ ਕੀਤੇ ਬਿਨ੍ਹਾਂ ਸਾਰੇ ਵਿਚਾਰਾਂ ਨੂੰ ਇਕ ਸਮਾਨ ਸਮਝਣਾ।
3. ਸੰਸ਼ਯਿਤ ਮਿੱਥਿਆਤਵ - ਦੇਵ ਗੁਰੂ ਅਤੇ ਧਰਮ ਦੇ ਸਵਰੂਪ ਪ੍ਰਤੀ ਸ਼ੱਕ ਵਾਲੀ ਬੁੱਧੀ ਰੱਖਣਾ।
4. ਅਭਿਨਿਵੇਸ਼ਿਕ ਮਿੱਥਿਆਤਵ - ਆਪਣੀ ਮਾਨਤਾ ਨੂੰ ਝੂਠਾ ਸਮਝ ਲੈਣ ਤੇ ਵੀ ਉਸ ਨੂੰ ਪਕੜ ਕੇ ਰੱਖਣਾ।
5. ਅਨਾਭੋਗਿਕ ਮਿੱਥਿਆਤਵ - ਵਿਚਾਰ ਅਤੇ ਵਿਸ਼ੇਸ਼ ਗਿਆਨ ਦੀ ਘਾਟ ਵਿੱਚ ਅਰਥਾਤ ਮੋਹ ਦੀ ਪ੍ਰਬਲ ਅਵੱਸਥਾ ਵਿੱਚ ਰਹੀ ਹੋਈ ਮੂਰਖਤਾ।[6]

ਮਿੱਥਿਆਤਵ ਮੁਕਤੀ ਪ੍ਰਾਪਤ ਕਰਨ ਵਿੱਚ ਸਭ ਤੋਂ ਵੱਡਾ ਰੁਕਾਵਟ ਵਾਲਾ ਤੱਤਵ ਹੈ। ਸੰਸਾਰ ਵਿੱਚ ਬਣੇ ਰਹਿਣ ਦਾ ਇਹ ਇਕ ਬੀਜ ਹੈ। ਇਹ ਅਨਾਦੀ ਹੈ ਜੋ ਆਤਮਾ ਦੇ ਮੂਲ ਸਵਰੂਪ ਨੂੰ ਢੱਕ ਦਿੰਦਾ ਹੈ। ਜਦ ਤੱਕ ਮਿੱਥਿਆਤਵ ਰਹਿੰਦਾ ਹੈ ਕੋਈ ਮਨੁੱਖ ਅਸਲੀਅਤ ਨੂੰ ਮਹਿਸੂਸ ਨਹੀਂ ਕਰ ਸਕਦਾ। ਮਿੱਥਿਆਤਵ ਦਾ ਉਲਟ ਸਮਿਅਕਤਵ ਹੈ ਜੋ ਮੁਕਤੀ ਪ੍ਰਾਪਤ ਕਰਨ ਦਾ ਜ਼ਰੂਰੀ ਸਾਧਨ ਹੈ।

ਇਸ ਪ੍ਰਕਾਰ ਅਸੀਂ ਵੇਖ ਚੁੱਕੇ ਹਾਂ ਕਿ ਸੰਸਾਰੀ ਜੀਵ ਦੇ ਬੰਧ ਦੇ ਕਾਰਨ ਹਨ। ਮਿੱਥਿਆਤਵ, ਅਵਿਰਤਿ, ਪ੍ਰਮਾਦ, ਕਸ਼ਾਏ ਅਤੇ ਯੋਗ। ਆਤਮਾ ਇਹਨਾਂ ਪੰਜ ਮਿੱਥਿਆਵਾਂ ਦੇ ਕਾਰਨ ਡੂੰਘੇ ਪੁਦਗਲਾਂ ਨੂੰ ਅਪਣੇ ਵੱਲ ਖਿੱਚਦਾ ਹੈ। 1. ਪੰਜ ਪ੍ਰਕਾਰ ਦੀ ਅਵਿਰਤੀ ਰਾਹੀਂ ਹਿੰਸਾ, ਝੂਠ, ਚੋਰੀ, ਕੁਸ਼ੀਲ ਅਤੇ ਪਰੀਗ੍ਰਹਿ। 2. ਪੰਦਰਾਂ ਪ੍ਰਕਾਰ ਦੇ ਪ੍ਰਮਾਦ ਦੇ ਰਾਹੀਂ - ਚਾਰ ਗ੍ਰਹਿਨੀ ਕਥਾਵਾਂ ਆਖਣਾ - ਰਾਜਾ, ਰਾਜ, ਇਸਤਰੀ, ਭੋਜਨ। 3. ਚਾਰ ਵਿਕਾਰੀ ਭਾਵਾਂ ਦੇ ਰਾਹੀਂ - ਕ੍ਰੋਧ, ਮਾਨ, ਮਾਇਆ, ਲੋਭ। 4. ਪੰਜ ਇੰਦਰੀਆਂ ਦੇ ਰਾਹੀਂ - ਸਪਰਸ਼, ਰਸਨਾ, ਘ੍ਰਾਣ, ਚਕਸ਼ੂ ਅਤੇ ਸਰੋਤ ਅਤੇ ਨਿੰਦਾ ਤੇ ਲਗਾਓ। 5. ਚਾਰ ਕਸ਼ਾਏ ਦੇ ਰਾਹੀਂ ਕ੍ਰੋਧ, ਮਾਨ, ਮਾਇਆ, ਲੋਭ। 6. ਯੋਗ ਦੇ ਰਾਹੀਂ ਮਨ, ਵਚਨ, ਕਾਇਆ।

## ਆਸ਼ਰਵ ਅਤੇ ਬੰਧ

ਯੋਗ ਦੇ ਰਾਹੀਂ ਆਤਮਾ ਵਿੱਚ ਕਾਰਮਿਕ ਪੁਦਗਲ ਪ੍ਰਮਾਣੂਆਂ ਦਾ ਆਉਣਾ ਆਸ਼ਰਵ ਹੈ।[7] ਜਿਸ ਪ੍ਰਕਾਰ ਕਿਸ਼ਤੀ ਵਿੱਚ ਪਾਣੀ ਭਰਦਾ ਹੈ ਪਾਣੀ ਆਉਂਦਾ ਹੈ ਉਸ ਦਾ ਕਾਰਨ ਕਿਸ਼ਤੀ ਦਾ ਛੇਕ ਹੈ ਅਤੇ ਮਕਾਨ ਵਿੱਚ ਮਨੁੱਖ ਪ੍ਰਵੇਸ਼ ਕਰਦਾ ਹੈ, ਉਸ ਦਾ ਕਾਰਨ ਮਕਾਨ ਦਾ ਦਰਵਾਜ਼ਾ ਹੈ। ਉਸੇ ਪ੍ਰਕਾਰ ਜੀਵਾਂ ਦੇ ਪ੍ਰਵੇਸ਼ਾਂ ਵਿੱਚ ਕਰਮਾ ਦੇ ਆਉਣ ਦਾ ਕਾਰਨ ਉਸ ਦੇ ਪਰਿਣਾਮ ਹਨ। ਰਾਗ ਦਵੇਸ਼ ਆਦਿ ਵਿਕਾਰੀ ਭਾਵ ਵਿੱਚ ਆਤਮਾ ਦਾ ਪ੍ਰਵੇਸ਼ ਕਰਨਾ ਭਾਵ ਆਸ਼ਰਵ ਹੈ ਅਤੇ ਉਹਨਾਂ ਦਾ ਜੀਵ ਨਾਲ ਸੰਬੰਧ ਹੋਣਾ ਦ੍ਰਵ ਆਸ਼ਰਵ ਹੈ।

ਅਚਾਰੀਆ ਕੁੰਦ ਕੁੰਦ ਇੱਛਾ, ਘ੍ਰਿਣਾ, ਮੋਹ ਨੂੰ ਹੀ ਆਸ਼ਰਵ ਦਾ ਕਾਰਨ ਮੰਨਦੇ ਹਨ। ਉਹਨਾਂ ਕਿਹਾ ਹੈ ਕਿ ਜੀਵ ਦੇ ਰਾਹੀਂ ਕੀਤਾ ਹੋਇਆ ਜੋ ਭਾਵ ਰਾਗ ਆਦਿ ਸਮੇਤ ਹੈ ਉਹ ਬੰਧ ਕਰਨ ਵਾਲਾ ਕਿਹਾ ਗਿਆ ਹੈ ਅਤੇ ਜੋ ਰਾਗ ਆਦਿ ਰਹਿਤ ਹੈ ਉਹ ਬੰਧ ਕਰਨ ਵਾਲਾ ਨਹੀਂ।[8]

ਜੀਵ ਦੇ ਨਾਲ ਕਰਮ ਪੁਦਗਲ ਪ੍ਰਮਾਣੂਆਂ ਦਾ ਬੰਧਨ ਹੀ ਬੰਧ ਹੈ। ਭਾਵ ਕਰਮ ਪ੍ਰਦੇਸ਼ਾਂ ਦਾ ਆਤਮ ਪ੍ਰਦੇਸ਼ ਵਿੱਚ ਇਕ ਕਸ਼ੇਤਰਾ ਅਵਗਾਹ (ਖੇਤਰ ਵਿੱਚ ਆਉਣਾ) ਹੋ ਜਾਣਾ ਹੀ ਬੰਧ ਹੈ।[9] ਜੀਵ ਪ੍ਰਾਕ੍ਰਿਤੀ ਬੰਧ ਅਤੇ ਪ੍ਰਦੇਸ਼ ਬੰਧ ਦੇ ਯੋਗ ਨਾਲ ਅਤੇ ਸਥਿਤੀ ਬੰਧ ਅਤੇ ਅਨੁਭਾਗ ਬੰਧ ਤੋਂ ਕਸ਼ਾਏ ਨਾਲ ਕਰਦਾ ਹੈ। ਬੰਧ ਦਾ ਅਰਥ ਇਹ ਨਹੀਂ ਹੈ ਕਿ ਆਤਮਾ ਦੇ ਮੂਲ ਗੁਣ ਉਸ ਵਿੱਚ ਨਸ਼ਟ ਹੋ ਜਾਂਦੇ ਹਨ। ਆਸ਼ਰਵ ਦੀ ਤਰ੍ਹਾਂ ਬੰਧ ਵੀ ਦੋ ਪ੍ਰਕਾਰ ਦਾ ਹੈ: ਮਿੱਥਿਆਤਵ ਰਾਗ ਆਦਿ ਵਿੱਚ ਪਰਨਿਤ ਰੂਪ ਅਸ਼ੁੱਧ ਚੇਤਨ ਭਾਵ ਸਵਰੂਪ, ਜਿਸ ਪਰਿਣਾਮ ਤੋਂ ਗਿਆਨਾਵਰਨੀ ਆਦਿ ਕਰਮ ਦਾ ਬੰਧਨ ਹੁੰਦਾ ਹੈ। ਉਹ ਪਰਿਣਾਮ ਭਾਵ ਬੰਧ ਅਖਵਾਉਂਦਾ ਹੈ ਅਤੇ ਆਤਮਾ ਅਤੇ ਕਰਮ ਦੇ ਪ੍ਰਦੇਸ਼ਾਂ ਦਾ ਆਪਸ ਵਿੱਚ ਮਿਲ ਜਾਣਾ ਦ੍ਰਵ ਬੰਧ ਹੈ।[10]

ਆਸ਼ਰਵ ਅਤੇ ਬੰਧ ਵਿੱਚ ਕਾਰਨ ਅਤੇ ਕਾਰਜ ਦਾ ਸੰਬੰਧ ਹੈ। ਆਸ਼ਰਵ ਬੰਧ ਦੇ ਲਈ ਭੂਮਿਕਾ ਤਿਆਰ ਕਰਦਾ ਹੈ। ਬੰਧ ਆਸ਼ਰਵ ਤੇ ਨਿਰਭਰ ਰਹਿੰਦਾ ਹੈ ਜੇ ਆਸ਼ਰਵ ਤੇ ਰੁਕਾਵਟ ਲੱਗ ਜਾਵੇ ਤਾਂ ਬੰਧ ਅਪਣੇ ਆਪ ਰੁਕ ਜਾਵੇਗਾ। ਬੰਧ ਰੋਕਣ ਦੇ ਲਈ ਆਸ਼ਰਵ ਅਤੇ ਉਸ ਦੇ ਕਾਰਨਾਂ ਨੂੰ ਸਮਝਣਾ ਜ਼ਰੂਰੀ ਹੈ।

ਪਹਿਲੇ ਪਲ ਵਿੱਚ ਕਰਮ ਸੁਕੰਧਾਂ ਦਾ ਆਉਣਾ ਹੁੰਦਾ ਹੈ। ਉਹ ਤਾਂ ਆਸ਼ਰਵ ਹੈ ਅਤੇ ਕਰਮ ਸੁਕੰਧਾਂ ਦੇ ਆਉਣ ਤੋਂ ਬਾਅਦ ਦੂਸਰੇ ਪਲ ਵਿੱਚ ਉਹਨਾਂ ਕਰਮ ਸੰਬੰਧਾਂ ਦਾ ਜੀਵ ਪ੍ਰਦੇਸ਼ਾਂ ਵਿੱਚ ਸਥਿਤ ਹੋ ਜਾਣਾ ਬੰਧ ਹੈ।[11] ਇਸ ਭੇਦ ਤੋਂ ਆਸ਼ਰਵ ਅਤੇ ਬੰਧ ਦੀ ਸਥਿਤੀ ਸਪੱਸ਼ਟ ਹੋ ਜਾਂਦੀ ਹੈ।

ਇਹ ਪਹਿਲਾਂ ਆਖਿਆ ਜਾ ਚੁੱਕਾ ਹੈ ਕਿ ਯੋਗ ਅਤੇ ਕਸ਼ਾਏ ਦੇ ਕਾਰਨ ਆਸ਼ਰਵ ਦਾ ਆਉਣਾ ਹੁੰਦਾ ਹੈ। ਦੂਸਰੇ ਸ਼ਬਦਾਂ ਵਿੱਚ ਯੋਗ ਆਸ਼ਰਵ ਦਾ ਮੂਲ ਕਾਰਨ ਹੈ ਅਤੇ ਕਸ਼ਾਏ ਸਹਿਤ ਯੋਗ ਆਸ਼ਰਵ ਅਤੇ ਬੰਧ ਦੋਹਾਂ ਦਾ ਕਾਰਨ ਹੈ।

ਜੈਨ ਧਰਮ ਵਿੱਚ ਯੋਗ ਦਾ ਅਰਥ ਹੈ ਮਾਨਸਿਕ, ਵਾਚਿਕ ਅਤੇ ਕਾਇਕ ਪ੍ਰਵਿਰਤੀ। ਕਸ਼ਾਏ ਦਾ ਅਰਥ ਹੈ ਚਾਰ ਪ੍ਰਕਾਰ ਦੇ ਭਾਵ ਜੋ ਆਤਮਾ ਨੂੰ ਦੁੱਖ ਦੇਣ: ਕ੍ਰੋਧ, ਮਾਨ, ਮਾਇਆ ਅਤੇ ਲੋਭ। ਹਰ ਕਰਮ ਅਤੇ ਕਸ਼ਾਏ ਬੰਧ ਦੇ ਸਵਰੂਪ ਨੂੰ ਨਿਸ਼ਚਤ ਕਰਦਾ ਹੈ। ਜਦ ਤੱਕ ਸੰਸਕਾਰੀ ਆਤਮਾ ਮਾਨਸਿਕ, ਵਾਚਿਕ ਅਤੇ ਕਾਇਕ ਪ੍ਰਵਿਰਤੀਆਂ ਵਿੱਚ ਲੱਗੀ ਹੋਈ ਹੈ ਤੱਦ ਤੱਕ ਉਹ ਕਰਮਾਂ ਦੇ ਆਸ਼ਰਵ ਵਿੱਚ ਜੁੱਟਿਆ ਹੈ।

ਮਨ, ਵਚਨ ਕਾਇਆ ਦੇ ਕਰਮ ਸ਼ੁਭ ਅਤੇ ਅਸ਼ੁਭ ਦੋ ਪ੍ਰਕਾਰ ਦੇ ਹੁੰਦੇ ਹਨ: ਅਸ਼ੁਭ ਕਰਮ ਯੋਗ ਆਸ਼ਰਵ ਦੇ ਹੇਠ ਆਉਂਦੇ ਹਨ ਅਤੇ ਉਹਨਾਂ ਤੋਂ ਪਾਪ ਦਾ ਆਸ਼ਰਵ ਹੁੰਦਾ ਹੈ। ਸ਼ੁਭ ਯੋਗ ਨਿਰਜਰਾ ਦਾ ਕਾਰਨ ਹੈ, ਉਸ ਨਾਲ ਕਰਮਾਂ ਦੀ ਨਿਰਜਰਾ ਹੁੰਦੀ ਹੈ। ਨਿਰਜਰਾ ਦੇ ਨਾਲ ਨਾਲ ਪੁੰਨ ਦਾ ਆਸ਼ਰਵ ਵੀ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਨਿਰਜਰਾ ਦੇ ਕਾਰਨ ਸ਼ੁਭ ਯੋਗਾਂ ਨੂੰ ਯੋਗ ਆਸ਼ਰਵ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਅਨੰਤ ਭੇਦ ਹੋਣ ਤੇ ਵੀ ਆਸ਼ਰਵ ਦੇ ਸਕਸ਼ਾਏ ਅਤੇ ਅਕਸ਼ਾਏ ਸਵਾਮੀਆਂ ਦੇ ਪੱਖੋਂ ਦੋ ਭੇਦ ਹਨ: ਸਕਸ਼ਾਏ ਜੀਵ ਦੇ ਸਾਂਪਰਾਇਕ ਆਸ਼ਰਵ (ਕਰਮਾ ਦੇ ਰਾਹੀਂ ਚਾਰੋਂ ਪਾਸ਼ਿਆਂ ਤੋਂ ਸਵਰੂਪ ਦਾ ਅਭਿਭਵ ਹੋਣਾ) ਅਤੇ ਅਕਸ਼ਾਏ ਜੀਵ ਦੇ ਈਰਿਆ ਪੱਥ ਆਸ਼ਰਵ (ਯੋਗ ਵਿੱਚ ਆਉਣ ਵਾਲੇ ਕਰਮ) ਹੁੰਦਾ ਹੈ।[12] ਪੰਜ ਇੰਦਰੀਆਂ (ਸਪਰਸ਼, ਰਾਸਨਾ, ਘ੍ਰਾਣ, ਚਕਸੂ ਅਤੇ ਸਰੋਤ) ਚਾਰ ਕਸ਼ਾਏ (ਕ੍ਰੋਧ, ਮਨ, ਮਾਇਆ, ਲੋਭ) ਪੰਜ ਅਵਰਤ (ਹਿੰਸਾ, ਝੂਠ, ਚੋਰੀ, ਕੁਸ਼ੀਲ ਅਤੇ ਪਰੀਗ੍ਰਹਿ) ਅਤੇ 25 ਕ੍ਰਿਆਵਾਂ

ਸਾਂਪਰਾਇਕ ਆਸ਼ਰਵ ਦੇ ਭੇਦ ਹਨ ਜਾਂ ਕਾਰਨ ਹਨ। ਅਕਲੰਕ ਅਤੇ ਪੂਜਯ ਪਾਲ ਨੇ 25 ਕ੍ਰਿਆਵਾਂ ਦਾ ਵਰਣਨ ਹੇਠ ਲਿਖੇ ਅਨੁਸਾਰ ਕੀਤਾ ਹੈ।

1. ਸਮਿਅਕਤਵ ਕ੍ਰਿਆ - ਚੈਤਯ, ਗੁਰੂ, ਸ਼ਾਸਤਰ ਦੀ ਪੂਜਾ, ਆਦਿ ਸਮਿਅਕਤਵ ਨੂੰ ਵਧਾਉਣਾ ਵਾਲੀਆਂ ਕ੍ਰਿਆਵਾਂ।
2. ਮਿੱਥਿਆਤਵ ਕ੍ਰਿਆ - ਹੋਰ ਮੱਤ ਦੇ ਦੇਵਤਿਆਂ ਦਾ ਗੁਣਗਾਨ ਆਦਿ।
3. ਪ੍ਰਯੋਗ ਕ੍ਰਿਆ - ਸਰੀਰ ਆਦਿ ਦੇ ਰਾਹੀਂ ਚੱਲਣ ਫਿਰਨ ਆਦਿ ਦੀ ਪ੍ਰਵਿਰਤੀ ਕਰਨਾ।
4. ਸਮੁਦਾਨ ਕ੍ਰਿਆ - ਸੰਜਮ ਧਾਰਨ ਕਰਨ ਤੇ ਵੀ ਅਵਿਰਤੀ ਵੱਲ ਹੋਰ ਝੁਕਣਾ।
5. ਈਰਿਆਪੱਥ ਕ੍ਰਿਆ - ਈਰਿਆ ਪੱਥ ਆਸ਼ਰਵ ਵਿੱਚ ਕਾਰਨ ਭੂਤ ਕ੍ਰਿਆ।
6. ਪ੍ਰਾਦੋਸ਼ਿਕੀ ਕ੍ਰਿਆ - ਕ੍ਰੋਧ ਆਵੇਸ਼ ਦੀ ਪ੍ਰਵਿਰਤੀ।
7. ਕਾਇਕੀ ਕ੍ਰਿਆ - ਪਰਦੋਸ਼ ਤੋਂ ਬਾਅਦ ਕੋਸ਼ਿਸ਼ ਕਰਨਾ।
8. ਅਧਿਕਰਨਕੀ ਕ੍ਰਿਆ - ਹਿੰਸਾ ਦੇ ਉਪਕਰਨ (ਸਾਧਨ) ਨੂੰ ਗ੍ਰਹਿਣ ਕਰਨਾ।
9. ਪਰੀਤੋਸ਼ਿਕੀ ਕ੍ਰਿਆ - ਦੂਸਰੀਆਂ ਨੂੰ ਦੁੱਖ ਉਤਪੰਨ ਕਰਨ ਵਾਲੀ।
10. ਪ੍ਰਾਣਾਤਿਪਾਤਕੀ ਕ੍ਰਿਆ - ਉਮਰ, ਇੰਦਰੀਆਂ, ਬਲ ਆਦਿ ਦਾ ਵਿਛੋੜਾ ਕਰਨ ਵਾਲੀ ਕ੍ਰਿਆ।
11. ਪ੍ਰਵਿਰਤੀ ਦਰਸ਼ਨ ਕ੍ਰਿਆ - ਰਾਗ ਆਦਿ ਵੱਸ ਹੋ ਕੇ ਪ੍ਰਮਾਦੀ ਪੁਰਸ਼ ਦਾ ਸੁੰਦਰ ਰੂਪ ਵੇਖਣ ਦੀ ਪ੍ਰਵਿਰਤੀ।
12. ਸਪਰਸ਼ਨ ਕ੍ਰਿਆ - ਪ੍ਰਮਾਦ ਵਸ਼ ਛੂਹਣ ਦੀ ਪ੍ਰਵਿਰਤੀ।
13. ਪ੍ਰਤਯਾਪਿਕੀ ਕ੍ਰਿਆ - ਨਵੇਂ ਨਵੇਂ ਅਧਿਕਰਨਾਂ ਦਾ ਉਤਪੰਨ ਕਰਨਾ।

14. ਅਨਾਭੋਗ ਕ੍ਰਿਆ – ਬਿਨ੍ਹਾਂ ਸਾਫ ਕੀਤੀ ਅਤੇ ਬਿਨ੍ਹਾਂ ਦੇਖੀ ਭੂਮੀ ਤੇ ਸਰੀਰ ਆਦਿ ਦਾ ਰੱਖਣਾ।
15. ਸਵਹਸਤ ਕ੍ਰਿਆ – ਦੂਸਰੇ ਦੇ ਰਾਹੀਂ ਕਰਨ ਯੋਗ ਕ੍ਰਿਆ ਨੂੰ ਖੁਦ ਕਰਨਾ।
16. ਸਮਨਤਾਨੁਪਾਤਨ ਕ੍ਰਿਆ – ਇਸਤਰੀ, ਪੁਰਸ਼, ਪਸ਼ੂ ਆਦਿ ਵਾਲੀ ਥਾਂ ਤੇ ਮਲ ਮੂਤਰ ਤਿਆਗ ਕਰਨਾ।
17. ਨਿਸ੍ਰਗ ਕ੍ਰਿਆ – ਪਾਪਾਦਾਨ ਆਦਿ ਨੂੰ ਸਵੀਕਾਰ ਕਰਨਾ।
18. ਵਿਦਾਰਨ ਕ੍ਰਿਆ – ਆਲਸ ਨਾਲ ਪ੍ਰਸ਼ਸਤ ਕ੍ਰਿਆਵਾਂ ਦਾ ਨਾ ਕਰਨਾ ਅਤੇ ਦੂਸਰੇ ਦੇ ਪਾਪ ਆਦਿ ਨੂੰ ਪ੍ਰਕਾਸ਼ ਵਿੱਚ ਲਿਆਉਣਾ।
19. ਆਗਿਆ ਵਿਯਾਪਾਦਿਕ ਕ੍ਰਿਆ – ਚਰਿਤਰ ਮੋਹ ਦੇ ਉਦੈ ਤੋਂ ਆਵਸ਼ਕ ਆਦਿ ਕ੍ਰਿਆ ਕਰਨ ਵਿੱਚ ਅਸਮਰਥ ਹੋਣ ਤੇ ਸ਼ਾਸਤਰਾਂ ਦੀ ਆਗਿਆ ਦਾ ਹੋਰ ਰੂਪ ਵਿੱਚ ਵਿਆਖਿਆ ਕਰਨਾ।
20. ਅਨਾਕਸ਼ਾ ਕ੍ਰਿਆ – ਮੂਰਖਤਾ ਅਤੇ ਆਲਸ ਕਾਰਨ ਸ਼ਾਸ਼ਤਰਾਂ ਵਿੱਚ ਵਰਣਨ ਵਿਧੀ ਵਿਧਾਨਾ ਦੇ ਪ੍ਰਤੀ ਆਦਰ ਨਾ ਰੱਖਣਾ।
21. ਆਰੰਭ ਕ੍ਰਿਆ – ਛੇਦਨ ਭੇਦਨ ਹਿੰਸਾ ਆਦਿ ਕ੍ਰਿਆ ਵਿੱਚ ਤਿਆਰ ਰਹਿਣਾ ਜਾਂ ਹੋਰ ਕਿਸੇ ਰਾਹੀਂ ਹਿੰਸਾ ਵਪਾਰ ਕਰਦੇ ਹੋਏ ਵੇਖ ਕੇ ਖੁਸ਼ ਹੋਣਾ।
22. ਪਰੀਗ੍ਰਾਹਿਕ ਕ੍ਰਿਆ – ਪਰੀਗ੍ਰਹਿ ਦੇ ਨਸ਼ਟ ਨਾ ਹੋਣ ਦੇਣ ਦੇ ਲਈ ਕੀਤਾ ਗਿਆ ਵਪਾਰ।
23. ਮਾਯਾ ਕ੍ਰਿਆ – ਗਿਆਨ ਦਰਸ਼ਨ ਵਿੱਚ ਛਲ ਕਪਟ ਕਰਨਾ।
24. ਮਿੱਥਿਆ ਦਰਸ਼ਨ ਕ੍ਰਿਆ – ਮਿੱਥਿਆਤਵ ਦੇ ਕੰਮਾਂ ਦੀ ਪ੍ਰਸ਼ੰਸਾ ਕਰਕੇ ਦੂਸਰੇ ਨੂੰ ਮਿੱਥਿਆਤਵ ਵਿੱਚ ਦ੍ਰਿੜ ਕਰਨਾ।
25. ਅਪ੍ਰਤਿਅਖਿਆਨ ਕ੍ਰਿਆ – ਸੰਜਮ ਘਾਤੀ ਕਰਮ ਕਰਨ ਦੇ ਉਦੈ ਕਾਰਨ ਵਿਸ਼ਿਆਂ ਦਾ ਤਿਆਗ ਨਾ ਕਰਨਾ।[13]

ਤੀਵਰ ਭਾਵ, ਮੰਦ ਭਾਵ, ਗਿਆਤ ਭਾਵ, ਅਗਿਆਤ ਭਾਵ, ਅਧਿਕਰਨ ਅਤੇ ਵੀਰਜ ਦੇ ਵਿਸ਼ੇਸ਼ ਭੇਦ ਤੋਂ ਕਰਮ ਆਸ਼ਰਵ ਵਿੱਚ ਵਿਸ਼ੇਸ਼ਤਾ ਹੁੰਦੀ ਹੈ। ਭਾਵ ਦਾ ਅਰਥ ਹੈ, ਬੁੱਧੀ ਦਾ ਵਪਾਰ ਸਾਂਪਰਾਯ ਸੰਸਾਰ ਦਾ ਪਰਿਆਵਾਚੀ ਸ਼ਬਦ ਹੈ। ਜੋ ਕਰਮ ਸੰਸਾਰ ਦਾ ਪ੍ਰਯੋਜਕ ਹੈ ਉਹ ਸਾਂਪਰਾਯਕ ਹੈ ਅਤੇ ਕਸ਼ਾਏ ਰਹਿਤ ਆਤਮਾ ਦਾ ਯੋਗ ਈਰਿਆ ਪੱਥ ਹੈ। ਮਿੱਥਿਆ ਦ੍ਰਿਸ਼ਟੀ ਤੋਂ ਲੈ ਕੇ ਸੂਖਮ ਸਾਮਪਰਾਏ ਦਸਵੇਂ ਗੁਣਸਥਾਨ ਤੱਕ ਸਾਂਪਰਾਯਕ ਆਸ਼ਰਵ ਹੁੰਦਾ ਹੈ ਅਤੇ ਉਪਸ਼ਾਂਤ ਕਸ਼ਾਏ, ਕਸ਼ੀਨ ਕਸ਼ਾਏ ਅਤੇ ਸਯੋਗਕੇਵਲੀ ਦੇ ਈਰਿਆ ਪਥ ਆਸ਼ਰਵ ਹੁੰਦਾ ਹੈ। ਨਾਰਕੀਆਂ ਅਤੇ ਸੂਖਮ ਸਾਂਪਰਾਯ ਸੰਯਤ ਜੀਵਾਂ ਦੇ ਈਰਿਆ ਪੱਥ ਕਰਮ ਨਹੀਂ ਹੁੰਦੇ।

## ਪੁੰਨ ਅਤੇ ਪਾਪ

ਪਰ (ਪਰਾਇਆ) ਦੇ ਪ੍ਰਤੀ ਸ਼ੁਭ ਪਰਿਣਾਮ ਪੁੰਨ ਹੈ ਅਤੇ ਅਸ਼ੁਭ ਪਰਿਣਾਮ ਪਾਪ ਹੈ। ਇਸਨੂੰ ਸ਼ੁਭ ਯੋਗ ਅਤੇ ਅਸ਼ੁਭ ਯੋਗ ਵੀ ਆਖਦੇ ਹਨ। ਸ਼ੁਭ ਪਰਿਣਾਮ ਪੁਰਵਕ ਹੋਣ ਵਾਲਾ ਯੋਗ ਸ਼ੁਭ ਯੋਗ ਹੈ ਅਤੇ ਅਸ਼ੁਭ ਪਰਿਣਾਮ ਤੋਂ ਹੋਣ ਵਾਲਾ ਯੋਗ ਅਸ਼ੁਭ ਯੋਗ ਹੈ। ਇਸ ਦਾ ਆਸ਼ਰਵ ਭਾਵਾਂ ਤੇ ਨਿਰਭਰ ਕਰਦਾ ਹੈ। ਸ਼ੁਭ ਅਸ਼ੁਭ ਭਾਵ ਹੀ ਪੁੰਨ ਪਾਪ ਦੇ ਬੰਧ ਦਾ ਕਾਰਨ ਹੁੰਦਾ ਹੈ। ਇਸਦੇ ਬਾਵਜੂਦ ਜੈਨੀਆਂ ਦਾ ਇਹ ਮਤ ਹੈ ਕਿ ਪਰਮਾਰਥ (ਅਸਲ ਵਿੱਚ) ਪੁੰਨ ਅਤੇ ਪਾਪ ਦੋਨੋਂ ਇੱਕ ਹਨ। ਜਿਵੇਂ ਲੋਹੇ ਦੀ ਜ਼ੰਜੀਰ ਮਨੁੱਖ ਨੂੰ ਜਕੜਦੀ ਹੈ, ਉਸੇ ਪ੍ਰਕਾਰ ਸੋਨੇ ਦੀ ਜ਼ੰਜੀਰ ਵੀ ਮਨੁੱਖ ਨੂੰ ਜਕੜਦੀ ਹੈ। ਇਸ ਪ੍ਰਕਾਰ ਆਪਣੇ ਰਾਹੀਂ ਕੀਤੇ ਸ਼ੁਭ ਅਤੇ ਅਸ਼ੁਭ ਕਰਮ ਦੋਵੇਂ ਕਰਮ ਜੀਵ ਨੂੰ ਜਕੜਦੇ ਹਨ।[14]

ਜੈਨ ਧਰਮ ਦੇ ਅਨੁਸਾਰ ਆਤਮਾ ਦੀਆਂ ਤਿੰਨ ਸਥਿਤੀਆਂ ਹਨ – ਅਸ਼ੁਭ, ਸ਼ੁਭ ਅਤੇ ਸ਼ੁੱਧ। ਰਾਗ ਦਵੇਸ਼ ਅਤੇ ਮੋਹ ਦੇ ਕਾਰਨ ਜੀਵ ਦਾ ਕਰਮ ਬੰਧ ਹੁੰਦਾ ਹੈ। ਦਾਨ, ਪੂਜਾ ਆਦਿ ਸ਼ੁਭ ਪਰਿਣਾਮ ਹਨ। ਇਹ ਦੋਹੇਂ ਪ੍ਰਕਾਰ ਪਾਪ ਅਤੇ ਪੁੰਨ ਦੇ ਕਾਰਨ ਹੁੰਦੇ ਹਨ। ਜੀਵ ਜਿਸ ਸ਼ੁਭ ਅਤੇ ਅਸ਼ੁਭ ਰੂਪ ਵਿੱਚ ਪਰੀਨਮਨ ਕਰਦਾ ਹੈ। ਉਸ ਸਮੇਂ ਉਸ ਦੀ ਸ਼ੁੱਧ ਰੂਪ ਪਰਿਣਾਮ ਦਾ ਸੱਦ ਭਾਵ ਹੁੰਦਾ ਹੈ। ਸ਼ੁਭ ਹੋਣ ਤੇ ਪੁੰਨ ਕਰਮ ਅਤੇ ਅਸ਼ੁਭ ਹੋਣ ਤੇ ਪਾਪ ਕਰਮ ਦਾ ਬੰਧ ਹੁੰਦਾ

ਹੈ।[15] ਇਹ ਜੀਵ ਪਾਪ ਦੇ ਉਦੈ ਤੋਂ ਨਰਕ ਗਤੀ ਪ੍ਰਾਪਤ ਕਰਦਾ ਹੈ। ਪੁੰਨ ਕਾਰਨ ਦੇਵ ਗਤੀ ਪ੍ਰਾਪਤ ਕਰਦਾ ਹੈ। ਪੁੰਨ ਅਤੇ ਪਾਪ ਦੋਹਾਂ ਦੇ ਮੇਲ ਤੋਂ ਮਨੁੱਖ ਗਤੀ ਪ੍ਰਾਪਤ ਕਰਦਾ ਹੈ ਅਤੇ ਪੁੰਨ ਪਾਪ ਦੋਹਾਂ ਦੇ ਨਾਸ਼ ਹੋ ਜਾਣ ਤੇ ਮੋਕਸ਼ ਪ੍ਰਾਪਤ ਕਰਦਾ ਹੈ।[16]

ਪਰਮਾਰਥ ਦ੍ਰਿਸ਼ਟੀ ਤੋਂ ਪੁੰਨ ਅਤੇ ਪਾਪ ਦੋਹੇ ਇੱਕ ਹਨ: ਬੰਧ ਅਤੇ ਸੰਸਾਰ ਦਾ ਕਾਰਨ ਹਨ, ਦੁੱਖ ਦੇ ਕਾਰਨ ਹਨ: ਇਸ ਲਈ (ਹਯ) ਛੱਡਣ ਯੋਗ ਹਨ। ਪ੍ਰੰਤੂ ਵਿਵਹਾਰ ਨਯ ਦੀ ਦ੍ਰਿਸ਼ਟੀ ਤੋਂ ਪੁੰਨ ਤੇ ਪਾਪ ਦੋਹੇਂ ਵੱਖ ਵੱਖ ਹਨ। ਪੁੰਨ ਕਾਰਨ ਸੁੱਖ ਮਿਲਦਾ ਹੈ, ਚੰਗੀ ਗਤੀ ਮਿਲਦੀ ਹੈ ਅਤੇ ਪਾਪ ਤੋਂ ਦੁੱਖ ਮਿਲਦਾ ਹੈ ਅਤੇ ਭੈੜੀ ਗਤੀ ਮਿਲਦੀ ਹੈ। ਇਸ ਲਈ ਪੁੰਨ ਕਿਸੇ ਪੱਖੋਂ ਠੀਕ ਹੈ, ਪੁੰਨ ਦੋ ਪ੍ਰਕਾਰ ਦਾ ਹੈ - ਇੱਕ ਸਮਿਅਕ ਦ੍ਰਿਸ਼ਟੀ ਦਾ ਅਤੇ ਦੂਸਰਾ ਮਿੱਥਿਆ ਦ੍ਰਿਸ਼ਟੀ ਦਾ ਪਹਿਲੀ ਪ੍ਰੰਪਰਾ ਮੋਕਸ਼ ਦਾ ਕਾਰਨ ਹੈ ਅਤੇ ਦੂਸਰੀ ਕੇਵਲ ਸਵਰਗ ਸੰਪਤੀ ਹੈ।[17] ਤਿਆਗੀ ਨੂੰ ਸ਼ੁੱਧ ਉਪਯੋਗ ਹੀ ਪਿਆਰਾ ਹੈ ਅਸ਼ੁਭ ਯੋਗ ਨਹੀਂ।[18]

ਜੈਨ ਧਰਮ ਦਾ ਇਹ ਮੂਲ ਸਿਧਾਂਤ ਹੈ ਕਿ ਕਰਮ ਚਾਹੇ ਸ਼ੁਭ ਹੋਵੇ ਜਾਂ ਅਸ਼ੁਭ ਗ੍ਰਹਿਣ ਕਰਨ ਯੋਗ ਨਹੀਂ ਹੈ ਕਿਉਂਕਿ ਉਹ ਪੁਨਰ ਜਨਮ ਦਾ ਕਾਰਨ ਹੁੰਦਾ ਹੈ। ਮੋਕਸ਼ ਪ੍ਰਾਪਤ ਕਰਨ ਦੇ ਲਈ ਕਰਮਾਂ ਦਾ ਪੂਰਨ ਨਾਸ਼ ਹੋਣਾ ਅਤਿ ਜ਼ਰੂਰੀ ਹੈ।

## ਮੋਕਸ਼ ਮਾਰਗ

ਜਿਵੇਂ ਉੱਪਰ ਵਰਣਨ ਕੀਤਾ ਗਿਆ ਹੈ ਕਿ ਸੰਸਾਰੀ ਆਤਮਾ ਕਰਮ ਬੰਧਨ ਵਿੱਚ ਜਕੜੀ ਹੋਈ ਹੈ ਅਤੇ ਕਿਉਂਕਿ ਉਹ ਕਰਮ ਵਿੱਚ ਜਕੜੀ ਹੈ ਇਸ ਲਈ ਉਹ ਅਧੂਰੀ ਹੈ ਅਤੇ ਮੋਹ ਵਿੱਚ ਡੁੱਬੀ ਹੈ, ਪੁਨਰ ਜਨਮ ਪ੍ਰੰਪਰਾ ਨਾਲ ਜੁੜਿਆ ਹੈ, ਸੁੱਖ ਦੁੱਖ ਦੀ ਅਨੁਭੂਤੀ ਵਾਲਾ ਹੈ।

ਮੋਕਸ਼ ਪ੍ਰਾਪਤ ਕਰਨ ਦੇ ਲਈ ਕਰਮਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਹ ਕਰਮ ਮੁਕਤ ਅਵਸਥਾ ਪ੍ਰਾਪਤ ਕਰਨਾ ਆਸਾਨ ਨਹੀਂ ਹੈ ਸਗੋਂ ਇਹ ਮੁਸ਼ਕਲ ਹੈ। ਉਸ ਨੂੰ ਪ੍ਰਾਪਤ ਕਰਨ ਲਈ ਅਧਿਆਤਮਕ ਸਾਧਨਾ ਦੀ ਜ਼ਰੂਰਤ ਹੁੰਦੀ ਹੈ।

ਜੈਨੀਆਂ ਨੇ ਸਮਿਅਕ ਦਰਸ਼ਨ, ਸਮਿਅਕ ਗਿਆਨ ਅਤੇ ਸਮਿਅਕ ਚਰਿਤਰ ਦੇ ਸੁਮੇਲ ਨੂੰ ਮੋਕਸ਼ ਦਾ ਰਾਹ ਦੱਸਿਆ ਹੈ।[19] ਇਸ ਨੂੰ ਰਤਨ ਤ੍ਰਯ ਕਿਹਾ ਗਿਆ ਹੈ, ਇਹ ਤਿੰਨ ਮਾਰਗ ਅੱਡ ਅੱਡ ਨਹੀਂ ਸਗੋਂ ਇਕੋ ਸਮੇਂ ਵਿੱਚ ਇਕੋ ਰੂਪ ਵਿੱਚ ਕੰਮ ਕਰਦੇ ਹਨ। ਇਸ ਅਧਿਆਏ ਵਿੱਚ ਅਸੀਂ ਇਹਨਾਂ ਦਾ ਵਿਵੇਚਨ ਕਰਾਂਗੇ।

## ਸੱਮਿਅਕ ਦਰਸ਼ਨ

ਸੱਮਿਅਕ ਦਰਸ਼ਨ ਦਾ ਅਰਥ ਹੈ ਜੈਨ ਦਰਸ਼ਨ ਵਿੱਚ ਦੱਸੇ ਸੱਤ ਤੱਤਵਾਂ ਤੇ ਵਿਸ਼ਵਾਸ ਕਰਨਾ। ਇਥੇ ਸ਼ਰਧਾ ਜਾਂ ਵਿਸ਼ਵਾਸ ਦਾ ਅਰਥ ਅੰਧ ਸ਼ਰਧਾ ਤੋਂ ਨਹੀਂ ਸਗੋਂ ਸੱਮਿਅਕ ਦ੍ਰਿਸ਼ਟੀ ਤੋਂ ਹੈ। ਊਮਾ ਸਵਾਤੀ ਨੇ ਤੱਤਵਾਰਥ ਉੱਪਰ ਸ਼ਰਧਾ ਕਰਨ ਨੂੰ ਹੀ ਸੱਮਿਅਕ ਦਰਸ਼ਨ ਕਿਹਾ ਹੈ।[20] ਇਹ ਸੱਮਿਅਕ ਦਰਸ਼ਨ ਸੁਭਾਅ ਅਤੇ ਪਰ ਉਪਦੇਸ਼, ਦੋਹਾਂ ਨਾਲ ਹੁੰਦਾ ਹੈ। ਪਹਿਲਾ ਨਿਸ੍ਰਗਜ ਹੈ ਤੇ ਦੂਸਰਾ ਅਧਿਗਮਜ ਹੈ।[21] ਊਮਾ ਸਵਾਤੀ ਨੇ ਸੱਮਿਅਕ ਦਰਸ਼ਨ ਨੂੰ ਇੱਕ ਪ੍ਰਕਾਰ ਦਾ ਗਿਆਨ ਕਿਹਾ ਹੈ। ਡਾ: ਨਥਮਲ ਟਾਟਿਆ ਨੇ ਕਿਹਾ ਹੈ, ਕਿ ਸੱਮਿਅਕ ਦਰਸ਼ਨ ਚੇਤਨਾ ਦੀ ਵਿਸ਼ੁੱਧ ਅਵਸਥਾ ਹੈ ਜੋ ਪਦਾਰਥ ਨੂੰ ਸਹੀ ਜਾਣਨ ਦੀ ਸ਼ਕਤੀ ਦਿੰਦਾ ਹੈ। ਇਹ ਅਜਿਹੀ ਅਵਸਥਾ ਹੈ ਜਿੱਥੇ ਮਿੱਥਿਆ ਦਰਸ਼ਨ ਨਹੀਂ ਰਹਿੰਦਾ ਇਹ ਸੱਮਿਅਕ ਦਰਸ਼ਨ ਦੀ ਭੂਮਿਕਾ ਹੈ।[22] ਮਨੁੱਖ ਜਿਸ ਨੂੰ ਸਮਿਅਕ ਦਰਸ਼ਨ ਪ੍ਰਾਪਤ ਹੋ ਗਿਆ ਹੋਵੇ, ਤਿੰਨ ਪ੍ਰਕਾਰ ਦੀਆਂ ਮੂਡਤਾਵਾਂ (ਮੂਰਖਤਾਵਾਂ) ਅਤੇ ਹੋਰ ਵਿਸ਼ਵਾਸਾਂ ਅਤੇ ਅੱਠ ਪ੍ਰਕਾਰ ਦੇ ਮੱਦ (ਅਹੰਕਾਰ) ਤੋਂ ਮੁਕਤ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਅੱਠ ਪ੍ਰਕਾਰ ਦੇ ਅੰਗਾਂ ਵਾਲਾ ਹੋਣਾ ਚਾਹੀਦਾ ਹੈ।[23] ਤਿੰਨ ਪ੍ਰਕਾਰ ਦੀਆਂ ਮੂਡਤਾਵਾਂ ਹਨ – ਲੋਕ ਮੂਡਤਾ, ਦੇਵ ਮੂਡਤਾ ਅਤੇ ਪਾਖੰਡੀ ਮੂਡਤਾ। ਅੱਠ ਮੱਦ ਇਸ ਪ੍ਰਕਾਰ ਹਨ – ਜਾਤ, ਕੁਲ, ਬਲ, ਰੂਪ, ਤਪ, ਰਿਧੀ, ਗਿਆਨ ਅਤੇ ਪੂਜਾ।[24]

ਸੱਮਿਅਕ ਦਰਸ਼ਨ ਦੇ ਅੱਠ ਅੰਗ ਇਸ ਪ੍ਰਕਾਰ ਹਨ – ਨਿ:ਸ਼ੰਕਿਤ, ਨਿਸ਼ਕਾਂਸ਼ਿਤ, ਨਿਰਵਿਚਿਕਿਤਸਾ, ਅਮੂਡਦ੍ਰਿਸ਼ਟੀ, ਉਪਗੂਗਨ, ਸਥਿਤੀਕਰਨ, ਵਾਤਸ਼ੱਲਯ ਅਤੇ ਪ੍ਰਭਾਵਨਾ।[25] ਜਿਵੇਂ ਅਸੀਂ ਕਿਹਾ ਹੈ ਜੋ ਦੂਰਭੀ ਨਿਵੇਸ਼ ਰਹਿਤ ਪਦਾਰਥਾਂ ਦੀ ਸ਼ਰਧਾ ਹੋਵੇ ਜਾਂ ਅਪਣੀ ਆਤਮਾ ਪ੍ਰਤੱਖ ਪੂਰਵ ਆਪਣੇ

ਅਤੇ ਪਰਾਏ ਦਾ ਭੇਦ ਜਾਂ ਕਰਤੱਵ ਅਕਰਤੱਵ ਦਾ ਵਿਵੇਕ ਹੋਵੇ ਉਹ ਸੱਮਿਅਕ ਦ੍ਰਿਸ਼ਟੀ ਹੈ। ਅਜਿਹੇ ਦਸ ਸਾਧਨ ਹਨ, ਜਿਸ ਤੋਂ ਵਿਅਕਤੀ ਸੱਮਿਅਕ ਦਰਸ਼ਨ ਪ੍ਰਾਪਤ ਕਰ ਸਕਦਾ ਹੈ – ਨਿਸਰਗ, ਉਪਦੇਸ਼, ਆਗਿਆ, ਸੂਤਰ, ਬੀਜ, ਅਭਿਗਮ, ਵਿਸਤਾਰ, ਕ੍ਰਿਆ, ਸੰਖੇਪ ਅਤੇ ਧਰਮ।[26] ਕੁੰਦ ਕੁੰਦ ਦੇ ਅਨੁਸਾਰ ਸੱਮਿਅਕ ਦ੍ਰਿਸ਼ਟੀ ਉਹ ਹੈ ਜੋ ਛੇ ਦ੍ਰਵ, ਨੌਂ ਤੱਤਵ, ਪੰਜ ਆਸਤੀਕਾਏ ਅਤੇ ਸੱਤ ਤੱਤਵਾਂ ਦੇ ਸ਼ੁੱਧ ਸਵਰੂਪ ‘ਤੇ ਸ਼ਰਧਾ ਕਰੇ।[27] ਮੋਖਪਾਹੁੜ ਵਿੱਚ ਕਿਹਾ ਹੈ ਕਿ ਹਿੰਸਾ ਰਹਿਤ ਧਰਮ, ਅਠਾਰਾਂ ਦੋਸ਼ ਰਹਿਤ ਦੇਵ, ਨਿਰਗ੍ਰੰਥ ਗੁਰੂ ਅਤੇ ਅਰਹੱਤ ਪ੍ਰਵਚਨ ਵਿੱਚ ਜੋ ਸ਼ਰਧਾ ਹੈ ਉਹ ਹੀ ਸੱਮਿਅਕ ਦਰਸ਼ਨ ਹੈ ਅਤੇ ਅਜਿਹੀ ਦ੍ਰਿਸ਼ਟੀ ਵਾਲਾ ਸੱਮਿਅਕ ਦ੍ਰਿਸ਼ਟੀ ਹੈ।[28] ਨਿਯਮ ਅਨੁਸਾਰ ਵਿੱਚ ਤੀਰਥੰਕਰਾਂ, ਆਗਮਾਂ ਅਤੇ ਛੇ ਦ੍ਰਵ ਵਿੱਚ ਵਿਸ਼ਵਾਸ ਕਰਨਾ ਸੱਮਿਅਕ ਦਰਸ਼ਨ ਆਖਿਆ ਗਿਆ ਹੈ।[29] ਉਤਰਾਧਿਐਨ ਨੌਂ ਪਦਾਰਥਾਂ ਤੇ ਦ੍ਰਿੜ ਨਿਸ਼ਚੈ ਨੂੰ ਸੱਮਿਅਕ ਦਰਸ਼ਨ ਆਖਦਾ ਹੈ।[30] ਅਮਿਤ ਗਤੀ[31], ਵਸੂਨੰਦੀ[32], ਨੇਮੀਚੰਦ[33], ਅਮ੍ਰਿਤ ਚੰਦਰ[34], ਆਦਿ ਜਿਹੇ ਮਹਾਨ ਜੈਨ ਅਚਾਰੀਆ ਨੇ ਸੱਤ ਤੱਤਵਾਂ ਅਤੇ ਨੌਂ ਪਦਾਰਥਾਂ ਤੇ ਸ਼ੁੱਧ ਸਰਧਾ ਕਰਨ ਨੂੰ ਸੱਮਿਅਕ ਦਰਸ਼ਨ ਆਖਦੇ ਹੋਏ ਆਪਣੇ ਗ੍ਰੰਥਾ ਨੂੰ ਸ਼ੁਰੂ ਕੀਤਾ ਹੈ।

ਸੱਮਿਅਕ ਦਰਸ਼ਨ ਜਿਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ ਉਹਨਾਂ ਵਿੱਚ ਕੁੱਝ ਅੰਦਰੂਨੀ ਵਿਸ਼ੇਸ਼ਤਾਵਾਂ ਆ ਜਾਂਦੀਆਂ ਹਨ। ‘ਸਮੇਸਾਰ’ ਵਿੱਚ ਅਜਿਹੇ ਜੀਵਾਂ ਦੇ ਕੁੱਝ ਗੁਣ ਗਿਣਾਏ ਗਏ ਹਨ, ਉਹ ਹਨ: ਸੰਵੇਗ, ਨਿਰਵੇਗ, ਨਿੰਦਾ, ਗ੍ਰਹਾ, ਉਪਸ਼ਮ, ਭਗਤੀ, ਅਨੁਕੰਪਾ ਅਤੇ ਵਾਤਸ਼ਲਯ।[35]

ਮਹਾਂ ਪੁਰਾਣ ਵਿੱਚ ਸੱਮਿਅਕ ਦਰਸ਼ਨ ਦੀਆਂ ਸੱਤ ਭਾਵਨਾਵਾਂ ਦਾ ਵਰਣਨ ਹੈ – ਸੰਵੇਗ, ਪ੍ਰਸ਼ਮ, ਸਥਿਰਤਾ, ਅਮੂਡਤਾ, ਹੰਕਾਰ ਨਾ ਕਰਨਾ, ਆਸਤਿਕਯ ਅਤੇ ਅਨੁਕੰਪਾ।[36] ਇਸੇ ਹਵਾਲੇ ਵਿੱਚ ਸੱਮਿਅਕ ਦ੍ਰਿਸ਼ਟੀ ਦੇ ਪੰਜ ਅਤਿਚਾਰਾਂ ਦਾ ਵਰਣਨ ਮਿਲਦਾ ਹੈ – ਸ਼ੰਕਾ, ਕਾਂਕਸ਼ਾ, ਵਿਚਿਕਿਤਸਾ, ਹੋਰ ਦ੍ਰਿਸ਼ਟੀ ਵਾਲੇ ਦੀ ਪ੍ਰਸੰਸਾ ਅਤੇ ਹੋਰ ਦ੍ਰਿਸ਼ਟੀ ਵਾਲੇ ਦਾ ਗੁਣ ਗਾਣ।[37]

## ਸੱਮਿਅਕ ਦਰਸ਼ਨ ਦੇ ਭੇਦ

ਸੱਮਿਅਕ ਦਰਸ਼ਨ ਦੇ ਦੋ ਭੇਦ ਹਨ: ਸਰਾਗ ਸੱਮਿਅਕ ਦਰਸ਼ਨ, ਵੀਤਰਾਗ ਸੱਮਿਅਕ ਦਰਸ਼ਨ। ਪ੍ਰਸ਼ਮ, ਸੰਵੇਗ, ਅਨੁਕੰਪਾ ਅਤੇ ਆਸਤਿਕਾਯ ਆਦਿ ਨੂੰ ਪ੍ਰਗਟ ਕਰਨ ਵਾਲਾ ਸਰਾਗ ਸੱਮਿਅਕ ਦਰਸ਼ਨ ਹੈ ਅਤੇ ਆਤਮਾ ਦੀ ਵਿਸ਼ੁੱਧੀ ਮਾਤਰ ਵੀਤਰਾਗ ਸੱਮਿਅਕ ਦਰਸ਼ਨ ਹੈ।[38] ਇੱਥੇ ਪਹਿਲਾਂ ਦਰਸ਼ਨ ਦੂਸਰੇ ਦਰਸ਼ਨ ਦਾ ਕਾਰਨ ਹੈ।

ਸੰਖੇਪ ਵਿੱਚ ਕਿਹਾ ਜਾਏ ਤਾਂ ਇਹ ਆਖ ਸਕਦੇ ਹਾਂ ਕਿ ਭੇਦ ਦੇ ਪੱਖੋਂ ਸੱਮਿਅਕ ਦਰਸ਼ਨ ਆਮ ਤੌਰ ਤੇ ਇੱਕ ਹੈ। ਨਿਸਰਗਜ (ਸੁਭਾਅ) ਅਤੇ ਅਦਿਗਮਜ (ਅਨੁਭਵ ਵਾਲੀ) ਦੇ ਭੇਦ ਤੋਂ ਦੋ ਪ੍ਰਕਾਰ ਦਾ ਹੈ। ਔਪਸ਼ਮਿਕ, ਕਸਾਏਕ ਅਤੇ ਕਸਾਏ ਕੁਸ਼ਮਨਿਕ ਭੇਦ ਤੋਂ ਤਿੰਨ ਪ੍ਰਕਾਰ ਦਾ ਹੈ, ਸ਼ਬਦਾਂ ਦੇ ਪੱਖੋ ਸੰਖਿਆਤ ਪ੍ਰਕਾਰ ਦਾ ਹੈ ਅਤੇ ਸ਼ਰਧਾਕਰਨ ਵਾਲੇ ਦੇ ਪੱਖੋ ਅਸੰਖਿਆਤ ਪ੍ਰਕਾਰ ਦਾ ਹੈ ਅਤੇ ਸ਼ਰਧਾ ਕਰਨ ਯੋਗ ਪਦਾਰਥਾਂ ਅਤੇ ਅੱਧਵਿਸ਼ਾਏ (ਸਵਾਧਿਆਏ ਦਾ ਕਾਰਨ) ਦੇ ਪੱਖੋਂ ਅਨੰਤ ਪ੍ਰਕਾਰ ਦਾ ਹੈ।[39]

ਸੱਮਿਅਕ ਦਰਸ਼ਨ ਦੀ ਮੂਲ ਪ੍ਰਕ੍ਰਿਤੀ ਆਤਮਾ ਦੀ ਹੋਂਦ ਵਿੱਚ ਵਿਸ਼ਵਾਸ ਰੱਖਣਾ ਹੈ। ਆਮ ਤੌਰ ਤੇ ਸੱਮਿਅਕ ਦਰਸ਼ਨ ਦਾ ਭਾਵ ਹੈ – ਅਸਲੀ ਸੱਮਿਅਕ, ਸਤ, ਤੀਰਥੰਕਰ ਰਾਹੀਂ ਪ੍ਰਾਪਤ ਸਤ ਤੱਤਵਾਂ ਤੇ ਦ੍ਰਿੜ ਸ਼ਰਧਾ। ਇਹ ਸੱਮਿਅਕਤਵ ਸੂਖਮ ਹੈ ਅਤੇ ਵਚਨਾਮ ਗੌਚਰ (ਵਚਨ ਦੇ ਨਾਲ ਅਨੁਭਵ ਵਿੱਚ ਆਉਣ ਵਾਲਾ) ਹੈ। ਪ੍ਰਸ਼ਮ (ਸ਼ਾਂਤੀ) ਆਦਿ ਗੁਣ ਅਤੇ ਆਤਮਾ ਨੂੰ ਅਨੁਭੂਤੀ ਵੀ ਸੱਮਿਅਕ ਦਰਸ਼ਨ ਨਹੀਂ ਗਿਆਨ ਦੀ ਪਰਿਆਏ (ਅਵਸਥਾ) ਹੈ। ਇਸ ਲਈ ਸਵਸੰਵੇਧਯ (ਆਪਣੇ ਆਪ ਨੂੰ ਹੋਣ ਵਾਲਾ ਗਿਆਨ) ਸ਼ਰੂਤ ਗਿਆਨ ਰਾਹੀਂ ਵੀ ਉਹ ਪ੍ਰਤੱਖ ਨਹੀਂ ਹੈ।[40] ਸੱਮਿਅਕ ਦਰਸ਼ਨ ਅਤੇ ਸੱਮਿਅਕ ਗਿਆਨ ਇਕੱਠੇ ਹੁੰਦੇ ਹੋਏ ਵੀ ਆਪਣੇ ਆਪਣੇ ਲੱਛਣ ਤੋਂ ਭਿੰਨ ਹਨ। ਸੱਮਿਅਕ ਗਿਆਨ ਦਾ ਲੱਛਣ ਤੱਤਵਾਂ ਦੇ ਪਦਾਰਥ ਦਾ ਨਿਰਣਾ ਕਰਦਾ ਹੈ ਅਤੇ ਸੱਮਿਅਕ ਦਰਸ਼ਨ ਦਾ ਲੱਛਣ ਉਸ ਤੇ ਸ਼ਰਧਾ ਕਰਦਾ ਹੈ।[41] ਸੱਮਿਅਕ ਦਰਸ਼ਨ ਗਿਆਨ ਪੂਰਵਕ ਆਚਰਨ ਕਰਨਾ ਸੱਮਿਅਕ ਚਰਿੱਤਰ ਹੈ।

ਹੁਣ ਤੱਕ ਤੇ ਕਥਨ ਤੋਂ ਇਹ ਨਿਸ਼ਚਤ ਹੁੰਦਾ ਹੈ ਕਿ ਜੋ ਜੀਵ ਪਰ ਪਦਾਰਥ ਤੋਂ ਭਿੰਨ ਆਤਮ ਸਵਰੂਪ ਵਿੱਚ ਚਰਨ (ਚਲਨਾ) ਕਰਦਾ ਹੈ ਉਸ ਨੂੰ ਹੀ ਜਾਣਦਾ ਅਤੇ ਵੇਖਦਾ ਹੈ। ਉਹ ਹੀ ਸੱਮਿਅਕ ਚਰਿੱਤਰ ਸੱਮਿਅਕ ਗਿਆਨ ਅਤੇ ਸੱਮਿਅਕ ਦਰਸ਼ਨ ਹੈ।[42] ਆਮ ਤੌਰ ਤੇ ਇਹਨਾਂ ਤਿੰਨਾਂ ਦੇ ਮੇਲ ਨੂੰ ਮੋਕਸ਼ ਮਾਰਗ ਮੰਨਿਆ ਗਿਆ ਹੈ। ਪਰ ਅਸਲ ਵਿੱਚ ਮਨੁੱਖ ਦਾ ਯਥਾਰਥ ਆਤਮਾ ਹੀ ਯਥਾਰਥ ਮਾਰਗ ਦਾ ਕਾਰਨ ਹੈ। ਵਿਅਕਤੀ ਵੀ ਆਪਣੀ ਆਤਮਾ ਨੂੰ ਵੇਖਦਾ ਹੈ, ਜਾਣਦਾ ਹੈ, ਤੱਤਵਾਂ ਦੇ ਭੇਦ ਨੂੰ ਪਹਿਚਾਣਦੀ ਹੈ, ਉਹ ਸਭ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਦੇ ਰਾਹੀਂ ਸੰਵੇਧਯ (ਗਿਆਨ) ਹੋਣਾ ਚਾਹੀਦਾ ਹੈ।

ਸੱਮਿਅਕ ਦਰਸ਼ਨ ਨੂੰ ਮੋਕਸ਼ ਮਾਰਗ ਦਾ ਪ੍ਰਮੁੱਖਤਮ ਅੰਗ ਮੰਨਿਆ ਗਿਆ ਹੈ। ਜਿਸ ਪ੍ਰਕਾਰ ਨਗਰ ਵਿੱਚ ਦਰਵਾਜ਼ਾ ਪ੍ਰਧਾਨ ਹੈ, ਦਰਖਤ ਵਿੱਚ ਜੜ ਪ੍ਰਧਾਨ ਹੈ, ਉਸੇ ਤਰ੍ਹਾਂ ਗਿਆਨ ਆਦਿ ਵਿੱਚ ਸੱਮਿਅਕ ਗਿਆਨ ਪ੍ਰਧਾਨ ਹੈ।[43] ਪਦਾਰਥਾਂ ਤੱਤਵਾਂ ਦੀ ਉਪਲਵਧੀ ਸੱਮਿਅਕ ਦਰਸ਼ਨ ਤੋਂ ਹੁੰਦੀ ਹੈ ਇਸ ਲਈ ਉਸ ਨੂੰ ਮਹਾਂ ਰਤਨ ਆਮਯੋਗ, ਮਹਾਂ ਰਿਧੀ ਕਿਹਾ ਹੈ।[44]

ਸੱਮਿਅਕ ਦਰਸ਼ਨ ਦੇ ਦੋ ਭੇਦ ਹਨ - ਨਿਸ਼ਚੈ ਸੱਮਿਅਕ ਦਰਸ਼ਨ ਅਤੇ ਵਿਵਹਾਰ ਸੱਮਿਅਕ ਦਰਸ਼ਨ। ਜਿਸ ਦ੍ਰਵ ਦਾ ਜਿਸ ਪ੍ਰਕਾਰ ਦਾ ਰੂਪ ਹੈ ਉਸ ਤਰ੍ਹਾਂ ਜਾਣੇ ਅਤੇ ਉਸੇ ਤਰ੍ਹਾਂ ਇਸ ਜਗਤ ਵਿੱਚ ਨਿਰਦੋਸ਼ ਸ਼ਰਧਾ ਕਰੇ। ਉਹ ਹੀ ਆਤਮਾ ਦਾ ਚਲਮਲੀਨ ਅਵਗਾੜ ਦੋਸ਼ ਰਹਿਤ ਨਿਸ਼ਚਲ ਭਾਵ ਹੈ। ਇਹੋ ਆਤਮ ਭਾਵ ਸੱਮਿਅਕ ਦਰਸ਼ਨ ਹੈ।[45] ਦੂਸਰੇ ਸ਼ਬਦਾਂ ਵਿੱਚ ਤੱਤਵਾਰਥ ਸ਼ਰਧਾ ਹੀ ਸੱਮਿਅਕ ਦਰਸ਼ਨ ਹੈ, ਗੈਯ (ਗਿਆਨ) ਅਤੇ ਗਿਆਤਾ (ਗਿਆਨੀ) ਦੀ ਯਥਾਰੂਪ ਪ੍ਰਤੀਤੀ ਸੱਮਿਅਕ ਦਰਸ਼ਨ ਹੈ। ਨਿਰਵਾਨ ਪ੍ਰਾਪਤੀ ਦੇ ਲਈ ਆਤਮਾ ਦਾ ਵਿਸ਼ੁੱਧ ਹੋ ਜਾਣਾ ਜ਼ਰੂਰੀ ਹੈ। ਆਤਮ ਗਿਆਨ ਹੋ ਜਾਣਾ ਹੀ ਨਿਸ਼ਚੈ ਸੱਮਿਅਕ ਦਰਸ਼ਨ ਹੈ। ਜੋ ਪੁਰਸ਼ ਆਤਮਾ ਨੂੰ ਜਕੜ ਕੇ ਸਭ ਪਰਿਸ਼ਟ ਅਨਨਿਯ, ਅਭਿਸ਼ੇਸ ਅਤੇ ਉਪਲੱਕਸ਼ਨ ਤੋਂ ਨਿਅਤ ਅਤੇ ਅਸੰਯੁਕਤ ਵੇਖਦਾ ਹੈ ਉਹ ਦ੍ਰੱਵ ਸ਼ਰੂਤ ਅਤੇ ਭਾਵ ਸ਼ਰੂਤ ਸਾਰੇ ਜਿਨ ਸ਼ਾਸਨ ਨੂੰ ਵੇਖਦਾ ਜਾਣਦਾ ਹੈ। ਸਾਧੂ ਪੁਰਸ਼ ਦੇ ਰਾਹੀਂ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ

ਚਰਿੱਤਰ ਲਗਾਤਾਰ ਸੇਵਨ ਕਰਨ ਯੋਗ ਹੈ ਅਤੇ ਇਹਨਾਂ ਤਿੰਨਾਂ ਨੂੰ ਨਿਸ਼ਚੈ ਤੋਂ ਆਤਮਾ ਸਮਝਣਾ ਚਾਹੀਦਾ ਹੈ। ਇਹ ਅਭੇਦ ਨਯ ਤੋਂ ਗੁਣ-ਗੁਣੀ ਵਿੱਚ ਅਭੇਦ ਵਿਵਕਸ਼ਾ (ਆਖਣ ਦੀ ਇੱਛਾ) ਕਰਕੇ ਸੱਮਿਅਕ ਦਰਸ਼ਨ ਆਦਿ ਨੂੰ ਅਤੇ ਆਤਮਾ ਨੂੰ ਇੱਕ ਰੂਪ ਕਿਹਾ ਹੈ।[46]

ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਦਾ ਕਾਰਨ ਹੈ ਸੱਮਿਅਕ ਦਰਸ਼ਨ ਹੈ। ਇਹ ਸਹੀ ਦਿਸ਼ਾ ਵੱਲ ਚੱਲਣ ਦੇ ਲਈ ਆਤਮਾ ਦਾ ਪੱਥ ਪ੍ਰਦਰਸ਼ਕ ਦਾ ਕੰਮ ਕਰਦਾ ਹੈ। ਉਹ ਮੋਕਸ਼ ਪ੍ਰਾਪਤੀ ਦੀ ਦਿਸ਼ਾ ਵਿੱਚ ਸਹੀ ਮਾਰਗ ਪ੍ਰਾਪਤ ਕਰਵਾਉਂਦਾ ਹੈ। ਉਤਰਾ ਅਧਿਐਨ ਸੂਤਰ ਵਿੱਚ ਕਿਹਾ ਗਿਆ ਹੈ, "ਅਸੱਮਿਅਕਤਵੀ ਦੇ ਸੱਮਿਅਕ ਗਿਆਨ ਨਹੀਂ ਹੁੰਦਾ ਗਿਆਨ ਤੋਂ ਬਿਨ੍ਹਾਂ ਚਰਿੱਤਰ ਗੁਣ ਨਹੀਂ ਹੁੰਦੇ, ਅਗੁਣੀ ਵਿਅਕਤੀ ਦੀ ਮੁਕਤੀ ਨਹੀਂ ਹੁੰਦੀ, ਅਮੁਕਤ ਦਾ ਨਿਰਵਾਨ ਨਹੀਂ ਹੁੰਦਾ"।[47]

ਮਿੱਥਿਆ ਦਰਸ਼ਨ ਅਰਥਾਤ ਵਿਚਾਰ ਧਾਰਾ ਜੋ ਸੰਸਾਰ ਦਾ ਕਾਰਨ ਹੋਇਆ ਕਰਦੀ ਹੈ, ਨੂੰ ਦੂਰ ਕਰਨ ਦੇ ਲਈ ਸੱਮਿਅਕ ਦਰਸ਼ਨ ਅਮੁੱਲ ਸਾਧਨ ਹੈ। ਮਨੁੱਖ ਸੱਮਿਅਕ ਦਰਸ਼ਨ ਅਤੇ ਸੱਮਿਅਕ ਗਿਆਨ ਤੋਂ ਹੀ ਆਤਮ ਸ਼ੁੱਧੀ ਨੂੰ ਪ੍ਰਾਪਤ ਕਰਦਾ ਹੈ। ਸੂਤਰਕ੍ਰਿਤਾਂਗ ਵਿੱਚ ਕਿਹਾ ਗਿਆ ਹੈ ਕਿ ਮਿੱਥਿਆਤਵ ਕਸ਼ਾਏ ਆਦਿ ਤੇਜ਼ ਧਾਰਾ ਵਿੱਚ ਰੁੜਨ ਵਾਲੇ ਅਤੇ ਅਪਣੇ ਕਰਮਾਂ ਦੇ ਵੱਸ ਹੋਕੇ ਕਸ਼ਟ ਪਾਉਂਦੇ ਪ੍ਰਾਣੀਆਂ ਨੂੰ ਆਰਾਮ ਦੇਣ ਦੇ ਲਈ ਤੀਰਥੰਕਰਾਂ ਨੂੰ ਸੱਮਿਅਕ ਦਰਸ਼ਨ ਨੂੰ ਇੱਕ ਦੀਪ ਜਾਂ ਦੀਪ ਗਿਆਨ ਦੱਸਿਆ ਹੈ।[48]

ਸੱਮਿਅਕ ਦਰਸ਼ਨ ਤੋਂ ਸਭ ਪ੍ਰਕਾਰ ਦੇ ਆਮ ਲਾਭ ਮਿਲਦੇ ਹਨ। ਸਮੰਤਭੱਦਰ ਅਚਾਰੀਆ ਨੇ ਕਿਹਾ ਹੈ ਕਿ ਸੱਮਿਅਕ ਦ੍ਰਿਸ਼ਟੀ ਜੀਵ ਨਰਕ ਜਾਂ ਸਵਰਗ ਤੋਂ ਆ ਕੇ ਜਦ ਮਨੁੱਖ ਹੁੰਦੇ ਹਨ ਤਦ ਉਹ ਔਜ, ਤੇਜ਼, ਵਿੱਦਿਆ, ਯੱਸ਼, ਬੁੱਧੀ, ਵਿਜੈ ਅਤੇ ਸੰਪਤੀ ਨਾਲ ਭਰਪੂਰ ਉੱਚ ਕੁਲ ਦੇ ਧਰਮ, ਅਰਥ, ਕਾਮ ਅਤੇ ਮੋਕਸ਼ ਦੇ ਸਾਧਕ ਸ਼੍ਰੇਸ਼ਠ ਮਨੁੱਖ ਹੀ ਹੁੰਦੇ ਹਨ, ਨੀਵੇਂ ਕੁਲ ਆਦਿ ਦੇ ਨਹੀਂ। ਉਹ ਬੁਢਾਪੇ ਤੋਂ ਰਹਿਤ, ਰੋਗ ਤੋਂ ਰਹਿਤ, ਕਸ਼ਯ (ਖਾਤਮਾ) ਰਹਿਤ, ਵਿਸ਼ਿਸ਼ਟ ਜਾਂ ਭਿੰਨ ਭਿੰਨ ਰੁਕਾਵਟਾਂ ਤੋਂ ਰਹਿਤ, ਸੋਗ - ਡਰ ਅਤੇ ਸ਼ੱਕ ਤੋਂ

ਰਹਿਤ, ਸਰਵਉੱਚ ਸੁੱਖ ਅਤੇ ਗਿਆਨ ਦੀ ਸੰਪਤੀ ਸਹਿਤ ਅਤੇ ਦ੍ਰਵ ਕਰਮ ਅਤੇ ਭਾਵਕਰਮ ਰੂਪ ਵਿੱਚ ਮਲ ਤੋਂ ਰਹਿਤ ਮੋਕਸ਼ ਨੂੰ ਪ੍ਰਾਪਤ ਹੁੰਦੇ ਹਨ।[49]

## ਸੱਮਿਅਕ ਗਿਆਨ

ਸੱਮਿਅਕ ਦਰਸ਼ਨ ਪ੍ਰਾਪਤ ਹੋਣ ਤੋਂ ਬਾਅਦ ਤੁਰੰਤ ਹੀ ਸੱਮਿਅਕ ਗਿਆਨ ਪ੍ਰਾਪਤ ਹੋ ਜਾਂਦਾ ਹੈ। ਜਿਵੇਂ ਲੈਂਪ ਤੋਂ ਪ੍ਰਕਾਸ਼ ਨਿਕਲਦਾ ਹੈ, ਜੋ ਪਦਾਰਥ ਨੂੰ ਘਾਟੇ ਰਹਿਤ, ਵਾਧੇ ਰਹਿਤ ਜਿਉਂ ਦਾ ਤਿਉਂ ਉਲਟ ਰਹਿਤ ਅਤੇ ਸ਼ੱਕ ਰਹਿਤ ਜਾਣਦਾ ਹੈ, ਉਸ ਨੂੰ ਉਸ ਆਲ ਦੇ ਜਾਣਕਾਰ ਨੂੰ ਸੱਮਿਅਕ ਗਿਆਨ ਆਖਦੇ ਹਨ।[50]

ਸੱਮਿਅਕ ਗਿਆਨ ਤੋਂ ਚਾਰ ਪ੍ਰਕਾਰ ਦਾ ਯੋਗ ਮਿਲ ਜਾਂਦਾ ਹੈ - ਪ੍ਰਥਮਾਨੁਯੋਗ, ਕਰਨਾਨੁਯੋਗ, ਚਰਨਾਨੁਯੋਗ ਅਤੇ ਦ੍ਰਵਯਨੁਯੋਗ। ਪ੍ਰਥਮਾਨੁਯੋਗ ਧਰਮ, ਅਰਥ, ਕਾਮ ਅਤੇ ਮੋਕਸ਼ (ਆਤਮਾ ਦਾ) ਵਰਣਨ ਕਰਦਾ ਹੈ- ਕਰਨਾਨੁਯੋਗ - ਵਿੱਚ ਅਕਾਸ਼ ਸਮਾਂ ਆਦਿ ਦੇ ਨਾਲ ਹੀ ਜੀਵਨ ਦੀਆਂ ਚਾਰ ਅਵਸਥਾਵਾਂ ਦਾ ਵੀ ਵਰਣਨ ਹੁੰਦਾ ਹੈ। ਚਰਨਾਨੁਯੋਗ - ਸਾਧੂ ਅਤੇ ਉਪਾਸ਼ਕ ਦੋਹਾਂ ਦੇ ਚਰਿੱਤਰ ਦਾ ਵਰਣਨ ਕਰਦਾ ਹੈ ਅਤੇ ਦ੍ਰਵਯਨੁਯੋਗ - ਦ੍ਰਵ ਦੇ ਸਿਧਾਂਤ ਨੂੰ ਸਪੱਸ਼ਟ ਕਰਦਾ ਹੈ।

ਉਤਰਾਧਿਐਨ ਸੂਤਰ ਵਿੱਚ ਪੰਜ ਪ੍ਰਕਾਰ ਦੇ ਗਿਆਨਾਂ ਦਾ ਵਰਣਨ ਆਉਂਦਾ ਹੈ: -

1. ਸ਼ਰੂਤ ਗਿਆਨ (ਜਿਨ, ਪਰਮਾਤਮਾ ਦੁਆਰਾ ਉਪਦੇਸ਼ ਕੀਤੇ ਪ੍ਰਮਾਣਿਕ ਸ਼ਾਸ਼ਤਰਾਂ ਦਾ ਪੜ੍ਹਨਾ ਅਤੇ ਸੁਣਨਾ)
2. ਆਭਿਨਿਬੋਧਿਕ ਗਿਆਨ (ਅੱਖ ਆਦਿ ਇੰਦਰੀਆਂ ਅਤੇ ਮਨ ਦੀ ਸਹਾਇਤਾ ਤੋਂ ਉਤਪੰਨ ਹੋਣ ਵਾਲਾ ਗਿਆਨ)
3. ਅਵਧੀ ਗਿਆਨ (ਇੰਦਰੀਆਂ ਆਦਿ ਦੀ ਸਹਾਇਤਾ ਤੋਂ ਬਿਨ੍ਹਾਂ ਇੱਕ ਸੀਮਾ (ਹੱਦ) ਤੱਕ ਰਹੇ ਰੂਪੀ ਪਦਾਰਥਾਂ ਦੇ ਵਿਸ਼ੇ ਵਿੱਚ ਅੰਤਰ ਸ਼ਾਕਸ਼ੀ (ਗਵਾਹ) ਰੂਪ ਗਿਆਨ।
4. ਮਨਪ੍ਰਯਗਿਆਨ (ਦੂਸਰੀਆਂ ਦੇ ਮਨ ਦੇ ਵਿਚਾਰਾਂ ਨੂੰ ਜਾਣਨਾ)

5. ਕੇਵਲ ਗਿਆਨ (ਤਿੰਨ ਲੋਕ ਵਿੱਚ ਸਾਰੇ ਦ੍ਰਵਾਂ ਅਤੇ ਉਹਨਾਂ ਦੀ ਸਾਰੇ ਪਰਿਆਏ ਦਾ ਇੱਕਠਾ ਗਿਆਨ ਹੋਣਾ)[51] ਇਸ ਵਿੱਚੋਂ ਪਹਿਲੇ ਦੋ ਗਿਆਨ ਮਤੀ ਅਤੇ ਸ਼ਰੁਤ ਗਿਆਨ ਪਰੋਕਸ਼ ਗਿਆਨ ਹਨ ਜੋ ਇੰਦਰੀਆਂ ਅਤੇ ਮਨ ਦੀ ਸਹਾਇਤਾ ਤੋਂ ਉਤਪੰਨ ਹੁੰਦੇ ਹਨ। ਬਾਕੀ ਤਿੰਨ ਗਿਆਨ ਅਵਧੀ, ਮਨਪ੍ਰਯਗਿਆਨ ਅਤੇ ਕੇਵਲ ਗਿਆਨ ਪ੍ਰਤੱਖ ਗਿਆਨ ਹਨ ਜੋ ਸਿਰਫ ਆਤਮਾ ਤੇ ਅਧਾਰਤ ਹਨ।

ਸੱਮਿਅਕ ਦਰਸ਼ਨ ਦੀ ਤਰ੍ਹਾਂ ਸੱਮਿਅਕ ਗਿਆਨ ਦੇ ਵੀ ਅੱਠ ਅੰਗ ਹੋਣੇ ਚਾਹੀਦੇ ਹਨ:-

1. ਗ੍ਰੰਥ (ਸ਼ਬਦਾਂ ਦਾ ਠੀਕ ਪ੍ਰਯੋਗ)
2. ਅਰਥ (ਭਾਵ ਸਮਝਨਾ)
3. ਤਦਭੈਂ (ਸ਼ਬਦ ਅਤੇ ਅਰਥ ਦੋਹਾਂ ਨੂੰ ਸਮਝਣਾ)
4. ਕਾਲ
5. ਬਿਨੈ
6. ਸੋਪਧਾਨ
7. ਬਹੂਮਾਨ
8. ਅਨਿੰਹਬ[52]

## ਕੇਵਲ ਗਿਆਨ

ਕੇਵਲ ਗਿਆਨ ਸਰਵਸ਼੍ਰੇਸ਼ਠ ਗਿਆਨ ਹੈ। ਉਹ ਪਦਾਰਥਾਂ ਅਤੇ ਉਹਨਾਂ ਦੀ ਸਾਰਿਆਂ ਪਰਿਆਏ ਨੂੰ ਜਾਣਦਾ ਹੈ। ਪੂਜੇਪਾਦ ਨੇ "ਸ੍ਵਦਰੱਵਯਪਰਿਆਏਸ਼ੂ ਕੇਵਲਸਯ" ਆਖ ਕੇ ਇਸ ਨੂੰ ਸਪੱਸ਼ਟ ਕੀਤਾ ਹੈ। ਇਸ ਨੂੰ ਪੂਰਨ, ਸਮੁੱਚਾ, ਅਸਾਧਾਰਨ, ਨਿਰਪੱਖ, ਵਿਸ਼ੁੱਧ, ਸਰਵ ਭਾਵਵਿਆਪਕ, ਲੋਕਾਅਲੋਕਵਿਸ਼ਯਕ ਅਤੇ ਅਸੀਮਤ ਅਤੇ ਅਨੰਤ ਕਿਹਾ ਹੈ।[53] ਸਵੈ (ਅਪਣਾ) ਪਰ (ਪਰਾਇਆ) ਤੇ ਅਧਾਰਤ ਅਤੇ ਖੇਤਰ ਅਤੇ ਕਾਲ ਦੀ ਦ੍ਰਿਸ਼ਟੀ ਤੋਂ ਸੀਮਾ ਰਹਿਤ ਹੈ। ਜਿਸ ਦੇ ਗਿਆਨ ਦੀ ਕੋਈ ਆਪਰੀਮਿਤ

(ਜਿਸ ਦਾ ਕੋਈ ਪੈਮਾਨਾ) ਨਹੀਂ ਹੈ। ਇਸ ਗਿਆਨ ਦੇ ਨਾਲ ਨਾ ਤਾਂ ਕੋਈ ਸੀਮਾ ਹੈ ਗਿਆਨ ਦੀ ਅਤੇ ਨਾ ਹੀ ਉਸ ਦਾ ਕਦੇ ਪਤਨ ਹੁੰਦਾ ਹੈ।

ਕੇਵਲ ਗਿਆਨ ਦੀ ਪ੍ਰਾਪਤੀ ਅਧਿਆਤਮਕ ਦ੍ਰਿਸ਼ਟੀ ਤੋਂ ਉਤਕ੍ਰਿਸ਼ਟ (ਪਵਿੱਤਰ ਆਤਮਾ ਵਾਲੇ) ਜੀਵਾਂ ਨੂੰ ਹੁੰਦੀ ਹੈ ਜਿਨ੍ਹਾਂ ਨੇ ਗਿਆਨਾਵਰਨੀਆਂ, ਦਰਸ਼ਨਾਵਰਨੀਆਂ, ਮੋਹਨੀਆਂ ਅਤੇ ਅੰਤਰਾਏ ਕਰਮ ਦਾ ਪੂਰਨ ਨਾਸ਼ ਕਰ ਲਿਆ ਹੋਵੇ।[54] ਆਤਮਾ ਸੂਰਜ ਦੇ ਸਮਾਨ ਪਦਾਰਥ ਨੂੰ ਪ੍ਰਕਾਸ਼ਤ ਕਰਦਾ ਹੈ। ਉਸ ਤੋਂ ਕੋਈ ਵੀ ਵਸਤੂ ਛੁਪੀ ਨਹੀਂ ਰਹਿ ਸਕਦੀ ਇਸ ਤਰ੍ਹਾਂ ਚਾਰਘਾਤੀਆ ਕਰਮਾਂ ਦਾ ਨਾਸ਼ ਕਰਕੇ ਕੇਵਲ ਗਿਆਨ ਦੀ ਉਤਪਤੀ ਹੁੰਦੀ ਹੈ। ਮੋਹਨ ਲਾਲ ਮੇਹਤਾ ਨੇ ਠੀਕ ਹੀ ਕਿਹਾ ਹੈ ਜਿਵੇਂ ਗਰਮੀ ਇਧਰ ਉਧਰ ਘੱਟ ਵੱਧ ਰਹਿੰਦੀ ਹੈ ਪਰ ਸਿੱਟੇ ਵਜੋਂ ਸਰਵਉੱਚ ਸਥਿਤੀ ਤੇ ਪਹੁੰਚ ਜਾਂਦੀ ਹੈ ਉਸੇ ਪ੍ਰਾਕਰ ਗਿਆਨ ਵਿਕਸਤ ਹੁੰਦੇ ਸਰਵਉੱਚ ਹੁੰਦੇ ਕੇਵਲ ਗਿਆਨ ਤੱਕ ਪਹੁੰਚ ਜਾਂਦਾ ਹੈ। ਭਾਰਤੀ ਕਰਮਾ ਦਾ ਪੂਰਨ ਵਿਨਾਸ਼ ਕਰਕੇ।[55]

ਆਚਰਾਂਗ ਸੂਤਰ ਵਿੱਚ ਕਿਹਾ ਗਿਆ ਹੈ ਜੋ ਇੱਕ ਨੂੰ ਜਾਣਦਾ ਹੈ ਉਹ ਸਭ ਨੂੰ ਜਾਣਦਾ ਹੈ, ਜੋ ਸਭ ਨੂੰ ਜਾਣਦਾ ਹੈ ਉਹ ਇੱਕ ਨੂੰ ਜਾਣਦਾ ਹੈ।[56] ਇਸ ਦਾ ਅਰਥ ਹੈ ਕਿ ਇੱਕ ਪਦਾਰਥ ਦਾ ਕੇਵਲ ਗਿਆਨ ਹੋਰ ਸਾਰੇ ਪਦਾਰਥਾਂ ਦਾ ਕੇਵਲ ਗਿਆਨ ਹੈ। ਸਾਰੇ ਸਰਵੱਗ ਸਮਾਨ ਰੂਪ ਵਿੱਚ ਪੂਰਨਤਾ ਨੂੰ ਪ੍ਰਾਪਤ ਕਰਦੇ ਹਨ। ਸਰਵੱਗ ਦੇ ਗਿਆਨ ਤੋਂ ਕੋਈ ਵੀ ਬਾਹਰਲੀ ਵਸਤੂ ਬਚਦੀ ਨਹੀਂ।

ਜਦੋਂ ਕੇਵਲ ਗਿਆਨ ਦਾ ਉਦੈ ਹੁੰਦਾ ਹੈ ਤਾਂ ਬਾਕੀ ਚਾਰ ਗਿਆਨ ਮਤੀ, ਸ਼ਰੁਤ, ਅਵਧੀ, ਮਨ ਪ੍ਰਯਭਵ ਅਸਤ ਹੋ ਜਾਂਦੇ ਹਨ। ਜਿਵੇਂ ਸੂਰਜ ਦੇ ਪ੍ਰਗਟ ਹੋਣ ਤੇ ਹੀ ਨਛੱਤਰ ਆਦਿ ਅਸਤ ਹੋ ਜਾਂਦੇ ਹਨ। ਸਾਰੇ ਪੰਜ ਪ੍ਰਕਾਰ ਦੇ ਗਿਆਨ ਇੱਕਠੇ ਨਹੀਂ ਰਹਿ ਸਕਦੇ। ਪਹਿਲਾਂ ਚਾਰ ਗਿਆਨ ਇੱਕਠੇ ਇਕ ਹੋ ਜਾਂਦੇ ਹਨ ਕਿਉਂਕਿ ਕੇਵਲ ਗਿਆਨ ਆਪਣੇ ਆਪ ਵਿੱਚ ਪੂਰਨ ਹੈ। ਉਹ ਬਿਨ੍ਹਾਂ ਕਿਸੇ ਦੀ ਸਹਾਇਤਾ ਤੋਂ ਬਣਿਆ ਰਹਿੰਦਾ ਹੈ। ਆਤਮਾ ਆਪਣੀ ਕੋਸ਼ਿਸ਼ ਨਾਲ ਸਰਵੱਗ ਅਤੇ ਸਰਵ ਸ਼ਕਤੀਮਾਨ ਹੋ ਜਾਂਦਾ ਹੈ। ਜੋ ਆਤਮਾ ਪਹਿਲਾਂ ਸੰਸਾਰ ਅਵਸਥਾ ਵਿੱਚ ਇੰਦਰੀਆਂ ਰਾਹੀਂ ਪੈਦਾ ਕੀਤੀ ਰੁਕਾਵਟਾਂ ਕਾਰਨ ਪਰ

ਅਧੀਨ ਅਤੇ ਵਿਖਾਈ ਦੇਣ ਵਾਲੇ ਸੁੱਖ ਦਾ ਅਨੁਭਵ ਕਰਦਾ ਸੀ ਹੁਣ ਉਹ ਹੀ ਚਿਦ ਆਤਮਾ ਮੁਕਤ ਅਵਸਥਾ ਵਿੱਚ ਸਰਵੱਗ ਅਤੇ ਸਰਵ ਦਰਸੀ ਹੋ ਕੇ ਅਨੰਤ, ਅਭਿਵਿਆਤ, ਸਵਾਧੀਨ (ਅਜ਼ਾਦ) ਅਤੇ ਮੂਰਤਕ ਸੁੱਖ ਦਾ ਅਨੁਭਵ ਕਰਦਾ ਹੈ।[57]

ਕੇਵਲ ਗਿਆਨ ਸਾਰੇ ਗਿਆਨਾਂ ਦੇ ਲਈ ਪ੍ਰਕਾਸ਼ ਹੈ ਉਹ ਬਿਨ੍ਹਾਂ ਕਿਸੇ ਕੋਸ਼ਿਸ਼ ਕਾਰਨ ਅਤੇ ਸ਼੍ਰੋਤ ਦੇ ਆਪਣੇ ਆਪ ਵਿੱਚ ਪਰੀਪੂਰਨ ਹੈ। ਐਚ. ਆਰ. ਕਾਪੜੀਆ ਨੇ ਕਿਹਾ ਹੈ, ਕੇਵਲ ਗਿਆਨ ਜੋ ਪੂਰੀ ਤਰ੍ਹਾਂ ਪੂਰਨ ਹੈ, ਆਤਮਾ ਦੀ ਵਿਸ਼ੁੱਧ ਪ੍ਰਾਪਤੀ ਹੈ। ਇਸ ਗਿਆਨ ਵਿੱਚ ਸਭ ਪ੍ਰਕਾਰ ਦੇ ਭੂਤ, ਵਰਤਮਾਨ ਅਤੇ ਭਵਿੱਖ ਕਾਲ ਦੇ ਪਦਾਰਥ ਹੱਥ ਵਿੱਚ ਕਮਲ ਦੇ ਸਮਾਨ ਪ੍ਰਤੀਤ ਹੁੰਦੇ ਹਨ।[58]

ਅਚਾਰੀਆ ਕੁੰਦ ਕੁੰਦ ਆਖਦੇ ਹਨ, ਕਿ ਕੇਵਲੀ ਭਗਵਾਨ ਨਿਸ਼ਚੈ ਤੋਂ ਆਤਮ ਸਵਰੂਪ ਨੂੰ ਵੇਖਦੇ ਹਨ। ਲੋਕਾਲੋਕ ਨੂੰ ਨਹੀਂ ਵੇਖਦੇ ਜੇ ਕੋਈ ਅਜਿਹਾ ਆਖਦਾ ਹੈ, ਤਾਂ ਉਸ ਦਾ ਕੀ ਦੋਸ਼ ਹੈ, ਭਾਵ ਨਹੀਂ ਹੈ।[59]

## ਦਰਸ਼ਨ ਦੇ ਪ੍ਰਕਾਰ

ਦਰਸ਼ਨ ਅਭੇਦਆਤਮਕ ਪ੍ਰਤੱਖ ਦਾ ਪ੍ਰਤੀਨਿਧਤਾ ਕਰਦਾ ਹੈ ਜਿਸ ਦਾ ਅਰਥ ਹੈ ਵੇਖਣਾ। ਇਹ ਚਾਰ ਪ੍ਰਕਾਰ ਦਾ ਹੈ - ਚਕਸ਼ੂ ਦਰਸ਼ਨ (ਅੱਖ, ਇੰਦਰੀ ਰਾਹੀਂ ਪਦਾਰਥਾਂ ਦਾ ਦਰਸ਼ਨ), ਅਚਕਸ਼ੂ ਦਰਸ਼ਨ (ਅੱਖ ਤੋਂ ਇਲਾਵਾ ਬਾਕੀ ਇੰਦਰੀਆਂ ਅਤੇ ਮਨ ਨਾਲ ਪਦਾਰਥਾਂ ਦਾ ਆਭਾਸ), ਅਵਧੀ ਦਰਸ਼ਨ (ਸਭ ਪ੍ਰਕਾਰ ਦੇ ਪਦਾਰਥਾਂ ਨੂੰ ਪ੍ਰਤੱਖ ਵੇਖਣਾ), ਕੇਵਲ ਦਰਸ਼ਨ (ਚੱਲਦੇ ਅਤੇ ਰੁੱਕੇ ਸੰਸਾਰ ਨੂੰ ਪ੍ਰਕਾਸ਼ਿਤ ਕਰਨਾ)।

ਪੂਜੇਪਾਦ ਦੇ ਅਨੁਸਾਰ ਗਿਆਨ ਅਤੇ ਦਰਸ਼ਨ ਸਾਰੇ ਛੱਦ ਮਸਤ (ਕੇਵਲ ਗਿਆਨ ਤੋਂ ਰਹਿਤ) ਸੰਸਾਰੀਆਂ ਵਿੱਚ ਹੁੰਦਾ ਹੈ। ਪਰ ਕੇਵਲੀ ਦੇ ਯੁਗਪਤ (ਗਿਆਨ ਦਰਸ਼ਨ) ਹੁੰਦਾ ਹੈ।[60] ਕੁੱਝ ਅਚਾਰੀਆ ਨੇ ਇਸ ਗਲ ਦਾ ਖੰਡਣ ਕੀਤਾ ਕਿ ਗਿਆਨ ਅਤੇ ਦਰਸ਼ਨ ਕੇਵਲੀ ਨੂੰ ਇੱਕਠੇ ਨਹੀਂ ਹੋ ਸਕਦੇ। ਕਿਉਂਕਿ ਆਗਮ ਪ੍ਰੰਪਰਾ ਦੇ ਅਨੁਸਾਰ ਦੋ ਚੇਤਨ ਕ੍ਰਿਆ ਇੱਕੋ ਸਮੇਂ ਨਹੀਂ ਹੋ

ਸਕਦੀਆਂ। ਆਵਸ਼ਯਕ ਨਿਰਯੁਕਤੀ ਇਹ ਸਵੀਕਾਰ ਨਹੀਂ ਕਰਦੀ ਕਿ ਕੇਵਲੀ ਵਿੱਚ ਗਿਆਨ ਤੇ ਦਰਸ਼ਨ ਇੱਕਠੇ ਹੁੰਦੇ ਹਨ।[61]

ਅਚਾਰੀਆ ਕੁੰਦ ਕੁੰਦ ਦਾ ਇਹ ਸਪੱਸ਼ਟ ਮਤ ਹੈ ਕਿ ਕੇਵਲੀ ਨੂੰ ਗਿਆਨ ਅਤੇ ਦਰਸ਼ਨ ਇਕੋ ਸਮੇਂ ਹੁੰਦਾ ਹੈ। ਉਹ ਆਖਦੇ ਹਨ ਕਿ ਜਿਸ ਪ੍ਰਕਾਰ ਸੂਰਜ ਦਾ ਪ੍ਰਕਾਸ਼ ਅਤੇ ਪ੍ਰਤਾਪ ਇੱਕੋ ਸਮੇਂ ਵਰਤਦਾ ਹੈ ਉਸੇ ਪ੍ਰਕਾਰ ਕੇਵਲ ਗਿਆਨੀ ਦਾ ਗਿਆਨ ਅਤੇ ਦਰਸ਼ਨ ਇੱਕੋ ਸਮੇਂ ਵਰਤਦਾ ਹੈ।[62] ਸਿੱਧਸ਼ੇਨ ਦਿਵਾਕਰ ਵੀ ਕੁੰਦ ਕੁੰਦ ਦੇ ਮਤ ਨੂੰ ਸਵੀਕਾਰ ਕਰਦੇ ਹੋਏ ਅਪਣਾ ਮਤ ਇਸ ਪ੍ਰਕਾਰ ਦੱਸਦੇ ਹਨ, ਕਿ ਗਿਆਨ ਅਤੇ ਦਰਸ਼ਨ ਨੂੰ ਮਨਪ੍ਰਯਯ ਗਿਆਨ ਤੱਕ ਅਸੀਂ ਅੱਡ ਕਰ ਸਕਦੇ ਹਾਂ। ਪਰ ਕੇਵਲ ਗਿਆਨ ਵਿੱਚ ਉਹ ਇੱਕ ਹੋ ਜਾਂਦਾ ਹੈ ਕਿਉਂਕਿ ਉਹ ਪਦਾਰਥ ਦਾ ਗਿਆਨ ਦਰਸ਼ਨ ਇੱਕਠਾ ਕਰਦਾ ਹੈ। ਅਕਲੰਕ, ਵਿਦਿਆਨੰਦੀ, ਅਤੇ ਨੇਮੀ ਚੰਦ ਸਿਧਾਂਤ ਚੱਕਰਵਰਤੀ ਵੀ ਪੂਜਪਾਦ, ਕੁੰਦ ਕੁੰਦ, ਅਤੇ ਸਿਧਸ਼ੇਨ ਦਿਵਾਕਰ ਦੇ ਮਤ ਦਾ ਸਮਰਥਨ ਕਰਦੇ ਹਨ।[63] ਇਸ ਤੋਂ ਸਪੱਸ਼ਟ ਹੈ ਕਿ ਛਦਮਸਤ ਸੰਸਾਰੀ ਜੀਵਾਂ ਦੇ ਦਰਸ਼ਨ ਅਤੇ ਗਿਆਨ ਸਿਲਸਿਲੇਵਾਰ ਹੁੰਦਾ ਹੈ ਪਰ ਕੇਵਲੀ ਦੇ ਉਹ ਇਕੋ ਸਮੇਂ ਹੁੰਦਾ ਹੈ।

## ਸੱਮਿਅਕ ਚਰਿੱਤਰ

ਸੱਮਿਅਕ ਚਰਿੱਤਰ ਹੈ ਮਨ, ਵਚਨ ਕਾਰਜ ਤੋਂ ਸ਼ੁਭ ਕਰਮਾਂ ਵਿੱਚ ਪ੍ਰਵਿਰਤੀ ਕਰਨਾ। ਉਹ ਸੱਮਿਅਕ ਚਰਿੱਤਰ ਨੈਤਿਕ ਅਨੁਸ਼ਾਸਨ ਦੇ ਨਿਯਮਾਂ ਦਾ ਪ੍ਰਤੀਨਿਧੀ ਕਰਦਾ ਹੈ। ਜੋ ਉੱਤਮ ਵਿਵਹਾਰ ਦਾ ਨਿਯਮਨ ਕਰਦਾ ਹੈ ਅਤੇ ਮਨ ਵਚਨ ਕਾਇਆ ਦੀਆਂ ਗਤੀਵਿਧੀਆਂ ਦੀ ਸੰਰਚਨਾ ਕਰਦਾ ਹੈ। ਇਸ ਤੋਂ ਸੱਮਿਅਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੱਮਿਅਕ ਗਿਆਨ ਸੱਮਿਅਕ ਦਰਸ਼ਨ ਦੀ ਹਾਜ਼ਰੀ ਜ਼ਰੂਰੀ ਮੰਨਦਾ ਹੈ। ਇਸ ਪ੍ਰਕਾਰ ਸੱਮਿਅਕ ਗਿਆਨ ਅਤੇ ਸੱਮਿਅਕ ਦਰਸ਼ਨ ਜਦ ਇੱਕੋ ਸਮੇਂ ਹੁੰਦੇ ਹਨ ਤਾਂ ਉਹ ਸੱਮਿਅਕ ਚਰਿੱਤਰ ਦਾ ਰਾਹ ਵਿਖਾਉਂਦੇ ਹਨ। ਆਤਮਾ ਸੱਮਿਅਕ ਚਰਿੱਤਰ ਦੇ ਪਿੱਛੇ ਤੱਦ ਤੱਕ ਨਹੀਂ ਚੱਲ ਸਕਦਾ ਜਦ ਉਹ ਸੱਮਿਅਕ ਦਰਸ਼ਨਵਾਨ ਅਤੇ ਸੱਮਿਅਕ ਗਿਆਨਵਾਨ ਹੁੰਦਾ ਹੈ। ਗਿਆਨ ਅਤੇ ਕਾਰਜ ਦਾ ਡੂੰਘਾ ਸੰਬੰਧ ਹੈ, ਅਸੱਮਿਅਕਵਤੀ ਨੂੰ ਸੱਮਿਅਕ ਗਿਆਨ ਨਹੀਂ ਹੁੰਦਾ ਗਿਆਨ ਤੋਂ ਬਿਨ੍ਹਾਂ

ਚਰਿੱਤਰ ਗੁਣ ਨਹੀਂ ਹੁੰਦਾ। ਅਗੁਣੀ (ਗੁਣ ਰਹਿਤ) ਵਿਅਕਤੀ ਦੀ ਮੁਕਤੀ ਨਹੀਂ ਹੁੰਦੀ। ਜੀਵ ਗਿਆਨ ਤੋਂ ਪਦਾਰਥਾਂ ਨੂੰ ਜਾਣਦਾ ਹੈ, ਦਰਸ਼ਨ ਰਾਹੀਂ ਉਸ ਤੇ ਸ਼ਰਧਾ ਕਰਦਾ ਹੈ ਅਤੇ ਚਰਿੱਤਰ ਨਾਲ ਉਸ ਦਾ ਨਿਗਰਿਹ (ਚਲਨਾ) ਚੱਲਦਾ ਹੈ ਅਤੇ ਤਪ ਰਾਹੀਂ ਸਿੱਧ ਹੁੰਦਾ ਹੈ। ਸਭ ਦੁੱਖਾਂ ਤੋਂ ਮੁਕਤੀ ਪਾਉਣ ਦਾ ਉਦੇਸ਼ ਰੱਖਣ ਵਾਲੇ ਮਹਾਂ ਰਿਸ਼ੀ ਸੰਜਮ ਅਤੇ ਤੱਪ ਰਾਹੀਂ ਪਿੱਛਲੇ ਕਰਮਾਂ ਦਾ ਖਾਤਮਾ ਕਰਕੇ ਸਿੱਧੀ ਨੂੰ ਪ੍ਰਾਪਤ ਹੁੰਦੇ ਹਨ।[64] ਸੱਮਿਅਕ ਚਰਿੱਤਰ ਦੋ ਪ੍ਰਕਾਰ ਦਾ ਹੈ – ਨਿਸ਼ਚੈ ਚਰਿੱਤਰ ਅਤੇ ਵਿਵਹਾਰ ਚਰਿੱਤਰ। ਵਿਵਹਾਰ ਨਯ ਤੋਂ ਪਾਪ ਕ੍ਰਿਆ ਦੇ ਤਿਆਗ ਨੂੰ ਚਰਿੱਤਰ ਆਖਦੇ ਹਨ। ਇਸ ਲਈ ਇਸ ਚਰਿੱਤਰ ਵਿੱਚ ਵਿਵਹਾਰ ਨਯ ਦੇ ਵਿਸ਼ੇਭੂਤ ਅਨਸ਼ਨ, ਓਨੋਦਰ ਆਦਿ ਨੂੰ ਤਪ ਆਖਿਆ ਜਾਂਦਾ ਹੈ ਅਤੇ ਨਿਸ਼ਚੈ ਨਯ ਤੋਂ ਨਿਜ ਸਵਰੂਪ ਵਿੱਚ ਅਵਿਚਲ (ਸਥਿਰ) ਸਥਿਤੀ ਨੂੰ ਚਰਿੱਤਰ ਕਿਹਾ ਜਾਂਦਾ ਹੈ। ਇਸ ਲਈ ਇਸ ਚਰਿੱਤਰ ਵਿੱਚ ਨਿਸ਼ਚੈ ਨਯ ਦੇ ਵਿਸ਼ੇਭੂਤ ਸਹਿਜ ਨਿਸ਼ਚੈ ਨਯਆਤਮਕ ਪਰਮ ਭਾਵ ਸਵਰੂਪ ਪ੍ਰਮਾਤਮਾ ਵਿੱਚ ਤੱਪਨ ਨੂੰ ਤਪ ਕਿਹਾ ਗਿਆ ਹੈ।[65]

ਵਿਵਹਾਰ ਨਯ ਦੇ ਅਨੁਸਾਰ ਚਰਿੱਤਰ ਦੋ ਪ੍ਰਕਾਰ ਦਾ ਹੈ – ਇੱਕ ਸ਼੍ਰਾਵਕਾਂ ਦੇ ਲਈ ਅਤੇ ਦੂਸਰਾ ਮੁਨੀਆਂ ਦੇ ਲਈ। ਦੂਸਰੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ, ਕਿ ਹਿੰਸਾ ਆਦਿ ਪਾਪ ਦੇ ਤਿਆਗ ਰੂਪ ਇਹ ਚਰਿੱਤਰ ਦੋ ਪ੍ਰਕਾਰ ਦਾ ਹੈ – ਸ਼ਕਲ ਚਰਿੱਤਰ (ਸੰਪੂਰਨ) ਅਤੇ ਵਿਕਲ ਚਰਿੱਤਰ (ਅਧੂਰਾ)। ਸ਼ਕਲ ਚਰਿੱਤਰ ਪੂਰਨ ਚਰਿੱਤਰ ਅਖਵਾਉਂਦਾ ਹੈ ਜੋ ਮਹਾਂ ਵਰਤ ਰੂਪ ਹੁੰਦਾ ਹੈ ਅਤੇ ਬਾਹਰਲੇ ਅੰਦਰਲੇ ਪਰੀਗ੍ਰਹਿ ਤੋਂ ਰਹਿਤ ਮੁਨੀਆਂ ਦਾ ਹੁੰਦਾ ਹੈ। ਵਿਕਲ ਚਰਿੱਤਰ ਇੱਕ ਦੇਸ਼ ਚਰਿੱਤਰ ਅਖਵਾਉਂਦਾ ਹੈ ਜੋ ਅਣੂਵਰਤ ਰੂਪ ਹੁੰਦਾ ਹੈ ਅਤੇ ਪਰੀ ਗ੍ਰਹਿ ਸਹਿਤ ਗ੍ਰਹਿਸਥੀਆ ਦਾ ਹੁੰਦਾ ਹੈ।[66]

ਇੱਕ ਆਦਰਸ਼ ਜੈਨ ਸਾਧੂ ਸੰਸਾਰਕ ਸੁੱਖਾਂ ਨੂੰ ਛੱਡ ਕੇ ਕਠਿਨ ਤਪਸਿਆ ਨੂੰ ਸਵੀਕਾਰ ਕਰਦਾ ਹੈ ਅਤੇ ਕਰਮ ਆਸ਼ਰਵ ਨੂੰ ਰੋਕ ਕੇ ਕਰਮ ਨਿਰਜਰਾ ਦੀ ਕੋਸ਼ਿਸ਼ ਕਰਦਾ ਹੈ। ਉਹ ਉੱਚਤਮ ਚਰਿੱਤਰ ਦਾ ਪਾਲਣ ਕਰਨ ਦੇ ਲਈ ਪੰਜ ਮਹਾਂ ਵਰਤ (ਅਹਿੰਸਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਰਜ ਅਤੇ ਅਪਰੀਗ੍ਰਹਿ) ਪੰਜ ਸੰਮਤੀਆਂ (ਈਰਿਆ, ਭਾਸ਼ਾ, ਈਸ਼ਨਾ, ਆਦਾ ਨਿਕਸ਼ੇਪਨ

ਅਤੇ ਪ੍ਰਤੀਸ਼ਠਾਪਨਾ) ਅਤੇ ਤਿੰਨ ਗੁਪਤੀਆਂ (ਮਨ, ਵਚਨ ਕਾਇਆ) ਦਾ ਪਾਲਣ ਕਰਦਾ ਹੈ।[67]

ਮੋਕਸ਼ ਪਦ ਪ੍ਰਾਪਤ ਕਰਨ ਦੇ ਲਈ ਸਾਧੂ ਦੀ ਨਜ਼ਰ ਵਿੱਚ ਦੁਸ਼ਮਣ ਅਤੇ ਦੋਸਤ ਦਾ ਸਮੂਹ ਇੱਕ ਸਮਾਨ ਹੋਵੇ, ਸੁੱਖ ਅਤੇ ਦੁੱਖ ਇਕ ਸਮਾਨ ਹੋਵੇ, ਪ੍ਰਸ਼ੰਸਾ ਅਤੇ ਨਿੰਦਾ ਇੱਕ ਸਮਾਨ ਹੋਵੇ, ਪੱਥਰ ਦੇ ਟੁੱਕੜੇ ਅਤੇ ਸੋਨਾ ਇੱਕ ਸਮਾਨ ਹੋਵੇ ਅਤੇ ਜਨਮ ਅਤੇ ਮਰਨ ਵਿੱਚ ਸਮ ਭਾਵ ਹੋਵੇ।[68] ਇਹ ਸਮਤਾਂ ਤਦ ਹੀ ਆ ਸਕਦੀ ਹੈ ਜਦ ਸਾਧੂ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਦਾ ਇੱਕੋ ਸਮੇਂ ਸਮਾਨ ਰੂਪ ਵਿੱਚ ਪਾਲਣ ਕਰੇ। ਦੂਸਰੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਜੋ ਰਤਨ ਤ੍ਰਯ ਦਾ ਪਾਲਣ ਕਰਕੇ ਯੋਗ ਸਾਧਨਾ ਕਰਦਾ ਹੈ ਉਹ ਹੀ ਸ਼੍ਰਮਣ ਹੈ।

ਜੈਨ ਸਾਧੂ ਵਰਗ ਦੀ ਤਰ੍ਹਾਂ ਜੈਨ ਗ੍ਰਹਿਸਥ ਜਾਂ ਸ਼੍ਰਾਵਕ ਵਰਗ ਦਾ ਉਦੇਸ਼ ਵੀ ਮੁਕਤੀ ਪ੍ਰਾਪਤ ਕਰਨਾ ਰਹਿੰਦਾ ਹੈ। ਇਹਨਾਂ ਦੋਹਾਂ ਵਰਗਾਂ ਵਿੱਚ ਵੱਡਾ ਡੂੰਘਾ ਸੰਬੰਧ ਹੈ। ਸਾਧੂ ਪੰਜ ਵਰਤਾਂ ਦਾ ਪਾਲਣ ਕਰਦਾ ਹੈ ਅਤੇ ਗ੍ਰਹਿਸਥ ਵਰਗ ਅਣੁਵਰਤਾਂ ਦਾ ਪਾਲਣ ਕਰਦਾ ਹੈ, ਬਹੁਤ ਪ੍ਰਕਾਰ ਦੇ ਵਿਅਕਤੀਗਤ ਅਤੇ ਸਮਾਜਕ ਜ਼ਿੰਮੇਵਾਰੀਆਂ ਦੇ ਕਾਰਨ। ਸ਼੍ਰਾਵਕ ਅਵਸਥਾ ਸਾਧੂ ਅਵਸਥਾ ਦੀ ਪ੍ਰਯੋਗ ਭੂਮੀ ਹੈ। ਕਿਉਂਕਿ ਦੋਹਾਂ ਵਰਗਾਂ ਦੇ ਵਰਤਾਂ ਅਤੇ ਨਿਯਮਾਂ ਵਿੱਚ ਖਾਸ ਫਰਕ ਨਹੀਂ ਹੈ, ਫਰਕ ਹੈ ਉਹਨਾਂ ਤੇ ਚੱਲਣ ਵਿੱਚ। ਸਾਧੂ ਵਰਗ ਵਰਤਾਂ ਦਾ ਪੂਰਨ ਰੂਪ ਵਿੱਚ ਪਾਲਣ ਕਰਦਾ ਹੈ ਜਦ ਕਿ ਸ਼੍ਰਾਵਕ ਵਰਗ ਉਹਨਾ ਦਾ ਆਂਸ਼ਕ ਰੂਪ ਵਿੱਚ ਪਾਲਣ ਕਰਦਾ ਹੈ। ਇਸ ਲਈ ਸ਼੍ਰਾਵਕਾਚਾਰ ਸਾਧੂਚਾਰ ਦੇ ਪਾਲਣ ਦੇ ਲਈ ਇੱਕ ਪੌੜੀ ਹੈ।

ਜੈਨ ਸ਼੍ਰਾਵਕਾਂ ਨੂੰ 12 ਵਰਤਾਂ ਦਾ ਪਾਲਣ ਕਰਨਾ ਚਾਹੀਦਾ ਹੈ - ਪੰਜ ਅਣੁਵਰਤ, ਤਿੰਨ ਗੁਣ ਵਰਤ, ਚਾਰ ਸਿੱਖਿਆ ਵਰਤ।[69] ਵਰਤ ਸ਼ਬਦ ਵਿਰਤੀ ਦੇ ਵੱਲ ਇਸ਼ਾਰਾ ਕਰਦਾ ਹੈ ਜਿਸ ਦਾ ਅਰਥ ਹੈ ਅਸ਼ੁਭ ਕਰਮਾਂ ਦਾ ਤਿਆਗ। ਸੰਵਰ ਅਤੇ ਨਿਰਜਰਾ ਦਾ ਇਹ ਪ੍ਰਬਲ ਸਾਧਨ ਹੈ। ਗ੍ਰਹਿਸਥ ਇਹਨਾਂ ਵਰਤਾਂ ਦਾ ਪੂਰਨ ਪਾਲਣ ਨਹੀਂ ਕਰ ਸਕਦਾ ਕਿਉਂਕਿ ਉਸ ਤੇ ਹੋਰ ਅਨੇਕਾਂ ਜ਼ਿੰਮੇਵਾਰੀਆਂ ਹਨ। ਰਤਨ ਕ੍ਰੰਡ ਸ਼੍ਰਾਵਕਾਚਾਰ ਦੇ ਅਨੁਸਾਰ ਜੈਨ ਸ੍ਰਾਵਕ ਨੂੰ

ਅੱਠ ਮੂਲ ਗੁਣਾਂ ਦਾ ਪਾਲਣ ਕਰਨਾ ਜ਼ਰੂਰੀ ਹੈ - ਪੰਜ ਅਣੂਵਰਤ ਦਾ ਪਾਲਣ ਅਤੇ ਸ਼ਰਾਬ, ਮਾਸ, ਸ਼ਹਿਦ ਦਾ ਤਿਆਗ।[70] ਪੰਜ ਅਣੂਵਰਤ ਹਨ - ਅਹਿੰਸਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਰਜ ਅਤੇ ਅਪਰੀਗ੍ਰਹਿ ਇਹਨਾਂ ਦਾ ਇਕ ਦੇਸ਼ (ਕੁਝ ਹਿੱਸੇ) ਪਾਲਣ ਕਰਨਾ।

ਇਹਨਾਂ ਪੰਜ ਅਣੂਵਰਤਾਂ ਦਾ ਸਹਿਯੋਗ ਕਰਨ ਵਾਲੇ ਵਰਤ ਹਨ - ਗੁਣਵਰਤ ਜੋ ਨਿਸ਼ਚਿਤ ਹੱਦ ਵਿੱਚ ਬਾਹਰ ਘੁੰਮਣ ਤੇ ਅੰਕੁਸ਼ ਲਗਾਉਂਦੇ ਹਨ ਅਤੇ ਚਾਰ ਸਿੱਖਿਆ ਵਰਤ ਹਨ ਜੋ ਆਤਮਾ ਦੀ ਸ਼ੁੱਧਤਾ ਤੇ ਬਲ ਦਿੰਦੇ ਹਨ। ਤੇਜ਼ ਗੁਣਵਰਤ ਵਿਅਕਤੀ ਦੀ ਹਰ ਰੋਜ਼ ਦੀਆਂ ਗਤੀਵਿਧੀਆਂ ਦੀ ਦਿਸ਼ਾ ਨੂੰ ਸੀਮਤ ਕਰ ਦਿੰਦੇ ਹਨ ਤਾਂ ਕਿ ਸਾਵੱਦਯ (ਪਾਪਕਾਰੀ) ਕੰਮ ਨਾ ਹੋਵੇ। ਚਾਰ ਸਿੱਖਿਆ ਵਰਤ ਸਾਮਾਇਕ, ਪੋਸ਼ਧੋ ਉਪਵਾਸ, ਉਪਭੋਗ ਪਰੀਭੋਗ ਪਰੀਮਾਨ (ਸੀਮਾ ਹੱਦ) ਅਤੇ ਅਤਿਥੀ ਸਮਵਿਭਾਗ (ਮਹਿਮਾਨ ਜਾਂ ਸਾਧੂ ਦਾ ਭੋਜਨ ਪਾਣੀ ਨਾਲ ਸਵਾਗਤ), ਜਾਂ ਦਾਨ ਨਾਲ ਸੰਬੰਧਤ ਹਨ। ਇਹ ਚਾਰ ਸਿੱਖਿਆ ਵਰਤ ਆਤਮਾ ਦੀ ਅੰਦਰਲੀ ਸ਼ੁੱਧੀ ਤੇ ਬਲ ਦਿੰਦੇ ਹਨ।

ਸਮੰਤਭੱਦਰ ਦੇ ਅਨੁਸਾਰ ਗੁਣਵਰਤਾਂ ਦੇ ਸਹਿਯੋਗ ਨਾਲ ਅਣੂਵਰਤਾਂ ਦੇ ਗੁਣਾ ਵਿੱਚ ਵਾਧਾ ਹੋ ਜਾਂਦਾ ਹੈ। ਇਹਨਾਂ ਗੁਣ ਵਰਤਾਂ ਵਿੱਚ ਪੰਜ ਵਰਤਾਂ ਦੇ ਪਾਲਣ ਵਿੱਚ ਜ਼ਿਆਦਾ ਸ਼ੁੱਧੀ ਅਤੇ ਦ੍ਰਿੜਤਾ ਆਉਂਦੀ ਹੈ।[71] ਅਸਲ ਵਿੱਚ ਗੁਣ ਵਰਤਾਂ ਅਤੇ ਅਣੂ ਵਰਤਾਂ ਦੇ ਪਾਲਣ ਨਾਲ ਸ਼੍ਰਾਵਕ ਮਹਾਂ ਵਰਤਾਂ ਦੀ ਸਥਿਤੀ ਵਿੱਚ ਗੁਣ ਨਾਲ ਉੱਪਰ ਕੁਝ ਸਮੇਂ ਲਈ ਪਹੁੰਚ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਸ਼੍ਰਾਵਕ ਮਰਨ ਤੱਕ ਸੂਖਮ ਪਾਪਾਂ ਦੀ ਨਿਵਰਤੀ ਦੇ ਸਮੂਹ ਨੂੰ ਮਰਿਆਦਾ ਕਰਕੇ ਉਸ ਤੋਂ ਬਾਹਰ ਨਾ ਜਾਣ ਦਾ ਸੰਕਲਪ ਕਰ ਲੈਂਦਾ ਹੈ।[72] ਸਿੱਖਿਆ ਮਹਾਂ ਵਰਤਾਂ ਦੇ ਪਾਲਣ ਦੇ ਰਾਹ ਨੂੰ ਪੱਧਰਾ ਕਰ ਦਿੰਦਾ ਹੈ।

ਜੈਨ ਗ੍ਰੰਥ ਇਹਨਾਂ ਵਰਤਾਂ ਨੂੰ ਪਾਲਣ ਦੇ ਲਈ ਭਿੰਨ ਭਿੰਨ ਮਾਰਗਾਂ ਦਾ ਨਿਰਦੇਸ਼ ਕਰਦੇ ਹਨ।[73] ਜੈਨ ਸਾਧੂ ਅਤੇ ਉਪਾਸ਼ਕ ਵਰਗ ਨੂੰ ਹਿੰਸਾ, ਝੂਠ, ਚੋਰੀ, ਕੁਸ਼ੀਲ ਅਤੇ ਪਰੀ ਗ੍ਰਹਿ ਜਿਹੇ ਪਾਪਾਂ ਦੇ ਬੁਰੇ ਸਿੱਟੇ ਤੋਂ ਜਾਣੂ ਰਹਿਣਾ ਚਾਹੀਦਾ ਹੈ। ਇਹ ਵਰਣਨਯੋਗ ਹੈ ਕਿ ਕੋਈ ਵੀ ਕੰਮ ਜੋ ਅਸ਼ੁਭ ਪ੍ਰਵਿਰਤੀ ਨੂੰ ਵਧਾਵੇ ਦੁੱਖਾਂ ਦਾ ਕਾਰਨ ਬਣਦਾ ਹੈ।[74] ਇਸ ਲਈ ਸੱਮੁਚੀ ਮਨੁੱਖਤਾ ਨਾਲ

ਦੋਸਤੀ ਗੁਣੀਜਨਾ ਪ੍ਰਤੀ ਪ੍ਰੇਮ ਦੁੱਖੀ ਜੀਵਾਂ ਪ੍ਰਤੀ ਕਰੁਣਾ ਅਤੇ ਵਿਰੋਧੀ ਚਿਤ ਵਿੱਚ ਦਰਮਿਆਨਾ ਭਾਵ ਰੱਖਣਾ ਜ਼ਰੂਰੀ ਹੈ। ਮਨ, ਵਚਨ, ਕਾਇਆ, ਕ੍ਰਿਤ, ਕਾਰਿਤ, ਅਨੁਮੋਦਨ ਹਰ ਪ੍ਰਕਾਰ ਤੋਂ ਦੂਸਰੇ ਨੂੰ ਦੁੱਖ ਨਾ ਦੇਣ ਦੀ ਇੱਛਾ ਹੋਣੀ ਚਾਹੀਦੀ ਹੈ। ਸੰਵੇਗ ਅਤੇ ਵੈਰਾਗ ਦੇ ਲਈ ਸੰਸਾਰ ਅਤੇ ਸ਼ੀਲ ਦੇ ਸੁਭਾਅ ਦਾ ਵਿਚਾਰ ਕਰਨਾ ਚਾਹੀਦਾ ਹੈ। ਆਰੰਭ (ਹਿੰਸਾ) ਅਤੇ ਪਰੀਗ੍ਰਹਿ ਵਿੱਚ ਦੋਸ਼ ਵੇਖਣ ਨਾਲ ਧਰਮ ਅਤੇ ਧਾਰਮਿਕ ਪ੍ਰਤੀ ਆਦਰ ਭਾਵ ਅਤੇ ਮਨ ਦੀ ਸੰਤੁਸ਼ਟੀ ਹੁੰਦੀ ਹੈ। ਅੱਗੇ ਅੱਗੇ ਗੁਣਾਂ ਦੀ ਪ੍ਰਾਪਤੀ ਵਿੱਚ ਸ਼ਰਧਾ ਹੁੰਦੀ ਹੈ ਅਤੇ ਸਰੀਰ ਭੋਗ ਉਪਭੋਗ ਅਤੇ ਸੰਸਾਰ ਤੋਂ ਵੈਰਾਗ ਉਤਪੰਨ ਹੁੰਦਾ ਹੈ। ਇਸ ਤਰ੍ਹਾਂ ਭਾਵਨਾਵਾਂ ਵਿੱਚ ਰੰਗਿਆ ਚਿਤ ਵਿਅਕਤੀ ਨੂੰ ਵਰਤਾਂ ਦੇ ਪਾਲਣ ਵਿੱਚ ਪੱਕਾ ਕਰਦਾ ਹੈ।[75]

ਇਸ ਪ੍ਰਕਾਰ ਜੈਨ ਧਰਮ ਦੇ ਰਤਨ ਤ੍ਰਯ ਅਰਥਾਤ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਲਗਾਤਾਰ ਗ੍ਰਹਿਣ ਕਰਨ ਯੋਗ ਹੈ। ਇਹਨਾਂ ਤਿੰਨਾਂ ਨੂੰ ਨਿਸ਼ਚੈ ਨਾਲ ਆਤਮਾ ਸਮਝਣਾ ਚਾਹੀਦਾ ਹੈ ਅਤੇ ਇਹ ਆਤਮਾ ਹੀ ਮੁਕਤੀ ਦੀ ਪ੍ਰਾਪਤੀ ਦਾ ਕਾਰਨ ਹੈ।[76]

ਨਿਸ਼ਚੈਨਯ ਦੀ ਦ੍ਰਿਸ਼ਟੀ ਤੋਂ ਆਤਮਾ ਦੀ ਅਨੁਭੂਤੀ ਹੀ ਧਰਮ ਹੈ। ਪ੍ਰਵਚਨਸਾਰ ਵਿੱਚ ਕਿਹਾ ਗਿਆ ਹੈ – ਨਿਸ਼ਚੈ ਤੋਂ ਚਰਿੱਤਰ ਧਰਮ ਨੂੰ ਆਖਦੇ ਹਾਂ ਸ਼ਮ ਜਾਂ ਸਾਮਯਭਾਵ ਨੂੰ ਧਰਮ ਕਿਹਾ ਗਿਆ ਹੈ ਅਤੇ ਮੋਹ ਮਿੱਥਿਆ ਦਰਸ਼ਨ ਅਤੇ ਕਸ਼ੋਭ ਰਾਗ ਦਵੇਸ਼ ਤੋਂ ਰਹਿਤ ਆਤਮਾ ਦਾ ਪਰਿਣਾਮ ਸ਼ਮ ਜਾਂ ਸਾਮਯਭਾਵ ਅਖਵਾਉਂਦਾ ਹੈ।[77]

## ਸੰਵਰ ਅਤੇ ਨਿਰਜਰਾ

ਸੱਮਿਅਕ ਚਰਿੱਤਰ ਜੈਨ ਸ਼੍ਰਾਵਕ ਅਤੇ ਮੁਨੀ ਧਰਮ ਦਾ ਵਰਣਨ ਕਰਦਾ ਹੈ। ਸੱਮਿਅਕ ਚਰਿੱਤਰ ਦੇ ਦੋ ਉਦੇਸ਼ ਹਨ – ਸੰਜਮ ਦੇ ਰਾਹੀਂ ਕਰਮ ਵਾਧੇ ਨੂੰ ਰੋਕਣਾ ਅਤੇ ਸੰਚਿਤ ਕਰਮਾਂ ਦਾ ਸੱਮਿਅਕ ਤੱਪ ਰਾਹੀਂ ਕਮਜ਼ੋਰ ਕਰਨਾ। ਇਸ ਪ੍ਰਕਾਰ ਮੋਕਸ਼ ਪ੍ਰਾਪਤ ਕਰਨ ਦੇ ਸਾਧਨ ਸੰਵਰ ਅਤੇ ਨਿਰਜਰਾ।

ਸੰਵਰ ਦਾ ਅਰਥ ਹੈ ਕਰਮਾਂ ਦਾ ਸੰਜਮ ਕਰਨਾ, ਇਹ ਆਸ਼ਰਵ ਦਾ ਵਿਰੋਧੀ ਹੈ। ਦੂਸਰੇ ਸ਼ਬਦਾਂ ਵਿੱਚ ਸੰਵਰ ਕਰਮਾਂ ਦੇ ਆਸ਼ਰਵ ਨੂੰ ਰੋਕਦਾ ਹੈ।

ਇਹ ਦੋ ਪ੍ਰਕਾਰ ਦਾ ਹੈ - ਭਾਵ ਸੰਵਰ ਅਤੇ ਦ੍ਰਵ ਸੰਵਰ। ਜੋ ਚੇਤਨ ਦਾ ਪਰਿਣਾਮ ਕਰਮ ਦੇ ਯੋਗ ਅਤੇ ਆਸ਼ਰਵ ਨੂੰ ਰੋਕਣ ਦਾ ਕਾਰਨ ਹੈ ਉਹ ਭਾਵ ਸੰਵਰ ਹੈ। ਜੋ ਅਸਲ ਕਰਮਾਂ ਵਿੱਚ ਰੁਕਾਵਟ ਪੈਦਾ ਕਰਦਾ ਹੈ, ਉਹ ਦ੍ਰਵ ਸੰਵਰ ਹੈ। ਭਾਵ ਸੰਵਰ ਕਾਰਨ ਹੈ ਦ੍ਰਵ ਸੰਵਰ ਕਾਰਜ ਹੈ।[78]

ਸੰਵਰ ਦਾ ਅਭਿਆਸ ਪੰਜ ਵਰਤ, ਪੰਜ ਸੰਮਤੀ, ਤਿੰਨ ਗੁਪਤੀ, ਦਸ ਪ੍ਰਕਾਰ ਦਾ ਧਰਮ, 12 ਅਨੁਪ੍ਰੇਕਸ਼ਾ, 22 ਪਰਿਸ਼ਯ ਤੇ ਜਿੱਤ ਅਤੇ ਹੋਰ ਅਨੇਕਾਂ ਪ੍ਰਕਾਰ ਦੇ ਚਰਿੱਤਰ ਦਾ ਪਾਲਣ ਕਰਨਾ ਹੁੰਦਾ ਹੈ। ਸੱਮਿਅਕ ਪ੍ਰਵ੍ਰਿਤੀ ਨੂੰ ਸੰਮਤੀ ਆਖਦੇ ਹਨ, ਇਹ ਪੰਜ ਹਨ - ਸਾਵਧਾਨ ਹੋ ਕੇ ਚੱਲਣਾ (ਈਰਿਆ ਸੰਮਤੀ), ਗੁਪਤ ਜਾਂ ਮਾੜੇ ਵਚਨ ਨਾ ਬੋਲਣਾ (ਭਾਸ਼ਾ ਸੰਮਤੀ), ਸਾਵਧਾਨੀ ਪੂਰਵ ਭੋਜਨ ਕਰਨਾ (ਏਸ਼ਨਾ ਸੰਮਤੀ), ਸਾਵਧਾਨੀ ਪੂਰਵਕ ਵਸਤੂ ਨੂੰ ਚੁੱਕਣਾ ਅਤੇ ਰੱਖਣਾ (ਆਦਾਨ ਨਿਕਸ਼ੇਪਨ ਸੰਮਤੀ) ਅਤੇ ਸਾਵਧਾਨੀ ਪੂਰਵਕ ਮਲ ਮੂਤਰ ਦਾ ਤਿਆਗ ਕਰਨਾ (ਉਤਸਰਗ ਸੰਮਤੀ) ਹੈ। ਯੋਗਾਂ ਦਾ ਨਿਰੋਧ ਕਰਨਾ ਗੁਪਤੀ ਹੈ, ਇਹ ਤਿੰਨ ਹਨ - ਕਾਇਆ ਗੁਪਤੀ, ਵਾਕ ਗੁਪਤੀ ਅਤੇ ਮਨ ਗੁਪਤੀ। ਇਸ ਵਿੱਚ ਦਸ ਧਰਮਾਂ ਦਾ ਪਾਲਣ ਵੀ ਸਮਾਇਆ ਹੋਇਆ ਹੈ - ਉੱਤਮ ਖਿਮਾ, ਮਾਰਦਵ, ਆਰਜਵ, ਸੋਚ, ਸੱਚ, ਸੰਜਮ, ਤੱਪ, ਤਿਆਗ, ਅਕਿਨਚਨ ਅਤ ਬ੍ਰਹਮਚਰਜ। ਅਨੁਪਰਿਕਸ਼ਾ ਦਾ ਅਰਥ ਹੈ ਵਾਰ ਵਾਰ ਚਿੰਤਨ ਕਰਨਾ, ਇਹਨਾਂ ਦੀ ਸੰਖਿਆ 12 ਹੈ: -

1. ਅਨਿਤਯ - ਸੰਸਾਰ ਦਾ ਸਭ ਕੁਝ ਅਨਿਤਯ (ਨਾਸ਼ਵਾਨ) ਹੈ।
2. ਅਸ਼ਰਨ - ਸੰਸਾਰ ਵਿੱਚ ਕੋਈ ਵੀ ਅਸਲ ਸਹਾਰਾ ਨਹੀਂ।
3. ਸੰਸਾਰ - ਜਨਮ ਮਰਨ ਦਾ ਗੇੜ।
4. ਇਕੱਤਵ - ਮਨੁੱਖ ਖੁਦ ਹੀ ਜਨਮ ਮਰਨ ਕਰਦਾ ਹੈ।
5. ਅਨਯਤਵ - ਆਤਮਾ ਸਰੀਰ ਤੋਂ ਭਿੰਨ ਹੈ।
6. ਅਸ਼ੂਚੀ - ਸਰੀਰ ਦੀ ਅਪਵਿੱਤਰਤਾ।
7. ਆਸ਼ਰਵ - ਕਰਮਾਂ ਦਾ ਆਉਣਾ।
8. ਸੰਬਰ - ਨਵੇਂ ਕਰਮਾਂ ਦੇ ਆਉਣ ਨੂੰ ਰੋਕਣਾ।
9. ਨਿਰਜਰਾ - ਬੰਧਨ ਵਿੱਚ ਆਏ ਕਰਮਾਂ ਦੀ ਨਿਰਜਰਾ ਕਰਨਾ।

10. ਲੋਕ – ਲੋਕ ਦੇ ਸਵਰੂਪ ਦਾ ਚਿੰਤਨ ਕਰਨਾ।

11. ਬੋਧੀਦੁਰਲਭ – ਵਿਸ਼ੁੱਧ ਬੋਧੀ ਦੀ ਪ੍ਰਾਪਤੀ ਦੁਰਲੱਭ ਹੈ।

12. ਧਰਮ – ਕੇਵਲੀਆਂ ਰਾਹੀਂ ਦੱਸੇ ਧਰਮ ਉੱਤਰ ਚਿੰਤਨ ਕਰਨਾ।

ਮੁਨੀ ਮਾਰਗ ਕਠਨਾਈਆਂ ਨਾਲ ਭਰਿਆ ਮਾਰਗ ਹੁੰਦਾ ਹੈ। ਮੁਕਤੀ ਮਾਰਗ ਦੇ ਦੇ ਰਾਹੀਂ ਨੂੰ ਇਹਨਾਂ ਕਠਨਾਈਆਂ ਨੂੰ ਸਹਿਣਸ਼ੀਲਤਾ ਨਾਲ ਸਹਿਣ ਕਰਨਾ ਪੈਂਦਾ ਹੈ। ਜੈਨ ਆਗਮਾ ਵਿੱਚ ਇਹਨਾਂ ਨੂੰ ਪਰਿਸ਼ੈ ਕਿਹਾ ਗਿਆ ਹੈ। ਮਾਰਗ ਤੋਂ ਨਾ ਭਟਕਣ ਦੇ ਲਈ ਅਤੇ ਕਰਮਾਂ ਦੀ ਨਿਰਜਰਾ ਦੇ ਲਈ ਜੋ ਸਹਿਣ ਕਰਨ ਯੋਗ ਹਨ, ਉਹ ਪਰਿਸ਼ੈਹ ਹਨ, ਉਹਨਾਂ ਦੀ ਸੰਖਿਆ 22 ਹੈ – ਭੁੱਖ, ਪਿਆਸ, ਠੰਡ, ਗਰਮੀ, ਮੱਛਰ ਦਾ ਡੰਗ ਮਾਰਨਾ, ਨੰਗਨਤਾ, ਅਰਤਿ, ਇਸਤਰੀ, ਚਰਿਆ, ਨੈਸ਼ੱਧਿਕੀ, ਸ਼ੈਆ, ਅਕਰੋਸ਼, ਬਧ, ਯਾਚਨਾ, ਅਲਾਭ, ਰੋਗ, ਤ੍ਰਨਸਪਰਸ਼, ਮਲ, ਸਤਿਕਾਰ, ਪੁਰਸ਼ਕਾਰ, ਪ੍ਰਗਿਆ, ਅਗਿਆਨ ਅਤੇ ਦਰਸ਼ਨ।[79]

ਪੰਜ ਪ੍ਰਕਾਰ ਦੇ ਚਰਿੱਤਰ ਹਨ। ਦੁਸ਼ਮਣ ਅਤੇ ਮਿੱਤਰ ਵਿੱਚ ਸਮਾਨਤਾ ਦਾ ਵਿਵਹਾਰ ਕਰਨਾ (ਸਾਮਾਇਕ ਚਰਿੱਤਰ), ਪਹਿਲਾਂ ਦੀਖਿਆ ਵਿੱਚ ਦੋਸ਼ ਲੱਗਣ ਤੇ ਉਸ ਨੂੰ ਛੇਦਕੇ ਦੁਬਾਰਾ ਦੀਖਿਆ ਲੈਣਾ (ਛੇਦੋ ਸਥਾਪਨਿਆ ਚਰਿੱਤਰ), ਤਪ ਵਿਸ਼ੇਸ਼ ਰਾਹੀਂ ਆਤਮ ਸ਼ੁੱਧੀ ਕਰਨਾ (ਪਰਿਹਾਰ ਦੀ ਸ਼ੁੱਧੀ), ਸੂਖਮ ਕਸ਼ਾਏ ਦਾ ਸੰਜਮ ਕਰਨਾ (ਸੂਖਮ ਸਾਂਪਰਾਯ) ਅਤੇ ਕਸ਼ਾਏ ਦੇ ਹਮੇਸ਼ਾਂ ਉਪਸ਼ਮ ਜਾਂ ਕਸ਼ਯ ਹੋਣ ਤੇ ਵੀਤ ਰਾਗ ਭਾਵ ਦੀ ਪ੍ਰਾਪਤੀ (ਯਥਾਖਯਾਤ ਚਰਿੱਤਰ)।

ਨਿਰਜਰਾ ਸ਼ਬਦ 'ਜ੍ਰ' ਧਾਤੂ ਤੋਂ ਉਤਪੰਨ ਹੋਇਆ ਹੈ, ਜਿਸ ਦਾ ਅਰਥ ਹੁੰਦਾ ਹੈ, ਜੀਰਨ ਹੋਣਾ, ਨਸ਼ਟ ਹੋਣਾ। ਇਹ ਸ਼ਬਦ ਕਰਮਾਂ ਦੇ ਸਿਲਸਿਲੇਵਾਰ ਵਿਨਾਸ਼ ਵਲ ਇਸ਼ਾਰਾ ਕਰਦਾ ਹੈ। ਇਸ ਲਈ ਇੱਕ ਦੇਸ਼ ਰੂਪ ਵਿੱਚ, ਆਤਮਾ ਦਾ ਕਰਮਾਂ ਤੋਂ ਛੁੱਟਣਾ ਨਿਰਜਰਾ ਹੈ। ਉਹ ਦੋ ਪ੍ਰਕਾਰ ਦਾ ਹੈ – ਵਿਪਾਕਜ ਅਤ ਅਵਿਪਾਕਜ। ਜਿੱਥੇ ਕਰਮ ਪੱਕ ਕੇ ਨਿਰਜੀਰਨ ਹੁੰਦੇ ਹਨ, ਉਹ ਵਿਪਾਕਜ ਨਿਰਜਰਾ ਹੈ ਅਤੇ ਤੱਪ ਆਦਿ ਨਾਲ ਜਦ ਕਰਮਾਂ ਦੀ ਨਿਰਜਰਾ ਹੁੰਦੀ ਹੈ ਤਾਂ ਉਹ ਅਵਿਪਾਕਜ ਨਿਰਜਰਾ ਹੈ। ਇਸ ਨੂੰ ਸਿਲਸਿਲੇਵਾਰ ਭਾਵ ਨਿਰਜਰਾ ਅਤੇ ਦ੍ਰਵ ਨਿਰਜਰਾ ਵੀ ਕਿਹਾ ਜਾਂਦਾ ਹੈ। ਬੀਜ ਫਲ ਦੇ ਰੂਪ ਵਿੱਚ ਵੱਧਦਾ ਹੈ, ਜੇ

ਉਹ ਆਪ ਪੱਕ ਜਾਂਦਾ ਹੈ ਤਾਂ ਉਹ ਵਿਪਾਕ ਹੁੰਦਾ ਹੈ ਪਰ ਜੇ ਉਹ ਪੱਕੀ ਹੋਏ ਸਥਿਤੀ ਵਿੱਚ ਤੋੜ ਲਿਆ ਜਾਵੇ ਅਤੇ ਬਣਾਵਟੀ ਢੰਗਾ ਨਾਲ ਪਕਾਇਆ ਜਾਵੇ ਤਾਂ ਉਹ ਅਵਿਪਾਕ ਹੈ।[80] ਆਤਮਾ ਦੇ ਕਰਮ ਰੂਪੀ ਪੁਦਗਲਾਂ ਦਾ ਫਲ ਦੇ ਕੇ ਨਸ਼ਟ ਹੋ ਜਾਣਾ ਨਿਰਜਰਾ ਹੈ।

ਨਿਰਜਰਾ ਦਾ ਪ੍ਰਮੁੱਖ ਸਾਧਨ ਤਪ ਹੈ। ਤਪ ਬਾਹਰਲਾ ਅਤੇ ਅੰਦਰਲਾ ਅਤੇ ਸਰੀਰਕ ਅਤੇ ਮਾਨਸਿਕ ਦੋਹੇਂ ਪ੍ਰਕਾਰ ਦਾ ਹੁੰਦਾ ਹੈ। ਸੰਵਰ ਅਤੇ ਨਿਰਜਰਾ ਦੇ ਇਹ ਪ੍ਰਭਾਵਕ ਕਾਰਨ ਹੁੰਦੇ ਹਨ। ਇਹਨਾਂ ਦੇ ਛੇ - ਛੇ ਭੇਦ ਹਨ - ਬਾਹਰਲੇ ਤਪ ਦੇ ਛੇ ਭੇਦ ਹਨ - ਅਨਸ਼ਨ (ਭੋਜਨ ਦਾ ਤਿਆਗ ਜਾਂ ਵਰਤ), ਅਵਮੋਦ੍ਰਯ (ਭੁੱਖ ਤੋਂ ਘੱਟ ਭੋਜਨ ਕਰਨਾ), ਵ੍ਰਿਤੱਪਰਿਸੰਖਿਆਨ (ਭੋਜਨ ਲੈਂਦੇ ਸਮੇਂ ਕੋਈ ਵਿਸ਼ੇਸ ਪ੍ਰਤਿਗਿਆ ਗ੍ਰਹਿਣ ਕਰਨਾ), ਰਸਪਰਿਤਿਆਗ (ਘੀ, ਦੁੱਧ ਆਦਿ ਰਸਾਂ ਦਾ ਗ੍ਰਹਿਣ ਨਾ ਕਰਨਾ), ਵਿਵਿਕਤ ਸ਼ਯਾ ਆਸਨ (ਏਕਾਂਤ ਵਿੱਚ ਸੋਣਾ ਇਸਤਰੀ ਜਾਂ ਪੁਰਸ਼ ਦੇ ਨਾਲ ਨਾ ਸੋਣਾ), ਕਾਇਆ ਕਲੇਸ਼ (ਸਰੀਰ ਨੂੰ ਕਲੇਸ਼ ਦੇਣਾ ਸੱਮਿਅਕ ਦ੍ਰਿਸ਼ਟੀ ਨਾਲ)[81]

ਅੰਦਰਲਾ ਤਪ ਵੀ ਛੇ ਪ੍ਰਕਾਰ ਦਾ ਹੈ - ਪ੍ਰਾਸ਼ਚਿਤ, ਬਿਨੈ, ਵਯਾਵ੍ਰਿਤ, ਸਵਾਧਿਐ, ਵਿਉਤਸਰਗ, ਧਿਆਨ। ਕੋਈ ਅਪਰਾਧ ਹੋ ਜਾਣ ਤੇ ਗੁਰੂ ਦੇ ਸਾਹਮਣੇ ਦੋਸ਼ ਸਵੀਕਾਰ ਕਰਨਾ ਪ੍ਰਾਸ਼ਚਿਤ ਹੈ। ਇਹ ਨੌਂ ਪ੍ਰਕਾਰ ਦਾ ਹੈ - ਆਲੋਚਨਾ, ਪ੍ਰਤੀਕਰਮਨ, ਤਦੁਭਯ, ਵਿਵੇਕ, ਵਿਉਤਸਰਗ, ਤਪ, ਛੇਦ, ਪਰਿਹਾਰ, ਉਪਸਥਾਪਨ। ਇਸ ਦੇ ਕਰਨ ਨਾਲ ਅਪਰਾਧ ਦੀ ਸ਼ੁੱਧੀ ਹੁੰਦੀ ਹੈ ਅਤੇ ਫੇਰ ਅਪਰਾਧ ਨਹੀਂ ਹੁੰਦਾ। ਬਿਨੈ ਦਾ ਅਰਥ ਹੈ - ਵੀਤਰਾਗੀਆਂ ਦਾ ਆਦਰ ਕਰਨਾ, ਇਹ ਚਾਰ ਪ੍ਰਕਾਰ ਦਾ ਹੁੰਦਾ ਹੈ - ਗਿਆਨ, ਦਰਸ਼ਨ, ਚਰਿੱਤਰ ਅਤੇ ਉੱਪਚਾਰ। ਵਯਾਵ੍ਰਿਤ ਦਾ ਅਰਥ ਹੈ ਸੇਵਾ ਕਰਨਾ, ਇਹ ਦਸ ਪ੍ਰਕਾਰ ਦੀ ਹੁੰਦੀ ਹੈ - ਅਚਾਰੀਆ, ਉਪਾਧਿਆਏ, ਤੱਪਸਵੀ, ਸਿੱਖਿਆਰਥੀ, ਰੋਗੀ, ਸਥਾਵਿਰ, ਕੁਲ, ਸੰਘ, ਸਾਧੂ ਆਦਿ। ਪ੍ਰਸ਼ਸਤ ਅਧਯਵਸਾਯ ਨੂੰ ਸਿੱਧ ਕਰਨ ਲਈ ਸਵਾਧਿਆਏ ਕੀਤਾ ਜਾਂਦਾ ਹੈ। ਇਸ ਵਿੱਚ ਆਤਮ ਤੱਤਵ ਵੱਲ ਪ੍ਰਵਿਰਤੀ ਕਰਨ ਦੇ ਪੰਜ ਸਾਧਨ ਹਨ - ਵਾਚਨਾ, ਪਰਿਛਨਾ, ਅਨੁਪਰੇਕਸ਼ਾ, ਆਗਮ ਦਾ ਪਾਠ ਕਰਨਾ, ਧਰਮ ਉਪਦੇਸ਼। ਅੰਦਰਲਾ ਅਤੇ ਬਾਹਰਲੇ ਲਗਾਉ

ਛੱਡਣਾ ਵਿਉਤਸਰਗ ਹੈ। ਭਾਵਨਾ, ਆਵੇਗ ਆਦਿ ਅੰਦਰਲਾ ਲਗਾਉ ਹੈ। ਸੰਜਮ ਆਦਿ ਨਾਲ ਲਗਾਉ ਰੱਖਣਾ ਬਾਹਰਲਾ ਲਗਾਉ ਹੈ। ਅਨਾਤਮ ਪਦਾਰਥਾਂ ਤੋਂ ਲਗਾਉ ਛੱਡਣਾ ਹੀ ਵਿਉਤਸਰਗ ਹੈ।[82]

## ਧਿਆਨ

ਅੰਦਰਲੇ ਤਪ ਦਾ ਛੇਵਾਂ ਭੇਦ ਧਿਆਨ ਹੈ। ਚਿੱਤ ਨੂੰ ਇਕਾਗਰ ਕਰਨਾ, ਮਨ ਦੀਆਂ ਸਾਰੀਆਂ ਗਤੀਆਂ ਦਾ ਸ਼ਾਂਤ ਹੋਣਾ। ਚੇਤਨ, ਅਚੇਤਨ ਅਤੇ ਅਵਚੇਤਨ ਤੱਕ ਸਾਰੀਆਂ ਗਤੀਆਂ ਦਾ ਸ਼ਾਂਤ ਹੋਣਾ ਧਿਆਨ ਹੈ। ਕਰਮਆਸ਼ਰਵ ਨੂੰ ਰੋਕਣ ਦਾ ਇਹ ਸਭ ਤੋਂ ਉੱਤਮ ਸਾਧਨ ਹੈ। ਧਿਆਨ ਵਿੱਚ ਆਤਮ ਚਿੰਤਨ ਕੀਤਾ ਜਾਂਦਾ ਹੈ, ਅਚਾਰੀਆ ਹੇਮ ਚੰਦਰ ਨੇ ਯੋਗ ਸ਼ਾਸਤਰ ਵਿੱਚ ਆਖਿਆ ਹੈ, "ਧਿਆਨ ਆਤਮ ਗਿਆਨ ਦਾ ਸਾਧਨ ਹੈ, ਆਤਮ ਗਿਆਨ ਤੋਂ ਕਰਮ ਨਿਰਜਰਾ ਹੁੰਦੀ ਹੈ ਅਤੇ ਕਰਮ ਨਿਰਜਰਾ ਹੀ ਮੋਕਸ਼ ਹੈ"[83] ਤੱਤਵਾਰਥ ਸੂਤਰ ਵਿੱਚ ਕਿਹਾ ਗਿਆ ਹੈ, ਕਿ ਇਕਾਗਰ ਰੂਪ ਤੋਂ ਚਿੰਤਾ ਦਾ ਨਿਰੋਧ ਜਾਂ ਪਦਾਰਥ ਉੱਪਰ ਵਿਚਾਰ ਦਾ ਕੇਂਦਰੀਕਰਨ ਧਿਆਨ ਹੈ। ਇਹ ਧਿਆਨ ਸਿਹਤਮੰਦ ਆਦਮੀ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਇੱਕ ਮਹੂਰਤ (48) ਮਿੰਟ ਦਾ ਹੋ ਸਕਦਾ ਹੈ, ਇਸ ਤੋਂ ਜ਼ਿਆਦਾ ਨਹੀਂ।

ਕਰਮ ਨਿਰਜਰਾ ਦਾ ਮੂਲ ਆਧਾਰ ਧਿਆਨ ਹੈ। ਜਦ ਸਾਧਕ ਇੰਦਰੀਆਂ ਦੇ ਸੰਜਮ ਦੇ ਨਾਲ ਆਤਮ ਦੇ ਸ਼ੁੱਧ ਸਵਰੂਪ ਦਾ ਚਿੰਤਨ ਕਰਦਾ ਹੈ, ਤਾਂ ਧਿਆਨ ਦੇ ਹੜ੍ਹ ਵਿੱਚ ਕਾਰਮਿਕ ਤੁੱਛ ਪਦਾਰਥ ਵਹਿ ਜਾਂਦਾ ਹੈ। ਸਵੈਅਨੁਭੂਤੀ ਦੇ ਲਈ ਧਿਆਨ ਸਾਧਨਾ ਜ਼ਰੂਰੀ ਹੈ। ਪੰਜਆਸਤੀ ਕਾਇਆ ਵਿੱਚ ਧਿਆਨ ਦੀ ਉਤਪਤੀ, ਪ੍ਰਾਕ੍ਰਿਤੀ ਅਤੇ ਪ੍ਰਭਾਵ ਦੇ ਹਵਾਲੇ ਨਾਲ ਕਿਹਾ ਗਿਆ ਹੈ, ਕਿ ਜਿਸ ਵਿਅਕਤੀ ਵਿੱਚ ਨਾ ਇੱਛਾ ਹੈ ਨਾ ਘ੍ਰਿਣਾ ਹੈ ਅਤੇ ਜੋ ਇੰਦਰੀਆਂ ਦੇ ਸੁੱਖਾਂ ਅਗਿਆਨਤਾ ਤੋਂ ਪੈਦਾ ਹੋਏ ਲਗਾਉ ਅਤੇ ਮਾਨਸਿਕ, ਵਾਚਿਕ ਅਤੇ ਕਾਇਕ ਆਨੰਦ ਤੋਂ ਮੁਕਤ ਹੈ। ਉਸ ਦੀ ਧਿਆਨ ਅਗਨੀ ਵਿੱਚ ਸਾਰੇ ਕਰਮ ਜਲ ਜਾਂਦੇ ਹਨ। ਇਸ ਲਈ ਇਹ ਉਪਯੋਗੀ ਹੈ।[84]

ਧਿਆਨ ਦਾ ਪ੍ਰਭਾਵ ਅੱਗ ਦੀ ਤਰ੍ਹਾਂ ਹੁੰਦਾ ਹੈ। ਜੋ ਕਰਮਾਂ ਦੇ ਢੇਰ ਨੂੰ ਵੀ ਅਸਾਨੀ ਨਾਲ ਅੰਦਰੋਂ ਮੁਕਤ ਕਰ ਲੈਂਦਾ ਹੈ। ਬਸ਼ਰਤੇ ਉਹ ਲਗਾਉ ਰਹਿਤ

ਹੋਵੇ, ਇੰਦਰੀਆਂ ਦਾ ਸੰਜਮੀ ਹੋਵੇ, ਇਸ ਦਾ ਅਰਥ ਹੈ ਆਤਮ ਗਿਆਨ ਜੈਨ ਧਿਆਨ ਦਾ ਮੂਲ ਤੱਤਵ ਹੈ।

ਆਤਮ ਗਿਆਨ ਪਾਉਣ ਲਈ ਜਾਂ ਮਨ ਨੂੰ ਇਕਾਗਰ ਕਰਨ ਲਈ ਸਾਧਕ ਨੂੰ ਉਹ ਸਾਰੇ ਰੁਕਾਵਟ ਵਾਲੇ ਤੱਤਵ ਹਟਾਉਣੇ ਹੁੰਦੇ ਹਨ ਜੋ ਮਨ ਨੂੰ ਟਿਕਾਉਣ ਵਿੱਚ ਰੁਕਾਵਟ ਹੁੰਦੇ ਹਨ। ਧਿਆਨ ਦੇ ਅਭਿਆਸ ਦੇ ਲਈ ਕੁੱਝ ਜ਼ਰੂਰੀ ਅਵਸਥਾਵਾਂ ਹਨ ਜਿਨ੍ਹਾਂ ਦਾ ਵਰਣਨ ਅਕਲੰਕ ਨੇ ਕੀਤਾ ਹੈ। ਉਦਾਹਰਣ ਦੇ ਤੌਰ ਤੇ – ਯੋਗ ਵਾਤਾਵਰਨ, ਯੋਗ ਆਸਨ, ਸਵਾਸੋਸਵਾਸ ਦਾ ਹੋਲੀ ਹੋਲੀ ਲੈਣਾ ਅਤੇ ਛੱਡਣਾ, ਅਪ੍ਰਮਾਦੀ ਹੋਣਾ, ਨੀਂਦ ਨਾ ਲੈਣਾ, ਕਾਮੁਕ ਨਾ ਹੋਣਾ, ਨਿਰਭੈ ਹੋਣਾ, ਸ਼ੰਕਾ ਰਹਿਤ ਹੋਣਾ ਅਤੇ ਖੁਸ਼ ਰਹਿਣਾ ਆਦਿ।[85] ਧਿਆਨ ਵਿੱਚ ਇਹਨਾ ਦੇ ਨਾਲ ਹੀ ਸ਼ਰਧਾ, ਸ਼ਕਤੀ, ਚੇਤਨਾ, ਪਦਾਰਥ ਦੇ ਸਵਰੂਪ ਵਿੱਚ ਅੰਤਰ ਦ੍ਰਿਸ਼ਟੀ ਹੋਣਾ ਵੀ ਜ਼ਰੂਰੀ ਹੈ।

ਜੈਨ ਅਚਾਰੀਆਂ ਨੇ ਮੋਟੇ ਰੂਪ ਵਿੱਚ ਧਿਆਨ ਦੇ ਦੋ ਭੇਦ ਕੀਤੇ ਹਨ – ਅਪ੍ਰਸ਼ਸਤ ਅਤੇ ਪ੍ਰਸ਼ਸਤ। ਅਪ੍ਰਸ਼ਸਤ ਨੂੰ ਫੇਰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ – ਆਰਤ ਧਿਆਨ ਅਤੇ ਰੋਦਰ ਧਿਆਨ। ਆਰਤ ਧਿਆਨ ਦੁੱਖਦਾਈ ਹੁੰਦਾ ਹੈ ਅਤੇ ਰੋਦਰ ਧਿਆਨ ਨੁਕਸ਼ਾਨ ਦਾਇਕ ਹੁੰਦਾ ਹੈ ਅਤੇ ਕ੍ਰੋਧ ਆਦਿ ਮਾੜੇ ਭਾਵਾਂ ਅਤੇ ਲਗਾਵਾਂ ਤੋਂ ਉਤਪੰਨ ਹੁੰਦਾ ਹੈ। ਇਹ ਦੋਨੋਂ ਧਿਆਨ ਗ੍ਰਹਿਣ ਕਰਨਯੋਗ ਨਹੀਂ ਹਨ। ਦੂਸਰੇ ਪ੍ਰਕਾਰ ਦਾ ਧਿਆਨ – ਧਰਮ ਧਿਆਨ ਅਤੇ ਸ਼ੁਕਲ ਧਿਆਨ ਹੈ ਇਹ ਮੁਕਤੀ ਦਾ ਕਾਰਨ ਹਨ।

ਧਰਮ ਧਿਆਨ ਵਿੱਚ ਜੈਨ ਧਰਮ ਵਿੱਚ ਦੱਸੇ ਗਏ ਸੱਤ ਤੱਤਵਾਂ ਉੱਪਰ ਡੂੰਘਾ ਚਿੰਤਨ ਕਰਨਾ (ਆਗਿਆ ਵਿਚਯ) ਅਵਿਦਿਆ ਅਤੇ ਦੁੱਖਾਂ ਤੋਂ ਮੁਕਤ ਹੋਣ ਦਾ ਉਪਾ ਸੋਚਣਾ (ਉਪਾਏ ਵਿਚਯ) ਕਰਮਾਂ ਦੇ ਵਿਪਾਕ ਤੇ ਚਿੰਤਨ ਕਰਨਾ (ਵਿਪਾਕ ਵਿਚਯ) ਅਤੇ ਲੋਕ ਦੇ ਆਕਾਰ ਦਾ ਵਿਚਾਰ ਕਰਨਾ (ਸੰਸਥਾਨ ਵਿਚਯ)[86] ਆਖਰੀ ਸੰਸਥਾਨ ਵਿਚਯ ਧਿਆਨ ਦੇ ਚਾਰ ਉਪਭੇਦ ਹਨ – ਪਿੰਡਸਥ, ਪਦਸਥ, ਰੂਪਸਥ ਅਤੇ ਰੂਪਾਤੀਤ।[87] ਪਿੰਡਸਥ ਧਿਆਨ ਦੇ ਵਿੱਚ ਸਰੀਰ ਤੇ ਵਿਚਾਰ ਕੀਤਾ ਜਾਂਦਾ ਹੈ, ਪਦਸਥ ਧਿਆਨ ਵਿੱਚ ਮੰਤਰ ਦੇ ਨਾਲ ਸਿੱਧ ਅਵਸਥਾ ‘ਤੇ ਚਿੰਤਨ ਕੀਤਾ ਜਾਂਦਾ ਹੈ। ਰੂਪਸਥ ਧਿਆਨ ਵਿੱਚ ਅਰਹਰ

ਦੀਆਂ ਵਿਸ਼ੇਸ਼ਤਾਵਾਂ ਦਾ ਧਿਆਨ ਕੀਤਾ ਜਾਂਦਾ ਹੈ ਅਤੇ ਰੂਪਤੀਤ ਵਿੱਚ ਮੁਕਤ ਆਤਮਾ ਦੇ ਅਮੂਰਤਵ (ਸ਼ਕਲ ਰਹਿਤ) ਅਤੇ ਵਿਸ਼ੁੱਧ ਉੱਪਰ ਧਿਆਨ ਕੇਂਦਰਤ ਕੀਤਾ ਜਾਂਦਾ ਹੈ। ਇਹ ਧਰਮ ਧਿਆਨ ਜਿਸ ਦੇ ਸਾਰੇ ਕਸ਼ਾਏ ਉਪਸ਼ਾਂਤ ਹੋ ਚੁੱਕੇ ਹਨ ਅਜਿਹੇ ਗਿਆਰ੍ਹਵੇਂ ਗੁਣਸਥਾਨਵਰਤੀ ਜੀਵ ਦੇ ਅਤੇ ਸੰਪੂਰਨ ਕਸ਼ਾਏ ਬਾਕੀ ਰਹਿ ਗਏ ਹਨ, ਅਜਿਹੇ ਕਸ਼ੀਨਕਸ਼ਾਏ ਨਾਮਕ ਬਾਰ੍ਹਵੇਂ ਗੁਣਸਥਾਨਵਰਤੀ ਜੀਵ ਦਾ ਹੁੰਦਾ ਹੈ। ਇਹ ਪ੍ਰਤੱਖ ਅਪ੍ਰਤੱਖ ਰੂਪ ਵਿੱਚ ਮੋਕਸ਼ ਦਾ ਕਾਰਨ ਹੈ।[88]

ਸ਼ੁਕਲ ਧਿਆਨ ਦਾ ਉਦੈ ਸੱਤਵੇਂ ਗੁਣਸਥਾਨ ਤੋਂ ਬਾਅਦ ਹੀ ਸੰਭਵ ਹੈ। ਇਹ ਚਾਰ ਪ੍ਰਕਾਰ ਦਾ ਹੁੰਦਾ ਹੈ – ਪ੍ਰਥਕਤਵ ਵਿਤ੍ਰਕ, ਏਕਤਵ ਵਿਤ੍ਰਕ, ਸੁਕਸ਼ਮਕ੍ਰਿਆਪ੍ਰਤੀਪਾਤੀ ਅਤੇ ਵਯੂਪਰਤਕ੍ਰਿਆਨਿਵ੍ਰਤੀ।[89]

1. ਪ੍ਰਥਕਤਵ ਵਿਤ੍ਰਕ – ਇਸ ਵਿੱਚ ਸਾਧਕ ਮਨ ਯੋਗ, ਵਚਨ ਯੋਗ, ਅਤੇ ਕਾਇਆ ਯੋਗ ਦੀ ਸਾਧਨਾ ਕਰਦਾ ਹੈ। ਉਸ ਦੇ ਤਿੰਨ ਯੋਗ ਹੁੰਦੇ ਹਨ।[90] ਉਹ ਪਦਾਰਥਾਂ ਦੇ ਪਰਿਆਏ ਉੱਪਰ ਚਿੰਤਨ ਕਰਦਾ ਹੈ।[91] ਇਹ ਸਭ ਉਸ ਦੇ ਆਗਮ ਗਿਆਨ ਤੇ ਨਿਰਭਰ ਕਰਦਾ ਹੈ।[92]
2. ਏਕਤਵ ਵਿਤ੍ਰਕ – ਜਿਨ੍ਹਾਂ ਜੀਵਾਂ ਦੇ ਇਹਨਾਂ ਤਿੰਨਾਂ ਵਿੱਚੋਂ ਇੱਕ ਹੀ ਯੋਗ ਪਾਇਆ ਜਾਂਦਾ ਹੈ, ਉਹਨਾਂ ਦੇ ਏਕਤਵ ਵਿਤ੍ਰਕ ਹੁੰਦਾ ਹੈ। ਇਸ ਅਵਸਥਾ ਵਿੱਚ ਪਦਾਰਥ ਪਰ (ਦੂਸਰੇ) ਦਾ ਸੰਕ੍ਰਮਨ ਨਹੀਂ ਹੁੰਦਾ। ਆਗਮ ਗਿਆਨ ਜ਼ਰੂਰੀ ਹੈ। ਪਹਿਲੇ ਧਿਆਨ ਵਿੱਚ ਇੱਕ ਦ੍ਰਵ ਜਾਂ ਪਰਿਆਏ ਨੂੰ ਛੱਡ ਕੇ ਦੂਸਰੇ ਦ੍ਰਵ ਜਾਂ ਪਰਿਆਏ ਵੱਲ ਪ੍ਰਵ੍ਰਿਤੀ ਹੁੰਦੀ ਹੈ ਪਰ ਇਸ ਅਵਸਥਾ ਵਿੱਚ ਇਹ ਪ੍ਰਵ੍ਰਿਤੀ ਬੰਦ ਹੋ ਜਾਂਦੀ ਹੈ। ਸ਼ੁਕਲ ਧਿਆਨ ਦੇ ਇਹ ਦੋਹੀਂ ਪ੍ਰਕਾਰ ਸੱਤਵੇਂ ਤੋਂ ਲੈ ਕੇ ਬਾਰ੍ਹਵੇਂ ਗੁਣਸਥਾਨ ਤੱਕ ਹੁੰਦੇ ਹਨ।
3. ਸੂਖਮ ਕ੍ਰਿਆਪ੍ਰਤੀਪਾਤੀ – ਜੋ ਜੀਵਾਂ ਵਿੱਚ ਕੇਵਲ ਕਾਇਆ ਯੋਗ ਨੂੰ ਧਾਰਨ ਕਰਨ ਵਾਲੇ ਹਨ ਉਹਨਾਂ ਨੂੰ ਇਹ ਤੀਸਰਾ ਸ਼ੁਕਲ ਧਿਆਨ ਹੋਇਆ ਕਰਦਾ ਹੈ। ਇਸ ਅਵਸਥਾ ਵਿੱਚ ਕੇਵਲ ਗਿਆਨ ਹੋ ਜਾਂਦਾ ਹੈ ਅਤੇ ਕਾਇਆ ਨੂੰ ਛੱਡ ਕੇ ਬਾਕੀ ਯੋਗ ਕ੍ਰਿਆ ਹੀਨ ਹੋ ਜਾਂਦੇ ਹਨ। ਚਾਰ ਘਾਤੀ ਕਰਮਾ ਦਾ ਵਿਨਾਸ਼ ਹੋ ਜਾਂਦਾ ਹੈ ਸਿਰਫ ਅਘਾਤੀ ਕਰਮ

ਬਾਕੀ ਰਹਿ ਜਾਂਦੇ ਹਨ। ਇਹ ਧਿਆਨ ਤੇਰ੍ਹਵੇਂ ਗੁਣਸਥਾਨ ਵਿੱਚ ਹੁੰਦਾ ਹੈ।[93]

4. ਵਯੁਪਰਤ ਕ੍ਰਿਆਨਿਵ੍ਰਤੀ – ਤਿੰਨਾਂ ਯੋਗਾਂ ਤੋਂ ਰਹਿਤ ਹੋਣ ਤੇ ਇਹ ਚੌਥਾ ਧਿਆਨ ਹੁੰਦਾ ਹੈ। ਇਸ ਅਵਸਥਾ ਵਿੱਚ ਕਾਇਆ ਹੀ ਬਾਕੀ ਰਹਿ ਜਾਂਦੀ ਹੈ ਅਤੇ ਸਾਧਕ ਸਿੱਧ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਧਿਆਨ ਚੌਦ੍ਹਵੇਂ ਗੁਣਸਥਾਨ ਵਿੱਚ ਹੁੰਦਾ ਹੈ।[94] ਪੂਰਨ ਖਿਮਾ, ਮਾਰਦਵ, ਆਦਿ ਗੁਣਾਂ ਦੇ ਕਾਰਨ ਇਹ ਅਵਸਥਾ ਪ੍ਰਗਟ ਹੁੰਦੀ ਹੈ।[95]

## ਗੁਣਸਥਾਨ

ਜੈਨ ਧਰਮ ਦੇ ਅਨੁਸਾਰ 14 ਪੌੜੀਆਂ ਵਿੱਚ ਮੁਕਤੀ ਦੀ ਪ੍ਰਕ੍ਰਿਆ ਦੱਸੀ ਗਈ ਹੈ। ਇਿਹਨਾਂ ਨੂੰ ਗੁਣਸਥਾਨ ਕਿਹਾ ਗਿਆ ਹੈ। ਇੱਥੇ ਗੁਣ ਦਾ ਅਰਥ ਆਤਮਾ ਦੀ ਮੂਲ ਪ੍ਰਕ੍ਰਿਤੀ ਹੈ ਜਿਸ ਵਿੱਚ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਰਿਹਾ ਕਰਦੇ ਹਨ। ਇਸ ਲਈ ਗੁਣਸਥਾਨ ਦਾ ਅਰਥ ਹੈ ਆਤਮਾ ਦੀ ਉਹ ਸ਼੍ਰੇਣੀ ਜਿੱਥੇ ਮੁਕਤੀ ਮਾਰਗ ਲਈ ਜ਼ਰੂਰੀ ਵਿਸ਼ੁੱਧੀ ਦੀ ਜ਼ਰੂਰਤ ਹੁੰਦੀ ਹੈ। ਗੋਮਟਸਾਰ ਵਿੱਚ ਕਿਹਾ ਗਿਆ ਹੈ ਕਿ ਦਰਸ਼ਨ ਮੋਹਨੀਆਂ ਆਦਿ ਕਰਮ ਦਾ ਉਦੈ, ਉਪਸ਼ਮ, ਕਸ਼ਯ, ਕਸ਼ਾਯੋਕਸ਼ਮ ਆਦਿ ਅਵਸਥਾ ਦੇ ਹੋਣ ਤੇ ਹੋਣ ਵਾਲੇ ਜੋ ਪਰਿਣਾਮਾਂ ਤੋਂ ਯੁਕਤ ਜੋ ਜੀਵ ਵੇਖੇ ਜਾਂਦੇ ਹਨ, ਉਹਨਾਂ ਜੀਵਾਂ ਨੂੰ ਉਸੇ ਗੁਣਸਥਾਨ ਵਾਲਾ ਅਤੇ ਉਹਨਾਂ ਪਰਿਣਾਮਾਂ ਨੂੰ ਗੁਣਸਥਾਨ ਕਿਹਾ ਜਾਂਦਾ ਹੈ।[96] ਇਹਨਾਂ ਗੁਣਸਥਾਨਾਂ ਦੇ ਰਾਹੀਂ ਆਤਮਾ ਅਧਿਆਤਮਿਕ ਅਵਸਥਾ ਵਿੱਚ ਸਿਲਸਿਲੇਵਾਰ ਉੱਪਰ ਨੂੰ ਜਾਂਦੇ ਹੋਏ, ਕਰਮ ਮੈਲ ਨੂੰ ਪੂਰਨ ਰੂਪ ਵਿੱਚ ਨਸ਼ਟ ਕਰਕੇ ਮੁਕਤੀ ਪ੍ਰਾਪਤ ਕਰ ਲੈਂਦੀ ਹੈ।

ਜੈਨ ਧਰਮ ਦੇ ਅਨੁਸਾਰ ਆਤਮਾ ਵਿੱਚ ਸੰਸਾਰ ਤੋਂ ਨਿਵਰਤ ਹੋ ਕੇ ਮੁਕਤ ਹੋਣ ਦੀ ਤਾਕਤ ਹੈ। ਇਸੇ ਤਾਕਤ ਨਾਲ ਉਹ ਸੰਸਾਰਕ ਦੁੱਖਾਂ ਤੋਂ ਮੁਕਤ ਹੋਣ ਦੇ ਵੱਲ ਵੱਧਦਾ ਹੈ ਅਤੇ ਆਤਮ ਚਿੰਤਨ ਕਰਦਾ ਹੈ। ਇਸੇ ਨੂੰ ਯਥਾਪ੍ਰਵ੍ਰਿਤੀਕਰਣ ਕਿਹਾ ਜਾਂਦਾ ਹੈ।[97] ਇਹ 48 ਮਿੰਟ ਅੰਤਰ ਮਹੂਰਤ ਤੋਂ ਵੀ ਘੱਟ ਸਮੇਂ ਤੱਕ ਰਹਿੰਦਾ ਹੈ। ਵਿਸ਼ੇਸ਼ਆਵਸ਼ਕ ਭਾਸ਼ਯ ਵਿੱਚ ਆਤਮ ਅਨੁਭੂਤੀ ਦੀ ਇਸ ਪ੍ਰਵ੍ਰਿਤੀ ਨੂੰ ਯਥਾਪ੍ਰਵ੍ਰਿਤੀਕਰਣ ਕਿਹਾ ਗਿਆ ਹੈ। ਆਪਣੀ ਆਤਮਾ

ਦੀ ਅਨੁਭੂਤੀ ਦੇ ਲਈ ਦੋ ਪ੍ਰਕਾਰ ਨਾਲ ਸੰਘਰਸ਼ ਕੀਤਾ ਜਾਂਦਾ ਹੈ – ਇੱਕ ਹੈ ਅਪੂਰਵਕਰਣ ਅਤੇ ਦੂਸਰਾ ਹੈ ਆਨਿਵਰਤੀਕਰਣ। ਇੱਥੇ ਕਰਣ ਦਾ ਅਰਥ ਹੈ ਆਤਮਾ ਦਾ ਮੁਕਤੀ ਵੱਲ ਵੱਧਣਾ ਅਪੂਰਵਕਰਣ ਦੀ ਪ੍ਰਕ੍ਰਿਆ ਆਤਮਾ ਕਰਮਗ੍ਰੰਥੀ (ਗੱਢ) ਨੂੰ ਭੇਦਦਾ ਹੈ ਅਤੇ ਆਨਿਵਰਤੀਕਰਣ ਉਸ ਨੂੰ ਪੂਰਨਤਾ ਵੱਲ ਲੈ ਕੇ ਜਾਂਦਾ ਹੈ। ਅਨਿਵਰਤੀਕਰਣ ਦੀ ਪ੍ਰਕ੍ਰਿਆ ਚਾਰ ਪ੍ਰਕਾਰ ਤੋਂ ਹੁੰਦੀ ਹੈ – ਕਰਮ ਦੀ ਸਥਿਤੀ ਦਾ ਵਿਨਾਸ਼ (ਸਥਿਤ ਘਾਤ), ਕਰਮ ਦੀ ਤਿਵਰਤਾ ਦਾ ਵਿਨਾਸ਼ (ਰਸ ਘਾਤ), ਕਰਮ ਦੀ ਲੰਬੀ ਸਥਿਤੀ ਨੂੰ ਮਹੂਰਤ ਤੱਕ ਘੱਟ ਕਰ ਦੇਣਾ (ਗੁਣ ਸ਼੍ਰੇਣੀ) ਅਤੇ ਚੌਥਾ ਗੁਣ ਸੰਕ੍ਰਮਨ।[98] ਅਨਿਵਰਤੀਕਰਣ ਵਿੱਚ ਚਰਿੱਤਰ ਮੋਹਨੀਆਂ ਕਰਮ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਸਾਧਕ ਚੋਥਾ ਗੁਣਸਥਾਨ ਪਾ ਲੈਂਦਾ ਹੈ।[99] ਅਨਿਵਰਤੀਕਰਣ ਦੇ ਅੰਤਮ ਸਮੇਂ ਉਸ ਨੂੰ ਪ੍ਰਥਮੋਉਪਸ਼ਮ ਸੱਮਿਅਕਤਵ ਪ੍ਰਾਪਤ ਹੋ ਜਾਂਦਾ ਹੈ।

ਲੱਭਧੀ ਸਾਰ ਵਿੱਚ ਯਥਾਪ੍ਰਵ੍ਰਿਤੀਕਰਣ ਦੀ ਪ੍ਰਕ੍ਰਿਆ ਦੇ ਦੋ ਰੂਪ ਮਿਲਦੇ ਹਨ – ਅਪੂਰਵਕਰਣ ਅਤੇ ਅਵਨਿਰਵਰਤੀਕਰਣ। ਇਹਨਾਂ ਪ੍ਰਕ੍ਰਿਆਵਾਂ ਵਿੱਚ ਆਤਮਾ ਪੂਰਨਤਾ ਵੱਲ ਅਤੇ ਚਾਰ ਪ੍ਰਕਾਰ ਨਾਲ ਵੱਧਦੀ ਹੈ।

1. ਕਰਮਾ ਦਾ ਵਿਨਾਸ਼
2. ਇਹਨਾਂ ਪ੍ਰਕ੍ਰਿਆਵਾਂ ਰਾਹੀਂ ਆਤਮਾ ਦੀ ਸ਼ੁੱਧੀ
3. ਅਚਾਰੀਆ ਤੋਂ ਸਿੱਖਿਆ ਪ੍ਰਾਪਤੀ ਦੀ ਸੰਭਾਵਨਾ
4. ਸਾਰੇ ਕਰਮਾਂ ਦੀ ਸਥਿਤੀ ਦਾ ਕਾਲ ਘੱਟ ਹੋਣਾ, ਆਯੂ ਕਰਮ ਨੂੰ ਛੱਡਕੇ।[100]

ਆਤਮਾ ਦੀ ਇਹ ਵਿਸ਼ੁੱਧੀ ਭੱਵਯ ਜੀਵਾਂ ਦੀ ਹੀ ਹੁੰਦੀ ਹੈ। ਜਿਨ੍ਹਾਂ ਵਿੱਚ ਮੁਕਤੀ ਪ੍ਰਾਪਤ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਪਿਛੋਕੜ ਦੇ ਨਾਲ ਅਸੀਂ ਗੁਣਸਥਾਨਾਂ ਨੂੰ ਸਮਝਾਂਗੇ ਜਿਨ੍ਹਾਂ ਵਿੱਚ ਸਾਧਕ ਅਧਿਆਤਮਿਕ ਵਿਕਾਸ਼ ਦੀ ਯਾਤਰਾ ਮੁਕਤੀ ਵੱਲ ਹੋਰ ਸੰਕ੍ਰਾਮਿਤ ਹੁੰਦਾ ਰਹਿੰਦਾ।

## 1. ਮਿੱਥਿਆ ਦ੍ਰਿਸ਼ਟੀ

ਅਧਿਆਤਮ ਵਿਕਾਸ ਦੀ ਇਹ ਹੇਠਲੀ ਸ਼੍ਰੇਣੀ ਹੈ ਜਿੱਥੇ ਮਿੱਥਿਆਤਵ ਸਭ ਤੋਂ ਜ਼ਿਆਦਾ ਰਹਿੰਦਾ ਹੈ ਅਤੇ ਸੱਮਿਅਕਤਵ ਦਾ ਪੂਰਨ ਰੂਪ ਵਿੱਚ ਅਭਾਵ ਰਹਿੰਦਾ ਹੈ।[101]

ਇਸ ਅਵਸਥਾ ਵਿੱਚ ਵਿਅਕਤੀ ਮਿੱਥਿਆ ਪ੍ਰਭਾਵ ਦੇ ਕਾਰਨ ਮਿੱਥਿਆ ਦਰਸ਼ਨ (ਝੂਠੇ ਵਿਸ਼ਵਾਸ) ਨੂੰ ਹੀ ਸੱਮਿਅਕ ਦਰਸ਼ਨ ਸਮਝਦਾ ਹੈ। ਸਾਰੇ ਭੱਵਯ ਜੀਵ ਇਸ ਗੁਣਸਥਾਨ ਵਿੱਚ ਅਸਲ ਵਿੱਚ ਰਹਿੰਦੇ ਹਨ। ਜਿਨ੍ਹਾਂ ਵਿੱਚ ਮੁਕਤੀ ਪ੍ਰਾਪਤ ਕਰਨ ਦੀ ਯੋਗਤਾ ਰਹਿੰਦੀ ਹੈ। ਇਸ ਅਵਸਥਾ ਦੀ ਤੁਲਨਾ ਅਜਿਹੇ ਵਿਅਕਤੀ ਨਾਲ ਕੀਤੀ ਗਈ ਹੈ, ਜੋ ਨੇਤਰਹੀਨ ਹੋਣ ਕਾਰਨ ਕਿ ਕਰੂਪ ਹੈ ਅਤੇ ਕਿ ਸੁੰਦਰ ਹੈ ਉਸ ਦਾ ਉੱਤਰ ਨਹੀਂ ਦੇ ਸਕਦਾ। ਮਿੱਥਿਆ ਦ੍ਰਿਸ਼ਟੀ ਵਾਲਾ ਵਿਅਕਤੀ ਯਥਾਰਥ (ਅਸਲੀਅਤ) ਅਤੇ ਆਯਥਾਰਥ (ਬਨਾਵਟ) ਦੇ ਵਿੱਚ ਫਰਕ ਨਹੀਂ ਕਰ ਸਕਦਾ। ਇੱਥੋਂ ਤੋਂ ਆਤਮਾ ਚੌਥੇ ਗੁਣਸਥਾਨ ਤੇ ਪਹੁੰਚ ਸਕਦਾ ਹੈ। ਤੱਤਵਾਂ ਪ੍ਰਤੀ ਅਸ਼ਰਧਾ ਨੂੰ ਮਿੱਥਿਆਤਵ ਆਖਦੇ ਹਨ - ਇਹ ਪੰਜ ਪ੍ਰਕਾਰ ਦਾ ਹੁੰਦਾ ਹੈ - ਏਕਾਂਤ, ਵਿਪਰੀਤ, ਬਿਨੈ, ਸੰਸ਼ਯਿਤ ਅਤੇ ਅਗਿਆਨ। ਜਿਸ ਪ੍ਰਕਾਰ ਪਿੱਤ ਦੇ ਕਾਰਨ ਚੜ੍ਹੇ ਬੁਖਾਰ ਨਾਲ ਬਿਮਾਰ ਜੀਵ ਨੂੰ ਮਿੱਠਾ ਰਸ ਵੀ ਚੰਗਾ ਨਹੀਂ ਲੱਗਦਾ ਉਸੇ ਪ੍ਰਕਾਰ ਮਿੱਥਿਆਤਵੀ ਨੂੰ ਸੱਚਾ ਧਰਮ ਚੰਗਾ ਨਹੀਂ ਲੱਗਦਾ।

## 2. ਸਾਸਵਾਦਨ ਸੱਮਿਅਕ ਦ੍ਰਿਸ਼ਟੀ ਗੁਣਸਥਾਨ

ਇਹ ਘੱਟ ਸਮੇਂ ਦੀ ਅਵਸਥਾ ਹੈ, ਜਦ ਜੀਵ ਦੂਜੀ ਅਵਸਥਾ ਨੂੰ ਪਾਰ ਕਰਦਾ ਹੈ ਤਾਂ ਉਹ ਚੌਥੇ ਜਾਂ ਉਸ ਤੋਂ ਉੱਚੇ ਸਥਾਨ ਤੋਂ ਪੱਤਿਤ ਹੁੰਦਾ ਹੈ। ਇਸ ਪ੍ਰਕਾਰ ਜੀਵ ਨੂੰ ਸਹੀ ਦਰਸ਼ਨ ਦਾ ਸਿਰਫ ਸੁਆਦ ਹੀ ਹੁੰਦਾ ਹੈ ਜਿਵੇਂ ਉਸਦਾ ਚਿੱਤ ਸੱਮਿਅਕਤਵ ਅਤੇ ਮਿੱਥਿਆਤਵ ਵਿੱਚ ਉਲਝਿਆ ਰਹਿੰਦਾ ਹੈ। ਸੱਮਿਅਕਤਵ ਰੂਪੀ ਰਤਨ ਪਰਬਤ ਦੇ ਸਿਖਰ ਤੋਂ ਗਿਰ ਕੇ ਜੋ ਜੀਵ ਮਿੱਥਿਆਤਵ ਰੂਪੀ ਭੂਮੀ ਤੇ ਆ ਚੁੱਕਾ ਹੈ ਭਾਵ ਜਿਸ ਨੇ ਸੱਮਿਅਕਤਵ ਦਾ

ਨਾਸ਼ ਕਰ ਦਿੱਤਾ ਹੈ ਪਰ ਮਿੱਥਿਆਤਵ ਨੂੰ ਪ੍ਰਾਪਤ ਨਹੀਂ ਕੀਤਾ ਉਸ ਨੂੰ ਸਾਸਵਾਦਨ ਗੁਣਸਥਾਨ ਵਰਤੀ ਜੀਵ ਆਖਦੇ ਹਨ।

## 3. ਮਿਸ਼ਰ ਗੁਣਸਥਾਨ

ਸੱਮਿਅਕਤਵ ਮਿੱਥਿਆਤਵ ਦੇ ਕਾਰਨ ਇਸ ਅਵਸਥਾ ਵਿੱਚ ਮਿੱਥਿਆਤਵ ਅਤੇ ਸੱਮਿਅਕਤਵ ਮਿਲਾਵਟੀ ਰੂਪ ਵਿੱਚ ਪਾਏ ਜਾਂਦੇ ਹਨ। ਇਹ ਅਜਿਹੀ ਸੰਕ੍ਰਾਮਿਕ ਅਵਸਥਾ ਹੈ ਜਿਸ ਸਥਾਨ ਤੋਂ ਜੀਵ ਉੱਚ ਗੁਣਸਥਾਨ ਤੇ ਜਾਵੇਗਾ ਜਾਂ ਹੇਠਲੇ ਗੁਣਸਥਾਨ ਤੇ ਜਾਵੇਗਾ। ਇੱਥੇ ਜਾਤਯੰਤਰ ਸਰਵਘਾਤੀ ਸੱਮਿਅਕ ਮਿੱਥਿਆਤਵ ਪ੍ਰਾਕ੍ਰਿਤੀ ਦੇ ਉਦੈ ਨਾਲ ਜੀਵ ਦੇ ਮਿਸ਼ਰ ਪਰਿਣਾਮ ਹੁੰਦੇ ਹਨ। ਇਹਨਾਂ ਮਿਸ਼ਰ ਪਰਿਣਾਮਾਂ ਦੀ ਤੁਲਨਾ ਦਹੀਂ -ਗੁੜ ਦੇ ਮਿਲੇ ਸਵਾਦ ਨਾਲ ਕੀਤੀ ਗਈ ਹੈ। ਇਸ ਵਿੱਚ ਜੀਵ ਸ਼ਕਲ ਸੰਜਮ ਜਾਂ ਦੇਖ ਸੰਜਮ ਗ੍ਰਹਿਣ ਨਹੀਂ ਕਰਦਾ ਨਾ ਹੀ ਇਸ ਗੁਣਸਥਾਨ ਵਿੱਚ ਆਯੂ ਕਰਮ ਦਾ ਕੋਈ ਬੰਧ ਹੁੰਦਾ ਹੈ।

## 4. ਅਵਿਰਤ ਸੱਮਿਅਕ ਦ੍ਰਿਸ਼ਟੀ

ਅਨੰਤਾਂਨੂਬੰਧੀ ਕਸ਼ਾਇਆਂ ਦੇ ਔਪਸ਼ਮ ਹੋਣ ਤੇ ਜੀਵ ਨੂੰ ਸੱਮਿਅਕ ਦਰਸ਼ਨ ਪ੍ਰਾਪਤ ਹੋ ਜਾਂਦਾ ਹੈ। ਪਰ ਉਹ ਸੱਮਿਅਕ ਆਚਰਨ ਗ੍ਰਹਿਣ ਨਹੀਂ ਕਰ ਪਾਉਂਦਾ। ਇਸ ਅਵਸਥਾ ਵਿੱਚ ਸੱਮਿਅਕ ਦਰਸ਼ਨ ਦੇ ਔਪਸ਼ਮਿਕ, ਕਸ਼ਾਇਕ ਅਤੇ ਕਸ਼ਾਇਕ ਸ਼ਮਿਕ ਭਾਵ ਵਿਦਮਾਨ ਰਹਿੰਦੇ ਹਨ। ਦੇਸ਼ ਘਾਤੀ ਸੱਮਿਅਕਤਵ ਪ੍ਰਾਕ੍ਰਿਤੀ ਦੇ ਉਦੈ ਹੋਣ ਤੇ ਆਤਮਾ ਦੇ ਚਲ, ਮਲੀਨ ਅਤੇ ਅਗਾੜ ਜੋ ਪਰਿਣਾਮ ਹੁੰਦੇ ਹਨ ਉਹਨਾਂ ਨੂੰ ਕਸ਼ਾਇਕ ਸ਼ਮਿਕ ਦਰਸ਼ਨ ਕਿਹਾ ਜਾਂਦਾ ਹੈ। ਤਿੰਨ ਦਰਸ਼ਨ ਮੋਹਨੀਆਂ ਅਰਥਾਤ ਮਿੱਥਿਆਤਵ, ਮਿਸ਼ਰ ਅਤੇ ਸੱਮਿਅਕਤਵ ਪ੍ਰਾਕ੍ਰਿਤੀ ਅਤੇ ਚਾਰ ਅਨੰਤਾਨੂਬੰਧੀ ਕਸ਼ਾਏ ਇਹ ਸੱਤ ਪ੍ਰਾਕ੍ਰਿਤੀਆਂ ਦੇ ਔਪਸ਼ਮ ਤੋਂ ਔਪਸ਼ਮਿਕ ਅਤੇ ਹਮੇਸ਼ਾ ਕਸ਼ਯ ਤੋਂ ਕਸ਼ਾਇਕ ਸੱਮਿਅਕ ਦਰਸ਼ਨ ਹੁੰਦਾ ਹੈ। ਇਸ ਚੌਥੇ ਗੁਣਸਥਾਨ ਵਰਤੀ ਸੱਮਿਅਕ ਦਰਸ਼ਨ ਦੇ ਨਾਲ ਹੀ ਸੰਜਮ ਬਿਲਕੁਲ ਨਹੀਂ ਰਹਿੰਦਾ ਕਿਉਂਕਿ ਇੱਥੇ ਦੂਸਰਾ ਅਪ੍ਰਤੱਖਿਆਵਰਨ ਕਸ਼ਾਏ ਦਾ ਉਦੈ ਰਹਿੰਦਾ ਹੈ ਇਸ ਲਈ ਇਸ ਗੁਣਸਥਾਨ ਵਾਲੇ ਜੀਵ ਨੂੰ ਅਸੰਯਤ ਸੱਮਿਅਕ ਦ੍ਰਿਸ਼ਟੀ ਆਖਦੇ ਹਨ।

## 5. ਦੇਸ਼ ਵਿਰਤ ਗੁਣਸਥਾਨ

ਇਸ ਅਵਸਥਾ ਵਿੱਚ ਜੀਵ ਆਤਮ ਅਨੁਸ਼ਾਸਨ ਅਤੇ ਸੱਮਿਅਕ ਚਰਿੱਤਰ ਦਾ ਮਹੱਤਵ ਸਮਝਣ ਲੱਗਦਾ ਹੈ। ਮਹਾਂ ਵਰਤਾਂ ਦੇ ਪਾਲਣ ਕਰਨ ਦੀ ਸ਼ਕਤੀ ਉਸ ਵਿੱਚ ਨਹੀਂ ਰਹਿੰਦੀ, ਪਰ ਅਣੂਵਰਤਾਂ ਦਾ ਪਾਲਣ ਜ਼ਰੂਰ ਕਰਨ ਲੱਗਦਾ ਹੈ। ਕਿਉਂਕਿ ਪ੍ਰਤੱਖਿਯਾਣਵਰਣ ਕਸ਼ਾਏ ਦਾ ਉਦੈ ਰਹਿਣ ਤੇ ਪਹਿਲਾਂ ਸੰਜਮ ਉਸ ਵਿੱਚ ਨਹੀਂ ਹੁੰਦਾ ਪਰ ਅਪ੍ਰਤੱਖਿਯਾਣਵਰਣ ਕਸ਼ਾਏ ਦਾ ਉਦੈ ਨਾ ਰਹਿਣ ਤੇ ਇੱਕ ਦੇਸ਼ ਵਰਤ ਜ਼ਰੂਰ ਹੁੰਦਾ ਹੈ। ਇੱਥੇ ਕਸ਼ਾਇਕ ਸ਼ਮਿਕ ਭਾਵ ਹੀ ਹੁੰਦਾ ਹੈ, ਇਸ ਨੂੰ ਵਿਰਤ ਅਵਿਰਤ ਅਵਸਥਾ ਵੀ ਕਿਹਾ ਜਾਂਦਾ ਹੈ। ਕਿਉਂਕਿ ਉਹ ਤਰੱਸ ਹਿੰਸਾ ਤੋਂ ਵਿਰਤ (ਦੂਰ) ਰਹਿੰਦਾ ਹੈ ਅਤੇ ਸਥਾਵਰ ਹਿੰਸਾ ਤੋਂ ਅਵਿਰਤ ਰਹਿੰਦਾ ਹੈ।

## 6. ਪ੍ਰਮੱਤ ਸੰਯਤ ਗੁਣਸਥਾਨ

ਸਕਲ ਸੰਯਮ ਨੂੰ ਰੋਕ ਕੇ ਰੱਖਣ ਵਾਲਾ ਪ੍ਰਤੱਖਿਆਵਰਨ ਕਸ਼ਾਏ ਦਾ ਕਸ਼ਾਯੋਕਸ਼ਮ ਹੋਣ ਤੇ ਪੂਰਨ ਸੰਜਮ ਤਾਂ ਹੋ ਜਾਂਦਾ ਹੈ ਪਰ ਉਹ ਸੰਜਮ ਦੇ ਨਾਲ ਨਾਲ ਸੰਜੱਵਲ ਅਤੇ ਨੋਕਸ਼ਾਏ ਦਾ ਉਦੈ ਹੋਣ ਤੇ ਸੰਜਮ ਵਿੱਚ ਮਲ ਉਤਪੰਨ ਕਰਨ ਵਾਲਾ ਪ੍ਰਮਾਦ ਵੀ ਹਾਜ਼ਰ ਰਹਿੰਦਾ ਹੈ। ਇਸ ਲਈ ਇਸ ਅਵਸਥਾ ਨੂੰ ਪ੍ਰਮੱਤ ਸੰਯਤ ਕਿਹਾ ਗਿਆ ਹੈ। ਸੰਜੱਵਲਣਾ ਕਸ਼ਾਏ ਦਾ ਤੀਵਰ ਉਦੈ ਹੋਣ ਤੇ ਇਹ ਪ੍ਰਮਾਦ ਪਾਇਆ ਜਾਂਦਾ ਹੈ। ਇੱਥੇ ਔਦਾਇਯਕ ਆਦਿ ਪੰਜ ਭਾਵਾਂ ਵਿੱਚ ਚਰਿੱਤਰ ਦੇ ਪੱਖੋਂ ਕੇਵਲ ਕਸ਼ਾਯੋਕਸ਼ਮ ਭਾਵ ਹੀ ਹੁੰਦਾ ਹੈ।

## 7. ਅਪ੍ਰਮਤ ਸੰਯਤ

ਜਦੋਂ ਸੰਜਵਲਣ ਅਤੇ ਨੌਕਸ਼ਾਏ ਦਾ ਘੱਟ ਉਦੈ ਹੁੰਦਾ ਹੈ ਤਦ ਸਕਲਸੰਯਮ ਵਾਲੇ ਮੁਨੀ ਦੇ ਪ੍ਰਮਾਦ ਦੀ ਘਾਟ ਹੋ ਜਾਂਦੀ ਹੈ। ਇਸ ਲਈ ਇਸ ਗੁਣਸਥਾਨ ਨੂੰ ਅਪ੍ਰਮਤ ਸੰਯਤ ਕਿਹਾ ਗਿਆ ਹੈ, ਇਸ ਦੇ ਦੋ ਭੇਦ ਹਨ - ਇੱਕ ਸਰਵਸਥਾਨਅਪ੍ਰਮਤ ਦੂਸਰਾ ਸਾਤਿਸ਼ਯਾਪ੍ਰਮਤ। ਇਸ ਤੋਂ ਪਹਿਲਾਂ ਦੀਆਂ ਅਵਸਥਾਵਾਂ ਤੱਕ ਪ੍ਰਮਾਦ ਰਹਿੰਦਾ ਹੈ ਪਰ ਇਸ ਅਵਸਥਾ ਵਿੱਚ ਸਾਰੇ ਜੀਵ ਅਪ੍ਰਮਾਦ ਰਹਿਤ ਹੋ ਜਾਂਦੇ ਹਨ। ਇਹ ਅਪ੍ਰਮਤ ਸਾਧਕ ਜਦ ਉਪਸ਼ਮਕ ਜਾਂ

ਕਸ਼ਪਕ ਸ਼੍ਰੇਣੀ ਵਿੱਚ ਪ੍ਰਵੇਸ਼ ਨਹੀਂ ਕਰਦੇ ਤਦ ਤੱਕ ਉਸ ਨੂੰ ਸਬ ਸਥਾਨ ਅਪ੍ਰਮਤ ਕਿਹਾ ਜਾਂਦਾ ਹੈ ਅਤੇ ਜਦ ਉਹ ਸ਼੍ਰੇਣੀ ਚੜ੍ਹਨ ਲਈ ਤਿਆਰ ਹੋ ਜਾਂਦਾ ਹੈ ਤਾਂ ਉਹ ਸਾਤਿਸ਼ਯਾਪ੍ਰਮਤ ਕਿਹਾ ਜਾਂਦਾ ਹੈ। ਇਹ ਦੂਸਰਾ ਭੇਦ ਮੋਕਸ਼ ਦੇ ਸਾਧਕ ਹੈ।

## 8. ਅਪੂਰਵਕਰਣ ਗੁਣਸਥਾਨ

ਇਸ ਅਵਸਥਾ ਵਿੱਚ ਜੀਵ ਅਪੂਰਵ ਵਿਸ਼ੁੱਧ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਇਸ ਲਈ ਇਸ ਨੂੰ ਅਪੂਰਵਕਰਣ ਕਿਹਾ ਜਾਂਦਾ ਹੈ। ਇਸ ਵਿੱਚ ਸ਼ੁਕਲ ਧਿਆਨ ਦਾ ਅਭਿਆਸ ਕੀਤਾ ਜਾਂਦਾ ਹੈ। ਇਸ ਗੁਣਸਥਾਨ ਦਾ ਸਮਾਂ ਅੰਤਰ ਮਹੂਰਤ ਹੈ, ਇੱਥੇ ਭਿੰਨ ਸਮੇਯਾਵਰਤੀ ਜੀਵਾਂ ਵਿੱਚ ਵਿਸ਼ੁੱਧ ਪਰਿਣਾਮਾਂ ਦੇ ਪੱਖੋਂ ਕਦੇ ਵੀ ਇੱਕ ਸਮਾਨ ਨਹੀਂ ਪਾਇਆ ਜਾਂਦਾ। ਪਰ ਇੱਕ ਸਮੇਂਵਰਤੀ ਜੀਵਾਂ ਵਿੱਚ ਸਾਦ੍ਰਿਸ਼ (ਉਸੇ ਪ੍ਰਕਾਰ) ਅਤੇ ਇੱਕਸਾਰ ਦ੍ਰਿਸ਼ ਪਾਏ ਜਾਂਦੇ ਹਨ। ਉਹ ਜੀਵ ਇਸ ਅਵਸਥਾ ਵਿੱਚ ਮੋਹਨੀਆਂ ਕਰਮ ਦੀਆਂ ਬਾਕੀ ਪ੍ਰਾਕ੍ਰਿਤੀਆਂ ਦਾ ਕਸ਼ਪਣ ਜਾਂ ਉਪਸ਼ਮਨ ਕਰਨ ਲਈ ਤਿਆਰ ਹੁੰਦਾ ਹੈ। ਹੰਕਾਰ ਤਾਂ ਚਲਾ ਜਾਂਦਾ ਹੈ ਪਰ ਮਾਇਆ ਅਤੇ ਲੋਭ ਦੇ ਉਦੈ ਹੋਣ ਦੀ ਸੰਭਾਵਨਾ ਰਹਿੰਦੀ ਹੈ।

## 9. ਅਨਿਵਰਤੀ ਕਰਣ ਗੁਣਸਥਾਨ

ਇਸ ਅਵਸਥਾ ਵਿੱਚ ਸ਼ੁਕਲ ਧਿਆਨ ਦੀ ਪਰਮ ਸ਼ੁੱਧ ਅਵਸਥਾ ਪ੍ਰਗਟ ਹੋਣ ਲੱਗਦੀ ਹੈ। ਇੱਥੇ ਇੱਕਸਮਯਾਂਵਰਤੀ ਭਿੰਨ ਭਿੰਨ ਜੀਵਾਂ ਦੇ ਪਰਿਣਾਮਾਂ ਵਿੱਚ ਪਾਈ ਜਾਣ ਵਾਲੀ ਵਿਸ਼ੁੱਧੀ ਵਿੱਚ ਆਪਸੀ ਭੇਦ ਨਹੀਂ ਪਾਇਆ ਜਾਂਦਾ। ਇਸ ਲਈ ਇਹਨਾਂ ਪਰਿਣਾਮਾਂ ਨੂੰ ਅਨਿਵਰਤੀਕਰਣ ਕਿਹਾ ਜਾਂਦਾ ਹੈ। ਇਸ ਪਰਿਣਾਮਾਂ ਨਾਲ ਹੀ ਆਯੂ ਕਰਮ ਨੂੰ ਛੱਡਕੇ ਬਾਕੀ ਸੱਤ ਕਰਮਾਂ ਦੀ ਗੁਣ ਸ਼੍ਰੇਣੀ, ਨਿਰਜਰਾ, ਗੁਣਸੰਕ੍ਰਮਨ, ਸਥਿਤੀ ਖੰਡਨ, ਅਨੁਭਾਗ ਖੰਡਨ ਹੁੰਦਾ ਹੈ ਅਤੇ ਮੋਹਨੀਆਂ ਕਰਮ ਵੀ ਬਾਦਰ (ਹਲਕੀ) ਕੁਦ੍ਰਿਸ਼ਟੀ, ਸੂਖਮ ਕੁਦ੍ਰਿਸ਼ਟੀ ਆਦਿ ਹੋਇਆ ਕਰਦੀ ਹੈ।

## 10. ਸੂਖਮ ਸੰਪਰਾਯ ਗੁਣਸਥਾਨ

ਜਿਸ ਪ੍ਰਕਾਰ ਧੁਲੇ ਹੋਏ ਕਸੂਮੀ ਕੱਪੜੇ ਤੇ ਮੈਲ ਸੂਖਮ ਰੂਪ ਵਿੱਚ ਰਹਿ ਜਾਂਦੀ ਹੈ ਉਸੇ ਪ੍ਰਕਾਰ ਜੋ ਜੀਵ ਅਤਿਅੰਤ ਸੂਖਮ ਰਾਗ – ਲੋਭ ਕਸ਼ਾਏ ਵਾਲੇ ਹਨ। ਉਹਨਾਂ ਨੂੰ ਸੂਖਮ ਸੰਪਰਾਯ ਨਾਮ ਦਾ 10ਵਾਂ ਗੁਣਸਥਾਨ ਵਰਤੀ ਜੀਵ ਆਖਦੇ ਹਨ। ਡਾ: ਟਾਟੀਆ ਨੇ ਲਿਖਿਆ ਹੈ ਕਿ, "ਇਹ ਸੂਖਮ ਲੋਭ ਸਰੀਰ ਦੇ ਪ੍ਰਤੀ ਅਵਚੇਤਨ ਮਨ ਦੀ ਲਗਾਉ ਦੇ ਕਾਰਨ ਹੋ ਸਕਦੇ ਹਨ। ਜਿਸ ਨੇ ਇੱਕ ਅਧਿਆਤਮਕ ਉਪਲਬਧੀ ਪਾ ਲਈ ਹੈ।"[102]

## 11. ਉਪਸ਼ਾਂਤ ਕਸ਼ਾਏ ਗੁਣਸਥਾਨ

ਇਸ ਅਵਸਥਾ ਵਿੱਚ ਸੰਪੂਰਨ ਮੋਹਨੀਆਂ ਕਰਣ ਦਾ ਉਪਸ਼ਮ ਹੋ ਜਾਣ ਤੇ ਪਰਿਣਾਮ ਨਿਰਮਲ ਹੋ ਜਾਂਦੇ ਹਨ। ਵੀਤਰਾਗਤਾ ਆ ਜਾਂਦੀ ਹੈ ਪਰ ਗਿਆਨ ਵਰਣ ਦਾ ਉਦੈ ਰਹਿੰਦਾ ਹੈ ਇਸ ਲਈ ਇਸ ਨੂੰ ਛੱਦਮੱਸਤ ਵੀਤਰਾਗ ਕਿਹਾ ਜਾਂਦਾ ਹੈ। ਇਸ ਵਿੱਚ ਉਪਸ਼ਮਿਕ ਅਤੇ ਕਸ਼ਾਇਕ ਭਾਵ ਰਹਿੰਦੇ ਹਨ, ਭਾਵ ਹੋਰ ਵਿਸ਼ੁੱਧ ਹੋਣ ਤੇ 12ਵਾਂ ਗੁਣਸਥਾਨ ਤੇ ਪਹੁੰਚ ਕੇ ਜੀਵ ਵੀਤਰਾਗ ਹੋ ਜਾਂਦਾ ਹੈ ਅਤੇ ਜੇ ਪਤਿਤ ਹੋਵੇ ਤਾਂ ਹੇਠਲੀ ਅਵਸਥਾ ਵਿੱਚ ਵੀ ਪਹੁੰਚ ਸਕਦਾ ਹੈ ਇਸ ਦਾ ਸਮਾਂ ਅੰਤ ਮਹੂਰਤ ਹੈ।

## 12. ਕਸ਼ੀਨ ਕਸ਼ਾਏ ਗੁਣਸਥਾਨ

ਇਸ ਅਵਸਥਾ ਵਿੱਚ ਮੋਹਨੀਆਂ ਕਰਮ ਪੂਰਨ ਰੂਪ ਵਿੱਚ ਨਸ਼ਟ ਹੋ ਜਾਂਦਾ ਹੈ ਅਤੇ ਸਾਧਕ ਫਟਿਕ ਵਿੱਚ ਰੱਖੇ ਨਿਰਮਲ ਪਾਤਰ ਦੀ ਤਰ੍ਹਾਂ ਵੀਤਰਾਗ ਹੋ ਜਾਂਦਾ ਹੈ। 11ਵਾਂ ਗੁਣਸਥਾਨ ਵਿੱਚ ਉਹ ਸਰਾਗ ਛੱਦਮਸਤ ਸੀ ਇੱਥੇ ਉਹ ਵੀਤਰਾਗ ਛੱਦਮਸਤ ਹੋ ਜਾਂਦਾ ਹੈ। ਇੱਥੇ ਉਹ ਅੰਤਰ ਮਹੂਰਤ ਹੀ ਰਹਿੰਦਾ ਹੈ ਅਤੇ ਬਾਅਦ ਵਿੱਚ ਕੇਵਲੀ ਹੋ ਜਾਂਦਾ ਹੈ।

## 13. ਸੰਯੋਗ ਕੇਵਲੀ ਗੁਣਸਥਾਨ

ਇਹ ਤੀਰਥੰਕਰ ਜਾਂ ਅਰਹਤ ਅਵਸਥਾ ਹੈ। ਇਸ ਵਿੱਚ ਤਿੰਨ ਘਾਤੀ ਕਰਮਾਂ ਦੀਆਂ 5 ਪ੍ਰਾਕ੍ਰਿਤੀਆਂ ਅਤੇ ਕੁੱਲ 52 ਪ੍ਰਕ੍ਰਿਤੀਆਂ ਦੇ ਨਸ਼ਟ ਹੋਣ ਤੇ ਅੰਨਤ ਗਿਆਨ ਦਰਸ਼ਨ ਚਰਿੱਤਰ ਅਤੇ ਵੀਰਜ ਵਾਲਾ ਚਾਰ ਪ੍ਰਕਾਰ ਦਾ

ਸਵਰੂਪ ਵਾਲਾ ਕੇਵਲ ਗਿਆਨ ਪ੍ਰਾਪਤ ਹੋ ਜਾਂਦਾ ਹੈ ਪਰ ਇਹ ਸਰੀਰ ਅਤੇ ਯੋਗ ਨਾਲ ਹੁੰਦਾ ਹੈ। ਇਸ ਲਈ ਇਸ ਨੂੰ ਸੰਯੋਗ ਕੇਵਲੀ ਕਿਹਾ ਜਾਂਦਾ ਹੈ। 12ਵੇਂ ਗੁਣਸਥਾਨ ਤੱਕ ਦੇ ਜੀਵ ਅੰਤਰ ਆਤਮਾ ਅਖਵਾਉਂਦੇ ਹਨ ਅਤੇ ਉਸ ਤੋਂ ਉੱਪਰ ਦੇ ਜੀਵਾਂ ਨੂੰ ਪਰਮਾਤਮਾ ਆਖਿਆ ਜਾਂਦਾ ਹੈ। ਇਸ ਦਾ ਸਮਾਂ ਇੱਕ ਅੰਤਰ ਮਹੂਰਤ ਹੈ। ਇਸ ਦੀ ਤੁਲਨਾ ਜੀਵਨ ਮੁਕਤੀ ਨਾਲ ਕੀਤੀ ਜਾ ਸਕਦੀ ਹੈ।

## 14. ਅਯੋਗ ਕੇਵਲੀ ਗੁਣਸਥਾਨ

ਇਹ ਅੰਤਮ ਅਵਸਥਾ ਹੈ ਜਿੱਥੇ ਬਚੇ ਸਰੀਰ ਅਤੇ ਯੋਗ ਵੀ ਸਮਾਪਤ ਹੋ ਜਾਂਦੇ ਹਨ। ਜਿੱਥੇ ਸ਼ੁਕਲ ਧਿਆਨ ਦੇ ਤੀਜੇ ਅਤੇ ਚੌਥੇ ਪ੍ਰਕਾਰ ਦੇ ਰਾਹੀਂ ਸਾਧਕ ਅਯੋਗ ਕੇਵਲੀ ਬਣ ਜਾਂਦਾ ਹੈ ਅਤੇ ਸਾਰੇ ਕਰਮਾਂ ਤੋਂ ਮੁਕਤ ਹੋ ਕੇ ਸਰਵੱਗਤਾ ਨੂੰ ਪ੍ਰਾਪਤ ਕਰ ਲੈਂਦਾ ਹੈ ਇਸ ਦਾ ਸਮਾਂ अ, इ, उ, ऋ, ऌ, ਇਹਨਾਂ ਪੰਜ ਸਵਰਾਂ ਨੂੰ ਬੋਲਣ ਤੱਕ ਦਾ ਰਹਿੰਦਾ ਹੈ। ਬਾਅਦ ਵਿੱਚ ਉਹ ਮੁਕਤੀ ਨੂੰ ਪ੍ਰਾਪਤ ਕਰਦੀ ਹੈ।[103]

## ਪ੍ਰਤਿਮਾਵਾਂ

### (ਗ੍ਰਹਿਸਥੀਆਂ ਦੇ ਅਧਿਆਤਮਕ ਵਿਕਾਸ ਦੀਆਂ ਪੌੜੀਆਂ)

ਅਸਲ ਵਿੱਚ ਜੈਨ ਉਪਾਸ਼ਕ ਜਾਂ ਗ੍ਰਹਿਸਥ ਦੇ ਲਈ 11 ਪ੍ਰਕਾਰ ਦੀਆਂ ਪ੍ਰਤਿਮਾਵਾਂ ਜਾਂ ਅਧਿਆਤਮ ਵਿਕਾਸ ਦੀਆਂ ਪੌੜੀਆਂ ਨੂੰ ਪਾਰ ਕਰਨਾ ਪੈਂਦਾ ਹੈ। ਤੱਦ ਕੀਤੇ ਜਾ ਕੇ ਉਸ ਨੂੰ ਮੁਕਤੀ ਮਿਲਦੀ ਹੈ। ਪ੍ਰਤਿਮਾ ਦਾ ਉਂਝ ਅਰਥ ਮੂਰਤੀ ਹੁੰਦਾ ਹੈ ਪਰ ਜੈਨ ਅਚਾਰੀਆ ਨੇ ਉਸ ਨੂੰ ਇੱਕ ਵਿਸ਼ੇਸ਼ ਸਾਧਨਾ ਵਿਕਾਸ਼ ਯਾਤਰਾ ਦੇ ਰੂਪ ਵਿੱਚ ਸਵੀਕਾਰ ਕੀਤਾ ਹੈ। ਵਿਲਿਅਮ ਨੇ ਇਸ ਦੇ ਹਵਾਲੇ ਵਿੱਚ ਕਿਹਾ ਹੈ ਕਿ, "ਇਸ ਪੌੜੀ ਦੇ ਰਾਹ ਵਿੱਚ ਹਰ ਪੌੜੀ ਉੱਪਰ ਸਾਧਕ ਨੂੰ ਕੁੱਝ ਮਹੀਨੇ ਸਾਧਨਾ ਵਿੱਚ ਰਹਿਣਾ ਪੈਂਦਾ ਹੈ ਅਤੇ ਫੇਰ ਉੱਪਰਲੀ ਪੌੜੀ ਦੀ ਸਾਧਨਾ ਦਾ ਅਭਿਆਸ ਕਰਨਾ ਪੈਂਦਾ ਹੈ।"[104] ਇਸ ਪ੍ਰਕਾਰ ਪ੍ਰਤਿਮਾਵਾਂ ਅਧਿਆਤਮ ਵਿਕਾਸ ਦੀਆਂ ਪੌੜੀਆਂ ਹਨ, ਸੱਮਿਅਕ ਚਰਿੱਤਰ ਦਾ ਪਾਲਣ ਕਰਨ ਲਈ। ਇਹਨਾਂ ਪ੍ਰਤਿਮਾਵਾਂ ਦੀ ਸੰਖਿਆ 11 ਦੱਸੀ ਗਈ ਹੈ:-

1. ਦਰਸ਼ਨ ਪ੍ਰਤਿਮਾ – ਸੱਮਿਅਕ ਸ਼ਰਧਾ (ਸਹੀ ਵਿਸ਼ਵਾਸ)
2. ਵਰਤ ਪ੍ਰਤਿਮਾ – ਸਾਧਕ ਪੰਜ ਅਣੁਵਰਤਾਂ, ਤਿੰਨ ਗੁਣਵਰਤਾਂ ਅਤੇ ਚਾਰ ਸਿੱਖਿਆ ਵਰਤਾਂ ਦਾ ਪਾਲਣ ਕਰਦਾ ਹੈ, ਉਹ ਅਣੁਕੰਪਾ (ਰਹਿਮ ਦਿਲੀ) ਆਦਿ ਗੁਣ ਵਾਲਾ ਹੁੰਦਾ ਹੈ।
3. ਸਮਾਇਕ ਪ੍ਰਤਿਮਾ – ਸਾਧਕ ਹਰ ਰੋਜ਼ ਲਗਾਤਾਰ ਤਿੰਨ ਵਾਰ ਇੱਕ ਇੱਕ ਮਹੂਰਤ ਸਮਾਇਕ ਕਰਦਾ ਹੈ ਅਤੇ ਸਮਾਇਕ ਅਤੇ ਦੇਸ਼ ਅਵਕਾਸ਼ਿਕ ਵਰਤ ਦਾ ਸਹੀ ਪਾਲਣ ਕਰਦਾ ਹੈ।
4. ਪੋਸ਼ਧ ਪ੍ਰਤਿਮਾ – ਅਸ਼ਟਮੀ – ਚੋਦਸ਼ ਆਦਿ ਤਿਥੀਆਂ ਨੂੰ ਵਰਤ ਕਰਨਾ।
5. ਸਚਿੱਤ ਤਿਆਗ ਪ੍ਰਤਿਮਾ – ਸਚਿੱਤ (ਕੱਚੇ ਜਾਂ ਹਰੇ) ਫਲ, ਫੁੱਲ ਬਨਸਪਤੀਆਂ ਦਾ ਭੋਜਨ ਨਾ ਕਰਨਾ।
6. ਰਾਤਰੀ ਭੁਗਤੀ ਤਿਆਗ ਪ੍ਰਤਿਮਾ – ਰਾਤ ਨੂੰ ਭੋਜਨ ਨਾ ਕਰਨਾ।
7. ਬ੍ਰਹਮਚਰਜ ਪ੍ਰਤਿਮਾ – ਬ੍ਰਹਮਚਰਜ ਵਰਤ ਦਾ ਗ੍ਰਹਿਣ ਕਰਨਾ।
8. ਆਰੰਭ ਤਿਆਗ ਪ੍ਰਤਿਮਾ – ਸੰਸਾਰਿਕ ਧੰਦਿਆਂ ਨੂੰ ਛੱਡਣਾ।
9. ਪਰੀਗ੍ਰਹਿ ਤਿਆਗ ਪ੍ਰਤਿਮਾ – ਸੰਸਾਰਿਕ ਬੰਧਨਾ ਨੂੰ ਛੱਡਣਾ।
10. ਉਦ੍ਰਿਸ਼ਟ ਤਿਆਗ ਪ੍ਰਤਿਮਾ – ਆਪਣੇ ਲਈ ਤਿਆਰ ਕੀਤੇ ਭੋਜਨ ਦਾ ਤਿਆਗ ਕਰਨਾ।
11. ਸ਼੍ਰਮਣਭੂਤ ਪ੍ਰਤਿਮਾ – ਮੁਨੀ ਦੀ ਸਾਧਨਾ ਦਾ ਅਭਿਆਸ ਕਰਨਾ।[105]

ਆਖਰੀ ਪ੍ਰਤਿਮਾ ਵਿੱਚ ਸਾਧਕ ਮੁਨੀ ਵਰਗਾ ਆਚਰਨ ਕਰਦਾ ਹੈ ਅਤੇ ਮੁਕਤੀ ਪੱਥ ਦੀ ਸਾਧਨਾ ਵਿੱਚ ਜੁਟ ਜਾਂਦਾ ਹੈ। ਇੱਥੇ ਉਹ ਜੈਨ ਧਰਮ ਦੇ ਮੂਲ ਸਿਧਾਂਤ ਅਹਿੰਸਾ ਦਾ ਪਾਲਣ ਕਰਦਾ ਹੈ। ਸ਼੍ਰਮਣਭੂਤ ਉਸ ਨੂੰ ਇਸ ਲਈ ਆਖਦੇ ਹਨ ਕਿ ਭਾਵੇਂ ਉਹ ਸ਼੍ਰਮਣ ਨਹੀਂ ਪਰ ਉਹ ਸਾਧੂ ਦੀ ਤਰ੍ਹਾਂ ਹੁੰਦਾ ਹੈ। ਜੈਨ ਧਰਮ ਵਿੱਚ ਕਿਸੇ ਵੀ ਪ੍ਰਾਣੀ ਨੂੰ ਦੁੱਖ ਨਾ ਪਹੁੰਚਾਉਣ ਵਾਲਾ ਅਹਿੰਸਾ ਦਾ ਸਿਧਾਂਤ ਸੱਮਿਅਕ ਚਰਿੱਤਰ ਦੇ ਹਰ ਸਿਧਾਂਤ ਨਾਲ ਜੁੜਿਆ ਹੋਇਆ ਹੈ, "ਇਸ ਪ੍ਰਕਾਰ ਮੈਂ ਦੁੱਖ ਨਹੀਂ ਚਾਹੁੰਦਾ ਉਸ ਪ੍ਰਕਾਰ ਸੰਸਾਰ ਦਾ ਕਿਸੇ ਵੀ

ਪ੍ਰਾਣੀ ਨੂੰ ਦੁੱਖ ਪਿਆਰਾ ਨਹੀਂ ਹੈ" ਇਹ ਵਿਚਾਰ ਜੈਨ ਨੀਤੀ ਤੱਤਵ ਦਾ ਕੇਂਦਰੀ ਭਾਗ ਹੈ।

## ਹਰੀ ਭੱਦਰ ਸੂਰੀ ਦਾ ਯੋਗ ਦੇ ਖੇਤਰ ਵਿੱਚ ਯੋਗਦਾਨ

ਯੋਗ ਦੇ ਤੁਲਨਾਤਮਕ ਅਧਿਐਨ ਦੇ ਖੇਤਰ ਵਿੱਚ ਹਰੀ ਭੱਦਰ ਸੂਰੀ ਦਾ ਵੱਡਾ ਮਹੱਤਵਪੂਰਨ ਸਥਾਨ ਹੈ, ਯੋਗ ਦੇ ਵਿਕਾਸ ਵਿੱਚ ਉਹਨਾਂ ਦਾ ਵੱਡਮੁਲਾ ਯੋਗਦਾਨ ਹੈ। ਯੋਗ ਦੇ ਹਵਾਲੇ ਨਾਲ ਉਹਨਾਂ ਅਨੇਕਾਂ ਮੌਲਿਕ ਗ੍ਰੰਥ ਲਿਖੇ ਹਨ ਜਿਵੇਂ ਯੋਗ ਬਿੰਦੂ, ਯੋਗ ਦ੍ਰਿਸ਼ਟੀ ਸਮੁਚੱਯ, ਯੋਗ ਯੋਗਵਿੰਸ਼ਿਕਾ[106] ਅਤੇ ਯੋਗਸ਼ਤਕ। ਇਹ ਸਾਰੇ ਗ੍ਰੰਥ ਜੈਨ ਯੋਗ ਦੇ ਸਿਧਾਂਤ ਦੇ ਹਵਾਲੇ ਨਾਲ ਬਹੁਤ ਉਪਯੋਗੀ ਸੱਮਗਰੀ ਵਾਲੇ ਹਨ। ਮੈਂ ਆਪਣੇ ਨਿਰਦੇਸ਼ਕ ਪ੍ਰੋ: ਲਾਲ ਮਨੀ ਜੋਸ਼ੀ ਦਾ ਬਹੁਤ ਰਿਣੀ ਹਾਂ ਜਿਨ੍ਹਾਂ ਨੇ ਧਰਮ ਦੇ ਤੁਲਨਾਤਮਕ ਅਧਿਐਨ ਦੇ ਹਵਾਲੇ ਨਾਲ ਮੈਨੂੰ ਹਰੀ ਭੱਦਰ ਸੂਰੀ ਦੇ ਇਹਨਾਂ ਗ੍ਰੰਥਾਂ ਦੀ ਜ਼ਰੂਰਤ ਨੂੰ ਸਪੱਸ਼ਟ ਕੀਤਾ ਹੈ।

ਹਰੀ ਭੱਦਰ ਸੂਰੀ ਦੇ ਅਨੁਸਾਰ ਸਾਰੇ ਦੁੱਖਾਂ ਨੂੰ ਖਤਮ ਕਰਨ ਵਾਲੀ ਅਤੇ ਮੁਕਤੀ ਮਾਰਗ ਦੇਣ ਵਾਲੀ ਧਾਰਮਿਕ ਨੈਤਿਕ ਅਤੇ ਅਧਿਆਤਮਕ ਪ੍ਰਵ੍ਰਿਤੀ ਯੋਗ ਅਖਵਾਉਂਦੀ ਹੈ। ਇਹ ਯੋਗ ਪੰਜ ਪ੍ਰਕਾਰ ਦਾ ਹੈ:-

1. ਯੋਗ ਆਸਨ (ਸਥਾਨ), 2. ਸਹੀ ਉਚਾਰਨ (ਊਰਨ), 3. ਅਰਥ ਦਾ ਸਹੀ ਗਿਆਨ (ਅਰਥ), 4. ਤੀਰਥੰਕਰ ਜਾਂ ਦੇਵੀ ਦੀ ਮੂਰਤੀ ਉੱਪਰ ਇਕਾਗਰਤਾ (ਆਲੰਬਨ) ਅਤੇ 5. ਤੀਰਥੰਕਰ ਅਤੇ ਦੇਵ ਦੇ ਅੰਦਰਲੇ ਗੁਣਾਂ ਉੱਪਰ ਮਾਨਸਿਕ ਇਕਾਗਰਤਾ (ਅਣਆਲੰਬਨ)। ਇਹਨਾਂ ਵਿੱਚ ਪਹਿਲੇ ਦੋ ਸਥਾਨ ਅਤੇ ਊਰਨ ਸਰੀਰਕ ਪ੍ਰਵ੍ਰਿਤੀ ਹੈ, ਜਦਕਿ ਆਖਰੀ ਤਿੰਨ ਅਰਥ ਆਲੰਬਨ ਅਤੇ ਅਨਆਲੰਬਨ ਗਿਆਨ ਦੇ ਰਾਹੀਂ ਚਲਾਈਆ ਜਾਣ ਵਾਲੀਆਂ ਅੰਦਰੂਨੀ ਗਤੀਵਿਧੀਆਂ ਹਨ।[107]

ਇਹਨਾਂ ਪੰਜ ਪ੍ਰਕਾਰਾਂ ਦੇ ਪੰਜ ਉਪਭੇਦ ਹਨ - ਇੱਛਾ, ਪ੍ਰਵ੍ਰਿਤੀ, ਸਥਿਰ ਅਤੇ ਸਿੱਧੀਯੋਗ। ਇੱਛਾ ਦਾ ਅਰਥ ਹੈ ਇਹਨਾ ਯੋਗਾਂ ਦੇ ਅਭਿਆਸ ਕਰਨ ਦੀ ਇੱਛਾ, ਪ੍ਰਵ੍ਰਿਤੀ ਵਿੱਚ ਸਹੀ ਅਭਿਆਸ ਹੁੰਦਾ ਹੈ, ਉਸ ਅਭਿਆਸ ਵਿੱਚ ਜਦ ਸਥਿਰਤਾ ਆਉਂਦੀ ਹੈ ਤਾਂ ਉਸ ਨੂੰ ਸਥਿਰ ਯੋਗ ਆਖਦੇ ਹਨ। ਜਦ ਸਾਧਕ

ਇਹਨਾਂ ਤੇ ਪੂਰਨ ਅਧਿਕਾਰ ਕਰ ਲੈਂਦਾ ਹੈ, ਤੱਦ ਉਹ ਸਿੱਧ ਯੋਗ ਅਖਵਾਉਂਦਾ ਹੈ।[108] ਯੋਗ ਦੇ ਅਭਿਆਸ ਦੀ ਪੂਰਨ ਪ੍ਰਾਪਤੀ ਦੇ ਲਈ ਇਹਨਾਂ ਪੰਜ ਅੰਗਾਂ ਦਾ ਯਥਾਰਥ ਢੰਗ ਨਾਲ ਅਭਿਆਸ ਹੋਣਾ ਚਾਹੀਦਾ ਹੈ। ਸ਼ੁਰੂ ਵਿੱਚ ਸਾਧਕ ਨੂੰ ਸਹੀ ਆਸਨ, ਸਹੀ ਉਚਾਰਨ, ਸਹੀ ਅਰਥ ਅਤੇ ਤੀਰਥੰਕਰ ਦੀ ਪ੍ਰਤਿਮਾ ਉੱਪਰ ਸਹੀ ਇਕਾਗਰਤਾ ਕਰਨੀ ਪੈਂਦੀ ਹੈ ਅਤੇ ਅੰਤ ਵਿੱਚ ਮੁਕਤੀ ਨੂੰ ਪ੍ਰਾਪਤ ਤੀਰਥੰਕਰ ਦੇ ਗੁਣਾਂ ਦਾ ਚਿੰਤਨ ਕਰਨਾ ਪੈਂਦਾ ਹੈ।

ਯੋਗ ਦੇ ਸਹੀ ਅਭਿਆਸ ਦੇ ਲਈ ਭਿੰਨ ਭਿੰਨ ਵਿਅਕਤੀਆਂ ਦੇ ਰਾਹੀਂ ਭਿੰਨ ਭਿੰਨ ਉਦੇਸ਼ਾਂ ਤੋਂ ਚਾਰ ਭਾਗਾਂ ਦਾ ਅਨੁਸਰਨ ਕੀਤਾ ਜਾਂਦਾ ਹੈ ਜਾਂ ਪ੍ਰੇਮ ਤੋਂ ਭਗਤੀ ਨਾਲ ਜਾਂ ਆਗਮ ਗਿਆਨ ਨਾਲ ਜਾਂ ਇੱਛਾ ਰਹਿਤ।[109] ਪਹਿਲੇ ਦੋ ਮਾਰਗ ਸੰਸਾਰ ਨੂੰ ਵਧਾਉਂਦੇ ਹਨ ਜਦਕਿ ਅੰਤਮ ਦੋ ਮੁਕਤੀ ਪ੍ਰਾਪਤ ਦੇ ਉਦੇਸ਼ ਵੱਲ ਲੈ ਕੇ ਜਾਂਦੇ ਹਨ।

ਭਿੰਨ ਭਿੰਨ ਧਾਰਮਿਕ ਫਿਰਕਿਆਂ ਦੇ ਅਚਾਰੀਆ ਇਹ ਘੋਸ਼ਣਾ ਕਰਦੇ ਹਨ ਕਿ ਦੁੱਖ ਸੰਸਾਰ ਭਰ ਵਿੱਚ ਫੈਲਿਆ ਹੈ ਆਮ ਹੈ, ਇਹ ਕੋਈ ਵੀ ਵਿਅਕਤੀ ਅਸਵੀਕਾਰ ਨਹੀਂ ਕਰ ਸਕਦਾ ਕਿ ਮਿੱਥਿਆਤਵ ਦਾ ਡੂੰਘੇ ਹਨੇਰੇ ਦਾ ਕਾਰਨ ਜੀਵ ਅੰਨਾਦੀ ਕਾਲ ਤੋਂ ਸੰਸਾਰਿਕ ਹੋਂਦ ਨੂੰ ਪਾਲਿਆ ਹੋਇਆ ਹੈ। ਹਰ ਅਧਿਆਤਮਿਕ ਫਿਰਕੇ ਦਾ ਮੁੱਖ ਉਦੇਸ਼ ਅਵਿਦਿਆ ਤੋਂ ਮੁਕਤ ਹੋਣਾ ਰਿਹਾ ਹੈ। ਹਰੀ ਭੱਦਰ ਸੂਰੀ ਨੇ ਵੀ ਕਿਹਾ ਹੈ ਕਿ ਭਿੰਨ ਭਿੰਨ ਫਿਰਕੇ ਗਲ ਤਾਂ ਉਹੀ ਆਖਦੇ ਹਨ, ਪਰ ਉਹਨਾਂ ਦੀ ਸ਼ੈਲੀ ਜ਼ਰੂਰ ਵੱਖ ਹੁੰਦੀ ਹੈ। ਜੈਨ ਧਰਮ ਅਤੇ ਵੇਦਾਂਤ ਵਿੱਚ ਆਤਮਾ ਨੂੰ ਪੁਰਸ਼ ਕਿਹਾ ਗਿਆ ਹੈ। ਸਾਂਖਯ ਦਰਸ਼ਨ ਵਿੱਚ ਜਿਸ ਨੂੰ ਖੇਤਰ ਵਿੱਤ ਕਿਹਾ ਗਿਆ ਹੈ, ਉਹ ਹੀ ਬੋਧ ਦਰਸ਼ਨ ਵਿੱਚ ਗਿਆਨ ਹੈ। ਵੇਦਾਂਤ ਤੇ ਬੁੱਧ ਧਰਮ ਵਿੱਚ ਬੰਧ ਦਾ ਕਾਰਨ ਅਵਿਦਿਆ ਹੈ, ਸਾਂਖਯ ਦੇ ਅਨੁਸਾਰ ਪ੍ਰਾਕ੍ਰਿਤੀ ਹੈ ਅਤੇ ਜੈਨ ਧਰਮ ਦੇ ਅਨੁਸਾਰ ਕਰਮ ਹੈ। ਇਸ ਪ੍ਰਾਕਰ ਵੇਧਾਂਤ ਅਤੇ ਬੋਧ ਧਰਮ ਵਿੱਚ ਆਤਮਾ ਅਤੇ ਅਨਾਤਮਾ ਦੇ ਵਿੱਚ ਸੰਬੰਧ ਨੂੰ ਭਰਮ ਮੰਨਿਆ ਗਿਆ ਹੈ। ਸਾਂਖਯ ਦਰਸ਼ਨ ਵਿੱਚ ਪ੍ਰਾਕ੍ਰਿਤੀ ਮੰਨਿਆ ਗਿਆ ਹੈ ਅਤੇ ਜੈਨ ਦਰਸ਼ਨ ਵਿੱਚ ਬੰਧ ਕਿਹਾ ਗਿਆ ਹੈ।[110] ਇਸ ਦਾ ਅਰਥ ਇਹ ਹੈ ਕਿ ਭਿੰਨ ਭਿੰਨ ਦਰਸ਼ਨਾਂ ਵਿੱਚ ਕੋਈ ਵਿਸ਼ੇਸ਼ ਮੱਤਭੇਦ ਨਹੀਂ ਹਨ ਸਗੋਂ ਉਹਨਾਂ

ਵਿੱਚ ਏਕਤਾ ਵਿਖਾਈ ਦਿੰਦੀ ਹੈ। ਸਵੈਅਨੁਭੂਤੀ ਪ੍ਰਾਪਤ ਕਰਨ ਦੇ ਲਈ ਯੋਗੀ ਨੂੰ ਭਿੰਨਤਾ ਵਿੱਚ ਏਕਤਾ ਦੀ ਖੋਜ ਕਰਨੀ ਪੈਂਦੀ ਹੈ।

ਹਰੀ ਭੱਦਰ ਸਪੱਸ਼ਟ ਰੂਪ ਵਿੱਚ ਆਖਦੇ ਹਨ ਕਿ ਜੀਵ ਅਜੀਵ ਜਾਂ ਪਰ ਪਦਾਰਥ ਵਿੱਚ ਲਗਾਉ ਦੇ ਕਾਰਨ ਸੰਸਾਰਿਕ ਭਰਮਣ ਕਰਦਾ ਹੈ। ਜਦ ਸਰੀਰ ਉਸ ਦੀ ਲਗਾਉ ਭਾਵ ਨਾਲ ਨਸ਼ਟ ਹੋ ਜਾਂਦੀ ਹੈ ਤਦ ਉਹ ਮੋਕਸ਼ ਦਾ ਅਨੁਭਵ ਕਰਦਾ ਹੈ ਜੋ ਉਸ ਦਾ ਸੁਭਾਅ ਹੈ।[110] ਯੋਗ ਦੇ ਮਾਧਿਅਮ ਰਾਹੀਂ ਉਹ ਅਪਣੇ ਆਪ ਨੂੰ ਪਰ ਪਦਾਰਥ ਤੋਂ ਮੁਕਤ ਕਰਦਾ ਹੈ ਅਤੇ ਅਸਲ ਸਵਰੂਪ ਨੂੰ ਪ੍ਰਗਟ ਕਰਦਾ ਹੈ। ਸਿੱਟੇ ਵਜੋਂ ਯੋਗ ਮੁਕਤੀ ਨਾਲ ਸੰਬੰਧ ਜੋੜਨ ਦਾ ਮੂਲ ਤੱਤਵ ਹੈ ਉਸ ਦੀ ਪ੍ਰਾਪਤੀ ਦਾ ਯੋਗ ਸਾਧਨ ਹੈ, ਇਸ ਤਰ੍ਹਾਂ ਯੋਗ ਅਜਿਹਾ ਸਾਧਨ ਹੈ ਜੋ ਮਹਾਤਮਾ ਨਾਲ ਜੋੜਦਾ ਹੈ।

ਯੋਗ ਦੀ ਵਿਸ਼ੇਸ਼ਤਾ ਦੱਸਦੇ ਹੋਏ, ਹਰੀ ਭੱਦਰ ਨੇ ਕਿਹਾ ਹੈ ਕਿ ਯੋਗ ਇੱਕ ਕਲਪ ਦਰਖਤ ਅਤੇ ਚਿੰਤਾ ਮਨੀ ਰਤਨ ਦੀ ਤਰ੍ਹਾਂ ਹੈ, ਉਹ ਅਧਿਆਤਮਿਕ ਕਾਰਜਾਂ ਵਿੱਚ ਪ੍ਰਧਾਨ ਹੈ ਅਤੇ ਮੁਕਤੀ ਦਾ ਕਾਰਨ ਹੈ। ਯੋਗ ਪੁਨਰ ਜਨਮ ਦੇ ਬੀਜ ਨੂੰ ਨਸ਼ਟ ਕਰਨ ਵਿੱਚ ਅੱਗ ਦੇ ਸਮਾਨ ਹੈ।[111] ਜਿਵੇਂ ਖੋਟਾ ਸੋਨਾ ਅੱਗ ਰਾਹੀਂ ਸ਼ੁੱਧ ਕੀਤਾ ਜਾਂਦਾ ਹੈ ਉਸੇ ਪ੍ਰਕਾਰ ਹੀ ਆਤਮਾ ਦੀ ਅਸ਼ੁੱਧੀ ਯੋਗ ਰੂਪੀ ਅੱਗ ਰਾਹੀਂ ਸ਼ੁੱਧ ਕਰ ਦਿੱਤੀ ਜਾਂਦੀ ਹੈ।[112]

ਹਰੀ ਭੱਦਰ ਯੋਗ ਦੇ ਪੰਜ ਪ੍ਰਕਾਰ ਦੱਸਦੇ ਹਨ। ਅਧਿਆਤਮ, ਭਾਵਨਾ, ਧਿਆਨ, ਸਮਤਾ ਅਤੇ ਵ੍ਰਿਤਿੱਸੰਕਸ਼ਯ।[113] ਅਧਿਆਤਮ ਤੋਂ ਉਹਨਾਂ ਦਾ ਅਰਥ ਹੈ ਪਦਾਰਥ ਦੇ ਸਵਰੂਪ ਨੂੰ ਸਮਝਣਾ ਨੈਤਿਕ ਚਰਿੱਤਰ ਅਤੇ ਆਗਮ ਗਿਆਨ ਦੇ ਆਧਾਰ ਤੇ। ਉਸ ਨਾਲ ਭੈੜੀਆਂ ਵ੍ਰਿਤੀਆਂ ਦਾ ਨਾਸ਼ ਹੋ ਜਾਂਦਾ ਹੈ ਅਤੇ ਚਿੱਤ ਦੀ ਇਕਾਗਰਤਾ (ਇੱਕ ਸੁਰਤਾ) ਵੱਧਦੀ ਹੈ। ਭਾਵਨਾ ਦਾ ਰੋਜ਼ਾਨਾ ਅਭਿਆਸ ਮਨ ਦੀ ਇਕਾਗਰਤਾ ਦੇ ਨਾਲ ਕਰਮ ਤੇ ਮਾੜੀਆਂ ਵ੍ਰਿਤੀਆਂ ਦੂਰ ਹੁੰਦੀਆਂ ਹਨ ਅਤੇ ਮਨ ਕੁਸ਼ਲ ਅਵਸਥਾ ਵੱਲ ਵੱਧਦਾ ਹੈ। ਮਨ ਦੀ ਇਕਾਗਰਤਾ ਨੂੰ ਧਿਆਨ ਆਖਦੇ ਹੋਏ, ਜੋ ਭੌਤਿਕਤਾ ਨਾਲ ਘ੍ਰਿਣਾ ਜਾਂ ਅਨਿੱਛਾ ਜਗਾਉਂਦਾ ਹੈ। ਯੋਗ ਦੀ ਚੌਥੀ ਅਵਸਥਾ ਹੈ ਸਮਤਾ, ਜੋ ਕਰਮ ਦੇ ਸੂਖਮ ਪ੍ਰਕਾਰਾਂ ਨੂੰ ਨਸ਼ਟ ਕਰਦੀ ਹੈ ਅਤੇ ਉਸ ਦੀ ਹੋਂਦ ਨੂੰ ਤੋੜਦੀ ਹੈ। ਅੰਤਮ

ਅਵਸਥਾ ਦਾ ਨਾਂ ਹੈ, ਵ੍ਰਤਿੱਸੰਕਸ਼ਯ। ਜਿਸ ਵਿੱਚ ਸਭ ਪ੍ਰਕਾਰ ਦੇ ਕਰਮਾਂ ਦਾ ਵਿਨਾਸ਼ ਹੋ ਜਾਂਦਾ ਹੈ। ਸਾਰੀਆਂ ਗਤੀਵਿਧੀਆਂ ਸ਼ਾਂਤ ਹੋ ਜਾਂਦੀਆਂ ਹਨ। ਹਮੇਸ਼ਾਂ ਰਹਿਣ ਵਾਲਾ ਮੋਕਸ਼ ਪ੍ਰਾਪਤ ਹੋ ਜਾਂਦਾ ਹੈ।[114]

ਯੋਗ ਨੂੰ ਪ੍ਰਾਪਤ ਕਰਨ ਦੇ ਲਈ ਅਧਿਆਤਮ ਮੁੱਖ ਸਾਧਨ ਹੈ ਬਿਨ੍ਹਾਂ ਕਿਸੇ ਉਮੀਦ ਦੇ ਸੱਮਿਅਕ ਦਰਸ਼ਨ ਦਾ ਪਾਲਣ ਕਰਦੇ ਹੋਏ ਉਹ ਪਦਾਰਥ ਦੇ ਸਵਰੂਪ ਦੀ ਅਨੁਭੂਤੀ ਕਰਵਾਉਂਦਾ ਹੈ। ਉਹ ਅਕੁਸ਼ਲ ਜਾਂ ਅਸ਼ੁਭ ਕਰਮਾਂ ਦਾ ਨਾਸ਼ ਕਰਦਾ ਹੈ। ਜੋ ਮਨੁੱਖ ਅਰਧ ਪੁਦਗਲ ਆਵਰਤ ਦਾ ਅਨੁਭਵ ਕਰਦਾ ਹੈ ਅਤੇ ਜਿਸ ਨੇ ਗ੍ਰੰਥੀ ਦਾ ਭੇਦ (ਅੰਦਰਲੀ ਗੱਠ ਨੂੰ ਖੋਲ੍ਹਣਾ) ਕਰ ਦਿੱਤਾ ਹੈ ਅਤੇ ਜੋ ਚਰਿੱਤਰਵਾਨ ਹੈ, ਉਹ ਅਧਿਆਤਮ ਨੂੰ ਪਾ ਸਕਦਾ ਹੈ।[115] ਉਹ ਜਿਸ ਨੇ ਅਧਿਆਤਮ ਪਾ ਲਿਆ ਹੈ ਸਾਰੀਆਂ ਜਿਉਂਦੀਆਂ ਵਸਤੂਆਂ ਦੇ ਹਵਾਲੇ ਨਾਲ ਮਿੱਤਰਤਾ, ਕਰੁਣਾ (ਰਹਿਮ ਦਿਲੀ) ਮਰਿਦਤਾ (ਮਿਠਾਸ) ਅਤੇ ਉਪੇਕਸ਼ਾ (ਪਰਵਾਹ ਨਾ ਕਰਨਾ) ਦੀ ਭਾਵਨਾ ਕਰਦਾ ਹੈ। ਅਧਿਆਤਮ ਪਦਾਰਥ ਦੇ ਸਵਰੂਪ ਉੱਪਰ ਪੰਜ ਮਹਾਂ ਵਰਤਾਂ ਦੇ ਅਭਿਆਸ ਰਾਹੀਂ ਅਤੇ ਵਿਸ਼ਵ ਮੈਤਰੀ, ਸ਼ੁੱਭ ਪ੍ਰਵ੍ਰਿਤੀਆਂ ਸੰਸਾਰਕ ਦੁਖੀਆਂ ਪ੍ਰਤੀ ਕਰੁਣਾ ਵ੍ਰਿਤੀ ਅਤੇ ਦੁਸ਼ਟਾ ਪ੍ਰਤੀ ਨਿਰਪੱਖ ਵ੍ਰਿਤੀ ਉੱਪਰ ਮਨ ਨੂੰ ਕੇਂਦਰਿਤ ਕਰਦਾ ਹੈ।

## ਯੋਗ ਦ੍ਰਿਸ਼ਟੀ ਸਮੁਚੱਯ

ਮਨੁੱਖ ਦੀ ਪੂਰਨਤਾ ਨੂੰ ਯੋਗ ਦੇ ਰਾਹੀਂ ਅਸੀਂ ਸਮਝ ਲਈਏ ਇਸ ਪ੍ਰਕਾਰ ਹਰੀ ਭੱਦਰ ਨੇ ਆਪਣੇ ਇੱਕ ਹੋਰ ਗ੍ਰੰਥ ਵਿੱਚ ਵਰਣਨ ਕੀਤਾ ਹੈ। ਅਚਾਰੀਆ ਨੇ ਤਿੰਨ ਪ੍ਰਕਾਰ ਦੇ ਯੋਗ ਦੀ ਚਰਚਾ ਕੀਤੀ ਹੈ – ਇੱਛਾ ਯੋਗ, ਸ਼ਾਸਤਰ ਯੋਗ ਅਤੇ ਸਮਰਥ ਯੋਗ। ਆਖਰੀ ਯੋਗ ਸਰਵਉੱਚ ਯੋਗ ਹੈ ਜੋ ਮੁਕਤੀ ਵਿੱਚ ਪ੍ਰਾਰਪਤੀ ਪਰਮ ਸਾਧਕ ਹੁੰਦਾ ਹੈ।[116] ਇਸ ਅੰਤਮ ਯੋਗ ਨੂੰ ਜੋ ਉਹਨਾਂ ਫੇਰ ਦੋ ਭੇਦਾਂ ਵਿੱਚ ਵੰਡਿਆ ਹੈ ਪਹਿਲੇ ਵਿੱਚ ਸਭ ਪ੍ਰਕਾਰ ਦੇ ਕਸ਼ਾਯੋਕਸ਼ਮਿਕ ਧਰਮਾਂ ਨੂੰ ਛੱਡ ਦਿੱਤਾ ਜਾਂਦਾ ਹੈ ਅਤੇ ਦੂਸਰੇ ਨੂੰ ਤਿੰਨ ਯੋਗ ਨੂੰ ਛੱਡ ਦਿੱਤਾ ਜਾਂਦਾ ਹੈ। ਇਹਨਾਂ ਦੋਹਾਂ ਵਿੱਚ ਪਹਿਲਾਂ ਯੋਗ ਅਪੂਰਵ ਕਰਣ ਦਾ ਅਭਿਆਸ ਨੌਵੇਂ ਗੁਣਸਥਾਨ ਵਿੱਚ ਕੀਤਾ ਜਾਂਦਾ ਹੈ। ਜਦਕਿ ਦੂਸਰਾ ਯੋਗ ਆਖਰੀ ਗੁਣਸਥਾਨ

ਵਿੱਚ ਹੁੰਦਾ ਹੈ।[117] ਉਪਰੋਕਤ ਤਿੰਨ ਯੋਗਾਂ ਦੀ ਵਿਆਖਿਆ ਹੀ ਯੋਗ ਦ੍ਰਿਸ਼ਟੀ ਸਮੁਚੱਯ ਵਿੱਚ ਅੱਠ ਯੋਗ ਦ੍ਰਿਸ਼ਟੀਆਂ ਨਾਲ ਕੀਤੀ ਗਈ ਹੈ।[118]

ਇਹ ਅੱਠ ਯੋਗ ਦ੍ਰਿਸ਼ਟੀਆਂ ਹਨ - ਮਿੱਤਰਾ, ਤਾਰਾ, ਬਲਾ, ਦਿਪਰਾ, ਸਿੱਖਿਆ, ਕਾਂਤਾ, ਪ੍ਰਭਾ ਅਤੇ ਪਰਾ। ਇਸ ਦੀ ਤੁਲਨਾ ਸਿਲਸਿਲੇਵਾਰ ਤ੍ਰਿਣ ਅਗਨੀ, ਗੋਮਯ ਅਗਨੀ, ਕਾਠ ਅਗਨੀ, ਦੀਪ ਜਯੋਤੀ, ਰਤਨ ਜਯੋਤੀ, ਨੱਛਤਰ ਜਯੋਤੀ, ਸੂਰਜ ਜਯੋਤੀ ਅਤੇ ਚੰਦਰ ਜਯੋਤੀ ਨਾਲ ਕੀਤੀ ਗਈ ਹੈ।[119] ਪਹਿਲੀਆਂ ਚਾਰੋਂ ਦ੍ਰਿਸ਼ਟੀਆਂ ਹੇਠਲੀ ਸ਼੍ਰੇਣੀ ਦੀਆਂ ਹਨ, ਕਿਉਂਕਿ ਉਹਨਾਂ ਵਿੱਚ ਸੱਮਿਅਕ ਗਿਆਨ ਨਹੀਂ ਹੁੰਦਾ ਪਰ ਆਖਰੀ ਚਾਰ ਦ੍ਰਿਸ਼ਟੀਆਂ ਸੱਚੇ ਗਿਆਨ ਨੂੰ ਉਤਪੰਨ ਕਰਦੀਆਂ ਹਨ ਅਤੇ ਪਹਿਲੀਆਂ ਚਾਰ ਦ੍ਰਿਸ਼ਟੀਆਂ ਤੋਂ ਉੱਚੀਆਂ ਹਨ।[120]

ਇਹਨਾਂ ਅੱਠ ਦ੍ਰਿਸ਼ਟੀਆਂ ਦੀ ਤੁਲਨਾ ਸਿਲਸਿਲੇਵਾਰ ਪੰਤਜਲੀ ਦੇ ਅਸ਼ਟਾਂਗ ਯੋਗ ਨਾਲ ਕੀਤੀ ਜਾ ਸਕਦੀ ਹੈ - ਯਮ, ਨਿਯਮ, ਆਸਨ, ਪ੍ਰਾਨਾਯਾਮ, ਪ੍ਰਤਿਹਾਰ, ਧਾਰਨਾ, ਧਿਆਨ, ਸਮਾਧੀ। ਭਗਵਤ ਦੱਤ ਰਾਹੀਂ ਅੱਠ ਪੌੜੀਆਂ ਦਾ ਇੱਥੇ ਵਰਣਨ ਕੀਤਾ ਜਾ ਸਕਦਾ ਹੈ। ਜਿਸ ਨੂੰ ਮਨ ਦੀਆਂ ਅੱਠ ਵਿਸ਼ੇਸ਼ਤਾਵਾਂ ਨਾਲ ਗਿਣਾਇਆ ਗਿਆ ਹੈ - ਅਦਵੇਸ਼, ਜਿਗਿਆਸ਼ਾ, ਸੁਸ਼ੂਸਾ, ਸ੍ਰਵਨ, ਬੋਧ, ਮੀਮਾਂਸਾ, ਪ੍ਰਤੀਪੱਤੀ ਅਤੇ ਪ੍ਰਵ੍ਰਿਤੀ। ਇੱਕ ਤੀਜੀ ਪ੍ਰਕਾਰ ਭਦੰਤ ਭਾਸਕਰ ਰਾਹੀਂ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਮਨ ਦੇ ਅੱਠ ਵਿਕਾਰਾਂ ਤੋਂ ਮੁਕਤ ਹੋਣ ਲਈ ਕਿਹਾ ਗਿਆ ਹੈ, ਉਹ ਹਨ - ਖੇਦ, ਉਦਵੇਗ, ਕਸ਼ੇਪ, ਉੱਥਾਨ, ਭ੍ਰਾਂਤੀ, ਅਨੇਯੁਦ, ਰਿੱਕ ਅਤੇ ਆਸੰਗ।[121] ਹਰੀ ਭੱਦਰ ਨੇ ਇਹਨਾਂ ਤਿੰਨ ਅੱਠ ਪ੍ਰਕਾਰਾਂ ਵਿੱਚ ਸਮਾਨਤਾ ਵੇਖਦੇ ਹੋਏ ਆਖਦੇ ਹਨ ਕਿ ਉਹਨਾਂ ਦੀਆਂ ਦ੍ਰਿਸ਼ਟੀਆਂ ਉਹਨਾਂ ਦੇ ਅਨੁਸਾਰ ਹੀ ਹਨ।

ਪਹਿਲੀ ਯੋਗ ਦ੍ਰਿਸ਼ਟੀ ਮਿੱਤਰਾ ਹੈ ਜਿਸ ਵਿੱਚ ਆਤਮਾ ਬਹੁਤ ਘੱਟ ਸੱਮਿਅਕ ਗਿਆਨ ਪਾਉਂਦਾ ਹੈ ਅਤੇ ਉਸ ਵਿੱਚ ਯੋਗਬੀਜ ਇੱਕਠੇ ਹੋ ਜਾਂਦੇ ਹਨ ਜੋ ਮੋਕਸ਼ ਦਾ ਕਾਰਨ ਬਣਦੇ ਹਨ। ਉਹ ਆਤਮਾ ਤੀਰਥੰਕਰਾਂ ਦੇ ਪ੍ਰਤੀ ਉੱਚੇ ਦਰਜੇ ਦੀ ਆਦਰ ਭਾਵਨਾ ਰੱਖਦਾ ਹੈ ਅਤੇ ਉਹਨਾਂ ਦੀ ਪੂਜਾ ਕਰਦਾ ਹੈ। ਉਹ ਸਹੀ ਯੋਗੀਆਂ ਦਾ ਸਨਮਾਨ ਵੀ ਕਰਦਾ ਹੈ। ਦੁੱਖੀ ਮਨੁੱਖਾਂ ਪ੍ਰਤੀ ਉਸ ਦੇ

ਮਨ ਵਿੱਚ ਹਮਦਰਦੀ ਹੁੰਦੀ ਹੈ, ਦੂਸਰੇ ਦੇ ਨਾਲ ਉਸ ਦਾ ਕੋਈ ਦੁਸ਼ਮਣੀ ਦਾ ਭਾਵ ਨਹੀਂ ਰਹਿੰਦਾ। ਸਭ ਦੇ ਨਾਲ ਚੰਗਾ ਵਰਤਾਉ ਰਹਿੰਦਾ ਹੈ।[122]

ਦੂਸਰੀ ਦ੍ਰਿਸ਼ਟੀ ਤਾਰਾ ਹੈ ਜਿੱਥੇ ਸੱਮਿਅਕ ਗਿਆਨ ਸਪੱਸ਼ਟ ਜਿਹਾ ਹੁੰਦਾ ਹੈ ਅਤੇ ਕਈ ਨਿਯਮਾਂ ਦਾ ਵਿਧਾਨ ਵੀ ਰਹਿੰਦਾ ਹੈ। ਆਤਮਾ ਦਾ ਝੁਕਾਉ ਯੋਗ ਵੱਲ ਵੱਧ ਜਾਂਦਾ ਹੈ ਅਤੇ ਯਥਾਰਥ (ਸਹੀ) ਯੋਗੀਆਂ ਪ੍ਰਤੀ ਉਸ ਦੇ ਮਨ ਵਿੱਚ ਸਨਮਾਨ ਦਾ ਭਾਵ ਵਿਕਸਤ ਹੁੰਦਾ ਹੈ। ਆਤਮਾ ਇਸ ਦ੍ਰਿਸ਼ਟੀ ਤੋਂ ਹਿੰਸਾਤਮਕ ਗਤੀਵਿੱਧੀਆਂ ਤੋਂ ਦੂਰ ਰਹਿੰਦਾ ਹੈ ਅਤੇ ਅੱਗੇ ਵੱਲ ਵਿਕਾਸ ਕਰਦਾ ਹੈ ਅਤੇ ਅਧਿਆਤਮਕ ਖੇਤਰ ਵਿੱਚ ਵਿਕਾਸਸ਼ੀਲ ਵਿਅਕਤੀਆਂ ਦੇ ਨਾਲ ਸੰਬੰਧ ਸਥਾਪਤ ਕਰਦਾ ਹੈ। ਉਹ ਸੰਸਾਰਕ ਦੁੱਖਾਂ ਦੀ ਅਨੁਭੂਤੀ ਕਰਦਾ ਹੈ ਅਤੇ ਉਸ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰਦਾ ਹੈ।[123]

ਤੀਜੀ ਦ੍ਰਿਸ਼ਟੀ ਬਲਾ - ਸੱਮਿਅਕ ਆਸਨ ਵਿੱਚ ਦ੍ਰਿੜ ਗਿਆਨ ਨੂੰ ਉਜਾਗਰ ਕਰਦੀ ਹੈ। ਇੱਥੇ ਸੱਚੇ ਗਿਆਨ ਦੀ ਪ੍ਰਾਪਤੀ ਦੇ ਲਈ ਕੋਈ ਡੂੰਘੀ ਜਾਣਨ ਦੀ ਇੱਛਾ ਨਹੀਂ ਰਹਿੰਦੀ। ਬੁਰੇ ਵਿਚਾਰ ਮਨ ਤੋਂ ਚਲੇ ਜਾਂਦੇ ਹਨ ਅਤੇ ਸਰਲਤਾ ਨਾਲ ਸੁੱਖ ਆਸਨ ਪ੍ਰਾਪਤ ਕਰ ਲਏ ਜਾਂਦੇ ਹਨ।[124]

ਚੌਥੀ ਦ੍ਰਿਸ਼ਟੀ ਦੀਪਰਾ ਵਿੱਚ ਸਾਧਕ ਸਾਹ ਉੱਤੇ ਸੰਜਮ ਕਰਦਾ ਹੈ ਅਤੇ ਸਿਧਾਂਤਕ ਪ੍ਰਵਚਨ ਸੁਣਦਾ ਹੈ ਪਰ ਸੂਖਮ ਗਿਆਨ ਨਹੀਂ ਪਾ ਸਕਦਾ। ਧਰਮ ਨੂੰ ਜੀਵਨ ਤੋਂ ਵੀ ਜ਼ਿਆਦਾ ਉਪਯੋਗੀ ਮੰਨਣ ਲੱਗਦਾ ਹੈ ਅਤੇ ਉਹ ਧਰਮ ਦੇ ਲਈ ਆਪਣੇ ਜੀਵਨ ਨੂੰ ਤਿਆਗਨ ਦੇ ਲਈ ਉਤਸੁਕ ਰਹਿੰਦਾ ਹੈ।[125]

ਇਹ ਚਾਰ ਯੋਗ ਦ੍ਰਿਸ਼ਟੀਆਂ ਉਹਨਾਂ ਵਿਅਕਤੀਆਂ ਦੇ ਰਾਹੀਂ ਵਿਕਸਤ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਸੱਚ ਦਾ ਗਿਆਨ ਨਹੀਂ ਹੁੰਦਾ (ਅਵੇਦਯ ਸੰਵੇਦਯ ਪਦ)।[126] ਅੰਤਮ ਚਾਰ ਦ੍ਰਿਸ਼ਟੀਆਂ ਹੀ ਅਜਿਹੀਆਂ ਹਨ ਜਿਨ੍ਹਾਂ ਵਿੱਚ ਸੱਚ ਦਾ ਸਹੀ ਗਿਆਨ ਹੁੰਦਾ ਹੈ (ਵੇਦਯ ਸੰਵੇਦਯ ਪਦ), ਸੱਚੇ ਗਿਆਨ ਦੀ ਪ੍ਰਾਪਤੀ ਤੱਤਵ ਦੇ ਜਾਨੂਆਂ ਅਤੇ ਆਗਮ ਗਿਆਨ ਤੋਂ ਹੁੰਦੀ ਹੈ।[127] ਮਨੁੱਖ ਦੇ ਲਈ ਆਪਣੇ ਗਿਆਨ ਨੂੰ ਤਿੰਨ ਪ੍ਰਕਾਰ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ - ਆਗਮ ਦੇ ਰਾਹੀਂ, ਤਰਕ ਦੇ ਰਾਹੀਂ ਅਤੇ ਸਰਵਉੱਚ ਸੱਚ ਦੀ ਅਨੁਭੂਤੀ ਲਈ ਯੋਗ ਦੇ ਲਗਾਤਾਰ ਅਭਿਆਸ ਦੇ ਰਾਹੀਂ।[128]

ਪੰਜਵੀਂ ਅਵਸਥਾ ਸਿਥਰਾ ਅਖਵਾਉਂਦੀ ਹੈ ਇਸ ਵਿੱਚ ਆਤਮਾ ਲਗਾਤਾਰ ਸੱਚ ਨਾਲ ਜੁੜੀ ਰਹਿੰਦੀ ਹੈ। ਉਸ ਦਾ ਹਰ ਕੰਮ ਸੱਮਿਅਕ ਗਿਆਨ ਪੂਰਵਕ ਹੁੰਦਾ ਹੈ ਅਤੇ ਉਹ ਸੰਸਾਰਕ ਪਦਾਰਥਾਂ ਨੂੰ ਸੁਪਨ, ਮ੍ਰਿਗਤ੍ਰਿਸ਼ਨਾ, ਇੰਦਰਜਾਲ ਆਦਿ ਜਿਹਾ ਧੋਖਾ ਮੰਨਦਾ ਹੈ। ਸੰਸਾਰ ਉਸ ਨੂੰ ਬੇਅਰਥ ਲੱਗਣ ਲੱਗਦਾ ਹੈ ਅਤੇ ਸਿੱਟੇ ਵਜੋਂ ਆਤਮਾ ਸੂਖਮ ਚਿੰਤਨ ਅਤੇ ਸਹੀ ਚਰਿੱਤਰ ਪਾਲਣ ਕਰਨ ਦੇ ਯੋਗ ਹੋ ਜਾਂਦੀ ਹੈ।[129]

ਛੇਵੀਂ ਅਵਸਥਾ ਕਾਂਤਾ ਵਿੱਚ ਆਤਮਾ ਧਾਰਮਿਕ ਤੱਤਵਾਂ ਦੇ ਪ੍ਰਤੀ ਆਗਮ ਗਿਆਨ ਦੇ ਆਧਾਰ ਤੇ ਖਿੱਚਿਆ ਜਾਂਦਾ ਹੈ, ਅਤੇ ਸੰਸਾਰਿਕ ਆਨੰਦ ਦੇ ਪ੍ਰਤੀ ਉਸ ਦੇ ਮਨ ਵਿੱਚ ਕੋਈ ਲਗਾਉ ਨਹੀਂ ਰਹਿੰਦਾ। ਇਹ ਅਵਸਥਾ ਸਹੀ ਅਰਥਾਂ ਵਿੱਚ ਪਰਿਣਾਮ ਵਾਲੀ ਹੈ – ਜਿਸ ਵਿੱਚ ਪਦਾਰਥ ਦੀ ਪ੍ਰਾਕ੍ਰਿਤੀ ਦੇ ਫਰਕ ਵਿੱਚ ਝਾਂਕਣ ਦੀ ਪ੍ਰਕ੍ਰਿਆ ਸ਼ੁਰੂ ਹੋ ਜਾਂਦੀ ਹੈ।[130]

ਸੱਤਵੀਂ ਅਵਸਥਾ ਪ੍ਰਭਾ ਵਿੱਚ ਆਤਮਾ ਇਕਾਗਰਤਾ ਦੀ ਸ਼ਕਤੀ ਦਾ ਵਿਕਾਸ ਕਰ ਲੈਂਦਾ ਹੈ ਅਤੇ ਸਮਾਧੀ ਵਾਲੇ ਆਨੰਦ ਦੀ ਵਰਤੋਂ ਵਾਲਾ ਬਣ ਜਾਂਦਾ ਹੈ। ਹਰੀ ਭੱਦਰ ਦਾ ਕਥਨ ਹੈ ਕਿ ਇਸ ਅਵਸਥਾ ਵਿੱਚ ਭਿੰਨ ਭਿੰਨ ਫਿਰਕਿਆਂ ਵਿੱਚ ਭਿੰਨ ਭਿੰਨ ਸ਼ਬਦ ਦਿੱਤੇ ਗਏ ਹਨ ਉਦਾਹਰਣ ਵਜੋਂ ਸ਼ਾਂਖਿਆ ਦਰਸ਼ਨ ਵਿੱਚ ਇਸ ਨੂੰ ਪ੍ਰਸ਼ਾਂਤ ਵਾਹਿਤਾ, ਬੋਧ ਦਰਸ਼ਨ ਵਿੱਚ ਵਿਸੰਭਾਗਪਰਿਕਸ਼ਯ, ਸੈਵਦਰਸ਼ਨ ਵਿੱਚ ਸ਼ਿਵਾਤਮਨ ਅਤੇ ਮਹਾਂਵ੍ਰਤੀਆਂ ਦੁਆਰਾ ਇਸ ਨੂੰ ਧਰੂਵਾਦਿਅਮ ਆਖਿਆ ਗਿਆ ਹੈ।[131]

ਆਖਰੀ ਅਵਸਥਾ ਪਰਾ ਹੈ – ਜਿੱਥੇ ਆਤਮਾ ਸੰਸਾਰਿਕ ਵਾਸਨਾਵਾਂ ਤੋਂ ਪੂਰਨ ਮੁਕਤ ਹੋ ਜਾਂਦਾ ਹੈ। ਉਹ ਯੋਗ ਦੀ ਸਰਵਉੱਚ ਅਵਸਥਾ ਸਮਾਧੀ ਨੂੰ ਪ੍ਰਾਪਤ ਕਰ ਲੈਂਦਾ ਹੈ।[132] ਜਦ ਆਤਮਾ ਅਧਿਆਤਮ ਦੋਸ਼ਾਂ ਤੋਂ ਮੁਕਤ ਹੋ ਜਾਂਦਾ ਹੈ, ਸਰਵੱਗਤਾ ਪ੍ਰਾਪਤ ਕਰ ਲੈਂਦਾ ਹੈ, ਦੂਸਰਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਲਾਭ ਦੇਣ ਲੱਗਦਾ ਹੈ ਅਤੇ ਯੋਗ ਦੀ ਸਰਵਉੱਚ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਤੱਦ ਆਤਮਾ ਮਾਨਸਿਕ, ਵਾਚਿਕ ਅਤੇ ਕਾਇਕ ਯੋਗਾਂ ਤੋਂ ਦੂਰ ਹੋ ਜਾਂਦਾ ਹੈ ਅਤੇ ਪਰਮ ਵੀਤਰਾਗ ਅਵਸਥਾ ਰੂਪੀ ਮੋਕਸ਼ ਨੂੰ ਪ੍ਰਾਪਤ ਕਰ ਲੈਂਦਾ ਹੈ।[133]

ਹਰੀ ਭੱਦਰ ਸੂਰੀ ਨੇ ਸਰਵੱਗਤਾ ਅਤੇ ਮੋਕਸ਼ ਦੇ ਹਵਾਲੇ ਵਿੱਚ ਸਾਰੇ ਟਕਰਾਉ ਵਾਲੇ ਵਿਚਾਰਾਂ ਨੂੰ ਫਿਰਕਿਆਂ ਦੇ ਵਿਚਾਰ ਭਿੰਨਤਾ ਨੂੰ ਸਾਹਮਣੇ ਰੱਖਦੇ ਹੋਏ ਉਹਨਾਂ ਦਾ ਸਮਾਧਾਨ ਕੀਤਾ। ਉਹਨਾਂ ਅੰਤ ਵਿੱਚ ਇਹ ਘੋਸ਼ਣਾ ਕੀਤੀ ਕਿ ਆਖਰੀ ਸੱਚ ਤਾਂ ਇੱਕ ਹੀ ਹੈ, ਉਹ ਵੱਖ ਵੱਖ ਨਹੀਂ ਹੋ ਸਕਦਾ, ਕਿਉਂਕਿ ਅਲਗ ਅਲਗ ਸਰਵੱਗ ਪਦਾਰਥਾਂ ਨੂੰ ਅਲਗ ਅਲਗ ਨਹੀਂ ਜਾਣ ਸਕਦੇ। ਉਹ ਤਾਂ ਮੋਹ ਵਾਲੇ ਵਿਅਕਤੀ ਦਾ ਸਿਧਾਂਤ ਹੈ – ਜੋ ਕਿਸੇ ਵਿਸ਼ੇਸ਼ ਹਵਾਲੇ ਵਿੱਚ ਉਹਨਾਂ ਪਦਾਰਥਾਂ ਨੂੰ ਵੇਖਦਾ ਹੈ। ਅੱਗੇ ਉਹ ਆਖਦੇ ਹਨ ਜੋ ਵੀ ਸਰਵੱਗ ਹਨ, ਉਹਨਾਂ ਨੂੰ ਜ਼ਰੂਰੀ ਰੂਪ ਨਾਲ ਸਭ ਪਾਸੇ ਰਹਿਣਾ ਚਾਹੀਦਾ ਹੈ। ਇਹ ਵੀ ਜ਼ਰੂਰੀ ਹੈ ਕਿ ਜੋ ਸਰਵੱਗ ਦੀ ਹੋਂਦ ਨੂੰ ਮੰਨਦੇ ਹਨ ਉਹਨਾਂ ਨੂੰ ਸਾਰੇ ਸਰਵੱਗਾਂ ਦਾ ਸਨਮਾਨ ਜ਼ਾਹਰ ਕਰਨਾ ਚਾਹੀਦਾ ਹੈ।[134]

ਮੁਕਤੀ ਦਾ ਸਵਰੂਪ ਅੱਤਇੰਦਰੀ (ਇੰਦਰੀਆਂ ਦੀ ਪਕੜ ਤੋਂ ਪਰੇ) ਹੋਣ ਕਾਰਨ ਇੱਕ ਆਮ ਮਨੁੱਖ ਦੁਆਰਾ ਜਾਣਿਆ ਨਹੀਂ ਜਾ ਸਕਦਾ। ਪਰ ਇਹ ਯੋਗ ਦੀ ਸਰਵਉੱਚ ਸ਼ਕਤੀ ਦੁਆਰਾ ਜ਼ਰੂਰ ਜਾਣਿਆ ਜਾ ਸਕਦਾ ਹੈ। ਸੱਚ ਦੇ ਉਦੈ ਹੋ ਜਾਣ ਤੇ ਕੋਈ ਝਗੜਾ ਨਹੀਂ ਬੱਚਦਾ ਫਰਕ ਸਿਰਫ ਪਰਿਭਾਸ਼ਤ ਸ਼ਬਦਾਵਲੀ ਵਿੱਚ ਹੁੰਦਾ ਹੈ ਉਸ ਦੇ ਤੱਤਵ ਵਿੱਚ ਨਹੀਂ। ਸਰਵਉੱਚ ਸੱਚ ਦੀ ਅਨੁਭੂਤੀ ਅਤੇ ਸੰਸਾਰਕ ਦੁੱਖਾਂ ਤੋਂ ਮੁਕਤੀ ਹੀ ਨਿਰਵਾਨ ਹੈ। ਤੱਤਵਾਂ ਦਾ ਸ਼ਬਦ ਭੇਦ ਹੋ ਸਕਦਾ ਹੈ, ਪਰ ਉਹ ਹੈ ਇੱਕ ਹੀ।[135] ਹਰੀ ਭੱਦਰ ਆਖਦੇ ਹਨ ਕਿ ਨਿਰਵਾਨ ਨੂੰ ਹੀ ਸਦਾ ਸ਼ਿਵ, ਪਰਮ ਬ੍ਰਹਮਾ, ਸਿੱਧ ਆਤਮਾ ਅਤੇ ਤਥਾਗਤ ਆਦਿ ਆਖਦੇ ਹਨ ਭਿੰਨ ਭਿੰਨ ਫਿਰਕਿਆਂ ਵਿੱਚ।[136] ਇਸ ਤੋਂ ਸਪੱਸ਼ਟ ਹੈ ਕਿ ਨਿਰਵਾਨ ਦੇ ਪਰਿਆਏਵਾਚੀ ਸ਼ਬਦ ਅਨੇਕਾਂ ਹਨ ਪਰ ਉਹਨਾਂ ਦਾ ਅਰਥ ਇੱਕ ਹੀ ਹੈ। ਇੱਥੋਂ ਤੱਕ ਕਿ ਉਹਨਾਂ ਦੀ ਉਤਪਤੀ ਵੀ ਇੱਕ ਜਿਹੀ ਹੀ ਹੈ, ਉਹਨਾਂ ਅਨੁਸਾਰ ਸਾਰੇ ਫਿਰਕੇ ਇਹ ਮੰਨਦੇ ਹਨ ਕਿ ਆਤਮਾ ਦੀ ਸਰਵਉੱਚ ਸੱਤਾ ਦੁੱਖ, ਰੋਗ, ਇੱਛਾ, ਕਾਰਜ, ਪੁਨਰ ਜਨਮ ਆਦਿ ਤੋਂ ਮੁਕਤ ਰਹਿੰਦੀ ਹੈ।[137]

ਹਰੀ ਭੱਦਰ ਨੇ ਆਪਣਾ ਮਤ ਦੱਸਦੇ ਹੋਏ ਸਰਵਉੱਚ ਸੱਚ ਜਾਂ ਨਿਰਵਾਨ ਦੀ ਅਨੁਭੂਤੀ ਇੱਕ ਸਮਾਨ ਹੁੰਦੇ ਹੋਏ ਵੀ ਭਿੰਨ ਭਿੰਨ ਫਿਰਕਿਆਂ ਵਿੱਚ ਫਰਕ

ਕਿਉਂ ਹੈ ਇਸ ਦਾ ਕਾਰਨ ਦੱਸਿਆ ਹੈ। ਮੁਕਤ ਮਹਾਂ ਪੁਰਸ਼ਾਂ ਨੇ ਅਧਿਆਤਮਕ ਅਣੁਸ਼ੀਲਨ ਦੀ ਜ਼ਰੂਰਤ ਅਨੁਸਾਰ ਸੱਚ ਦਾ ਪ੍ਰਗਟਾਵਾ ਕੀਤਾ ਹੈ। ਉਹਨਾ ਦੀਆਂ ਸਿੱਖਿਆਵਾਂ ਚੇਲਿਆਂ ਦੀਆਂ ਕਿਸਮਾਂ ਤੇ ਅਧਾਰਤ ਹੋਣ ਤੇ ਭਿੰਨ ਭਿੰਨ ਪ੍ਰਕਾਰ ਦੀਆਂ ਹਨ। ਦੂਸਰੇ ਸ਼ਬਦਾਂ ਵਿੱਚ ਅਸੀਂ ਇਹ ਆਖ ਸਕਦੇ ਹਾਂ ਕਿ ਉਹਨਾਂ ਦਾ ਉਪਦੇਸ਼ ਮੂਲ ਵਿੱਚ ਤਾਂ ਇੱਕ ਸੀ, ਪਰ ਸੁਣਨ ਵਾਲਿਆਂ ਦੇ ਭੇਦ ਤੋਂ ਭਿੰਨ ਭਿੰਨ ਹੋ ਗਿਆ ਕਿਉਂਕਿ ਉਹਨਾਂ ਦੇ ਪਿਛਲੇ ਜਨਮ ਦੇ ਕਰਮਾਂ ਤੇ ਨਿਰਭਰ ਕਰਦਾ ਹੈ।[138] ਮਹਾਂ ਰਿਸ਼ੀਆਂ ਦੀ ਸਿੱਖਿਆ ਵਿੱਚ ਭੇਦ ਹੋਣ ਦਾ ਮੂਲ ਕਾਰਨ ਦ੍ਰਿਸ਼ਟੀ ਭੇਦ ਜਾਂ ਸਮਾਂ ਭੇਦ ਜਾਂ ਨਿਯੋਗ ਭੇਦ ਸੀ।[139] ਇਸ ਲਈ ਗਿਆਨੀਆਂ ਦੀਆਂ ਸਿੱਖਿਆਵਾਂ, ਉਸ ਦੇ ਹਵਾਲੇ, ਅਰਥ ਅਤੇ ਉਦੇਸ਼ ਅਨੁਸਾਰ ਸਮਝਣੀਆਂ ਚਾਹੀਦੀਆਂ ਹਨ। ਸਿਰਫ ਤਰਕ ਨਾਲ ਸ਼ਬਦਾਂ ਦਾ ਸਹੀ ਅਰਥ ਨਹੀਂ ਜਾਣਿਆ ਜਾਂਦਾ। ਉਸ ਦੇ ਭਾਸ਼ਾਤਮਕ ਸੰਬੰਧ ਅਤੇ ਅਰਥ ਅਤੇ ਉਦੇਸ਼ ਅਗਿਆਤ ਬਣੇ ਰਹਿੰਦੇ ਹਨ। ਇਸ ਲਈ ਸਾਧਕ ਨੂੰ ਅਧਿਆਤਮ ਦੀ ਦ੍ਰਿਸ਼ਟੀ ਵਿੱਚ ਵਿਸ਼ਵਾਸ ਰੱਖਣਾ ਚਾਹੀਦਾ ਹੈ।

ਹਰੀ ਭੱਦਰ ਚਾਰ ਪ੍ਰਕਾਰ ਦੇ ਯੋਗੀਆਂ ਦਾ ਵਰਨਣ ਕਰਦੇ ਹਨ - ਗੋਤਰ ਯੋਗੀ, ਕੁਲ ਯੋਗੀ, ਪ੍ਰਵ੍ਰਤ ਚੱਕਰ ਯੋਗੀ ਅਤੇ ਸਿੱਧ ਯੋਗੀ। ਪਹਿਲੇ ਪ੍ਰਕਾਰ ਦੇ ਯੋਗੀ ਕੁਲਾਂ ਵਿੱਚ ਉਤਪੰਨ ਹੋਣ ਵਾਲੇ ਹਨ, ਉਹ ਨਾਂ ਮਾਤਰ ਦੇ ਯੋਗੀ ਹਨ ਜਦਕਿ ਕੁਲ ਯੋਗੀ ਅਤੇ ਪ੍ਰਵ੍ਰਤ ਯੋਗੀ ਵਿੱਚ ਕੁਝ ਵਿਸ਼ੇਸ਼ ਗੁਣ ਹੁੰਦੇ ਹਨ ਅਤੇ ਉਹ ਯੋਗ ਅਭਿਆਸ ਵੀ ਪ੍ਰਾਪਤ ਕਰ ਸਕਦੇ ਹਨ ਅਤੇ ਨਿਰਵਾਨ ਪ੍ਰਾਪਤ ਕਰ ਸਕਦੇ ਹਨ। ਸਿੱਧ ਯੋਗੀ ਉਹ ਹਨ ਜਿਨ੍ਹਾਂ ਨਿਰਵਾਨ ਪ੍ਰਾਪਤ ਕਰ ਲਿਆ ਹੈ।[140]

## ਯੋਗਸ਼ਤਕ

ਹਰੀ ਭੱਦਰ ਸੂਰੀ ਦਾ ਯੋਗ ਦੇ ਹਵਾਲੇ ਵਿੱਚ ਮੁੱਖ ਉਦੇਸ਼ ਹੈ ਸਰਵਉੱਚ ਸੱਚ ਦੀ ਅਨੁਭੂਤੀ। ਇਸ ਲਈ ਉਹਨਾਂ ਨੇ ਯੋਗ ਨੂੰ ਦੋ ਪ੍ਰਕਾਰ ਨਾਲ ਸਮਝਾਇਆ ਹੈ, ਨਿਸ਼ਚੈਨਯ ਅਤੇ ਵਿਵਹਾਰਨਯ ਤੋਂ। ਨਿਸ਼ਚੈਨਯ ਦੇ ਅਨੁਸਾਰ ਆਤਮਾ ਵਿੱਚ ਸੱਮਿਅਕ ਦਰਸ਼ਨ, ਸੱਮਿਅਕ ਗਿਆਨ ਅਤੇ ਸੱਮਿਅਕ ਚਰਿੱਤਰ ਜਦੋਂ ਇੱਕੋ ਸਮੇਂ ਆਉਂਦੇ ਹਨ ਤਾਂ ਉਹ ਨਿਸ਼ਚੈ ਯੋਗ ਹੈ। ਕਿਉਂਕਿ

ਇਹ ਤਿੰਨੋਂ ਮਿਲਕੇ ਆਤਮਾ ਨੂੰ ਮੋਕਸ਼ ਦੀ ਪ੍ਰਾਪਤੀ ਕਰਵਾਉਂਦੇ ਹਨ।[141] ਜੋ ਤੱਤਵ ਰਤਨ ਤਰੈ ਨੂੰ ਉਸ ਦੇ ਅੰਤਮ ਵਿਕਾਸ ਤੱਕ ਲੈ ਜਾਂਦਾ ਹੈ ਉਹ ਵਿਵਹਾਰ ਯੋਗ ਹੈ ਇਸਦੇ ਅੰਦਰ ਯੋਗੀਆਂ ਦੇ ਪ੍ਰਤੀਆਦਰ, ਆਗਮ ਗਿਆਨ ਦੀ ਇੱਛਾ ਅਤੇ ਸੱਚੇ ਚਰਿੱਤਰ ਦਾ ਆਚਰਨ ਆਦਿ ਆਉਂਦਾ ਹੈ।[142] ਇੱਥੇ ਸੱਮਿਅਕ ਗਿਆਨ ਦਾ ਅਰਥ ਹੈ ਵਸਤੂ ਤੱਤਵ ਦੀ ਪ੍ਰਕ੍ਰਿਤੀ ਨੂੰ ਸਹੀ ਰੂਪ ਵਿੱਚ ਸਮਝਣਾ। ਸੱਮਿਅਕ ਦਰਸ਼ਨ ਦਾ ਅਰਥ ਹੈ ਉਸੇ ਰਾਹ ਸੱਚ ਅਤੇ ਅੰਤਮ ਵਿਸ਼ਵਾਸ ਅਤੇ ਸੱਮਿਅਕ ਚਰਿੱਤਰ ਦਾ ਅਰਥ ਹੈ, ਸਹੀ ਆਚਰਨ ਜੋ ਸੱਮਿਅਕ ਦਰਸ਼ਨ ਅਤੇ ਸੱਮਿਅਕ ਗਿਆਨ ਵਾਲਾ ਹੋਵੇ। ਇਹ ਤਿੰਨੇ ਤੱਤਵ ਯੋਗ ਦੀ ਰਚਨਾ ਕਰਦੇ ਹਨ।[143]

ਹਰ ਸਾਧਕ ਦੇ ਲਈ ਇਹ ਜ਼ਰੂਰੀ ਹੈ ਕਿ ਨਿਰਵਾਨ ਪ੍ਰਾਪਤ ਕਰਨ ਲਈ ਉਸ ਨੂੰ ਮਨ ਵਚਨ ਅਤੇ ਕਾਇਆ ਦੀ ਸ਼ੁੱਧੀ ਦੇ ਆਧਾਰ ਤੇ ਅਧਿਆਤਮਿਕ ਅਨੁਸ਼ਾਸਨ ਦਾ ਪਾਲਣ ਕਰਨਾ ਪੈਂਦਾ ਹੈ। ਉਸ ਨੂੰ ਅਜਿਹੇ ਸਾਧਕਾਂ ਦੇ ਵਿੱਚ ਰਹਿਣਾ ਚਾਹੀਦਾ ਹੈ ਜੋ ਅਧਿਆਤਮ ਦੀ ਦ੍ਰਿਸ਼ਟੀ ਤੋਂ ਵਿਸ਼ੁੱਧ ਹੋਣ ਅਤੇ ਜਿਨ੍ਹਾਂ ਵਿੱਚ ਉਹਨਾਂ ਦੇ ਕ੍ਰੋਧ, ਲਗਾਉ ਅਤੇ ਅੰਦਰਲੇ ਵਿਕਾਰਾਂ ਨੂੰ ਤੱਪ, ਆਗਮ ਗਿਆਨ, ਗੁਰੂ ਭਗਤੀ ਆਦਿ ਦੇ ਰਾਹੀਂ ਦੂਰ ਕਰਨ ਦੀ ਸ਼ਕਤੀ ਹੋਵੇ। ਯੋਗ ਦੇ ਇਹ ਸਾਧਨ ਨਿਰਵਾਨ ਪ੍ਰਾਪਤੀ ਦਾ ਸਾਧਨ ਬਣਦੇ ਹਨ।

## ਮੁਕਤੀ ਦਾ ਅਰਥ ਅਤੇ ਸਵਰੂਪ

ਮੋਕਸ਼ ਸ਼ਬਦ ਸੰਸਕ੍ਰਿਤ ਦੀ 'ਮੁਚ' ਧਾਤੂ ਤੋਂ ਉਤਪੰਨ ਹੋਇਆ ਹੈ, ਜਿਸ ਦਾ ਸ਼ਬਦਿਕ ਅਰਥ ਹੈ ਮੁਕਤ ਕਰਨਾ, ਅਜ਼ਾਦ ਕਰਨਾ, ਛੱਡ ਦੇਣਾ ਅਤੇ ਢਿੱਲਾ ਕਰ ਦੇਣਾ, ਇਸ ਲਈ ਮੋਕਸ ਦਾ ਅਰਥ ਹੈ ਮੁਕਤੀ, ਅਜ਼ਾਦੀ ਅਤੇ ਨਿਵ੍ਰਤੀ।[144] ਇਹ ਇੱਕ ਧਾਰਮਿਕ ਸਿਧਾਂਤ ਹੈ ਜਿਸਦਾ ਅਰਥ ਹੈ ਸੰਸਾਰ ਤੋਂ ਨਿਵ੍ਰਤੀ ਅਤੇ ਅਧਿਆਤਮਕ ਮੁਕਤੀ। ਇੱਥੇ ਇੱਕ ਤੱਤਵ ਸਿਧਾਂਤ ਵੀ ਹੈ ਜੋ ਅੰਤਮ ਸਰਵਉੱਚ ਸ਼ਾਂਤੀ ਅਤੇ ਪਰਮ ਆਨੰਦ ਦੀ ਅਵਸਥਾ ਨੂੰ ਜ਼ਾਹਰ ਕਰਦਾ ਹੈ। ਭਾਰਤੀ ਪਵਿੱਤਰ ਸਾਹਿਤ ਵਿੱਚ ਮੋਕਸ਼ ਦੇ ਲਈ ਅਨੇਕਾਂ ਸਮਾਨ ਅਰਥੀ ਸ਼ਬਦਾਂ ਦਾ ਪ੍ਰਯੋਗ ਹੁੰਦਾ ਹੈ। ਉਦਾਹਰਨ ਲਈ ਮੁਕਤੀ, ਸਿਧੀ, ਨਿਰਵਾਨ, ਅਮ੍ਰਤ ਤੱਤਵ, ਬੋਧੀ, ਵਿਮੁਕਤੀ, ਵਿਸ਼ੁੱਧੀ, ਕੇਵਲਯ ਆਦਿ। ਮੋਕਸ਼ ਦਾ

ਅਰਥ ਹੈ; ਅਧਿਆਤਮਿਕ ਪਰੀਪੂਰਨਤਾ, ਅੰਤਮ ਉਦੇਸ਼ ਦੀ ਪ੍ਰਾਪਤੀ ਅਤੇ ਦੁੱਖਾਂ ਦੀ ਸਮਾਪਤੀ। ਜੋ ਮੋਕਸ਼ ਪ੍ਰਾਪਤ ਕਰ ਲੈਂਦਾ ਹੈ, ਉਹ ਸੰਸਾਰ ਵਿੱਚ ਦੁਬਾਰਾ ਨਹੀਂ ਆਉਂਦਾ, ਨਾਲ ਹੀ ਉਹ ਸ਼ੁਭ ਅਤੇ ਅਸ਼ੁਭ ਤੋਂ ਉੱਪਰ ਉੱਠ ਜਾਂਦਾ ਹੈ ਅਤੇ ਹਮੇਸ਼ਾ ਸ਼ਾਸਵਤ ਸ਼ਾਂਤੀ ਦਾ ਆਨੰਦ ਮਾਣਦਾ ਹੈ।

ਨਿਰਵਾਨ ਅਤੇ ਮੋਕਸ਼ ਦੋਹੇਂ ਸ਼ਬਦ ਸਮਾਨ ਅਰਥ ਹਨ, ਨਿਰਵਾਨ ਦਾ ਅਰਥ ਹੈ ਕਲੇਸ਼ਾਂ ਅਤੇ ਤ੍ਰਿਸ਼ਨਾ ਦੀ ਸਮਾਪਤੀ, ਇਸ ਦਾ ਸੰਬੰਧ ਅਵਿਨਸ਼ਵਰ ਅਤੇ ਸਭ ਤੋਂ ਉੱਚੀ ਅਜ਼ਾਦੀ ਦੀ ਪ੍ਰਾਪਤੀ ਦੇ ਲਈ ਹੈ। ਮੋਨਿਅਰ ਵਿਲਿਅਮ ਨਿਰਵਾਨ ਸ਼ਬਦ ਦੀ ਵਿਆਖਿਆ ਕਰਦੇ ਹੋਏ ਇਸ ਦਾ ਅਰਥ ਕਰਦੇ ਹਨ: ਅੰਤਗਤ, ਸ਼ਾਂਤ, ਦ੍ਰਿਸ਼, ਜੀਵਨਮੁਕਤ, ਪਦਾਰਥ ਮੁਕਤ, ਸਰਵਉੱਚ ਸੱਤਾ ਦੇ ਨਾਲ ਸੰਬੰਧਤ, ਸਾਰੀਆਂ ਇੱਛਾਵਾਂ ਅਤੇ ਵਿਕਾਰੀ ਭਾਵਾਂ ਤੋਂ ਮੁਕਤ ਅਤੇ ਪਰਮ ਆਨੰਦ ਪ੍ਰਾਪਤ।[145]

ਬੁੱਧ ਧਰਮ ਵਿੱਚ ਨਿਰਵਾਨ ਸ਼ਬਦ ਦਾ ਸੰਬੰਧ ਆਮ ਤੌਰ ਤੇ ਅਗਨੀ ਦੇ ਪ੍ਰਕਾਸ਼ ਅਤੇ ਦੀਵੇ ਦੇ ਜਲਣ ਨਾਲ ਹੈ ਅਤੇ ਉਸ ਦਾ ਕੁੱਲ ਅਰਥ ਹੁੰਦਾ ਹੈ; ਅਸਤ ਹੋ ਜਾਣਾ। ਜੈਨ ਧਰਮ ਅਨੁਸਾਰ ਨਿਰਵਾਨ ਦਾ ਅਰਥ ਆਤਮਾ ਦਾ ਕਰਮਾਂ ਤੋਂ ਪੂਰਨ ਰੂਪ ਵਿੱਚ ਸੁਤੰਤਰ ਹੋ ਜਾਣਾ। ਇੱਥੇ ਆਤਮਾ ਦੇ ਵਿਨਾਸ਼ ਦਾ ਕੋਈ ਸੰਬੰਧ ਨਹੀਂ ਸਗੋਂ ਅੰਤਮ ਪਰਮ ਆਨੰਦ ਦੀ ਅਨੁਭੂਤੀ ਦੇ ਨਾਲ ਸੰਬੰਧ ਹੈ। ਨਿਰਵਾਨ ਵਿੱਚ ਸੰਪੂਰਨ ਅਸ਼ੁੱਧਤਾ ਤੋਂ ਮੁਕਤੀ ਹੋ ਜਾਂਦੀ ਹੈ।

ਤੱਤਵ ਗਿਆਨ ਦੀ ਦ੍ਰਿਸ਼ਟੀ ਤੋਂ ਨਿਰਵਾਨ ਜਾਂ ਮੋਕਸ਼ ਚੇਤਨ ਤੱਤਵ ਦੀ ਵਿਸ਼ੁੱਧ ਅਵਸਥਾ ਹੈ। ਇਹ ਆਤਮਾ ਦੇ ਰਾਹੀਂ ਆਤਮਾ ਦੀ ਅਨੁਭੂਤੀ ਹੈ। ਜਿਸ ਵਿੱਚ ਆਤਮਾ ਸਭ ਪ੍ਰਕਾਰ ਦੇ ਕਰਮਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਸਭ ਪ੍ਰਕਾਰ ਦੇ ਦੁੱਖਾਂ ਤੋਂ ਮੁਕਤ ਅਵਸਥਾ ਹੈ, ਜਿੱਥੇ ਨਾ ਜਨਮ ਹੈ ਨਾ ਮਰਨ ਨਾ ਰੋਗ ਨਾ ਸੰਬੰਧ ਨਾ ਵਿਛੋੜਾ ਅਤੇ ਨਾ ਮੰਨਜ਼ੂਰੀ ਅਤੇ ਨਾ ਨਾਮੰਨਜ਼ੂਰੀ ਜਿਹਾ ਕੋਈ ਤੱਤਵ ਵੀ ਉਸ ਹਸਤੀ ਦੇ ਸਾਰੇ ਅਸ਼ੁਭ ਵੀ ਪਰੀ ਸਮਾਪਤੀ ਤ੍ਰਿਸ਼ਨਾ ਦੀ ਸਮਾਪਤੀ, ਲੋਭ ਤੋਂ ਮੁਕਤੀ, ਕ੍ਰੋਧ ਤੋਂ ਮੁਕਤੀ ਅਤੇ ਸਭ ਪ੍ਰਕਾਰ ਦੇ ਲਗਾਉ ਤੋਂ ਮੁਕਤੀ। ਇਹ ਸਾਰੀ ਸੰਸਾਰਿਕ ਪ੍ਰਕ੍ਰਿਆ ਦਾ ਅੰਤ ਹੈ। ਇਸੇ ਨੂੰ ਸਰਵਉੱਤਮ, ਸ਼ਾਸਵਤ, ਵਿਸ਼ੁੱਧ, ਅਵਿਨਸਵਰ ਅਵਸਥਾ ਕਿਹਾ ਜਾਂਦਾ ਹੈ।[146]

ਭਾਵੇਂ ਨਿਰਵਾਨ ਦੀ ਪ੍ਰਕ੍ਰਿਤੀ ਦੀ ਅਸੀਂ ਕਾਫੀ ਸੀਮਾਂ ਤੱਕ ਹਾਂ ਰੂਪ ਵਿੱਚ ਪੇਸ਼ ਕਰ ਸਕਦੇ ਹਾਂ, ਪਰ ਨਿਰਵਾਨ ਦੇ ਸਵਰੂਪ ਨੂੰ ਦੱਸਣਾ ਬਹੁਤ ਕਠਿਨ ਹੈ। ਕਿਉਂਕਿ ਸ਼ਬਦ ਉਸ ਦੀ ਵਿਆਖਿਆ ਕਰਨ ਵਿੱਚ ਅਸਮਰਥ ਹਨ। ਆਚਾਰਾਂਗ ਸੂਤਰ ਵਿੱਚ ਕਿਹਾ ਗਿਆ ਹੈ, "ਉਸ ਮੁਕਤ ਆਤਮਾ ਦੇ ਸਵਰੂਪ ਵਿੱਚ ਸਾਰੇ ਸਵਰ ਵਾਪਸ ਆ ਜਾਂਦੇ ਹਨ, ਉੱਥੇ ਕੋਈ ਤਰਕ ਨਹੀਂ, ਕੋਈ ਬੁੱਧੀ ਦੀ ਪਹੁੰਚ ਨਹੀਂ, ਉਹ ਸਾਰੇ ਕਰਮ ਮੈਲ ਤੋਂ ਰਹਿਤ ਔਜ ਨੂੰ, ਸਰੀਰ ਨੂੰ, ਆਧਾਰ ਰਹਿਤ ਕਸ਼ੇਤਰਗਯ ਆਤਮਾ ਹੀ ਹੈ, ਉਹ ਪ੍ਰੰਪਰਾ ਨਾ ਲੰਬੀ ਹੈ, ਨਾ ਹਰਾਸਵ ਹੈ, ਨਾ ਵ੍ਰਿਤ ਹੈ, ਨਾ ਤਿਕੋਨ ਹੈ, ਨਾ ਚਕੋਰ ਹੈ ਅਤੇ ਨਾ ਪਰੀਮੰਡਲ ਹੈ, ਉਹ ਨਾ ਕਾਲਾ ਹੈ, ਨਾ ਨੀਲਾ ਹੈ, ਨਾ ਲਾਲ ਹੈ, ਨਾ ਪੀਲਾ ਹੈ, ਨਾ ਸਫੈਦ ਹੈ, ਨਾ ਉਹ ਸੁਗੰਧੀ ਵਾਲਾ ਹੈ ਅਤੇ ਨਾ ਉਹ ਦੁਰਗੰਧੀ ਵਾਲਾ ਹੈ, ਨਾ ਉਹ ਤਿੱਖਾ ਹੈ, ਨਾ ਉਹ ਕੌੜਾ ਹੈ, ਨਾ ਉਹ ਕਸੈਲਾ ਹੈ, ਨਾ ਉਹ ਖੱਟਾ ਹੈ, ਨਾ ਉਹ ਮਿੱਠਾ ਹੈ, ਨਾ ਉਹ ਖੁਰਦਰਾ ਹੈ, ਨਾ ਉਹ ਮ੍ਰਿਦੂ ਹੈ, ਨਾ ਗੁਰੂ (ਭਾਰਾ) ਹੈ, ਨਾ ਛੋਟਾ ਹੈ, ਨਾ ਠੰਡਾ ਹੈ, ਨਾ ਗਰਮ ਹੈ, ਨਾ ਚੀਕਨਾ ਹੈ ਅਤੇ ਨਾ ਰੁੱਖਾ ਹੈ। ਉਹ ਸਰੀਰ ਵਾਂਗ ਵੀ ਨਹੀਂ ਹੈ, ਅਜਨਮਾ ਹੈ, ਨਿਸੰਗ ਹੈ, ਉਹ ਨਾ ਇਸਤਰੀ ਹੈ, ਨਾ ਪੁਰਸ਼ ਹੈ, ਨਾ ਹੀਜੜਾ ਹੈ, ਨਾ ਅਗਿਆਨੀ ਹੈ, ਨਾ ਗਿਆਨੀ ਹੈ, ਉਹ ਸਵਰਤ ਚੇਤਨਮਯ ਗਿਆਨ ਧੰਨ ਹੈ ਉਸ ਦਾ ਬੋਧ ਕਰਵਾਉਣ ਲਈ ਕੋਈ ਉਪਮਾ ਨਹੀਂ ਹੈ ਉਹ ਰੂਪੀ ਸੱਤਾ ਹੈ ਉਹ ਪਦਵੀ ਰਹਿਤ ਹੈ, ਉਸ ਨੂੰ ਬੋਧ ਕਰਵਾਉਣ ਦੇ ਲਈ ਕੋਈ ਪਦ ਨਹੀਂ, ਉਹ ਨਾ ਸ਼ਬਦ ਹੈ ਨਾ ਰੂਪ ਹੈ, ਨਾ ਗੰਧ ਹੈ, ਨਾ ਰਸ ਹੈ, ਨਾ ਸਪਰਸ਼ ਹੈ, ਬਸ ਇਨ੍ਹਾਂ ਹੀ ਹੈ।[147]

ਇਸ ਪ੍ਰਕਾਰ ਮੋਕਸ਼ ਜਾਂ ਨਿਰਵਾਨ ਸਾਡੀ ਵਿਆਖਿਆ ਤੋਂ ਪਰੇ ਹੈ ਇਸ ਕਾਰਨ ਭਾਰਤੀ ਪ੍ਰੰਪਰਾ ਦੇ ਆਗੂ ਗ੍ਰੰਥਾਂ ਵਿੱਚ ਜਦ ਕਦੀ ਵੀ ਨਿਰਵਾਨ ਸ਼ਬਦ ਦਾ ਪ੍ਰਯੋਗ ਹੋਇਆ ਹੈ ਤਾਂ ਉੱਥੇ ਨਾਂਹ ਪੱਖੀ ਵਿਚਾਰ ਹੀ ਮਿਲਦੇ ਹਨ। ਜੈਨ ਆਗਮ ਗ੍ਰੰਥ ਵੀ ਇਸੇ ਪ੍ਰਕਾਰ ਦੇ ਨਾਂਹ ਪੱਖੀ ਵਿਚਾਰ ਨਾਲ ਭਰੇ ਪਏ ਹਨ। ਫੇਰ ਵੀ ਜਿੱਥੇ ਕਿਤੇ ਹਾਂ ਪੱਖੀ ਵਿਚਾਰ ਵੀ ਮਿਲਦੇ ਹਨ ਉੱਥੇ ਉਹਨਾਂ ਨੂੰ ਰੁਕਾਵਟ ਰਹਿਤ, ਸ਼ਾਂਤ, ਮੰਗਲਕਾਰੀ, ਪਰਮ ਆਨੰਦ ਕਿਹਾ ਗਿਆ ਹੈ ਅਤੇ ਜੋ ਮਹਾਂਰਿਸ਼ੀਆਂ ਰਾਹੀਂ ਪ੍ਰਾਪਤ ਹੈ।[148]

ਯੋਗਸਾਰ ਪ੍ਰਾਭ੍ਰਤ ਵਿੱਚ ਸਿੱਧ ਦੇ ਸਵਰੂਪ ਨੂੰ ਦੱਸਦੇ ਹੋਏ ਕਿਹਾ ਗਿਆ ਹੈ, ਕਿ ਮੁਕਤ ਆਤਮਾ ਅਸਪਰਸ਼ੀ ਹੁੰਦੀ ਹੈ। ਸੁਭਾਵਕ ਰੂਪ ਵਿੱਚ ਸਥਿਤ ਹੁੰਦੀ ਹੈ, ਸਭ ਪ੍ਰਕਾਰ ਦੇ ਵਿਕਾਰਾਂ ਤੋਂ ਮੁਕਤ ਹੁੰਦੀ ਹੈ ਅਤੇ ਗਤੀ ਹੀਨ ਸਮੁੰਦਰ ਦੀ ਤਰ੍ਹਾਂ ਹੁੰਦੀ ਹੈ। ਇਹ ਸਾਰੇ ਅਸ਼ੁਭ ਤੱਤਵਾਂ ਤੋਂ ਮੁਕਤ ਹੈ, ਨਿਸ਼ਕਲੰਕ ਹੈ ਅਤੇ ਇਸ ਲਈ ਰੁਕਾਵਟ ਰਹਿਤ ਹੈ, ਅਤੇ ਪਰਮ ਆਨੰਦ ਅਵਸਥਾ ਵਿੱਚ ਲੀਨ ਹੈ। [149] ਉਹ ਚਾਰ ਘਾਤੀ ਅਤੇ ਚਾਰ ਅਘਾਤੀ ਕਰਮਾਂ ਤੋਂ ਮੁਕਤ ਹੁੰਦਾ ਹੈ। ਕਰਮ ਉਸ ਨੂੰ ਦੁਬਾਰਾ ਬੰਧਨ ਵਿੱਚ ਅਸਮਰਥ ਹੁੰਦੇ ਹਨ। ਤੱਤਵਾਰਥ ਸੂਤਰ ਦੇ ਅਨੁਸਾਰ ਨਿਰਵਾਨ ਸਾਰੇ ਕਾਰਮਿਕ ਪੁਦਗਲਾਂ ਤੋਂ ਮੁਕਤ ਅਵਸਥਾ ਹੈ। ਜਿੱਥੇ ਆਸ਼ਰਵ ਅਤੇ ਬੰਧ ਦੇ ਸਾਰੇ ਕਾਰਜ ਨਿਰਜੀਵ ਹੋ ਜਾਂਦੇ ਹਨ।[150]

ਮੋਕਸ਼ ਦੋ ਪ੍ਰਕਾਰ ਦਾ ਮੰਨਿਆ ਗਿਆ ਹੈ। ਸਾਰੇ ਕਰਮਾਂ ਦੇ ਨਾਸ਼ ਕਾਰਨ ਜੋ ਆਤਮਾ ਦਾ ਪਰਿਣਾਮ ਹੈ ਉਸ ਨੂੰ ਭਾਵ ਮੋਕਸ਼ ਆਖਦੇ ਹਨ ਅਤੇ ਕਰਮਾ ਦੀ ਆਤਮਾ ਤੋਂ ਹਮੇਸ਼ਾਂ ਦੇ ਲਈ ਭਿੰਨਤਾ ਦ੍ਰਵ ਮੋਕਸ਼ ਹੈ।[151] ਭਾਵ ਮੋਕਸ਼ ਦੀ ਪ੍ਰਾਪਤੀ ਗਿਆਨਾਵਰਨੀਆਂ, ਦਰਸ਼ਨਾਵਰਨੀਆਂ, ਮੋਹਨੀਆਂ ਅਤੇ ਅੰਤਰਾਏ ਇਹਨਾਂ ਚਾਰ ਘਾਤੀ ਕਰਮਾਂ ਦੇ ਵਿਨਾਸ਼ ਤੋਂ ਹੁੰਦੀ ਹੈ ਅਤੇ ਦ੍ਰਵ ਮੋਕਸ਼ ਵੇਦਨੀਆਂ, ਆਯੂ, ਨਾਮ, ਅਤੇ ਗੋਤਰ ਇਹਨਾਂ ਚਾਰ ਅਘਾਤੀ ਕਰਮਾਂ ਦੇ ਨਸ਼ਟ ਹੋਣ ਤੇ ਪ੍ਰਾਪਤ ਹੁੰਦਾ ਹੈ। ਇਸ ਲਈ ਪੂਰਨ ਮੁਕਤੀ ਤਦ ਅਖਵਾਉਂਦੀ ਹੈ ਜਦ ਘਾਤੀ ਅਤੇ ਅਘਾਤੀ ਦੋਹੇਂ ਪ੍ਰਕਾਰ ਦੇ ਕਰਮਾਂ ਦਾ ਵਿਨਾਸ਼ ਹੋ ਜਾਂਦਾ ਹੈ।

ਦ੍ਰਵ ਮੋਕਸ਼ ਅਤੇ ਭਾਵ ਮੋਕਸ਼ ਦੇ ਹਵਾਲੇ ਨਾਲ ਦੋ ਨਯਾਂ ਤੋਂ ਵਰਣਨ ਮਿਲਦਾ ਹੈ, ਨਿਸ਼ਚੈ ਨਯ ਅਤੇ ਵਿਵਹਾਰ ਨਯ। ਵਿਵਹਾਰ ਨਯ ਤੋਂ ਸੱਮਿਅਕ ਦਰਸ਼ਨ, ਸੱਮਿਅਕ ਗਿਆਨ, ਅਤੇ ਸੱਮਿਅਕ ਚਰਿੱਤਰ ਆਤਮਾ ਦੇ ਗੁਣ ਹਨ। ਪਰ ਨਿਸ਼ਚੈ ਦ੍ਰਿਸ਼ਟੀ ਤੋਂ ਵਿਮੁਕਤ ਆਤਮਾ ਵਿੱਚ ਸੱਮਿਅਕ ਦਰਸ਼ਨ ਆਦਿ ਵਿੱਚ ਕੋਈ ਭੇਦ ਨਹੀਂ ਹੁੰਦਾ ਹੈ।[152]

## ਮੁਕਤੀ ਦਾ ਸਵਰੂਪ

ਨਿਰਵਾਨ ਦੀ ਅਨੁਭੂਤੀ ਤਦ ਹੁੰਦੀ ਹੈ ਜਦ ਕਰਮ ਬੰਧ ਦੇ ਕਾਰਨ ਸਮਾਪਤ ਹੋ ਜਾਂਦੇ ਹਨ। ਆਤਮਾ ਨਾਲ ਕਰਮਾਂ ਦੀ ਮੁਕਤੀ ਅਤੇ ਕਰਮਾਂ ਦੀ ਪੂਰਨ

ਨਿਰਜਰਾ ਹੀ ਪੂਰਨ ਨਿਰਵਾਨ ਮੰਨਿਆ ਜਾਂਦਾ ਹੈ। ਗੋਮਟਸਾਰ ਦੇ ਲੇਖਕ ਨੇਮੀ ਚੰਦਰ ਸਿਧਾਂਤ ਚੱਕਰਵਰਤੀ ਨੇ ਕਿਹਾ ਹੈ, "ਕਿ ਜੋ ਗਿਆਨਾਵਰਨੀਆਂ ਆਦਿ ਅੱਠ ਕਰਮਾਂ ਤੋਂ ਰਹਿਤ ਹੈ ਅੰਨਤ ਸੁੱਖ ਰੂਪੀ ਅੰਮ੍ਰਿਤ ਦਾ ਅਨੁਭਵ ਕਰਨ ਵਾਲੇ ਸ਼ਾਂਤੀ ਵਾਲੇ ਹਨ, ਨਵੇਂ ਕਰਮ ਬੰਧ ਦਾ ਕਾਰਨ ਭੂਤ ਮਿੱਥਿਆ ਦਰਸ਼ਨ ਆਦਿ ਭਾਵ ਕਰਮ ਰੂਪੀ ਸੁਰਮੇ ਤੋਂ ਰਹਿਤ ਹਨ। ਸੱਮਿਅਕਤਵ, ਗਿਆਨ, ਦਰਸ਼ਨ, ਵੀਰਜ, ਅਵਯਾਬਾਧ, ਅਵਗਾਹਨ, ਸੂਖਮ ਤੱਤਵ, ਅਗੁਰੂਲਧੂ ਇਹ ਅੱਠ ਮੁੱਖ ਗੁਣ ਜਿਨ੍ਹਾਂ ਵਿੱਚ ਪ੍ਰਗਟ ਹੋ ਚੁੱਕੇ ਹਨ ਜਿਨ੍ਹਾਂ ਨੇ ਹੁਣ ਹੋਰ ਕੋਈ ਕੰਮ ਕਰਨਾ ਬਾਕੀ ਨਹੀਂ ਹੈ, ਲੋਕ ਦੇ ਅਗਰ ਭਾਗ ਵਿੱਚ ਨਿਵਾਸ ਕਰਨ ਵਾਲੇ ਹਨ ਉਹਨਾਂ ਨੂੰ ਸਿੱਧ ਆਖਦੇ ਹਨ।[153]

ਪੂਜਯਪਾਦ ਨੇ ਅਪਣੀ ਸਵਾਰਥ ਸਿੱਧੀ ਦੀ ਭੂਮਿਕਾ ਵਿੱਚ ਮੋਕਸ਼ ਦੇ ਸਵਰੂਪ ਦਾ ਵਰਣਨ ਕਰਦੇ ਹੋਏ ਕਿਹਾ ਹੈ ਕਿ ਮੋਕਸ਼ ਪਰਮ ਵਿਸ਼ੁੱਧ ਅਵਸਥਾ ਦਾ ਨਾਮਅੰਤਰਨ ਹੈ। ਜਦ ਆਤਮਾ ਸਰੀਰ ਅਤੇ ਕਰਮ ਪੁਦਗਲਾਂ ਤੋਂ ਮੁਕਤ ਹੋ ਜਾਂਦਾ ਹੈ ਅਤੇ ਅਚਿੰਤਯ ਸੁਭਾਵਿਕ ਦਰਸ਼ਨ ਅਤੇ ਗਿਆਨ ਗੁਣਾਂ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਆਤਮਾ ਦੀ ਉਸ ਵਿਸ਼ੁੱਧ ਅਵਸਥਾ ਦਾ ਨਾਮ ਹੀ ਮੁਕਤੀ ਹੈ।[154] ਸਮਾਧੀ ਸ਼ਤਕ ਵਿੱਚ ਅੱਗੇ ਕਿਹਾ ਗਿਆ ਹੈ ਕਿ ਮੁਕਤ ਆਤਮਾ ਸ਼ੁੱਧ, ਸੁਤੰਤਰ, ਪਰਿਪੂਰਨ, ਪ੍ਰਮੇਸ਼ਰ, ਅਵਿਨਸਵਰ, ਸਰਵਉੱਚ, ਸਰਵਉੱਤਮ, ਪਰਮ ਵਿਸ਼ੁੱਧ ਅਤੇ ਨਿਰਨਜਨ ਹੈ।[155]

ਪੂਰਨ ਮੁਕਤ ਆਤਮਾ ਸਭ ਪ੍ਰਕਾਰ ਦੇ ਦੋਸ਼ਾਂ ਤੋਂ ਰਹਿਤ ਹੁੰਦਾ ਹੈ ਅਤੇ ਆਪਣੇ ਅਨੰਤ ਦਰਸ਼ਨ, ਅਨੰਤ ਗਿਆਨ, ਅਨੰਤ ਸੁੱਖ ਅਤੇ ਅਨੰਤ ਵੀਰਜ ਜਿਹੇ ਸੁਭਾਵਿਕ ਗੁਣਾਂ ਤੋਂ ਪ੍ਰਕਾਸ਼ਵਾਨ ਹੁੰਦਾ ਹੈ। ਉਹ ਪੂਰਨ ਨਿਸ਼ਚਲ ਅਤੇ ਸਥਿਰ ਹੈ। ਅਸਲ ਵਿੱਚ ਆਤਮਾ ਦੀ ਹੋਂਦ ਉਸ ਦੇ ਵਿਸ਼ੁੱਧ ਰੂਪ ਵਿੱਚ ਹੀ ਹੈ ਜਿਸ ਨੂੰ ਮੋਕਸ਼ ਕਿਹਾ ਜਾਂਦਾ ਹੈ। ਇਹ ਅਵਸਥਾ ਆਤਮਾ ਦੀ ਪੂਰਨ ਵਿਕਸਤ ਅਵਸਥਾ ਹੈ। ਮੁਕਤ ਆਤਮਾ ਹਮੇਸ਼ਾ ਸਿੱਧ ਸ਼ਿਲਾ ਉੱਪਰ ਰਹਿੰਦੀ ਹੈ ਅਤੇ ਸੰਸਾਰ ਵਿੱਚ ਕਦੇ ਵਾਪਸ ਨਹੀਂ ਆਉਂਦੀ। ਜਿਵੇਂ ਸੜਿਆ ਹੋਇਆ ਬੀਜ ਫੇਰ ਨਹੀਂ ਉਗਦਾ ਉਸੇ ਤਰ੍ਹਾਂ ਜਦ ਕਰਮ ਰੂਪੀ ਬੀਜ ਪੂਰਨ ਰੂਪ ਵਿੱਚ ਸੜ ਜਾਂਦੇ ਹਨ ਤਾਂ ਮੁਕਤ ਆਤਮਾ ਸੰਸਾਰ ਵਿੱਚ ਦੁਬਾਰਾ ਵਾਪਸ ਨਹੀਂ ਆਉਂਦੀ।[156]

ਪੁਰਸ਼ਾਰਥ ਸਿਧਯੁਪਾਏ ਦੇ ਅਨੁਸਾਰ ਮ੍ਰਿਤਕ ਜੀਵ ਹਮੇਸ਼ਾਂ ਚਿੱਕੜ ਰਹਿਤ ਹੁੰਦੇ ਆਪਣੇ ਸਵਰੂਪ ਵਿੱਚ ਬਿਨ੍ਹਾਂ ਰੁਕਾਵਟ ਅਕਾਸ਼ ਦੇ ਸਮਾਨ ਸਾਫ, ਪਰਮਾਤਮਾ, ਸਰਵਉੱਚ ਅਵਸਥਾ ਵਿੱਚ ਆਪਣੇ ਅਤੇ ਦੂਸਰੇ ਲਈ ਪ੍ਰਕਾਸ਼ਵਾਨ ਹੁੰਦਾ ਹੈ। ਜੋ ਕਰਨਾ ਸੀ ਉਹ ਸਭ ਉਸ ਨੇ ਕਰ ਲਿਆ ਹੈ ਅਤੇ ਹੋਰ ਸਾਰੇ ਪਦਾਰਥਾਂ ਨੂੰ ਜਾਣਨ ਦੇ ਕਾਰਨ ਸਰਵੱਗ ਬਣ ਗਿਆ ਹੈ।[157]

ਸਿਧ ਆਤਮਾ ਦੇ ਸਵਰੂਪ ਦਾ ਤਿੰਨ ਲੋਕਾਂ ਵਿੱਚ ਕੋਈ ਉਦਾਹਰਣ ਨਹੀਂ ਹੋ ਸਕਦਾ, ਜੋ ਨਿਰਵਾਨ ਪ੍ਰਾਪਤ ਕਰ ਲੈਂਦੇ ਹਨ ਉਹਨਾਂ ਵਿੱਚ ਸੋਨੇ ਦੀ ਤਰ੍ਹਾਂ ਤੇਜ਼ ਹੁੰਦਾ ਹੈ। ਤਿੰਨ ਲੋਕਾਂ ਵਿੱਚ ਸਿਖਰ ਦੀ ਤਰ੍ਹਾਂ ਸ਼ੋਭਾ ਧਾਰਨ ਕਰਦੇ ਹਨ।[158] ਉਤਰਾਧਿਐਨ ਸੂਤਰ ਵਿੱਚ ਆਤਮਾ ਨਿੱਤਤਾ, ਅਮ੍ਰਤਾ ਅਤੇ ਨਿਰਵਾਨ ਵੀ ਪੂਰਨਤਾ ਦੇ ਸੰਬੰਧ ਵਿੱਚ ਕਿਹਾ ਗਿਆ ਹੈ, "ਉਹ ਸੁਰੱਖਿਅਤ ਹੈ, ਸੁੱਖੀ ਹੈ, ਨਿੱਤ ਹੈ ਅਤੇ ਸ਼ਾਂਤ ਹੈ, ਪਰ ਉਸ ਦੇ ਨੇੜੇ ਪਹੁੰਚਣਾ ਮੁਸ਼ਕਲ ਹੈ, ਜਿੱਥੇ ਨਾ ਖੋਖਲਾਪਣ ਹੈ, ਨਾ ਮੌਤ ਹੈ, ਨਾ ਦੁੱਖ ਹੈ ਅਤੇ ਨਾ ਰੋਗ ਹੈ, ਉਹ ਹੀ ਨਿਰਵਾਨ ਹੈ, ਜਿੱਥੇ ਕੋਈ ਦੁੱਖ ਨਹੀਂ ਅਤੇ ਪਰਿਪੂਰਨਤਾ ਹੈ, ਜਿਸ ਨੂੰ ਮਹਾਂਰਿਸ਼ੀਆਂ ਨੇ ਪ੍ਰਾਪਤ ਕੀਤਾ। ਜਿਨ੍ਹਾਂ ਰਿਸ਼ੀਆਂ ਨੇ ਉਸ ਨੂੰ ਪ੍ਰਾਪਤ ਕੀਤਾ ਉਹ ਦੁੱਖਾਂ ਤੋਂ ਮੁਕਤ ਹਨ ਅਤੇ ਜਨਮ ਮਰਨ ਦੇ ਚੱਕਰ ਤੋਂ ਦੂਰ ਹਨ।[159]

ਸਿੱਧ ਸ਼ਿਲਾ ਉੱਪਰ ਇਸੇ ਤਰ੍ਹਾਂ ਦੇ ਜੀਵ ਰਿਹਾ ਕਰਦੇ ਹਨ, ਇਹਨਾਂ ਮੁਕਤ ਜੀਵਾਂ ਦੇ ਸਵਰੂਪ ਦੇ ਸੰਬੰਧ ਵਿੱਚ ਸਮੇਸਾਰ ਵਿੱਚ ਕਿਹਾ ਗਿਆ ਹੈ ਕਿ "ਆਤਮਾ ਦਾ ਸਵਰੂਪ ਜਾਣਨਾ ਹੈ ਇਸ ਲਈ ਆਤਮਾ ਨਿਸ਼ਚਤ ਰੂਪ ਨਾਲ ਗਿਆਨ ਅਤੇ ਗਿਆਤਾ ਦਾ ਵਿਸ਼ਾ ਹੈ।[160] ਇਹ ਜਾਣਨਯੋਗ ਹੈ ਕਿ ਗਿਆਨ ਅਤੇ ਗਿਆਤਾ ਇੱਕ ਦੂਸਰੇ ਤੋਂ ਅੱਡ ਨਹੀਂ ਕੀਤੇ ਜਾ ਸਕਦੇ।

## ਮੁਕਤ ਜੀਵਾਂ ਦੀਆਂ ਕਿਸਮਾਂ

ਜੈਨ ਪ੍ਰੰਪਰਾ ਮੁਕਤ ਜੀਵਾਂ ਦੀਆਂ ਅਨੇਕਾਂ ਸ਼੍ਰੇਣੀਆਂ ਦਾ ਵਰਣਨ ਕਰਦੀ ਹੈ। ਉਹਨਾਂ ਸ਼੍ਰੇਣੀਆਂ ਵਿੱਚ ਪ੍ਰਸਿੱਧ ਸ਼ਬਦ ਅਰਹਤ, ਤੀਰਥੰਕਰ, ਜਿੰਨ ਅਤੇ ਸਿੱਧ ਵਿਸ਼ੇਸ਼ ਵਰਣਨਯੋਗ ਹਨ। ਜੈਨ ਆਗਮਾ ਵਿੱਚ ਇਹਨਾਂ ਦਾ ਵਿਸਥਾਰ ਨਾਲ ਵਰਣਨ ਮਿਲਦਾ ਹੈ।

## ਅਰਹਤ

ਅਰਹਤ ਸ਼ਬਦ ਦਾ ਪ੍ਰਯੋਗ ਆਮਤੌਰ ਤੇ ਯੋਗ, ਵਿਸ਼ੁੱਧ, ਪਵਿੱਤਰ, ਰਿਸ਼ੀ ਸਾਧੂ ਆਦਿ ਦੇ ਅਰਥ ਵਿੱਚ ਹੋਇਆ ਹੈ। ਇੱਕ ਪਰਿਭਾਸ਼ਾ ਦੇ ਅਨੁਸਾਰ ਜੋ ਅੰਦਰਲੇ ਵਿਕਾਰ ਰੂਪੀ ਦੁਸ਼ਮਣਾਂ ਨੂੰ ਨਸ਼ਟ ਕਰ ਦੇਵੇ ਉਹ ਅਰਹਤ ਅਖਵਾਉਂਦਾ ਹੈ। ਸ਼੍ਰਮਣ ਸੰਪਰਦਾਏ ਦੇ ਆਗਮ ਗ੍ਰੰਥਾਂ ਵਿੱਚ ਅਰਹਤ ਉਸ ਨੂੰ ਕਿਹਾ ਗਿਆ ਹੈ ਜੋ ਖੁਦ ਨਿਰਵਾਨ ਪ੍ਰਾਪਤ ਕਰਦਾ ਹੈ। ਇਹ ਸ਼ਬਦ ਜੈਨ ਧਰਮ ਅਤੇ ਬੁੱਧ ਧਰਮ ਦੋਹਾਂ ਵਿੱਚ ਮਿਲਦਾ ਹੈ। ਬੁੱਧ ਅਤੇ ਮਹਾਵੀਰ ਦੋਹਾਂ ਨੂੰ ਅਰਹਤ ਕਿਹਾ ਗਿਆ ਹੈ।

ਅਰਹਤ ਚਾਰ ਘਾਤੀ ਕਰਮਾਂ ਦਾ ਵਿਨਾਸ਼ ਕਰਨ ਵਾਲੇ ਹੁੰਦੇ ਹਨ। ਭਾਵੇਂ ਉਹਨਾਂ ਨੇ ਚਾਰ ਘਾਤੀ ਕਰਮਾਂ ਦਾ ਵਿਨਾਸ਼ ਕਰ ਦਿੱਤਾ ਹੈ ਪਰ ਚਾਰ ਅਘਾਤੀ ਕਰਮ ਬਾਕੀ ਹਨ, ਇਸ ਲਈ ਉਹਨਾਂ ਦਾ ਸਰੀਰ ਬਾਕੀ ਰਹਿੰਦਾ ਹੈ। ਚਾਰ ਘਾਤੀਆਂ ਕਰਮਾਂ ਦੇ ਵਿਨਾਸ਼ ਨਾਲ ਅਰਹਤ ਅਨੰਤ ਗਿਆਨ, ਅਨੰਤ ਦਰਸ਼ਨ, ਅਨੰਤ ਸੁੱਖ ਜਿਹੀਆਂ ਆਤਮਿਕ ਸ਼ਕਤੀਆਂ ਪ੍ਰਾਪਤ ਕਰ ਲੈਂਦਾ ਹੈ। ਪਰਮਾਤਮ ਪ੍ਰਕਾਸ਼ ਵਿੱਚ ਕਿਹਾ ਗਿਆ ਹੈ ਕਿ ਜਿਸ ਆਤਮਾ ਨੇ ਸਾਰੇ ਅੱਠ ਕਰਮ ਨਸ਼ਟ ਕਰ ਦਿੱਤੇ ਉਹ ਪਰਮਾਤਮਾ ਹੈ ਅਤੇ ਜਿਸ ਨੇ ਚਾਰ ਘਾਤੀ ਕਰਮਾ ਦਾ ਵਿਨਾਸ਼ ਕੀਤਾ ਉਹ ਅਰਹਤ ਹੈ।[161] ਅਰਹਤ ਵਿੱਚ 23 ਪ੍ਰਕਾਰ ਦੇ ਅਤਿਸ਼ਯ (ਗੁਣ) ਹੁੰਦੇ ਹਨ ਇਹਨਾਂ ਅਤਿਸ਼ਯ ਵਿੱਚ ਸਰੀਰ, ਗਿਆਨ ਦਰਸ਼ਨ, ਸ਼ਕਤੀ ਆਦਿ ਵਿਸ਼ੇਸ਼ ਸ਼ਕਤੀਆਂ ਸ਼ਾਮਲ ਹਨ। ਅਰਹਤਾਂ ਵਿੱਚ 18 ਪ੍ਰਕਾਰ ਦੇ ਦੋਸ਼ ਨਹੀਂ ਹੁੰਦੇ ਜਿਵੇਂ ਭੁੱਖ, ਪਿਆਸ, ਭੈ, ਘ੍ਰਿਣਾ, ਲਗਾਉ, ਮੋਹ, ਚਿੰਤਾ, ਬੁਢਾਪਾ, ਰੋਗ, ਮੌਤ, ਦੁੱਖ ਅਤੇ ਦਰਦ ਆਦਿ।[162]

ਜੈਨ ਧਰਮ ਦੇ ਅਨੁਸਾਰ ਅਰਹਤ ਆਦਰਸ਼ ਸੰਤ ਹੈ, ਸਰਵਉੱਚ ਸਿੱਖਿਅਤ ਹੈ ਅਤੇ ਸਰਵੱਗ ਹੈ। ਜੋ ਉਹਨਾਂ ਦੀ ਭਗਤੀ ਕਰਦਾ ਹੈ ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਉਹਨਾਂ ਦੀ ਹਾਜ਼ਰੀ ਜਯੋਤੀ ਸਵਰੂਪ ਹੋਇਆ ਕਰਦੀ ਹੈ। ਉਹ ਪੂਰਨ ਗਿਆਨ, ਦਰਸ਼ਨ, ਆਦਿ ਦਾ ਪ੍ਰਤੀਰੂਪ ਹਨ। ਸਵਯ ਅਨੁਭੂਤੀ, ਏਕਾਗਰਤਾ ਅਤੇ ਰਤਨ ਤ੍ਰਯ ਰੂਪੀ ਮਾਰਗ ਦਰਸ਼ਨ ਹੋਣ ਦੇ ਕਾਰਨ ਉਸ ਦੇ ਲਈ ਮਿੱਤਰ ਤੇ ਦੁਸ਼ਮਣ, ਦੁੱਖ ਅਤੇ ਸੁੱਖ ਦੋਸ਼ ਅਤੇ ਕੀਰਤੀ, ਜੀਵਨ

ਅਤੇ ਮਰਨ, ਧੂੜ ਅਤੇ ਸ਼ਰਨ ਸਭ ਕੁੱਝ ਬਰਾਬਰ ਹੈ ਉਹ ਲਗਾਉ ਅਤੇ ਘ੍ਰਿਣਾ ਤੋਂ ਮੁਕਤ ਹਨ ਅਤੇ ਸਭ ਕੁੱਝ ਵੇਖਣ ਵਾਲੇ ਹਨ।[163] ਅਰਹਤਾਂ ਨੂੰ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾਂਦਾ ਹੈ - ਤੀਰਥੰਕਰ ਅਤੇ ਸਧਾਰਨ (ਆਮ) ਕੇਵਲੀ। ਤੀਰਥੰਕਰ ਅਤੇ ਸਧਾਰਨ ਕੇਵਲੀ ਵਿੱਚ ਫਰਕ ਇਹ ਹੈ ਕਿ ਤੀਰਥੰਕਰ ਧਰਮ ਉਪਦੇਸ਼ ਦਿੰਦੇ ਹਨ ਅਤੇ ਸਾਧੂ ਸਾਧਵੀ ਅਤੇ ਸ਼੍ਰਾਵਕ ਸ਼੍ਰਾਵਿਕਾ ਦੇ ਚਾਰ ਪ੍ਰਕਾਰ ਦੇ ਸੰਘ ਦਾ ਨਿਰਮਾਣ ਕਰਦੇ ਹਨ ਅਤੇ ਉਹਨਾਂ ਨੂੰ ਮੁਕਤੀ ਮਾਰਗ ਵਿਖਾਉਂਦੇ ਹਨ। ਜਦਕਿ ਆਮ ਕੇਵਲੀ ਧਰਮ ਉਪਦੇਸ਼ਕ ਨਹੀਂ ਹੁੰਦੇ, ਤੀਰਥੰਕਰ ਵਿੱਚ ਤੀਰਥੰਕਰ ਪ੍ਰਾਕ੍ਰਿਤੀ ਨਾਮ ਕਰਮ ਦਾ ਉਦੈ ਹੋਣ ਨਾਲ ਇੱਕ ਅਜਿਹਾ ਵਿਸ਼ੇਸ਼ ਗੁਣ ਉਹਨਾਂ ਵਿੱਚ ਆ ਜਾਂਦਾ ਹੈ ਕਿ ਉਹ ਸੁਤੰਤਰ ਤੀਰਥ ਦੇ ਸੰਸਥਾਪਕ ਬਣ ਜਾਂਦੇ ਹਨ ਅਤੇ ਦੁੱਖੀ ਪ੍ਰਾਣੀਆਂ ਨੂੰ ਆਪਣੇ ਧਰਮ ਉਪਦੇਸ਼ ਨਾਲ ਮੁਕਤ ਕਰ ਦਿੰਦੇ ਹਨ। ਆਮ ਕੇਵਲੀਆਂ ਵਿੱਚ ਇਹ ਗੁਣ ਨਹੀਂ ਹੁੰਦਾ ਪਰ ਉਹ ਸਰਵੱਗ ਜ਼ਰੂਰ ਹੁੰਦੇ ਹਨ।

ਜੀਵਨ ਮੁਕਤ ਅਵਸਥਾ ਦੀ ਤੁਲਨਾ ਅਰਹਤ ਜਾਂ ਤੀਰਥੰਕਰ ਜਾਂ ਜਿੰਨ ਨਾਲ ਕੀਤੀ ਜਾ ਸਕਦੀ ਹੈ। ਜਿੰਨ, ਸਰੀਰ ਧਾਰੀ ਹੁੰਦੇ ਹਨ ਜਦਕਿ ਸਿੱਧ ਸਰੀਰ ਰਹਿਤ ਹੁੰਦੇ ਹਨ।[164]

## ਤੀਰਥੰਕਰ

ਤੀਰਥੰਕਰ ਦੋ ਸ਼ਬਦਾਂ ਤੋਂ ਬਣਿਆ ਹੈ- ਤੀਰਥੰ + ਕਰ ਇਸ ਦਾ ਅਰਥ ਹੁੰਦਾ ਹੈ ਕਿ ਤੀਰਥੰਕਰ ਉਹ ਹੁੰਦਾ ਹੈ ਜੋ ਕਿਸੇ ਘਾਟ ਜਾਂ ਪੁਲ ਦਾ ਨਿਰਮਾਣ ਕਰੇ। ਜਿੱਥੋਂ ਸੰਸਾਰ ਰੂਪੀ ਪੁਲ ਨੂੰ ਪਾਰ ਕੀਤਾ ਜਾ ਸਕੇ। ਜੈਨ ਪ੍ਰੰਪਰਾ ਵਿੱਚ ਅਜਿਹੇ 24 ਤੀਰਥੰਕਰਾਂ ਦੀ ਹੋਂਦ ਨੂੰ ਸਵੀਕਾਰ ਕਰਦੀ ਹੈ। ਇਹ ਪ੍ਰੰਪਰਾ ਤੀਰਥੰਕਰ ਰਿਸ਼ਭ ਤੋਂ ਮਹਾਵੀਰ ਤੱਕ ਚੱਲਦੀ ਹੈ। ਇਹ ਤੀਰਥ ਸ਼ਬਦ ਜੈਨ ਧਰਮ ਵਿੱਚ ਇੱਕ ਖਾਸ ਸ਼ਬਦ ਹੈ, ਜੋ ਸਿੱਖਿਅਕ ਜਾਂ ਸੱਚ ਨੂੰ ਪ੍ਰਗਟ ਕਰਨ ਵਾਲੇ ਦੇ ਰੂਪ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਤੀਰਥ ਦਾ ਅਰਥ ਪਵਿੱਤਰ ਫਿਰਕਾ ਜਾਂ ਸਥਾਨ ਵੀ ਹੁੰਦਾ ਹੈ। ਜੈਨ ਤੀਰਥ ਜਾਂ ਸੰਘ ਵਿੱਚ ਚਾਰ ਪ੍ਰਕਾਰ ਦੇ ਮੈਂਬਰ ਹੋਇਆ ਕਰਦੇ ਹਨ, ਸਾਧੂ, ਸਾਧਵੀ, ਸ਼੍ਰਾਵਕ ਅਤੇ ਸ਼੍ਰਾਵਕਾ। ਉਹ ਤੀਰਥੰਕਰ ਦੇ ਉਦੇਸ਼ ਦੇ ਅਨੁਸਾਰ ਚੱਲਦੇ ਹਨ, ਉਹਨਾਂ ਦੀ ਪ੍ਰਾਥਨਾ ਅਤੇ ਪੂਜਾ

ਸਤੂਤੀ ਕਰਦੇ ਹਨ ਅਤੇ ਧਾਰਮਿਕ ਸੰਪੂਰਨਤਾ ਦੀ ਪ੍ਰਤੀ ਮੂਰਤੀ ਦੇ ਰੂਪ ਵਿੱਚ ਉਹਨਾਂ ਨੂੰ ਸਵੀਕਾਰ ਕਰਦੇ ਹਨ।

ਤੀਰਥੰਕਰ ਇੱਕ ਅਧਿਆਤਮਕ ਨੇਤਾ ਮੰਨਿਆ ਗਿਆ ਹੈ। ਉਸ ਨੂੰ ਜੈਨ ਧਰਮ ਦਾ ਪ੍ਰਗਟ ਕਰਨ ਵਾਲਾ ਜਾਂ ਸੰਸਥਾਪਕ ਵੀ ਕਿਹਾ ਜਾਂਦਾ ਹੈ। ਉਹ ਸ਼ੁਭ ਅਤੇ ਮਹਾਨ, ਚੰਗੇ ਕੁਲ ਵਾਲੇ ਅਤੇ ਸ਼ੁੱਧ ਨੈਤਿਕ ਅਤੇ ਗੁਣਾਂ ਦਾ ਪ੍ਰਤੀਕ ਹੈ। ਉਹ ਕਿਸੇ ਵੀ ਸਥਿਤੀ ਵਿੱਚ ਕਸ਼ਟ ਦਾ ਨਾ ਤਾਂ ਪੈਦਾ ਕਰਨ ਵਾਲਾ ਹੈ, ਨਾ ਰੱਖਿਅਕ ਹੈ ਅਤੇ ਨਾ ਹੀ ਖਤਮ ਕਰਨ ਵਾਲਾ ਹੈ। ਉਹ ਕਿਸੇ ਉੱਤੇ ਕ੍ਰਿਪਾ ਵੀ ਨਹੀਂ ਕਰਦਾ ਹੈ, ਉਹ ਸੱਮਿਅਕ ਗਿਆਨ ਦੀ ਮੂਰਤ ਹੈ ਜੋ ਸਭ ਨੂੰ ਗਿਆਨ ਪ੍ਰਦਾਨ ਕਰਦੀ ਹੈ। ਉਹ ਸਰਵਸ਼੍ਰੇਸ਼ਠ ਹੈ ਅਤੇ ਜੋ ਉਸ ਨੂੰ ਜਾਣਦਾ ਹੈ ਉਹ ਕਰਮਾਂ ਦੀ ਮੈਲ ਤੋਂ ਮੁਕਤ ਹੋ ਜਾਂਦਾ ਹੈ।

ਜੈਨ ਆਗਮ ਗ੍ਰੰਥਾਂ ਵਿੱਚ ਜਿੰਨ, ਅਰਹਤ ਅਤੇ ਤੀਰਥੰਕਰ ਸ਼ਬਦਾਂ ਦਾ ਪ੍ਰਯੋਗ ਸਮਾਨ ਅਰਥਾਂ ਵਿੱਚ ਹੋਇਆ ਹੈ ਉਹ ਪੂਰਨ ਗਿਆਨੀ ਹੁੰਦੇ ਹਨ ਅਤੇ ਜਿਨ੍ਹਾਂ ਨੇ ਸੰਪੂਰਨ ਪਦਾਰਥਾਂ ਨੂੰ ਅਤੇ ਸਰਵਉੱਚ ਸੱਚ ਨੂੰ ਜਾਣ ਲਿਆ ਹੈ। ਉਹਨਾਂ ਨੇ ਸਾਰੇ ਵਿਕਾਰ ਭਾਵ ਨਸ਼ਟ ਹੋ ਗਏ ਹਨ ਅਤੇ ਉਹ ਦੂਸਰਿਆਂ ਨੂੰ ਮੁਕਤੀ ਦਾ ਰਾਹ ਵਿਖਾਉਂਦੇ ਹਨ।

ਤੀਰਥੰਕਰ ਜਾਂ ਅਰਹਤ ਦੇ 1008 ਗੁਣ ਹੁੰਦੇ ਹਨ ਉਹਨਾਂ ਨੂੰ ਪਰਿਯਆਰਥਕ ਵੀ ਕਿਹਾ ਜਾ ਸਕਦਾ ਹੈ। ਜਿਵੇਂ ਵੀਤਰਾਗ, ਸਰਵੱਗ, ਜਿੰਨ, ਬੁੱਧ, ਮੁਕਤ, ਕੇਵਲੀ ਆਦਿ। ਆਸ਼ਾਧਰ ਰਾਹੀਂ ਰਚੇ ਜਿੰਨ ਸਹੱਤਰ ਨਾਮ[165] ਵਿੱਚ ਜਿੰਨ ਦੇ ਇੱਕ ਹਜ਼ਾਰ ਅੱਠ ਨਾਵਾਂ ਦਾ ਵਰਣਨ ਮਿਲਦਾ ਹੈ। ਇਹਨਾਂ ਨਾਵਾਂ ਵਿੱਚ ਜ਼ਿਆਦਾ ਨਾਮ ਮਹਾਂਵਿਉਤਪਤੀ ਵਿੱਚ ਬੁੱਧ ਦੇ ਨਾਂ ਦੇ ਰੂਪ ਵਿੱਚ ਉਪਲਬਧ ਹਨ, ਜੈਨ ਪ੍ਰੰਪਰਾ ਦੇ ਅਨੁਸਾਰ।[166] ਜਦ ਤੀਰਥੰਕਰ ਗਰਭ ਵਿੱਚ ਆਉਂਦੇ ਹਨ ਉਹਨਾਂ ਦੀ ਉਤਪਤੀ ਹੁੰਦੀ ਹੈ, ਉਹਨਾਂ ਦੀ ਦੀਖਿਆ ਹੁੰਦੀ ਹੈ, ਜਦ ਉਹ ਬੋਧ (ਗਿਆਨ) ਪ੍ਰਾਪਤ ਕਰਦੇ ਹਨ ਅਤੇ ਜਦ ਉਹਨਾਂ ਦਾ ਨਿਰਵਾਨ ਹੁੰਦਾ ਹੈ, ਤਦ ਦੇਵੀ ਦੇਵਤੇ ਜਸ਼ਨ ਮਨਾਇਆ ਕਰਦੇ ਹਨ। ਇਹਨਾਂ ਪੰਜ ਜਸ਼ਨਾ ਨੂੰ ਜੈਨ ਪ੍ਰਭਾਸ਼ਿਕ ਸ਼ਬਦਾਬਲੀ ਪੰਜ ਮਹਾਂ ਕਲਿਆਨਕ ਕਿਹਾ ਗਿਆ ਹੈ।

ਅਸਲ ਵਿੱਚ ਅਰਹਤ ਕੇਵਲੀ, ਤੀਰਥੰਕਰ, ਬੁੱਧ ਅਤੇ ਸਿੱਧ ਇਹਨਾਂ ਵਿੱਚ ਅਧਿਆਤਮਿਕ ਅਨੁਭੂਤੀ ਦੇ ਸੰਬੰਧ ਵਿੱਚ ਕੋਈ ਫਰਕ ਨਹੀਂ ਹੈ। ਇਹ ਫਰਕ ਉਹਨਾਂ ਨੇ ਕੁੱਝ ਬਾਹਰਲੀਆਂ ਆਕ੍ਰਿਤੀਆਂ ਅਤੇ ਪ੍ਰਸਥਿਤੀਆਂ ਵਿੱਚ ਜ਼ਰੂਰ ਹੋ ਸਕਦਾ ਹੈ। ਉਹ ਸਭ ਕੇਵਲ ਗਿਆਨੀ ਹਨ ਅਤੇ ਉਹਨਾਂ ਸਾਰਿਆਂ ਨੇ ਮੁਕਤੀ ਪ੍ਰਾਪਤ ਕਰ ਲਈ ਹੈ।[167] ਜਿਵੇਂ ਹਰੀ ਭੱਦਰ ਸੂਰੀ ਨੇ ਕਿਹਾ ਹੈ ਕਿਉਂਕਿ ਨਿਰਵਾਨ ਪ੍ਰਾਪਤ ਕਰਨ ਵਾਲੇ ਨੂੰ ਮੁਕਤ, ਬੁੱਧ ਜਾਂ ਅਰਹਤ ਕਿਹਾ ਗਿਆ ਹੈ ਪਰ ਉਹ ਸਭ ਪਰਮਾਤਮਾ ਹਨ ਫਰਕ ਹੈ ਸਿਰਫ ਪਰਿਭਾਸ਼ਤ ਸ਼ਬਦਾਂ ਦਾ।[168]

## ਸਿੱਧ

ਜਦ ਆਤਮਾ ਪੂਰਨ ਰੂਪ ਵਿੱਚ ਕਰਮਾਂ ਤੋਂ ਮੁਕਤ ਹੋ ਜਾਂਦੀ ਹੈ ਸੰਸਾਰ ਦੇ ਅਗਰ (ਉੱਪਰਲੇ) ਭਾਗ ‘ਤੇ ਪਹੁੰਚ ਜਾਂਦੀ ਹੈ, ਸੰਸਾਰ ਦੇ ਸਾਰੇ ਪਦਾਰਥਾਂ ਨੂੰ ਜਾਣਨ ਵੇਖਣ ਲੱਗਦੀ ਹੈ, ਅਨੰਤ ਚਤੁਸ਼ਟਯ ਨਾਲ ਸੰਪਨ ਹੋ ਜਾਂਦੀ ਹੈ ਤਦ ਉਸ ਨੂੰ ਸਿੱਧ ਕਿਹਾ ਜਾਂਦਾ ਹੈ।[169] ਉਹਨਾਂ ਦੇ ਅੱਠ ਗੁਣ ਹਨ, ਪੂਰਨ ਗਿਆਨ, ਪੂਰਨ ਦਰਸ਼ਨ, ਪੂਰਨ ਸੁੱਖ, ਪੂਰਨ ਵੀਰਜ, ਅਵਯਵਾਧ (ਰੁਕਾਵਟ ਰਹਿਤ), ਅਵਗਾਹਨ, ਸੂਖਮ ਤੱਤਵ ਅਤੇ ਅਗਰੂਲਘੂ ਤੱਤਵ।[170]

ਜੋ ਆਤਮਾ ਸਿੱਧ ਅਵਸਥਾ ਨੂੰ ਪ੍ਰਾਪਤ ਕਰ ਲੈਂਦੀ ਹੈ ਉਹ ਸਿੱਧ ਸ਼ਿਲਾ ਤੇ ਪਹੁੰਚ ਜਾਂਦੀ ਹੈ, ਇਹ ਸਿਧਾਂ ਦਾ ਇੱਕ ਅਜਿਹਾ ਸਥਾਨ ਹੈ ਜਿੱਥੇ ਨਾ ਜਨਮ ਹੈ, ਨਾ ਮੌਤ, ਨਾ ਬੁੱਢਾਪਾ, ਨਾ ਭੈ, ਨਾ ਲਗਾਉ, ਨਾ ਇੱਛਾ, ਨਾ ਦੁੱਖ ਹੈ ਅਤੇ ਨਾ ਰੋਗ ਆਦਿ ਹੈ।[171] ਇਸ ਅਵਸਥਾ ਦੇ ਕਾਰਨ ਕਾਰਜ ਵਾਦ ਵੀ ਨਹੀਂ ਲਗਾਇਆ ਜਾ ਸਕਦਾ ਕਿਉਂਕਿ ਸਿੱਧ ਨਾ ਤਾਂ ਇਸ ਚੀਜ਼ ਨੂੰ ਪੈਦਾ ਕਰਦੇ ਹਨ ਅਤੇ ਨਾ ਕਿਸੇ ਤੋਂ ਉਤਪੰਨ ਹੁੰਦੇ ਹਨ, ਨਾਂਹ ਪੱਖੀ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਉੱਥੇ ਨਾ ਦੁੱਖ ਹੈ, ਨਾ ਸੁੱਖ ਹੈ, ਨਾ ਬੁੱਢਾਪਾ ਹੈ, ਨਾ ਮੌਤ ਹੈ, ਨਾ ਸ਼ੁਭ ਕਰਮ ਹੈ, ਨਾ ਅਸ਼ੁਭ ਕਰਮ ਹੈ, ਨਾ ਰੁਕਾਵਟ ਹੈ, ਨਾ ਮਾੜਾ ਸਮਾਂ, ਨਾ ਮੋਹ, ਦੁੱਖ, ਇੱਛਾ, ਭੁੱਖ ਆਦਿ ਹੈ। ਹਾਂ ਪੱਖੀ ਰੂਪ ਵਿੱਚ ਆਖਣ ਤੇ ਇਹ ਕਿਹਾ ਜਾ ਸਕਦਾ ਹੈ ਕਿ ਉੱਥੇ ਪੂਰਨ ਗਿਆਨ, ਦਰਸ਼ਨ, ਚਤੁਸ਼ਟਯ ਗੁਣ ਹੈ ਅਤੇ ਅਮੂਰਤ ਅਵਸਥਾ ਹੈ।[172]

ਸਿੱਧਾਂ ਦੇ ਸਵਰੂਪ ਦੀ ਵਿਆਖਿਆ ਕਰਨਾ ਸਰਲ ਨਹੀਂ ਹੈ ਜਿਵੇਂ ਅਸੀਂ ਪਿੱਛੇ ਲਿਖ ਚੁੱਕੇ ਹਾਂ ਅਚਾਰਾਂਗ ਸੂਤਰ ਵਿੱਚ ਇਸ ਅਵਸਥਾ ਵਿੱਚ ਰੂਪ ਗੰਧ, ਸਪਰਸ਼ ਨਹੀਂ ਮੰਨਿਆ ਗਿਆ ਅਤੇ ਇਸ ਸਵਰੂਪ ਨੂੰ ਅਵਕਤਵਯ (ਨਾ ਆਖਿਆ ਜਾਣ ਵਾਲਾ ਕਿਹਾ ਗਿਆ ਹੈ)[173]

## ਸਿੱਧ ਦੀ ਪਰਿਭਾਸ਼ਾ

ਸਿੱਧ ਦੀ ਪਰਿਭਾਸ਼ਾ ਸ਼੍ਰੇਣੀ ਵੀਰਹਿਤ (ਵਿਆਖਿਆ ਰਹਿਤ) ਹੈ। ਪਰ ਉਹ ਹਮੇਸ਼ਾਂ ਅਨੰਤ ਚਤੁਸ਼ਟਯ ਦਾ ਉਪਭੋਗ ਕਰਦਾ ਹੈ, ਸਿੱਧ ਦੀ ਪ੍ਰਾਪਤੀ ਦਾ ਅਰਥ ਹੈ ਆਤਮਾ ਦੀ ਪਰਮ ਵਿਸ਼ੁੱਧ ਅਵਸਥਾ ਦੀ ਪ੍ਰਾਪਤੀ ਜਿੱਥੇ ਸੰਸਾਰਕ ਦੁੱਖਾਂ ਦਾ ਪੂਰਨ ਰੂਪ ਵਿੱਚ ਅਭਾਵ ਰਹਿੰਦਾ ਹੈ, ਇਹ ਪਰਮ ਆਨੰਦ ਅਵਸਥਾ ਹੈ ਜੋ ਕਰਮਾਂ ਦੇ ਨਿਰਜੀਰਨ (ਕਮਜੋਰ) ਹੋ ਜਾਣ ਤੇ ਹੁੰਦੀ ਹੈ। ਇੱਥੇ ਅਵਿਦਿਆ ਅਤੇ ਕ੍ਰੋਧ ਆਦਿ ਵਿਕਾਰ ਨਹੀਂ ਹੁੰਦੇ।

ਹਰ ਮੁਕਤ ਆਤਮਾ ਗਿਆਨ ਆਦਿ ਗੁਣਾਂ ਦੀ ਦ੍ਰਿਸ਼ਟੀ ਤੋਂ ਇੱਕ ਸਮਾਨ ਹੈ। ਪਰ ਉਸ ਵਿੱਚ ਫਰਕ ਦ੍ਰਵ, ਖੇਤਰ, ਕਾਲ, ਭਾਵ ਆਦਿ ਦੀ ਦ੍ਰਿਸ਼ਟੀ ਤੋਂ ਮੰਨਿਆ ਜਾਂਦਾ ਹੈ। ਇਹ ਫਰਕ 15 ਪ੍ਰਕਾਰ ਦੀਆਂ ਸਿੱਧ ਅਵਸਥਾਵਾਂ ਦੇ ਰੂਪ ਵਿੱਚ ਸਮਝਿਆ ਜਾ ਸਕਦਾ ਹੈ।

1. ਤੀਰਥ ਸਿੱਧ - ਤੀਰਥੰਕਰ ਦੇ ਤੀਰਥ ਸਥਾਪਨਾ ਤੋਂ ਬਾਅਦ ਜੋ ਸਿੱਧ ਹੋਏ ਉਹ ਉਹਨਾਂ ਨੂੰ ਤੀਰਥ ਸਿੱਧ ਆਖਦੇ ਹਨ, ਜਿਵੇਂ ਗਨਧਰ ਗੌਤਮ ਆਦਿ।
2. ਅਤੀਰਥ ਸਿੱਧ - ਤੀਰਥ ਸਥਾਪਨਾ ਤੋਂ ਪਹਿਲਾਂ ਅਤੇ ਤੀਰਥ ਦੇ ਖਤਮ ਹੋਣ ਤੋਂ ਬਾਅਦ ਸਿੱਧ ਹੋਏ ਅਤੀਰਥ ਸਿੱਧ ਅਖਵਾਉਂਦੇ ਹਨ, ਜਿਵੇਂ ਮਰੂਦੇਵੀ ਆਦਿ।
3. ਤੀਰਥੰਕਰ ਸਿੱਧ - ਜੋ ਤੀਰਥੰਕਰ ਹੋ ਕੇ ਸਾਧੂ ਸਾਧਵੀ ਸ਼੍ਰਾਵਕ ਸ਼੍ਰਾਵਿਕਾ ਰੂਪੀ ਤੀਰਥ ਦੀ ਸਥਾਪਨਾ ਕਰਦੇ ਹਨ। ਉਹ ਤੀਰਥੰਕਰ ਸਿੱਧ ਅਖਵਾਉਂਦੇ ਹਨ, ਜਿਵੇਂ ਤੀਰਥੰਕਰ ਰਿਸ਼ਭ ਦੇਵ ਆਦਿ।
4. ਅਤੀਰਥੰਕਰ ਸਿੱਧ - ਜੋ ਆਮ ਕੇਵਲੀ ਹੋ ਕੇ ਸਿੱਧ ਹੋਇਆ ਉਹਨਾਂ ਨੂੰ ਅਤੀਰਥੰਕਰ ਸਿੱਧ ਆਖਦੇ ਹਨ, ਜਿਵੇਂ ਗਨਧਰ ਗੌਤਮ।

5. ਸਵਯਬੁੱਧ ਸਿੱਧ – ਜੋ ਖੁਦ ਜਾਤੀ ਸਿਮਰਨ (ਪਿਛਲੇ ਜਨਮ ਦਾ ਗਿਆਨ) ਆਦਿ ਤੋਂ ਤੱਤਵ ਜਾਣਕੇ ਸਿੱਧ ਹੋਏ ਹਨ, ਜਿਵੇਂ ਮਿਰਗਾਪੁੱਤਰ।
6. ਪ੍ਰਤੇਯਕਬੁੱਧ ਸਿੱਧ – ਜੋ ਬਾਹਰਲੇ ਕਾਰਨਾ ਤੋਂ ਪ੍ਰੇਰਨਾ ਲੈ ਕੇ ਬੋਧੀ ਪ੍ਰਾਪਤ ਕਰਕੇ ਸਿੱਧ ਹੋਏ ਹਨ।
7. ਬੁੱਧ ਬੋਧਿਤ ਸਿੱਧ – ਜੋ ਧਰਮ ਅਚਾਰੀਆ ਆਦਿ ਤੋਂ ਬੋਧ ਪ੍ਰਾਪਤ ਕਰਕੇ ਸਿੱਧ ਹੋਏ ਹਨ, ਜਿਵੇਂ ਵੀਰਕੁਮਾਰ।
8. ਸਵੈਲਿੰਗੀ ਸਿੱਧ – ਜੋ ਮੁਨੀ ਲਿੰਗ (ਭੇਖ) ਵਿੱਚ ਸਿੱਧ ਹੋਏ ਹਨ ਜਿਵੇਂ ਆਦੀਨਾਥ ਭਗਵਾਨ ਦੇ ਦਸ ਹਜ਼ਾਰ ਮੁਨੀ।
9. ਅਨਯਲਿੰਗੀ ਸਿੱਧ – ਜੋ ਦੂਸਰੇ ਧਰਮਾਂ ਦੇ ਸੰਨਿਆਸੀ ਆਦਿ ਸਿੱਧ ਹੋਏ ਹਨ, ਜਿਵੇਂ ਸ਼ਿਵ ਰਾਜ ਰਿਸ਼ੀ ਆਦਿ।
10. ਗ੍ਰਹਿ ਲਿੰਗੀ ਸਿੱਧ – ਜੋ ਗ੍ਰਹਿਸਥ ਲਿੰਗ ਵਿੱਚ ਸਿੱਧ ਹੋਏ ਹਨ, ਜਿਵੇਂ ਨਾਗਿਲ, ਮਾਤਾ ਮਰੂ ਦੇਵੀ ਆਦਿ।
11. ਇਸਤਰੀ ਲਿੰਗ ਸਿੱਧ – ਜੋ ਇਸਤਰੀ ਦੇ ਸਰੀਰ ਤੋਂ ਸਿੱਧ ਹੋਏ ਹਨ, ਜਿਵੇਂ ਚੰਦਨ ਬਾਲਾ, ਮਾਤਾ ਮਰੂ ਦੇਵੀ ਆਦਿ।
12. ਪੁਰਸ਼ ਲਿੰਗੀ ਸਿੱਧ – ਜੋ ਪੁਰਸ਼ ਲਿੰਗ ਵਿੱਚ ਸਿੱਧ ਹੋਏ ਹਨ, ਜਿਵੇਂ ਗਨਧਰ ਆਦਿ।
13. ਨਪੁੰਸਕ ਲਿੰਗ ਸਿੱਧ – ਜੋ ਨਪੁੰਸਕ ਸਰੀਰ ਤੋਂ ਸਿੱਧ ਹੋਏ ਹਨ, ਜਿਵੇਂ ਗਾਂਗੇਯ ਅਨਗਾਰ ਆਦਿ।
14. ਇੱਕ ਸਮੇਂ ਸਿੱਧ – ਜੋ ਇੱਕ ਸਮੇਂ ਵਿੱਚ ਇੱਕਲੇ ਸਿੱਧ ਹੋਏ ਹਨ, ਜਿਵੇਂ ਮਹਾਵੀਰ ਆਦਿ।
15. ਅਨੇਕ ਸਮੇਂ ਸਿੱਧ – ਇੱਕ ਸਮੇਂ ਵਿੱਚ ਅਨੇਕ ਸਿੱਧ ਹੋਏ ਹਨ, ਇੱਕ ਸਮੇਂ ਵਿੱਚ ਇੱਕ ਤੋਂ ਲੈ ਕੇ 97 ਸਿੱਧ ਹੋ ਸਕਦੇ ਹਨ।[174]

ਜੈਨ ਧਰਮ ਵਿੱਚ ਜੀਵ ਜਾਂ ਆਤਮਾ ਨੂੰ ਸਰਵ ਉੱਚ ਅਵਸਥਾ ਪ੍ਰਾਪਤ ਕਰਨ ਦਾ ਗੁਣ ਮਿਲਿਆ ਹੈ, ਮੁਕਤੀ ਪ੍ਰਾਪਤ ਕਰਨਾ ਉਸ ਦਾ ਸਭਾਵਿਕ ਗੁਣ ਹੈ ਆਤਮਾ ਜਦ ਅਵਿਦਿਆ ਨਾਲ ਜੁੜਿਆ ਹੁੰਦਾ ਹੈ ਤਾਂ ਕਰਮ ਪੁਦਗਲਾਂ

ਕਾਰਨ ਸੰਸਾਰ ਵਿੱਚ ਭਟਕਦਾ ਹੈ। ਜਦ ਅਵਿਦਿਆ ਦੀ ਗੱਠ ਕਟਦੀ ਹੈ ਅਤੇ ਸਾਰੇ ਕਰਮ ਨਸ਼ਟ ਹੁੰਦੇ ਹਨ, ਤਾਂ ਉਹ ਸਿੱਧ ਹੋ ਜਾਂਦਾ ਹੈ। ਸਾਧਕ ਆਤਮਾ ਕਿਸੇ ਅਰਹਤ ਜਾਂ ਸਿੱਧ ਤੋਂ ਕੋਈ ਕ੍ਰਿਪਾ ਜਾਂ ਮਿਹਰ ਨਹੀਂ ਪਾਉਂਦਾ ਸਗੋਂ ਉਹ ਅਪਣੇ ਖੁਦ ਦੇ ਪੁਰਸ਼ਾਰਥ ਅਤੇ ਗਿਆਨ ਨਾਲ ਪੂਰਨਤਾ ਨੂੰ ਪ੍ਰਾਪਤ ਕਰਦਾ ਹੈ, ਜਿਵੇਂ ਡਾ: ਏ. ਐਨ. ਉਪਾਦਯ ਨੇ ਕਿਹਾ ਹੈ ਕਿ ਅਰਹਤ, ਸਿੱਧ ਜਾਂ ਕੋਈ ਵੀ ਸੰਸਾਰ ਦੀ ਉਤਪਤੀ, ਸਥਿਤੀ ਅਤੇ ਵਿਨਾਸ਼ ਲਈ ਜ਼ਿੰਮੇਵਾਰ ਨਹੀਂ ਹਨ। ਸਾਧਕ ਨਾ ਵਰਦਾਨ ਪਾਉਂਦਾ ਹੈ, ਅਤੇ ਨਾ ਕ੍ਰਿਪਾ ਅਤੇ ਨਾ ਉਹ ਕਿਸੇ ਮਾੜੇ ਸਮੇਂ ਆਦਿ ਤੋਂ ਕਿਸੇ ਨੂੰ ਬਚਾਉਂਦਾ ਹੈ। ਸਾਧਕ ਆਤਮਾਵਾਂ ਉਸ ਦੀ ਪ੍ਰਾਥਨਾ ਕਰਦੀ ਹੈ, ਪੂਜਾ ਕਰਦੀ ਹੈ ਅਤੇ ਮਾਰਗ ਦਰਸ਼ਕ ਦੇ ਰੂਪ ਵਿੱਚ ਉਹਨਾਂ ਦੇ ਆਦਰਸ਼ ਨੂੰ ਸਾਹਮਣੇ ਰੱਖਦੇ ਹਨ, ਇਸ ਉਦੇਸ਼ ਤੋਂ ਕਿ ਉਹ ਵੀ ਉਹਨਾਂ ਜਿਹੀ ਸਾਧਨਾ ਕਰਕੇ ਪੂਰਨਤਾ ਨੂੰ ਪ੍ਰਾਪਤ ਕਰ ਸਕਣ।[175]

ਸਾਰ ਦੇ ਰੂਪ ਵਿੱਚ ਅਸੀਂ ਸਿੱਧਾਂ ਦੀਆਂ ਵਿਸ਼ੇਸ਼ਤਾਵਾਂ ਹੇਠ ਲਿਖੇ ਰੂਪ ਵਿੱਚ ਰੱਖ ਸਕਦੇ ਹਾਂ:

1. ਖਰਮਾ ਤੋਂ ਮੁਤਕ ਹੋ ਕੇ ਆਤਮਾ ਸਿੱਧ ਸ਼ਿਲਾ ਤੇ ਪਹੁੰਚਦਾ ਹੈ, ਜਿੱਥੇ ਉਹ ਇੱਕ ਸਮੇਂ ਵਿੱਚ ਪਹੁੰਚ ਜਾਂਦਾ ਹੈ। ਧਰਮਆਸਤੀ ਕਾਇਆ ਨਾ ਹੋਣ ਕਾਰਨ ਉਹ ਆਤਮਾ ਸਿੱਧ ਸ਼ਿਲਾ ਦੇ ਉੱਪਰ ਨਹੀਂ ਜਾ ਪਾਉਂਦਾ ਹੈ।
2. ਅਗਨੀ ਸ਼ਿਖਾ (ਧੂਆਂ) ਅਤੇ ਅਰਿੰਡ ਦੇ ਬੀਜ ਦੀ ਤਰ੍ਹਾਂ ਮੁਕਤ ਆਤਮਾ ਸੰਸਾਰ ਦੇ ਅਗਰ (ਅੰਤਮ) ਭਾਗ ਤੇ ਪਹੁੰਚਦਾ ਹੈ ਅਤੇ ਫੇਰ ਕਦੇ ਸੰਸਾਰ ਵਿੱਚ ਵਾਪਸ ਨਹੀਂ ਆਉਂਦੇ ਹਨ।
3. ਪ੍ਰਤੇਯਕ ਸਿੱਧ ਨਿੱਤ ਹੋਣ ਕਾਰਨ ਆਪਣੀ ਸੁਤੰਤਰ ਹੋਂਦ ਨੂੰ ਬਣਾ ਕੇ ਰੱਖਦਾ ਹੈ, ਇਸ ਦਾ ਅਰਥ ਹੈ ਕਿ ਜੈਨ ਧਰਮ ਇਹ ਨਹੀਂ ਮੰਨਦਾ ਕਿ ਆਤਮਾ ਦ੍ਰਵ ਵਿੱਚ ਸਮਾ ਜਾਂਦਾ ਹੈ।
4. ਇੱਕ ਮੁਕਤ ਆਤਮਾ ਅਕਾਸ਼ ਨੂੰ ਧਾਰਨ ਕਰਦਾ ਹੈ।
5. ਹੋਂਦ ਦੀਆਂ ਚਾਰ ਅਵਸਥਾਵਾਂ ਵਿੱਚੋਂ ਜਾਂ ਚਾਰ ਗਤੀਆਂ ਵਿੱਚੋਂ ਮਨੁੱਖ ਗਤੀ ਦੇ ਜੀਵ ਹੀ ਸਿੱਧ ਗਤੀ ਨੂੰ ਪ੍ਰਾਪਤ ਕਰਦੇ ਹਨ।

6. ਸ਼ੁਕਲ ਧਿਆਨ ਦੇ ਰਾਹੀਂ ਪ੍ਰਾਣੀ ਕੇਵਲ ਗਿਆਨ ਅਤੇ ਮੁਕਤੀ ਪ੍ਰਾਪਤ ਕਰਦੇ ਹਨ, ਇਸ ਨੂੰ ਇੰਦਰੀਆਂ ਦੇ ਰਾਹੀਂ ਜਾਣਿਆ ਨਹੀਂ ਜਾ ਸਕਦਾ ਅਤੇ ਨਾ ਹੀ ਆਗਮ ਗਿਆਨ ਦੇ ਰਾਹੀਂ ਇਹ ਜਾਣਕਾਰੀ ਦਾ ਵਿਸ਼ੇ ਹੈ।
7. ਸਿੱਧ ਗੁਣ, ਔਗੁਣਾਂ ਤੋਂ ਪਰੇ ਹਨ, ਉਹ ਅਸੀਮਤ ਗਿਆਨ, ਪ੍ਰੇਰਨਾ, ਸ਼ਕਤੀ ਆਦਿ ਦਾ ਸਵਰੂਪ ਹਨ।

ਹਵਾਲੇ:

1. ਨੌਂ ਤੱਤਵਾਂ ਦਾ ਪ੍ਰੰਪਰਾਗਤ ਵਰਣਨ ਤੱਤਵਾਰਥ ਸੂਤਰ ਅਤੇ ਉਸ ਦੀਆਂ ਵਿਆਖਿਆਵਾਂ ਸਰਵਾਰਥ ਸਿੱਧੀ ਅਤੇ ਤੱਤਵਾਰਥ ਰਾਜਵਾਰਤਿਕ ਵਿੱਚ ਮਿਲਦਾ ਹੈ, ਆਧੁਨਿਕ ਚਰਚਾ ਦੇ ਲਈ ਵੇਖੋ ਐਚ. ਐਸ. ਭੱਟਾਚਾਰਿਆ; ਰੀਅਲਸ ਇਨ ਜੈਨ ਮੈਟਾਫਜ਼ੀਕਸ ਅਤੇ ਜੇ. ਐਲ. ਜੈਨੀ, ਆਉਟਲਾਈਨਜ਼ ਆਫ ਜੈਨਇਜ਼ਮ ਪੰਨਾ, 36 ਤੋਂ 53
2. ਸੂਤਰਕ੍ਰਿਤਾਂਗ 1-1-1
3. ਤੱਤਵਾਰਥ ਸੂਤਰ 3 - 1, ਸਮਵਾਯਾਂਗ 5
4. ਵਿਸ਼ੁੱਧੀਮੱਘ 22.53
5. ਸਰਵਾਰਥ ਸਿੱਧੀ 8.1
6. ਕਰਮ ਗ੍ਰੰਥ ਭਾਗ ਚਾਰ 51
7. ਤੱਤਵਾਰਥ ਸੂਤਰ 6.1-2
8. ਸਮਯਸਾਰ, 167
9. ਰਾਜਵਾਰਤਿਕ, 1.4-17
10. ਦ੍ਰਵਯ ਸੰਗ੍ਰਹਿ 32, ਪ੍ਰਵਚਨਸਾਰ 83 - 84, ਸਰਵਾਰਥ ਸਿੱਧੀ, 14
11. ਦ੍ਰਵਯ ਸੰਗ੍ਰਹਿ ਟੀਕਾ 33,
12. ਤੱਤਵਾਰਥ, ਰਾਜਵਾਰਤਿਕ, 6.4.5
13. ਸਰਵਾਰਥ ਸਿੱਧੀ 6.5
14. ਸਮਯਸਾਰ 146
15. ਪ੍ਰਵਚਨਸਾਰ 19, 2.68.88.89
16. ਪਰਮਾਤਮ ਪ੍ਰਕਾਸ਼ 2.63
17. ਪ੍ਰਵਚਨਸਾਰ 2.55
18. ਉਹੀ 11
19. ਤੱਤਵਾਰਥ ਸੂਤਰ 1.1, ਸਮਯਸਾਰ 4.10, ਸਥਾਨਾਂਗ ਸੂਤਰ 3.4.194, ਉੱਤਰਾਧਿਐਨ ਸੂਤਰ 28, 1 - 3,

20. ਤੱਤਵਾਰਥ ਸੂਤਰ 1.2, ਪੰਚਾਸਤੀ ਕਾਇਆ 164, ਪ੍ਰਵਚਨਸਾਰ 137, ਉੱਤਰਾਧਿਐਨ ਸੂਤਰ 28.15
21. ਤੱਤਵਾਰਥ ਸੂਤਰ 1.3,
22. ਨੱਥਮਲ ਟਾਟੀਆ, ਸੱਟਡੀਜ਼ ਇਨ ਜੈਨ ਫਿਲਾਸਫੀ ਪੰਨਾ 149,
23. ਸੰਮਤ ਭੱਦਰ ਦਾ ਰਤਨ ਕਰੰਡ ਸ਼੍ਰਾਵਕਾਚਾਰ, ਸੀ. ਆਰ. ਜੈਨ. ਪੰਨਾ 6 - 12,
24. ਉਹੀ ਪਦ 25
25. ਉਹੀ ਪੰਨਾ 11 - 18, ਉੱਤਰਾਧਿਐਨ ਸੂਤਰ 28.31, ਮੂਲਾਚਾਰ 20
26. ਉਹੀ 28 - 16
27. ਦਰਸ਼ਨ ਪਾਹੁੜ ਗਾਥਾ 19,
28. ਮੋਕਖ ਪਾਹੁੜ 90
29. ਨਿਯਮਸਾਰ 5
30. ਉੱਤਰਾਧਿਐਨ ਸੂਤਰ 28, 14 - 15, ਧੱਵਲਾ 1.1.1 144
31. ਅਮਿਤ ਗਤੀ ਸ਼੍ਰਾਵਕਾਚਾਰ 3
32. ਵਸੂਨੰਦੀ ਸ਼੍ਰਾਵਕਾਚਾਰ 1 - 17
33. ਦ੍ਰਵ ਸੰਗ੍ਰਹਿ 44
34. ਪੁਰਸ਼ਾਰਥ ਸਿੱਧੀ ਪਾਏ 22
35. ਸਮਯਸਾਰ 177
36. ਮਹਾਂਪੁਰਾਣ 21 - 97
37. ਤੱਤਵਾਰਥ ਸੂਤਰ 7 - 23
38. ਸਰਵਾਰਥ ਸਿੱਧੀ 1.2
39. ਰਾਜਵਾਰਤਿਕ 1.7.14, ਸਰਵਾਰਥ ਸਿੱਧੀ 1.7
40. ਪੰਚਾਅਧਿਆਈ 386,
41. ਰਾਜਵਾਰਤਿਕ 1.1.60
42. ਪੰਚਾਸਤੀਕਾਯ 162
43. ਭਗਵਤੀ ਅਰਾਧਨਾ 736 - 739, ਮੋਕਖ ਪਾਹੁੜ 39

44. ਕਟਿਗੇਯਾਣੂਪੇਕਖਾ 325 - 326
45. ਪਰਮਾਤਮ ਪ੍ਰਕਾਸ਼ 2 - 15
46. ਸਮਯਸਾਰ 15 - 16
47. ਉੱਤਰਾਧਿਐਨ ਸੂਤਰ 28 - 30
48. ਸੂਤਰਕ੍ਰਿਤਾਂਗ 1.11.23
49. ਰਤਨ ਕਰੰਡ ਸ਼੍ਰਾਵਕਾਚਾਰ 36.40
50. ਉਹੀ 42
51. ਉੱਤਰਾਧਿਐਨ ਸੂਤਰ 28.4
52. ਪੁਰਸ਼ਾਰਥ ਸਿੱਧੀਪਾਏ 36, ਦ੍ਰਵ ਸੰਗ੍ਰਹਿ 42
53. ਰਾਜਵਾਰਤਿਕ 1.29
54. ਤੱਤਵਾਰਥ ਸੂਤਰ 10.1, ਉੱਤਰਾਧਿਐਨ ਸੂਤਰ 29.71
55. ਆਉਟਲਾਈਨਜ਼ ਆਫ ਜੈਨ ਫਿਲਾਸਫੀ ਪੰਨਾ 100
56. ਆਚਾਰਾਂਗ ਸੂਤਰ 1.3 - 4
57. ਪੰਚਾਸਤੀਕਾਯ 29
58. ਐਚ. ਆਰ. ਕਾਪੜੀਆ, ਦੀ ਜੈਨ ਰਿਲੀਜਨ ਐਂਡ ਲਿਟਰੇਚਰ ਵੋਲੀਅਮ 1, ਪੰਨਾ, 104
59. ਪੰਚਾਸਤੀਕਾਯ 166
60. ਸਰਵਾਰਥ ਸਿੱਧੀ 2 - 9
61. ਤੱਤਵਾਰਥ ਸੂਤਰ ਭਾਸ਼ਯ ਟੀਕਾ 1 - 31
62. ਨਿਯਮਸਾਰ 159 - 160
63. ਸਨਮਤੀ ਤਰਕ ਪ੍ਰਕਰਨ 2.3.22, ਆਪਤਮੀਮਾਂਸਾ (ਸਮੰਤ ਭੱਦਰ) 101, ਦ੍ਰਵ ਸੰਗ੍ਰਹਿ 44, ਨੱਥਮਲ ਟਾਟੀਆ ਸਟੱਡੀਜ਼ ਇਨ ਜੈਨ ਫਿਲਾਸਫੀ ਪੰਨਾ 77 - 78
64. ਉੱਤਰਾਧਿਐਨ 28.30, 35 - 36, ਸੂਤਰਕ੍ਰਿਤਾਂਗ 1-12-1, ਵਿਸ਼ੇਸ਼ਕ ਅਵੱਸ਼ਕ ਭਾਸ਼ਯ 2 - 1126, 1158
65. ਨਿਯਮਸਾਰ 55

66. ਰਤਨ ਕਰੰਡ ਸ਼੍ਰਾਵਕਾਚਾਰ 50, ਪੁਰਸ਼ਾਰਥ ਸਿੱਧੀਪਾਏ 40
67. ਪ੍ਰਵਚਨਸਾਰ 3.40, ਨਿਯਮਸਾਰ 70
68. ਪ੍ਰਵਚਨਸਾਰ 3 - 42
69. ਉਪਾਸਕਦਸ਼ਾਂਗਸੂਤਰ 1.11, ਰਤਨ ਕਰੰਡ ਸ਼੍ਰਾਵਕਾਚਾਰ 51, ਤੱਤਵਾਰਥ ਸੂਤਰ 7.21
70. ਵੇਖੋ ਵਿਲੀਅਮ ਜੇਮਜ਼ ਜੈਨਾ ਯੋਗਾ
71. ਰਤਨ ਕਰੰਡ ਸ਼੍ਰਾਵਕਾਚਾਰ 66
72. ਉਹੀ 67
73. ਉਹੀ 70
74. ਤੱਤਵਾਰਥ ਸੂਤਰ 7.3-5 ਸਮਭਾਸ਼ਯ
75. ਤੱਤਵਾਰਥ ਰਾਜਵਾਰਤਿਕ, 7, 10 - 12
76. ਸਮਯਸਾਰ 16, ਦ੍ਰਵ ਸੰਗ੍ਰਹਿ 40
77. ਪ੍ਰਵਚਨਸਾਰ 1.7
78. ਦ੍ਰਵ ਸੰਗ੍ਰਹਿ 34
79. ਤੱਤਵਾਰਥ ਸੂਤਰ 9.9, ਦ੍ਰਵ ਸੰਗ੍ਰਹਿ ਗਾਥਾ 35
80. ਤੱਤਵਾਰਥ ਸੂਤਰ 7.2-4
81. ਉਹੀ 9, 18
82. ਉਹੀ 9, 21-26, ਵਿਆਖਿਆਪ੍ਰਗਿਅਪਤੀ 25.7.802
83. ਯੋਗ ਸ਼ਾਸਤਰ 4.114
84. ਪੰਚਾਸਤੀਕਾਯ 146
85. ਤੱਤਵਾਰਥ ਰਾਜਵਾਰਤਿਕ 9.44. ਸਥਾਨਾਂਗ ਸੂਤਰ 9.2.283
86. ਉਹੀ 9.36, ਗਿਆਨਾਰਬ 33.5. ਵਿਆਖਿਆ ਪ੍ਰਗਿਅਪਤੀ 25.7.803
87. ਗਿਆਨਾਰਬ 37-1
88. ਉਹੀ 41, 16 - 17
89. ਸਰਵਾਰਥ ਸਿੱਧੀ 9.41

90. ਉਹੀ 9.40
91. ਉਹੀ 9.43
92. ਉਹੀ 9.43
93. ਸਰਵਾਰਥ ਸਿੱਧੀ 9.44
94. ਉਹੀ
95. ਧਿਆਨਸ਼ਤਕ, 69. ਨਥਮਲ ਟਾਟੀਆ, ਸੱਟਡੀਜ਼ ਇਨ ਜੈਨ ਫਿਲਾਸਫੀ ਪੰਨਾ 291,
96. ਗੋਮਟਸਾਰ (ਜੀਵ ਕਾਂਡ) 8
97. ਵਿਸ਼ੇਸ਼ਕਅਵਸ਼ਕ ਭਾਸ਼ਯ 1204 – 1217 ਵੇਖੋ ਕਲਘਟਗੀ ਸਮ ਪ੍ਰਾਬਲਮਜ ਇਨ ਜੈਨ ਸਾਈਕਾਲੋਜੀ, ਪੰਨਾ 152
98. ਸ਼ਟਖੰਡ ਆਗਮ ਭਾਗ 5, ਪੰਨਾ 222
99. ਵੇਖੋ ਦਿਆਨੰਦ ਭਾਰਗਵ ਜੈਨ ਏਥਿਕਸ, ਪੰਨਾ 120
100. ਲੱਬਧੀਸਾਰ 3-7, ਕਲਘਟਗੀ ਸਮ ਪ੍ਰਾਬਲਮਜ਼ ਇਨ ਜੈਨ ਸਾਈਕਾਲੋਜੀ, ਪੰਨਾ 153
101. ਵਿਸ਼ੇਸ਼ਕ ਅਵਸ਼ਕ ਭਾਸ਼ਯ 521
102. ਨਥਮਲ ਟਾਟੀਆ, ਸਟੱਡੀਜ਼ ਇਨ ਜੈਨ ਫਿਲਾਸਫੀ, ਪੰਨਾ 278,
103. ਗੁਣ ਸਥਾਨ ਪ੍ਰਕਰਨ ਲਈ ਵੇਖੋ ਗੋਮਟਸਾਰ (ਜੀਵ ਕਾਂਡ) ਗਾਥਾ 9 – 65
104. ਆਰ. ਵਿਲਿਅਮ ਜੈਨ ਯੋਗ, ਪੰਨਾ 172 – 173
105. ਰਤਨ ਕਰੰਡ ਸ਼੍ਰਾਵਕਾਚਾਰ 137 – 147, ਚਰਿੱਤਰ ਪਾਹੁੜ 22, ਵਸੂਨੰਦੀ ਸ਼੍ਰਾਵਕਾਚਾਰ 4, ਉਵਾਸਗਦਸਾਔ 70
106. ਯੋਗਵਿੰਸ਼ਿਕਾ 1 – 2, ਅਭਿਧਾਨ ਚਿੰਤਾਮਨੀ (1.77) ਵਿੱਚ ਯੋਗ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਗਈ ਹੈ – ਮੋਕਸ਼ ਪ੍ਰਾਪਤੀ ਦਾ ਸਾਧਨ ਯੋਗ ਹੈ, ਜਿਸ ਵਿੱਚ ਗਿਆਨ ਦਰਸ਼ਨ ਅਤੇ ਚਰਿੱਤਰ ਸ਼ਾਮਲ ਹਨ।
107. ਉਹੀ 4

108. ਉਹੀ 18
109. ਯੋਗਬਿੰਦੂ 17 - 18
110. ਉਹੀ 6
111. ਉਹੀ 37 - 38
112. ਉਹੀ 41
113. ਉਹੀ 31
114. ਉਹੀ 359 - 367
115. ਉਹੀ 72
116. ਯੋਗਦ੍ਰਿਸ਼ਟੀ ਸਮੁਚਯ 3 - 5
117. ਉਹੀ 9 - 11
118. ਉਹੀ 12
119. ਉਹੀ 13 - 15
120. ਉਹੀ 19 - 20
121. ਉਹੀ 16
122. ਉਹੀ 21 - 32
123. ਉਹੀ 41 - 48
124. ਉਹੀ 49 - 50
125. ਉਹੀ 57 - 58
126. ਉਹੀ 67
127. ਉਹੀ 82
128. ਉਹੀ 101
129. ਉਹੀ 154 - 57
130. ਉਹੀ 164 - 169
131. ਉਹੀ 171, 175 - 77
132. ਉਹੀ 178
133. ਉਹੀ 185 - 186

134. ਉਹੀ 101 - 104
135. ਉਹੀ 126
136. ਉਹੀ 130
137. ਉਹੀ 131
138. ਉਹੀ 134 - 135
139. ਉਹੀ 138
140. ਉਹੀ 210 - 13
141. ਯੋਗ ਸ਼ਤਕ 20
142. ਉਹੀ 4 - 5
143. ਉਹੀ 2 - 3
144. ਉਹੀ 3 - 5
145. ਮੋਨੀਅਰ ਵਿਲਿਅਮਜ਼, ਏ ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, ਪੰਨਾ 834 - 835
146. ਉਹੀ ਪੰਨਾ 554
147. ਅਚਾਰਾਂਗ ਸੂਤਰ 1.1.6
148. ਉੱਤਰਾਧਿਐਨ ਸੂਤਰ 23, 86
149. ਯੋਗਸਾਰ ਪ੍ਰਾਭ੍ਰਤ, 7, 28.29
150. ਤੱਤਵਾਰਥ ਸੂਤਰ 10, 2-3
151. ਦ੍ਰਵ ਸੰਗ੍ਰਹਿ 37
152. ਸਮਯਸਾਰ ਗਾਥਾ 7
153. ਗੋਮਟਸਾਰ (ਜੀਵ ਕਾਂਡ) ਗਾਥਾ 68
154. ਸਰਵਾਰਥ ਸਿੱਧੀ ਪੇਜ 1
155. ਸਮਾਧੀ ਸ਼ਤਕ 6
156. ਦਸ਼ਾਸ਼੍ਰੁਤਸਕੰਦ 5 - 12
157. ਪੁਰਸ਼ਾਰਥ ਸਿੱਧੀਪਾਏ 223 - 224
158. ਰਤਨ ਕਰੰਡ ਸ਼੍ਰਾਵਕਾਚਾਰ 134

159.ਉੱਤਰਾਧਿਐਨ ਸੂਤਰ 23, 81 - 84
160.ਸਮਯਸਾਰ ਗਾਥਾ 403
161.ਪਰਮਾਤਮ ਪ੍ਰਕਾਸ਼ 2.195, ਦ੍ਰਵ ਸੰਗ੍ਰਹਿ 50
162.ਨਿਯਮਸਾਰ ਗਾਥਾ 5 - 7
163.ਪ੍ਰਵਚਨਸਾਰ 1.13
164.ਕਾਰਤੀਕੇਅਨੁਪੇਕਸ਼ਾ, ਸੰਵਾਦਿਤ ਹੀਰਾਲਾਲ ਜੈਨ ਰਾਹੀਂ ਭਾਰਤੀ ਗਿਆਨ ਪੀਠ ਵਾਰਾਨਸੀ
165.ਜੈਨਇੰਦਰ ਸਿਧਾਂਤ ਕੋਸ਼ **ਭਾਗ 2** ਪੰਨਾ 372
166.ਲਾਲਮਨੀ ਜੋਸ਼ੀ ਫੇਕਟਸ ਆਫ ਜੈਨ ਰਿਲੀਜੀਅਸਨੈਸ, ਪੰਨਾ 54.58
167.ਯੋਗਬਿੰਦੂ 302
168.ਪੰਚਾਸਤੀ ਕਾਯਸਾਰ 28
169.ਨਿਯਮਸਾਰ ਗਾਥਾ 72, ਗੋਮਟਸਾਰ 72
170.ਗੋਮਟਸਾਰ ਜੀਵ ਕਾਂਡ 152, ਨਿਯਮਸਾਰ 175
171.ਨਿਯਮਸਾਰ 178 - 181
172.ਅਚਾਰਾਂਗ ਸੂਤਰ 1.5.6
173.ਨਵ ਪਦਾਰਥ ਸ਼੍ਰੀ ਚੰਦ ਰਾਮਪੁਰੀਆ, ਪੰਨਾ 750 - 51, ਠਾਣਾਂਗ 1.151,
174.ਏ. ਐਨ ਉਪਾਧਿਏ ਪਰਮਾਤਮ ਪ੍ਰਕਾਸ਼ ਭੂਮਿਕਾ ਪੰਨਾ 34, ਵੇਖੋ ਲਾਲ ਮਨੀ ਜੋਸ਼ੀ ਫੇਕਟਸ ਆਫ ਜੈਨ ਰਿਲੀਜੀਅਸਨੈਸ, ਪੰਨਾ 166

5

# ਮੁਕਤੀ ਦਾ ਵੈਦਿਕ ਸਿਧਾਂਤ

ਧਾਰਮਿਕ ਜਗਤ ਵਿੱਚ ਵੈਦਿਕ ਜਾਂ ਬ੍ਰਾਹਮਣ ਧਰਮ ਕਿਸੇ ਪੱਖੋਂ ਪ੍ਰਾਚੀਨ ਜਿਉਂਦਾ ਧਰਮ ਹੈ। ਇਸ ਧਰਮ ਦੀ ਸਾਹਿਤਕ ਪ੍ਰੰਪਰਾ ਰਿਗਵੇਦ ਤੱਕ ਪਹੁੰਚਦੀ ਹੈ ਜੋ ਸੰਸਾਰ ਦੇ ਪ੍ਰਾਚੀਨਤਮ ਗ੍ਰੰਥਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਕੁੱਝ ਆਧੁਨਿਕ ਵਿਦਵਾਨ ਬ੍ਰਾਹਮਣ ਧਰਮ ਨੂੰ ਹਿੰਦੂ ਧਰਮ ਦਾ ਨਾਂ ਦਿੰਦੇ ਹਨ, ਪਰ ਕਿਉਂਕਿ ਅਸੀਂ ਪ੍ਰਾਚੀਨ ਸਿਧਾਂਤਾ ਨਾਲ ਜੁੜੇ ਹੋਏ ਹਾਂ ਇਸ ਲਈ ਅਸੀਂ ਇੱਥੇ ਬ੍ਰਾਹਮਣ ਧਰਮ ਨਾਂ ਨੂੰ ਹੀ ਸਵੀਕਾਰ ਕੀਤਾ ਹੈ। ਇਸ ਅਧਿਆਏ ਵਿੱਚ ਅਸੀਂ ਸੰਖੇਪ ਵਿੱਚ ਇਸ ਧਰਮ ਵਿੱਚ ਮੰਨੇ ਗਏ ਮੁਕਤੀ ਦੇ ਸਿਧਾਂਤ ਦੀ ਚਰਚਾ ਕਰਾਂਗੇ।

## ਬਹੁ ਦੇਵਤਾਵਾਦ

ਵੈਦਿਕ ਸਮਾਜ ਬਹੁ ਦੇਵਤਾ ਵਾਦੀ ਸੀ ਦੇਵਤਿਆਂ ਨੂੰ ਸੰਤੁਸ਼ਟ ਕਰਨਾ ਇਸ ਕਾਲ ਦੇ ਧਰਮ ਦੀ ਵਿਸ਼ੇਸ਼ਤਾ ਸੀ। ਵੈਦਿਕ ਦੇਵਤਿਆਂ ਦੇ ਅਧਿਐਨ ਅਸੀਂ ਤਿੰਨ ਸ਼੍ਰੇਣੀਆਂ ਵਿੱਚ ਕਰ ਸਕਦੇ ਹਾਂ।

1. ਧੂਲੋਕ ਵਾਸੀ ਦੇਵ - ਜਿਵੇਂ ਧੂ, ਸੂਰਜ, ਸਵਰਿਤ, ਪੂਸ਼ਨ, ਵਿਸ਼ਨੂੰ, ਵਰੁਣ, ਮਿੱਤਰ, ਆਦਿਤਯ, ਅਸ਼ਵਨੀ ਅਤੇ ਊਸ਼ਾ। ਇਹ ਸਾਰੇ ਦੇਵਤਾ ਜਯੋਤੀ ਮਾਨ ਦੇਵ ਕਹੇ ਜਾਂਦੇ ਹਨ।
2. ਅੰਤਰਿਕਸ਼ ਲੋਕ ਵਾਸੀ ਦੇਵ - ਜਿਵੇਂ ਇੰਦਰ, ਵਾਯੂ, ਮਰੂਤ, ਰੂਦਰ, ਪਰਿਜੰਯ ਆਦਿ।
3. ਭੂ ਲੋਕ ਵਾਸੀ ਦੇਵ - ਅਗਨੀ, ਬ੍ਰਹਸਪਤੀ, ਸੋਮ, ਸਮੁੰਦਰ, ਸਰੀਤਾ ਆਦਿ, ਇਹਨਾਂ ਵਿੱਚ ਅਗਨੀ ਸਭ ਤੋਂ ਵੱਧ ਸ਼ਕਤੀਸ਼ਾਲੀ ਦੇਵਤਾ ਮੰਨਿਆ ਗਿਆ ਹੈ।

ਇਹਨਾਂ ਸ਼੍ਰੇਣੀਆਂ ਤੋਂ ਛੁਟ ਕੁੱਝ ਘੱਟ ਸ਼ਕਤੀਸ਼ਾਲੀ ਦੇਵ ਵੀ ਮੰਨੇ ਗਏ ਹਨ, ਜਿਵੇਂ ਪ੍ਰਜਾਪਤੀ, ਗਨਧਰਵ, ਵਿਸ਼ਕਰਮਾ, ਰੁੱਖ ਦੇਵਤਾ, ਪਰਬਤ ਦੇਵਤਾ।

ਇਹਨਾਂ ਤਿੰਨ ਸ਼੍ਰੇਣੀਆਂ ਵਿੱਚੋਂ ਇੱਕ ਪ੍ਰਧਾਨ ਦੇਵਤਾ ਹੋਇਆ ਕਰਦਾ ਹੈ। ਧੁ ਲੋਕ ਵਾਸੀ ਦੇਵਤਿਆਂ ਵਿੱਚ ਸੂਰਜ ਨੂੰ ਰਾਜ ਕਰਨ ਵਾਲਾ ਦੇਵਤਾ ਮੰਨਿਆ ਗਿਆ ਹੈ। ਅੰਤਰਿਕਸ਼ ਲੋਕ ਵਾਸੀ ਦੇਵਤਿਆਂ ਵਿੱਚ ਇੰਦਰ ਨੂੰ ਅਤੇ ਭੂ ਲੋਕ ਵਾਸੀ ਦੇਵਤਿਆਂ ਵਿੱਚ ਅਗਨੀ ਨੂੰ ਰਾਜ ਕਰਨ ਵਾਲਾ ਦੇਵਤਾ ਮੰਨਿਆ ਗਿਆ ਹੈ। ਇਹ ਤਿੰਨ ਸ਼੍ਰੇਣੀਆਂ ਵਿੱਚ ਹਰ ਇੱਕ ਵਿੱਚ 11 ਦੇਵਤੇ ਹੋਣ ਕਾਰਨ ਕੁੱਲ 33 ਦੇਵਤੇ ਹੋ ਜਾਂਦੇ ਹਨ।[1] ਇਹਨਾਂ 33 ਦੇਵਤਿਆਂ ਦੀ ਸੰਖਿਆ ਰਿਗਵੇਦ ਵਿੱਚ 33000 ਹਜ਼ਾਰ 39 ਹੋ ਗਈ।[2]

ਸੂਰਜ ਦੇਵਤਾ ਉਮਰ, ਸਹਿਤ, ਸੰਪਤੀ, ਤਰੱਕੀ ਅਤੇ ਸ਼ਕਤੀ ਦਾ ਦੇਣ ਵਾਲਾ ਮੰਨਿਆ ਗਿਆ ਹੈ। ਵੈਦਿਕ ਬ੍ਰਾਹਮਣ ਹੇਠ ਲਿਖੇ ਸ਼ਬਦਾਂ ਵਿੱਚ ਇਸ ਦੀ ਪ੍ਰਾਥਨਾ ਕਰਦੇ ਸਨ:- ਅਸੀਂ ਇਸ ਮਹਾਨ ਸਾਵਿਤਰੀ ਦੀ ਪ੍ਰਾਥਨਾ ਕਰਦੇ ਹਾਂ, ਇਸ ਲਈ ਕਿ ਉਹ ਸਾਨੂੰ ਸੰਸਾਰ ਦੀ ਸੰਪਤੀ ਦੇਵੇ।[3] ਏ. ਬੀ. ਕੀਥ ਨੇ ਕਿਹਾ ਹੈ ਕਿ ਸੂਰਜ ਦੀ ਪ੍ਰਧਾਨ ਅਦਭੁੱਤ ਸ਼ਕਤੀ ਹੈ, ਸੰਸਾਰ ਨੂੰ ਪ੍ਰਕਾਸ਼ ਦੇਣਾ। ਉਹ ਅੰਧਕਾਰ ਦੇ ਪਰਦੇ ਨੂੰ ਨਸ਼ਟ ਕਰਦਾ ਹੈ ਅਤੇ ਅੰਧਕਾਰ ਅਤੇ ਭੂਤ ਪ੍ਰੇਤ ਦੀ ਸ਼ਕਤੀ ਤੇ ਜਿੱਤ ਪ੍ਰਾਪਤ ਕਰਦਾ ਹੈ। ਸੂਰਜ ਦੇਵਤਾ ਵੀ ਜੀਵਾਂ ਨੂੰ ਜੀਵਨ ਦਾਨ ਦਿੰਦਾ ਹੈ ਤੇ ਉਹਨਾਂ ਦੇ ਦੁੱਖ ਅਤੇ ਮਾੜੇ ਸੁਪਨੇ ਨੂੰ ਖਤਮ ਕਰਦਾ ਹੈ।[4]

ਰਿਗਵੇਦ ਦੇ ਅਨੁਸਾਰ ਇੰਦਰ ਬਹੁਤ ਵੱਡਾ ਸ਼ਕਤੀਸ਼ਾਲੀ ਅੰਤਰਿਕਸ਼ ਵਾਸੀ ਦੇਵ ਹੈ। ਜੋ ਬਹੁਤ ਹਿੰਮਤ ਵਾਲਾ ਮੰਨਿਆ ਗਿਆ ਹੈ, ਅੰਤਰਿਕਸ਼ ਵਾਸੀ ਸਾਰੇ ਦੇਵ ਉਸ ਦੀ ਸ਼ਕਤੀ ਨੂੰ ਸਵੀਕਾਰ ਕਰਦੇ ਹਨ। ਉਹ ਹਵਾ, ਮੀਂਹ ਅਤੇ ਬਿਜਲੀ ਦੀ ਗੜਗੜਾਹਟ ਨੂੰ ਸਾਰੇ ਸੰਸਾਰ ਵਿੱਚ ਫੈਲਾਉਂਦਾ ਹੈ। ਉਹ ਬਹੁ ਆਕ੍ਰਿਤੀਆਂ ਨੂੰ ਧਾਰਨ ਕਰ ਸਕਦਾ ਹੈ ਅਤੇ ਉਸ ਨੂੰ ਦੇਵਤਿਆਂ ਵਿੱਚ ਯੋਧਾ ਮੰਨਿਆ ਗਿਆ ਹੈ।

ਵਰੁਣ ਅਕਾਸ਼ ਦਾ ਪ੍ਰਤੀਨਿਧਤਾ ਕਰਦਾ ਹੈ ਅਤੇ ਉਹ ਪ੍ਰਾਕ੍ਰਿਤੀ ਦਾ ਦੇਵਤਾ ਹੈ, ਅਨੇਕ ਵਿਦਵਾਨਾਂ ਨੇ ਵਰੁਣ ਦੀ ਤੁਲਨਾ ਯੂਰੇਨਿਆ ਨਾਲ ਕੀਤੀ ਹੈ। ਉਸਨੇ ਸਰੀਰਕ ਸੰਸਾਰ ਦੇ ਕੁੱਝ ਨਿਯਮ ਬਣਾਏ ਹਨ। ਜਿਨ੍ਹਾਂ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਹੈ। ਵਰੁਣ ਦੀ ਆਗਿਆ ਨਾਲ ਹੀ ਸਵਰਗ ਅਤੇ ਧਰਤੀ ਟਿਕੇ ਹੋਏ ਹਨ, ਉਸ ਦੀ ਆਗਿਆ ਨਾਲ ਹੀ ਸੂਰਜ ਚੰਦਰਮਾਂ ਚਮਕਦੇ ਹਨ।

ਤਾਰੇ ਸਿਲਸਿਲੇਵਾਰ ਘੁੰਮਦੇ ਹਨ ਅਤੇ ਨਦੀਆਂ ਸਮੁੰਦਰ ਵਿੱਚ ਮਿਲਦੀਆਂ ਹਨ। ਜੋ ਕਦੇ ਵੀ ਅਪਣੀ ਹੱਦ ਦੀ ਉਲੰਘਣਾ ਨਹੀਂ ਕਰਦਾ, ਉਸ ਨੂੰ ਸਰਵੱਗ ਕਿਹਾ ਗਿਆ ਹੈ ਅਤੇ ਅਕਸਰ ਉਸ ਨੂੰ ਮਿੱਤਰ ਨਾਲ ਜੋੜਿਆ ਜਾਂਦਾ ਹੈ। ਇਹ ਦੋਹੇਂ ਅਕਾਸ਼ ਤੋਂ ਵਰਖਾ ਕਰਦੇ ਹਨ, ਇਹ ਸੰਸਾਰ ਦੇ ਚੱਕਰ ਨੂੰ ਚਲਾਉਂਦਾ ਹੈ। ਨੈਤਿਕ ਸ਼ਾਸਨ ਕਰਦਾ ਹੈ ਅਤੇ ਸ਼ੁਭ ਕਰਮ ਕਰਨ ਵਾਲਿਆ ਨੂੰ ਚੰਗਾ ਅਤੇ ਬਾਕੀਆਂ ਨੂੰ ਦੰਡ ਦਿੰਦਾ ਹੈ। ਇਸ ਲਈ ਵੈਦਿਕ ਦੇਵਤਾ ਚੰਗੇ ਲੋਕਾਂ ਦਾ ਮਿੱਤਰ ਅਤੇ ਬਾਕੀਆਂ ਦਾ ਦੁਸ਼ਮਣ ਹੈ।

ਇੰਦਰ ਤੋਂ ਬਾਅਦ ਦੂਸਰਾ ਦੇਵਤਾ ਅਗਨੀ ਹੈ। ਉਹ ਯੱਗ ਅਗਨੀ ਦਾ ਪ੍ਰਦਰਸ਼ਤ ਕਰਦਾ ਹੈ। ਉਹ ਦੇਵਤਿਆਂ ਦਾ ਪਰੋਹਤ ਹੈ, ਜੋ ਉਸ ਨੂੰ ਭਿੰਨ ਭਿੰਨ ਪ੍ਰਕਾਰ ਦੀ ਭੇਂਟਾਂ ਦਿੰਦਾ ਹੈ। ਅਗਨੀ ਦੀ ਪੂਜਾ ਵੈਦਿਕ ਸਮਾਜ ਵਿੱਚ ਵੱਡੀ ਮਹੱਤਵਪੂਰਨ ਸੀ ਕਿਉਂਕਿ ਉਹ ਸਹਿਤ, ਸੰਪਤੀ, ਪੁੱਤਰ ਅਤੇ ਇੱਥੋਂ ਤੱਕ ਅਵਿਨਸ਼ਵਰਤਾ ਅਗਨੀ ਨੂੰ ਵੀ ਇੰਧਨ ਆਦਿ ਪ੍ਰਦਾਨ ਕਰਨ ਤੋਂ ਚਾਹਿਆ ਕਰਦੇ ਸਨ। ਅਗਨੀ ਦੇ ਤਿੰਨ ਰੂਪਾਂ ਨੂੰ ਪੇਸ਼ ਕੀਤਾ ਗਿਆ ਹੈ; ਸੰਸਾਰਿਕ ਜਿਵੇਂ ਅਗਨੀ, ਅਕਾਸ਼ ਜਿਵੇਂ ਬਿਜਲੀ ਅਤੇ ਅਲੌਕਿਕ ਜਿਵੇਂ ਸੂਰਜ।

ਵੈਦਿਕ ਦੇਵਤਾ ਅਪਣੇ ਭਗਤਾਂ ਦੇ ਲਈ ਸ਼ਕਤੀ ਸੰਪੰਨ ਅਤੇ ਰਹਿਮ ਕਰਨ ਵਾਲੇ ਹਨ। ਵੈਦਿਕ ਲੋਕ ਇਨ੍ਹਾਂ ਦੇਵਤਿਆਂ ਤੋਂ ਲੰਬਾ ਜੀਵਨ, ਸੰਪਤੀ, ਤਰੱਕੀ, ਸੁੱਖ, ਰੋਗ ਮੁਕਤੀ ਅਤੇ ਹੋਰ ਲਾਭਾਂ ਦੀ ਪ੍ਰਾਪਤੀ ਦੇ ਲਈ ਯੱਗ ਕਰਦੇ ਸਨ। ਉਹਨਾਂ ਦੇ ਰਾਹੀਂ ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਕਰਦੇ ਸਨ ਅਤੇ ਯੱਗ ਪ੍ਰਾਥਨਾ, ਰਿਚਾ ਪਾਠ ਆਦਿ ਦੇ ਰਾਹੀਂ ਉਨ੍ਹਾਂ ਦੀ ਸਤੂਤੀ ਕਰਕੇ ਉਨ੍ਹਾਂ ਨੂੰ ਖੁਸ਼ ਕਰਦੇ ਸਨ। ਵੈਦਿਕ ਦੇਵਤਾ ਮਾਨਵ ਜੀਵਨ ਵਰਗੇ ਹੁੰਦੇ ਹਨ। ਪਰ ਸਰੀਰਕ ਦ੍ਰਿਸ਼ਟੀ ਤੋਂ ਉਹ ਜ਼ਿਆਦਾ ਸੁੰਦਰ ਹੋਇਆ ਕਰਦੇ ਹਨ। ਉਹ ਅਕਸਰ ਪ੍ਰਾਥਨਾ ਕਰਨ ਵਾਲੇ ਨੂੰ ਧਿਆਨ ਨਾਲ ਸੁਣਦੇ ਹਨ ਅਤੇ ਉਨ੍ਹਾਂ ਨੂੰ ਉਸ ਦੇ ਅਨੁਸਾਰ ਚੰਗੇ ਚੰਗੇ ਪਦਾਰਥ ਵੰਡਦੇ ਹਨ।

ਇਹ ਤੱਥ ਕਿ ਪ੍ਰਾਚੀਨ ਵੈਦਿਕ ਲੋਕ ਅਸੰਖ ਦੇਵਤਿਆਂ ਦੇ ਪੁਜਾਰੀ ਸਨ, ਆਧੁਨਿਕ ਵਿਦਵਾਨਾਂ ਨੇ ਇਸ ਨੂੰ ਬਹੁ ਦੇਵਤਾਵਾਦ ਦਾ ਰੂਪ ਮੰਨਿਆ ਹੈ। ਵੈਦਿਕ ਗ੍ਰੰਥਾਂ ਵਿੱਚ ਕੁੱਝ ਉਦਾਹਰਨਾਂ ਵਿੱਚ ਇੱਕ ਦੇਵਤਾਵਾਦ ਦੇ ਬੀਜ਼ ਵੀ ਵੇਖੇ

ਹਨ। ਰਿਗਵੇਦ ਦੀ ਪ੍ਰਸਿੱਧ ਪੰਕਤੀ ਹੈ ਜਿਸ ਦਾ ਅਰਥ ਹੈ, ਕਿ ਸੱਚ ਇੱਕ ਹੈ ਪਰ ਵਿਦਵਾਨ ਉਸ ਦੀ ਵਿਆਖਿਆ ਅਪਣੇ ਅਪਣੇ ਢੰਗ ਨਾਲ ਕਰਦੇ ਹਨ।[5] ਇਸ ਹਵਾਲੇ ਵਿੱਚ ਉਲੇਖ ਕੀਤੀ ਜਾਂਦੀ ਹੈ। ਰਿਗਵੇਦ ਦੀ ਦੂਸਰੀ ਰਿਚਾ ਵਿੱਚ ਵਿਸ਼ਨੂੰ ਦੇਵਤਾ ਦੇ ਵਿਚਾਰ ਵੀ ਉਪਲਬਧ ਹੁੰਦੇ ਹਨ।[6] ਵੈਦਿਕ ਕਾਲ ਦੇ ਅੰਤ ਵਿੱਚ ਖਾਸ ਕਰਕੇ ਉਪਨਿਸ਼ਧਾਂ ਦੇ ਸ਼ੁਰੂ ਵਿੱਚ ਅਸੀਂ ਸਰਵਉੱਚ ਸੱਤਾ ਦਾ ਵਿਚਾਰ ਪਾਉਂਦੇ ਹਾਂ ਜੋ ਵੈਦਿਕ ਅਤੇ ਅਵੈਦਿਕ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਇਆ ਹੈ। ਇਸ ਸਿਧਾਂਤ ਨੂੰ ਬ੍ਰਹਮਾਂ ਜਾਂ ਆਤਮਾ ਕਿਹਾ ਗਿਆ ਹੈ।

## ਰਿਤ ਅਤੇ ਧਰਮ

ਵੈਦਿਕ ਗ੍ਰੰਥਾਂ ਵਿੱਚ ਰਿਤ ਸਿਧਾਂਤ ਦਾ ਵਰਣਨ ਮਿਲਦਾ ਹੈ ਜਿਸ ਦਾ ਅਰਥ ਹੈ, ਸੱਚ ਜਾਂ ਨਿਯਮ। ਆਰ. ਸੀ. ਜਹਿਨਰ ਦੇ ਅਨੁਸਾਰ ਰਿਤ ਸ਼ਬਦ ਬ੍ਰਹਮੰਡ ਦੇ ਨਿਯਮ ਨੂੰ ਉਜਾਗਰ ਕਰਦਾ ਹੈ, ਜਿਸ ਉੱਪਰ ਮਾਨਵ ਜੀਵਨ, ਨਿੱਤੀ ਤੱਤਵ ਅਤੇ ਸਮਾਜਿਕ ਵਿਵਹਾਰ ਨਿਰਭਰ ਕਰਦਾ ਹੈ।[7] ਅੱਗੇ ਉਨ੍ਹਾਂ ਕਿਹਾ ਹੈ ਕਿ ਇਹ ਇੱਕ ਅਜਿਹਾ ਨਿਯਮ ਹੈ ਜਿਸ ਰਾਹੀਂ ਸਾਰਾ ਸੰਸਾਰ ਚੱਲਦਾ ਹੈ। ਇਹ ਅਜਿਹਾ ਨਿਯਮ ਹੈ ਜੋ ਯੱਗ ਦੀਆਂ ਕ੍ਰਿਆਵਾਂ ਨੂੰ ਨਿਯਮ ਬੰਧ ਕਰਦਾ ਹੈ ਅਤੇ ਇਸ ਲਈ ਇਹ ਇੱਕ ਨੈਤਿਕ ਵਿਧੀ ਹੈ ਜੋ ਮਨੁੱਖਾਂ ਦੇ ਚਰਿੱਤਰ ਨੂੰ ਨਿਰਪੱਖ ਭਾਵ ਨਾਲ ਨਿਯਮ ਬੰਧ ਕਰਦੀ ਹੈ।[8] ਰਿਤ ਸੱਚ ਦਾ ਮੂਰਤੀਮਾਨ ਹੈ, ਸਹੀ ਕੰਮਾਂ ਦਾ ਪ੍ਰਤੀਕ ਹੈ ਅਤੇ ਹਾਂ ਪੱਖੀ ਕੰਮਾਂ ਦਾ ਪ੍ਰਸ਼ਾਸਕ ਹੈ। ਸੂਰਜ, ਚੰਦਰਮਾਂ, ਨਛੱਤਰ ਨਦੀਆਂ ਆਦਿ ਰਿਤ ਦੇ ਅਧਿਨ ਚੱਲਦੇ ਹਨ। ਸਾਰੇ ਦੇਵਤਿਆਂ ਅਤੇ ਮਨੁੱਖਾਂ ਨੂੰ ਰਿਤ ਦੀ ਆਗਿਆ ਮੰਨਣੀ ਪੈਂਦੀ ਹੈ। ਇਹੋ ਕਾਰਨ ਹੈ ਕਿ ਉਸ ਨੂੰ ਸਭ ਦਾ ਪਿਤਾ ਕਿਹਾ ਜਾਂਦਾ ਹੈ। ਐਸ. ਰਾਧਾ ਕ੍ਰਿਸ਼ਨਨ ਆਖਦੇ ਹਨ ਕਿ ਰਿਤ ਨੈਤਿਕ ਮਾਨਦੰਡ ਦਿੰਦਾ ਹੈ, ਉਹ ਵਸਤੂ ਦਾ ਸੱਤਵ ਹੈ, ਉਹ ਵਸਤੂ ਦਾ ਸੱਚ ਹੈ।[9]

ਰਿਗਵੇਦ ਵਿੱਚ ਧਰਮ ਸ਼ਬਦ ਦਾ ਅਰਥ ਵਿਧੀ ਜਾਂ ਨਿਯਮ ਦਿੱਤਾ ਗਿਆ ਹੈ। ਉਹ ਜੀਵਨ ਧਾਰਮਿਕ ਕ੍ਰਿਆਕਾਂਡ ਅਤੇ ਸਰੀਰਕ ਸੱਤਵ ਦਾ ਸਿਧਾਂਤ ਹੈ। ਰਿਤ ਨਿਯਮ, ਏਕਤਾ, ਨਵੀਨਤਾ ਵੱਲ ਇਸ਼ਾਰਾ ਕਰਦਾ ਹੈ। ਦੇਵ ਅਤੇ ਪਵਿੱਤਰ ਮਾਨਵ ਸਾਰੇ ਰਿਤ ਦੇ ਨਿਯਮਾਂ ਦਾ ਪਾਲਣ ਕਰਦੇ ਹਨ।

## ਯੱਗ

ਵੈਦਿਕ ਸਮਾਜ ਯੱਗ ਸੰਬੰਧੀ ਕ੍ਰਿਆਵਾਂ ਦੇ ਰਾਹੀਂ ਦੇਵਤਿਆਂ ਦੀ ਪੂਜਾ ਕਰਦਾ ਸੀ। ਦੇਵ ਭੇਂਟ ਦੇ ਰੂਪ ਵਿੱਚ ਯੱਗ ਵਿੱਚ ਭੋਜਨ ਸੂਰਾ, ਸੋਮ, ਫਲ, ਦੁੱਧ, ਘੀ, ਸ਼ਹਿਦ, ਅਤੇ ਅਨਾਜ ਆਦਿ ਸਵੀਕਾਰ ਕਰਦਾ ਸੀ। ਯੱਗ ਦੀ ਸਮਾਪਤੀ ਤੇ ਪਰੋਹਿਤਾਂ ਨੂੰ ਦਕਸ਼ਨਾ ਦੇ ਰੂਪ ਵਿੱਚ ਸੋਨਾ, ਚਾਂਦੀ, ਪਸ਼ੂ, ਘੋੜਾ, ਅਨਾਜ, ਆਦਿ ਦਿੱਤਾ ਜਾਂਦਾ ਸੀ, ਕਿਉਂਕਿ ਦੇਵਤੇ ਮਨੁੱਖਾਂ ਤੋਂ ਉੱਚੇ ਸਨ ਇਸ ਲਈ ਮਨੁੱਖ ਉਹਨਾਂ ਨੂੰ ਪ੍ਰਸੰਨ ਕਰਨ ਲਈ ਅਤੇ ਉਹਨਾਂ ਨਾਲ ਮਿੱਤਰਤਾ ਕਰਨ ਲਈ ਯੱਗ ਕਰਦੇ ਸਨ।

ਸ਼ੁਰੂ ਵਿੱਚ ਵੈਦਿਕ ਸਮਾਜ ਦੇਵਤਿਆਂ ਦੀ ਸਧਾਰਨ ਰੂਪ ਵਿੱਚ ਪ੍ਰਾਥਨਾ ਕਰਦੇ ਸਨ। ਉਹ ਸਤੂਤੀ ਵਿੱਚ ਰਿਚਾਵਾਂ ਦਾ ਪਾਠ ਕਰਦੇ ਸਨ। ਹੋਲੀ ਹੋਲੀ ਯੱਗ ਸੰਸਕ੍ਰਿਤੀ ਦਾ ਵਿਕਾਸ ਹੋਇਆ, ਰਾਧਾ ਕ੍ਰਿਸ਼ਨ ਜਿਵੇਂ ਕਹਿੰਦੇ ਹਨ, "ਯੱਗ ਦੀਆਂ ਕ੍ਰਿਆਵਾਂ ਵੈਦਿਕ ਧਰਮ ਦੇ ਦੂਸਰੇ ਪਾਏਦਾਨ ਦਾ ਪ੍ਰਤੀਨਿਧਤਾ ਕਰਦੀਆਂ ਹਨ, ਪਹਿਲਾਂ ਸਧਾਰਨ ਪ੍ਰਾਥਨਾ ਹੋਇਆ ਕਰਦੀ ਸੀ" ਉਹ ਪਰਾਸ਼ਰ ਸੰਮ੍ਰਿਤੀ ਦਾ ਵਰਣਨ ਕਰਦੇ ਹੋਏ ਅੱਗੇ ਆਖਦੇ ਹਨ, "ਸਤਿਯੁਗ ਵਿੱਚ ਧਿਆਨ, ਤ੍ਰੈਤਾ ਵਿੱਚ ਯੱਗ, ਦੁਆਪਰ ਵਿੱਚ ਪੂਜਾ ਅਤੇ ਕਲਯੁੱਗ ਵਿੱਚ ਸਤੂਤੀ ਅਤੇ ਪ੍ਰਾਥਨਾ" ਅੱਗੇ ਉਹ ਫੇਰ ਧਿਆਨ ਦੀ ਤੁਲਨਾ ਵਿਸ਼ਨੂੰ ਪੁਰਾਣ ਨਾਲ ਕਰਦੇ ਹਨ ਜਿੱਥੇ ਕਿਹਾ ਗਿਆ ਹੈ, ਕਿ ਯੱਗ ਸੰਬੰਧੀ ਨਿਯਮ ਤ੍ਰੈਤਾ ਯੁੱਗ ਵਿੱਚ ਰਚੇ ਗਏ ਸਨ"।[10] ਰਿਗਵੇਦ ਯੱਗ ਸੰਬੰਧੀ ਕ੍ਰਿਆਵਾਂ ਦੇ ਵਿਕਾਸ ਦੀ ਸਥਿਤੀ ਨੂੰ ਸਪੱਸ਼ਟ ਕਰਦਾ ਹੈ। ਵੈਦਿਕ ਯੱਗ ਪਰੋਹਿਤਾਂ ਰਾਹੀਂ ਕੀਤੇ ਜਾਂਦੇ ਸਨ, ਦੇਵਤਿਆਂ ਦੀ ਪ੍ਰਸ਼ੰਸਾ ਵਿੱਚ ਰਿਚਾਵਾਂ ਦਾ ਪਾਠ ਹੁੰਦਾ ਸੀ ਅਤੇ ਅਨਾਜ, ਘੀ, ਦੁੱਧ ਆਦਿ ਦਾ ਹਵਨ ਕੀਤਾ ਜਾਂਦਾ ਸੀ। ਵੈਦਿਕ ਯੱਗਾਂ ਵਿੱਚ ਭੇੜ, ਬੱਕਰੇ ਆਦਿ ਪਸ਼ੂਆਂ ਦੀ ਬਲੀ ਵੀ ਦਿੱਤੀ ਜਾਂਦੀ ਸੀ। ਦੇਵਤਿਆਂ ਤੋਂ ਛੁੱਟ ਪਿਤਰਾਂ ਨੂੰ ਵੀ ਇਹਨਾਂ ਭੇਟਾਂ ਦੇ ਰਾਹੀਂ ਸਨਮਾਨਤ ਕੀਤਾ ਜਾਂਦਾ ਸੀ ਅਨੇਕਾਂ ਵਿਦਵਾਨਾਂ ਨੇ ਇਹ ਸੁਝਾਅ ਦਿੱਤਾ ਹੈ ਕਿ ਇਹ ਵੈਦਿਕ ਯੱਗ ਸੰਬੰਧੀ ਕ੍ਰਿਆਵਾਂ ਭੌਤਿਕਤਾ (ਪਦਾਰਥਾਂ ਵਾਦੀ ਦ੍ਰਿਸ਼ਟੀਕੋਣ) ਨੂੰ ਲੈ ਕੇ ਹੁੰਦੀਆਂ ਸਨ।

## ਵੈਦਿਕ ਆਚਾਰ

ਸ਼ੁਰੂ ਦੇ ਵੈਦਿਕ ਆਚਾਰ ਵਿਚਾਰ ਆਦਿਮ ਕੋਟੀ ਦੇ ਸਨ। ਪੁਨਰਜਨਮ ਦਾ ਸਿਧਾਂਤ ਵੀ ਜੋ ਪਿੱਛੋਂ ਭਾਰਤ ਦੇ ਸਾਰੇ ਦਰਸ਼ਨਾਂ ਦਾ ਕੇਂਦਰੀ ਤੱਤਵ ਰਿਹਾ, ਤੋਂ ਪ੍ਰਾਚੀਨ ਵੈਦਿਕ ਸਮਾਜ ਅਨਜਾਣ ਸੀ। ਸ਼ਤਪਥ ਬ੍ਰਾਹਮਣ ਪੁਨਰਜਨਮ ਵਿੱਚ ਵਿਸ਼ਵਾਸ ਕਰਦਾ ਹੋਇਆ ਪ੍ਰਤੀਤ ਹੁੰਦਾ ਹੈ। ਪ੍ਰੋਹਿਤਾਂ ਦਾ ਵਿਸ਼ਵਾਸ ਸੀ ਕਿ ਅਮਰਤਾ ਦੀ ਪ੍ਰਾਪਤੀ ਯੱਗਾਂ ਦੇ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇੱਥੇ ਨਿਰਵਾਨ ਦਾ ਵਿਚਾਰ ਪ੍ਰਾਪਤ ਨਹੀਂ ਹੁੰਦਾ। ਰਿਗਵੇਦ ਵਿੱਚ ਇੱਕ ਥਾਂ ਤੇ ਮਰੇ ਹੋਏ ਵਿਅਕਤੀ ਦਾ ਪ੍ਰਾਣਵਾਯੂ ਵਿੱਚ ਅਤੇ ਉਸ ਦਾ ਨੇਤਰ ਸੂਰਜ ਵਿੱਚ ਮਿਲ ਜਾਣ ਦੀ ਪ੍ਰਾਥਨਾ ਕੀਤੀ ਗਈ ਹੈ। ਇਹ ਵਿਸ਼ਵਾਸ ਸੀ ਕਿ ਅਗਨੀ ਜੀਵਨ ਨੂੰ ਦੂਸਰੇ ਜਨਮ ਵਿੱਚ ਸੰਕ੍ਰਾਮਿਤ ਕਰ ਦਿੰਦੀ ਹੈ। ਇਹ ਵੀ ਵਿਸ਼ਵਾਸ ਸੀ ਕਿ ਪਿਤਰ ਕੁਲ ਸਵਰਗ ਵਿੱਚ ਯਮ ਦੇ ਨਾਲ ਜੀਵਨ ਦਾ ਆਨੰਦ ਲਿਆ ਕਰਦੇ ਹਨ। ਜੋ ਯੱਗ ਭੇਂਟ ਦਿੰਦੇ ਹਨ ਅਤੇ ਜੋ ਤਪ ਕਰਦੇ ਹਨ ਉਹ ਸਵਰਗ ਨੂੰ ਜਾਂਦੇ ਹਨ। ਸਵਰਗ ਦਾ ਵੈਦਿਕ ਸਿਧਾਂਤ ਭੌਤਿਕ ਆਨੰਦ ਨਾਲ ਜੁੜਿਆ ਹੋਇਆ ਸੀ। ਵੈਦਿਕ ਸਮਾਜ ਇਹ ਵੀ ਵਿਸ਼ਵਾਸ ਕਰਦਾ ਸੀ ਕਿ ਕੁਸ਼ਲ ਕਰਮ (ਚੰਗੇ ਕਰਮ) ਕਰਨ ਵਾਲੇ ਲੋਕ ਸਵਰਗ ਜਾਂਦੇ ਹਨ ਅਤੇ ਅਕੁਸ਼ਲ ਕਰਮ (ਮਾੜੇ ਕਰਮ) ਕਰਨ ਵਾਲੇ ਨਰਕ ਜਾਂਦੇ ਹਨ। ਨਰਕ ਦੇ ਦੁੱਖਾਂ ਦੇ ਹਵਾਲੇ ਵਿੱਚ ਪ੍ਰਾਚੀਨ ਵੈਦਿਕ ਕਾਲ ਵਿੱਚ ਕੋਈ ਜਾਣਕਾਰੀ ਨਹੀਂ ਸੀ ਆਤਮਾ ਦੀ ਅਮਰਤਾ ਦਾ ਮੁਲਾਂਕਣ ਸਿਧਾਂਤ ਪ੍ਰਾਚੀਨ ਉਪਨਿਸ਼ਧ ਕਾਲ ਤੋਂ ਆਇਆ।[11]

## ਪ੍ਰਾਚੀਨ ਔਪਨਿਸ਼ਧਿਕ ਵਿਚਾਰ

ਉਪਨਿਸ਼ਧਾਂ ਦੇ ਆਉਂਦੇ ਹੀ ਇੱਕ ਨਵੀਂ ਵਿਚਾਰ ਧਾਰਾ ਸਾਹਮਣੇ ਆਈ, ਭਾਵੇਂ ਕੁੱਝ ਹੱਦ ਤੱਕ ਉਪਨਿਸ਼ਧਾਂ ਨੇ ਪ੍ਰਾਚੀਨ ਵੈਦਿਕ ਵਿਚਾਰ ਧਾਰਾ ਨੂੰ ਕਾਇਮ ਰੱਖਿਆ ਪਰ ਉਹਨਾਂ ਪ੍ਰਾਚੀਨ ਸਿਧਾਤਾਂ ਨੂੰ ਨਵੀਂ ਵਿਆਖਿਆ ਦਿੱਤੀ। ਮਿਥਕਾਂ ਨੂੰ ਵਿਆਖਿਆ ਪ੍ਰਦਾਨ ਕੀਤੀ ਅਤੇ ਕੁੱਝ ਮਹਾਨ ਸਿਧਾਂਤ ਸਥਾਪਤ ਕੀਤੇ ਅਤੇ ਬਾਅਦ ਵਿੱਚ ਭਾਰਤੀ ਦਰਸ਼ਨਾਂ ਦੇ ਲੰਬੇ ਸਮੇਂ ਤੱਕ ਸਥਾਈ ਕੇਂਦਰੀ ਤੱਤਵ ਬਣ ਗਏ। ਇੱਕ ਪਾਸੇ ਉਪਨਿਸ਼ਧ ਯੱਗ ਦੀ ਪ੍ਰਤੀਕਾਤਮਕ ਵਿਆਖਿਆ ਕਰਦਾ ਹੈ,

ਦੂਸਰੇ ਪਾਸੇ ਅਨੇਕਾਂ ਉਪਨਿਸ਼ਧ ਉਸਦੀ ਤਿੱਖੀ ਆਲੋਚਨਾ ਕਰਦੇ ਹਨ ਅਤੇ ਉਸ ਨੂੰ ਅਸਵਿਕਾਰ ਕਰਦੇ ਹਨ। ਉਦਾਹਰਨ ਦੇ ਤੌਰ ਤੇ ਮੁੰਡਕ ਉਪਨਿਸ਼ਧ ਯੱਗ ਦੇ ਰਾਹ ਨੂੰ ਅਸੁਰੱਖਿਅਤ ਕਿਸ਼ਤੀ ਦੇ ਸਮਾਨ ਮੰਨਦਾ ਹੈ।

"ਪ੍ਰੰਤੂ ਅਸਲ ਵਿੱਚ ਯੱਗ ਰੂਪੀ ਉਹ ਕਿਸ਼ਤੀਆਂ ਬਹੁਤ ਦੁਰਬਲ ਹਨ, ਨਸ਼ਟ ਹੋਣ ਵਾਲੀਆਂ ਹਨ, ਜਿਨ੍ਹਾਂ ਵਿੱਚ ਇਹ ਨੀਵੇ ਕੋਟੀ ਦਾ ਸੰਸਕਾਰ ਕਿਹਾ ਗਿਆ ਹੈ। ਉਹ ਗਿਆਨੀ ਜੋ ਇਸ ਦੀ ਪ੍ਰਸ਼ੰਸਾ ਸਰਵ ਉੱਤਮ ਕਹਿ ਕੇ ਕਰਦੇ ਹਨ, ਬਾਰ ਬਾਰ ਬੁਢਾਪਾ ਅਤੇ ਮੌਤ ਨੂੰ ਪ੍ਰਾਪਤ ਕਰਨ ਵਾਲੇ ਹਨ।[12]

ਇੱਕ ਹੋਰ ਥਾਂ ਤੇ ਉਹੀ ਯੱਗ ਸੰਬੰਧੀ ਵਿਚਾਰਾਂ ਦੀ ਆਲੋਚਨਾ ਨੇਤਰਹੀਨ ਵਿਅਕਤੀ ਨਾਲ ਕੀਤੀ ਗਈ ਹੈ।

"ਹਨੇਰੇ ਵਿੱਚ ਰਹਿਣ ਵਾਲੇ ਅਗਿਆਨੀ ਜੀਵ, ਅਪਣੀਆਂ ਕਲਪਨਾਵਾਂ ਦੀ ਉਡਾਨ ਭਰਨ ਵਾਲੇ ਬੁੱਧੀਮਾਨ, ਵਿਅਰਥ ਦੇ ਗਿਆਨ ਨਾਲ ਫੁੱਲੇ ਹੋਏ ਘਮੰਡੀ ਲੋਕ ਇੱਧਰ ਉੱਧਰ ਭਟਕਦੇ ਰਹਿੰਦੇ ਹਨ, ਅੰਨ੍ਹੇ ਪੁਰਸ਼ਾਂ ਦੀ ਤਰ੍ਹਾਂ।[13]

ਔਪਨਿਸ਼ਧਕ ਚਿੰਤਕ ਬ੍ਰਹਮਾਂ ਦੇ ਉੱਚ ਸਤਰ ਗਿਆਨ ਤੇ ਪ੍ਰਮੁੱਖ ਰੂਪ ਤੇ ਕੇਂਦਰਤ ਸੀ ਅਤੇ ਇਸ ਲਈ ਉਹਨਾਂ ਨੇ ਇਹਨਾਂ ਵਿਚਾਰਾਂ ਦੀ ਯੱਗ ਸੰਬੰਧੀ ਕ੍ਰਿਆਵਾਂ ਨੂੰ ਸਵੀਕਾਰ ਨਹੀਂ ਕੀਤਾ। ਉਸੇ ਗ੍ਰੰਥ ਵਿੱਚ ਕਿਹਾ ਗਿਆ ਹੈ, "ਯੱਗ ਸੰਬੰਧੀ ਕ੍ਰਿਆ ਨੂੰ ਸਰਵ ਉੱਤਮ ਸਮਝਣ ਵਾਲੇ ਇਹ ਅਗਿਆਨੀ ਜੀਵ ਉੱਚ ਕੋਟੀ ਦੀ ਚੰਗੀਆਈ ਨੂੰ ਨਹੀਂ ਜਾਣਦੇ ਅਤੇ ਚੰਗੀ ਕ੍ਰਿਆਵਾਂ ਤੋਂ ਸਵਰਗ ਦੇ ਆਨੰਦ ਦਾ ਭੋਗ ਕਰਨ ਵਾਲੇ ਫੇਰ ਇਸੇ ਸੰਸਾਰ ਵਿੱਚ ਜਾਂ ਹੋਰ ਵੀ ਹੇਠਲੇ ਦਰਜੇ ਵਿੱਚ ਜਨਮ ਗ੍ਰਹਿਣ ਕਰਦੇ ਹਨ।[14]

ਉਪਨਿਸ਼ਧ ਵਿਚਾਰਧਾਰਾ ਤੇ ਆਲੋਚਨਾ ਕਰਦੇ ਹੋਏ ਲਾਲ ਮਨੀ ਜੋਸ਼ੀ ਨੇ ਲਿਖਿਆ ਹੈ, "ਉਪਨਿਸ਼ਧਾਂ ਵਿੱਚ ਵੈਦਿਕ ਬਹੁ ਦੇਵਤਾਵਾਦ ਦੀ ਜਗ੍ਹਾਂ ਇੱਕ ਦੇਵਤਾਵਾਦ ਅਤੇ ਅਦਵੇਤਵਾਦ ਆਦਿਆ ਹੈ। ਯੱਗਾਂ ਦੀ ਥਾਂ ਤੇ ਨੈਤਿਕ ਤੱਤਵ ਰੱਖੇ ਗਏ ਅਤੇ ਸਿਰਫ ਕਰਮ ਕਾਂਡ ਦੀ ਜਗ੍ਹਾਂ ਗਿਆਨ ਅਤੇ ਰਹੱਸ ਉਦਘਾਟਨ ਦਾ ਨਵਾਂ ਵਿਚਾਰ ਮੰਨਿਆ"।[15]

ਕਠੋ ਉਪਨਿਸ਼ਧ ਵਿੱਚ ਆਤਮਾ ਨੂੰ ਪੂਰਨ ਸੱਚ ਮੰਨਿਆ ਗਿਆ ਹੈ, ਉੱਥੇ ਕਿਹਾ ਗਿਆ ਹੈ ਕਿ ਪਦਾਰਥ ਮਾਰਗ ਹੈ, ਸਰੀਰ ਰਥ ਹੈ, ਇੰਦਰੀਆਂ ਘੋੜਾ

ਹਨ, ਬੁੱਧੀ ਸਾਰਥੀ ਹੈ, ਮਨ ਲਗਾਮ ਹੈ ਅਤੇ ਅਹੰਕਾਰ ਭੋਗਣ ਵਾਲਾ ਹੈ, ਰਥ ਵਿੱਚ ਬੈਠਾ ਹੋਇਆ ਆਤਮਾ ਸਵਾਮੀ ਹੈ।[16]

ਇਸ ਪ੍ਰਕਾਰ ਔਪਨਿਸ਼ਧਕ ਚਿੰਤਕ ਪਰਮ ਸ਼ਾਂਤੀ ਦੀ ਪ੍ਰਾਪਤੀ ਅਤੇ ਸੁਤੰਤਰਤਾ ਦੀ ਉਪਲੱਬਧੀ ਦੇ ਉਦੇਸ਼ ਨਾਲ ਅੰਤਰ ਆਤਮਾ ਤੇ ਕੇਂਦਰਤ ਰਹੇ। ਉਨ੍ਹਾਂ ਲਾਕਸ਼ਨਿਕ (ਲੱਛਣ) ਰੀਤ ਦੇ ਨਾਲ, ਵੈਦਿਕ ਯੱਗਾਂ ਅਤੇ ਕਰਮ ਕਾਂਡੀ ਕ੍ਰਿਆ ਦੀ ਵਿਆਖਿਆ ਕੀਤੀ। ਉਨ੍ਹਾਂ ਕਿਹਾ ਕਿ ਸਾਰੀਆਂ ਯੱਗ ਕ੍ਰਿਆਵਾਂ ਉਪਯੋਗੀ ਹਨ ਜੇ ਮਨੁੱਖ ਅੰਤਰ ਆਤਮਾ ਵਿੱਚ ਸਹੀ ਹੈ। ਸਵਰਗ ਵਿੱਚ ਲੈ ਜਾਣ ਵਾਲੀ ਅਖੌਤੀ ਯੱਗ ਕ੍ਰਿਆਵਾਂ ਨੂੰ ਉਹਨਾਂ ਨੇ ਅਧਿਆਤਮਿਕ ਗਿਆਨ ਤੇ ਜ਼ੋਰ ਦਿੱਤਾ ਹੈ। ਆਤਮਾ ਦੇ ਧਿਆਨ ਕਰਨ ਨੂੰ ਕਿਹਾ ਅਤੇ ਸਰਵ ਉੱਚ ਸੁੱਖ ਦੀ ਅਨੁਭੂਤੀ ਪਾਉਣ ਦੇ ਲਈ ਨੈਤਿਕ ਚਰਿੱਤਰ ਦੇ ਆਧਾਰ ਤੇ ਜ਼ੋਰ ਦਿੱਤਾ।

ਯੱਗ ਵਿਰੋਧੀ ਇਨ੍ਹਾਂ ਉਪਨਿਸ਼ਧਕ ਵਿਚਾਰਕਾਂ ਤੇ ਮੁਨੀਆਂ ਅਤੇ ਸ਼੍ਰਮਣਾਂ ਦੇ ਵਿਚਾਰਾਂ ਦਾ ਪ੍ਰਭਾਵ ਪਿਆ। ਕਰਮ ਅਤੇ ਪੁਨਰਜਨਮ ਦਾ ਸਿਧਾਂਤ, ਨਿਰਵਾਨ ਦੀ ਵਿਚਾਰਧਾਰਾ ਅਤੇ ਯੋਗ ਅਤੇ ਧਿਆਨ ਦਾ ਅਭਿਆਸ ਆਦਿ ਅਵੈਦਿਕ ਜਾਂ ਅਬ੍ਰਾਹਮਣਿਕ ਵਿਚਾਰ ਧਾਰਾ ਤੋਂ ਉਤਪੰਨ ਹੋਏ ਹਨ। ਇਹ ਸਿਧਾਂਤ ਪ੍ਰਾਚੀਨ ਵੈਦਿਕ ਗ੍ਰੰਥਾਂ ਵਿੱਚ ਪ੍ਰਾਪਤ ਨਹੀਂ ਹੁੰਦੇ। ਇਹ ਅਚਾਨਕ ਹੀ ਉਪਨਿਸ਼ਧਾ ਵਿੱਚ ਵਿਖਾਈ ਦਿੰਦੇ ਹਨ। ਉਪਨਿਸ਼ਧਾਂ ਦੇ ਅਚਾਰਿਆਂ ਨੇ ਯੱਗ ਸੰਬੰਧੀ ਕ੍ਰਿਆਵਾਂ ਨੂੰ ਸਿਰਫ ਨਵੀਂ ਵਿਆਖਿਆਂ ਹੀ ਨਹੀਂ ਦਿੱਤੀ ਸਗੋਂ ਸ਼੍ਰਮਣਿਕ (ਜੈਨ, ਬੁੱਧ ਆਦਿ ਧਰਮ) ਵਿਚਾਰ ਧਾਰਾ ਦੇ ਬਰਾਬਰ ਵੀ ਰੱਖਿਆ ਉਹਨਾਂ ਨੇ ਆਤਮ ਗਿਆਨ ਦੇ ਲਈ ਅਧਿਆਤਮਿਕ ਚਰਿੱਤਰ ਨੂੰ ਜ਼ਰੂਰੀ ਦੱਸਿਆ ਪਰ ਉਹ ਵੈਦਿਕ ਪ੍ਰੰਪਰਾ ਦੇ ਅੰਦਰ ਹੀ ਰਹੇ। ਪ੍ਰਾਚੀਨ ਉਪਨਿਸ਼ਧਾਂ ਦੇ ਸਿਧਾਂਤ ਸ਼੍ਰਮਣਿਕ ਅਤੇ ਬ੍ਰਾਹਮਣ ਪ੍ਰੰਪਰਾ ਦੀ ਜ਼ਿਆਦਾ ਪ੍ਰਤੀਨਿਧਤਾ ਕਰਦੇ ਹਨ। ਡਾ: ਲਾਲ ਮਨੀ ਜੋਸ਼ੀ ਨੇ ਕਿਹਾ ਹੈ।

ਉਪਨਿਸ਼ਧਕ ਰਿਸ਼ੀ ਅਵੈਦਿਕ ਰਿਸ਼ੀਆਂ, ਮੁਨੀਆਂ ਅਤੇ ਸ਼੍ਰਮਣਾਂ ਤੋਂ ਪ੍ਰਭਾਵਿਤ ਸਨ। ਉਨ੍ਹਾਂ ਨੇ ਇਹਨਾ ਦੋਹਾਂ ਪ੍ਰੰਪਰਾਵਾਂ ਵਿੱਚ ਅਪਣੀ ਪ੍ਰੰਪਰਾ ਵਿੱਚ ਰਹਿੰਦੇ ਹੋਏ ਅਤੇ ਅਪਣੇ ਸਿਧਾਂਤ ਦੀ ਆਲੋਚਨਾ ਕਰਦੇ ਹੋਏ, ਸਿਧਾਂਤਕ ਏਕਤਾ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ।[17]

## ਕਰਮ ਤੇ ਪੁਨਰ ਜਨਮ

ਉਪਨਿਸ਼ਧਾਂ ਨੇ ਕਰਮ ਅਤੇ ਪੁਨਰ ਜਨਮ, ਆਤਮਾ ਤੇ ਬ੍ਰਹਮਾਂ ਵਿੱਚ ਏਕਤਾ, ਸੰਸਾਰ ਦੀ ਰਚਨਾ ਦਾ ਸਿਧਾਂਤ, ਧਿਆਨ ਯੋਗ ਜਿਹੇ ਨੈਤਿਕ ਅਤੇ ਅਧਿਆਤਮਕ ਮਾਰਗਾਂ ਰਾਹੀਂ ਸਵੈ ਅਨੁਭੂਤੀ ਦਾ ਪਾਠ ਦਿੱਤਾ। ਉਪਨਿਸ਼ਧਾਂ ਨੇ ਪ੍ਰਾਚੀਨ ਮਹਾਂਰਿਸ਼ੀਆਂ ਦੀ ਗੁਪਤ ਅਨੁਭੂਤੀਆਂ ਅਤੇ ਮਨੁੱਖ ਦੀ ਅੰਤਮ ਸਵਰਗੀ ਪਰਮ ਆਨੰਦ ਅਤੇ ਪੂਰਨ ਗਿਆਨ ਦੀ ਪ੍ਰਾਪਤੀਆਂ ਨੂੰ ਸਪੱਸ਼ਟ ਕੀਤਾ ਗਿਆ ਹੈ।

ਮੂਲ ਪ੍ਰਸ਼ਨ ਦੇ ਹਵਾਲੇ ਵਿੱਚ ਇਹ ਆਤਮਾ ਸਰੀਰ ਛੱਡਣ ਤੋਂ ਬਾਅਦ ਪੁਰਨ ਜਨਮ ਗ੍ਰਹਿਣ ਕਰਦਾ ਹੈ ਜਾਂ ਨਹੀਂ? ਕਠੋ ਉਪਨਿਸ਼ਧ ਆਖਦਾ ਹੈ ਕਿ ਕੁੱਝ ਜੀਵ ਸਰੀਰ ਧਾਰਨ ਕਰਨ ਦੇ ਲਈ ਗਰਭ ਵਿੱਚ ਜਾਂਦੇ ਹਨ ਅਤੇ ਕੁੱਝ ਅਪਣੇ ਕੰਮ ਅਤੇ ਗਿਆਨ ਦੇ ਅਨੁਸਾਰ ਹੋਰ ਥਾਂ ਜਾਂਦੇ ਹਨ।[18] ਪੁਨਰਜਨਮ ਦਾ ਸਿਧਾਂਤ ਕਰਮ ਦੇ ਨੈਤਿਕ ਨਿਯਮ ਦੇ ਆਧਾਰ ਤੇ ਚਲਦਾ ਹੈ, ਜਿਸ ਦੇ ਅਨੁਸਾਰ ਮੁਕੱਦਰ ਜਾਂ ਈਸ਼ਵਰੀ ਕ੍ਰਿਪਾ ਮਨੁੱਖ ਦੇ ਨਾਲ, ਵਿਚਾਰ ਫਲ ਚਾਹੇ ਉਹ ਚੰਗਾ ਹੋਵੇ ਜਾਂ ਬੁਰਾ ਭੋਗਣਾ ਹੀ ਪਵੇਗਾ, ਜਿਸ ਪ੍ਰਕਾਰ ਦਾ ਬੀਜੋਗੇ ਉਸ ਪ੍ਰਕਾਰ ਦਾ ਕੱਟੋਗੇ।

ਬ੍ਰਹਦ ਆਰਨਿਕ ਉਪਨਿਸ਼ਧ ਵਿੱਚ ਕਿਹਾ ਗਿਆ ਹੈ ਕਿ ਮੌਤ ਤੋਂ ਬਾਅਦ ਵਿਅਕਤੀ ਦੇ ਭਿੰਨ ਭਿੰਨ ਭਾਗ ਪ੍ਰਾਕ੍ਰਿਤੀ ਦੇ ਭਿੰਨ ਭਿੰਨ ਭਾਗਾਂ ਵਿੱਚ ਵਾਪਸ ਹੋ ਜਾਂਦੇ ਹਨ, ਜਿੱਥੋਂ ਆਏ ਸਨ ਉੱਥੇ ਚਲੇ ਜਾਂਦੇ ਹਨ। ਇੱਥੋਂ ਤੱਕ ਕਿ ਉਸ ਦੀ ਆਤਮਾ ਅਕਾਸ਼ ਵਿੱਚ ਵਿਲੀਨ ਹੋ ਜਾਂਦੀ ਹੈ। ਉਸ ਦਾ ਖਾਲੀ ਕਰਮ ਹੀ ਬਾਕੀ ਰਹਿ ਜਾਂਦਾ ਹੈ। ਕਰਮ ਦੇ ਕਾਰਨ ਹੀ ਉਸ ਦੀ ਮੌਤ ਬਾਕੀ ਰਹਿੰਦੀ ਹੈ। ਆਰਤਭਾਗ ਅਤੇ ਯਾਗਵੱਲਯਕ ਇਕੋ ਸਮੇਂ ਕਰਮ ਦੇ ਰਹੱਸ ਦੀ ਚਰਚਾ ਕਰਦੇ ਹਨ। ਉਨ੍ਹਾਂ ਜੋ ਵੀ ਕਿਹਾ ਕਰਮ ਕਿਹਾ ਅਤੇ ਜਿਸ ਦੀ ਪ੍ਰਸ਼ੰਸਾ ਕੀਤੀ ਉਹ ਵੀ ਕਰਮ ਸੀ। ਚੰਗੇ ਕਰਮਾਂ ਤੋਂ ਚੰਗਾ ਬਣਦਾ ਹੈ ਅਤੇ ਬੁਰੇ ਕਰਮਾਂ ਤੋਂ ਬੁਰਾ ਬਣਦਾ ਹੈ।[19]

ਔਪਨਿਸ਼ਧਕ ਕਰਮ ਸਿਧਾਂਤ ਵਿੱਚ ਕਾਫੀ ਨੈਤਿਕ ਤੱਤਵ ਸਮਾਇਆ ਹੈ, ਸ਼ੁਭ ਕਰਮ ਕਰਨ ਵਾਲਾ ਚੰਗਾ ਬਣਦਾ ਹੈ, ਅਤੇ ਅਸ਼ੁਭ ਕਰਮ ਕਰਨ ਵਾਲਾ

ਮੰਦਾ ਬਣਦਾ ਹੈ। ਇਸ ਲਈ ਆਖਿਆ ਗਿਆ ਹੈ, "ਵਿਅਕਤੀ ਦਾ ਨਿਰਮਾਣ ਉਸ ਦੀ ਇੱਛਾ ਤੇ ਹੁੰਦਾ ਹੈ, ਉਸ ਦੀ ਇੱਛਾ ਦੇ ਅਨੁਸਾਰ ਉਸ ਦਾ ਵਿਸ਼ਵਾਸ ਹੁੰਦਾ ਹੈ, ਉਸ ਦੇ ਵਿਸ਼ਵਾਸ ਅਨੁਸਾਰ ਉਸ ਦੇ ਕੰਮ ਹੁੰਦੇ ਹਨ, ਉਸ ਦੇ ਕੰਮ ਦੇ ਅਨੁਸਾਰ ਉਸ ਦਾ ਭਾਗ ਹੁੰਦਾ ਹੈ"।[20]

ਆਤਮਾ ਦੇ ਪੁਨਰ ਜਨਮ ਦੀ ਵਿਆਖਿਆ ਹੇਠ ਲਿਖੇ ਅਨੁਸਾਰ ਕੀਤੀ ਗਈ ਹੈ:

"ਜਿਵੇਂ ਸੁਨਿਆਰ ਸੋਨੇ ਦੇ ਇੱਕ ਟੁਕੜੇ ਨੂੰ ਲੈ ਕੇ ਉਸ ਤੋਂ ਇੱਕ ਸੁੰਦਰ ਆਕਾਰ ਵਾਲਾ ਗਹਿਣਾ ਬਣਾਉਂਦਾ ਹੈ। ਉਸੇ ਪ੍ਰਕਾਰ ਇਹ ਆਤਮਾ ਸਰੀਰ ਵਿੱਚੋਂ ਨਿਕਲ ਕੇ ਅਗਿਆਨ (ਅਵਿਦਿਆ) ਨੂੰ ਨਸ਼ਟ ਕਰਕੇ ਖੁਦ ਨੂੰ ਇੱਕ ਨਵੇ ਸੁੰਦਰ ਆਕਾਰ ਵਿੱਚ ਕਰ ਲੈਂਦੀ ਹੈ। ਉਹ ਆਕਾਰ ਚਾਹੇ ਪਿਤਾ ਦੀ ਤਰ੍ਹਾਂ ਹੋਵੇ ਚਾਹੇ ਗੰਧਰਵ ਦੀ ਤਰ੍ਹਾਂ ਹੋਵੇ, ਚਾਹੇ ਦੇਵਤਿਆਂ ਦੇ ਸਮਾਨ ਹੋਵੇ, ਚਾਹੇ ਪਰਜਾਪਤੀ ਦੀ ਤਰ੍ਹਾਂ ਹੋਵੇ, ਚਾਹੇ ਬ੍ਰਹਮਾਂ ਦੀ ਤਰ੍ਹਾਂ ਹੋਵੇ, ਜਾਂ ਹੋਰ ਜੀਵਾਂ ਦੀ ਤਰ੍ਹਾਂ ਹੋਵੇ।[21]

ਮਨੁੱਖ ਅਪਣੇ ਕਰਮਾਂ ਵਿੱਚ ਬੰਨ੍ਹਿਆ ਹੋਇਆ ਹੈ। ਮਨੁੱਖ ਦੇ ਹਰ ਕੰਮ ਤੋਂ ਉਸ ਦਾ ਮੁਕੱਦਰ ਪ੍ਰਭਾਵਿਤ ਹੁੰਦਾ ਹੈ, ਉਪਨਿਸ਼ਧ ਇਹ ਵਿਸ਼ਵਾਸ ਕਰਦੇ ਹਨ, ਕਿ ਮਨੁੱਖ ਦੇ ਇਸ ਜਨਮ ਦੇ ਕਰਮਾਂ ਦਾ ਫਲ ਅਗਲੇ ਜਨਮ ਵਿੱਚ ਜ਼ਰੂਰ ਮਿਲੇਗਾ।

ਉਹ ਜਿਨ੍ਹਾਂ ਦਾ ਚਰਿੱਤਰ ਚੰਗਾ ਹੈ, ਛੇਤੀ ਹੀ ਚੰਗਾ ਜਨਮ ਪ੍ਰਾਪਤ ਕਰਨਗੇ ਬ੍ਰਾਹਮਣ, ਖੱਤਰੀ ਜਾਂ ਬਾਣੀਆਂ ਕੁਲ ਵਿੱਚ, ਪਰ ਜਿਨ੍ਹਾਂ ਦਾ ਚਰਿੱਤਰ ਬੁਰਾ ਰਿਹਾ ਹੈ, ਉਹ ਛੇਤੀ ਹੀ ਬੁਰਾ ਜਨਮ ਪ੍ਰਾਪਤ ਕਰਨਗੇ, ਕੁੱਤੇ ਦਾ, ਸੂਰ ਦਾ, ਜਾਂ ਚੰਡਾਲ ਦਾ।[22]

ਉਹ ਜੋ ਕਰਮ ਅਤੇ ਜਨਮ ਦੀ ਅਸਲੀਅਤ ਨੂੰ ਸਮਝਦੇ ਹਨ ਨਿਰਵਾਨ ਪ੍ਰਾਪਤ ਕਰ ਲੈਂਦੇ ਹਨ। ਸੰਸਾਰ ਵਿੱਚ ਵਾਪਸ ਨਹੀਂ ਆਉਂਦੇ, ਉਪਨਿਸ਼ਧਾਂ ਵਿੱਚ ਅਨੇਕਾਂ ਅਜਿਹੇ ਉਦਾਹਰਣ ਹਨ ਜੋ ਗਿਆਨ ਦੀ ਉੱਚ ਸਥਿਤੀ ਨੂੰ ਸਵਿਕਾਰ ਕਰਦੇ ਹਨ। ਉਦਾਹਰਣ ਵਜੋਂ:

"ਜਦ ਈਸ਼ਵਰ ਦਾ ਗਿਆਨ ਹੋ ਜਾਂਦਾ ਹੈ, ਸਾਰੇ ਬੰਧਨ ਕੱਟ ਜਾਂਦੇ ਹਨ, ਦੁੱਖ ਨਸ਼ਟ ਹੋ ਜਾਂਦੇ ਹਨ, ਜਨਮ ਮਰਨ ਦਾ ਚੱਕਰ ਸਮਾਪਤ ਹੋ ਜਾਂਦਾ ਹੈ। ਉਸ ਦਾ ਧਿਆਨ ਕਰਨ ਨਾਲ ਸਰੀਰ ਦੇ ਨਸ਼ਟ ਹੋ ਜਾਣ ਤੇ ਤੀਜੀ ਅਵਸਥਾ ਆਉਂਦੀ ਹੈ, ਵੈਸ਼ਵਿਕ ਈਸ਼ਵਰ ਦੀ, ਪ੍ਰੰਤੂ ਜੋ ਇੱਕਲਾ ਹੈ ਉਹ ਹੀ ਸੰਤੁਸ਼ਟ ਹੁੰਦਾ ਹੈ"।[23]

ਮੁੰਡਕ ਉਪਨਿਸ਼ਧ ਵਿੱਚ ਕਿਹਾ ਗਿਆ ਹੈ, "ਹਿਰਦੇ ਦੇ ਬੰਧਨ ਟੁੱਟ ਗਏ, ਸਾਰੇ ਸ਼ੱਕਾਂ ਦਾ ਸਮਾਧਾਨ ਹੋ ਗਿਆ, ਸਾਰੇ ਕਰਮ ਨਸ਼ਟ ਹੋ ਗਏ, ਜਿਵੇਂ ਹੀ ਉਸ ਨੂੰ ਵੇਖਿਆ ਜੋ ਉੱਚਾ ਅਤੇ ਨੀਵਾਂ ਹੈ"।[24]

ਉਹ ਜੋ ਸ਼ਰਧਾ ਗਿਆਨ ਅਤੇ ਚਰਿੱਤਰ ਦਾ ਆਚਰਨ ਕਰਦੇ ਹਨ, ਨਿਰਵਾਨ ਪ੍ਰਾਪਤ ਕਰ ਲੈਂਦੇ ਹਨ। ਪ੍ਰਸ਼ਨੋ ਉਪਨਿਸ਼ਧ ਵਿੱਚ ਕਿਹਾ ਗਿਆ ਹੈ, "ਉਹ ਜੋ ਤਪ, ਸੰਬਰ, ਸ਼ਰਧਾ ਅਤੇ ਗਿਆਨ ਦੇ ਰਾਹੀਂ ਆਤਮਾ ਦੀ ਖੋਜ ਕਰ ਲੈਂਦੇ ਹਨ ਫੇਰ ਸੰਸਾਰ ਵਿੱਚ ਨਹੀਂ ਆਉਂਦੇ"।[25]

ਰਾਧਾ ਕ੍ਰਿਸ਼ਨਨ ਨੇ ਲਿਖਿਆ ਹੈ, "ਕਰਮ ਇੱਕ ਅੰਨ੍ਹਾ ਅਚੇਤਨ ਸਿਧਾਂਤ ਹੈ, ਜੋ ਸਾਰੇ ਸੰਸਾਰ ਤੇ ਰਾਜ ਕਰਦਾ ਹੈ, ਉਹ ਈਸ਼ਵਰ ਦੇ ਕਾਬੂ ਵਿੱਚ ਨਹੀਂ ਹੁੰਦਾ, ਉਹ ਤਾਂ ਅਸਲੀਅਤ ਦਾ ਪ੍ਰਗਟਾਵਾ ਹੈ। ਉਹ ਕਿਸੇ ਦੀ ਵਿਚੋਲਗੀ ਸਵੀਕਾਰ ਨਹੀਂ ਕਰਦਾ, ਅਜਿਹਾ ਕੋਈ ਦੂਸਰਾ ਸਿਧਾਂਤ ਨਹੀਂ ਜੋ ਕਰਮ ਜਿਹਾ ਮਹੱਤਵਪੂਰਨ ਹੋਵੇ, ਜੀਵਨ ਅਤੇ ਚਰਿੱਤਰ ਵਿੱਚ। ਇਸ ਜੀਵਨ ਵਿੱਚ ਜੋ ਵੀ ਹੁੰਦਾ ਹੈ, ਉਹ ਸਵੀਕਾਰ ਹੁੰਦਾ ਹੈ, ਕਿਉਂਕਿ ਉਹ ਪਿੱਛਲੇ ਜਨਮ ਵਿੱਚ ਕੀਤੇ ਕਰਮ ਦਾ ਫਲ ਹੁੰਦਾ ਹੈ। ਫੇਰ ਵੀ ਭਵਿੱਖ ਸਾਡੇ ਹੱਥ ਵਿੱਚ ਹੈ, ਅਤੇ ਅਸੀਂ ਆਸ ਤੇ ਵਿਸ਼ਵਾਸ ਨਾਲ ਕੰਮ ਕਰ ਸਕਦੇ ਹਾਂ। ਕਰਮ ਭਵਿੱਖ ਦੇ ਲਈ ਉਤਸ਼ਾਹਤ ਕਰਦਾ ਹੈ ਅਤੇ ਤਿਆਗ ਭੂਤ ਦੇ ਲਈ"।[26]

## ਬ੍ਰਹਮ ਦਾ ਸਿਧਾਂਤ

ਉਪਨਿਸ਼ਧਾਂ ਦਾ ਮੁੱਖ ਸਿਧਾਂਤ ਬ੍ਰਹਮ ਦੇ ਆਸ ਪਾਸ ਘੁੰਮਦਾ ਹੈ, ਉਸ ਨੂੰ ਸਰਵਉੱਚ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਬ੍ਰਹਦ ਆਰਨਿਕ ਉਪਨਿਸ਼ਧ ਵਿੱਚ ਕਿਹਾ ਗਿਆ ਹੈ, "ਯਾਗਵੱਲਯਕ ਨੇ ਸ਼ਾਕਲਯ ਨਾਲ ਗੱਲਬਾਤ ਦੇ ਦੌਰਾਨ ਹਜ਼ਾਰਾਂ ਈਸ਼ਵਰਾਂ ਨੂੰ ਘੱਟ ਕਰਕੇ ਇੱਕ ਬ੍ਰਹਮਾ ਦੀ

ਸਥਾਪਨਾ ਕੀਤੀ, ਅਤੇ ਬ੍ਰਹਮਾ, ਗਿਆਨ ਅਤੇ ਪਰਮ ਆਨੰਦ ਦੇ ਰੂਪ ਦੇ ਵਿੱਚ ਵਰਣਨ ਕੀਤਾ ਗਿਆ ਹੈ"।[27] ਛਾਂਦੋਂਗਿਐ ਉਪਨਿਸ਼ਧ ਬ੍ਰਹਮ ਦੀ ਪਹਿਚਾਣ ਪ੍ਰਾਣ ਅਤੇ ਆਨੰਦ ਤੋਂ ਕੀਤੀ ਗਈ ਹੈ।[28] ਤੈਤ੍ਰਯ ਉਪਨਿਸ਼ਧ ਵਿੱਚ ਇਸ ਪ੍ਰਕਾਰ ਕਿਹਾ ਗਿਆ ਹੈ।

"ਉਹ ਜਿਸ ਜਗ੍ਹਾਂ ਤੋਂ ਪ੍ਰਾਣੀਆਂ ਨੇ ਜਨਮ ਲਿਆ ਹੈ, ਉਹ ਜਿਸ ਨੇ ਜਨਮ ਲੈਣ ਵਾਲੇ ਨੂੰ ਜਿਉਂਦਾ ਰਹਿੰਦਾ ਹੈ, ਉਹ ਜਿਸ ਵਿੱਚ ਮੌਤ ਤੋਂ ਬਾਅਦ ਉਹ ਪ੍ਰਵੇਸ਼ ਕਰਦਾ ਹੈ, ਬ੍ਰਹਮ ਹੈ, ਉਸ ਨੂੰ ਪਹਿਚਾਣੋ"।[29]

ਇਸ ਪ੍ਰਕਾਰ ਬ੍ਰਹਮਾਂ ਸ਼੍ਰਿਸ਼ਟੀ ਦਾ ਕਾਰਨ ਹੈ, ਬ੍ਰਹਮਾਂ ਦੀ ਪਹਿਚਾਣ ਆਮ ਤੌਰ ਤੇ ਆਤਮਾ ਨਾਲ ਕੀਤੀ ਜਾਂਦੀ ਹੈ। ਬ੍ਰਹਦ ਆਰਨਿਕ ਉਪਨਿਸ਼ਧ ਵਿੱਚ ਆਤਮਾ ਤੋਂ ਉਤਪੰਨ ਸ਼੍ਰਿਸ਼ਟੀ ਦੇ ਸਿਧਾਂਤ ਨੂੰ ਇਸ ਪ੍ਰਕਾਰ ਸਮਝਾਇਆ ਗਿਆ ਹੈ:

ਜਿਵੇਂ ਮੱਕੜੀ ਅਪਣੇ ਧਾਗੇ ਦੇ ਨਾਲ ਬਾਹਰ ਆਉਂਦੀ ਹੈ, ਜਾਂ ਜਿਵੇਂ ਚਿੰਗਾਰੀ ਅੱਗ ਤੋਂ ਨਿਕਲਦੀ ਹੈ, ਉਸੇ ਪ੍ਰਕਾਰ ਸਾਰੀਆਂ ਇੰਦਰੀਆਂ, ਸਾਰੇ ਸੰਸਕਾਰ, ਸਾਰੇ ਦੇਵ, ਸਾਰੇ ਜੀਵ ਆਤਮਾ ਤੋਂ ਜਨਮ ਲੈਂਦੇ ਹਨ।[30]

ਬ੍ਰਹਮਾਂ ਜਾਂ ਆਤਮਾ ਨੂੰ ਸੱਚਾਈਆਂ ਦਾ ਸੱਚ, ਪ੍ਰਕਾਸ਼ਾਂ ਦਾ ਪ੍ਰਕਾਸ਼ ਅਤੇ ਤੱਤਾਂ ਦਾ ਤੱਤ ਕਿਹਾ ਜਾਂਦਾ ਹੈ। ਇਹ ਆਮ ਤੌਰ ਤੇ ਨਾਂਹ ਵਾਚੀ ਰੂਪ ਵਿੱਚ ਵਰਣਨ ਕੀਤਾ ਗਿਆ ਹੈ। ਯਾਗਵੱਲਯਕ ਨੇ ਇਹ ਇਸ਼ਾਰਾ ਕੀਤਾ ਹੈ ਕਿ ਉਹ ਗਯ (ਜਾਣਨ ਯੋਗ) ਹੈ, ਅਚਿੰਤਨਯ (ਜਿਸ ਦਾ ਚਿੰਤਨ ਨਾ ਕੀਤਾ ਜਾਵੇ) ਅਤੇ ਅਕੱਥਯ (ਨਾ ਕਥਨ ਯੋਗ), ਹੈ। ਨੇਤੀ ਨੇਤੀ ਜਿਹੇ ਸ਼ਬਦ ਆਤਮਾ ਦੀ ਅਨੁਪਮਤਾ ਵੱਲ ਇਸ਼ਾਰਾ ਕਰਦੇ ਹਨ, ਉਹ ਅਪਣੇ ਤਰ੍ਹਾਂ ਦਾ ਇੱਕ ਹੀ ਤੱਤ ਹੈ ਕੁੱਝ ਉਦਾਹਰਣਾਂ ਵਿੱਚ ਉਸ ਦੀ ਸ਼੍ਰੇਸ਼ਠਤਾ ਵੱਲ ਜ਼ੋਰ ਦਿੱਤਾ ਗਿਆ ਹੈ ਅਤੇ ਕੀਤੇ ਕੀਤੇ ਉਸ ਦੇ ਅੰਤਰਵਰਤੀ (ਅੰਦਰਲੇ) ਤੱਤਾਂ ਨੂੰ ਸਪੱਸ਼ਟ ਕੀਤਾ ਗਿਆ ਹੈ। ਛਾਦੋਂਗਯੋ ਉਪਨਿਸ਼ਧ ਵਿੱਚ ਉਦਾਲਕ ਆਰੂਨੀ ਅਪਣੇ ਪੁੱਤਰ ਸਵੈਤ ਕੇਤੂ ਨੂੰ ਆਖਦਾ ਹੈ ਕਿ ਜਿਨ੍ਹਾਂ ਤੱਤਾਂ ਦੀ ਹੋਂਦ ਹੈ, ਉਹਨਾਂ ਵਿੱਚ ਉਸ ਦੀ ਆਤਮਾ ਦਾ ਨਿਵਾਸ ਹੈ ਅਤੇ ਇਹ ਸਹੀ ਹੈ ਕਿ ਉਹ ਆਤਮਾ ਹੈ ਅਤੇ ਉਹ ਤੁਸੀਂ ਹੋ।[31]

ਬ੍ਰਹਦ ਆਰਨਿਕ ਉਪਨਿਸ਼ਧ ਯਾਗਵੱਲਯਕ ਗਾਰਗੀ ਨੂੰ ਆਖਦੇ ਹਨ ਕਿ ਬ੍ਰਹਮਾਂ ਅਵਿਨਾਸ਼ੀ ਹੈ:

"ਉਹ ਨਾ ਸਥੂਲ ਹੈ, ਨਾ ਸੂੱਖਮ ਹੈ, ਨਾ ਛੋਟਾ ਹੈ, ਨਾ ਵੱਡਾ ਹੈ, ਨਾ ਚਮਕਦਾਰ ਹੈ, ਦਰਵਨਸ਼ੀਲ ਹੈ, ਉਹ ਛਾਯਾਹੀਨ ਅਤੇ ਅੰਧਕਾਰਹੀਨ ਹੈ, ਬਿਨ੍ਹਾਂ ਹਵਾ ਅਤੇ ਬਿਨ੍ਹਾਂ ਅਕਾਸ਼ ਦੇ ਹੈ, ਬਿਨ੍ਹਾਂ ਰੁਕਾਵਟ ਦੇ ਹੈ, ਉਹ ਸਵਾਦ ਰਹਿਤ, ਨੇਤਰ ਰਹਿਤ, ਕੰਨ ਰਹਿਤ, ਸ਼ਬਦ ਰਹਿਤ, ਹਵਾ ਰਹਿਤ, ਸ਼ਕਤੀ ਰਹਿਤ, ਪ੍ਰਾਣ ਰਹਿਤ, ਮੁੱਖ ਰਹਿਤ, ਪਰਿਮਾਨ ਰਹਿਤ, ਅੰਤਰ ਰਹਿਤ ਅਤੇ ਅੰਦਰ ਬਾਹਰ ਰਹਿਤ ਹੈ, ਉਹ ਕਿਸੇ ਨੂੰ ਅਪਣੇ ਵਿੱਚ ਨਹੀਂ ਮਿਲਾਉਂਦਾ।[32]

ਇਹ ਵਿਚਾਰ ਬ੍ਰਹਮ ਦੀ ਨਿਰਗੁਣਤਾ ਵੱਲ ਇਸ਼ਾਰਾ ਕਰਦੇ ਹਨ:

ਅਨੇਕਾਂ ਉਦਾਹਰਣਾਂ ਆਤਮਾ ਦਾ ਵਰਣਨ ਹਾਂ ਪੱਖੀ ਰੂਪ ਵਿੱਚ ਕਰਦੀਆਂ ਹਨ, ਬ੍ਰਹਮ ਨੂੰ ਮਾਇਆ ਵਾਲਾ ਕਿਹਾ ਗਿਆ ਹੈ। ਉਪਨਿਸ਼ਧਾਂ ਵਿੱਚ ਇਹ ਸ਼ਬਦ ਰਹੱਸਯਾਤਮਕ ਸ਼ਕਤੀ ਨੂੰ ਪ੍ਰਕਾਸ਼ਤ ਕਰਦਾ ਹੈ। ਇੱਥੇ ਇਸ ਦਾ ਅਰਥ ਮੋਹ ਤੇ ਮਿੱਥਿਆ ਨਹੀਂ ਹੈ।

ਮਾਇਆ ਦਾ ਮਿੱਥਿਆ ਅਰਥ ਸਭ ਤੋਂ ਪਹਿਲਾਂ ਮਹਾਯਾਨ ਬੁੱਧ ਧਰਮ ਵਿੱਚ ਪਾਇਆ ਜਾਂਦਾ ਹੈ ਅਤੇ ਜਿਸ ਨੂੰ ਬਾਅਦ ਵਿੱਚ ਸ਼ੰਕਰ ਵੇਦਾਂਤ ਨੇ ਸਵੀਕਾਰ ਕੀਤਾ ਹੈ। ਪਰ ਵੈਦਿਕ ਗ੍ਰੰਥਾਂ ਵਿੱਚ ਮਾਇਆ ਬ੍ਰਹਮ ਦਾ ਇੱਕ ਗੁਣ ਹੈ ਜਿਸ ਦੇ ਕਾਰਨ ਉਹ ਸ਼੍ਰਿਸ਼ਟੀ ਦੀ ਰਚਨਾ ਅਤੇ ਰੱਖਿਆ ਕਰਦਾ ਹੈ। ਸ਼੍ਰਿਸ਼ਟੀ ਦੇ ਸਿਰਜਨਹਾਰ ਦੇ ਰੂਪ ਵਿੱਚ ਈਸ਼ਵਰ ਆਖਿਆ ਗਿਆ ਹੈ, ਈਸ਼ਾਵਸਯੋ ਉਪਨਿਸ਼ਧ ਵਿੱਚ ਆਖਿਆ ਗਿਆ ਹੈ ਕਿ ਸਾਰਾ ਸੰਸਾਰ ਈਸ਼ਵਰ ਨਾਲ ਭਰਿਆ ਹੈ। ਸਗੁਣ ਦੇ ਰੂਪ ਵਿੱਚ ਬ੍ਰਹਮਾਂ ਨੂੰ ਵੈਯਕਿਤਕ ਈਸ਼ਵਰ ਦੇ ਰੂਪ ਵਿੱਚ ਮੰਨਿਆ ਗਿਆ ਹੈ। ਉਹ ਸਰਵ ਵਿਆਪਕ, ਸਰਵ ਗਿਆਤਾ ਅਤੇ ਸਰਵ ਸ਼ਕਤੀਮਾਨ ਹੈ। ਸਾਰੇ ਪ੍ਰਾਣੀ ਉਸ ਤੋਂ ਪੈਦਾ ਹੋਏ ਹਨ ਅਤੇ ਉਸ ਵਿੱਚ ਹੀ ਸਮਾ ਜਾਂਦੇ ਹਨ। ਮੁੰਡਕੋ ਉਪਨਿਸ਼ਧ ਵਿੱਚ ਕਿਹਾ ਗਿਆ ਹੈ, ਸਵਰਗ ਦਾ ਵਿਅਕਤੀ ਸਰੀਰ ਰਹਿਤ ਹੁੰਦਾ ਹੈ, ਉਹ ਅੰਦਰੋਂ ਅਤੇ ਬਾਹਰ ਤੋਂ ਨਾ ਪੈਦਾ ਹੋਇਆ ਹੈ, ਪ੍ਰਾਣਹੀਨ ਅਤੇ ਮਨਹੀਨ ਹੈ, ਵਿਸ਼ੁੱਧ ਹੈ, ਉੱਚ ਤੋਂ ਵੀ ਉੱਚਤਮ ਹੈ, ਅਵਿਨਾਸ਼ੀ ਹੈ, ਉਸ ਵਿੱਚ ਪ੍ਰਾਣ, ਮਨ, ਇੰਦਰੀਆਂ, ਵਾਯੂ, ਜਯੋਤੀ, ਜਲ,

ਧਰਤੀ ਆਦਿ ਉਤਪੰਨ ਹੋਏ ਹਨ। ਅਕਾਸ਼ ਉਸ ਦਾ ਸਿਰ ਹੈ, ਸੂਰਜ ਤੇ ਚੰਦਰਮਾਂ ਉਸ ਦੀਆਂ ਅੱਖਾਂ ਹਨ, ਦਿਸ਼ਾਵਾਂ ਉਸ ਦੇ ਕੰਨ ਹਨ, ਵੇਦ ਉਸ ਦੇ ਕਥਨ ਨੂੰ ਸਪੱਸ਼ਟ ਕਰਦੇ ਹਨ, ਹਵਾ ਉਸ ਦਾ ਸਾਹ ਹੈ, ਸੰਸਾਰ ਉਸਦਾ ਹਿਰਦੇ ਹੈ, ਉਸ ਦੇ ਪੈਰਾਂ ਤੋਂ ਧਰਤੀ ਉਤਪੰਨ ਹੋਈ ਹੈ, ਉਹ ਅਸਲ ਵਿੱਚ ਸਾਰੀਆਂ ਵਸਤੂਆਂ ਦਾ ਅੰਤਰ ਆਤਮਾ ਹੈ।[33]

ਔਪਨਿਸ਼ਧਕ ਸਿਧਾਂਤ ਬ੍ਰਹਮ ਦੇ ਹਵਾਲੇ ਵਿੱਚ ਭਿੰਨ ਭਿੰਨ ਵਿਚਾਰ ਪ੍ਰਗਟ ਕਰਦੇ ਹਨ। ਵਿਦਵਾਨਾਂ ਨੇ ਇਹਨਾਂ ਵਿੱਚ ਈਸ਼ਵਰਵਾਦ, ਇੱਕ ਈਸ਼ਵਰਵਾਦ ਅਤੇ ਸਰਵ ਈਸ਼ਵਰਵਾਦ ਦੇ ਬੀਜ ਪਾਏ ਹਨ। ਬਾਅਦ ਦੇ ਵਿਆਖਿਆਕਾਰਾਂ ਨੇ ਔਪਨਿਸ਼ਧਕ ਸਿਧਾਤਾਂ ਦੀ ਵਿਰੋਧੀ ਵਿਆਖਿਆਵਾਂ ਕੀਤੀਆਂ ਅਤੇ ਵੇਦਾਂਤ ਦੇ ਭਿੰਨ ਭਿੰਨ ਫਿਰਕਿਆਂ ਦਾ ਜਨਮ ਹੋਇਆ ਜੋ ਇੱਕ ਦੂਜੇ ਦੇ ਵਿਰੋਧੀ ਬਣੇ ਰਹੇ। ਇਸ ਪ੍ਰਕਾਰ ਸ਼ੰਕਰ ਦਾ ਅਦਵੈਤ ਵੇਦਾਂਤ ਉਪਨਿਸ਼ਧਾਂ ਉੱਪਰ ਉਨ੍ਹਾਂ ਹੀ ਆਧਾਰਤ ਰਿਹਾ ਜਿਨ੍ਹਾਂ ਰਾਮਾਨੁਜ ਦਾ ਵਸ਼ਿਸ਼ਟਾ ਦਵੈਤਵਾਦ।

ਇੱਥੇ ਇਹ ਵਰਣਨਯੋਗ ਹੈ ਕਿ ਬ੍ਰਹਮ ਅਤੇ ਆਤਮਾ ਦੀ ਏਕਤਾ ਦਾ ਸਿਧਾਂਤ ਉਪਨਿਸ਼ਧਾਂ ਦੀਆਂ ਕੁੱਝ ਉਦਾਹਰਣਾਂ ਵਿੱਚ ਹੀ ਮਿਲਦਾ ਹੈ। ਜ਼ਿਆਦਾ ਉਦਾਹਰਣਾ ਵਿੱਚ ਦਵੈਤਵਾਦ ਸਿਧਾਂਤ ਹੀ ਸਪੱਸ਼ਟ ਕੀਤਾ ਗਿਆ ਹੈ। ਇਸ ਪ੍ਰਕਾਰ ਮੈਤਰਾਯਨ ਉਪਨਿਸ਼ਧ ਵਿੱਚ ਕਿਹਾ ਗਿਆ ਹੈ, ਬ੍ਰਹਮ ਦੇ ਦੋ ਰੂਪ ਹੁੰਦੇ ਹਨ: ਕਾਲ ਅਤੇ ਅਕਾਲ। ਜੋ ਸੂਰਜ ਦੀ ਰਚਨਾ ਤੋਂ ਪਹਿਲਾਂ ਹੋਂਦ ਵਿੱਚ ਸੀ ਉਹ ਅਕਾਲ ਬ੍ਰਹਮ ਸੀ ਅਤੇ ਉਹ ਵਿਭਾਗ ਰਹਿਤ ਹੈ, ਜਿਸ ਦਾ ਆਰੰਭ ਸੂਰਜ ਤੋਂ ਹੋਇਆ ਹੈ ਉਹ ਕਾਲ ਬ੍ਰਹਮ ਹੈ ਅਤੇ ਉਹ ਸਭਾਗੀ ਹੈ।[34] ਕੁੱਝ ਵਿਦਵਾਨਾਂ ਨੇ ਇਹ ਕਿਹਾ ਹੈ ਕਿ ਉਪਨਿਸ਼ਧ ਬ੍ਰਹਮ ਅਤੇ ਬਾਹਰ ਵਰਤੀ ਬ੍ਰਹਮ ਵਿੱਚ ਫਰਕ ਕਰਦੇ ਹਨ। ਇਸ ਤਰ੍ਹਾਂ ਉਸ ਦੀ ਨਾ ਪ੍ਰਕਾਸ਼ਯੋਗ ਸਰਵ ਉਤਕ੍ਰਿਸ਼ਟਤਾ ਅਤੇ ਪ੍ਰਕਾਸ਼ਯੋਗ ਸਰਵਉਕ੍ਰਿਸ਼ਟਤਾ ਆਤਮਾ ਸ਼ੁੱਧ ਅਤੇ ਜ਼ਰੂਰੀ ਅਤੇ ਵਿਅਕਤੀਗਤ ਆਤਮਾ ਵਿੱਚ ਵੀ ਅੰਤਰ ਕੀਤਾ ਗਿਆ ਹੈ।[35]

## ਔਪਨਿਸ਼ਧਕ ਮੁਕਤੀ ਦਾ ਮਾਰਗ

ਉਪਨਿਸ਼ਧਾਂ ਵਿੱਚ ਨਾ ਕੇਵਲ ਵਿਅਕਤੀ ਦੀ ਧਾਰਮਿਕਤਾ ਦਾ ਵਰਣਨ ਕੀਤਾ ਗਿਆ ਹੈ ਸਗੋਂ ਉਸ ਦੀ ਅਨੁਭੂਤੀ ਦੇ ਉਪਾਅ ਵੀ ਦੱਸੇ ਗਏ ਹਨ।

ਜਿਵੇਂ ਅਸੀਂ ਪਹਿਲਾਂ ਸਪੱਸ਼ਟ ਕਰ ਚੁੱਕੇ ਹਾਂ ਕਿ ਸ਼ੁਰੂ ਦੇ ਉਪਨਿਸ਼ਧਾਂ ਵਿੱਚ ਇਸ ਹਵਾਲੇ ਨਾਲ ਭਿੰਨ ਭਿੰਨ ਸਿਧਾਂਤ ਅਤੇ ਸਾਧਨਾਵਾਂ ਦਾ ਵਰਣਨ ਮਿਲਦਾ ਹੈ। ਉਸ ਤੋਂ ਬਾਅਦ ਅਸੀਂ ਵੇਖਦੇ ਹਾਂ, ਕਿ ਸਰਵ ਉੱਚ ਉਦੇਸ਼ ਅਨੇਕਾਂ ਰਸਤਿਆਂ ਰਾਹੀਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸਪੱਸ਼ਟ ਹੈ ਕਿ ਉਹ ਯੱਗ ਸੰਬੰਧੀ ਕ੍ਰਿਆ ਕਾਂਡ ਨੂੰ ਨਹੀਂ ਮੰਨਦੇ।

ਉਪਨਿਸ਼ਧਾਂ ਦੇ ਕੁੱਝ ਉਦਾਹਰਣਾਂ ਵਿੱਚ ਆਤਮਾ ਅਤੇ ਬ੍ਰਹਮ ਦੀ ਪ੍ਰਸ਼ੰਸਾ ਕੀਤੀ ਗਈ ਹੈ, ਜਦਕਿ ਹੋਰਾਂ ਵਿੱਚ ਸੰਸਾਰ ਦੀ ਏਕਾਤਮਕ ਦੇ ਗਿਆਨ ਦੀ ਪ੍ਰਸ਼ੰਸਾ ਹੋਈ ਹੈ। ਇਸ ਪ੍ਰਕਾਰ ਸਰਵਉੱਚ ਗਿਆਨ ਅੰਤਮ ਉਦੇਸ਼ ਨੂੰ ਪ੍ਰਾਪਤ ਕਰਨ ਦਾ ਵਿਸ਼ੇਸ਼ ਮਾਰਗ ਮੰਨਿਆ ਗਿਆ ਹੈ। ਪਰ ਗਿਆਨ ਦੇ ਮਹੱਤਵ ਦੇ ਨਾਲ ਉਪਨਿਸ਼ਧਾਂ ਨੇ ਸ਼ੁਭ ਅਤੇ ਪਵਿੱਤਰ ਕਾਰਜਾਂ, ਵਿਸ਼ੁੱਧੀ, ਸ਼ਰਧਾ, ਅਤੇ ਇੰਦਰੀਆਂ ਸੰਜਮ ਤੇ ਜ਼ੋਰ ਦਿੱਤਾ ਹੈ। ਯੋਗ ਇੱਕ ਸੰਸਕ੍ਰਿਤੀ ਦੇ ਇਹ ਤੱਤ ਸਾਨੂੰ ਸ਼੍ਰਮਣਾਂ ਅਤੇ ਮੁਨੀਆਂ ਰਾਹੀਂ ਚੁਣੇ ਮਾਰਗ ਦੀ ਯਾਦ ਕਰਵਾਉਂਦੇ ਹਨ। ਔਪਨਿਸ਼ਧਕ ਮੁਕਤੀ ਦੇ ਹਵਾਲੇ ਵਿੱਚ ਧਿਆਨ ਦਾ ਮਹੱਤਵ ਵੀ ਘੱਟ ਕਰਕੇ ਨਹੀਂ ਜਾਣਿਆ ਜਾ ਸਕਦਾ, ਸੁਰੂ ਦੇ ਉਪਨਿਸ਼ਧਾਂ ਵਿੱਚ ਇੱਕ ਦੋ ਜਗ੍ਹਾਂ ਤੇ ਅਸੀਂ ਇਹ ਪਾਉਂਦੇ ਹਾਂ ਕਿ ਈਸ਼ਵਰ ਦੀ ਭਗਤੀ ਅਤੇ ਉਸ ਦੀ ਕ੍ਰਿਪਾ ਮੁਕਤੀ ਪ੍ਰਾਪਤੀ ਦੇ ਲਈ ਜ਼ਰੂਰੀ ਸਾਧਨ ਮੰਨੇ ਗਏ ਹਨ। ਅਗਲੇ ਪੰਨਿਆਂ ਵਿੱਚ ਅਸੀਂ ਇਹਨਾਂ ਇਸ਼ਾਰਿਆਂ ਦੀ ਵਿਆਖਿਆ ਕਰਾਂਗੇ।

ਉਪਨਿਸ਼ਧ ਵਿਦਿਆ ਅਤੇ ਅਵਿਦਿਆ ਦੇ ਵਿਚਕਾਰ ਫਰਕ ਨੂੰ ਸਪੱਸ਼ਟ ਕਰਦੇ ਹਨ। ਆਮ ਸਧਾਰਨ ਲੋਕ ਅਵਿਦਿਆ ਵਾਲੇ ਰਹਿੰਦੇ ਹਨ, ਅਤੇ ਉਹ ਸਹੀ ਸਚਾਈ ਨੂੰ ਨਹੀਂ ਜਾਣਦੇ, ਉਦਾਹਰਣ ਦੇ ਤੌਰ ਤੇ ਕਠੋ ਉਪਨਿਸ਼ਧ ਅਗਿਆਨੀ ਸੰਸਾਰ ਦੀ ਇਸ ਪ੍ਰਕਾਰ ਆਲੋਚਨਾ ਕਰਦਾ ਹੈ, “ਜੋ ਅਵਿਦਿਆ ਜਾਂ ਅਗਿਆਨ ਵਿੱਚ ਰਹਿੰਦਾ ਹੈ ਸਵੈ ਬੁੱਧੀ, ਸਵੈ ਗਿਆਨ ਨੂੰ ਛੱਡਕੇ ਇਧਰ ਉੱਧਰ ਭਟਕਦਾ ਮੋਹ ਵਿੱਚ ਫੰਸਿਆ ਹੋ ਕੇ ਘੁੰਮਦਾ ਹੈ, ਉਹ ਉਹਨਾਂ ਨੇਤਰਹੀਨ ਵਿਅਕਤੀਆਂ ਦੀ ਤਰ੍ਹਾਂ ਹੈ ਜੋ ਨੇਤਰਹੀਨ ਵਿਅਕਤੀ ਨੂੰ ਅੱਗੇ ਲੈ ਜਾ ਰਹੇ ਹਨ।[36]

ਮੁੰਡਕੋ ਉਪਨਿਸ਼ਧ ਵਿੱਚ ਗਿਆਨ ਦੇ ਦੋ ਪ੍ਰਕਾਰ ਦੱਸੇ ਗਏ ਹਨ – ਅਪਰਾ ਗਿਆਨ (ਚਾਰ ਵੇਦ ਅਤੇ ਛੇ ਵੇਦ ਅੰਗਾਂ ਦਾ ਗਿਆਨ), ਅਤੇ ਪਰਾ ਗਿਆਨ (ਅੱਖਰਾਂ ਦਾ ਗਿਆਨ)[37] ਇਸ ਤੋਂ ਇਹ ਸਪੱਸ਼ਟ ਹੈ ਕਿ ਹੋਰ ਪ੍ਰਕਾਰ ਦੇ ਵਿਗਿਆਨਕ, ਸਾਹਿਤਕ, ਧਾਰਮਿਕ ਆਦਿ ਗਿਆਨ ਸਰਵ ਉੱਚ ਸਚਾਈ ਦੇ ਗਿਆਨ ਤੋਂ ਦੂਰ ਹਨ। ਇਸ ਲਈ ਉਪਨਿਸ਼ਧ ਬ੍ਰਹਮ ਗਿਆਨ ਦੀ ਪ੍ਰਸ਼ੰਸਾ ਕਰਦੇ ਹਨ, ਉੱਥੇ ਕਿਹਾ ਗਿਆ ਹੈ ਕਿ ਜੋ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਬ੍ਰਹਮਾਂ ਵਰਗਾ ਹੀ ਹੋ ਜਾਂਦਾ ਹੈ।[38]

ਉਪਰੋਕਤ ਕਥਨ ਤੋਂ ਇਹ ਸਪੱਸ਼ਟ ਹੈ ਕਿ ਗਿਆਨ ਮੁਕਤੀ ਦਾ ਪ੍ਰਮੁੱਖ ਸਾਧਨ ਹੈ। ਬ੍ਰਹਮ ਦਾ ਗਿਆਨ ਹੀ ਮੁਕਤੀ ਵਿੱਚ ਸਮਾਇਆ ਹੈ। ਪਾਉਲ ਦੇਉਸੱਨ ਨੇ ਕਿਹਾ ਹੈ, "ਮੁਕਤੀ ਉਹ ਨਹੀਂ ਹੈ ਜਿਸਦੀ ਪਹਿਲਾਂ ਕੋਈ ਹੋਂਦ ਹੀ ਨਹੀਂ ਸੀ"।[39] ਉਹ ਵਿਅਕਤੀ ਅਤੇ ਸਭ ਪਾਸੇ ਫੈਲੀ ਆਤਮਾ ਦੀ ਖੋਈ ਹੋਈ ਇੱਕ ਆਤਮਾ ਦੀ ਦੁਬਾਰਾ ਪ੍ਰਾਪਤੀ ਹੈ। ਪਾਉਲ ਦੇਉਸੱਨ ਨੇ ਫੇਰ ਇਸੇ ਹਵਾਲੇ ਨਾਲ ਕਿਹਾ ਜਾ ਸਕਦਾ ਹੈ ਕਿ "ਆਤਮਾ ਦੇ ਗਿਆਨ ਰਾਹੀਂ ਛੱਡੇ ਲੋਕ ਪ੍ਰਭਾਵਿਤ ਨਹੀਂ ਹੁੰਦਾ ਪਰ ਉਹ ਇਸ ਗਿਆਨ ਵਿੱਚ ਵਿਦਮਾਨ ਹੈ, ਉਹ ਆਤਮਾ ਦੇ ਗਿਆਨ ਦਾ ਪਰਿਣਾਮ ਨਹੀਂ ਹੈ। ਪਰ ਉਹ ਗਿਆਨ ਦੀ ਪੂਰਨਤਾ ਨੂੰ ਪ੍ਰਗਟ ਕਰ ਰਿਹਾ ਹੈ"।[40]

ਮੁਕਤੀ ਦਾ ਅਰਥ ਹੈ, ਤੱਤ ਦਾ ਪੂਰਨ ਗਿਆਨ, ਉਪਨਿਸ਼ਧ ਦਾਰਸ਼ਨਿਕਾਂ ਦਾ ਮੱਤ ਹੈ ਕਿ ਇਹ ਤੱਤ ਖੁਦ ਦੇ ਫਰਕ ਵਿੱਚ ਹੈ। ਜਿਸ ਨੂੰ ਬ੍ਰਹਮ ਦਾ ਦਰਸ਼ਨ ਹੋ ਗਿਆ ਉਹ ਮੁਕਤ ਹੋ ਗਿਆ। ਉਸ ਦੇ ਹਿਰਦੇ ਦੀ ਗੱਠ ਕੱਟੀ ਗਈ, ਉਸ ਦੇ ਸਾਰੇ ਕੰਮ ਬੰਦ ਹੋ ਗਏ। ਉਹ ਜਯੋਤੀਆਂ ਦੀ ਜਯੋਤੀ ਦਾ ਅਨੁਭਵ ਕਰਦਾ ਹੈ ਜੋ ਆਤਮਾ ਦੇ ਗਿਆਨ ਦਾ ਜਾਣਕਾਰ ਹੈ, ਇਹ ਅਵਸਥਾਵਾਂ ਤੋਂ ਅਨੁਪਮ ਹੁੰਦਾ ਹੈ।[41]

ਆਤਮਾ ਦੇ ਜਾਣਕਾਰ ਨੂੰ ਕੁੱਝ ਵੀ ਜਾਣਨਾ ਬਾਕੀ ਨਹੀਂ ਰਹਿੰਦਾ, ਉਸ ਦੇ ਕ੍ਰਿਤ ਆਕ੍ਰਿਤ ਕੋਈ ਧਿਆਨ ਨਹੀਂ ਦਿੰਦਾ। ਉਸ ਦੇ ਕਾਰਜ ਅੱਗ ਵਿੱਚ ਲੋਹੇ ਦੇ ਡੰਡੇ ਦੀ ਤਰ੍ਹਾਂ ਜਲ ਜਾਂਦੇ ਹਨ। ਭਵਿੱਖ ਦੇ ਕਾਰਜਾਂ ਵਿੱਚ ਉਸ ਦਾ ਕੋਈ

ਸੰਬੰਧ ਨਹੀਂ ਰਹਿੰਦਾ, ਉਹ ਅਪਣੀ ਹੋਂਦ ਸਮਾਪਤ ਕਰ ਲੈਂਦਾ ਹੈ ਅਤੇ ਮਹਾਨ ਆਤਮਾ ਬਣ ਜਾਂਦਾ ਹੈ।

ਆਤਮ, ਬ੍ਰਹਮ ਦੇ ਗਿਆਨ ਤੋਂ ਛੁੱਟ ਉਪਨਿਸ਼ਧ ਯੋਗ ਸਾਧਨਾ ਦੇ ਮਹੱਤਵ ਨੂੰ ਵੀ ਸਪੱਸ਼ਟ ਕਰਦੇ ਹਨ। ਇੱਥੇ ਇਹ ਕਿਹਾ ਗਿਆ ਹੈ ਕਿ ਯੋਗ ਸਾਧਨਾ ਸਰਵ ਉੱਚ ਗਿਆਨ ਪ੍ਰਾਪਤ ਕਰਨ ਦੇ ਲਈ ਜ਼ਰੂਰੀ ਹੈ। ਕਠੋ ਉਪਨਿਸ਼ਧ ਵਿੱਚ ਕਿਹਾ ਗਿਆ ਹੈ, ਕਿ ਆਤਮਾ ਦੀ ਪ੍ਰਾਪਤੀ ਸਿੱਖਿਆ, ਬੁੱਧੀ ਆਦਿ ਤੋਂ ਨਹੀਂ ਹੁੰਦੀ, ਸਗੋਂ ਉਸ ਦੇ ਗਿਆਨ ਤੋਂ ਹੁੰਦੀ ਹੈ। ਜਿਸ ਨੂੰ ਉਹ ਆਪਣੇ ਗਿਆਨ ਦੇ ਲਈ ਚੁਣਦਾ ਹੈ। ਇਹ ਪ੍ਰਾਪਤੀ ਚੰਗੇ ਆਚਰਨ ਅਤੇ ਪ੍ਰਗਿਆ ਤੋਂ ਹੁੰਦੀ ਹੈ।[42]

ਇਸ ਪ੍ਰਕਾਰ ਨੈਤਿਕ ਨਿਯਮ ਅਤੇ ਧਿਆਨ ਦਾ ਅਭਿਆਸ ਪ੍ਰਗਿਆ ਦੇ ਨਾਲ ਕਰਨ ਦੇ ਲਈ ਨਿਰਦੇਸ਼ ਦਿੱਤਾ ਗਿਆ ਹੈ ਪਰ ਇਹ ਇੱਥੇ ਵਰਨਣਯੋਗ ਹੈ ਕਿ ਪ੍ਰਸਾਦ (ਕ੍ਰਿਪਾ) ਦਾ ਵੀ ਘੱਟ ਮਹੱਤਵ ਨਹੀਂ। ਕਠੋਉਪਨਿਸ਼ਧ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸ਼੍ਰਿਸ਼ਟੀ ਕਰਤਾ ਦੀ ਕ੍ਰਿਪਾ ਨਾਲ ਹੀ ਆਤਮਾ ਨੂੰ ਵੇਖਿਆ ਜਾ ਸਕਦਾ ਹੈ।[43]

ਕ੍ਰਿਪਾ ਦਾ ਇਹ ਤੱਤ ਸਵੈਤਾਸ਼ਵਰੋ ਉਪਨਿਸ਼ਧ ਵਿੱਚ ਵੀ ਮਿਲਦਾ ਹੈ। ਇੱਥੇ ਈਸ਼ਵਰਵਾਦ ਸਿਧਾਂਤ ਨੂੰ ਸਪੱਸ਼ਟ ਕਰਦੇ ਹੋਏ ਈਸ਼ਵਰ ਦੀ ਭਗਤੀ ਦੀ ਹਮਾਇਤ ਕੀਤੀ ਗਈ ਹੈ। ਇਸ ਪ੍ਰਕਾਰ ਸਾਨੂੰ ਦੱਸਿਆ ਗਿਆ ਹੈ ਕਿ ਜੋ ਧਿਆਨ ਅਤੇ ਯੋਗ ਦਾ ਅਭਿਆਸ ਕਰਦੇ ਹਨ। ਉਹ ਦੇਵ ਦੀ ਆਤਮ ਸ਼ਕਤੀ ਵਿੱਚ ਉਤਪੰਨ ਤਿੰਨ ਗੁਣ ਵੇਖ ਲੈਂਦੇ ਹਨ।[44] ਇੱਥੇ ਦੇਵ (ਈਸ਼ਵਰ) ਦਾ ਗਿਆਨ ਮੁਕਤੀ ਦਾ ਕਾਰਨ ਮੰਨਿਆ ਗਿਆ ਹੈ। ਈਸ਼ ਦਾ ਵਰਣਨ ਪ੍ਰਕਾਸ਼ਿਤ ਅਤੇ ਅਪ੍ਰਕਾਸ਼ਿਤ ਦੋਹਾਂ ਰੂਪਾਂ ਵਿੱਚ ਕੀਤਾ ਗਿਆ ਹੈ। ਉਸ ਦੇ ਬਿਨ੍ਹਾਂ ਆਤਮਾ ਬੰਧਨ ਵਾਲੀ ਹੈ, ਇੱਕ ਹੋਰ ਜਗ੍ਹਾ ਤੇ ਇਹ ਵੀ ਮਿਲਦਾ ਹੈ ਕਿ ਸਾਰਾ ਸੰਸਾਰ ਬ੍ਰਹਮ ਦਾ ਵਿਸਥਾਰ ਹੈ। ਉਸ ਨੂੰ ਮਹੇਸ਼ਵਰ ਅਤੇ ਮਾਇਆ ਵੀ ਕਿਹਾ ਗਿਆ ਹੈ।[45]

ਸਵੈਤਾਸ਼ਵਰੋ ਉਪਨਿਸ਼ਧ ਯੋਗਿਕ ਸੰਸਕ੍ਰਿਤੀ ਅਤੇ ਆਤਮ ਸੰਜਮ ਦੇ ਬਹੁਤ ਸਾਰੇ ਤੱਤਾਂ ਨੂੰ ਵੀ ਸਪੱਸ਼ਟ ਕਰਦਾ ਹੈ। ਇਸ ਪ੍ਰਕਾਰ ਇਹ ਯੋਗ ਅਤੇ ਧਿਆਨ

ਦੀਆਂ ਰੀਤੀਆਂ ਨੂੰ ਬੀਜ਼ ਦੇ ਰੂਪ ਵਿੱਚ ਵਰਣਨ ਕਰਦਾ ਹੈ। ਯੋਗ ਦੇ ਤੱਤਾਂ ਦਾ ਵਰਨ ਕਠੋ ਉਪਨਿਸ਼ਧ ਵਿੱਚ ਵੀ ਮਿਲਦਾ ਹੈ। ਜਿੱਥੇ ਆਖਿਆ ਗਿਆ ਹੈ ਕਿ ਜਦ ਪੰਜ ਇੰਦਰੀਆਂ ਇਕੋ ਸਮੇਂ ਮਨ ਦੇ ਨਾਲ ਸ਼ਾਂਤ ਹੋ ਜਾਂਦੀਆਂ ਹਨ ਅਤੇ ਬੁੱਧੀ ਵੀ ਸਥਿਰ ਹੋ ਜਾਂਦੀ ਹੈ ਤਾਂ ਉਸ ਨੂੰ ਯੋਗ ਆਖਦੇ ਹਨ, ਇਹ ਇੱਕ ਅਵਿਚਲ ਅਵਸਥਾ ਹੈ।[46] ਯੋਗ ਦੇ ਹਵਾਲੇ ਵਿੱਚ ਓਮ ਦਾ ਬਹੁਤ ਮਹੱਤਵ ਹੈ। ਕਠੋ ਉਪਨਿਸ਼ਧ ਵਿੱਚ ਉਸ ਨੂੰ ਵੇਦਾਂ ਦਾ ਸਾਰ ਮੰਨਿਆ ਗਿਆ ਹੈ। ਓਮ ਦਾ ਗਿਆਨ ਅਸਲ ਵਿੱਚ ਬ੍ਰਹਮ ਦਾ ਗਿਆਨ ਹੈ। ਓਮ ਅੱਖਰ ਅਸਲ ਵਿੱਚ ਬ੍ਰਹਮ ਹੈ, ਸਰਵ ਉੱਚ ਹੈ, ਉਸਦਾ ਜਾਣਨ ਵਾਲਾ ਬ੍ਰਹਮ ਦਾ ਜਾਣਨ ਵਾਲਾ ਹੁੰਦਾ ਹੈ।[47] ਓਮ ਦਾ ਇਹ ਮਹੱਤਵ ਮਾਂਡੂਕਯੋ ਉਪਨਿਸ਼ਧ ਵਿੱਚ ਹੋਰ ਵੀ ਜ਼ਿਆਦਾ ਮਿਲਦਾ ਹੈ, “ਓਮ ਅੱਖਰ ਵਿੱਚ ਭੂਤ, ਵਰਤਮਾਨ, ਅਤੇ ਭਵਿੱਖ ਸਭ ਕੁੱਝ ਮਿਲਿਆ ਹੋਇਆ ਹੈ, ਗ੍ਰੰਥ ਦੇ ਅੰਤ ਵਿੱਚ ਓਮ ਦੀ ਪਹਿਚਾਣ ਆਤਮਾ ਨਾਲ ਕੀਤੀ ਗਈ ਹੈ। ਜੋ ਇਸ ਨੂੰ ਜਾਣਦਾ ਹੈ ਉਹ ਆਪਣੀ ਆਤਮਾ ਵਿੱਚ ਪਰਵੇਸ਼ ਕਰਦਾ ਹੈ ਇਸ ਪ੍ਰਕਾਰ ਓਮ ਦਾ ਮਹੱਤਵ ਇਕ ਸੁੰਦਰ ਰੂਪ ਦੇ ਰਾਹੀਂ ਸਪੱਸ਼ਟ ਕੀਤਾ ਗਿਆ ਹੈ। ਉਪਨਿਸ਼ਧ ਰੂਪੀ ਧਨੁਸ਼ ਨੂੰ ਲੈ ਕੇ ਸਾਧਕ ਨੂੰ ਉਸ ‘ਤੇ ਧਿਆਨ ਦਾ ਬਾਨ ਲਗਾਉਣਾ ਚਾਹਿਦਾ ਹੈ। ਇੱਥੇ ਓਮ ਪ੍ਰਣਵ ਧਨੁਸ਼ ਹੈ ਤੀਰ ਆਤਮਾ ਹੈ ਅਤੇ ਬ੍ਰਹਮ ਨਿਸ਼ਾਨਾ ਹੈ। ਇੱਕ ਅਵਿਚਲਤ ਆਦਮੀ ਦੇ ਰਾਹੀਂ ਇਹ ਸਾਧਨਾ ਪੂਰੀ ਕੀਤੀ ਜਾ ਸਕਦੀ ਹੈ।[48]

ਉਪਨਿਸ਼ਧ ਅਧਿਆਤਮਿਕ ਆਚਾਰ ਦੀ ਜ਼ਰੂਰਤ ਅਤੇ ਉਸ ਦੇ ਮਹੱਤਵ ਤੇ ਜ਼ੋਰ ਦਿੰਦੇ ਹਨ। ਉਸ ਨੂੰ ਬ੍ਰਹਮ ਦੇ ਲਈ ਸਮਰਪਤ ਹੋ ਜਾਣਾ ਚਾਹੀਦਾ ਹੈ ਅਤੇ ਉਪਨਿਸ਼ਧਾਂ ਦਾ ਗੰਭੀਰ ਅਧਿਐਨ ਹੋਣਾ ਚਾਹਿਦਾ ਹੈ। ਇਸ ਪ੍ਰਕਾਰ ਦੇ ਆਚਾਰ ਵਿੱਚ ਉਸ ਦੀ ਪੂਰਨ ਸ਼ਰਧਾ ਜ਼ਰੂਰੀ ਹੈ। ਅਚਾਰੀਆ ਦੀ ਸੇਵਾ ਤੋਂ ਇਲਾਵਾ ਜ਼ਰੂਰਤ ਅਨੁਸਾਰ ਨੈਤਿਕ ਆਚਰਨ, ਧਿਆਨ ਦਾ ਅਭਿਆਸ ਅਤੇ ਸੱਮਿਅਕ ਗਿਆਨ ਬ੍ਰਹਮ ਵਿਦਿਆ ਦੇ ਵਿਦਿਆਰਥੀ ਦੇ ਲਈ ਹੋਰ ਜ਼ਰੂਰਤਾਂ ਮੰਨੀਆਂ ਜਾਂਦੀਆਂ ਹਨ। ਮੁੰਡਕੋ ਉਪਨਿਸ਼ਧ ਵਿੱਚ ਕਿਹਾ ਗਿਆ ਹੈ, “ਇਸ ਨੂੰ ਸਮਝਣ ਦੇ ਲਈ ਉਸ ਨੂੰ ਨਾਲ ਇੰਧਣ ਲੈਣ ਦੇਵੇ ਅਤੇ ਗੁਰੂ ਦੇ ਕੋਲ ਪਹੁੰਚਣ ਦੇਵੇ ਜੋ ਪੰਡਿਤ ਹੈ ਅਤੇ ਬ੍ਰਹਮ ਵਿੱਚ ਨਿਵਾਸ ਕਰਦਾ

ਹੈ।[49] ਇਸ ਪ੍ਰਕਾਰ ਸਵੈਤਾਸ਼ਵਰੋ ਉਪਨਿਸ਼ਧ ਵਿੱਚ ਕਿਹਾ ਗਿਆ ਹੈ ਕਿ ਉੱਚ ਗਿਆਨ ਪ੍ਰਾਪਤ ਵਿਅਕਤੀ ਜੋ ਈਸ਼ਵਰ ਦੇ ਪ੍ਰਤੀ ਸਭ ਤੋਂ ਜ਼ਿਆਦਾ ਸਮਰਪਿਤ ਹੈ ਅਤੇ ਉਸੇ ਪ੍ਰਕਾਰ ਆਪਣੇ ਗੁਰੂ ਦੇ ਪ੍ਰਤੀ ਭਗਤੀ ਵਿੱਚ ਰੰਗਿਆ ਹੈ, ਭਵਿੱਖ ਵਿੱਚ ਨਿਸ਼ਚੈ ਹੀ ਚਮਕੇਗਾ।[50] ਆਤਮਾ ਦਾ ਗਿਆਨ ਪ੍ਰਾਪਤ ਕਰਨ ਦੇ ਲਈ ਸਾਧਕ ਨੂੰ ਸ਼ਾਂਤ, ਸੰਜਮੀ ਅਤੇ ਸਹਿਨਸ਼ੀਲ ਹੋਣਾ ਜ਼ਰੂਰੀ ਹੈ।[51]

ਇਸ ਪ੍ਰਕਾਰ ਉਪਨਿਸ਼ਧ ਦਾਰਸ਼ਨਿਕਾਂ ਨੇ ਬ੍ਰਹਮ ਦੀ ਅਨੁਭੂਤੀ ਦੇ ਲਈ ਤਿੰਨ ਮੁੱਖ ਸਾਧਨ ਪੇਸ਼ ਕੀਤੇ ਹਨ - 1. ਉਪਨਿਸ਼ਧ ਗਿਆਨ, 2. ਯੋਗਾ ਅਭਿਆਸ, 3. ਭਗਤੀ। ਮੁੰਡਕੋ ਉਪਨਿਸ਼ਧ ਵਿੱਚ ਕਿਹਾ ਗਿਆ ਹੈ, ਕਿ ਵੇਦਾਂਤ ਦਾ ਪੂਰਾ ਗਿਆਨ ਹੋ ਜਾਣ ਤੇ ਅਤੇ ਤਿਆਗ ਯੋਗ ਰਾਹੀਂ ਵਿਸ਼ੁੱਧੀ ਪ੍ਰਾਪਤ ਹੋਣ ਤੇ ਸਾਧਕ ਅਵਿਨਸ਼ਵਰਤਾ ਦਾ ਅਨੁਭਵ ਕਰਦਾ ਹੈ ਅਤੇ ਮੌਤ ਤੋਂ ਬਾਅਦ ਬ੍ਰਹਮ ਲੋਕ ਵਿੱਚ ਅਜ਼ਾਦ ਹੋ ਜਾਂਦਾ ਹੈ।[52] ਮਿਰਸੇ ਐਲੀਡੇ[53] ਨੇ ਸਪੱਸ਼ਟ ਕੀਤਾ ਹੈ ਕਿ ਮੁਕਤੀ ਦੇ ਤਿੰਨ ਰਾਹ (ਉਪਨਿਸ਼ਧ ਗਿਆਨ, ਯੋਗਾ ਅਭਿਆਸ, ਭਗਤੀ) ਸ਼ੁਰੂ ਦੇ ਉਪਨਿਸ਼ਧਾਂ ਵਿੱਚ ਮਿਲਦੇ ਹਨ। ਉਹ ਹੀ ਬਾਅਦ ਵਿੱਚ ਵਿਕਸਤ ਹੋਏ ਹਨ।

ਸਿੱਟੇ ਦੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ, ਕਿ ਉਪਨਿਸ਼ਧਾਂ ਦਾ ਮੁੱਖ ਸਿਧਾਂਤ ਹੈ ਕਿ ਮੁਕਤੀ ਆਤਮਾ ਜਾਂ ਬ੍ਰਹਮ ਦੇ ਏਕੇ ਦੀ ਚੇਤਨਤਾ ਵਿੱਚ ਹੈ। ਅਸੀਂ ਉੱਪਰ ਵੇਖ ਚੁੱਕੇ ਹਾਂ ਇਹ ਸਾਰੀਆਂ ਇੱਛਾਵਾਂ, ਗਲਤੀਆਂ ਅਤੇ ਮਨੁੱਖ ਦੀਆਂ ਸੀਮਾਂ ਦੀ ਸਮਾਪਤੀ ਸਭ ਤੋਂ ਪਹਿਲਾ ਜ਼ਰੂਰੀ ਹੈ। ਇਸ ਦੇ ਸਮੇਂ ਇਹ ਵੀ ਜ਼ਰੂਰੀ ਹੈ ਕਿ ਅਵਿਦਿਆ ਦਾ ਵਿਨਾਸ਼ ਹੋਵੇ। ਜਿਸ ਤੋਂ ਦਵੈਤ ਪੁਨਾ ਖਤਮ ਹੋ ਸਕੇ ਇਸ ਪ੍ਰਕਾਰ ਉਪਨਿਸ਼ਧਾਂ ਦਾ ਮੁਕਤੀ ਸਿਧਾਂਤ ਨੈਤਿਕਤਾ ਭਰਪੂਰ ਅਤੇ ਅੰਦਰ ਆਤਮਿਕ ਜਾਗਰਤੀ ਵਿੱਚ ਸ਼ਾਮਲ ਹੈ।

## ਭਗਵਤ ਗੀਤਾ

ਭਗਵਤ ਗੀਤਾ ਬ੍ਰਾਹਮਣ ਧਰਮ ਦਾ ਸਭ ਤੋਂ ਪ੍ਰਸਿੱਧ ਅਤੇ ਵਿਕਸਤ ਗ੍ਰੰਥ ਹੈ, ਉਸ ਦੀ ਪ੍ਰਸ਼ੰਸਾ ਵਿੱਚ ਉਸ ਨੂੰ ਬ੍ਰਹਮ ਵਿਦਿਆ ਅਤੇ ਯੋਗ ਸ਼ਾਸਤਰ ਤੇ ਲਿਖੀ ਵਿਆਖਿਆ ਕਿਹਾ ਗਿਆ ਹੈ, ਇਹ ਮਹਾਭਾਰਤ ਦਾ ਇੱਕ ਭਾਗ ਹੈ ਅਤੇ ਇਸ ਦੇ ਲੇਖਕ ਦੇ ਰੂਪ ਵਿੱਚ ਵਿਆਸ ਦਾ ਨਾਮ ਲਿਆ ਜਾਂਦਾ ਹੈ।

ਮਹਾਭਾਰਤ ਦੇ ਲੇਖਣ ਅਤੇ ਸੰਗ੍ਰਹਿ ਦਾ ਸਮਾਂ ਅਨੇਕਾਂ ਸਦੀਆਂ ਤੱਕ ਫੈਲਿਆ ਹੋਇਆ ਹੈ। ਕੁੱਝ ਵਿਦਵਾਨਾਂ ਦਾ ਆਖਣਾ ਹੈ ਕਿ ਇਸ ਦਾ ਸ਼ੁਰੂ ਰੂਪ ਦੂਸਰੀ ਸ਼ਤਾਬਦੀ ਦਾ ਗ੍ਰੰਥ ਹੋਣਾ ਚਾਹੀਦਾ ਹੈ ਅਤੇ ਮਹਾਭਾਰਤ ਦਾ ਆਧੁਨਿਕ ਰੂਪ ਚੌਥੀ ਸ਼ਤਾਬਦੀ ਦਾ ਮੰਨੀਆ ਜਾ ਸਕਦਾ ਹੈ। ਭਗਵਤ ਗੀਤਾ ਇਸੇ ਮਹਾਭਾਰਤ ਦੇ ਭਿਸ਼ਮ ਪਰਵ ਦਾ ਇੱਕ ਭਾਗ ਹੈ। ਡੀ. ਡੀ. ਕੁਸ਼ੰਭੀ ਅਤੇ ਹੋਰ ਅਨੇਕਾਂ ਵਿਦਵਾਨਾਂ ਦਾ ਮੱਤ ਹੈ ਕਿ ਭਗਵਤ ਗੀਤਾ ਬੁੱਧ ਧਰਮ ਅਤੇ ਉਸ ਦੇ ਨਿੱਤੀ ਗ੍ਰੰਥਾਂ ਤੋਂ ਪ੍ਰਭਾਵਿਤ ਹੈ। ਉਹਨਾਂ ਨੇ ਇਸ ਨੂੰ ਦੂਸਰੀ ਸਦੀ ਦਾ ਗ੍ਰੰਥ ਕਿਹਾ ਹੈ। ਭਾਵੇਂ ਮਹਾਭਾਰਤ ਸ਼ਰੂਤੀ ਗ੍ਰੰਥਾਂ ਦੀ ਸ਼੍ਰੇਣੀ ਵਿੱਚ ਨਹੀਂ ਆਉਂਦਾ ਪਰ ਭਗਵਤ ਗੀਤਾ ਨੇ ਸਮਾਂ ਪੈਣ ਤੇ ਸ਼ਰੂਤੀ ਦੇ ਰੂਪ ਵਿੱਚ ਮਾਨਤਾ ਪ੍ਰਾਪਤ ਕਰ ਲਈ।

ਗੀਤਾ ਇੱਕ ਵਰਣਨਯੋਗ ਗ੍ਰੰਥ ਹੈ। ਜੋ ਵਿਸਥਾਰ ਨਾਲ ਈਸ਼ਵਰ, ਆਤਮਾ, ਸੰਸਾਰ ਦੇ ਸਵਰੂਪ ਅਤੇ ਉਸ ਦੇ ਨਾਲ ਮਨੁੱਖ ਦੇ ਸੰਬੰਧ ਉੱਪਰ ਵਿਸਥਾਰ ਨਾਲ ਚਰਚਾ ਕਰਦਾ ਹੈ। ਉਹ ਕਰਮ, ਗਿਆਨ ਅਤੇ ਭਗਤੀ ਇਹਨਾਂ ਤਿੰਨਾਂ ਮਾਰਗਾਂ ਨੂੰ ਸਪੱਸ਼ਟ ਕਰਦਾ ਹੈ। ਉਸ ਨੇ ਅਸਲ ਵਿੱਚ ਉਪਨਿਸ਼ਧਾਂ ਤੋਂ ਪ੍ਰੇਰਨਾ ਪ੍ਰਾਪਤ ਕੀਤੀ ਪਰ ਭਿੰਨ ਭਿੰਨ ਪ੍ਰਕਾਰ ਦੇ ਵਿਚਾਰਾਂ ਅਤੇ ਨੈਤਿਕ ਤੱਤਾਂ ਨੂੰ ਅਪਣੇ ਵਿੱਚ ਸਮਾ ਲਿਆ। ਇਹਨਾਂ ਤਿੰਨਾਂ ਵਿੱਚ ਕੀਤੇ ਕੀਤੇ ਆਪਸੀ ਵਿਰੋਧ ਵੀ ਵਿਖਾਈ ਦਿੰਦਾ ਹੈ। ਇਹਨਾਂ ਤੱਤਾਂ ਵਿੱਚ ਕੁੱਝ ਵਰਣਨਯੋਗ ਤੱਤ ਹਨ – ਵੈਦਿਕ ਸੰਸਕ੍ਰਿਤੀ ਦੇ ਯੱਗ ਸੰਬੰਧੀ ਤੱਤ, ਉਪਨਿਸ਼ਧਾਂ ਦਾ ਬ੍ਰਹਮ ਤੱਤ, ਭਾਗਵਤ ਦਾ ਈਸ਼ਵਰਵਾਦ ਦੀ ਵਿਸ਼ਨੂੰ ਪੂਜਾ, ਸਾਂਖਯ ਦਾ ਪ੍ਰਾਕ੍ਰਿਤੀ – ਪੁਰਸ਼ ਦਵੈਤਵਾਦ ਯੋਗ ਦਾ ਧਿਆਨ ਅਭਿਆਸ, ਬੁੱਧ ਅਤੇ ਜੈਨ ਨੀਤੀ ਤੱਤ। ਭਾਰਤੀ ਧਰਮ ਅਤੇ ਦਰਸ਼ਨਾਂ ਦੇ ਸਾਰੇ ਤੱਤ ਵੇਦਾਂਤਿਕ ਈਸ਼ਵਰਵਾਦ ਦੇ ਨਾਲ ਗੁੰਨ ਦਿੱਤੇ ਗਏ ਹਨ। ਕ੍ਰਿਸ਼ਨ ਦਾ ਅਵਤਾਰ, ਵਾਸੂਦੇਵ ਜਾਂ ਪੁਰਸ਼ੋਤਮ ਵੇਦਾਂਤ ਧਰਮ ਦਾ ਸੰਸਥਾਪਕ ਹੈ।

ਬ੍ਰਹਮ ਦਾ ਔਪਨਿਸ਼ਧਕ ਵਿਚਾਰ ਸਵੀਕਾਰ ਹੋਇਆ ਹੈ। ਇੱਕ ਪਾਸੇ ਵੈਦਿਕ ਦੇਵਤਾ ਵਿਸ਼ਨੂ ਬ੍ਰਹਮਾ ਦੇ ਰੂਪ ਵਿੱਚ ਪਹਿਚਾਣੇ ਗਏ ਹਨ ਅਤੇ ਦੂਸਰੇ ਪਾਸੇ ਉਹਨਾਂ ਨੂੰ ਕ੍ਰਿਸ਼ਨ ਵਾਸਦੇਵ ਨਾਲ ਮਿਲਾ ਲਿਆ ਗਿਆ ਹੈ। ਗੀਤਾ ਸਪੱਸ਼ਟ ਰੂਪ ਵਿੱਚ ਈਸ਼ਵਰ ਦੀ ਪੂਜਾ ਦਾ ਸਮਰਥਨ ਕਰਦੀ ਹੈ। ਭਗਵਾਨ

ਕ੍ਰਿਸ਼ਨ ਦੋਹਾਂ ਪ੍ਰਕਾਰ ਨਾਲ ਪ੍ਰਤੀਨਿਧਤਾ ਕਰਦੇ ਹਨ – ਪਰਮ ਸੱਚ ਦੇ ਰੂਪ ਵਿੱਚ ਅਤੇ ਵਿਅਕਤੀ ਈਸ਼ਵਰ ਦੇ ਰੂਪ ਵਿੱਚ। ਉਹ ਸਰਵ ਉੱਚ ਸਰਵੱਗ ਅਤੇ ਸਰਵ ਦਰਸ਼ੀ ਦੇਵ ਹੈ, ਗੀਤਾ ਵਿੱਚ ਕਿਹਾ ਗਿਆ ਹੈ ਕਿ ਜੋ ਮੈਨੂੰ ਬ੍ਰਹਮ ਦੇ ਰੂਪ ਵਿੱਚ ਅਪਣੇ ਵਿੱਚ ਅਤੇ ਸਰਵ ਭੂਤ ਪ੍ਰਾਣੀਆਂ ਵਿੱਚ ਸਥਿਰ ਵੇਖਦਾ ਹੈ ਉਸ ਦੇ ਲਈ ਮੈਂ ਕਦੇ ਵੀ ਨਾ ਅਦਿੱਖ ਹੁੰਦਾ ਹਾਂ ਅਤੇ ਨਾ ਉਹ ਮੇਰੇ ਤੋਂ ਹੀ ਕਦੇ ਅਦਿੱਖ ਹੁੰਦਾ ਹੈ।[54] ਸੰਸਾਰ ਵਿੱਚ ਮੇਰੇ ਤੋਂ ਵੱਡਾ ਕੋਈ ਦੂਸਰਾ ਤੱਤ ਨਹੀਂ ਸੰਪੂਰਨ ਬ੍ਰਹਿਮੰਡ ਦਾ ਇੱਕ ਮੈਂ ਅਭਿੰਨ ਨਮਿਤ ਉਪਾਦਾਨ ਕਾਰਨ ਹਾਂ। ਜਿਵੇਂ ਕੱਪੜੇ ਵਿੱਚ ਧਾਗਾ ਅਤੇ ਧਾਗੇ ਵਿੱਚ ਮਨੀਆਂ, ਅਭਿੰਨ ਰੂਪ ਵਿੱਚ ਪਰੋਈਆਂ ਹੋਈਆਂ ਹਨ ਉਸੇ ਪ੍ਰਕਾਰ ਮੇਰੇ ਵਿੱਚ ਇਹ ਸਾਰਾ ਬ੍ਰਹਿਮੰਡ ਔਤਪ੍ਰੋਤ ਹੈ।[55]

ਈਸ਼ਵਰ ਦਾ ਇਹ ਸਿਧਾਂਤ ਜੋ ਭਗਵਤ ਗੀਤਾ ਵਿੱਚ ਦੱਸਿਆ ਗਿਆ ਹੈ ਮੁਕਤੀ ਦੀ ਦ੍ਰਿਸ਼ਟੀ ਤੋਂ ਜ਼ਿਆਦਾ ਮਹੱਤਵਪੂਰਨ ਹੈ। ਇਸ ਵਿੱਚ ਦੋ ਈਸ਼ਵਰੀ ਸਿਧਾਤਾਂ ਦਾ ਵਰਣਨ ਮਿਲਦਾ ਹੈ – ਇੱਕ ਅਵਤਾਰਵਾਦ, ਦੂਸਰਾ ਮਾਇਆਵਾਦ। ਈਸ਼ਵਰ, ਧਰਤੀ ਤੇ ਮਨੁੱਖੀ ਆਕਾਰ ਵਿੱਚ ਧਰਮ ਦੀ ਸਥਾਪਨਾ ਦੇ ਲਈ ਅਤੇ ਦੁਸ਼ਟਾਂ ਦੇ ਵਿਨਾਸ਼ ਦੇ ਲਈ ਜਨਮ ਲੈਂਦਾ ਹੈ ਅਤੇ ਧਰਤੀ ਤੇ ਰਹਿੰਦਾ ਹੈ।[56]

ਗੀਤਾ ਦਾ ਇੱਕ ਹੋਰ ਮਹੱਤਵਪੂਰਨ ਸਿਧਾਂਤ ਹੈ ਮਾਇਆਵਾਦ। ਰਿਗ ਵੇਦ ਵਿੱਚ ਇਹ ਸ਼ਬਦ ਮਿਲਦਾ ਹੈ ਜਿੱਥੇ ਕਿਹਾ ਗਿਆ ਹੈ ਕਿ ਇੰਦਰ ਮਾਇਆ ਦੇ ਰਾਹੀਂ ਅਨੇਕਾਂ ਰੂਪ ਧਾਰਨ ਕਰਦਾ ਹੈ। ਇੱਥੇ ਮਾਇਆ ਦਾ ਅਰਥ ਹੈ ਇੰਦਰ ਦੀ ਚਮਤਕਾਰਕ ਸ਼ਕਤੀ, ਇਸੇ ਅਰਥ ਵਿੱਚ ਗੀਤਾ ਵਿੱਚ ਵੀ ਮਾਇਆ ਸ਼ਬਦ ਦਾ ਪ੍ਰਯੋਗ ਹੋਇਆ ਹੈ। ਭਗਵਾਨ ਕ੍ਰਿਸ਼ਨ ਦੀ ਚਮਤਕਾਰੀ ਅਤੇ ਰਹੱਸ ਆਤਮਿਕ ਸ਼ਕਤੀ ਹੈ ਮਾਇਆ। ਇਸ ਪ੍ਰਕਾਰ ਭਾਵੇਂ ਈਸ਼ਵਰ ਜਨਮ ਰਹਿਤ ਹੈ ਪਰ ਉਹ ਮਾਇਆ ਦੇ ਰਾਹੀਂ ਜਨਮ ਲੈਂਦਾ ਵਿਖਾਈ ਦਿੰਦਾ ਹੈ। ਗੀਤਾ ਵਿੱਚ ਕਿਹਾ ਹੈ – ਭਾਵੇਂ ਮੈਂ ਪੈਦਾ ਨਹੀਂ ਹੋਇਆ ਹਾਂ, ਭਾਵੇਂ ਮੇਰੀ ਆਤਮਾ ਨਿੱਤ ਹੈ, ਭਾਵੇਂ ਮੈਂ ਸਾਰੇ ਪ੍ਰਾਣੀਆਂ ਦਾ ਈਸ਼ਵਰ ਹਾਂ ਫੇਰ ਵੀ ਮੈਂ ਅਪਣੀ ਪ੍ਰਕ੍ਰਿਤੀ ਵਿੱਚ ਹੀ ਅਪਣੇ ਆਪ ਨੂੰ ਸਥਾਪਤ ਕਰਦਾ ਹਾਂ ਅਤੇ ਅਪਣੀ ਮਾਇਆ ਸ਼ਕਤੀ ਨਾਲ ਹੀ ਮੈਂ ਪ੍ਰਗਟ ਹੁੰਦਾ ਹਾਂ।[57] ਕੁੱਝ ਉਦਾਰਹਰਣਾਂ ਵਿੱਚ ਮਾਇਆ ਨੂੰ ਦੇਵੀ

ਸ਼ਕਤੀ ਦੇ ਰੂਪ ਵਿੱਚ ਮੰਨਿਆ ਗਿਆ ਹੈ। ਉਸ ਦੇ ਤਿੰਨ ਗੁਣ ਹਨ - ਸਤਵ, ਰਜ ਅਤੇ ਤਮ। ਮੁਕਤੀ ਪ੍ਰਾਪਤ ਕਰਨ ਦੇ ਲਈ ਸਾਧਕ ਨੂੰ ਇਹਨਾਂ ਤਿੰਨਾਂ ਗੁਣਾਂ ਤੋਂ ਮੁਕਤ ਹੋਣਾ ਜ਼ਰੂਰੀ ਹੈ। ਗੀਤਾ ਵਿੱਚ ਯੋਗ ਦੀ ਵਿਆਖਿਆ ਨਹੀਂ ਹੈ। ਅਨੇਕਾਂ ਅਰਥਾਂ ਵਿੱਚ ਇਸ ਦਾ ਪ੍ਰਯੋਗ ਹੋਇਆ ਹੈ। ਉਸ ਦਾ ਅਰਥ ਸਿਰਫ ਧਿਆਨ ਨਹੀਂ ਸਗੋਂ ਅਨੁਸ਼ਾਸਨ ਅਤੇ ਮਿਲਣਾ ਵੀ ਹੈ। ਇਸ ਸ਼ਬਦ ਦਾ ਪ੍ਰਯੋਗ ਰਾਹ ਦੇ ਅਰਥ ਵਿੱਚ ਵੀ ਹੋਇਆ ਹੈ। ਜਿਵੇਂ ਗਿਆਨਯੋਗ, ਕਰਮ ਯੋਗ ਅਤੇ ਭਗਤੀ ਯੋਗ। ਯੋਗ ਦਾ ਅਰਥ ਹੈ ਉਹ ਸਾਧਕ ਜਿਸ ਦੀ ਵਾਸਨਾਵਾਂ ਦਾ ਅੰਤ ਹੋਵੇ ਜੋ ਠੰਡ ਅਤੇ ਗਰਮੀ ਵਿੱਚ ਇੱਕ ਸਮਾਨ ਰਹੇ, ਆਨੰਦ ਅਤੇ ਦੁੱਖ ਵਿੱਚ ਇੱਕ ਰਹੇ, ਇੱਜ਼ਤ ਅਤੇ ਬੇਇਜ਼ਤੀ ਵਿੱਚ ਬਰਾਬਰ ਰਹੇ।[58] ਯੋਗੀ ਉਸ ਨੂੰ ਕਿਹਾ ਗਿਆ ਹੈ ਜਿਸ ਵਿੱਚ ਦ੍ਰਿੜ ਸਮਝ ਹੋਵੇ ਅਤੇ ਜੋ ਸਥਿਤਪ੍ਰਗਯ (ਬੁੱਧੀ ਵਿੱਸ ਸਥਿਤ) ਹੋਵੇ ਉਹ ਇੱਕ ਅਜਿਹਾ ਵਿਅਕਤੀ ਹੈ ਜੋ ਇਸ ਜੀਵਨ ਵਿੱਚ ਮੁਕਤ ਹੋ ਗਿਆ ਹੋਵੇ।

## ਗੀਤਾ ਦਾ ਮੁਕਤੀ ਮਾਰਗ

ਜਿਵੇਂ ਉੱਪਰ ਸਪੱਸ਼ਟ ਕੀਤਾ ਗਿਆ ਹੈ, ਭਗਵਤ ਗੀਤਾ ਮੁਕਤੀ ਦੇ ਅਨੇਕਾਂ ਰਾਹਾਂ ਵੱਲ ਇਸ਼ਾਰਾ ਕਰਦੀ ਹੈ। ਉਸ ਨੇ ਈਸ਼ਵਰ ਦੀ ਅਨੁਭੂਤੀ ਦੇ ਰੂਪ ਵਿੱਚ ਮੁਕਤੀ ਨੂੰ ਮੰਨਿਆ ਹੈ। ਉਪਨਿਸ਼ਧਾਂ ਵਿੱਚ ਜਿਨ੍ਹਾਂ ਤਿੰਨ ਮਾਰਗਾਂ ਦਾ ਵਰਣਨ ਮਿਲਦਾ ਹੈ, ਇੱਥੇ ਉਹਨਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ ਅਤੇ ਉਨ੍ਹਾਂ ਨੂੰ ਆਪਸ ਵਿੱਚ ਸੰਬੰਧਤ ਕੀਤਾ ਗਿਆ ਹੈ। ਭਗਵਤ ਗੀਤਾ ਦਾ ਰਚਿਤਾ, ਨਿੱਜੀ ਮੁਕਤੀ ਪ੍ਰਾਪਤ ਕਰਨ ਵਾਲੇ ਦੀ ਪ੍ਰਕ੍ਰਿਤੀ ਅਤੇ ਸਾਧਨ ਵਿੱਚ ਫਰਕ ਸਮਝਦਾ ਹੈ। ਉਹ ਕਿਸੇ ਇੱਕ ਮਾਰਗ ਦੇ ਲਈ ਮਜਬੂਰ ਨਹੀਂ ਕਰਦਾ ਉਹ ਅਨੇਕਾਂ ਰਾਹ ਦੱਸਦਾ ਹੈ ਅਤੇ ਉਨ੍ਹਾਂ ਵਿੱਚ ਸਮੀਕਰਨ ਵੀ ਬਣਾਉਂਦਾ ਹੈ। ਇੱਥੇ ਇਸ ਤੱਥ ਵੱਲ ਇਸ਼ਾਰਾ ਕਰਦਾ ਹੈ ਕਿ ਉਹ ਵਿਅਕਤੀਗਤ ਯੋਗਤਾਵਾਂ ਦਾ ਧਿਆਨ ਰੱਖਦਾ ਸੀ, ਉੱਥੇ ਇੱਕ ਜਗ੍ਹਾ ਆਖਿਆ ਗਿਆ ਹੈ:-

"ਮੈਨੂੰ ਜਾਣਨ ਦੀ ਕੋਸ਼ਿਸ਼ ਕਰੋ, ਜੇ ਨਹੀਂ ਜਾਣ ਪਾਉਂਦੇ ਤਾਂ ਯੋਗ ਦਾ ਅਭਿਆਸ ਕਰੋ। ਜੇ ਇਹ ਵੀ ਨਹੀਂ ਹੁੰਦਾ ਤਾਂ ਤੁਸੀਂ ਅਪਣੇ ਸਾਰੇ ਕੰਮ ਮੈਨੂੰ

ਸਮਰਪਤ ਕਰ ਦਿਉ। ਇਹ ਵੀ ਔਖਾ ਹੋਵੇ ਤਾਂ ਫਲ ਦੀ ਚਿੰਤਾ ਕੀਤੇ ਬਿਨ੍ਹਾਂ ਅਪਣੇ ਕਰੱਤਵ ਵਿੱਚ ਜੁਟੇ ਰਹੋ।[59] ਇੱਕ ਹੋਰ ਥਾਂ ਤੇ ਕਿਹਾ ਗਿਆ ਹੈ:-

ਉਸ ਪਰਮਾਤਮਾ ਨੂੰ ਕਿੰਨ੍ਹੇ ਹੀ ਮਨੁੱਖ ਜੋ ਸ਼ੁੱਧ ਹੋਈ ਸੂਖਮ ਬੁੱਧੀ ਦੇ ਧਿਆਨ ਰਾਹੀਂ ਹਿਰਦੇ ਵਿੱਚ ਵੇਖਦੇ ਹਨ ਅਤੇ ਕਿੰਨ੍ਹੇ ਹੀ ਗਿਆਨ ਯੋਗ ਰਾਹੀਂ ਅਤੇ ਦੂਸਰੇ ਕਿੰਨ੍ਹੇ ਹੀ ਕਰਮ ਯੋਗ ਦੇ ਰਾਹੀਂ ਵੇਖਦੇ ਹਨ ਅਰਥਾਤ ਪ੍ਰਾਪਤ ਕਰਦੇ ਹਨ ਪਰ ਉਨ੍ਹਾਂ ਵਿੱਚੋਂ ਦੂਸਰੇ ਅਰਥਾਤ ਜੋ ਮੰਦ ਬੁੱਧੀ ਵਾਲੇ ਪੁਰਸ਼ ਹਨ ਉਹ ਖੁਦ ਇਸ ਪ੍ਰਕਾਰ ਨਾਲ ਜਾਣਦੇ ਹੋਏ ਦੂਸਰਿਆਂ ਰਾਹੀਂ ਅਰਥਾਤ ਤੱਤ ਦੇ ਜਾਣਨ ਵਾਲੇ ਮਨੁੱਖਾਂ ਤੋਂ ਸੁਣ ਕੇ ਹੀ ਉਸ ਅਨੁਸਾਰ ਉਪਾਸਨਾ ਕਰਦੇ ਹਨ ਅਤੇ ਉਹ ਸੁਣਨ ਤੋਂ ਬਾਅਦ ਪ੍ਰਮਾਤਮ ਤੱਤ ਨੂੰ ਜਾਣ ਕੇ ਮੌਤ ਨੂੰ ਨਿਸ਼ਚਤ ਰੂਪ ਨਾਲ ਪਾਰ ਕਰ ਜਾਂਦੇ ਹਨ ਅਰਥਾਤ ਅਮਰ ਹੋ ਜਾਂਦੇ ਹਨ।[60]

ਹੁਣ ਅਸੀਂ ਗੀਤਾ ਵਿੱਚ ਆਖੇ ਤਿੰਨ ਮੁੱਖ ਮਾਰਗਾਂ ਦਾ ਸੰਖੇਪ ਵਰਣਨ ਕਰਦੇ ਹਾਂ:

## ਗਿਆਨ ਮਾਰਗ

ਉਪਨਿਸ਼ਧਾਂ ਨੇ ਗਿਆਨ ਦੇ ਮਹੱਤਵ ਨੂੰ ਬਹੁਤ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੈ। ਭਗਵਤ ਗੀਤਾ ਉਸੇ ਔਪਨਿਸ਼ਧਕ ਪ੍ਰੰਪਰਾ ਨੂੰ ਅੱਗੇ ਵਧਾਉਂਦੀ ਹੈ ਜੋ ਆਖਰੀ ਸੱਚ ਦੇ ਹਵਾਲੇ ਵਿੱਚ ਉਸ ਦੀ ਬਹੁਤ ਪ੍ਰਸ਼ੰਸਾ ਕਰਦੀ ਹੈ। ਭਗਵਾਨ ਕ੍ਰਿਸ਼ਨ ਅਰਜੁਨ ਨੂੰ ਆਖਦੇ ਹਨ ਕਿ ਜੇ ਤੂੰ ਗੰਭੀਰ ਅਪਰਾਧ ਵੀ ਕਰਦਾ ਹੈਂ ਤਾਂ ਵਿੱਚ ਗਿਆਨ ਰੂਪੀ ਕਿਸ਼ਤੀ ਨਾਲ ਤੂੰ ਬੁਰਾਈ ਦੇ ਸਮੁੰਦਰ ਨੂੰ ਪਾਰ ਕਰ ਸਕਦਾ ਹੈਂ।[61] ਇਸ ਪ੍ਰਕਾਰ ਗਿਆਨ ਸਵੈ ਰੱਖਿਆ ਦੀ ਇੱਕ ਮਹਤੱਵਪੂਰਨ ਸ਼ਕਤੀ ਹੈ ਜਿਸ ਪ੍ਰਕਾਰ ਅੱਗ ਸਮੁਚੇ ਜੰਗਲ ਨੂੰ ਜਲਾ ਦਿੰਦੀ ਹੈ, ਉਸੇ ਪ੍ਰਕਾਰ ਗਿਆਨ ਅਗਨੀ ਸਾਰੇ ਕੰਮਾਂ ਨੂੰ ਭਸਮ ਕਰ ਦਿੰਦੀ ਹੈ (3.26) ਕਿਤੇ ਕਿਤੇ ਤਾਂ ਕਰਮ ਦੀ ਵਿਧੀ ਵੀ ਗਿਆਨ ਦੀ ਸ਼ਕਤੀ ਰਾਹੀਂ ਹਾਰਦੀ ਵਿਖਾਈ ਦਿੰਦੀ ਹੈ। ਸ਼ੱਕ ਅਤੇ ਅਗਿਆਨ ਦੁੱਖਾਂ ਦਾ ਕਾਰਨ ਹੈ, ਮਨੁੱਖ ਨੂੰ ਗਿਆਨ ਰੂਪੀ ਕਿਰਪਾਨ ਦੇ ਨਾਲ ਉਸ ਦਾ ਭੇਦਨ ਕਰਨਾ ਚਾਹੀਦਾ ਹੈ। ਕ੍ਰਿਆ ਕਾਂਡ ਅਤੇ ਯੱਗ ਦੇ ਪੱਖੋਂ ਗਿਆਨ ਜ਼ਿਆਦਾ ਸ਼ਕਤੀਸ਼ਾਲੀ ਹੈ। ਗੀਤਾ ਵਿੱਚ ਕਿਹਾ ਗਿਆ ਹੈ ਭੌਤਿਕ ਯੱਗ ਦੇ ਪੱਖੋਂ ਗਿਆਨ ਯੱਗ ਕੀਤੇ ਚੰਗਾ ਹੈ, ਗਿਆਨ ਵਿੱਚ ਸਾਰੇ ਕਰਮ ਭਸਮ

ਹੋ ਜਾਂਦੇ ਹਨ ਗਿਆਨ ਵਿਸ਼ੁੱਧੀ ਦਾ ਸਾਧਨ ਹੈ ਅਸਲ ਵਿੱਚ ਵਿਸ਼ੁੱਧੀ ਦੇ ਹਵਾਲੇ ਵਿੱਚ ਗਿਆਨ ਦੀ ਬਰਾਬਰੀ ਹੋਰ ਕੋਈ ਪਦਾਰਥ ਨਹੀਂ ਕਰ ਸਕਦਾ।[62]

ਇਹ ਗਿਆਨ ਈਸ਼ਵਰ ਦੀ ਵਾਸਤਵਿਕ ਪ੍ਰਕ੍ਰਿਤੀ ਨੂੰ ਦਰਸਾਉਂਦਾ ਹੈ। ਭਗਵਾਨ ਕ੍ਰਿਸ਼ਨ ਅਰਜੁਨ ਨੂੰ ਆਖਦੇ ਹਨ ਕਿ ਤੂੰ ਮੇਰੇ ਵਾਕਾਂ ਨੂੰ ਭਲੀ ਭਾਂਤ ਨਾ ਸਮਝਣ ਦੇ ਕਾਰਨ ਹੀ ਦੁੱਖੀ ਹੋ ਰਿਹਾ ਹੈਂ। ਮੈਂ ਹੀ ਸ੍ਰਿਸ਼ਟੀ ਦੇ ਸ਼ੁਰੂ ਵਿੱਚ ਪਰਜਾ ਦੀ ਰਚਨਾ ਕਰਕੇ ਦਵੈ ਜਾਤੀ ਦੇ ਕਲਿਆਣ ਦੇ ਲਈ ਦੋ ਸ਼ਰਧਾਵਾਂ ਦੱਸੀਆਂ ਗਿਆਨ ਯੋਗ ਅਤੇ ਕਰਮ ਯੋਗ। ਜੋ ਇਨ੍ਹਾਂ ਦੀ ਸਾਧਨਾ ਕਰਦਾ ਹੈ ਉਹ ਪਾਪ ਮੁਕਤ ਹੋ ਜਾਂਦਾ ਹੈ।[63] ਇਸ ਪ੍ਰਕਾਰ ਸਹੀ ਗਿਆਨ ਈਸ਼ਵਰ ਅਤੇ ਈਸ਼ਵਰ ਨਾਲ ਸੰਬੰਧਤ ਗਿਆਨ ਹੈ। ਈਸ਼ਵਰ ਦਾ ਗਿਆਨ ਹੁੰਦੇ ਹੀ ਸਾਧਕ ਮੁਕਤ ਹੋ ਜਾਂਦਾ ਹੈ।

## ਕਰਮ ਯੋਗ

ਗਿਆਨ ਯੋਗ ਤੋਂ ਛੁੱਟ ਗੀਤਾ ਵਿੱਚ ਕਰਮ ਨੂੰ ਵੀ ਮੁਕਤੀ ਦਾ ਸਾਧਨ ਦੱਸਿਆ ਗਿਆ ਹੈ। ਗੀਤਾ ਦੇ ਇਸ ਕਰਮ ਯੋਗ ਨੂੰ ਆਧੁਨਿਕ ਸਮੇਂ ਵਿੱਚ ਸਵਾਮੀ ਵਿਵੇਕਾ ਨੰਦ, ਬਾਲ ਗੰਗਾਧਰ ਤਿਲਕ ਅਤੇ ਮਹਾਤਮਾ ਗਾਂਧੀ ਜਿਹੇ ਵਿਚਾਰਕਾਂ ਨੇ ਲੋਕਾਂ ਵਿੱਚ ਮਸ਼ਹੂਰ ਬਣਾਇਆ ਹੈ। ਇਨ੍ਹਾਂ ਵਿਦਵਾਨਾਂ ਨੇ ਨਿਸ਼ਕਾਮ ਯੋਗ ਦੇ ਰੂਪ ਵਿੱਚ ਇਸ ਨੂੰ ਜਨ ਜਨ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ।

ਇੱਥੇ ਇਹ ਵਰਣਨਯੋਗ ਹੈ ਕਿ ਗੀਤਾ ਕਰਮ ਦੇ ਪੱਖੋਂ ਲਗਾਉ ਦੀ ਭਾਵਨਾ ਦੇ ਤਿਆਗ ਦੀ ਸਿੱਖਿਆ ਤੇ ਜ਼ਿਆਦਾ ਜ਼ੋਰ ਦਿੰਦੀ ਹੈ। ਇੱਥੇ ਕਿਹਾ ਗਿਆ ਹੈ ਕਿ ਕਰਮ ਦਾ ਤਿਆਗ ਕਰਨਾ ਸੰਭਵ ਨਹੀਂ ਹੁੰਦਾ। ਭਗਵਾਨ ਕ੍ਰਿਸ਼ਨ ਆਖਦੇ ਹਨ ਕਿ ਭਾਵੇਂ ਮੇਰੇ ਲਈ ਕੁੱਝ ਵੀ ਕਰਨ ਯੋਗ ਨਹੀਂ ਫੇਰ ਵੀ ਮੈਂ ਕਰਮ ਵਿੱਚ ਜੁਟਿਆ ਰਹਿੰਦਾ ਹਾਂ ਕਿਉਂਕਿ ਮਨੁੱਖ ਈਸ਼ਵਰ ਦੀ ਭਗਤੀ ਕਰਦੇ ਹਨ ਇਸ ਲਈ ਉਨ੍ਹਾਂ ਨੂੰ ਮਿਹਨਤ ਕਰਨੀ ਚਾਹੀਦੀ ਹੈ। ਜੇ ਮੈਂ ਕਰਮ ਨਾ ਕਰਾਂ ਤਾਂ ਸਾਰਾ ਲੋਕ ਨਸ਼ਟ ਹੋ ਜਾਵੇ, ਲੋਕ ਅਤੇ ਸ਼ਾਸਤਰ ਦੀ ਮਰਿਆਦਾ ਰੱਖਦੇ ਹੋਏ ਅਤੇ ਮੋਕਸ਼ ਸੁੱਖ ਸ਼ਾਂਤੀ ਦੇ ਸਾਧਨ ਵਰਨਆਸ਼ਰਮ ਧਰਮ ਦਾ ਲੋਪ ਹੋ ਜਾਵੇਗਾ ਅਤੇ ਮਨੁੱਖ ਮਨ ਮਰਜੀ ਕਾਰਨ ਦੁਰਗਤੀ ਨੂੰ ਪ੍ਰਾਪਤ ਹੋਣਗੇ।[64]

ਗੀਤਾ ਸਾਧਕ ਤੋਂ ਇਹ ਮੰਗ ਕਰਦੀ ਹੈ ਕਿ ਉਹ ਅਪਣੇ ਸਾਰੇ ਕਰਮ ਈਸ਼ਵਰ ਨੂੰ ਸਮਰਪਤ ਕਰ ਦੇਵੇ। ਭਗਵਤ ਗੀਤਾ ਦਾ ਈਸ਼ਵਰ ਕਰਮ ਯੋਗੀ ਹੈ, ਉਹ ਮਨੁੱਖ ਦੇ ਰੂਪ ਵਿੱਚ ਅਵਤਾਰ ਲੈਂਦਾ ਹੈ ਅਤੇ ਉਹਨਾਂ ਵਿੱਚ ਰਹਿ ਕੇ ਧਰਮ ਰੱਖਿਆ ਦੇ ਕੰਮ ਕਰਦਾ ਹੈ। ਇਹ ਸਹੀ ਹੈ ਕਿ ਉਹ ਕਰਮਾਂ ਦੇ ਰਾਹੀਂ ਅਸ਼ੁੱਧ ਨਹੀਂ ਹੁੰਦਾ। ਭਗਵਾਨ ਕ੍ਰਿਸ਼ਨ ਖੁਦ ਆਖਦੇ ਹਨ, ਕਿ ਮੈਨੂੰ ਕਰਤਾਪੁੰਨੇ ਦਾ ਅਭਿਮਾਨ ਸੁਨਯ, ਨਿਸ਼ਫਲ ਪਰਮਾਤਮਾ ਨੂੰ ਬੁੱਧੀ ਦੇ ਕਰਮ ਅਕਰਮ ਨਾਲ ਨਹੀਂ ਲਬੇੜਦਾ। ਜੋ ਮੈਨੂੰ ਇਸ ਰੂਪ ਵਿੱਚ ਜਾਣਦੇ ਹਨ ਉਹ ਕਰਮ ਨਾਲ ਨਹੀਂ ਬੰਧਦੇ ਇਸ ਪ੍ਰਕਾਰ ਆਤਮਾ ਦੇ ਗਿਆਨ ਨੂੰ ਜਾਣਕੇ, ਤੇ ਵਡੇਰੀਆਂ ਨੇ ਹੁਣ ਤੱਕ ਕਰਮ ਫਲ ਨੂੰ ਨਾ ਚਾਹੁੰਦੇ ਹੋਏ ਵੀ ਲੋਕ ਸੰਗ੍ਰਹਿ ਅਰਥ ਕੰਮ ਕੀਤਾ ਹੈ। ਇਸ ਲਈ ਤੂੰ ਇਸ ਮਿੱਥਿਆ ਸੰਨਿਆਸ ਦਾ ਮਾੜੀ ਬੇਨਤੀ ਛੱਡ ਕੇ ਨਿਸ਼ਕਾਮ ਕਰਮ ਕਰ। ਅਪਣੀ ਇੱਛਾ ਅਨੁਸਾਰ ਸ਼ਾਸਤਰ ਦੇ ਵਿਰੁੱਧ ਵਪਾਰ (ਕਰਮ) ਨਾ ਕਰ।[65]

ਇਸ ਪ੍ਰਕਾਰ ਬਿਨ੍ਹਾਂ ਕਿਸੇ ਲਗਾਉ ਤੋਂ ਕੀਤਾ ਗਿਆ ਕੰਮ ਮੁਕਤੀ ਦਾ ਸਾਧਨ ਹੈ, ਇਸ ਲਈ ਈਸ਼ਵਰ ਨੂੰ ਸਮਰਪਿਤ ਹੋ ਕੇ ਕਰਮ ਕੀਤਾ ਜਾਣਾ ਚਾਹੀਦਾ ਹੈ। ਕਰਮ ਅਕਰਮ ਦਾ ਗਿਆਨ ਹੋਣਾ ਚਾਹੀਦਾ ਹੈ, ਜਿਸ ਦੇ ਕੰਮ ਲਗਾਉ ਵਾਲੇ ਹੁੰਦੇ ਹਨ ਅਤੇ ਜਿਸ ਦੇ ਕੰਮ ਗਿਆਨ ਰੂਪੀ ਅੱਗ ਰਾਹੀਂ ਝੁਲਸੇ ਜਾਂਦੇ ਹਨ ਉਸ ਗਿਆਨੀ ਨੂੰ ਪੰਡਿਤ ਕਿਹਾ ਜਾਂਦਾ ਹੈ। ਜੋ ਕਰਤਾਪੁਨ ਦਾ ਅਭਿਮਾਨ, ਕਰਮ ਪ੍ਰਤੀ ਲਗਾਉ ਅਤੇ ਫਲ ਪ੍ਰਤੀ ਲਗਾਉ ਦਾ ਤਿਆਗ ਕਰਕੇ ਭੋਜਨ ਅਤੇ ਮੁਕਤੀ ਦਾ ਆਸਰਾ ਛੱਡ ਕੇ ਅਪਣੀ ਅੰਤਰ ਆਤਮਾ ਵਿੱਚ ਹੀ ਤ੍ਰਿਪਤ ਹੈ। ਉਹ ਕਰਮ ਵਿੱਚ ਹੁੰਦੇ ਹੋਏ ਵੀ ਕੁੱਝ ਨਹੀਂ ਕਰਦਾ। ਅਰਥਾਤ ਨਿੱਤ ਮੁਕਤ ਅਤੇ ਕ੍ਰਿਆਹੀਨ ਹੀ ਰਹਿੰਦਾ ਹੈ। ਆਤਮ ਦਰਸ਼ਨ ਦੇ ਲਈ ਨਿੱਤ ਅਨਿੱਤ ਵਸਤੂ ਦੇ ਵਿਵੇਕ – ਵੈਰਾਗ ਵਾਲਾ ਹੋਵੇ, ਲੋਕ ਪਰਲੋਕ ਨੂੰ ਮਿੱਥਿਆ ਬੰਧਨ ਦਾ ਕਾਰਨ ਸਮਝ ਕੇ ਤਿਆਗੀ ਹੋਵੇ ਜਿਸ ਨੇ ਇੰਦਰੀਆਂ ਅਤੇ ਮਨ ਨੂੰ ਪੂਰਨ ਰੂਪ ਵਿੱਚ ਵੱਸ ਵਿੱਚ ਕਰ ਲਿਆ ਹੈ ਅਤੇ ਸਭ ਪ੍ਰਕਾਰ ਦੇ ਪਰਿਗ੍ਰਹਿ ਤੋਂ ਮੁਕਤ ਹੈ ਉਹ ਵਿਸ਼ੁੱਧ ਵਿਅਕਤੀ ਅਪਣੇ ਅਨੁਭਵ ਤੋਂ ਅਪਣੇ ਨੂੰ ਨਿੱਤ ਨਿਰਵਿਕਾਰ ਜਾਣਨ ਦੇ ਕਾਰਨ ਸੰਸਾਰ ਬੰਧਨ ਨੂੰ ਪ੍ਰਾਪਤ ਨਹੀਂ ਹੁੰਦਾ ਹੈ।[66]

ਪੰਜਵੇਂ ਅਧਿਆਏ ਦੇ ਸ਼ੁਰੂ ਵਿੱਚ ਅਰਜੁਨ ਕ੍ਰਿਸ਼ਨ ਨੂੰ ਪੁੱਛਦੇ ਹਨ ਕਿ ਕਰਮ ਦਾ ਤਿਆਗ ਚੰਗਾ ਹੈ ਜਾਂ ਕਰਮ ਦਾ ਸੰਗ੍ਰਹਿ? ਕ੍ਰਿਸ਼ਨ ਉੱਤਰ ਦਿੰਦੇ ਹਨ ਕਿ ਹੇ ਅਰਜੁਨ ਕਰਮ ਸੰਨਿਆਸ ਅਤੇ ਕਰਮ ਯੋਗ ਦੋਹੇ ਮੋਕਸ਼ ਪ੍ਰਾਪਤੀ ਦੇ ਸਾਧਨ ਹਨ। ਪਰ ਸੋਗ - ਮੋਹ ਵਾਲੇ ਪੁਰਸ਼ ਦੇ ਲਈ ਕਰਮ ਸੰਨਿਆਸ ਦੇ ਪੱਖੋਂ ਕਰਮ ਯੋਗ ਹੀ ਸ਼੍ਰੇਸ਼ਠ ਹੈ, ਕਿਉਂਕਿ ਵਿਵੇਕ - ਵੈਰਾਗ ਆਦਿ ਤੋਂ ਰਹਿਤ ਪੁਰਸ਼ ਨੂੰ ਅਚਾਨਕ ਸੰਨਿਆਸ ਗ੍ਰਹਿਣ ਨਹੀਂ ਕਰਨਾ ਚਾਹੀਦਾ। ਪਰ ਈਸ਼ਵਰ ਨੂੰ ਅਰਪਨ ਬੁੱਧੀ ਰਾਹੀਂ ਕਰਮ ਯੋਗ ਦਾ ਅਨੁਸ਼ਠਾਨ ਕਰਨਾ ਚਾਹੀਦਾ ਹੈ। ਜੋ ਨਿਸ਼ਕਾਮ ਕਰਮ, ਕੁਸ਼ਲ ਅਕੁਸ਼ਲ ਕੰਮਾਂ ਨੂੰ ਨਾ ਕਰਦਾ ਹੋਇਆ ਨਾ ਅਕੁਸ਼ਲ ਕਰਮ ਪ੍ਰਤੀ ਦਵੇਸ਼ ਕਰਦਾ ਹੈ ਅਤੇ ਨਾ ਕੁਸ਼ਲ ਕਰਮ ਦੀ ਇੱਛਾ ਕਰਦਾ ਹੈ, ਉਹ ਖੁਬਸੂਰਤ - ਬਦਸੂਰਤ, ਚੰਗਾ - ਮਾੜਾ, ਦੁਸ਼ਮਣ - ਮਿੱਤਰ ਆਦਿ ਵਿੱਚ ਸਮਤਾ ਭਾਵ ਰੱਖਣ ਵਾਲੇ ਬੁੱਧੀਮਾਨ ਪੁਰਸ਼ ਨੂੰ ਨਿੱਤ ਕਰਮ ਅਨੁਸ਼ਠਾਨ (ਧਾਰਮਿਕ ਕ੍ਰਿਆ) ਫਲ ਵਿੱਚ ਵੀ ਸੰਨਿਆਸੀ ਸਮਝਣਾ ਚਾਹੀਦਾ ਹੈ ਅਤੇ ਜੋ ਲਾਭ ਹਾਨੀ ਆਦਿ ਦਬੰਧ ਹੋ ਚੁੱਕਾ ਹੈ ਉਹ ਪਰਿਗ੍ਰਹਿ ਤਿਆਗੀ ਪੁਰਸ਼ ਘਰ ਵਿੱਚ ਨਿਵਾਸ ਕਰਦਾ ਹੋਇਆ ਵੀ ਸੁੱਖ ਪੂਰਵਕ ਹੀ ਸੰਸਾਰ ਬੰਧਨ ਤੋਂ ਮੁਕਤ ਹੋ ਜਾਂਦਾ ਹੈ।[67]

ਅੰਤ ਵਿੱਚ ਅਸੀਂ ਗੀਤਾ ਦਾ ਇੱਕ ਸਲੋਕ ਦਰਜ ਕਰਦੇ ਹਾਂ, ਜਿਸ ਵਿੱਚ ਸ਼੍ਰੀ ਕ੍ਰਿਸ਼ਨ ਨੇ ਅਰਜੁਨ ਨੂੰ ਅਪਣੇ ਕਰਤਵ ਵਿੱਚ ਲੱਗੇ ਰਹਿਣ ਲਈ ਕਿਹਾ ਸੀ ਅਤੇ ਯੁੱਧ ਵਿੱਚ ਲੜਨ ਦੇ ਲਈ ਪ੍ਰੇਰਿਤ ਕੀਤਾ ਸੀ, "ਹੇ ਅਰਜੁਨ - ਤੇਰੇ ਜਿਹੇ ਗਿਆਨੀ ਦਾ ਕਰਮ ਵਿੱਚ ਹੀ ਅਧਿਕਾਰ ਹੈ, ਕਰਮ ਦੇ ਮੁੱਖ ਫਲ ਕ੍ਰਿਆਹੀਨ ਸੰਨਿਆਸ ਵਿੱਚ ਨਹੀਂ। ਦੂਸਰੇ ਤੇਰਾ ਕਰਮਾਂ ਦੇ ਗੁਪਤ ਫਲ ਵਿੱਚ ਵੀ ਅਧਿਕਾਰ ਨਹੀਂ, ਤੂੰ ਫਲ ਦੀ ਇੱਛਾ ਨਾ ਕਰ ਕਿਉਂਕਿ ਉਹ ਬੰਧਨ ਦਾ ਕਾਰਨ ਹੈ ਅਤੇ ਮੇਰੇ ਕਰਮ ਨਾ ਕਰਨ ਤੇ ਵੀ ਲਗਾਉ ਨਾ ਰੱਖ। ਭਾਵ ਮੈਂ ਯੁੱਧ ਨਹੀਂ ਕਰਾਂਗਾ ਅਜਿਹੀ ਮਾੜੀ ਬੇਨਤੀ ਨਾ ਕਰ।[68]

ਲਗਾਉ ਰਹਿਤ ਭਾਵਨਾ ਦੇ ਇਸ ਸਿਧਾਂਤ ਨੂੰ ਕਰਮ ਯੋਗ ਕਿਹਾ ਜਾਂਦਾ ਹੈ। ਇਸ ਸਿਧਾਂਤ ਦਾ ਪਾਲਣ ਕਰਨ ਵਾਲਾ ਵਿਅਕਤੀ ਕਰਮ ਬੰਧ ਤੋਂ ਮੁਕਤ ਹੋ ਕੇ ਅਦਵੈਤ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਗੀਤਾ ਵਿੱਚ ਕਿਹਾ ਗਿਆ ਹੈ

ਕਿ ਜੋ ਸਰਵ ਆਤਮ ਦਰਸ਼ੀ ਸਾਰੀਆਂ ਕਾਮਨਾਵਾਂ ਨੂੰ ਛੱਡਕੇ ਨਿਰਵਿਕਲਪ ਅਵਸਥਾ ਵਿੱਚ ਸਥਿਤ ਹੋ ਕੇ ਤਿਆਗੀ ਹੋ ਕੇ ਮਮਤਾ ਰਹਿਤ ਅਤੇ ਅਹੰਕਾਰ ਰਹਿਤ ਹੋ ਜਾਂਦਾ ਹੈ, ਉਹ ਬਹੁਤ ਜ਼ਿਆਦਾ ਸ਼ਾਂਤੀ ਨੂੰ ਪ੍ਰਾਪਤ ਕਰਦਾ ਹੈ। ਇਸ ਲਈ ਭਗਵਾਨ ਕ੍ਰਿਸ਼ਨ ਅਰਜੁਨ ਨੂੰ ਆਖਦੇ ਹਨ ਕਿ ਇਹ ਬ੍ਰਹਮ ਨੂੰ ਪ੍ਰਾਪਤ ਪੁਰਸ਼ਾਂ ਦੀ ਅਵਸਥਾ ਹੈ। ਮਹਾਤਮਾ ਇਸ ਅਵਸਥਾ ਨੂੰ ਪ੍ਰਾਪਤ ਕਰ ਕੇ ਫੇਰ ਅਨਾਤਮ ਬੁੱਧੀ ਨੂੰ ਪ੍ਰਾਪਤ ਨਹੀਂ ਹੁੰਦਾ ਹੈ। ਇਸ ਅਵਸਥਾ ਵਿੱਚ ਸਥਿਤ ਹੋ ਕੇ ਇਸ ਨੂੰ ਮੌਤ ਵੀ ਆ ਜਾਵੇ ਤਾਂ ਵੀ ਉਹ ਉਸੇ ਸਮੇਂ ਸਾਰੇ ਪਾਪਾਂ ਤੋਂ ਮੁਕਤ ਹੋ ਕੇ ਸ਼ਾਂਤ ਸਵਰੂਪ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ।[69]

## ਭਗਤੀ ਮਾਰਗ

ਭਗਵਤ ਗੀਤਾ ਭਗਵਾਨ ਕ੍ਰਿਸ਼ਨ ਚੰਦਰ ਜੀ ਭਗਤੀ ਦਾ ਪ੍ਰਦਰਸ਼ਨ ਕਰਨ ਵਾਲਾ ਗ੍ਰੰਥ ਹੈ। ਜਦ ਉਹ ਭਗਤੀ ਦਾ ਪਰਵਚਨ ਕਰਦਾ ਹੈ ਤਾਂ ਗਿਆਨ ਅਤੇ ਕਰਮ ਦੇ ਗੁਣ ਉਸ ਦੀ ਭੂਮਿਕਾ ਵਿੱਚ ਸਪੱਸ਼ਟ ਵਿਖਾਈ ਦਿੰਦੇ ਹਨ। ਈਸ਼ਵਰ ਦੇ ਪ੍ਰਤੀ ਭਗਤੀ ਮੁਕਤੀ ਦਾ ਸਰਵ ਉੱਤਮ ਮਾਰਗ ਹੈ, ਭਗਵਾਨ ਕ੍ਰਿਸ਼ਨ ਅਰਜਨ ਨੂੰ ਆਖਦੇ ਹਨ - ਹੇ ਅਰਜਨ! ਜੋ ਸਾਰੇ ਉਪਾਵਾਂ ਨੂੰ ਛੱਡ ਕੇ ਕੇਵਲ ਭਗਤੀ ਦਾ ਆਸਰਾ ਲੈਕੇ ਮੇਰੇ ਵਿੱਚ ਮਨ ਨੂੰ ਸਹੀ ਰੂਪ ਨਾਲ ਲਗਾ ਕੇ ਅਟੁੱਟ ਰੂਪ ਨਾਲ ਉਪਾਸਨਾ ਕਰਦੇ ਹਨ ਉਹ ਮੇਰੇ ਮਤ ਵਿੱਚ ਸਰਵ ਸ਼੍ਰੇਸ਼ਠ ਹਨ।[70]

ਇਸ ਤਰ੍ਹਾਂ ਈਸ਼ਵਰ ਦੇ ਭਗਤ ਨੂੰ ਯੋਗੀ ਹੋਣ ਲਈ ਪ੍ਰੇਰਤ ਕੀਤਾ ਗਿਆ ਹੈ। ਦੂਸਰੇ ਸ਼ਬਦਾਂ ਵਿੱਚ ਭਗਤ ਸ਼੍ਰੇਸ਼ਠ ਯੋਗੀ ਹੈ। ਜੋ ਯੋਗ ਦੇ ਨਾਲ ਭਗਤੀ ਦਾ ਸੁਮੇਲ ਕਰਦਾ ਹੈ, ਉਹ ਸਾਰੇ ਸਾਧਕਾਂ ਵਿੱਚੋਂ ਉੱਤਮ ਮੰਨਿਆ ਜਾਂਦਾ ਹੈ। ਈਸ਼ਵਰ ਦੀ ਉਪਾਸਨਾ ਈਸ਼ਵਰ ਨੂੰ ਪ੍ਰਾਪਤ ਕਰਨ ਦਾ ਸਰਵ ਉੱਤਮ ਸਾਧਨ ਹੈ। ਭਗਵਾਨ ਆਖਦੇ ਹਨ - ਲੋਕ ਪਰਲੋਕ ਨੂੰ ਮਿੱਥਿਆ ਬੰਧਨ ਸਮਝ ਕੇ, ਇੱਕ ਮੈਨੂੰ, ਅਦਿਤਯਾ ਸੱਚਿਦਾਨੰਦਘੰਣ ਦੀ ਸ਼ਰਨ ਵਿੱਚ ਆ ਜਾ ਮੈਂ ਤੈਨੂੰ ਸਾਰੇ ਪਾਪਾਂ ਤੋਂ ਮੁਕਤ ਕਰ ਦੇਵਾਂਗਾ, ਤੂੰ ਕਿਸੇ ਤਰ੍ਹਾਂ ਦਾ ਸੋਗ ਨਾ ਕਰ।[71]

ਇਹ ਭਗਤੀ ਮਾਰਗ ਸਭ ਦੇ ਲਈ ਖੁੱਲ੍ਹਾ ਹੈ ਚਾਹੇ ਉਹ ਪੁਰਸ਼ ਹੋਵੇ ਜਾਂ ਇਸਤਰੀ, ਉੱਚੇ ਕੁਲ ਦਾ ਹੋਵੇ ਜਾਂ ਛੋਟੇ ਕੁਲ ਦਾ। ਗਿਆਨ ਅਤੇ ਕਰਮ ਮਾਰਗ ਦੀ ਤੁਲਨਾ ਪੱਖੋਂ ਭਗਤੀ ਮਾਰਗ ਜ਼ਿਆਦਾ ਸਰਲ ਅਤੇ ਸਿੱਧਾ ਹੈ।

ਪਾਪੀ ਪੁਰਸ਼ ਅਤੇ ਇਸਤਰੀਆਂ ਵੀ ਭਗਤੀ ਦੇ ਰਾਹੀਂ ਮੁਕਤੀ ਪ੍ਰਾਪਤ ਕਰ ਸਕਦੀਆਂ ਹਨ। ਇਹ ਕਿਹਾ ਗਿਆ ਹੈ ਕਿ ਈਸ਼ਵਰ ਦੀ ਭਗਤੀ ਕਦੀ ਬੇਕਾਰ ਨਹੀਂ ਜਾਂਦੀ। ਈਸ਼ਵਰ ਦੇ ਪ੍ਰਤੀ ਸੰਪੂਰਨ ਭਗਤੀ ਈਸ਼ਵਰ ਵਿੱਚ ਪੂਰੀ ਸ਼ਰਧਾ ਦੀ ਮੰਗ ਕਰਦੀ ਹੈ। ਉਸ ਵਿੱਚ ਡੂੰਘਾ ਪ੍ਰੇਮ ਅਤੇ ਸਮਰਪਨ ਭਾਵਨਾ ਦੀ ਜ਼ਰੂਰਤ ਹੁੰਦੀ ਹੈ। ਗੀਤਾ ਦੇ ਆਖਰੀ ਮਹੱਤਵਪੂਰਨ ਪਦ ਵਿੱਚ ਇਸ ਲਈ ਭਗਵਾਨ ਕ੍ਰਿਸ਼ਨ ਨੇ ਅਰਜਨ ਨੂੰ ਕਿਹਾ ਹੈ ਕਿ ਅਸੀਂ ਤੈਨੂੰ ਮੁਕਤ ਕਰਦੇ ਹਾਂ, ਤੂੰ ਫਿਕਰ ਨਾ ਕਰ। ਇਸ ਪ੍ਰਕਾਰ ਭਗਵਤ ਗੀਤਾ ਦਾ ਸਿਖਰ ਬਿੰਦੂ ਪਰਪ੍ਰਤੀ ਅਤੇ ਭਗਤੀ ਦੇ ਰਾਹੀਂ ਮੁਕਤੀ ਦੇ ਸਿਧਾਂਤ ਨੂੰ ਪੇਸ਼ ਕਰਨਾ ਮੰਨਿਆ ਜਾ ਸਕਦਾ ਹੈ।

ਭਗਵਤ ਗੀਤਾ ਵਿੱਚ ਵਰਣਨ ਭਿੰਨ ਭਿੰਨ ਮਾਰਗਾਂ ਦੇ ਏਕੀਕਰਨ ਦੇ ਹਵਾਲੇ ਨਾਲ ਫਰੈਂਕਲਿਨ ਏਜਰਟਨ ਨੇ ਸਮਿਖਿਆ ਕਰਦੇ ਹੋਏ ਕਿਹਾ ਹੈ, “ਗੀਤਾ ਦਾ ਧਰਮ ਬੁੱਧੀ ਵਾਦੀ ਵਿਚਾਰਾਂ ਅਤੇ ਲੋਕਾਂ ਵਿੱਚ ਪਿਆਰੇ ਧਰਮ ਦੀ ਭਾਵਨਾਤਮਿਕਤਾ ਵਿੱਚ ਸੁਮੇਲ ਸਥਾਪਤ ਕਰਨਾ ਰਿਹਾ, ਇਸ ਲਈ ਭਗਤੀ ਦਾ ਸਿਧਾਂਤ ਨਾਲ ਦੇ ਦਰਵਾਜ਼ੇ ਤੋਂ ਮੁਕਤੀ ਦੀ ਯੋਜਨਾ ਵਿੱਚ ਪ੍ਰਵੇਸ਼ ਕਰਦਾ ਹੈ – ਗਿਆਨ ਦੇ ਰਾਹੀਂ ਪੁਰਾਣੇ ਬੁੱਧੀ ਵਾਦੀ ਸਿਧਾਂਤ ਨੂੰ ਦੂਰ ਕੀਤੇ ਬਿਨ੍ਹਾਂ ਹੀ ਇਸ ਪ੍ਰਕਾਰ ਉਸ ਨੂੰ ਵਿਗਿਆਨਕ ਬਣਾ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਈਸ਼ਵਰ ਦੀ ਡੂੰਘੀ ਭਗਤੀ ਨਾਲ ਈਸ਼ਵਰ ਗਿਆਨ ਹੁੰਦਾ ਹੈ, ਜੋ ਅਪ੍ਰਤੱਖ ਰੂਪ ਵਿੱਚ ਮੁਕਤੀ ਦਾ ਕਾਰਨ ਬਣਦਾ ਹੈ।[72]

## ਅਦਵੈਤ ਵੇਦਾਂਤ ਦੇ ਅਨੁਸਾਰ ਮੁਕਤੀ

ਗੌੜਪਾਦ (ਸੱਤਵੀਂ ਸਦੀ ਈ:) ਨੇ ਅਪਣੀ ਮੰਡਕੋ ਉਪਨਿਸ਼ਧ ਵਿੱਚ ਅਦਵੈਤ ਦੇ ਅਨੁਸਾਰ ਵੇਦਾਂਤ ਦੀ ਸਭ ਤੋਂ ਪਹਿਲਾਂ ਵਿਆਖਿਆ ਕੀਤੀ। ਉਸ ਤੋਂ ਬਾਅਦ ਸ਼ੰਕਰ ਅਚਾਰੀਆ ਨੇ ਪ੍ਰਾਚੀਨ ਉਪਨਿਸ਼ਧਾਂ, ਬ੍ਰਹਮ ਸੂਤਰ ਅਤੇ ਭਗਵਤ ਗੀਤਾ ਦੇ ਉੱਪਰ ਭਾਸ਼ਯ ਵਿੱਚ ਵੇਦਾਂਤ ਦੇ ਇਸ ਅਦਵੈਤ ਵਾਦ ਨੂੰ ਠੀਕ ਢੰਗ ਨਾਲ ਵਿਵਸਥਿਤ ਕਰਕੇ ਉਸ ਦੀ ਵਿਆਖਿਆ ਕੀਤੀ। ਅਨੇਕਾਂ ਮੱਧਕਾਲੀ ਅਤੇ ਆਧੁਨਿਕ ਵਿਦਵਾਨਾਂ ਨੇ ਅਦਵੈਤ ਵੇਦਾਂਤ ਉੱਪਰ ਮਹਾਂਯਾਨ ਬੁੱਧ ਧਰਮ ਦਾ ਪ੍ਰਭਾਵ ਦੱਸਿਆ ਹੈ।[73]

ਸ਼ੰਕਰ ਦੇ ਅਨੁਸਾਰ ਆਤਮਾ ਜਾਂ ਬ੍ਰਹਮ ਹੀ ਆਖਰੀ ਸੱਚ ਅਤੇ ਤੱਤ ਹੈ। ਉਹ ਖੁਦ ਵਿੱਚ ਹੋਂਦ ਵਾਲਾ ਹੈ, ਚੇਤਨ ਹੈ, ਪ੍ਰਕਾਸ਼ਵਾਨ ਹੈ ਅਤੇ ਪਰਮਾਨੰਦ ਹੈ। ਉਹ ਵੈਸ਼ਵਿਕ ਅਤੇ ਆਨੰਤ ਹੈ। ਵਿਖਾਈ ਦੇਣ ਵਾਲਾ ਜਗਤ ਦਾ ਸਹਾਰਾ ਹੈ। ਉਸ ਦੀ ਨਾ ਤਾਂ ਖੁਦ ਦੀ ਕੋਈ ਹੋਂਦ ਹੈ ਅਤੇ ਨਾ ਕੋਈ ਆਖਰੀ ਸਚਾਈ ਹੈ। ਸਰਵਉੱਚ ਆਤਮਾ ਅਤੇ ਅਨੁਭਵ ਹੋਂਦ ਦੇ ਵਿਚਕਾਰ ਦਾ ਅੰਤਰ ਅਦਵੈਤ ਵਾਦ ਦਾ ਅਧਾਰ ਹੈ। ਇਸ ਫਰਕ ਵਿੱਚ ਹੋਣ ਵਾਲਾ ਸ਼ੱਕ ਅਵਿੱਦਿਆ ਦਾ ਪੈਦਾ ਕਰਨ ਵਾਲਾ ਹੁੰਦਾ ਹੈ। ਭਿੰਨ ਭਿੰਨ ਭਿੰਨਤਾਵਾਂ ਨਾਲ ਭਰੇ ਸੰਸਾਰ ਤੋਂ ਬ੍ਰਹਮ ਬਿਲਕੁਲ ਵੱਖ ਹੈ। ਆਤਮਾ ਅਤੇ ਬ੍ਰਹਮਾਂ ਇੱਕ ਹੈ, ਏਕਾਗਰਤਾ ਦਾ ਇਹ ਸਿਧਾਂਤ ਮਿਲਿਆ ਜੁਲਿਆ ਹੈ। ਸੰਸਾਰ ਉਸ 'ਤੇ ਨਿਰਭਰ ਹੈ ਅਦਵੈਤ ਵੇਦਾਂਤ ਵਿੱਚ ਈਸ਼ਵਰ ਦਾ ਵੀ ਸਥਾਨ ਹੈ। ਉਸ ਨੂੰ ਸਗੁਣ ਬ੍ਰਹਮ ਕਿਹਾ ਗਿਆ ਹੈ। ਜੋ ਨਿਰਗੁਣ ਬ੍ਰਹਮ ਤੋਂ ਉਲਟ ਹੈ, ਈਸ਼ਵਰ ਸੰਸਾਰ ਅਤੇ ਖੁਦ ਦੇ ਵਿੱਚ ਵਿਵਹਾਰਿਕ ਫਰਕ ਹੈ ਅਸਲ ਨਹੀਂ। ਵਿਅਕਤੀਗਤ ਆਤਮਾ ਸਮੂਹਕ ਆਤਮਾ ਦਾ ਸੀਮਤ ਰੂਪ ਹੈ। ਇਹ ਵਿਅਕਤੀਗਤ ਆਤਮਾ ਹੀ ਕਰਮਾਂ ਨਾਲ ਬੰਨ੍ਹਿਆ ਹੋਇਆ ਹੈ। ਮੁਕਤੀ ਦਾ ਅਰਥ ਹੈ – ਸੀਮਤ ਆਤਮਾ ਦੀ ਅਸਲੀਅਤ ਦਾ ਅਨੁਭਵ ਹੋਣਾ।

ਨੈਤਿਕ ਗੁਣਾਂ ਦਾ ਅਭਿਆਸ, ਈਸ਼ਵਰ ਦੀ ਭਗਤੀ ਅਤੇ ਗਿਆਨ ਦੀ ਖੋਜ ਇਹ ਤਿੰਨੋ ਮੋਕਸ਼ ਦੀ ਪ੍ਰਾਪਤੀ ਦੇ ਸਾਧਨ ਹਨ। ਮੁਕਤੀ ਦਾ ਅਰਥ ਹੈ – ਸਰਵਉੱਚ ਸੱਚ ਜੋ ਨਿੱਤ ਅਤੇ ਆਨੰਤ ਹੈ ਦੀ ਸਿੱਧੀ ਪਹਿਚਾਣ ਹੈ। ਰਾਧਾ ਕ੍ਰਿਸ਼ਨ ਦੇ ਅਨੁਸਾਰ, "ਸੁਤੰਤਰਤਾਂ ਦੀ ਪ੍ਰਾਪਤੀ ਦੇ ਬਾਅਦ ਸੰਸਾਰ ਵਿੱਚ ਕੋਈ ਪਰਿਵਰਤਨ ਨਹੀਂ ਹੁੰਦਾ ਸਿਰਫ ਸਾਡੀ ਦ੍ਰਿਸ਼ਟੀ ਬਦਲਦੀ ਹੈ। ਮੋਕਸ਼ ਸੰਸਾਰ ਦਾ ਹੱਲ ਹੈ, ਅਤੇ ਇਹ ਅਵਿਦਿਆ ਦੀ ਜਗ੍ਹਾ ਵਿਦਿਆ (ਸੱਮਿਅਕ ਦ੍ਰਿਸ਼ਟੀ) ਨੂੰ ਸਥਾਪਤ ਕਰਦਾ ਹੈ।[74]

ਜਨਮ ਮਰਨ ਦਾ ਚੱਕਰ ਅਰਥਾਤ ਸੰਸਾਰ ਦੀ ਸਮਾਪਤੀ ਬ੍ਰਹਮ ਦੀ ਏਕਾਗਰਤਾ ਦੀ ਅਨੁਭੂਤੀ ਹੋਣ ਤੇ ਹੀ ਹੁੰਦੀ ਹੈ। ਈਸ਼ਾ ਉਪਨਿਸ਼ਧ ਵਿੱਚ ਕਿਹਾ ਗਿਆ ਹੈ, "ਜੋ ਆਤਮਾ ਵਿੱਚ ਸ਼ਕਲ ਪਦਾਰਥਾਂ ਨੂੰ ਵੇਖਦਾ ਹੈ ਅਤੇ ਆਤਮਾ ਨੂੰ ਸ਼ਕਲ ਪਦਾਰਥਾਂ ਵਿੱਚ ਵੇਖਦਾ ਹੈ ਉਹ ਉਸ ਰਾਹੀਂ ਪਿੱਛੇ ਨਹੀਂ

ਹਟਾਇਆ ਜਾਂਦਾ ਕਿਉਂਕਿ ਉਸ ਨੂੰ ਸੱਚ ਦੀ ਅਨੁਭੂਤੀ ਹੋ ਜਾਂਦੀ ਹੈ। ਜਦ ਉਸ ਨੂੰ, ਜੋ ਜਾਣਦਾ ਹੈ, ਆਤਮਾ ਸਭ ਕੁੱਝ ਹੋ ਗਿਆ ਹੈ, ਉੱਥੇ ਮੋਹ ਅਵਿਦਿਆ ਅਤੇ ਦੁੱਖ ਕਿਵੇਂ ਰਹਿ ਸਕਦੇ ਹਨ ਜੋ ਏਕਾਗਰਤਾ ਨੂੰ ਵੇਖਦਾ ਹੈ।[75]

ਇਸ ਵਿਖਾਈ ਦੇਣ ਵਾਲੇ ਜਗਤ ਵਿੱਚ ਦੁੱਖ ਦੀ ਹੋਂਦ ਦੇ ਹਵਾਲੇ ਨਾਲ ਸ਼ੰਕਰ ਮਾਯਾ ਵੱਲ ਇਸ਼ਾਰਾ ਕਰਦੇ ਹਨ, ਇੱਕ ਮੂਲ ਕਾਰਨ ਦੇ ਰੂਪ ਵਿੱਚ। ਮਾਯਾ ਦੇ ਪ੍ਰਭਾਵ ਦੇ ਕਾਰਨ ਆਤਮਾ ਉਸ ਦੇ ਅਸਲ ਸਵਰੂਪ ਦਾ ਅਨੁਭਵ ਨਹੀਂ ਕਰ ਪਾਉਂਦਾ। ਅਚਾਰੀਆ ਸ਼ੰਕਰ ਆਖਦੇ ਹਨ, "ਜਦ ਤੱਕ ਆਤਮਾ ਦਵੈਤਤਾ ਦੇ ਰੂਪ ਵਿੱਚ ਮਿੱਥਿਆਤਵ ਤੋਂ ਮੁਕਤ ਨਹੀਂ ਹੋ ਜਾਂਦਾ ਅਤੇ ਆਤਮਾ ਨੂੰ ਨਹੀਂ ਪਹਿਚਾਣ ਪਾਉਂਦਾ ਕਿ ਮੈਂ ਬ੍ਰਹਮ ਹਾਂ ਤਦ ਤੱਕ ਦਵੈਤ ਅਵਸਥਾ ਵਿੱਚ ਰਹਿੰਦਾ ਹੈ"।[76]

ਸ਼ੰਕਰ ਅਵਿੱਦਿਆ ਜਾਂ ਮਾਯਾ ਨੂੰ ਮੂਲ ਕਾਰਨ ਦੇ ਰੂਪ ਵਿੱਚ ਵਰਣਨ ਕਰਦੇ ਹਨ। ਉਨ੍ਹਾਂ ਅਨੁਸਾਰ ਮਾਯਾ ਅਦਿੱਖ ਅਤੇ ਨਾ ਆਖਣ ਯੋਗ ਹੈ ਕਿਉਂਕਿ ਉਹ ਨਾ ਤਾਂ ਇਸ ਪਰਿਭਾਸ਼ਾ ਵਿੱਚ ਬੰਨ੍ਹੀ ਜਾ ਸਕਦੀ ਹੈ ਕਿ ਉਸ ਦੀ ਹੋਂਦ ਹੈ ਅਤੇ ਨਾ ਇਹ ਆਖਿਆ ਜਾ ਸਕਦਾ ਹੈ ਕਿ ਉਸ ਦੀ ਹੋਂਦ ਨਹੀਂ ਹੈ।

ਮਾਯਾ ਜਾਂ ਅਵਿਦਿਆ ਦੇ ਸਮਾਨ ਅਰਥ ਸ਼ਬਦ ਹਨ – ਅਗਿਆਨ, ਵਿਵ੍ਰਤ, ਭ੍ਰਾਂਤੀ, ਭਰਮ, ਅਵਿਅਕਤ, ਨਾਮ ਰੂਪ, ਅਧਿਯਾਰਾਪੇ, ਅਨਿਰਵਚਨੀਆਂ ਆਦਿ। ਸੰਸਾਰਕ ਦ੍ਰਿਸ਼ਟੀ ਰੱਖਣ ਵਾਲੇ ਲਈ ਉਹ ਅਸਲੀਅਤ ਹੈ ਪਰ ਜਿਨ੍ਹਾਂ ਨੇ ਬ੍ਰਹਮ ਦਾ ਅਨੁਭਵ ਕਰ ਲਿਆ ਹੈ ਉਨ੍ਹਾਂ ਦੇ ਲਈ ਅਸਲੀਅਤ ਨਹੀਂ ਹੈ। ਜਾਗਰਤ ਆਤਮਾ ਦੇ ਲਈ "ਇਹ ਸਭ ਬ੍ਰਹਮ ਹੈ" ਆਮ ਆਦਮੀ ਦੇ ਲਈ ਇਹ ਸੰਸਾਰ ਇੱਕ ਵਾਸਤਵਿਕ ਸੱਚਾਈ ਹੈ। ਜਿਸ ਤਰ੍ਹਾਂ ਸੁਪਨ ਦੇ ਸਮੇਂ ਵਿੱਚ ਸੁਪਨ ਵੇਖਣ ਵਾਲੇ ਨੂੰ ਸੁਪਨਾ ਸੱਚਾ ਲੱਗਦਾ ਹੈ।

ਸ਼ੰਕਰ ਅਵਿਦਿਆ ਨੂੰ ਨਾਂਹ ਪੱਖੀ ਅਤੇ ਹਾਂ ਪੱਖੀ ਦੋਹਾਂ ਰੂਪਾਂ ਵਿੱਚ ਵੇਖਦੇ ਹਨ। ਨਾਹ ਪੱਖੀ ਰੂਪ ਵਿੱਚ ਉਹ ਮਿੱਥਿਆ ਹੈ, ਭਰਮ ਹੈ, ਉਸ ਵਿੱਚ ਸੱਮਿਅਕ ਗਿਆਨ ਦਾ ਕੋਈ ਰੂਪ ਨਹੀਂ ਹੈ, ਹਾਂ ਪੱਖੀ ਰੂਪ ਵਿੱਚ ਉਹ ਈਸ਼ਵਰ

ਦੀ ਰੱਹਸਾਤਮਕ ਸ਼ਕਤੀ ਦਾ ਪ੍ਰਤੀਕ ਹੈ। ਈਸ਼ਵਰ ਨੇ ਮਾਯਾ ਦੇ ਰਾਹੀਂ ਹੀ ਇਸ ਸੰਸਾਰ ਦੀ ਸਿਰਜਨਾ ਕੀਤੀ ਹੈ। ਉਹ ਬ੍ਰਹਮ ਵੀ ਸੁਭਾਵਕ ਸ਼ਕਤੀ ਹੈ, ਈਸ਼ਵਰ ਦੀ ਇਸ ਲੋਕ ਦੀ ਸ਼ਕਤੀ ਹੈ। ਨਾਮ ਅਤੇ ਰੂਪ ਵੀ ਈਸ਼ਵਰ ਹਨ, ਜੋ ਉਸ ਦੀ ਮਾਯਾ ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਇਸ ਮਾਯਾ ਨਾਲ ਜਗਤ ਦੀ ਸਿਰਜਨ ਪ੍ਰਕ੍ਰਿਆ ਚੱਲ ਰਹੀ ਹੈ। ਸ਼ੰਕਰ ਆਖਦੇ ਹਨ - ਸਰਵੱਗ ਈਸ਼ਵਰ ਦੀ ਪ੍ਰਾਕ੍ਰਿਤੀ ਦੇ ਸੰਬੰਧ ਨਾਮ ਅਤੇ ਰੂਪ ਹਨ ਜੋ ਅਵਿਦਿਆ ਦੇ ਕਾਲਪਨਿਕ ਸਾਥੀ ਹਨ। ਇਹ ਆਖਣਾ ਕਠਿਨ ਹੈ ਕਿ ਈਸ਼ਵਰ ਤੋਂ ਜੁੜਿਆ ਹੋਇਆ ਜਾਂ ਨਾ ਜੁੜਿਆ ਹੋਇਆ। ਸ਼ਰੂਤੀਆਂ ਅਤੇ ਸਮ੍ਰਿਤੀਆਂ ਵਿੱਚ ਵੀ ਇਨ੍ਹਾਂ ਨੂੰ ਈਸ਼ਵਰ ਦੀ ਮਾਯਾ, ਸ਼ਕਤੀ ਅਤੇ ਪ੍ਰਕ੍ਰਿਤੀ ਕਿਹਾ ਗਿਆ ਹੈ।[77]

ਸੱਮਿਅਕ ਗਿਆਨ ਦੀ ਪ੍ਰਾਪਤੀ ਅਤੇ ਬ੍ਰਹਮ ਦੀ ਅਨੁਭੂਤੀ ਹੋਣ ਤੇ ਨਾਮ ਅਤੇ ਰੂਪ ਲੁਕ ਜਾਂਦੇ ਹਨ। ਆਤਮਾ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ। ਉਸੇ ਤਰ੍ਹਾਂ ਜਿਸ ਤਰ੍ਹਾਂ ਨਦੀ ਨਾਮ ਅਤੇ ਰੂਪ ਨੂੰ ਛੱਡ ਕੇ ਸਮੁੰਦਰ ਵਿੱਚ ਮਿਲ ਜਾਂਦੀ ਹੈ। ਮੁੰਡਕੋਉਪਨਿਸ਼ਧ ਵਿੱਚ ਇਹ ਕਿਹਾ ਗਿਆ ਹੈ-

"ਜਿਸ ਪ੍ਰਕਾਰ ਨਦੀ ਅਪਣਾ ਨਾਮ ਅਤੇ ਰੂਪ ਭੁੱਲ ਕੇ ਸਮੁੰਦਰ ਵਿੱਚ ਮਿਲ ਜਾਂਦੀ ਹੈ, ਉਸੇ ਪ੍ਰਕਾਰ ਸਮਝਦਾਰ ਵਿਅਕਤੀ ਅਪਣਾ ਨਾਮ ਅਤੇ ਰੂਪ ਛੱਡਕੇ ਦੈਵਿਕ ਜਾਂ ਮਹਾਨ ਨਾਲ ਮਹਾਨ ਵਿਅਕਤੀਤਵ ਵਿੱਚ ਮਿਲ ਜਾਂਦਾ ਹੈ।[78] ਸ਼ੰਕਰ ਦੀ ਦ੍ਰਿਸ਼ਟੀ ਤੋਂ ਬ੍ਰਹਮ ਗਿਆਨ ਹੀ ਇੱਕ ਅਜਿਹਾ ਸਾਧਨ ਹੈ ਜੋ ਮੋਕਸ਼ ਪ੍ਰਾਪਤ ਕਰਵਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ ਬ੍ਰਹਮ ਦਾ ਸਰਵਉੱਚ ਗਿਆਨ ਮੋਕਸ਼ ਹੈ।

"ਬ੍ਰਹਮ ਸ਼ਾਸਵਤ ਹੈ, ਸਰਵੱਗ ਹੈ, ਅਪਣੇ ਆਪ ਵਿੱਚ ਸੰਪੂਰਨ ਹੈ, ਵਿਸ਼ੁੱਧ ਹੈ, ਗਿਆਨਵਾਨ ਹੈ, ਵਿਸ਼ੁੱਧ ਗਿਆਨ ਹੈ, ਸੁਤੰਤਰ ਹੈ। ਬ੍ਰਹਮ ਦਾ ਧਿਆਨ ਕਰਨ ਤੇ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਦੀ ਸ਼ਾਸਤਰ ਰਾਹੀਂ ਪ੍ਰੀਖਿਆ ਕੀਤੀ ਜਾਂਦੀ ਹੈ। ਇਹ ਮੋਕਸ਼ ਸ਼ਾਸ਼ਵਤ ਤੱਤ ਹੈ, ਨਾ ਬਦਲਣ ਯੋਗ ਹੈ, ਸਵੈ ਪ੍ਰਕਾਸ਼ਕ ਹੈ"।[79]

ਅਦਵੈਤ ਦਰਸ਼ਨ ਵਿੱਚ ਮੁਕਤੀ ਵਿਚਾਰ ਤੇ ਸਮੀਖਿਆ ਕਰਦੇ ਹੋਏ ਸੁਰਿੰਦਰ ਨਾਥ ਭੱਟਾਚਾਰਿਆ ਨੇ ਕਿਹਾ ਹੈ, "ਬ੍ਰਹਮ ਦਾ ਅਰਥ ਸਵੈ ਦੀ ਹੋਂਦ

ਦਾ ਖਾਤਮਾ ਨਹੀਂ ਹੈ ਸਗੋਂ ਉਸ ਦਾ ਵਿਸਥਾਰ ਹੈ। ਜੀਵ ਸਦਾ ਬ੍ਰਹਮ ਹੈ, ਬੰਧ ਕਾਲ ਵਿੱਚ ਉਪਧੀ ਦੇ ਕਾਰਨ ਉਹ ਸੱਚ ਨੂੰ ਸਮਝ ਨਹੀਂ ਪਾਉਂਦਾ, ਕਰਮ ਬੰਧਨ ਤੋਂ ਮੁਕਤ ਹੋਣ ਤੇ ਉਹ ਬ੍ਰਹਮ ਦੇ ਰੂਪ ਵਿੱਚ ਪ੍ਰਕਾਸ਼ਤ ਹੋ ਜਾਂਦਾ ਹੈ"।[80]

ਸ਼ੰਕਰ ਜੀਵਨ ਮੁਕਤ ਦੇ ਸਿਧਾਂਤ ਨੂੰ ਸਵਿਕਾਰ ਕਰਦੇ ਹਨ। ਜਿਸ ਨੇ ਬ੍ਰਹਮ ਗਿਆਨ ਪ੍ਰਾਪਤ ਕਰ ਲਿਆ, ਉਹ ਬ੍ਰਹਮਾ ਵਿੱਚ ਸਮਾ ਗਿਆ। ਬ੍ਰਹਮ ਅਵਸਥਾ ਕੁੱਝ ਨਹੀਂ ਖਾਲੀ ਖਾਤਮਾ ਤੇ ਬ੍ਰਹਮ ਦੀ ਅਦਵੈਤਤਾ ਦੀ ਅਨੁਭੂਤੀ ਹੈ। ਸਰੂਤੀ ਦਾ ਵਾਕ, 'ਤੱਤਵਮਸੀ' ਇਸ ਨੂੰ ਸਪੱਸ਼ਟ ਕਰਦਾ ਹੈ। ਸ਼ੰਕਰ ਦੇ ਅਨੁਸਾਰ ਸੰਸਾਰ ਵਿੱਚ ਰਹਿੰਦੇ ਹੋਏ ਬ੍ਰਹਮ ਦੀ ਅਨੁਭੂਤੀ ਸੰਭਵ ਹੈ। ਇਸ ਨੂੰ ਜੀਵਨ ਮੁਕਤੀ ਕਿਹਾ ਜਾਂਦਾ ਹੈ। ਉਪਨਿਸ਼ਧਾਂ ਵਿੱਚ ਅਨੇਕਾਂ ਉਦਾਹਰਣ ਹਨ ਜੋ ਇਸ ਸਿਧਾਂਤ ਨੂੰ ਪ੍ਰਗਟ ਕਰਦੇ ਹਨ।[81]

ਅੰਤ ਵਿੱਚ ਸ਼ੰਕਰ ਦੇ ਅਦਵੈਤ ਦਰਸ਼ਨ ਨੂੰ ਇਸ ਵਾਕ ਰਾਹੀਂ ਸਮਝਿਆ ਜਾ ਸਕਦਾ ਹੈ, ਬ੍ਰਹਮ ਹੀ ਪਰਮ ਸੱਚ ਹੈ, ਸੰਸਾਰ ਮਿੱਥਿਆ ਹੈ, ਅਤੇ ਆਤਮਾ ਬ੍ਰਹਮ ਤੋਂ ਭਿੰਨ ਨਹੀਂ ਹੈ।[82] ਸ਼ੰਕਰ ਦੇ ਅਨੁਸਾਰ ਇਸ ਲੋਕ ਵਿੱਚ ਬ੍ਰਹਮ ਬਿਲਕੁਲ ਭਿੰਨ ਹੈ ਪਰ ਆਤਮਾ ਅਤੇ ਬ੍ਰਹਮ ਇੱਕ ਹੈ। ਸੰਸਾਰ ਬ੍ਰਹਮ ਤੇ ਅਧਾਰਿਤ ਹੈ ਪਰ ਬ੍ਰਹਮ ਕਿਸੇ ਤੇ ਅਧਾਰਿਤ ਨਹੀਂ ਹੈ। ਮਾਯਾ ਸਧਾਰਨ ਅਨੁਭਵ ਦੀ ਦ੍ਰਿਸ਼ਟੀ ਤੋਂ ਛੱਡਣ ਯੋਗ ਹੈ, ਇਹ ਕਿਹਾ ਗਿਆ ਹੈ ਕਿ ਸ਼ੰਕਰ ਬ੍ਰਹਮ ਅਤੇ ਇਸ ਲੋਕ ਦੇ ਵਿੱਚਕਾਰ ਸੰਬੰਧ ਨੂੰ ਮਾਯਾ ਦੇ ਰਾਹੀਂ ਸਪੱਸ਼ਟ ਨਹੀਂ ਕਰ ਸਕੇ। ਮੋਕਸ਼ ਬ੍ਰਹਮ ਗਿਆਨ ਦੁਆਰਾ ਪ੍ਰਾਪਤ ਹੁੰਦਾ ਹੈ ਅਤੇ ਉਹ ਬ੍ਰਹਮ ਹੀ ਹੈ। ਆਖਰੀ ਸੱਚ ਨੂੰ ਪ੍ਰਾਪਤ ਕਰਨ ਦੇ ਲਈ ਸਿਧਾ ਰਾਹ ਹੈ।

## ਵਿਸ਼ਿਸ਼ਟਾ ਅਦਵੈਤ ਦੇ ਅਨੁਸਾਰ ਮੁਕਤੀ

ਮੁਕਤੀ ਦੇ ਹਵਾਲੇ ਵਿੱਚ ਵੈਦਿਕ ਵਿਚਾਰ ਧਾਰਾ ਨੂੰ ਸਮਾਪਤ ਕਰਨ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਕਿ ਅਸੀਂ ਰਾਮਾਨੁਜ ਦੇ ਮਤ ਨੂੰ ਵੀ ਸਮਝ ਲਈਏ। ਰਾਮਾਨੁਜ (ਗਿਆਰਵੀਂ ਸਦੀ) ਦਾ ਇੱਕ ਪ੍ਰਸਿੱਧ ਬ੍ਰਾਹਮਣ ਦਾਰਸ਼ਨਿਕ ਦੇ ਅਨੁਸਾਰ ਤਿੰਨ ਪਰਮ ਸੱਚ ਹੈ, ਈਸ਼ਵਰ, ਆਤਮਾ ਅਤੇ ਸੰਸਾਰ। ਈਸ਼ਵਰ ਸ਼ਾਸਵਤ ਹੈ, ਸ਼ਕਤੀ ਸੰਪੰਨ ਹੈ ਅਤੇ ਸਰਵੱਗ ਹੈ, ਉਹ ਸ਼੍ਰਿਸ਼ਟੀ ਦਾ ਵਿਧਾਨ ਕਰਤਾ ਹੈ। ਸੰਸਾਰ ਅਤੇ ਆਤਮਾਵਾਂ ਈਸ਼ਵਰ ਦੇ ਸਹਾਰੇ

ਹਨ। ਈਸ਼ਵਰ ਉਪਨਿਸ਼ਧ ਦਾ ਸਰਵਉੱਚ ਬ੍ਰਹਮ ਹੈ, ਉਹ ਪ੍ਰਕ੍ਰਿਤੀ ਦੀ ਆਤਮਾ ਹੈ ਅਤੇ ਆਤਮਾਵਾਂ ਦੀ ਆਤਮਾ ਹੈ।

ਰਾਮਾਨੁਜ ਦਾ ਈਸ਼ਵਰ ਜਾਂ ਬ੍ਰਹਮ ਸਦਗੁਣਾਂ ਦਾ ਧਾਰਕ ਹੈ ਅਤੇ ਦੁਰਗੁਣਾਂ ਤੋਂ ਮੁਕਤ ਹੈ। ਉਹ ਸਰਵਉੱਚ ਸ਼ਖਸੀਅਤ ਹੈ ਚਾਨਣਾ ਦਾ ਚਾਨਣ ਹੈ ਅਤੇ ਸਰਵਉੱਚ ਤੋਂ ਵੀ ਉੱਪਰ ਉੱਠਿਆ ਹੋਇਆ ਹੈ। ਉਹ ਵਿਸ਼ੁੱਧ ਗਿਆਨੀ ਹੈ, ਸੀਮਾ ਰਹਿਤ ਸ਼ਕਤੀ ਸੰਪਨ ਹੈ। ਹਮੇਸ਼ਾ ਵਿਸ਼ੁੱਧ ਹੈ, ਸੁਤੰਤਰ ਹੈ ਅਤੇ ਅਪਣੇ ਤੇ ਆਸਰਤ ਹੈ। ਇਹ ਬ੍ਰਹਮ ਸੰਸਾਰ ਅਤੇ ਆਤਮਾਵਾਂ ਨੂੰ ਕਾਬੂ ਰੱਖਦਾ ਹੈ। ਈਸ਼ਵਰ ਅਤੇ ਬ੍ਰਹਮ ਸਮਾਨ ਹਨ, ਸਾਰੀਆਂ ਆਤਮਾਵਾਂ ਅਤੇ ਸਾਰਾ ਸੰਸਾਰ ਉਸ ਦੇ ਸਰੀਰ ਦੀ ਰਚਨਾ ਕਰਦਾ ਹੈ। ਉਹ ਸੰਸਾਰ ਦਾ ਰੱਖਿਅਕ, ਕਾਬੂ ਕਰਨ ਵਾਲਾ, ਪੈਦਾ ਕਰਨ ਵਾਲਾ, ਅਤੇ ਵਿਨਾਸ਼ ਕਰਨ ਵਾਲਾ ਹੈ, ਉਸ ਨੂੰ ਇੱਕ ਅਪ੍ਰਾਕ੍ਰਿਤ ਦੇਹ ਵਿਸ਼ੇਸ਼ ਰੂਪ ਵਿੱਚ ਪ੍ਰਾਪਤ ਹੈ।

ਰਾਮਾਨੁਜ ਨੇ ਸ਼ੰਕਰ ਦੇ ਨਿਰਗੁਣ ਬ੍ਰਹਮ ਸਿਧਾਂਤ ਦਾ ਜ਼ੋਰਦਾਰ ਖੰਡਨ ਕੀਤਾ ਹੈ। ਉਸ ਦੇ ਅਨੁਸਾਰ ਇਸ ਪ੍ਰਕਾਰ ਦੇ ਤੱਤ ਦਾ ਕੋਈ ਹੋਂਦ ਨਹੀਂ। ਕੋਈ ਵੀ ਇੰਦਰੀਆਂ ਇਸ ਨੂੰ ਸਿੱਧ ਨਹੀਂ ਕਰ ਸਕਦੀਆਂ ਸ਼ਬਦ ਵੀ ਇਸ ਤੱਤ ਨੂੰ ਜਾਣਨ ਦਾ ਸਾਧਨ ਨਹੀਂ ਹਨ। ਪ੍ਰਤੱਖ ਅੰਤਰ ਨੂੰ ਸਪੱਸ਼ਟ ਕਰਦਾ ਹੈ, ਪਰ ਉਹ ਭਿੰਨ ਤੋਂ ਰਹਿਤ ਹੈ। ਵਸਤੂ ਦਾ ਜਾਣਕਾਰ ਨਹੀਂ ਹੋ ਸਕਦਾ, ਉਹ ਸਿਰਫ ਹੋਂਦ ਨੂੰ ਸਪੱਸ਼ਟ ਨਹੀਂ ਕਰਦਾ।[83] ਇਸ ਪ੍ਰਕਾਰ ਸ਼ੰਕਰ ਦੇ ਨਿਰਗੁਣ ਬ੍ਰਹਮ ਸਿਧਾਂਤ ਨੂੰ ਆਗਮ, ਤਰਕ ਅਤੇ ਅਨੁਭਵ ਪਰਮਾਣਾ ਦਾ ਸਮਰਥਨ ਨਹੀਂ ਮਿਲਦਾ। ਰਾਮਾਨੁਜ ਨੇ ਇਸ਼ਾਰਾ ਕੀਤਾ ਹੈ ਕਿ ਦੂਸਰੇ ਤੋਂ ਬਿਨ੍ਹਾਂ ਇੱਕ ਜਿਹੇ ਅਨੇਕਾਂ ਉਦਾਹਰਣ ਇਹ ਸਿੱਖਿਆ ਦਿੰਦੇ ਹਨ ਕਿ ਬ੍ਰਹਮ ਵਿੱਚ ਭਿੰਨ ਭਿੰਨ ਗੁਣ ਹਨ ਜੇ ਇਸ ਦਾ ਅਰਥ ਸਭ ਪ੍ਰਕਾਰ ਦੀ ਦਵੈਤਤਾ ਤੋਂ ਇਨਕਾਰ ਕਰਦਾ ਹੈ ਉਹਨਾਂ ਨੇ ਇਸ ਦੇ ਸਮਰਥਨ ਵਿੱਚ ਇੱਕ ਉਦਾਹਰਣ ਵੀ ਦਿੱਤਾ ਹੈ ਅਤੇ ਉਸ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਕੋਈ ਤੱਤ ਭਿੰਨ ਤੱਤਾਂ ਤੋਂ ਰਹਿਤ ਨਹੀਂ ਹੈ। ਸਗੋਂ ਬ੍ਰਹਮਾ ਦੇ ਅਨੰਤ ਸਦਗੁਣਾਂ ਨਾਲ ਉਹ ਭਰਪੂਰ ਹੈ।

ਰਾਮਾਨੁਜ ਨੂੰ ਇਹ ਵਿਸ਼ਵਾਸ ਨਹੀਂ ਹੈ ਕਿ ਸੰਸਾਰ ਮਿੱਥਿਆ ਹੈ, ਜਿਵੇਂ ਸ਼ੰਕਰ ਨੇ ਕਿਹਾ ਹੈ। ਸ਼ੰਕਰ ਦਾ ਬ੍ਰਹਮ ਮਾਯਾ ਦੇ ਰਾਹੀਂ ਸੰਸਾਰ ਦਾ

ਸਿਰਜਣਹਾਰ ਹੈ ਉਹ ਸਾਰੀਆਂ ਜਗਤ ਦੀਆਂ ਭਿੰਨਤਾਵਾਂ ਦੇ ਨਾਲ ਕੁੱਝ ਕਮੀਆਂ ਵੀ ਸਮੇਟੇ ਹੋਏ ਹੈ। ਇਹ ਕਮੀ ਹੈ ਮਾਯਾ ਜਾਂ ਅਵਿੱਦਿਆ ਦਾ ਅਨਾਦੀ ਹੋਣਾ। ਰਾਮਾਨੁਜ ਦਾ ਮਤ ਹੈ ਕਿ ਆਤਮ ਜਾਂ ਬ੍ਰਹਮ ਜਿਸ ਦਾ ਸੁਭਾਅ ਗਿਆਨ ਹੈ, ਅਗਿਆਨ ਦਾ ਆਧਾਰ ਨਹੀਂ ਹੋ ਸਕਦਾ। ਸਿੱਟੇ ਵਜੋਂ ਸਿਧਾਂਤ ਵਿੱਚ ਵਿਰੋਧ ਉਤਪੰਨ ਹੁੰਦਾ ਹੈ।[84]

ਰਾਮਾਨੁਜ ਦੇ ਅਨੁਸਾਰ ਇਹ ਸੰਸਾਰ ਅਵਾਸਤਵਿਕ ਨਹੀਂ ਹੋ ਸਕਦਾ ਕਿਉਂਕਿ ਇਹ ਬ੍ਰਹਮ ਜਾਂ ਈਸ਼ਵਰ ਦਾ ਇੱਕ ਭਾਗ ਹੈ ਇਸ ਪ੍ਰਕਾਰ ਆਤਮਾਵਾਂ ਦੀ ਬ੍ਰਹਮ ਦੇ ਸਮਾਨ ਵਾਸਤਵਿਕ ਅਤੇ ਅਵਿਨਸਵਰ ਹਨ ਅਤੇ ਬ੍ਰਹਮ ਦੇ ਭਾਗ ਹਨ। "ਵਿਅਕਤੀਗਤ ਆਤਮਾ ਸਰਵਉੱਚ ਆਤਮਾ ਦਾ ਭਾਗ ਹੈ ਜਿਵੇਂ ਸੂਰਜ ਨੂੰ ਅੱਗ ਜਿਹੀ ਪ੍ਰਕਾਸ਼ਵਾਨ ਵਸਤੂ ਤੋਂ ਪ੍ਰਕਾਸ਼ ਮਿਲਦਾ ਹੈ, ਉਸੇ ਪ੍ਰਕਾਰ ਹੀ ਇਹ ਸਰੀਰ ਦਾ ਇੱਕ ਅੰਗ ਹੈ।[85]

ਰਾਮਾਨੁਜ ਦੇ ਅਨੁਸਾਰ ਆਤਮਾ ਤਿੰਨ ਪ੍ਰਕਾਰ ਦੀਆਂ ਹਨ: -

1. ਨਿਤਯਮੁਕਤਕ - ਜੋ ਹਮੇਸ਼ਾ ਮੁਕਤ ਹੈ ਅਤੇ ਵੇਕੁੰਠ ਵਿੱਚ ਰਹਿੰਦਾ ਹੈ ਉਹ ਪੂਰੀ ਤਰ੍ਹਾਂ ਕਰਮ ਅਤੇ ਪੁਨਰ ਜਨਮ ਤੋਂ ਦੂਰ ਹੈ। ਉਸ ਨੇ ਜੋ ਪਹਿਲਾਂ ਕਰਮ ਬੰਨ੍ਹੇ ਸਨ ਪਰ ਸਤਕਾਰਜ, ਸੱਮਿਅਕ ਗਿਆਨ ਅਤੇ ਵਿਸ਼ੁੱਧ ਭਗਤੀ ਦੇ ਕਾਰਨ ਉਹ ਕਰਮਾਂ ਤੋਂ ਮੁਕਤ ਹੋ ਗਿਆ।
2. ਬੱਧ - ਜੋ ਅਗਿਆਨਤਾ ਅਤੇ ਝੂਠੇ ਕਾਰਜਾਂ ਕਾਰਨ ਸੰਸਾਰ ਨਾਲ ਬੰਨ੍ਹੇ ਹਨ। ਬੱਧ ਆਤਮਾ ਚਾਰ ਪ੍ਰਕਾਰ ਦਾ ਮੰਨਿਆ ਗਈਆਂ ਹਨ - ਦਿਵਯ, ਮਾਨਵਿਯ, ਪਸ਼ੂ ਜਾਤੀ ਅਤੇ ਅਚਲ ਆਤਮਾਵਾਂ।

ਮੁਕਤ ਆਤਮਾਵਾਂ ਵਿੱਚ ਕੋਈ ਗੁਣਾਤਮਕ ਪਹਿਚਾਣ ਨਹੀਂ ਹੁੰਦੀ ਉਹ ਸਾਰੀਆਂ ਬ੍ਰਹਮ ਦੇ ਨਾਲ ਸ਼ਾਂਤੀ, ਗਿਆਨ ਅਤੇ ਸੁੱਖ ਦਾ ਆਨੰਦ ਲੈਂਦੇ ਹਨ। ਰਾਮਾਨੁਜ ਗੁਣਾਤਮਕ ਬ੍ਰਹਮਵਾਦ ਅਤੇ ਪਰਿਨਾਮਾਤਵਕ ਅਨੇਕ ਵਾਦ ਦਾ ਦੀ ਮੰਗ ਕਰਦਾ ਹੈ। ਵਿਅਕਤੀਗਤ ਆਤਮਾ ਅਤੇ ਬ੍ਰਹਮ ਦੇ ਵਿੱਚ ਦਾ ਸੰਬੰਧ ਸਰੀਰ ਅਤੇ ਆਤਮਾ ਜਿਹਾ ਹੈ। ਇਹ ਇੱਕ ਵਿਸ਼ੇਸ਼ ਅਦਵੈਤ ਸੰਬੰਧ ਹੈ, ਜਿਸ ਨੂੰ ਰਾਮਾਨੁਜ ਵਿਸ਼ਸ਼ਟਾ ਅਦਵੈਤਵਾਦ ਆਖਦੇ ਹਨ। ਈਸ਼ਵਰ ਤੋਂ ਆਤਮਾ ਦਾ ਇਹ ਵਿਸ਼ਸ਼ਟ, ਅਦਿੱਤਯ, ਅੰਤ ਸੰਬੰਧ ਅਤੇ ਆਧਾਰ ਹੈ। ਸੀ. ਡੀ. ਸ਼ਰਮਾ

ਨੇ ਵਿਸ਼ਸ਼ਟ ਅਦਵੈਤ ਦਾ ਅਰਥ ਕਰਦੇ ਹੋਏ ਇਸ ਤੱਥ ਨੂੰ ਸਪੱਸ਼ਟ ਕੀਤਾ ਹੈ।[86] ਰਾਮਾਨੁਜ ਭੇਦ ਭਾਵ ਵਿੱਚ ਵਿਸ਼ਵਾਸ ਨਹੀਂ ਕਰਦੇ ਉਹ ਵਿਸ਼ਿਸ਼ਟ ਅਦਵੈਤਵਾਦ ਦੇ ਪਾਲਣ ਕਰਨ ਵਾਲੇ ਹਨ।

ਰਾਮਾਨੁਜ ਦੇ ਅਨੁਸਾਰ ਉਪਨਿਸ਼ਧ ਦਾ 'ਤਤਵਮਸੀ' ਕਥਨ ਬ੍ਰਹਮ ਅਤੇ ਆਤਮਾ ਦੇ ਵਿੱਚ ਪੂਰਨ ਏਕਤਾ ਨੂੰ ਸਪੱਸ਼ਟ ਨਹੀਂ ਕਰਦਾ। ਪਰ ਸ਼ਬਦ ਤਤ ਅਤੇ ਤਵਮ, ਬ੍ਰਹਮ ਨੂੰ ਸਪੱਸ਼ਟ ਦਰਸਾਉਂਦਾ ਹੈ। ਜੋ ਭਿੰਨਤਾ ਦੇ ਅਧਾਰ ਤੇ ਪਹਿਚਾਣਿਆ ਗਿਆ ਹੈ। ਉਹਨਾ ਦਾ ਕਥਨ ਹੈ, ਕਿ ਜੇ ਤਤ ਤਵਮ ਦਾ ਅਰਥ ਪੂਰਨ ਏਕਤਾ ਹੈ ਤਾਂ ਇਹ ਕਥਨ ਪਹਿਲੇ ਕਥਨ ਦੇ ਵਿਰੁੱਧ ਹੋਵੇਗਾ ਜਿਸ ਵਿੱਚ ਇਹ ਕਿਹਾ ਗਿਆ ਹੈ ਕਿ ਮੈਂ ਬਹੁਤ ਹੋ ਸਕਦਾ ਹਾਂ ਅਤੇ ਫੇਰ ਵੀ ਏਕੇ ਦੀ ਗਲ ਹੈ ਤਾਂ ਇੱਕ ਵਸਤੂ ਦੇ ਗਿਆਨ ਨਾਲ ਸਾਰੇ ਵਸਤੂਆਂ ਦਾ ਗਿਆਨ ਹੋ ਜਾਂਦਾ ਹੈ। ਇਹ ਤੱਥ ਪੂਰਨ ਨਹੀਂ ਹੋ ਪਾਉਂਦਾ।[87] ਇਸ ਲਈ ਇਹ ਸੰਭਵ ਨਹੀਂ ਕਿ ਇੱਕ ਬ੍ਰਹਮ ਜਿਸ ਦੀ ਪ੍ਰਕ੍ਰਿਤੀ ਗਿਆਨ ਹੋਵੇ ਸਰਵੱਗਤਾ ਹੋਵੇ ਅਗਿਆਨਤਾ ਦੇ ਖੇਤਰ ਵਿੱਚ ਜਕੜ ਜਾਵੇ। ਰਾਮਾਨੁਜ ਦੇ ਅਨੁਸਾਰ ਇਹ ਸਿਧਾਂਤ ਇਸ ਮੰਗ ਦੀ ਪੂਰਤੀ ਜ਼ਰੂਰ ਕਰਦਾ ਹੈ, ਕਿ "ਬ੍ਰਹਮ ਸਾਧਨਾ ਅਪੂਰਨਤਾਵਾਂ ਤੋਂ ਦੂਰ ਹੈ ਅਤੇ ਸਦਗੁਣਾਂ ਤੋਂ ਭਰਪੂਰ ਹੈ ਆਤਮਾਵਾਂ ਦਾ ਅੰਦਰਲਾ ਰਾਜਾ ਹੈ, ਅਤੇ ਈਸ਼ਵਰੀ ਸ਼ਕਤੀ ਸੰਪੰਨ ਹੈ।[88] ਸੀ. ਡੀ. ਸ਼ਰਮਾ ਨੇ ਵੀ ਇਸ ਤੱਥ ਨੂੰ ਸਪੱਸ਼ਟ ਕੀਤਾ ਹੈ।[89]

ਰਾਮਾਨੁਜ ਸ਼ੰਕਰ ਦੇ ਇਸ ਸਿਧਾਂਤ ਦਾ ਖੰਡਨ ਕਰਦੇ ਹੋਏ ਆਖਦੇ ਹਨ ਕਿ ਆਤਮਾ ਦਾ ਕਰਮ ਬੰਧਨ ਮਿੱਥਿਆ ਹੈ ਅਤੇ ਸਿਰਫ ਬ੍ਰਹਮ ਦੇ ਗਿਆਨ ਤੋਂ ਉਸ ਨੂੰ ਦੂਰ ਕੀਤਾ ਜਾ ਸਕਦਾ ਹੈ। ਰਾਮਾਨੁਜ ਨੇ ਇਸ ਹਵਾਲੇ ਵਿੱਚ ਕਿਹਾ ਹੈ ਕਿ ਆਤਮਾ ਦਾ ਕਰਮ ਬੰਧਨ ਸੱਚਾਈ ਹੈ ਵਾਸਤਵਿਕ ਹੈ ਅਤੇ ਉਹ ਸਿਰਫ ਗਿਆਨ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ। ਪਰ ਗਿਆਨ ਵਿਸ਼ੁੱਧ ਭਗਤੀ ਅਤੇ ਈਸ਼ਵਰੀ ਕ੍ਰਿਪਾ ਤੇ ਅਧਾਰਤ ਹੋਣਾ ਚਾਹੀਦਾ ਹੈ। ਰਾਮਾਨੁਜ ਦੇ ਸ਼ਬਦਾਂ ਵਿੱਚ, "ਇਹ ਸਿਧਾਂਤ ਕਿ ਬ੍ਰਹਮ ਗਿਆਨ ਤੋਂ ਅਵਿਦਿਆ ਦੂਰ ਕੀਤੀ ਜਾ ਸਕਦੀ ਹੈ ਮੰਨਿਆ ਨਹੀਂ ਜਾ ਸਕਦਾ, ਕਿਉਂਕਿ ਕਰਮ ਬੰਧ ਅਸਲੀਅਤ ਹੈ। ਉਹ ਗਿਆਨ ਤੋਂ ਦੂਰ ਨਹੀਂ ਹੋ ਸਕਦਾ। ਅਸੀਂ ਕਿਵੇਂ ਆਖ ਸਕਦੇ ਹਾਂ ਕਿ ਜੋ

ਕਰਮ ਬੰਧ ਸੰਸਾਰਿਕ ਭੋਗਾਂ ਅਤੇ ਵਿਸ਼ੇ ਵਾਸਨਾਵਾਂ ਦੇ ਆਨੰਦ ਤੋਂ ਅਤੇ ਮਾੜੇ ਕੰਮਾਂ ਤੋਂ ਪੈਦਾ ਹੁੰਦਾ ਹੈ; ਉਹ ਅਯਥਾਰਥ? ਇਸ ਪ੍ਰਕਾਰ ਦੇ ਕਰਮ ਬੰਧ ਤੋਂ ਮੁਕਤੀ ਤਾਂ ਈਸ਼ਵਰ ਦੀ ਭਗਤੀ ਅਤੇ ਕ੍ਰਿਪਾ ਨਾਲ ਸੰਭਵ ਹੋ ਸਕਦੀ ਹੈ।[90]

ਇਸ ਪ੍ਰਕਾਰ ਰਾਮਾਨੁਜ ਇਹ ਸਿਧਾਂਤ ਪੇਸ਼ ਕਰਦੇ ਹਨ ਕਿ ਮੁਕਤ ਆਤਮਾ ਹੀ ਬ੍ਰਹਮ ਦੇ ਬਰਾਬਰ ਹੈ। ਪਰ ਉਹ ਇਕਮਿਕ ਨਹੀਂ ਜਿਵੇਂ ਸ਼ੰਕਰ ਮੰਨਦੇ ਹਨ। ਰਾਮਾਨੁਜ ਅਪਣੇ ਸਿਧਾਂਤ ਦੇ ਵਿਆਖਿਆ ਕਰਦੇ ਹੋਏ ਉਪਨਿਸ਼ਧ ਦਾ ਵਰਣਨ ਕਰਦੇ ਹੋਏ ਆਖਦੇ ਹਨ ਕਿ ਕੇਵਲ ਮੁਕਤ ਆਤਮਾ ਬ੍ਰਹਮ ਦੇ ਕੋਲ ਤਾਂ ਹੋ ਸਕਦਾ ਹੈ ਪਰ ਉਸ ਵਿੱਚ ਇਕਮਿਕ ਨਹੀਂ ਹੋ ਸਕਦਾ।[91] ਭਗਵਤ ਗੀਤਾ ਵੀ ਰਾਮਾਨੁਜ ਦੇ ਸਿਧਾਂਤ ਦਾ ਸਮਰਥਨ ਕਰਦੀ ਹੈ ਜਿੱਥੇ ਉਹ ਆਖਦੀ ਹੈ ਕਿ ਜਿਸ ਨੇ ਗਿਆਨ ਪ੍ਰਾਪਤ ਕਰ ਲਿਆ ਉਹ ਬ੍ਰਹਮ ਦੇ ਸਮਾਨ ਹੋ ਗਿਆ।[92]

ਰਾਮਾਨੁਜ ਇਹ ਵਿਸ਼ਵਾਸ ਕਰਦੇ ਹਨ ਕਿ ਮੁਕਤ ਆਤਮਾ ਅਪਣੇ ਵਿਅਕਤੀਗਤ ਹੋਂਦ ਸਮਾਪਤ ਨਹੀਂ ਕਰਦਾ ਸਗੋਂ ਉਸ ਨੂੰ ਕਿਸੇ ਤਰ੍ਹਾਂ ਬਣਾਏ ਰੱਖਦਾ ਹੈ। ਮੁਕਤ ਅਵਸਥਾ ਵਿੱਚ ਅਹੰਕਾਰ ਦਾ ਵਿਸਰਜਨ ਹੁੰਦਾ ਹੈ ਹੋਂਦ ਦਾ ਨਹੀਂ ਜਿਵੇਂ ਸ਼ੰਕਰ ਮੰਨਦੇ ਹਨ। ਸਰਵਉੱਚ ਅਵਸਥਾ ਵਿੱਚ ਵੀ ਆਤਮਾ ਅਪਣੀ ਨਿੱਜ ਹੋਂਦ ਨੂੰ ਸਮਾਪਤ ਨਹੀਂ ਕਰਦੀ। ਰਾਧਾ ਕ੍ਰਿਸ਼ਨ ਨੇ ਵੀ ਇਹੋ ਕਿਹਾ ਹੈ ਕਿ ਮੋਕਸ਼ ਵਿੱਚ ਅਹੰਕਾਰ ਦਾ ਹੀ ਵਿਨਾਸ਼ ਹੁੰਦਾ ਹੈ ਨਿੱਜ ਹੋਂਦ ਦਾ ਨਹੀਂ। ਅੱਗੇ ਉਹ ਇਹ ਵੀ ਆਖਦੇ ਹਨ ਕਿ ਆਤਮਾ ਦਾ ਵਿਨਾਸ਼ ਨਹੀਂ ਹੁੰਦਾ ਸਗੋਂ ਕੁੱਝ ਸੀਮਾਵਾਂ ਤੋਂ ਮੁਕਤ ਹੋ ਜਾਂਦੀ ਹੈ।[93]

ਰਾਮਾਨੁਜ ਦੇ ਅਨੁਸਾਰ ਵਿਅਕਤੀ ਦੀ ਮੁਕਤੀ ਪ੍ਰਕ੍ਰਿਆ ਵਿੱਚ ਕਰਮ ਯੋਗ, ਗਿਆਨ ਯੋਗ ਅਤੇ ਭਗਤੀ ਯੋਗ ਤਿੰਨ ਭਿੰਨ ਭਿੰਨ ਅਵਸਥਾਵਾਂ ਹੁੰਦੀਆਂ ਹਨ। ਕਰਮ ਯੋਗ ਗਿਆਨ ਯੋਗ ਦਾ ਮਸੀਹਾ ਹੈ, ਗਿਆਨ ਯੋਗ ਸਵੈਅਨੁਭੂਤੀ ਦਾ ਮਾਰਗ ਹੈ ਰਾਮਾਨੁਜ ਗਿਆਨ ਅਤੇ ਕਰਮ ਯੋਗ ਦੀ ਸਮੂਚਯ ਅਵਸਥਾ ਵਿੱਚ ਵਿਸ਼ਵਾਸ ਕਰਦੇ ਹਨ। ਉਹ ਗਿਆਨ, ਕਰਮ ਅਤੇ ਭਗਤੀ ਦੇ ਮਹੱਤਵ ਨੂੰ ਸਵੀਕਾਰ ਕਰਦੇ ਹਨ ਜਿਵੇਂ ਗੀਤਾ ਮੰਨਦੀ ਹੈ। ਪ੍ਰੰਤੂ ਰਾਮਾਨੁਜ ਭਗਤੀ ਨੂੰ ਪ੍ਰਮੁੱਖ ਸਾਧਨ ਮੰਨਦੇ ਹਨ, ਮੋਕਸ਼ ਪ੍ਰਾਪਤੀ ਦੇ ਲਈ। ਕਰਮ, ਗਿਆਨ ਅਤੇ ਭਗਤੀ ਦੇ ਨਾਲ ਹੀ ਉਹ ਪ੍ਰਪਤਿ ਨੂੰ ਵੀ ਜੋੜ ਦਿੰਦੇ ਹਨ ਜਿਸ ਵਿੱਚ ਮਨੁੱਖ ਜਾਂ

ਸਾਧਕ ਈਸ਼ਵਰ ਦੀ ਸ਼ਰਨ ਵਿੱਚ ਚਲਾ ਜਾਂਦਾ ਹੈ। ਅਸੀਂ ਜਾਣਦੇ ਹਾਂ ਕਠੋਉਪਨਿਸ਼ਧ (1.2.23) ਇੱਥੇ ਕਿਹਾ ਗਿਆ ਹੈ ਕਿ ਆਤਮਾ ਦੀ ਉਪਲਬਧੀ ਨਾ ਤਾਂ ਵੇਦ ਗਿਆਨ ਤੋਂ ਹੋ ਸਕਦੀ ਹੈ ਅਤੇ ਨਾ ਧਿਆਨ ਤੋਂ ਅਤੇ ਉਸ ਨੂੰ ਜ਼ਿਆਦਾ ਗਿਆਨ ਤੋਂ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਉਸ ਨੂੰ ਉਹ ਹੀ ਪ੍ਰਾਪਤ ਕਰ ਸਕਦਾ ਹੈ ਜਿਸ ਨੂੰ ਈਸ਼ਵਰ ਨੇ ਚੁਣਿਆ ਹੈ। ਈਸ਼ਵਰ ਉਸ ਨੂੰ ਸਭ ਕੁੱਝ ਦਿੰਦਾ ਹੈ ਜੋ ਉਸ ਦੀ ਸ਼ਰਨ ਵਿੱਚ ਚਲਾ ਜਾਂਦਾ ਹੈ। ਰਾਮਾਨੁਜ ਦੇ ਅਨੁਸਾਰ ਜੀਵਨ ਮੁਕਤੀ ਜਦ ਤੱਕ ਨਹੀਂ ਹੋ ਸਕਦੀ, ਜਦ ਤੱਕ ਉਹ ਸਰੀਰ ਅਤੇ ਕਰਮ ਨਾਲ ਬੰਨ੍ਹਿਆ ਹੋਇਆ ਹੈ। ਇਸ ਪ੍ਰਕਾਰ ਉਹ ਸ਼ੰਕਰ ਦੇ ਜੀਵਨ ਮੁਕਤੀ ਨੂੰ ਅਸਵਿਕਾਰ ਕਰ ਦਿੰਦੇ ਹਨ। ਸ਼ੰਕਰ ਦੇ ਅਨੁਸਾਰ ਕਰਮ ਬੰਧ ਦਾ ਮੂਲ ਕਾਰਨ ਅਵਿਦਿਆ ਹੈ ਅਤੇ ਉਹ ਵਰਤਮਾਨ ਜੀਵਨ ਵਿੱਚ ਬ੍ਰਹਮ ਦੇ ਗਿਆਨ ਤੋਂ ਨਸ਼ਟ ਕੀਤੀ ਜਾ ਸਕਦੀ ਹੈ। ਜੀਵਨ ਮੁਕਤ ਵਿਅਕਤੀ ਸਰੀਰ ਸਮੇਤ ਰਹਿੰਦਾ ਹੈ ਅਤੇ ਉਸ ਵਿੱਚ ਲਗਾਉ ਦੀ ਭਾਵਨਾ ਨਹੀਂ ਰਹਿੰਦੀ। ਰਾਮਾਨੁਜ ਦੇ ਅਨੁਸਾਰ ਮੁਕਤੀ ਕਰਮ ਅਤੇ ਸਰੀਰ ਦੇ ਵਿਨਾਸ਼ ਨਾਲ ਜੁੜੀ ਹੋਈ ਹੈ। ਉਹਨਾਂ ਦਾ ਕਥਨ ਹੈ ਕਿ ਜਦ ਤੱਕ ਆਤਮਾ ਸਰੀਰ ਵਿੱਚ ਹੈ ਤਦ ਤੱਕ ਉਹ ਪੂਰਨ ਵਿਸ਼ੁੱਧਤਾ ਨੂੰ ਨਹੀਂ ਪ੍ਰਾਪਤ ਕਰ ਸਕਦੀ। ਮੁਕਤ ਅਵਸਥਾ ਵਿੱਚ ਉਹ ਉਸ ਦੇ ਸਹੀ ਸਵਰੂਪ ਦਾ ਅਨੁਭਵ ਕਰ ਲੈਂਦਾ ਹੈ ਅਤੇ ਬ੍ਰਹਮਾ ਦੇ ਸਮਾਨ ਬਣ ਜਾਂਦਾ ਹੈ। ਬੰਧ ਦਾ ਮੂਲ ਕਾਰਨ ਕਰਮ ਹੈ ਅਤੇ ਸਿੱਟੇ ਵਜੋਂ ਮੁਕਤੀ ਤੱਦ ਹੀ ਸੰਭਵ ਹੈ ਜਦ ਕਰਮਾਂ ਦਾ ਪੂਰਨ ਵਿਨਾਸ਼ ਹੋ ਜਾਂਦਾ ਹੈ। ਮੁਕਤ ਆਤਮਾ ਦੀ ਪ੍ਰਕ੍ਰਿਤੀ ਤੇ ਵਿਚਾਰ ਕਰਦੇ ਹੋਏ ਰਾਮਾਨੁਜ ਆਖਦੇ ਹਨ, "ਮੁਕਤ ਆਤਮਾ ਜੋ ਅਪਣੇ ਸੁਭਾਅ ਨੂੰ ਵਿਗਾੜਨ ਵਾਲੇ ਸਾਰੇ ਕਾਰਨਾਂ ਤੋਂ ਮੁਕਤ ਹੋ ਗਈ ਹੋਵੇ ਸ਼ੁੱਧ ਬ੍ਰਹਮਾਂ ਦੀਆਂ ਸਾਰੀਆਂ ਸ਼ਕਤੀਆਂ ਨੂੰ ਇੱਕਮਿਕ ਕਰ ਲੈਂਦੀ ਹੈ, ਪਰ ਉਸ ਵਿੱਚ ਉਹ ਸ਼ਕਤੀ ਨਹੀਂ ਆਉਂਦੀ ਜੋ ਜੀਵ ਅਤੇ ਅਜੀਵ ਦੇ ਚੱਲਣ ਅਤੇ ਸਥਿਰ ਰਹਿਣ ਅਤੇ ਸ਼ਾਸਨ ਨੂੰ ਰਾਹ ਵਿਖਾਉਣ ਦਾ ਕਾਰਨ ਬਣਦੀ ਹੈ।[94]

ਇਸ ਪ੍ਰਕਾਰ ਮੁਕਤ ਆਤਮਾ ਅਪਣੇ ਸ਼ਾਸਵਤ ਜ਼ਰੂਰੀ ਸੁਭਾਅ ਦਾ ਅਨੁਭਵ ਕਰ ਲੈਂਦਾ ਹੈ। ਸ਼੍ਰੀ ਨਿਵਾਸ਼ਾਚਾਰੀ ਮੁਕਤੀ ਦੀ ਸਮੀਖਿਆ ਕਰਦੇ ਹੋਏ

ਲਿਖਦੇ ਹਨ, "ਮੁਕਤੀ ਕੁਲ ਮਿਲਾ ਕੇ ਵਿਅਕਤੀਗਤ ਦ੍ਰਿਸ਼ਟੀਕੋਣ ਤੋਂ ਸੁਤੰਤਰਤਾ ਦੀ ਪ੍ਰਗਟਾਵਾ ਹੈ ਅਤੇ ਦਿਵਯ ਦਰਸ਼ਨ ਅਤੇ ਪਰਮ ਸੁੱਖ ਦੀ ਪ੍ਰਾਪਤੀ ਦਾ ਪ੍ਰਤੀਕ ਹੈ। ਇਸ ਅਵਸਥਾ ਵਿੱਚ ਜੀਵ ਦੀ ਭਿੰਨਤਾ ਦਾ ਗਿਆਨ ਸਮਾਪਤ ਹੋ ਜਾਂਦਾ ਹੈ ਨਾ ਕੀ ਜੀਵ ਦੀ ਹੋਂਦ ਦਾ। ਇਹਨਾਂ ਮੁਕਤ ਆਤਮਾਵਾਂ ਦਾ ਇੱਕ ਵਰਗ ਬਣ ਜਾਂਦਾ ਹੈ, ਉਹਨਾਂ ਦੀ ਸੁਤੰਤਰਤਾ ਦਾ ਪ੍ਰਗਟਾਵਾ ਜਾਂ ਅਧਿਆਤਮਿਕ ਸੁਤੰਤਰਤਾ ਦੀ ਪ੍ਰਾਪਤੀ ਦੇ ਹਵਾਲੇ ਵਿੱਚ ਮਨੁੱਖੀ ਕਲਿਆਣ ਕਾਰਜਾਂ ਵਿੱਚ ਹੁੰਦੀ ਹੈ ਜਾ ਫੇਰ ਦਿਵਯ ਪਰਮ ਸੁੱਖ ਦੀ ਅਨੁਭੂਤੀ ਵਿੱਚ ਹੁੰਦੀ ਹੈ।[95]

## ਹਵਾਲੇ:


1. ਤੈਤ੍ਰਿਆ ਸੰਹਿਤਾ 1, 4, 10, ਰਿਗਵੇਦ 1, 139 11
2. ਰਿਗਵੇਦ 3, 9, 9, ਦੀ ਕਲਚਰਲ ਹੈਰੀਟੇਜ ਆਫ ਇੰਡੀਆ ਵਾਲਿਅਮ 1, ਪੰਨਾ 188
3. ਰਿਗਵੇਦ 3, 62, 10, ਦੀ ਕਲਚਰਲ ਹੈਰੀਟੇਜ ਆਫ ਇੰਡੀਆ ਵਾਲਿਅਮ 1, ਪੰਨਾ 190
4. ਏ. ਬੀ. ਕੀਥ ਦੀ ਰਿਲੀਜਨ ਐਂਡ ਫਿਲਾਸਫੀ ਆਫ ਦੀ ਵੈਦਾਜ ਪੰਨਾ 104, 105
5. ਰਿਗਵੇਦ 10, 146
6. ਰਿਗਵੇਦ 3, 55
7. ਆਰ. ਸੀ. ਜ਼ੇਹਨਰ, ਹਿੰਦੂਇਜ਼ਮ, ਪੰਨਾ 18
8. ਉਹੀ ਪੰਨਾ 30
9. ਐਸ. ਰਾਧਾ ਕ੍ਰਿਸ਼ਨਨ ਇੰਡੀਅਨ ਫਿਲਾਸਫੀ ਭਾਗ 1, ਪੰਨਾ 109, 110
10. ਐਸ. ਰਾਧਾ ਕ੍ਰਿਸ਼ਨਨ ਇੰਡੀਅਨ ਫਿਲਾਸਫੀ ਭਾਗ 1, ਪੰਨਾ 107, 108
11. ਹਰਬੰਸ ਸਿੰਘ ਅਤੇ ਲਾਲ ਮਨੀ ਜੋਸ਼ੀ, ਐਨ ਇੰਟਰੋਡਕਸ਼ਨ ਟੂ ਇੰਡੀਅਨ ਰਿਲੀਜਨਜ, ਪੰਨਾ 37 – 38
12. ਮੁੰਡਕ ਉਪਨਿਸ਼ਧ 1, 2 – 7
13. ਉਹੀ 1, 2 – 8
14. ਉਹੀ 1, 2 – 19
15. ਹਰਬੰਸ ਸਿੰਘ ਅਤੇ ਲਾਲ ਮਨੀ ਜੋਸ਼ੀ, ਐਨ ਇੰਟਰੋਡਕਸ਼ਨ ਟੂ ਇੰਡੀਅਨ ਰਿਲੀਜਨਜ, ਪੰਨਾ 49
16. ਕਠੋਉਪਨਿਸ਼ਧ 1, 3 – 3 – 4
17. ਲਾਲ ਮਨੀ ਜੋਸ਼ੀ ਐਸਪੇਕਟਸ਼ ਆਫ ਬੁੱਧਇਜ਼ਮ ਇਨ ਇੰਡੀਅਨ ਹਿਸਟਰੀ, ਪੰਨਾ 18

18. ਕਠੋਉਪਨਿਸ਼ਧ 2, 5, 7
19. ਬ੍ਰਹਦਆਰਨਯਕ ਉਪਨਿਸ਼ਧ 3, 2, 13
20. ਉਹੀ 4.4, 5 ਵੇਖੋ ਵਿੰਟਰਮਿਜ਼ ਏ ਹਿਸਟਰੀ ਆਫ ਇੰਡੀਅਨ ਲਿਟਰੇਚਰ ਭਾਗ 1, ਪੰਨਾ 259
21. ਬ੍ਰਹਦਆਰਨਯਕ ਉਪਨਿਸ਼ਧ 4, 4, 4
22. ਛਾਦੋਂਗਿਯ ਉਪਨਿਸ਼ਧ 5, 10, 7
23. ਸ਼ਵੇਤਾਸ਼ਵਤਰ ਉਪਨਿਸ਼ਧ 1.11
24. ਮੁੰਡਕ ਉਪਨਿਸ਼ਧ 2.2.8
25. ਪ੍ਰਸ਼ਨੋ ਉਪਨਿਸ਼ਧ 1.10
26. ਐਸ. ਰਾਧਾ ਕ੍ਰਿਸ਼ਨਨ ਇੰਡੀਅਨ ਫਿਲਾਸਫੀ ਭਾਗ 1, ਪੰਨਾ 245, 9
27. ਬ੍ਰਹਦਆਰਨਯਕ ਉਪਨਿਸ਼ਧ 3, 9, 1
28. ਛਾਦੋਂਗਿਯ ਉਪਨਿਸ਼ਧ 4.10, 5
29. ਤੈਤ੍ਰਿਆ ਉਪਨਿਸ਼ਧ 3.1
30. ਬ੍ਰਹਦਆਰਨਯਕ ਉਪਨਿਸ਼ਧ 11, 2, 20
31. ਛਾਦੋਂਗਿਯ ਉਪਨਿਸ਼ਧ 5, 16, 2
32. ਬ੍ਰਹਦਆਰਨਯਕ ਉਪਨਿਸ਼ਧ 3
33. ਮੁੰਡਕ ਉਪਨਿਸ਼ਧ 2.1, 2 - 4
34. ਮੈਤਰਾਯਨੀਯ ਉਪਨਿਸ਼ਧ 5.15,
35. ਐਸ. ਰਾਧਾ ਕ੍ਰਿਸ਼ਨਨ ਅਤੇ ਸੀ. ਏ. ਮੂਰੇ ਏ ਸੋਰਸ ਬੁੱਕ ਆਫ ਇੰਡੀਅਨ ਫਿਲਾਸਫੀ, ਪੰਨਾ 36
36. ਕਠੋ ਉਪਨਿਸ਼ਧ 2, 4 - 5
37. ਮੁੰਡਕ ਉਪਨਿਸ਼ਧ 1.1, 4 - 5
38. ਉਹੀ 3, 2 - 9
39. ਪਾਲ ਡੀਉਸਨ, ਦੀ ਫਿਲਸਫੀ ਆਫ ਉਪਨਿਸ਼ਧਾਜ, ਪੰਨਾ 344
40. ਉਹੀ 346
41. ਮੁੰਡਕ ਉਪਨਿਸ਼ਧ 2, 2.10

42. ਕਠੋ ਉਪਨਿਸ਼ਧ 2, 23 - 24
43. ਉਹੀ 2. 20
44. ਸ਼ਵੇਤਾਸਵਤਰ 1.3
45. ਉਹੀ 4.9 - 10
46. ਕਠੋ ਉਪਨਿਸ਼ਧ 2.6, 11
47. ਉਹੀ 2 16 - 17
48. ਮੁੰਡਕ ਉਪਨਿਸ਼ਧ 2.2, 3 - 4
49. ਉਹੀ 1.2.12
50. ਸ਼ਵੇਤਾਸਵਤਰ ਉਪਨਿਸ਼ਧ 6.23
51. ਬ੍ਰਹਦਆਰਨਯਕ ਉਪਨਿਸ਼ਧ 4.4.23 ਵੇਖੋ ਰਾਧਾ ਕ੍ਰਿਸ਼ਨਨ ਅਤੇ ਸੀ. ਏ. ਮੂਰੇ ਏ ਸੋਰਸ ਬੁੱਕ ਆਫ ਇੰਡੀਅਨ ਫਿਲਾਸਫੀ, ਪੰਨਾ 36
52. ਮੁੰਡਕ ਉਪਨਿਸ਼ਧ 3.2.6
53. ਮਿਰਸੇ ਏਲੀਡੇ ਯੋਗਾ, ਇਮੋਰਟਾਂਲੀਟੀ ਐਂਡ ਫਰੀਡਮ, ਪੰਨਾ 120
54. ਭਗਵਤ ਗੀਤਾ 6.30
55. ਉਹੀ 7.7
56. ਉਹੀ 4.7.8
57. ਉਹੀ 4.6
58. ਉਹੀ 4.7 - 8
59. ਉਹੀ 12.9 - 11
60. ਉਹੀ 13 24-25
61. ਉਹੀ 4. 36
62. ਉਹੀ 4. 33 4.38 ਵੇਖੋ 4.9 - 10, 7.19 10.3
63. ਉਹੀ 10.3
64. ਉਹੀ 3.24
65. ਉਹੀ 4.14.15
66. ਉਹੀ 4.19, 20, 21

67. ਉਹੀ 5.2.3
68. ਉਹੀ 2 – 47
69. ਉਹੀ 2. 71 – 72 ਵੇਖੋ ਹਰਬੰਸ ਸਿੰਘ ਅਤੇ ਲਾਲ ਮਨੀ ਜੋਸ਼ੀ, ਐਨ ਇੰਟਰੋਡਕਸ਼ਨ ਟੂ ਇੰਡੀਅਨ ਰਿਲੀਜਨਜ਼, ਪੰਨਾ 71
70. ਭਗਵਤ ਗੀਤਾ 12.1
71. ਉਹੀ 17.66
72. ਦੀ ਭਗਵਤਗੀਤਾ, ਟਰਾਂਸਲੇਟਡ ਐਂਡ ਇੰਟਰਪਰੀਟਡ, ਪੰਨਾ 173
73. ਵਿਗਿਆਨਭਿਕਸ਼ੂ ਨੇ ਸ਼ੰਕਰ ਨੂੰ ਪ੍ਰਛੱਨ ਬੁੱਧ ਕਿਹਾ ਜਦਕਿ ਪਦਮਪੁਰਾਨ ਨੇ ਮਾਯਾ ਵਾਦ ਦਾ ਬੋਧ ਫਿਰਕੇ ਦੇ ਰੂਪ ਵਿੱਚ ਵਰਣਨ ਕੀਤਾ ਵੇਦਾਂਤ ਤੇ ਬੁੱਧ ਧਰਮ ਦੇ ਪ੍ਰਭਾਵ ਲਈ ਆਧੁਨਿਕ ਵਿਦਵਾਨਾ ਦੀ ਦ੍ਰਿਸ਼ਟੀ ਲਈ ਵੇਖੋ ਲਾਲ ਮਨੀ ਜੋਸ਼ੀ ਸਟੱਡੀਜ਼ ਇਨ ਬੁੱਧੀਸ਼ਟ ਕਲਚਰ ਇਨ ਇੰਡੀਆ, ਪੰਨਾ 339 – 448
74. ਐਸ. ਰਾਧਾ ਕ੍ਰਿਸ਼ਨਨ ਅਤੇ ਸੀ. ਏ. ਮੂਰੇ ਏ ਸੋਰਸ ਬੁੱਕ ਆਫ ਇੰਡੀਅਨ ਫਿਲਾਸਫੀ, ਪੰਨਾ 507
75. ਈਸ਼ਾ ਉਪਨਿਸ਼ਧ 6 – 7
76. ਬ੍ਰਹਮ ਸੂਤਰ ਸ਼ੰਕਰਭਾਸ਼ਯ 1.3.19
77. ਉਹੀ 2.1.14
78. ਮੁੰਡਕ ਉਪਨਿਸ਼ਧ 3.2.8
79. ਬ੍ਰਹਮ ਸੂਤਰ ਸ਼ੰਕਰਭਾਸ਼ਯ 1.1.4
80. ਦੀ ਕਲਚਰਲ ਹੈਰੀਟੇਜ਼ ਆਫ ਇੰਡੀਆ ਵਾਲੀਅਮ 3, ਪੰਨਾ 244
81. ਮੁੰਡਕ ਉਪਨਿਸ਼ਧ 3.2.9 ਛਾਦੋਂਗਿਯ ਉਪਨਿਸ਼ਧ 6.8.7, ਬ੍ਰਹਦਆਰਨਯਕ ਉਪਨਿਸ਼ਧ 4.4.7, ਕੇਨ ਉਪਨਿਸ਼ਧ 2.5
82. ਬ੍ਰਹਮ ਸੱਤਯ ਜਗਨਿਮਥਯਾ, ਜੀਵੋ ਬ੍ਰਹਮੋਵ ਨਾਪਰ
83. ਵੇਦਾਂਤ ਸੂਤਰ ਰਾਮਾਨੁਜ ਵਿਆਖਿਆ, ਏ ਸੋਰਸ ਬੁੱਕ ਇਨ ਇੰਡੀਅਨ ਫਿਲਾਸਫੀ, ਪੰਨਾ 543 – 545, ਪੰਨਾ 190
84. ਉਹੀ ਪੰਨਾ 550

85. ਉਹੀ ਪੰਨਾ 2.3.45
86. ਏ ਕਰੀਟੀਕਲ ਸਰਵੈ ਆਫ ਇੰਡੀਅਨ ਫਿਲਾਸਫੀ, ਪੰਨਾ 355
87. ਰਾਮਾਨੁਜ ਵੇਦਾਂਤ ਸੂਤਰ ਦੀ ਵਿਆਖਿਆ 1.1.1
88. ਏ ਸੋਰਸ ਬੁੱਕ ਇਨ ਇੰਡੀਅਨ ਫਿਲਾਸਫੀ, ਰਾਧਾ ਕਿਸ਼ਨਨ ਅਤੇ ਮੂਰੇ, ਪੰਨਾ 551 - 2
89. ਏ ਕਰੀਟੀਕਲ ਸਰਵੇ ਆਫ ਇੰਡੀਅਨ ਫਿਲਾਸਫੀ, ਪੰਨਾ 356
90. ਏ ਸੋਰਸ ਬੁੱਕ ਇਨ ਇੰਡੀਅਨ ਫਿਲਾਸਫੀ, ਰਾਧਾ ਕਿਸ਼ਨਨ ਅਤੇ ਮੂਰੇ, ਪੰਨਾ 552
91. ਤੈਤ੍ਰਿਯਾ ਉਪਨਿਸ਼ਧ 2.1.1, 3.10 - 5.6, ਮੁੰਡਕ ਉਪਨਿਸ਼ਧ 3.1.3
92. ਭਗਵਤ ਗੀਤਾ 14.2
93. ਇੰਡੀਅਨ ਫਿਲਾਸਫੀ ਭਾਗ 2, ਪੰਨਾ 709 - 710
94. ਰਾਮਾਨੁਜ ਵੇਦਾਂਤ ਸੂਤਰ ਦੀ ਵਿਆਖਿਆ 1.1.4
95. ਦੀ ਕਲਚਰਲ ਹੈਰੀਟੇਜ ਆਫ ਇੰਡੀਆ ਵਾਲਿਅਮ 3, ਪੰਨਾ 312

6

# ਬੁੱਧ ਧਰਮ ਵਿੱਚ ਨਿਰਵਾਨ ਦਾ ਸਿਧਾਂਤ

ਬੁੱਧ ਧਰਮ ਸਹਿਤ ਮੰਦ ਵਿਗਿਆਨਕ ਸਿਧਾਂਤ ਦੇ ਰੂਪ ਵਿੱਚ ਪ੍ਰਸਿੱਧ ਹੈ। ਉਸ ਦਾ ਮੁੱਖ ਉਦੇਸ਼ ਸੰਸਾਰਕ ਦੁੱਖਾਂ ਤੋਂ ਮੁਕਤੀ ਪ੍ਰਾਪਤ ਕਰਨਾ ਰਿਹਾ ਹੈ। ਭਗਵਾਨ ਬੁੱਧ ਨੇ ਕਿਹਾ ਹੈ, "ਜਿਸ ਪ੍ਰਕਾਰ ਸਮੁੰਦਰ ਦਾ ਇੱਕ ਖਾਰਾ ਸਵਾਦ ਹੁੰਦਾ ਹੈ। ਉਸੇ ਤਰ੍ਹਾਂ ਹੇ ਭਿਕਸ਼ੂਓ ਧਰਮ ਅਤੇ ਬਿਨੈ ਦਾ ਇੱਕ ਹੀ ਸਵਾਦ ਹੁੰਦਾ ਹੈ। ਜਿਸ ਨੂੰ ਵਿਮੁਕਤੀ ਰਸ ਕਿਹਾ ਜਾਂਦਾ ਹੈ"।[1]

ਬੁੱਧ ਗ੍ਰੰਥਾਂ ਵਿੱਚ ਸਮਾਗਤ ਧਰਮ (ਪਾਲੀ ਧੱਮ) ਸ਼ਬਦ ਅਨੇਕਾਂ ਅਰਥਾਂ ਵਿੱਚ ਇਸਤਮਾਲ ਹੋਇਆ ਹੈ। ਜਿਵੇਂ ਡਾ: ਲਾਲ ਮਨੀ ਨੇ ਇਸ਼ਾਰਾ ਕੀਤਾ ਹੈ, ਉਸ ਦਾ ਪ੍ਰਯੋਗ ਨਿਰਵਾਨ ਧਰਮ ਦੇ ਰੂਪ ਵਿੱਚ ਹੋਇਆ ਹੈ। ਧਰਮ ਸ਼ਬਦ ਮਾਨਸਿਕ ਅਤੇ ਭੌਤਿਕ ਤੱਤਾਂ ਦੇ ਹਵਾਲੇ ਵਿੱਚ ਵੀ ਆਇਆ ਹੈ। ਉਸ ਦਾ ਅਰਥ ਕੀਤੇ ਕੀਤੇ ਕੁਦਰਤੀ ਕਾਨੂੰਨ, ਗੁਣ, ਕਰਤੱਵ, ਧਾਰਮਿਕ ਸਾਧਨਾ, ਦਯਾ ਆਦਿ ਦੇ ਹਵਾਲੇ ਵਿੱਚ ਵੀ ਵੇਖਿਆ ਜਾਂਦਾ ਹੈ। ਆਖਰ ਵਿੱਚ ਧਰਮ ਦਾ ਅਰਥ ਹੈ ਜਗਤ ਦਾ ਸ਼ਾਸਵਤ ਅਤੇ ਸਰਵਵਿਆਪੀ ਸਿਧਾਂਤ ਇਨ੍ਹਾਂ ਅਰਥਾਂ ਵਿੱਚ ਜਿਨ੍ਹਾਂ ਮੂਲਭੂਤ ਅਰਥਾਂ ਨਾਲ ਸਾਡਾ ਸੰਬੰਧ ਹੈ, ਉਹ ਹਨ ਨਿਰਵਾਨ ਅਤੇ ਉਸ ਦਾ ਮਾਰਗ। ਸੰਖੇਪ ਵਿੱਚ ਧਰਮ ਦਾ ਅਰਥ ਹੈ ਨਿਰਵਾਨ ਧਰਮ ਅਤੇ ਮਾਰਗ ਧਰਮ।[2]

ਬੁੱਧ ਧਰਮ ਵਿੱਚ ਨਿਰਵਾਨ ਧਰਮ ਨੂੰ ਸਰਵਉੱਚ ਅਵਸਥਾ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ ਅਤੇ ਹਰ ਮਨੁੱਖ ਰਾਹੀਂ ਪ੍ਰਾਪਤ ਮੰਨਿਆ ਗਿਆ ਹੈ। ਨਿਰਵਾਨ ਨੂੰ ਵਿਮੁਕਤੀ (ਪਾਲੀ ਵਿਮੁਕਤੀ) ਵੀ ਕਿਹਾ ਗਿਆ ਹੈ। ਜਿਸ ਦਾ ਅਰਥ ਹੈ ਬੇਕਾਰ ਭਾਵਾਂ ਅਤੇ ਇੱਛਾਵਾਂ ਤੋਂ ਨਿਵਰਤੀ। ਇਸ ਪ੍ਰਕਾਰ ਮਾਰਗ ਧਰਮ ਨੂੰ ਵਿਮੁਕਤੀ ਮਾਰਗ ਅਤੇ ਵਿਸ਼ੁੱਧੀ ਮਾਰਗ ਕਿਹਾ ਗਿਆ ਹੈ।

## ਦੁੱਖ ਦੀ ਸਮੱਸਿਆ

ਭਗਵਾਨ ਬੁੱਧ ਨੇ ਦੋ ਤੱਤਾਂ ਦੀ ਸਿੱਖਿਆ ਦਿੱਤੀ ਹੈ। ਦੁੱਖ ਅਤੇ ਦੁੱਖ ਨਿਰੋਧ। ਉਨ੍ਹਾਂ ਕਿਹਾ ਕਿ ਇਹ ਸੰਸਾਰ ਦੁੱਖ, ਕਸ਼ਟ, ਕੁਦਰਤੀ ਆਫਤ, ਦੰਡ,

ਈਰਖਾ, ਘ੍ਰਿਣਾ, ਧੋਖਾ, ਮੋਹ ਆਦਿ ਤੋਂ ਭਰਿਆ ਹੈ, ਇਸ ਲਈ ਮਨੁੱਖ ਨੂੰ ਸ਼ਾਸਵਤ ਸੁੱਖ, ਸ਼ਾਂਤੀ, ਪਰਮ ਸੁੱਖ ਅਤੇ ਨਾਸ਼ਵਾਨ ਸੰਸਾਰ ਤੋਂ ਮੁਕਤੀ ਪ੍ਰਾਪਤ ਕਰਨਾ ਚਾਹੀਦਾ ਹੈ। ਉਨ੍ਹਾਂ ਦੁੱਖ ਤੋਂ ਮੁਕਤ ਹੋਣ ਲਈ ਸੰਸਾਰੀ ਜੀਵਾਂ ਨੂੰ ਪ੍ਰੇਰਿਤ ਕੀਤਾ। ਪਹਿਲਾ ਆਰੀਆ ਸੱਚ "ਦੁੱਖ" ਸੰਸਾਰਿਕ ਦੁੱਖਾਂ ਨਾਲ ਸੰਬੰਧਤ ਹੈ ਅਤੇ ਤੀਜਾ ਆਰੀਆ ਸੱਚ ਦੁੱਖ ਤੋਂ ਮੁਕਤ ਹੋਣ ਦੀ ਗਲ ਕਰਦਾ ਹੈ। ਬੋਧੀ (ਗਿਆਨ) ਕਰਨ ਤੋਂ ਬਾਅਦ, ਬੁੱਧ ਦਾ ਸਾਰਨਾਥ ਵਿਖੇ ਪਹਿਲਾ ਉਪਦੇਸ਼ ਇਸੇ ਦੁੱਖ ਪ੍ਰੰਪਰਾ ਨੂੰ ਬਿਆਨ ਕਰਦਾ ਸੀ। ਪੰਜ ਭਿਕਸ਼ੂਆਂ ਨੂੰ ਉਪਦੇਸ਼ ਦਿੰਦੇ ਹੋਏ ਉਨ੍ਹਾਂ ਕਿਹਾ, "ਭਿਕਸ਼ੂਓ ਇਹ ਦੁੱਖ ਸੱਚ ਹੈ, ਜਨਮ ਦੁੱਖਕਾਰੀ ਹੈ, ਬੁਢਾਪਾ ਦੁੱਖਕਾਰੀ ਹੈ, ਬਿਮਾਰੀ ਦੁੱਖਕਾਰੀ ਹੈ, ਮੌਤ ਦੁੱਖਕਾਰੀ ਹੈ, ਦੁੱਖ ਵਿਲਾਪ, ਵਿਸ਼ਾਦ, ਨਿਰਾਸ਼ਾ ਆਦਿ ਸਭ ਕੁੱਝ ਦੁੱਖ ਵਾਲਾ ਹੈ। ਸੰਖੇਪ ਵਿੱਚ ਪੰਜ ਸਕੰਧ ਸਮੂਹ ਦੁੱਖਕਾਰੀ ਹੈ"।

ਭਿਕਸ਼ੂਓ, ਇਹ ਦੁੱਖ ਨਿਰੋਧ ਸੱਚ ਹਨ - ਬਾਕੀ ਤ੍ਰਿਸ਼ਨਾ ਦੀ ਸਮਾਪਤੀ, ਮੁਕਤੀ ਅਤੇ ਲਗਾਓ ਰਹਿਤ।[3]

ਇਸ ਕਥਨ ਤੋਂ ਇਹ ਸਪੱਸ਼ਟ ਹੈ ਕਿ ਸਮੂਚੀ ਸੰਸਾਰਿਕ ਪ੍ਰਕ੍ਰਿਆ ਮਰਨ ਅਤੇ ਪੁਨਰਜਨਮ ਦੇ ਭਿਅੰਕਰ ਪਰਿਣਾਮ ਤੇ ਅਧਾਰਿਤ ਹੈ। ਜਿੱਥੇ ਪੰਜ ਸਕੰਧਾਂ ਦੀ ਕੜੀ ਬਣੀ ਰਹਿੰਦੀ ਹੈ, ਇਹ ਦੁੱਖ ਸੱਚ ਸੰਸਾਰੀ ਪ੍ਰਾਣੀਆਂ ਨੂੰ ਇਹ ਸਿੱਖਿਆ ਦਿੰਦਾ ਹੈ ਕਿ ਜਿਸ ਪ੍ਰਕਾਰ ਉਨ੍ਹਾਂ ਜੀਵਨ ਗੁਜ਼ਾਰਨਾ ਚਾਹੀਦਾ ਹੈ ਨਹੀਂ ਕਰ ਰਹੇ ਹਨ। ਭਗਵਾਨ ਬੁੱਧ ਨੇ ਇਸ ਪ੍ਰੰਪਰਾ ਤੋਂ ਮੁਕਤ ਹੋਣ ਦਾ ਮਾਰਗ ਦਿਖਾਇਆ ਹੈ। ਉਨ੍ਹਾਂ ਜਿਸ ਬੋਧੀ ਦਾ ਅਨੁਭਵ ਕੀਤਾ ਉਹ ਵਿਆਖਿਆ ਤੋਂ ਦੂਰ ਅਤੇ ਸ਼ਾਸਵਤ ਹੈ।

ਬੋਧੀ ਪ੍ਰਾਪਤ ਕਰਨ ਦੇ ਤੁਰੰਤ ਬਾਅਦ, ਕਿਹਾ ਜਾਂਦਾ ਹੈ, ਭਗਵਾਨ ਬੁੱਧ ਨੇ ਕਿਹਾ ਸੀ, "ਜਿਸ ਧਰਮ ਦਾ ਅਸੀਂ ਅਨੁਭਵ ਕੀਤਾ, ਉਹ ਗੰਭੀਰ ਹੈ, ਔਖੇ ਨਿਸ਼ਾਨੇ ਵਾਲਾ ਹੈ, ਦੁਰਬੋਧ ਹੈ, ਉੱਚ ਹੈ, ਸਰਵ ਉੱਚ ਹੈ, ਸੂਖਮ ਹੈ ਅਤੇ ਸਿਰਫ ਪੰਡਿਤ ਵੇਦਨੀਯ (ਗ੍ਰਹਿਣ ਯੋਗ) ਹੈ"। ਸੱਚ ਨੂੰ ਸਮਝਣਾ ਬਹੁਤ ਕਠਿਨ ਹੈ ਅਜਿਹਾ ਭਗਵਾਨ ਬੁੱਧ ਨੇ ਕਿਹਾ।

ਇੱਥੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਤਥਾਗਤ ਬੁੱਧ ਨੇ ਸਰਵਉੱਚ ਸੱਚ ਦੀ ਅਨੁਭੂਤੀ ਜਾਂ ਨਿਰਵਾਨ ਦੇ ਸਿਧਾਂਤ ਦੀ ਸਥਾਪਨਾ ਦੇ ਲਈ ਦੁੱਖ ਸੱਚ ਨੂੰ ਸ਼ੁਰੂ ਦਾ ਬਿੰਦੂ ਕਿਉਂ ਮੰਨਿਆ? ਇਸ ਹਵਾਲੇ ਵਿੱਚ ਦੋ ਤੱਤ ਹਨ।

## ਨਿਰਵਾਨ ਦਾ ਅਰਥ

ਨਿਰਵਾਨ ਦਾ ਸ਼ਾਬਦਿਕ ਅਰਥ ਹੈ, ਉਛੇਦ, ਨਿਰਗਮਨ, ਪਰਿਸ਼ਮਨ ਜਾਂ ਪੂਰਨ ਵਿਨਾਸ਼। ਨਿਰਵਾਨ ਅਤੇ ਤਥਾਗਤ ਇਨ੍ਹਾਂ ਦੋਹਾਂ ਪਰਿਭਾਸ਼ਤ ਸ਼ਬਦਾਂ ਦਾ ਅਰਥ ਹੈ, ਪੂਰਨ ਅਧਿਆਤਮਿਕ ਮੁਕਤੀ ਅਤੇ ਸਭ ਪ੍ਰਕਾਰ ਦੇ ਲਗਾਉ, ਵਿਕਾਰ ਭਾਵ ਅਤੇ ਅਗਿਆਨਤਾ ਦੀ ਸਮਾਪਤੀ। ਬੁੱਧ ਦ੍ਰਿਸ਼ਟੀ ਵਿੱਚ ਨਿਰਵਾਨ ਸ਼ਬਦ ਦਾ ਪ੍ਰਯੋਗ ਜਾਂ ਤਾਂ ਅੱਗ ਜਲਣ ਦੇ ਹਵਾਲੇ ਨਾਲ ਜਾਂ ਲੈਂਪ ਜਲਾਉਣ ਦੇ ਹਵਾਲੇ ਨਾਲ ਹੋਇਆ ਹੈ। ਇਨ੍ਹਾਂ ਦੋਹਾਂ ਹਵਾਲਿਆਂ ਦਾ ਅਰਥ ਉਛੇਦ ਹੈ। ਇਸ ਸ਼ਬਦ ਦੀ ਉਤਪਤੀ 'ਨਿਵ੍ਰ' ਜਾਂ 'ਨਿਵ੍' ਤੋਂ ਹੋਈ ਹੈ ਜਿਸ ਦਾ ਅਰਥ ਹੈ ਸ਼ਾਂਤੀ, ਸੁੱਖ ਅਤੇ ਪਰੀਨਿਵਰਤੀ ਜਾਂ ਨਿਰਵਾਨ ਨੂੰ ਪ੍ਰਾਪਤ।[4] ਉਛੇਦ ਸ਼ਬਦ ਦਾ ਅਰਥ ਦਾ ਲਾਲਚ, ਘ੍ਰਿਣਾ ਅਤੇ ਮੋਹ ਇਨ੍ਹਾਂ ਤਿੰਨ ਜਵਾਲਾ ਨੂੰ ਸ਼ਾਂਤ ਕਰਨ ਨਾਲ ਸੰਬੰਧਤ ਹੈ। ਸੰਖੇਪ ਵਿੱਚ ਇਸ ਦਾ ਅਰਥ ਇੱਛਾ ਦੇ ਵਿਨਾਸ਼ ਤੋਂ ਹੈ।

ਨਿਰਵਾਨ ਕੀ ਹੈ? ਇਸ ਨੂੰ ਸ਼ਬਦਾਂ ਵਿੱਚ ਦੱਸਣਾ ਅਸੰਭਵ ਹੈ। ਕੋਈ ਵੀ ਮਨੁੱਖੀ ਭਾਸ਼ਾ ਸੱਚ ਦੀ ਗਹਿਰਾਈ ਦੀ ਵਿਆਖਿਆ ਨਹੀਂ ਕਰ ਸਕਦੀ। ਨਿਰਵਾਨ ਦੀ ਪ੍ਰਕ੍ਰਿਤੀ ਨੂੰ ਮਾਪਨ ਵਿੱਚ ਸ਼ਬਦ ਸ਼ਕਤੀਹੀਣ ਹੁੰਦੇ ਹਨ। ਭਗਵਾਨ ਬੁੱਧ ਉਸ ਸਮੇਂ ਚੁੱਪ ਹੋ ਗਏ ਜਦੋਂ ਉਨ੍ਹਾਂ ਕੋਲੋ ਪੁੱਛਿਆ ਗਿਆ ਕਿ ਨਿਰਵਾਨ ਕਿ ਹੈ? ਉਨ੍ਹਾਂ ਦਾ ਚੁੱਪ ਰਹਿਣਾ ਇਸ ਗਲ ਵੱਲ ਇਸ਼ਾਰਾ ਕਰਦਾ ਹੈ, ਕਿ ਇਸ ਪ੍ਰਸ਼ਨ ਦਾ ਉੱਤਰ ਨਾ ਫਾਇਦੇਮੰਦ ਹੈ ਅਤੇ ਨਾ ਹੀ ਅਸੰਭਵ। ਆਮ ਤੌਰ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸੱਚ ਨੂੰ ਜੇ ਸਮਝਿਆ ਜਾ ਸਕਦਾ ਹੈ, "ਜੋ ਕਿਹਾ ਜਾ ਸਕਦਾ ਹੈ, ਸਾਸ਼ਵਤ ਮਾਰਗ ਨਹੀਂ ਹੈ"[5] ਅਤੇ "ਜੋ ਈਸ਼ਵਰ ਸਮਝਿਆ ਜਾ ਸਕਦਾ ਹੈ ਈਸ਼ਵਰ ਨਹੀਂ ਹੈ"।[6]

ਬੁੱਧ ਵਿਚਾਰ ਦੋ ਦ੍ਰਿਸ਼ਟੀਆਂ ਨੂੰ ਸਾਹਮਣੇ ਰੱਖਦਾ ਹੈ – ਇੱਕ ਸੰਸਾਰਿਕ ਦੂਸਰੀ ਅਧਿਆਤਮਿਕ। ਬੁੱਧ ਦੇ ਲਈ ਨਿਰਵਾਨ ਅੰਤਮ ਸੱਚ ਹੈ। ਜੋ ਵਾਸਤਵਿਕ ਹੈ ਅਤੇ ਸਰਵਉੱਚ ਹੈ, ਪਰਮਾਰਥ ਸੱਚ ਦੀ ਦ੍ਰਿਸ਼ਟੀ ਤੋਂ ਨਿਰਵਾਨ

ਸਰਵਉੱਚ ਸੱਚ ਹੈ। ਸੰਵਰਿਤੀ ਸੱਚ ਸੰਸਾਰਿਕ ਪ੍ਰਤੀਕ, ਵਿਚਾਰ ਅਤੇ ਸੰਸਾਰਿਕ ਵਸਤੂਆਂ ਦੇ ਨਾਲ ਸੰਬੰਧਤ ਹੈ ਨਾ ਕਿ ਪਰਮਾਰਥ ਸੱਚ ਨਾਲ ਅਲੌਕਿਕ ਜਾਂ ਵਿਵਹਾਰ ਸੱਚ ਤੋਂ ਅਸੀ ਨਿਰਵਾਨ ਦੇ ਅਧੂਰੇ ਰੂਪ ਨੂੰ ਵੀ ਜਾਣ ਸਕਦੇ ਹਾਂ।[7]

ਬੁੱਧ ਦੇ ਨਿਰਵਾਨ ਨੂੰ ਸਰਵਉੱਚ ਅਵਸਥਾ ਦੇ ਰੂਪ ਵਿੱਚ ਸਵੀਕਾਰ ਕੀਤਾ ਗਿਆ ਹੈ ਅਤੇ ਇਸ ਨੂੰ ਪਰਮ ਸੁੱਖ ਮੰਨਿਆ ਗਿਆ ਹੈ। ਧੱਮਪਦ ਵਿੱਚ ਸਪੱਸ਼ਟ ਕਿਹਾ ਗਿਆ ਹੈ, "ਸਹਿਤ ਸਭ ਤੋਂ ਵੱਡੀ ਦੇਣ ਹੈ, ਸੰਤੋਖ ਸਭ ਤੋਂ ਵੱਡਾ ਧਨ ਹੈ, ਵਿਸ਼ਵਾਸ ਸਭ ਤੋਂ ਵੱਡਾ ਰਿਸ਼ਤਾ ਹੈ ਅਤੇ ਨਿਰਵਾਨ ਸਭ ਤੋਂ ਵੱਡਾ ਸੁੱਖ ਹੈ"।[8] ਨਿਰਵਾਨ ਦੀ ਪ੍ਰਾਪਤੀ ਨਾਲ ਸਾਰੇ ਪਾਪ ਵਾਸਨਾਵਾਂ ਸਮਾਪਤ ਹੋ ਜਾਂਦੀਆਂ ਹਨ। ਪੂਰਨ ਗਿਆਨ ਅਤੇ ਸਮਾਧੀ ਤੋਂ ਹੀ ਉਸਦੀ ਪ੍ਰਾਪਤੀ ਹੁੰਦੀ ਹੈ। ਧੱਮਪਦ ਵਿੱਚ ਸਪੱਸ਼ਟ ਸੰਕੇਤ ਮਿਲਦਾ ਹੈ। ਗਿਆਨ ਤੋਂ ਬਿਨ੍ਹਾਂ ਧਿਆਨ ਨਹੀਂ ਹੋ ਸਕਦਾ, ਬਿਨ੍ਹਾਂ ਧਿਆਨ ਦੇ ਗਿਆਨ ਨਹੀਂ ਹੋ ਸਕਦਾ। ਜਿਸ ਕੋਲ ਗਿਆਨ ਤੇ ਧਿਆਨ ਦੋਵੇ ਚੀਜ਼ਾਂ ਹਨ ਉਹ ਨਿਰਵਾਨ ਦੇ ਕਰੀਬ ਹੋ ਜਾਂਦਾ ਹੈ।[9] ਇਹ ਅਸਲ ਪਰਮ ਸੁੱਖ ਤੇ ਸ਼ਾਂਤੀ ਦੀ ਅਵਸਥਾ ਹੈ।

ਨਿਰਵਾਨ ਸਾਰੇ ਦੁੱਖਾਂ ਤੋਂ ਮੁਕਤ ਅਵਸਥਾ ਦਾ ਪ੍ਰਤੀਕ ਹੈ। ਸਕੰਧਾਂ ਦੇ ਵਿਨਾਸ਼ ਤੋਂ ਉਸ ਦੀ ਪ੍ਰਾਪਤੀ ਹੁੰਦੀ ਹੈ। ਉਹ ਤ੍ਰਿਸ਼ਨਾ ਦਾ ਪੂਰਨ ਨਾਸ਼, ਲੌਕਿਕ ਵਸਤੂਆਂ ਦੀ ਇੱਛਾਵਾਂ ਦੀ ਸ਼ਾਂਤੀ ਅਤੇ ਬੁਰੇ ਕੰਮ ਅਤੇ ਲਗਾਓ ਤੋਂ ਪੂਰਨ ਮੁਕਤੀ ਦਾ ਫਲ ਹੈ। ਇੱਛਾ ਘ੍ਰਿਣਾ ਅਤੇ ਮੋਹ ਦੇ ਵਿਨਾਸ਼ ਤੋਂ ਅਦਭੁਤ ਪ੍ਰਗਟ ਹੁੰਦਾ ਹੈ। ਉਹ ਪਰਮ ਆਨੰਦ ਸ਼ਾਂਤ, ਆਨੰਦਭੂਤ, ਸੁੱਖ, ਨਿੱਤ, ਕੁਲੀਨ ਅਤੇ ਲਗਾਓ ਰਹਿਤ ਅਵਸਥਾ ਦਾ ਸੂਚਕ ਹੈ। ਨਿਰਵਾਨ ਦੀ ਪ੍ਰਾਪਤੀ ਤੋਂ ਬਾਅਦ ਕੁੱਝ ਵੀ ਬਾਕੀ ਨਹੀਂ ਰਹਿੰਦਾ। ਉਹ ਸਰਵਉੱਚ ਸੱਚਾਈ ਹੈ, ਸਰਵਉੱਚ ਦਰਸ਼ਨ ਹੈ ਅਤੇ ਸਰਵਉੱਚ ਅਨੁਭਵ ਹੈ। ਇਹ ਇੱਕ ਵਿਸ਼ੁੱਧ ਸਰੀਰਕ ਅਵਸਥਾ ਹੈ ਜਿੱਥੇ ਚੇਤਨਾ ਯਥਾਰਥ ਦੇ ਸਾਹਮਣੇ ਪਹੁੰਚ ਜਾਂਦੀ ਹੈ।

## ਨਿਰਵਾਨ ਦਾ ਪ੍ਰੰਪਰਾ ਵਰਣਨ

ਬੁੱਧ ਪ੍ਰੰਪਰਾ ਵਿੱਚ ਨਿਰਵਾਨ ਨੂੰ ਭਿੰਨ ਭਿੰਨ ਸ਼ਬਦਾਂ ਅਤੇ ਸਿਧਾਤਾਂ ਰਾਹੀਂ ਸਪੱਸ਼ਟ ਕੀਤਾ ਗਿਆ ਹੈ। ਨੇਤਿਪੱਕਰਨ ਵਿੱਚ ਨਿਰਵਾਨ ਦੇ ਲਈ ਇਹ ਸ਼ਬਦ

ਮਿਲਦੇ ਹਨ – ਅਸੰਖਤ, ਅਨਾਸਬ, ਸਚਚ,ਅਜੱਜਰ, ਧ੍ਰੂਵ, ਅਪਲੋਕਿਤ, ਸ਼ਾਂਤ, ਅਮਤ, ਪਨੀਤ, ਤਨਹਕਖਯ, ਅਜਾਤ, ਗੰਭੀਰ, ਉੱਤਰ, ਅਪੱਤੀਸਮ, ਸੇਟਠ, ਜੇਟਠ, ਵਿਮਲ, ਅਪੱਮਾਨ, ਅੰਤਿਮ ਸਰਨ, ਵਿਰਾਗ, ਅਚਚੁਤਪਾਦ, ਮੁੱਤੀ, ਵਿਸ਼ੁੱਧੀ, ਵਿਮੁਕਤੀ, ਸ਼ੁੱਧੀ ਅਤੇ ਨਿਵ੍ਰਤੀ।[10]

ਇਹ ਸਾਰੇ ਪ੍ਰਭਾਸ਼ਤ ਸ਼ਬਦ ਬੁੱਧ ਪ੍ਰੰਪਰਾ ਰਾਹੀਂ ਮੰਨੇ ਨਿਰਵਾਨ ਦੇ ਹਾਂ ਵਾਚੀ ਜਾਂ ਨਾਂਹ ਵਾਚੀ ਦੋ ਰੂਪ ਪੇਸ਼ ਕਰਦੇ ਹਨ।

ਨਿਰਵਾਨ ਨਾ ਆਖਣ ਯੋਗ ਅਤੇ ਨਾ ਵਰਣਨ ਕਰਨ ਯੋਗ ਹੈ। ਉਸ ਨੂੰ ਖਾਲੀ ਸੰਸਾਰਿਕ ਤੱਤਾਂ ਤੋਂ ਹੀ ਉਸ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਹਰ ਵਿਚਾਰਯੋਗ ਸ਼ਬਦ ਮਿੱਥਿਆ ਹੈ, ਕਿਉਂਕਿ ਉਹ ਨਾਮ ਅਤੇ ਸਿਧਾਂਤ ਤੋਂ ਪਰੇ ਹੈ। ਇਸ ਲਈ ਨਿਰਵਾਨ ਨੂੰ ਤਥਾਗਤ ਕਿਹਾ ਗਿਆ ਹੈ। ਇਸੇ ਨੂੰ ਤੱਥਤਾ, ਸ਼ੁਨਯਤਾ, ਭੂਤਕੋਟੀ, ਧਰਮਧਾਤੂ, ਧਰਮਕਾਯ, ਪ੍ਰਗਯਾਪਾਰਮਿਤਾ ਵੀ ਕਿਹਾ ਗਿਆ ਹੈ। ਉਸੇ ਨੂੰ ਭਰਮ, ਸੁਪਨ ਜਾਂ ਮਿਰਗ ਤ੍ਰਿਸ਼ਨਾ ਵੀ ਮੰਨਿਆ ਗਿਆ ਹੈ। ਜਿਵੇਂ ਕੋਨਜੇ ਨੇ ਆਖਿਆ ਹੈ, "ਨਿਰਵਾਨ ਅਕੱਥਯ (ਨਾ ਆਖਣ ਯੋਗ) ਹੈ, ਅਵਿਚਾਰਨੀਆ (ਨਾ ਵਿਚਾਰਨ ਯੋਗ) ਹੈ, ਇਸ ਲਈ ਕਿ ਉਸ ਵਿੱਚ ਕੋਈ ਆਮ ਤੱਤ ਨਹੀਂ ਹੈ। ਉਸ ਦਾ ਅਨੁਭਵ ਵਿਅਕਤੀਗਤ ਹੋਣਾ ਚਾਹੀਦਾ ਹੈ, ਕਿਉਂਕਿ ਸੰਸਾਰ ਵਿੱਚ ਉਸ ਵਰਗਾ ਕੁੱਝ ਵੀ ਨਹੀਂ ਹੈ। ਉਹ ਤਰਕ ਰਾਹੀਂ ਸਿੱਧ ਨਹੀਂ ਕੀਤਾ ਜਾ ਸਕਦਾ ਹੈ। ਨਿਰਵਾਨ ਦੇ ਸਾਰੇ ਵਿਚਾਰ ਭਰਮ ਫੈਲਾਉਣ ਵਾਲੇ ਹਨ।[11]

## ਨਿਰਵਾਨ ਦਾ ਨਾਂਹ ਪੱਖੀ ਸਵਰੂਪ

ਪ੍ਰਾਚੀਨ ਬੁੱਧ ਧਰਮ ਦੇ ਵਿਦਵਾਨਾਂ ਨੇ ਨਿਰਵਾਨ ਦੇ ਸਵਰੂਪ ਦਾ ਨਾਂਹ ਪੱਖੀ ਅਤੇ ਹਾਂ ਪੱਖੀ ਦੋਹਾਂ ਪ੍ਰਕਾਰਾਂ ਨਾਲ ਵਰਣਨ ਕੀਤਾ ਹੈ। ਜੋ ਕਿਸੇ ਵੀ ਵਸਤੂ ਦਾ ਨਾਂਹ ਪੱਖੀ ਸਵਰੂਪ ਪੇਸ਼ ਕਰਦਾ ਹੈ, ਅਜਿਹੇ ਵਿੱਚ ਨਿਰੋਧ, ਨਿਰਮੋਕਸ਼, ਨਿਵ੍ਰਤੀ, ਅਮ੍ਰਿਤ, ਅਨੀਤਿਕ, ਨਿਰਵੇਦ ਆਦਿ ਸ਼ਬਦ ਨਿਰਵਾਨ ਦੇ ਹਵਾਲੇ ਵਿੱਚ ਭਿੰਨ ਭਿੰਨ ਅਰਥਾਂ ਵਿੱਚ ਵਿਖਾਈ ਦਿੰਦੇ ਹਨ। ਬੁੱਧ ਧਰਮ ਦਾ ਸਰਵ ਕਲਿਆਣਕਾਰੀ ਅਤੇ ਸ਼੍ਰੇਸ਼ਠ ਤੱਤ ਨਿਰਵਾਨ ਦੇ ਨਾਂਹ ਪੱਖੀ ਸਵਰੂਪ ਵਿੱਚ ਛੁਪਿਆ ਹੋਇਆ ਹੈ, ਬਾਅਦ ਦੇ ਪਾਲੀ ਸਾਹਿਤ ਵਿੱਚ ਇਸ ਨੂੰ ਅਚੰਤ,

ਅਕਤ, ਅਨੰਤ, ਅਪਲੋਕਿਤ, ਦੁਕਖਕਖਯ, ਅਨਾਸ, ਅਸੰਖਤ, ਪਾਰ, ਮੋਕਖ, ਨਿਰੋਧ, ਅਨਿਦਸੱਨ, ਅਵਯਾਪਜ਼, ਕੇਵਲ, ਅਨੀਤਿਕ, ਅਨਾਲਯ, ਅਚਚੁਤ, ਵਿਮੁੱਤੀ, ਅਪਵੱਗ, ਵਿਰਾਗ, ਸਾਂਤੀ, ਵਿਸੁੱਧੀ ਅਤੇ ਨਿਵ੍ਰਤ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਗਿਆ ਹੈ।[12]

ਉਦਾਨ ਵਿੱਚ ਨਿਰਵਾਨ ਦੇ ਸਵਰੂਪ ਨੂੰ ਕਿ ਉਹ ਕਿ ਹੈ ਇਸ ਰੂਪ ਵਿੱਚ ਨਹੀਂ ਸਗੋਂ ਉਹ ਕਿ ਨਹੀਂ ਹੈ, ਇਸ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਹੇ ਭਿਕਸ਼ੂਓ! ਇੱਕ ਅਜਿਹੀ ਅਵਸਥਾ ਹੁੰਦੀ ਹੈ, ਜਿੱਥੇ ਨਾ ਧਰਤੀ ਹੈ, ਨਾ ਪਾਣੀ ਹੈ, ਨਾ ਅੱਗ ਹੈ, ਨਾ ਹਵਾ ਹੈ, ਨਾ ਅਕਾਸ਼ ਦੀ ਅਨੰਤ ਦਸ਼ਾ ਹੈ, ਨਾ ਚੇਤਨਾ ਦੀ ਨਾ ਅਵਚੇਤਨਾ ਦੀ ਅਵਸਥਾ ਹੈ, ਨਾ ਚੇਤਨਾ ਅਚੇਤਨਾ ਦੀ, ਨਾ ਇਹ ਸੰਸਾਰ ਹੈ ਨਾ ਦੂਸਰਾ, ਨਾ ਸੂਰਜ ਹੈ ਨਾ ਚੰਦਰਮਾ। ਹੇ ਭਿਕਸ਼ੂਓ! "ਮੈਂ ਆਖਦਾ ਹਾਂ ਨਾ ਉੱਥੇ ਆਉਣ ਹੈ ਨਾ ਉੱਥੇ ਚਾਲ ਹੈ ਨਾ ਸਥਿਤੀ ਹੈ, ਨਾ ਉੱਤਪਤੀ। ਉਹ ਬਿਨ੍ਹਾਂ ਕਿਸੇ ਸਹਾਰੇ ਦੇ ਹੈ, ਉਹ ਅਸਲ ਵਿੱਚ ਦੁੱਖ ਦੇ ਖਾਤਮੇ ਦੀ ਅਵਸਥਾ ਹੈ"।

ਹੇ ਭਿਕਸ਼ੂਓ! "ਇੱਕ ਅਣਉਤਪੰਨ, ਅਜਾਤ ਅਤੇ ਅਸ੍ਰਜਿਤ ਸਥਿਤੀ ਹੁੰਦੀ ਹੈ। ਜੇ ਅਜਿਹਾ ਨਾ ਹੋਵੇ ਤਾਂ ਜਨਮ ਆਦਿ ਤੋਂ ਮੁਕਤੀ ਵੀ ਨਾ ਹੋਵੇ, ਕਿਉਂਕਿ ਅਣਉਤਪਨ ਆਦਿ ਸਥਿਤੀ ਹੈ ਇਸ ਲਈ ਜਨਮ ਆਦਿ ਤੋਂ ਮੁਕਤੀ ਮਿਲ ਜਾਂਦੀ ਹੈ।[13]

ਕੁੱਝ ਲੋਕ ਨਿਰਵਾਨ ਦੇ ਇਸ ਨਾ ਪੱਖੀ ਸਵਰੂਪ ਦਾ ਵਿਰੋਧ ਕਰਦੇ ਹਨ ਉਨ੍ਹਾਂ ਦਾ ਮੰਨਣਾ ਹੈ ਕਿ ਨਿਰਵਾਨ ਦਾ ਨਾਂਹ ਪੱਖੀ ਸਵਰੂਪ ਆਤਮਾ ਦੇ ਵਿਨਾਸ਼ ਦੀ ਗੱਲ ਕਰਦਾ ਹੈ। ਪਰ ਅਸਲ ਵਿੱਚ ਨਿਰਵਾਨ ਆਤਮਾ ਦੇ ਵਿਨਾਸ਼ ਦੀ ਗੱਲ ਨਹੀਂ ਕਰਦਾ ਕਿਉਂਕਿ ਆਤਮਾ ਜਿਹੇ ਕਿਸੇ ਤੱਤ ਦੀ ਹੋਂਦ ਹੀ ਨਹੀਂ ਹੈ। ਉਹ ਤਾਂ ਅਸਲ ਮੋਹ ਅਤੇ ਆਤਮਾ ਦੇ ਗਲਤ ਸਵਰੂਪ ਦੇ ਵਿਨਾਸ਼ ਦਾ ਪ੍ਰਤੀਕ ਹੈ। "ਇੱਛਾ, ਦਵੇਸ਼ ਅਤੇ ਭਰਮ ਦਾ ਵਿਨਾਸ਼ ਹੀ ਨਿਰਵਾਨ ਹੈ"।[14]

ਇੱਕ ਹੋਰ ਪਾਲੀ ਗ੍ਰੰਥ ਵਿੱਚ ਨਿਰਵਾਨ ਦੀ ਅਵਸਥਾ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ:-

"ਉੱਥੇ ਘਣਤਾ, ਦ੍ਰਵਤਾ, ਗਰਮੀ ਅਤੇ ਗਤੀ ਦਾ ਕੋਈ ਸਥਾਨ ਨਹੀਂ ਹੈ। ਲੰਬਾਈ ਚੋੜਾਈ, ਸੂਖਮਤਾ, ਮੋਟਾਈ, ਚੰਗਿਆਈ, ਬੁਰਾਈ, ਨਾਮ, ਰੂਪ ਆਦਿ ਸਭ ਕੁਝ ਨਸ਼ਟ ਹੋ ਗਿਆ ਹੈ। ਉੱਥੇ ਨਾ ਸੰਸਾਰ, ਨਾ ਕੁੱਝ ਹੋਰ, ਨਾ ਆਉਣਾ, ਨਾ ਚੱਲਣਾ, ਨਾ ਸਥਾਪਨਾ, ਨਾ ਜਨਮ, ਨਾ ਮੌਤ, ਨਾ ਗਿਆਨ ਆਦਿ ਦੀ ਹੋਂਦ ਹੈ"।[15]

ਇਹ ਆਖਣਾ ਸਹੀ ਨਹੀਂ ਹੈ ਕਿ ਨਿਰਵਾਨ ਨਾਂਹ ਪੱਖੀ ਹੈ ਜਾਂ ਹਾਂ ਪੱਖੀ। ਇਹ ਹਰ ਪ੍ਰਕਾਰ ਦੇ ਦਵੈਤ ਤੋਂ ਮੁਕਤ ਹੈ। ਨਾਂਹ ਪੱਖੀ ਸ਼ਬਦਾਂ ਦਾ ਅਰਥ ਨਾਂਹ ਪੱਖੀ ਵਿਰਤੀ ਤੋਂ ਨਹੀਂ ਹੈ। ਇਹ ਤਾਂ ਅਸਲ ਸੱਚ ਨੂੰ ਪ੍ਰਗਟ ਕਰਨ ਦਾ ਤਰੀਕਾ ਹੈ। ਜਿਸ ਪ੍ਰਕਾਰ ਪਾਲੀ ਸ਼ਬਦ ਮੁਤੀ ਜਾਂ ਸੰਸਕ੍ਰਿਤੀ ਸ਼ਬਦ ਮੁਕਤੀ ਦਾ ਸ਼ਬਦ ਸਭ ਪ੍ਰਕਾਰ ਦੀਆਂ ਬੁਰਾਈਆਂ, ਤ੍ਰਿਸ਼ਨਾ, ਭਰਮਾਂ ਅਤੇ ਇੱਛਾਵਾਂ ਤੋਂ ਮੁਕਤ ਹੋਣਾ ਹੈ। ਸਭ ਪ੍ਰਕਾਰ ਦੀਆਂ ਰੁਕਾਵਟਾਂ ਤੋਂ ਸੁਤੰਤਰ ਹੋ ਜਾਣਾ ਹੀ ਇਸ ਦਾ ਅਰਥ ਹੈ। ਭਾਵੇਂ ਕੋਈ ਵੀ ਇਹ ਨਹੀਂ ਆਖੇਗਾ ਕਿ ਸੁਤੰਤਰਤਾ ਦਾ ਅਰਥ ਨਾਂਹ ਪੱਖੀ ਹੈ। ਪਰ ਉਹ ਕੁੱਝ ਨਾਂਹ ਪੱਖੀ ਨੂੰ ਗ੍ਰਹਿਣ ਕਰਦੀ ਹੈ। ਇਸ ਪ੍ਰਕਾਰ ਅਰੋਗ, ਅਮ੍ਰਿਤ, ਆਦਿ ਸ਼ਬਦ ਵੀ ਨਾਂਹ ਪੱਖ ਨੂੰ ਬਿਆਨ ਨਹੀਂ ਕਰਦੇ।

## ਨਿਰਵਾਨ ਦਾ ਹਾਂ ਪੱਖੀ ਸਵਰੂਪ

ਬੁੱਧ ਸਾਹਿਤ ਵਿੱਚ ਨਿਰਵਾਨ ਦੇ ਅਨੇਕਾਂ ਹਾਂ ਪੱਖੀ ਸ਼ਬਦਾਂ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਅਵਸਥਾ ਨੂੰ ਅਨੇਕਾਂ ਵਿਸ਼ੇਸ਼ਣਾ ਦੇ ਰਾਹੀਂ ਵਰਣਨ ਕੀਤਾ ਗਿਆ ਹੈ ਜਿਵੇਂ, "ਸ਼ਰਨ ਸਥਲ (ਆਸਰਾ), ਸ਼ੀਤਲ ਗੁਹਾ (ਗੁਫਾ), ਹੜ ਵਿੱਚ ਦੀਪ, ਪਰਮ ਸੁੱਖ ਦਾ ਸਥਾਨ, ਮੁਕਤੀ, ਨਿਰਵਾਨ, ਸੁਰੱਖਿਆ, ਸਰਵਉੱਚ, ਸ਼੍ਰੇਸ਼ਠ, ਅਨੂਦਭੂਤ, ਸ਼ਾਂਤ, ਵਿਰਾਮ ਸਥਲ, ਦੁਕਖਮੁਕਤ, ਸਾਰੀਆਂ ਬੁਰਾਈਆਂ ਦੀ ਦਵਾ, ਅਕੰਪਿਤ (ਕੰਬਨ ਤੋਂ ਰਹਿਤ), ਅਮ੍ਰਿਤ, ਅਮੂਰਤੀਮਾਨ, ਅਵਿਨਾਸ਼ੀ, ਸਥਾਈ, ਸਮੁੰਦਰਤੱਟ ਅਨੰਤ, ਪ੍ਰਯਤਨ ਸੁੱਖ, ਪਰਮ ਆਨੰਦ, ਅਕਥਨੀਯ, ਲਗਾਓ ਰਹਿਤ, ਪਵਿੱਤਰ ਨਗਰ ਆਦਿ।[16]

ਐਡਵਰਡ ਕੋਂਜੇ ਨੇ ਅਨੇਕ ਅਜਿਹੇ ਸ਼ਬਦਾਂ ਦਾ ਸੰਗ੍ਰਹਿ ਕੀਤਾ ਹੈ ਜੋ ਨਿਰਵਾਨ ਦਾ ਵਰਣਨ ਕਰਦੇ ਹਨ। ਉਨ੍ਹਾਂ ਸਹੀ ਲਿਖਿਆ ਹੈ – ਨਿਰਵਾਨ ਦਾ

ਸਵਰੂਪ ਹੈ – 1. ਸਰਵਉੱਚ ਲੱਕਸ਼ (ਨਿਸ਼ਾਨਾ) 2. ਸਰਵਉੱਚ 3. ਪਰਮਾਰਥ 4. ਅਗੱਗਮ 5. ਸਯਯੋ 6. ਪ੍ਰਨਿਤ 7. ਅਨੁਤ੍ਰਮ 8. ਪਰਮੋਤਕ੍ਰਸ਼ਟ 9. ਅਪਵਗਗ। ਨਿਰਵਾਨ ਦੀ ਚਰਮ ਸੀਮਾ ਇਸ ਵਿੱਚ ਹੈ ਕਿ ਉਹ ਅਜਿਹੇ ਚੇਲੇ ਨੂੰ ਸਹੀ ਰੂਪ ਨਾਲ ਦਿੱਤਾ ਜਾਵੇ ਜਿਸ ਦੇ ਵਿਚਾਰ ਸ਼ਾਂਤ ਹੋਣ, ਕ੍ਰਿਤ ਵਿੱਚ ਕੁੱਝ ਜੋੜਨ ਦੀ ਜ਼ਰੂਰਤ ਨਹੀਂ ਹੈ ਅਤੇ ਨਾ ਹੀ ਕੁੱਝ ਕਰਨਾ ਬਾਕੀ ਰਹਿ ਗਿਆ ਹੈ। ਜਿਵੇਂ ਚਟਾਨ ਤੋਂ ਵੀ ਹਵਾ ਨਹੀਂ ਕੰਬਦੀ ਇਸੇ ਤਰ੍ਹਾਂ ਰੂਪ, ਸ਼ਬਦ, ਗੰਧ, ਸਵਾਦ ਆਦਿ ਕੋਈ ਵੀ ਤੱਤ ਉਸ ਨੂੰ ਵਿਚਲਤ ਨਹੀਂ ਕਰ ਸਕਦੇ। ਵਿਚਾਰ ਉਸਦੇ ਸ਼ਾਂਤ ਹੋ ਜਾਂਦੇ ਹਨ ਅਤੇ ਮੁਕਤੀ ਉਸ ਨੇ ਪ੍ਰਾਪਤ ਕਰ ਲਈ ਹੈ।[17]

ਨਿਰਵਾਨ ਦਾ ਅਨੁਭਵ ਕਰਨ ਵਾਲਾ ਵਿਅਕਤੀ ਸਰਵਉੱਚ ਤੱਤਵ ਦ੍ਰਿਸ਼ਟਾ ਕਿਹਾ ਜਾਂਦਾ ਹੈ। ਉਸ ਨੂੰ ਸੰਸਾਰ ਵਿੱਚ ਪਰਮੋਤਕਸ਼ਟ ਵਿਅਕਤੀ ਮੰਨਿਆ ਜਾਂਦਾ ਹੈ। ਉਹ ਇਸ ਲੋਕ ਵਿੱਚ ਅਤੇ ਪਰਲੋਕ ਵਿੱਚ ਤ੍ਰਿਸ਼ਨਾਵਾਂ, ਕਸ਼ਟਾਂ ਅਤੇ ਵਾਸਨਾਵਾਂ ਤੋਂ ਮੁਕਤ ਰਹਿੰਦੇ ਹੈ, ਉਹ ਚਿੰਤਾਵਾਂ ਤੋਂ ਮੁਕਤ ਅਤੇ ਸ਼ਾਂਤ ਹੈ ਅਤੇ ਪਰਮ ਆਨੰਦ ਦੀ ਅਨੁਭੂਤੀ ਕਰਨ ਵਾਲਾ ਹੈ।[18]

ਡਵਲਯੂ. ਰਾਹੁਲ ਨੇ ਮੁਕਤ ਵਿਅਕਤੀ ਦੀ ਸਮੀਖਿਆ ਕਰਦੇ ਹੋਏ ਲਿਖਿਆ ਹੈ, "ਜਿਵੇਂ ਉਹ ਸਵਾਰਥ, ਇੱਛਾ, ਘ੍ਰਿਣਾ, ਅਗਿਆਨ, ਦ੍ਰਪ ਆਦਿ ਜਿਹੇ ਵਿਕਾਰ ਭਾਵਾਂ ਤੋਂ ਮੁਕਤ ਹੈ ਉਸੇ ਪ੍ਰਕਾਰ ਹੀ ਉਹ ਸ਼ੁੱਧ, ਸ਼ਾਂਤ ਅਤੇ ਪ੍ਰੇਮ, ਕਰੁਣਾ, ਦਿਆ, ਹਮਰਦਰਦੀ, ਸਮਝ, ਸਹਿਣ ਸ਼ਕਤੀ ਆਦਿ ਭਾਵਨਾ ਨਾਲ ਭਰਿਆ ਹੈ। ਪਰ ਸੇਵਾ ਉਸ ਦੀ ਵਿਸ਼ੁੱਧਤਾ ਦੀ ਨਿਸ਼ਾਨੀ ਹੈ ਕਿਉਂਕਿ ਉਸ ਦਾ ਉਸ ਵਿੱਚ ਅਪਣਾ ਕੋਈ ਸਵਾਰਥ ਨਹੀਂ ਹੈ। ਉਸ ਨੂੰ ਨਾ ਤਾਂ ਕੁੱਝ ਮਿਲਦਾ ਹੈ ਨਾ ਇੱਕਠਾ ਕਰਦਾ ਹੈ, ਇੱਥੇ ਤੱਕ ਕਿ ਉਸ ਨੂੰ ਅਧਿਆਤਮਿਕਤਾ ਤੋਂ ਕੋਈ ਮਤਲਬ ਨਹੀਂ ਹੁੰਦਾ, ਕਿਉਂਕਿ ਆਤਮਾ, ਜਨਮ ਆਦਿ ਤੇ ਝਮੇਲਿਆਂ ਤੋਂ ਮੁਕਤ ਹੋ ਗਿਆ ਹੈ।[19]

ਨਿਰਵਾਨ ਇੱਕ ਅਸਲੀ ਤੱਤ ਹੈ ਪੱਕਾ ਰਹਿਣ ਵਾਲੇ ਸੁੱਖ ਦੀ ਅਨੁਭੂਤੀ ਹੈ, ਨੈਤਿਕ ਉਪਲੱਬਧੀ ਦੀ ਹੈ, ਨਾ ਵਰਣਨਯੋਗ ਸਥਿਤੀ ਹੈ, ਸਵੈ ਅਨੁਭਵ ਹੈ, ਪਰਮ ਉੱਚ ਦਾ ਗਿਆਨ ਹੈ, ਪਰਮ ਵਿਸ਼ੁੱਧ ਚੇਤਨਾ ਹੈ।[20] ਐਸ. ਐਨ. ਦਾਸ ਗੁਪਤਾ ਨੇ ਸਹੀ ਲਿਖਿਆ ਹੈ ਕਿ "ਨਿਰਵਾਨ ਇੱਕ ਪਰਮ ਸੁੱਖ ਦੀ ਸਥਿਤੀ

ਹੈ, ਭਾਵੇਂ ਇੱਥੇ ਪਰਮ ਸੁੱਖ ਅਤੇ ਪਰਮ ਸੁੱਖ ਦੇ ਭੋਗਣ ਵਾਲੇ ਦੇ ਵਿਚਕਾਰ ਕੋਈ ਸੰਬੰਧ ਨਹੀਂ"। ਅੱਗੇ ਉਹ ਲਿਖਦੇ ਹਨ, "ਨਿਰਵਾਨ ਨੂੰ ਅਵਿਨਾਸ਼ੀ ਅਤੇ ਪਰਮ ਸੁੱਖ ਠੀਕ ਹੀ ਆਖਿਆ ਗਿਆ ਹੈ ਕਿਉਂਕਿ ਉਸ ਨੂੰ ਬੁੱਧੀ ਨੇ ਦੁੱਖਾਂ ਤੋਂ ਮੁਕਤ ਹੋ ਕੇ ਉੱਪਰ ਅਧਿਆਤਮਿਕ ਸੰਪੂਰਨਤਾ ਪਾਉਣ ਤੋਂ ਬਾਅਦ ਪ੍ਰਾਪਤ ਕੀਤਾ ਹੈ।[21] ਰਿਜ਼ ਡੇਵਿਡ ਨੇ ਕਿਹਾ ਹੈ ਕਿ "ਨਿਰਵਾਨ ਬੋਧਿਕ ਰੂਪ ਵਿੱਚ, ਇੱਕ ਪ੍ਰਕਾਸ਼ ਹੈ, ਅੰਤਰ ਗਿਆਨ ਹੈ, ਸੱਚ ਹੈ ਅਤੇ ਅਧਿਆਤਮਕ ਰੂਪ ਤੋਂ ਸੁੱਖ, ਸਾਂਤੀ, ਸ਼ੀਤਲਤਾ, ਸੰਤੋਖ, ਚੰਗਿਆਈ ਦਾ ਪ੍ਰਤੀਕ ਹੈ ਅਤੇ ਸੰਕਲਪਨਾਤਮਕ ਰੂਪ ਵਿੱਚ ਸੁਤੰਤਰ, ਸਵੈਸ਼ਾਸਤ, ਸਰਵਉੱਚ ਅਤੇ ਸ਼ਾਂਤ ਮਿੱਤਰਤਾ ਦਾ ਧਾਰਕ ਹੈ"।[22]

## ਨਿਰਵਾਨ ਦੀਆਂ ਕਿਸਮਾਂ

ਕਈ ਬੁੱਧ ਗ੍ਰੰਥਾਂ ਵਿੱਚ ਨਿਰਵਾਨ ਦੇ ਹੇਠ ਲਿਖੇ ਚਾਰ ਪ੍ਰਕਾਰਾਂ ਨਾਲ ਵਿਆਖਿਆ ਕੀਤੀ ਗਈ ਹੈ:

1. ਅਨਾਦੀ ਕਾਲਿਕ ਪ੍ਰਾਕ੍ਰਿਤੀ ਸ਼ੁੱਧ ਨਿਰਵਾਨ:

ਇਹ ਪਰਮ ਸ਼ੁੱਧ ਹੈ, ਵਿਸ਼ੇਸ਼ ਗੁਣਾਂ ਨਾਲ ਭਰਿਆ ਹੈ, ਅਨੁਧਭੂਤ (ਜੋ ਪੈਦਾ ਨਾ ਹੋਇਆ ਹੋਵੇ) ਅਤੇ ਅਵਿਨਾਸ਼ੀ ਹੈ, ਅਕਾਸ਼ ਦੀ ਤਰ੍ਹਾਂ ਸਾਰੇ ਪ੍ਰਾਣੀਆਂ ਲਈ ਬਰਾਬਰ ਅਤੇ ਸਧਾਰਨ ਹੈ, ਧਰਮ ਤੋਂ ਨਾ ਭਿੰਨ ਹੈ ਨਾ ਇੱਕ ਸਮਾਨ ਹੈ, ਨਮਿਤ ਅਤੇ ਕਲਪ ਤੋਂ ਮੁਕਤ ਹੈ। ਵਿਤਰਕ ਵਿਚਾਰ ਅਤੇ ਸ਼ਬਦ ਤੋਂ ਪਰੇ ਹੈ, ਅੰਦਰ ਦੀ ਅਨੁਭੂਤੀ ਦਾ ਵਿਸ਼ਾ ਹੈ, ਉਹ ਪਰਮ ਉਤਕ੍ਰਿਸ਼ਟ ਸ਼ਾਂਤ ਪ੍ਰਾਣੀ ਹੈ।[23]

2. ਸੋਪਧੀਸ਼ੇਸ਼ ਨਿਰਵਾਨ:

ਇਸ ਅਵਸਥਾ ਦਾ ਵਰਣਨ ਕਰਦੇ ਹੋਏ ਬੁੱਧ ਗ੍ਰੰਥਾਂ ਵਿੱਚ ਲਿਖਿਆ ਹੈ, "ਉਹ ਭਿਕਸ਼ੂ ਅਰਹੰਤ ਹੈ ਜਿਸ ਦੀ ਵਾਸਨਾ ਸਮਾਪਤ ਹੋ ਗਈ ਹੋਵੇ। ਜੀਵਨ ਜੀ ਰਿਹਾ ਹੋਵੇ, ਜੋ ਕਰਨਾ ਸੀ ਕਰ ਲਿਆ ਹੋਵੇ, ਬੋਝ ਉਤਾਰ ਦਿੱਤਾ ਹੋਵੇ ਅਤੇ ਅਪਣਾ ਉਦੇਸ਼ ਪ੍ਰਾਪਤ ਕਰ ਲਿਆ ਹੋਵੇ ਅਤੇ ਜਨਮ ਦਾ ਕਾਰਨ ਸਮਾਪਤ ਹੋ ਗਿਆ ਹੋਵੇ। ਉਸ ਵਿੱਚ ਪੰਜ ਇੰਦਰੀਆਂ ਦਾ ਵਾਸ ਰਹਿੰਦਾ ਹੈ ਅਤੇ ਕਿਉਂਕਿ

ਉਸ ਦੀ ਹੋਂਦ ਹੈ ਇਸ ਲਈ ਉਸ ਦੇ ਰਾਹੀਂ ਹੀ ਉਹ ਅਨੁਭਵ ਕਰਦਾ ਹੈ ਕਿ ਖੁਸ਼ੀ ਜਾਂ ਨਾ ਖੁਸ਼ੀ, ਸੁੱਖ ਜਾਂ ਦੁੱਖ ਕਿ ਹੈ? ਜੋ ਕੁੱਝ ਵੀ ਉਸ ਦੀ ਵਾਸਨਵਾਂ ਦਾ ਵਿਨਾਸ਼ ਹੋਇਆ ਹੈ ਉਸ ਤੋਂ ਇਹ ਨਿਰਵਾਨ ਸੋਪਧੀਸ਼ੇਸ਼ ਨਿਰਵਾਨ ਅਖਵਾਉਂਦਾ ਹੈ।[24]

3. ਨਿਰੂਪਅਧਿਅਸ਼ੇਸ ਨਿਰਵਾਨ:

ਇਸ ਅਵਸਥਾ ਵਿੱਚ ਪੰਜ ਇੰਦਰੀਆਂ ਖਤਮ ਹੋ ਜਾਂਦੀਆਂ ਹਨ ਅਤੇ ਸਭ ਕੁੱਝ ਇਸ ਵਿੱਚ ਸ਼ਾਂਤ ਹੋ ਜਾਂਦਾ ਹੈ। ਇਹ ਉਹ ਅਵਸਥਾ ਹੈ ਜਿੱਥੇ ਕੁੱਝ ਬਾਕੀ ਨਹੀਂ ਰਹਿੰਦਾ।[25]

4. ਅਪ੍ਰਤਿਸ਼ਠਤ ਨਿਰਵਾਨ:

ਅਪ੍ਰਤਿਸ਼ਠਤ ਤੋਂ ਭਾਵ ਹੈ, ਕਿਤੇ ਨਾ ਰਹਿਣਾ। ਤਥਾਗਤ ਨੂੰ ਅਜਿਹਾ ਇਸ ਲਈ ਕਿਹਾ ਜਾਂਦਾ ਹੈ ਕਿ ਉਹ ਕਿਤੇ ਰਹਿੰਦਾ ਨਹੀਂ ਉਸ ਦੀ ਚੇਤਨਾ ਕਿਤੇ ਨਹੀਂ ਰਹਿੰਦੀ ਨਾ ਨਿਰਮਾਣ ਅਤੇ ਨਾ ਅਨਿਰਮਾਣ ਵਸਤੂਆਂ ਵਿੱਚ ਫੇਰ ਵੀ ਉਹ ਉਨ੍ਹਾਂ ਤੋਂ ਦੂਰ ਨਹੀਂ ਰਹਿੰਦਾ।[26] ਇਹ ਉਸ ਦੀ ਤੱਥਤਾ ਹੈ ਜੋ ਮਹਾਕਰੂਨਾ ਅਤੇ ਮਹਾਪ੍ਰਗਿਆ ਰਾਹੀਂ ਪ੍ਰਗਟ ਹੁੰਦੀ ਹੈ।

ਅਸਲੀਅਤ ਸੱਚ ਨੂੰ ਸਪੱਸ਼ਟ ਕਰਦੇ ਹੋਏ ਬੁੱਧ ਆਖਦੇ ਹਨ, ਹੇ ਭਿਕਸ਼ੂਓ! "ਇੱਕ ਹੀ ਸੱਚ ਸਰਵਉੱਚ ਹੈ ਉਹ ਹੈ ਨਿਰਵਾਨ, ਜੋ ਅਵਿਨਾਸ਼ੀ ਹੈ"।[27] ਉਹ ਕਾਰਨਾਂ ਅਤੇ ਅਵਸਥਾਵਾਂ ਤੋਂ ਪਰੇ ਹੈ। ਉਹ ਸਭ ਲਈ ਕਲਿਆਣਕਾਰੀ ਹੈ ਉਸ ਤੋਂ ਬਾਅਦ ਕੋਈ ਵੀ ਕੋਸ਼ਿਸ਼ ਬਾਕੀ ਨਹੀਂ ਰਹਿੰਦੀ। ਸਾਰੇ ਬੁੱਧ ਫਿਰਕੇ ਨਿਰਵਾਨ ਦੇ ਸ਼ਾਂਤ ਅਤੇ ਅਸੰਸਕ੍ਰਿਤ ਸਵਰੂਪ ਤੇ ਸਹਿਮਤ ਹਨ। ਇਸ ਦਾ ਅਰਥ ਇਹ ਹੈ ਕਿ ਨਿਰਵਾਨ ਸ਼ਾਸਵਤ ਹੈ, ਅਵਿਨਾਸ਼ੀ ਹੈ ਅਤੇ ਅਪਣੇ ਆਪ ਵਿੱਚ ਪੈਦਾ ਨਾ ਹੋਇਆ ਹੋਵੇ।

## ਅਭਿਧਰਮ ਫਿਰਕੇ ਵਿੱਚ ਨਿਰਵਾਨ:

ਮਿਲਿੰਦਪਾਹੋਂ ਵਿੱਚ ਨਿਰਵਾਨ ਨੂੰ ਹਾਂ ਪੱਖੀ, ਪਰਲੋਕਿਕ ਅਤੇ ਸਰਵਉੱਚ ਪ੍ਰਸ਼ਨੰਤਾ ਦੇਣ ਵਾਲਾ ਕਿਹਾ ਗਿਆ ਹੈ। ਉਹ ਅਨੁਭਵ ਵਾਲਾ ਹੈ ਪਰ ਵਰਣਨ ਯੋਗ ਨਹੀਂ ਹੈ। ਨਿਰਵਾਨ ਅਨੰਤ ਸੁੱਖ ਹੈ ਅਤੇ ਦੁੱਖਾਂ ਤੋਂ ਪੂਰਨ ਮੁਕਤ ਹੈ ਜਿਵੇਂ

ਸਮੁੰਦਰ ਦਾ ਪਾਣੀ ਮਾਪਿਆ ਨਹੀਂ ਜਾ ਸਕਦਾ ਉਸੇ ਤਰ੍ਹਾਂ ਨਿਰਵਾਨ ਦੀ ਡੂੰਘਾਈ ਨੂੰ ਭਾਸ਼ਾ ਦੁਆਰਾ ਦੱਸਿਆ ਨਹੀਂ ਜਾ ਸਕਦਾ। ਇਹ ਤ੍ਰਿਸ਼ਨਾ ਦੀ ਮੁਕਤੀ ਹੈ ਅਤੇ ਸਿੱਟੇ ਵਜੋਂ ਜਨਮ, ਮਰਨ, ਬੁਢਾਪਾ, ਮੌਤ ਆਦਿ ਤੋਂ ਦੂਰ ਹੈ।[28] ਜਿਵੇਂ ਗੋਬਿੰਦ ਚੰਦ ਪਾਂਡੇ ਨੇ ਕਿਹਾ ਹੈ, "ਇਸ ਪ੍ਰਕਾਰ ਥੈਰਵਾਦ ਸਮੂਚੇ ਇਤਿਹਾਸ ਵਿੱਚ ਨਿਰਵਾਨ ਨੂੰ ਹਾਂ ਪੱਖੀ, ਅਨੁਭਵ ਵਿੱਚ ਆਉਣ ਵਾਲਾ, ਨਾ ਵਰਣਨਯੋਗ ਅਤੇ ਸਰਵਉੱਚ ਰੂਪ ਵਿੱਚ ਵਰਨਣ ਕਰਦਾ ਰਿਹਾ ਹੈ"।[29]

ਹੁਣ ਅਸੀਂ ਹੀਨਯਾਨ ਦੇ ਦੋ ਪ੍ਰਮੁੱਖ ਫਿਰਕੇ ਵੈਭਾਸ਼ਿਕ ਅਤੇ ਸੋਂਤ੍ਰਾਂਤਿਕ ਦੇ ਅਨੁਸਾਰ ਨਿਰਵਾਨ ਦੇ ਸਵਰੂਪ ਦੇ ਵਿਚਾਰ ਕਰਦੇ ਹਾਂ:

ਨਿਰਵਾਨ ਨੂੰ ਇੱਥੇ "ਧਰਮ ਸੁਭਾਅ" ਕਿਹਾ ਗਿਆ ਹੈ। ਉਹ ਅਸਲ ਵਿੱਚ, ਅਵਿਨਾਸ਼ੀ ਅਤੇ ਹੋਂਦ ਵਾਲਾ ਹੈ। ਉਹ ਅਗਿਆਤ ਅਤੇ ਅਸੰਸਕ੍ਰਿਤ (ਸੰਸਕਾਰ ਹੀਨ) ਧਰਮ ਹੈ। ਨਿਰਵਾਨ ਦੇ ਹਵਾਲੇ ਵਿੱਚ ਪ੍ਰਤੀ ਸੰਖਯਾਨਿਰੋਧ ਅਤੇ ਅਪ੍ਰਤੀ ਸੰਖਯਾਨਿਰੋਧ ਦਾ ਸੰਬੰਧ ਹੈ। ਸਤਕਰੀ ਮੁਖਰਜੀ ਲਿਖਦੇ ਹਨ:

"ਪ੍ਰਤੀ ਸੰਖਯਾਨਿਰੋਧ ਕਲੇਸ਼ਾਂ ਨੂੰ ਦੂਰ ਹੋਣ ਤੇ ਸਿੱਧਾ ਨਿਰਵਾਨ ਜ਼ਾਹਰ ਕਰਦਾ ਹੈ ਅਤੇ ਅਪ੍ਰਤੀ ਸੰਖਯਾਨਿਰੋਧ ਉਸ ਦੇ ਕਾਰਨਾਂ ਅਤੇ ਹਾਲਾਤ ਨੂੰ ਦੂਰ ਕਰਨ ਦੇ ਲਈ ਕਲੇਸ਼ਾਂ ਦੀ ਅਣਹੋਂਦ ਦੀ ਗੱਲ ਕਰਦਾ ਹੈ।[30] ਜਦ ਚਿੱਤ (ਚੇਤਨਾ) ਦੇ ਸਾਰੇ ਕਲੇਸ਼ ਦੂਰ ਹੋ ਜਾਂਦੇ ਹਨ ਤਾਂ ਉਹ ਪ੍ਰਤੀ ਸੰਖਯਾਨਿਰੋਧ ਕਿਹਾ ਜਾਂਦਾ ਹੈ ਅਤੇ ਜਦ ਉਸ ਦੀ ਫੇਰ ਉਤਪਤੀ ਨਹੀਂ ਹੁੰਦੀ ਅਤੇ ਪੂਰਨ ਰੂਪ ਵਿੱਚ ਵਿਨਾਸ਼ ਹੋ ਗਿਆ ਹੋਵੇ ਤਾਂ ਉਸ ਨੂੰ ਅਪ੍ਰਤੀ ਸੰਖਯਾਨਿਰੋਧ ਕਿਹਾ ਜਾਂਦਾ ਹੈ। ਉਹ ਕਾਰਨਾਂ ਦਾ ਪੂਰਨ ਵਿਨਾਸ਼ ਅਤੇ ਫਲ ਉਤਪਤੀ ਦੀ ਅਣਹੋਂਦ ਹੈ"।[31]

ਥੈਰਵਾਦੀ ਅਕਸਰ ਨਿਰਵਾਨ ਨੂੰ ਨਾਂਹ ਪੱਖੀ ਰੂਪ ਵਿੱਚ ਬਿਆਨ ਕਰਦੇ ਹਨ। ਉਸ ਦੇ ਸਵਰੂਪ ਨੂੰ ਉਹ ਤੰਹਕਖਯ, ਅਸੰਖਤ, ਵਿਰਾਗ, ਨਿਰੋਧ, ਨਿੱਵਾਨ ਜਿਹੇ ਸ਼ਬਦਾਂ ਦੇ ਰੂਪ ਵਿੱਚ ਪੇਸ਼ ਕਰਦੇ ਹਨ। ਇਹ ਇੱਕ ਅਜਿਹੀ ਅਵਸਥਾ ਹੈ, ਜਿੱਥੇ ਘਣਤਾ, ਦ੍ਰਵਤਾ, ਗਰਮੀ, ਗਤੀ, ਅਕਾਸ਼ ਅਤੇ ਚੇਤਨਾ ਇਹ ਛੇ ਪਦਾਰਥ ਸਮਾਪਤ ਹੋ ਜਾਂਦੇ ਹਨ। ਸਰੀਰ ਦੇ ਸਮਾਪਤ ਹੋਣ ਤੇ

ਸਾਰੀਆਂ ਇੰਦਰੀਆਂ ਕ੍ਰਿਆਹੀਨ ਹੋ ਜਾਂਦੀਆਂ ਹਨ, ਉਸੇ ਤਰ੍ਹਾਂ ਜਿਸ ਤਰ੍ਹਾਂ ਤੇਲ ਦੇ ਖਤਮ ਹੋਣ ਤੇ ਦੀਵੇ ਦੀ ਜੋਤ ਚਲੀ ਜਾਂਦੀ ਹੈ।[32]

ਅਨੇਕਾ ਵਿਦਵਾਨ ਇਹ ਸਮਝਦੇ ਹਨ ਕਿ ਨਿਰਵਾਨ ਦੀਵੇ ਦੀ ਬੁਝੀ ਹੋਈ ਜੋਤ ਦੇ ਸਮਾਨ ਹੈ। ਇਹ ਬਿਲਕੁਲ ਗਲਤ ਹੈ, ਨਿਰਵਾਨ ਦੀ ਤੁਲਨਾ ਅੱਗ ਅਤੇ ਦੀਵੇ ਨਾਲ ਨਹੀਂ ਕੀਤੀ ਜਾ ਸਕਦੀ। ਡਬਲਯੂ ਰਾਹੁਲ ਨੇ ਕਿਹਾ ਹੈ, "ਇਹ ਸਪੱਸ਼ਟ ਰੂਪ ਵਿੱਚ ਸਮਝ ਲੈਣਾ ਚਾਹੀਦਾ ਹੈ ਕਿ ਨਿਰਵਾਨ ਦੀ ਤੁਲਨਾ ਬੁਝੀ ਹੋਈ ਅੱਗ ਜਾਂ ਜੋਤ ਨਾਲ ਨਹੀਂ ਕੀਤੀ ਜਾ ਸਕਦੀ। ਉਸ ਦੀ ਤੁਲਨਾ ਪੰਜ ਸਕੰਧਾਂ ਤੋਂ ਬਣੀ ਚੇਤਨਾ ਨਾਲ ਕੀਤੀ ਜਾਣੀ ਚਾਹੀਦੀ ਹੈ, ਜਿਸਨੇ ਨਿਰਵਾਨ ਦਾ ਅਨੁਭਵ ਕੀਤਾ ਹੈ"।[33]

ਇਹ ਪੰਜੇ ਸਕੰਧ ਦੁੱਖ ਦੀ ਉਤਪਤੀ ਅਤੇ ਨਿਰੋਧ ਦੇ ਵਾਸਤਵਿਕ ਅੰਗ ਹਨ। ਬੁੱਧ ਨੇ ਆਖਿਆ ਹੈ, "ਇਹ ਸਰੀਰ ਦੀ ਲੰਬਾਈ ਵਿੱਚ ਹੀ ਮੈਂ ਲੋਕ ਦੀ ਉੱਤਪਤੀ, ਨਿਰੋਧ ਅਤੇ ਉਸ ਦਾ ਮਾਰਗ ਵੇਖਦਾ ਹਾਂ"।[34] ਇੱਥੇ ਦੁੱਖ ਦੇ ਸਥਾਨ ਤੇ ਲੋਕ ਸ਼ਬਦ ਦਾ ਨਿਰਵਾਨ ਪ੍ਰਯੋਗ ਹੋਇਆ ਹੈ।

ਸੋਤ੍ਰਾਂਤਿਕ ਦੀ ਦ੍ਰਿਸ਼ਟੀ ਤੋਂ ਵੀ ਨਿਰਵਾਨ ਹਾਂ ਪੱਖੀ ਨਹੀਂ ਹੈ, ਇਹ ਇੱਕ ਅਜਿਹੀ ਅਵਸਥਾ ਹੈ, ਜਿੱਥੇ ਵਾਸਨਾਵਾਂ ਅਤੇ ਜੀਵਨ ਸਮਾਪਤ ਹੋ ਜਾਂਦਾ ਹੈ। ਇਹ ਕੁੱਝ ਪਲ ਦਾ ਪ੍ਰਕਾਸ਼ ਦਾ ਅੰਤ ਹੈ ਅਤੇ ਵਿਨਾਸ਼ ਤੋਂ ਬਾਅਦ ਇਸ ਵਿੱਚ ਕੁਝ ਵੀ ਬਾਕੀ ਨਹੀਂ ਰਹਿੰਦਾ। ਸ਼੍ਰਾਵਤਸਕੀ ਨੇ ਕਿਹਾ ਹੈ – ਨਿਰਵਾਨ ਦਾ ਅਰਥ ਜੀਵਨ ਪ੍ਰਕ੍ਰਿਆ ਦੀ ਸਮਾਪਤੀ ਹੈ।[35]

ਬਾਅਦ ਦੇ ਸੋਤ੍ਰਾਂਤਿਕ ਅਚਾਰਿਆਵਾਂ ਦਾ ਮੱਤ ਹੈ ਕਿ ਪੂਰਨ ਵਿਨਾਸ਼ ਸੰਭਵ ਨਹੀਂ ਹੈ, ਪਰ ਉਨ੍ਹਾਂ ਦਾ ਇਹ ਕਥਨ ਵੀ ਹੈ ਕਿ "ਸੂਖਮ ਚੇਤਨਾ ਦੀ ਹੋਂਦ ਰਹਿੰਦੀ ਹੈ ਜੋ ਨਿਸ਼ਚਲ ਹੋ ਜਾਂਦੀ ਹੈ"।[36]

ਅਭੀਧਾਰਮਿਕਾਂ ਦੇ ਅਨੁਸਾਰ ਹਰ ਮਨੁੱਖ ਨੂੰ ਅਪਣੇ ਲਈ ਨਿਰਵਾਨ ਪ੍ਰਾਪਤੀ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਸ ਨੂੰ ਦੂਸਰੇ ਦਾ ਫਿਕਰ ਨਹੀਂ ਕਰਨਾ ਚਾਹੀਦਾ। ਹੀਨਯਾਨੀਆਂ ਦਾ ਇਹ ਦ੍ਰਿਸ਼ਟੀਕੋਣ ਉਨ੍ਹਾਂ ਦੀ ਤੰਗ ਵਿਚਾਰਧਾਰਾ ਦਾ ਪ੍ਰਤੀਕ ਹੈ। ਜੇ ਹਰ ਮਨੁੱਖ ਦਾ ਇਹੋ ਉਦੇਸ਼ ਰਹੇ ਤਾਂ

ਭਗਵਾਨ ਬੁੱਧ ਆਪ ਦੂਸਰੀਆਂ ਦੇ ਲਈ ਉਪਦੇਸ਼ ਨਾ ਕਰਦੇ। ਮਹਾਯਾਨੀ ਵਿਚਾਰਕਾਂ ਨੇ ਹੀਨਯਾਨੀਆਂ ਦੇ ਇਸ ਦ੍ਰਿਸ਼ਟੀਕੋਣ ਨੂੰ ਸਵੀਕਾਰ ਨਹੀਂ ਕੀਤਾ।

ਸਿਕਸ਼ਾਸਮੁਚੈ ਵਿੱਚ ਇਹ ਮਹਾਯਾਨੀ ਦ੍ਰਿਸ਼ਟੀਕੋਣ ਝਲਕਦਾ ਹੈ। ਜਦ ਮੈਂ ਸੰਸਾਰੀਆਂ ਦੇ ਦੁੱਖ ਅਤੇ ਭੈ ਨੂੰ ਵੇਖਦਾ ਹਾਂ ਤਾਂ ਇੱਕਲੇ ਅਪਣੇ ਨਿਰਵਾਨ ਦੀ ਗੱਲ ਕਿਵੇਂ ਸੋਚ ਸਕਦਾ ਹਾਂ?[37]

ਇਸ ਲਈ ਬੋਧੀਸਤਵ ਸਾਰੇ ਪ੍ਰਾਣੀਆਂ ਦੇ ਕਲਿਆਣ ਅਤੇ ਨਿਰਵਾਨ ਦੀ ਗਲ ਕਰਦੇ ਹਨ। ਸਹੀ ਬੋਧੀਸਤਵ ਪ੍ਰਾਣੀਆਂ ਦੀ ਦੁੱਖ ਮੁਕਤੀ ਦੇ ਲਈ ਅਪਣੇ ਪੁੰਨ ਨੂੰ ਵੀ ਅਰਪਣ ਕਰਨ ਦੇ ਲਈ ਤਿਆਰ ਰਹਿੰਦਾ ਹੈ।

## ਮਹਾਯਾਨੀ ਨਿਰਵਾਨ ਦ੍ਰਿਸ਼ਟੀਕੋਣ

ਮਹਾਯਾਨ ਦਰਸ਼ਨ ਦੇ ਅਨੁਸਾਰ ਭਗਵਾਨ ਬੁੱਧ ਨੇ ਦੋ ਸਤਵਾਂ ਦਾ ਉਪਦੇਸ਼ ਦਿੱਤਾ, ਸੰਵ੍ਰਿਤਿ ਸੱਤਯ ਅਤੇ ਪ੍ਰਮਾਰਥ ਸੱਤਯ। ਸੰਵ੍ਰਿਤਿ ਸੱਤਯ ਅਵਾਸਤਵਿਕ (ਕਾਲਪਨਿਕ) ਅਤੇ ਵਿਵਹਾਰਕ (ਸੰਸਾਰਕ) ਹੁੰਦਾ ਹੈ। ਜਦ ਕਿ ਪ੍ਰਮਾਰਥ ਸੱਤਯ ਸਹੀ ਅਤੇ ਸਰਵਉੱਚ ਹੁੰਦਾ ਹੈ।

"ਸੰਵ੍ਰਿਤਿਸੱਤਯ ਜੇ ਅਵਾਸਤਵਿਕ ਜਾਂ ਕਾਲਪਨਿਕ ਹੁੰਦਾ ਹੈ ਤਾਂ ਉਸ ਦੀ ਕਿ ਲੋੜ ਹੈ?" ਇਸ ਪ੍ਰਸ਼ਨ ਦਾ ਉੱਤਰ ਮਹਾਯਾਨੀ ਅਚਾਰਿਆ ਨੇ ਇਸ ਪ੍ਰਕਾਰ ਦਿੱਤਾ ਹੈ, ਕਿ ਸੰਵ੍ਰਿਤਿਸੱਤਯ ਪ੍ਰਮਾਰਥੀਕ ਸੱਤਯ ਦੀ ਪ੍ਰਾਪਤੀ ਦੇ ਲਈ ਇੱਕ ਸਾਧਨ ਹੈ। ਇਹ ਕਿਹਾ ਗਿਆ ਹੈ ਕਿ ਵਿਵਹਾਰਕ ਸੱਚ ਸਾਧਨ ਹੈ ਅਤੇ ਪ੍ਰਮਾਰਥਕ ਸੱਚ ਸਾਧਨ ਹੈ। ਨਾਗ ਅਰਜਨ ਦੇ ਅਨੁਸਾਰ ਪ੍ਰਮਾਰਥ ਸੱਚ ਵਿਵਹਾਰਕ ਸੱਚ ਤੋਂ ਦੂਰ ਨਹੀਂ ਹੈ ਅਤੇ ਪ੍ਰਮਾਰਥ ਸੱਚ ਨੂੰ ਪਾਏ ਬਿਨ੍ਹਾਂ ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ।[38] ਮੱਧਮਿਕਾ ਦੇ ਅਨੁਸਾਰ ਸੰਵ੍ਰਿਤਿਸੱਤਯ ਦੇ ਵਿਸ਼ੇ ਵਿੱਚ ਆਖਣਾ ਅਸੰਭਵ ਹੈ। ਸੱਚ ਦੇ ਵਿਸ਼ੇ ਵਿੱਚ ਕਹਿਣ ਦਾ ਅਰਥ ਹੈ ਉਸ ਨੂੰ ਨਿਸ਼ਚਤ ਕਰਨਾ।

ਸਥਾਈ ਲੋਕ ਅਸਥਾਈ ਲੋਕ ਤੋਂ ਭਿੰਨ ਨਹੀਂ ਹੈ। ਦੋਹੇਂ ਪ੍ਰਤੀਤਯਸਮੁਤਪਾਦ ਦੀ ਸੀਮਾ ਵਿੱਚ ਆਉਂਦੇ ਹਨ ਇਸੇ ਨੂੰ ਸ਼ੁਨਯਤਾ ਵੀ ਕਿਹਾ ਜਾਂਦਾ ਹੈ। ਸ਼ੁਨਯਤਾ ਦੀ ਵਰਤੋਂ ਦੋ ਦ੍ਰਿਸ਼ਟੀਆਂ ਤੋਂ ਕੀਤੀ ਜਾਂਦੀ ਹੈ। ਇੱਕ ਤਾਂ ਪ੍ਰਤੀਤਯਸਮੁਤਪਾਦ ਜਾਂ ਵਿਵਹਾਰ ਦ੍ਰਿਸ਼ਟੀ ਤੋਂ ਜਿਸ ਦੇ ਅਧੀਨ ਸੰਸਾਰ

ਆਉਂਦਾ ਹੈ ਅਤੇ ਦੂਸਰਾ ਪ੍ਰਮਾਰਥ ਦ੍ਰਿਸ਼ਟੀ ਤੋਂ ਜਿਸ ਦੀ ਸੀਮਾ ਵਿੱਚ ਨਿਰਵਾਨ ਆਉਂਦਾ ਹੈ।[39]

ਸ਼ੁਨਯਤਾ ਤੋਂ ਭਾਵ ਸ਼ੁਨਯ (ਜ਼ੀਰੋ) ਨਹੀਂ, ਸਗੋਂ ਆਤਮਾ ਜਾਂ ਆਤਮਾ ਤੱਤ ਨਾਲ ਸੰਬੰਧਤ (ਆਤਮਨੀਯ) ਤੱਤ ਦਾ ਸ਼ੁਨਯ ਜਾਂ ਨਾ ਹੋਣਾ ਹੈ। ਵਿਵਹਾਰਕ ਦ੍ਰਿਸ਼ਟੀ ਤੋਂ ਸ਼ੁਨਯ ਸ਼ਬਦ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਉਹ ਤੱਤ ਜੋ ਸਾਡੀ ਮਾਨਵੀ (ਮਨੁੱਖੀ) ਪ੍ਰਗਟਾਵੇ ਤੋਂ ਬਾਹਰ ਹੈ ਇਸ ਲਈ ਇਹ ਪ੍ਰਮਾਰਥ ਤੱਤ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਮੱਧਮਿਕ ਸ਼ਾਸਤਰ ਵਿੱਚ ਕਿਹਾ ਗਿਆ ਹੈ, "ਜੋ ਸ਼ੁਨਯ ਹੈ ਉਹ ਕਿਵੇਂ ਉਤਪੰਨ ਕੀਤਾ ਜਾ ਸਕਦਾ ਹੈ? ਜੋ ਸ਼ਨਯ ਹੈ ਉਸ ਦਾ ਵਿਨਾਸ਼ ਵੀ ਕਿਵੇਂ ਹੋ ਸਕਦਾ ਹੈ? ਇਸ ਲਈ ਇਹ ਤਰਕ ਸਿੱਧ ਹੈ ਕਿ ਜੋ ਸ਼ੁਨਯ ਹੈ ਉਸਦਾ ਨਾ ਉਤਪਾਦ (ਉੱਤਪਤੀ) ਹੋ ਸਕਦਾ ਹੈ, ਅਤੇ ਨਾ ਵਿਨਾਸ਼ ਹੋ ਸਕਦਾ ਹੈ।[40]

ਨਾਗ ਅਰਜਨ ਦੀ ਦ੍ਰਿਸ਼ਟੀ ਤੋਂ ਨਿਰਵਾਨ ਦੀ ਕੋਈ ਪਹਿਚਾਣ ਨਹੀਂ ਹੈ। ਉਹ ਇਕ ਵਿਵਹਾਰਕ ਜਾਂ ਸਾਪੇਕਸ਼ ਸ਼ਬਦ ਹੈ। ਜਿਸ ਦੇ ਵਿਸ਼ੇ ਵਿੱਚ ਕੋਈ ਕੁੱਝ ਕਹਿ ਸਕਦਾ ਪਰ ਆਖਰ ਵਿੱਚ ਪ੍ਰਮਾਰਥ ਸਤਯ ਦੀ ਦ੍ਰਿਸ਼ਟੀ ਤੋਂ ਨਿਰਵਾਨ ਨਾ ਤਾਂ ਛੱਡਿਆ ਜਾ ਸਕਦਾ ਹੈ ਨਾ ਪਾਇਆ ਜਾ ਸਕਦਾ ਹੈ, ਨਾ ਉਹ ਨਸ਼ਟ ਹੈ, ਅਤੇ ਨਾ ਸ਼ਾਸਵਤ ਹੈ।

ਨਾਗ ਅਰਜਨ ਦੇ ਅਨੁਸਾਰ ਨਿਰਵਾਨ ਅਤੇ ਸੰਸਾਰ ਵਿੱਚ ਕੋਈ ਭੇਦ ਨਹੀਂ ਹੈ। ਪ੍ਰਮਾਰਥ ਸਤਯ ਦੇ ਪੱਖੋਂ ਕਿਉਂਕਿ ਦੋਹੇਂ ਸ਼ੁਨਯ ਹਨ। ਫਰਕ ਹੁੰਦਾ ਹੈ ਵਿਵਹਾਰਕ ਸੱਚ ਤੋਂ। ਉਸੇ ਤੱਤ ਨੂੰ ਜਦ ਅਸੀਂ ਕਾਰਨਵਾਦ ਦੇ ਆਧਾਰ ਤੇ ਵਿਚਾਰ ਕਰਾਂਗੇ ਤਾਂ ਉਹ ਹੀ ਸੰਸਾਰਕ ਅਖਵਾਏਗਾ ਅਤੇ ਜਦ ਉਹ ਕਾਰਨਵਾਦ ਛੱਡ ਦੇਵਾਂਗੇ ਤਾਂ ਉਹ ਹੀ ਨਿਰਵਾਨ ਅਖਵਾਏਗਾ। ਕੁੱਲ ਮਿਲਾ ਕੇ ਵਿਚਾਰ ਕਰਨ ਤੇ ਸੰਸਾਰ ਪੂਰਨ ਹੈ ਅਤੇ ਪ੍ਰਕ੍ਰਿਆ ਦੇ ਆਧਾਰ ਤੇ ਉਹ ਦ੍ਰਿਸ਼ਟੀ ਦਾ ਵਿਸ਼ਾ ਹੈ।[41]

ਕੋਂਜੇ ਦੀ ਦ੍ਰਿਸ਼ਟੀ ਵਿੱਚ ਸ਼ੁਨਤਾ ਦੀ ਦ੍ਰਿਸ਼ਟੀ ਤੋਂ ਸ਼ੁਨਯਤਾ ਭਗਤੀ ਦੀ ਪ੍ਰਕ੍ਰਿਆ ਨਾ ਸੰਬੰਧਤ ਹੈ ਉਨ੍ਹਾਂ ਲਿਖਿਆ ਹੈ, ਵਿਵਹਾਰਕ ਦ੍ਰਿਸ਼ਟੀ ਤੋਂ ਸ਼ੁਨਯਤਾ ਦਾ ਅਰਥ ਹੈ ਇਸ ਸੰਸਾਰ ਦੀ ਹੋਂਦ ਨੂੰ ਪੂਰਨ ਰੂਪ ਵਿੱਚ ਸਵੀਕਾਰ ਨਾ

ਕਰਨਾ। ਇਹ ਹੀ ਫੇਰ ਮੁਕਤੀ ਦਾ ਕਾਰਨ ਬਣਦਾ ਹੈ। ਸ਼ੁਨਯਤਾ ਤੇ ਧਿਆਨ ਕਰਨ ਨਾਲ ਅਸੀਂ ਅਗਿਆਨਤਾ ਤੋਂ ਮੁਕਤ ਹੋ ਜਾਂਦੇ ਹਾਂ ਸੰਸਾਰ ਦੇ ਮੁਕਤ ਬ੍ਰਹਮਵਾਦ ਹੋ ਜਾਂਦੇ ਹਾਂ।[42]

ਸ਼ੁਨਯਤਾ ਜੋ ਪੂਰਨ ਰੂਪ ਨੂੰ ਅਸਵੀਕਾਰ ਕਰਦੀ ਹੈ, ਉਹ ਵੀ ਹੋਂਦ ਨੂੰ ਸਿੱਧ ਕਰਦੀ ਹੈ; ਪ੍ਰਤੀਤਯ ਸਮੁਤਪਾਦ ਦੇ ਰਾਹੀਂ। ਸ਼ੁਨਯਤਾ ਨਾ ਪੂਰਨ ਬ੍ਰਹਮਵਾਦ ਹੈ ਅਤੇ ਨਾ ਅਨਿਤਯ ਵਾਦ ਹੈ।[43] ਸ਼ੁਨਯਤਾ ਦੋ ਪ੍ਰਕਾਰ ਦੀ ਹੈ ਇੱਕ ਤਾਂ ਚੇਤਨਾ ਦੀ ਸ਼ੁਨਯਤਾ ਜੋ ਧਿਆਨ ਦੇ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਦੂਸਰੀ ਚਿਤ ਦੀ ਸ਼ੁਨਯਤਾ ਜੋ ਸਦਾ ਦੇ ਲਈ ਪ੍ਰੇਤ ਰੁਕਾਵਟ ਤੋਂ ਮੁਕਤੀ ਦਿਵਾਉਂਦੀ ਹੈ। ਇਸ ਵਿੱਚ ਵਿਗਿਆਨ ਵੀ ਰੁਕ ਜਾਂਦਾ ਹੈ, ਇਹ ਦੂਸਰੇ ਪ੍ਰਕਾਰ ਦੀ ਸ਼ੁਨਯਤਾ ਇੱਕ ਪ੍ਰਕਾਰ ਦਾ ਨਿਰਵਾਨ ਹੈ।[44]

ਮੱਧਮਿਕ ਫਿਰਕੇ ਦੇ ਅਨੁਸਾਰ ਮੁਕਤੀ ਕੇਵਲ ਸ਼ੁਨਯਤਾ ਦੇ ਰਾਹੀਂ ਮਿਲ ਸਕਦੀ ਹੈ। ਜਿਸ ਵਿੱਚ ਸਾਰੇ ਸਿਧਾਂਤ, ਦ੍ਰਿਸ਼ਟੀਆਂ ਅਤੇ ਪਦਾਰਥ ਛੱਡ ਦਿੱਤੇ ਜਾਂਦੇ ਹਨ। ਏ. ਕੇ. ਲਾਡ ਨੇ ਕਿਹਾ ਹੈ, "ਇਸਦੇ ਨਾਲ ਸ਼ੁਨਯ ਸਭ ਕੁੱਝ ਹੈ, ਇਹ ਸਿਧਾਂਤ ਵੀ ਛੱਡ ਦੇਣਾ ਚਾਹੀਦਾ ਹੈ। ਇਸਦੇ ਪਿੱਛੇ ਤਰਕ ਇਹ ਹੈ ਕਿ ਤੱਤ ਅਨਿਸ਼ਚਤ ਹੈ ਉਸ ਨੂੰ ਵਿਚਾਰ ਵਿੱਚ ਲਿਆਉਣ ਦੇ ਲਈ ਨਿਸ਼ਚਤ ਸਥਿਤੀ ਵਿੱਚ ਲਿਆਉਣਾ ਪਵੇਗਾ ਅਤੇ ਨਿਸ਼ਚਤ ਵਿੱਚ ਲਿਆਉਣ ਦਾ ਅਰਥ ਹੈ ਅਸਲੀਅਤ ਦਾ ਸ਼ੁਨਯ ਹੋ ਜਾਣਾ।[45]

ਮੱਧਮਿਕ ਫਿਰਕੇ ਦਾ ਦੂਸਰਾ ਫਿਰਕਾ ਹੈ ਯੋਗਾਚਾਰ (ਵਿਗਿਆਨਵਾਦ), ਇਹ ਯੋਗ ਤੇ ਵਿਸ਼ੇਸ਼ ਬਲ ਦਿੰਦਾ ਹੈ। ਉਸ ਦੀ ਦ੍ਰਿਸ਼ਟੀ ਵਿੱਚ ਵਿਗਯਪਤੀ ਮਾਤਰਤਾ ਹੀ ਆਖਰੀ ਸੱਚ ਹੈ। ਇਸ ਲਈ ਇਸ ਨੂੰ ਵਿਗਿਆਨਵਾਦ ਕਿਹਾ ਜਾਂਦਾ ਹੈ। ਮੈਤ੍ਰਯਨਾਥ, ਅਸੰਗ ਅਤ ਵਸੂਬੰਧੂ ਇਸ ਫਿਰਕੇ ਦੇ ਵਿਸ਼ੇਸ਼ ਅਚਾਰੀਆ ਹਨ। ਇਸ ਸਿਧਾਂਤ ਦਾ ਵਰਣਨ ਮੂਲ ਰੂਪ ਵਿੱਚ ਸੰਧਿਨ੍ਰਿਮੋਚਨ ਸੂਤਰ, ਲੰਕਾਵਤਾਰ ਸੂਤਰ, ਵਿਗਯਪਤੀ ਮਾਤਰਤਾ ਸਿੱਧੀ ਅਤੇ ਵਿੰਸ਼ਤਿਕਾ ਅਤੇ ਤ੍ਰਿਸ਼ਿਕਾ (ਵਸੂਬੰਧੂ) ਵਿੱਚ ਮਿਲਦਾ ਹੈ।

ਯੋਗਾਚਾਰ ਵਿਗਿਆਨ ਵਾਦ ਦੇ ਅਨੁਸਾਰ ਵਿਗਿਆਨ ਹੀ ਆਖਰੀ ਸੱਚ ਹੈ, ਬਾਕੀ ਸਹੀ ਨਹੀਂ ਹੈ। ਬੁੱਧ ਗ੍ਰੰਥਾਂ ਵਿੱਚ ਚਿਤ, ਮਾਨਵ, ਵਿਗਿਆਨ ਅਤੇ

ਵਿਗਯਪਤੀ ਸ਼ਬਦਾਂ ਦਾ ਜ਼ਿਆਦਾ ਪ੍ਰਯੋਗ ਕੀਤਾ ਗਿਆ ਹੈ। ਵਿਗਿਆਨਵਾਦੀ ਦਾਰਸ਼ਨਿਕਾਂ ਨੇ ਵਿਗਿਆਨ ਦੇ ਤਿੰਨ ਰੂਪਾਂ ਵਿੱਚ ਫਰਕ ਕੀਤਾ ਹੈ – ਪਰਿਕਲਪਿਤ, ਪਰਤੰਤਰ ਅਤੇ ਪਰਿਨਿਸ਼ਪੰਨ। ਇਨ੍ਹਾਂ ਵਿੱਚ ਅੰਤਮ ਰੂਪ ਨਿਰਵਾਨ ਹੈ। ਇਸ ਦਾ ਅਨੁਭਵ ਸੰਸਾਰਕ ਭਰਮ ਦੇ ਦੂਰ ਹੋ ਜਾਣ ਤੇ ਹੁੰਦਾ ਹੈ। ਇਸ ਫਿਰਕੇ ਵਿੱਚ ਨਿਰਵਾਨ ਨੂੰ ਇਨ੍ਹਾਂ ਹਾਂ ਪੱਖੀ ਸ਼ਬਦਾਂ ਵਿੱਚ ਦਰਸਾਇਆ ਗਿਆ ਹੈ – ਕੁਸ਼ਲਤਾ, ਸ਼ਾਂਤੀ, ਪਵਿੱਤਰਤਾ, ਪੂਰਨ ਸ਼ਾਂਤੀ, ਸਰਵਉੱਚ ਗਿਆਨ, ਸੁਤੰਤਰਤਾ ਆਦਿ। ਇਸ ਨੂੰ ਧਰਮ ਧਾਤੂ ਅਤੇ ਧਰਮ ਕਾਇਆ ਤੋਂ ਵੀ ਪਹਿਚਾਨਿਆ ਗਿਆ ਹੈ। ਜੋ ਯੋਗੀ ਪਰਿ ਨਿਸ਼ਪਨ ਵਿਗਿਆਨ ਦਾ ਅਨੁਭਵ ਕਰ ਲੈਂਦਾ ਹੈ ਉਹ ਵਿਸ਼ ਅਤੇ ਵਸਤੂ ਦੀ ਦਵੈਤਾਂ ਤੋਂ ਮੁਕਤ ਹੋ ਜਾਂਦਾ ਹੈ। ਪਰਿਨਿਸ਼ਪੰਨ ਵਿਗਿਆਨ ਵਿਸ਼ੁੱਧ ਅਤੇ ਅਦਵੈਤ ਹੋਣ ਦੇ ਕਾਰਨ ਸਾਰੇ ਭੇਦਾਂ ਅਤੇ ਵਿਚਾਰਾਂ ਤੋਂ ਮੁਕਤ ਹੋ ਜਾਂਦਾ ਹੈ। ਉਹ ਅਕੱਥਯ ਅਤੇ ਅਤਰਕਯ (ਤਰਕ ਰਹਿਤ) ਹੈ। ਇਸ ਪ੍ਰਕਾਰ ਨਿਰਵਾਨ ਦਾ ਵਿਗਿਆਨ ਦਾ ਸਿਧਾਂਤ ਸਹੀ ਅਤੇ ਆਦਰਸ਼ਵਾਦੀ ਹੈ। ਇਹ ਮੱਧਮਿਕ ਫਿਰਕੇ ਦੇ ਇਸ ਵਿਚਾਰ ਤੋਂ ਸਹਿਮਤ ਹੈ ਕਿ ਆਖਰੀ ਸੱਚ ਸਾਰੇ ਪ੍ਰਤੀਭਾਸਿਕ ਗੁਣਾਂ ਤੋਂ ਸ਼ੁਨਯ ਹੈ।

## ਨਿਰਵਾਨ ਦਾ ਸਵਰੂਪ

ਨਿਰਵਾਨ ਦਾ ਅਸਲ ਰੂਪ ਵਿੱਚ ਵਰਣਨ ਨਹੀਂ ਕੀਤਾ ਜਾ ਸਕਦਾ ਫੇਰ ਵੀ ਉਸ ਦਾ ਅਨੁਭਵ ਕੀਤਾ ਜਾ ਸਕਦਾ ਹੈ। ਕਿਸੇ ਵਸਤੂ ਦਾ ਵਰਣਨ ਕੀਤਾ ਜਾ ਸਕਦਾ ਹੈ ਪਰ ਨਿਰਵਾਨ ਨਾ ਵਸਤੂ ਹੈ ਨਾ ਅਵਸਤੂ ਹੈ। ਭਗਵਾਨ ਬੁੱਧ ਨੇ ਕਿਹਾ ਜੋ ਨਿਵ੍ਰਿਤ ਹੋ ਗਿਆ ਹੈ ਉਹ ਮਾਪਿਆ ਨਹੀਂ ਜਾ ਸਕਦਾ। ਉਸ ਪਾਸ ਕੁੱਝ ਵੀ ਬਾਕੀ ਨਹੀਂ ਰਹਿੰਦਾ ਕਿ ਉਸ ਨੂੰ ਕੋਈ ਨਾਮ ਦਿੱਤਾ ਜਾਵੇ। ਜਦ ਸਾਰੇ ਧਰਮਾ ਦਾ ਅੰਤ ਹੋ ਜਾਂਦਾ ਹੈ, ਤਾਂ ਆਖਣ ਦੇ ਸਾਰੇ ਰਾਹ ਸਮਾਪਤ ਹੋ ਜਾਂਦੇ ਹਨ।

ਨਿਰਵਾਨ ਦੀ ਨਾ ਵਰਣਨਯੋਗ ਅਵਸਥਾ ਨੂੰ ਨਾਗਾਰਜਨ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ – ਉਹ ਕਿ ਹੈ ਜੋ ਮੁਕਤ ਕੀਤਾ ਗਿਆ ਹੈ, ਨਾ ਕਦੇ ਪਹੁੰਚ

ਪਾਇਆ ਹੈ, ਨਾ ਨਸ਼ਟ ਹੋਇਆ ਹੈ, ਨਾ ਸ਼ਾਸਵਤ ਹੈ, ਨਾ ਅਦਿੱਖ ਹੈ, ਨਾ ਉਸ ਦੀ ਰਚਨਾ ਹੋਈ ਹੈ, ਇਹ ਹੀ ਨਿਰਵਾਨ ਹੈ।[46]

ਭਾਵੇਂ ਨਿਰਵਾਨ ਵਰਣਨਯੋਗ ਨਹੀਂ ਹੈ ਪਰ ਉਸ ਨੂੰ ਵਰਣਨ ਕਰਨ ਦੀ ਕੋਸ਼ਿਸ਼ ਨਾਂਹ ਪੱਖੀ ਜਾਂ ਹਾਂ ਪੱਖ ਰੂਪ ਵਿੱਚ ਨਹੀਂ ਕੀਤਾ ਗਿਆ। ਨਿਰਵਾਨ ਦੇ ਨਾਹ ਪੱਖੀ ਅਤੇ ਹਾਂ ਪੱਖੀ ਰੂਪ ਤੇ ਅਸੀਂ ਵਿਚਾਰ ਕਰ ਚੁੱਕੇ ਹਾਂ। ਨਿਰਵਾਨ ਦਾ ਇੱਕ ਪਰਿਆਏ ਵਾਚੀ ਸ਼ਬਦ ਹੈ ਬੋਧੀ। ਜੋ ਬੋਧੀ ਦਾ ਅਨੁਭਵ ਕਰ ਲੈਂਦਾ ਹੈ ਉਹ ਬੁੱਧ ਹੈ। ਬੁੱਧਤਵ ਦੀ ਪ੍ਰਾਪਤੀ ਹੋਣ ਤੋਂ ਬਾਅਦ ਗਿਆਨ ਅਤੇ ਆਚਾਰ ਦੀ ਪੂਰਨਤਾ ਅਤੇ ਪਰਮ ਸ਼ਾਂਤੀ ਪ੍ਰਾਪਤ ਹੁੰਦੀ ਹੈ। ਐਲ. ਐਮ. ਜੋਸ਼ੀ ਨੇ ਲਿੱਖਿਆ ਹੈ, "ਅੰਤਰ ਗਿਆਨ ਦਾ ਅਨੁਭਵ ਹੋ ਜਾਣ ਤੇ ਵਿਸ਼ੁੱਧੀ ਅਤੇ ਸ਼ਾਂਤੀ ਆ ਜਾਂਦੀ ਹੈ, ਇਸ ਲਈ ਨਿਰਵਾਨ ਵਿਸ਼ੁੱਧੀ, ਬੋਧੀ ਅਤੇ ਸ਼ਾਂਤੀ ਕਿਹਾ ਜਾਂਦਾ ਹੈ। ਬੋਧੀ ਦੇ ਕਾਰਨ ਹੀ ਬੁੱਧ ਨੂੰ ਬੁੱਧ ਕਿਹਾ ਗਿਆ ਹੈ। ਨਿਰਵਾਨ ਦੀ ਅਵਸਥਾ ਉੱਚੇ ਦਰਜ਼ੇ ਦੀ ਯਥਾਰਥ ਅਵਸਥਾ ਹੈ। ਜੋ ਬੋਧੀ ਦੇ ਅਨੁਭਵ ਤੋਂ ਬਾਅਦ ਪ੍ਰਾਪਤ ਹੁੰਦੀ ਹੈ। ਇਹ ਅਨੁਭਵ ਰਹੱਸਆਤਮਕ ਹੁੰਦਾ ਹੈ"।[47]

## ਬੁੱਧ ਦਾ ਬੋਧ ਸਿਧਾਂਤ

ਮੁਕਤ ਵਿਅਕਤੀਤਵ ਦੇ ਲਈ ਬੋਧ ਸ਼ਬਦ ਹੈ ਬੁੱਧ। ਬੁਧਤਵ ਵਿੱਚ ਸਰਵੱਗਤਾ ਵੀ ਛੁਪੀ ਹੋਈ ਹੈ। ਜੋ ਬੁੱਧਤੱਤਵ ਨੂੰ ਪ੍ਰਾਪਤ ਕਰ ਲੈਂਦਾ ਹੈ ਉਹ ਸਾਰੇ ਜਾਣਨਯੋਗ ਨੂੰ ਜਾਣ ਲੈਂਦਾ ਹੈ। ਬੁੱਧ ਸਭ ਤੋਂ ਪਹਿਲਾਂ ਪੰਜ ਅਭਿਗਯਾਵਾਂ (ਸਰਵਉੱਚ ਗਿਆਨ) ਪ੍ਰਾਪਤ ਕਰਦਾ ਹੈ – ਦਿਵਯ ਸ਼ਰੋਤ, ਦਿਵਯ ਚਕਸ਼ੂ, ਪਰਿਚਤ ਗਿਆਨ, ਪੂਰਵਨਿਵਾਸਨੁਸਮ੍ਰਿਤਿ ਅਤੇ ਆਸ਼ਰਵਕਸ਼ਯਗਿਆਨ।

ਬੋਧਾਂ ਨੇ ਬੁੱਧ ਨੂੰ ਇਨ੍ਹਾਂ ਸ਼ਬਦਾਂ ਨਾਲ ਸਨਮਾਨਤ ਕੀਤਾ ਹੈ – ਸ਼ੁੱਧ, ਬੁੱਧ, ਤਥਾਗਤ, ਸਰਵੱਗ, ਅਨੂਪਮਯ, ਤੀਰਥੰਕਰ ਆਦਿ। ਇਨ੍ਹਾਂ ਸ਼ਬਦਾਂ ਵਿੱਚ ਬੁੱਧ ਦੀ ਅਧਿਆਤਮਿਕ ਅਤੇ ਚਰਿਤਰ ਦੀ ਸੰਪੂਰਨਤਾ ਦੇ ਦਰਸ਼ਨ ਹੁੰਦੇ ਹਨ। ਕੁੱਝ ਬੁੱਧ ਗ੍ਰੰਥਾਂ ਵਿੱਚ ਬੁੱਧ ਦੇ ਦਸ ਬੋਧੀ ਗੁਣਾਂ ਦਾ ਵਰਣਨ ਮਿਲਦਾ ਹੈ ਜੋ ਬੁੱਧਤਵ ਦੀ ਪ੍ਰਾਪਤੀ ਤੋਂ ਬਾਅਦ ਉਨ੍ਹਾਂ ਨੂੰ ਪ੍ਰਾਪਤ ਹੋਏ ਸਨ।[48]

1. ਸੰਭਵ ਨੂੰ ਸੰਭਵ ਅਤੇ ਅਸੰਭਵ ਨੂੰ ਅਸੰਭਵ ਸਮਝਣਾ।

2. ਭੂਤ ਵਰਤਮਾਨ ਅਤੇ ਭਵਿੱਖ ਕਰਮਾਂ ਦੀ ਫਲ ਅਵਸਥਾ ਨੂੰ ਜਾਣਨਾ।
3. ਸਾਰੇ ਮਾਰਗਾਂ ਦਾ ਗਿਆਨ।
4. ਸੰਸਾਰਿਕ ਹੋਂਦ ਦੇ ਭਿੰਨ ਭਿੰਨ ਪਹਿਲੂਆਂ ਦਾ ਗਿਆਨ।
5. ਸ਼ਖਸਿਅਤ ਦੀਆਂ ਕਿਸਮਾਂ ਦਾ ਗਿਆਨ।
6. ਹੋਰ ਪ੍ਰਾਣੀਆਂ ਦੀ ਸਥਿਤੀ ਦਾ ਗਿਆਨ।
7. ਅਵਿਸ਼ੁੱਧੀ, ਵਿਸ਼ੁੱਧੀ, ਵਿਕਾਸ, ਮੁਕਤੀ, ਧਿਆਨ, ਸਮਾਧੀ ਆਦਿ ਦਾ ਗਿਆਨ।
8. ਪਿੱਛਲੇ ਜਨਮਾਂ ਦਾ ਗਿਆਨ।
9. ਦਿਵਯ ਚਕਸ਼ੂਆਂ (ਅੱਖਾਂ) ਰਾਹੀਂ ਜੀਵ ਨੂੰ ਜਨਮ ਗਿਆਨ ਉਨ੍ਹਾਂ ਦੇ ਕਰਮ ਅਨੁਸਾਰ।
10. ਕਰਮ ਖਾਤਮੇ ਤੋਂ ਬਾਅਦ ਬੁੱਧ ਨੇ ਆਪ ਬੋਧੀ ਪ੍ਰਾਪਤ ਕੀਤੀ।

## ਬੁੱਧ ਦੇ ਵਿਸ਼ੇਸ਼ਣ ਅਤੇ ਗੁਣ

ਬੁੱਧ ਤੋਂ ਭਾਵ ਹੈ ਗਿਆਨੀ, ਬੁੱਧੀਮਾਨ। ਅਸੀਂ ਪਹਿਲਾਂ ਆਖ ਚੁੱਕੇ ਹਾਂ ਕਿ ਗਿਆਨ ਦੇ ਨਾਲ ਸਰਵੱਗਤਾ ਜੁੜੀ ਹੋਈ ਹੈ। ਬੁੱਧ ਨੂੰ ਸਰਵੱਗ ਕਿਹਾ ਜਾਂਦਾ ਹੈ, ਕਰਮ ਅਤੇ ਦੁੱਖਾਂ ਦਾ ਮੂਲ ਕਾਰਨ ਅਵਿੱਦਿਆ ਹੈ। ਪ੍ਰਗਿਆ ਦੇ ਰਾਹੀਂ ਇਸ ਅਵਿੱਦਿਆ ਦਾ ਵਿਨਾਸ਼ ਕੀਤਾ ਜਾ ਸਕਦਾ ਹੈ। ਇਹ ਸਪੱਸ਼ਟ ਹੈ ਕਿ ਬੁੱਧ ਧਰਮ ਦੇ ਅਨੁਸਾਰ ਕਰਮ ਮੁਕਤੀ ਦੇ ਨਾਲ ਗਿਆਨ ਦਾ ਸੰਬੰਧ ਹੈ। ਸਰਵਉੱਚ ਗਿਆਨ ਦੀ ਮੂਰਤੀ ਦੇ ਰੂਪ ਵਿੱਚ ਬੁੱਧ ਨੂੰ ਸਵੀਕਾਰ ਕੀਤਾ ਜਾਂਦਾ ਹੈ। ਭਾਵੇਂ ਬੁੱਧ ਦਾ ਅਰਥ ਹੈ ਜਿਸ ਨੇ ਗਿਆਨ ਪ੍ਰਾਪਤ ਕਰ ਲਿਆ ਪਰ ਇਹ ਸ਼ਬਦ ਹੁਣ ਬੁੱਧ ਧਰਮ ਦੇ ਸੰਸਥਾਪਕ ਭਗਵਾਨ ਬੁੱਧ ਨਾਲ ਜੁੜ ਗਿਆ ਹੈ। ਬੁੱਧ ਚਾਰ ਆਰਿਆ ਸਤਯ ਅਤੇ ਅਨਾਤਮ ਵਾਦ ਦੇ ਉਪਦੇਸ਼ ਕਰਤਾ ਹਨ।

ਬੁੱਧ ਨੂੰ ਤਥਾਗਤ ਕਿਹਾ ਜਾਂਦਾ ਹੈ। ਇਸ ਸ਼ਬਦ ਦਾ ਅਰਥ ਹੈ – ਇਸ ਪ੍ਰਕਾਰ ਤੋਂ ਗਏ ਅਤੇ ਇਸ ਪ੍ਰਕਾਰ ਨਾਲ ਆਏ। ਇੱਕ ਪ੍ਰੰਪਰਾ ਦੇ ਅਨੁਸਾਰ ਬੋਧੀ ਉਸੇ ਮਾਰਗ ਤੋਂ ਨਿਰਵਾਨ ਪ੍ਰਾਪਤ ਕੀਤਾ ਜਿਸ ਮਾਰਗ ਤੋਂ ਉਨ੍ਹਾਂ ਤੋਂ

ਪਹਿਲਾਂ ਹੋਏ ਬੁੱਧਾਂ ਨੇ ਪ੍ਰਾਪਤ ਕੀਤਾ ਸੀ। ਦੂਸਰੇ ਸ਼ਬਦਾਂ ਵਿੱਚ ਤਥਾਗਤ ਦਾ ਅਰਥ ਹੈ ਜਿਸ ਨੇ ਬੁੱਧਤਵ ਪ੍ਰਾਪਤ ਕਰ ਲਿਆ। ਲਾਲ ਮਨੀ ਜੋਸ਼ੀ ਨੇ ਇਸ ਸ਼ਬਦ ਦਾ ਅਰਥ ਅਤਿਸ਼੍ਰੇਸ਼ਠ ਕੀਤਾ ਹੈ। ਦੂਸਰਾ ਵਿਸ਼ੇਸ਼ਣ ਹੈ ਸੂਗਤ (ਚੰਗੀ ਤਰ੍ਹਾਂ ਨਾਲ ਗਿਆ ਹੋਇਆ) ਇੱਕ ਬੁੱਧ ਧਰਮ ਦੇ ਵਿਆਖਿਆਕਾਰ ਦੇ ਅਨੁਸਾਰ ਇਸ ਸ਼ਬਦ ਦਾ ਅਰਥ ਹੈ ਉਹ ਜੋ ਪ੍ਰਸ਼ੰਸਾਯੋਗ ਢੰਗ ਨਾਲ ਗਿਆ ਹੋਵੇ ਜਾਂ ਜੋ ਪ੍ਰਸ਼ੰਸਾ ਯੋਗ ਬਣ ਗਿਆ ਹੋਵੇ। ਬੁੱਧ ਦਾ ਇੱਕ ਹੋਰ ਪ੍ਰਚਲਤ ਵਿਸ਼ੇਸ਼ਣ ਹੈ ਅਰਹਤ। ਇਸ ਦਾ ਅਰਥ ਹੈ ਉਹ ਜੋ ਨਿਰਵਾਨ ਦੇ ਲਈ ਯੋਗ ਹੋਵੇ ਅਤੇ ਜਿਸ ਨੇ ਪ੍ਰਸ਼ੰਸਾ, ਸਨਮਾਨ ਅਤੇ ਤੋਹਫੇ ਪ੍ਰਾਪਤ ਕੀਤੇ ਹੋਣ। ਇਸ ਦਾ ਇੱਕ ਹੋਰ ਨਾਂਹ ਪੱਖੀ ਅਰਥ ਵੀ ਹੈ, ਅਰਹਤ ਉਹ ਹੈ ਜਿਸ ਨੇ ਕਰਮ ਅਤੇ ਵਿਕਾਰ ਭਾਵ ਰੂਪ ਦੁਸ਼ਮਣਾਂ ਦਾ ਖਾਤਮਾ ਕਰ ਦਿੱਤਾ ਹੋਵੇ ਅਤੇ ਜਿਸ ਦਾ ਕਲੇਸ਼ ਦਾ ਪਰਦਾ ਦੂਰ ਹੋ ਚੁੱਕਾ ਹੋਵੇ।

ਬੁੱਧ ਗ੍ਰੰਥਾਂ ਵਿੱਚ ਸੈਂਕੜੇ ਵਿਸ਼ੇਸ਼ਣ ਬੁੱਧ ਦੇ ਲਈ ਇਸਤਮਾਲ ਹੋਏ ਹਨ। ਪ੍ਰੰਤੂ ਕੁਝ ਹਨ - ਕਾਰੂਨੀ, ਸ਼ਾਸਤਾ, ਮੁਕਤ, ਭਗਵੰਤ, ਮਾਰਜਿਤ, ਸਵਯੰਭੂ, ਬ੍ਰਹਮਭੂਤ, ਧਰਮਭੂਤ ਆਦਿ। ਪੂਰਨ ਬੁੱਧ ਵਿੱਚ ਦਸ ਬਲ ਮੰਨੇ ਜਾਂਦੇ ਹਨ ਜਿਨ੍ਹਾਂ ਦਾ ਵਰਣਨ ਅਸੀਂ ਉੱਪਰ ਕਰ ਚੁੱਕੇ ਹਾਂ। ਉਨ੍ਹਾ ਨੂੰ ਚਾਰ ਵੈਸ਼ਾਰਧੋਂ ਦੀ ਪ੍ਰਾਪਤੀ ਹੁੰਦੀ ਹੈ, ਜਿਸ ਦੇ ਆਧਾਰ ਤੇ ਕੋਈ ਇਹ ਨਹੀਂ ਆਖ ਸਕਦਾ ਕਿ ਉਹ ਫਲਾਣੇ ਤੱਤ ਨੂੰ ਨਹੀਂ ਜਾਣਦੇ। ਇਹ ਚਾਰ ਵਿਸ਼ਾਰਧ ਹਨ - ਧਰਮਗਿਤਾ, ਆਸ਼ਰਵਸ਼ਾਏਦਾਨ, ਪ੍ਰਤੀਰੋਧ ਗਿਆਨ, ਦੁੱਖਕਸਾਏਮਾਰਗਗਿਆਨ।

ਦਸ ਫਲ ਅਤੇ ਚਾਰ ਵਿਸ਼ਾਰਧਾਂ ਤੋਂ ਛੁੱਟ ਬੁੱਧ ਦੇ 18 ਪ੍ਰਕਾਰ ਦੇ ਹੋਰ ਗੁਣ ਵੀ ਹਨ ਜਿਨ੍ਹਾਂ ਨੂੰ ਅਵੈਨਿਕ ਧਰਮ ਕਿਹਾ ਗਿਆ ਹੈ। **ਅਵੈਨਿਕ** ਦਾ ਅਰਥ ਹੈ ਵਿਸ਼ੇਸ਼ ਜਾਂ ਅਸਧਾਰਨ। ਇਹ ਧਰਮ ਹੋਰ ਕਿਸੇ ਸ਼ਖਸਿਅਤ ਵਿੱਚ ਨਹੀਂ ਪਾਏ ਜਾਂਦੇ ਹਨ, ਇਸ ਲਈ ਇਨ੍ਹਾ ਨੂੰ ਅਸਧਾਰਨ ਮੰਨਿਆ ਜਾਂਦਾ ਹੈ। ਹੋਰ ਸ਼ਖਸਿਅਤਾਂ ਤੋਂ ਬੁੱਧ ਦੀ ਸ਼ਖਸ਼ਿਅਤ ਨੂੰ ਇਨ੍ਹਾਂ ਧਰਮਾਂ ਦੇ ਆਧਾਰ ਤੇ ਵੱਖ ਕੀਤਾ ਜਾਂਦਾ ਹੈ। ਇਹ 18 ਧਰਮ ਇਸ ਪ੍ਰਕਾਰ ਹਨ - ਦਸ ਬਲ, ਚਾਰ ਵਿਸ਼ਾਰਧ, ਤਿੰਨ ਸਮ੍ਰਿਤਯੁਸਥਾਨ ਅਤੇ ਮਹਾਕਰੁਣਾ। ਸਥਾਨਅਵਸਥਾ ਗਿਆਨ, ਕਰਮ ਵਿਪਾਕ ਗਿਆਨ, ਧਿਆਨ, ਵਿਮੋਕਸ਼, ਸਮਾਧੀ, ਸਮਾਪੱਤੀ,

ਸ੍ਵਤਰਗਾਮਨੀ ਪ੍ਰਤੀਪਜੱਜਯ ਗਿਆਨ, ਪੂਰਵਭਵਗਿਆਨ ਅਤੇ ਆਸ਼ਰਵਕਸ਼ਏ ਗਿਆਨ ਇਹ ਦਸ ਬਲ ਹਨ। ਸਰਵ ਧਰਮ ਅਭਿਸਮਬੋਧੀ, ਸਰਵਾਭਵ ਗਿਆਨ, ਅੰਤਰਾਏ ਧਰਮ ਵਿਆਕਰਨ ਅਤੇ ਨਿਆਏ ਪ੍ਰਤੀਪਦ ਵਿਆਕਰਣ ਇਹ ਚਾਰ ਵਿਸ਼ਾਰਧ ਹਨ। ਇਨ੍ਹਾਂ ਸਾਰਿਆਂ ਨੂੰ ਇਸ ਪ੍ਰਕਾਰ ਸਮਝ ਸਕਦੇ ਹਾਂ:-

1. ਬੁੱਧ ਸਾਰੇ ਅਪਰਾਧ ਅਤੇ ਭੁਲਾਂ ਤੋਂ ਮੁਕਤ ਹਨ
2. ਵੱਡਬੋਲਾਪਣ ਦਾ ਨਾ ਹੋਣਾ
3. ਸਚੇਤਨਾ
4. ਚਿਤ ਸਮਾਹਿਤ
5. ਏਕਾਤਮਾ ਅਤੇ ਸਮਤਾ
6. ਨਿਆਏ ਦ੍ਰਿਸ਼ਟੀ
7. ਕੁਸ਼ਲ ਵਾਸਨਾ
8. ਸ਼ਕਤੀ ਸੰਪੰਨਤਾ
9. ਸਜਗਤਾ (ਜਾਗਰਤੀ)
10. ਸਮਾਧੀ ਸਥਿਰਤਾ
11. ਪ੍ਰਗਿਆਵਾਨ
12. ਸ਼ਾਸ਼ਵਤਮੁਕਤੀਸਥਿਤਾ
13. ਗਿਆਨਪੂਰਵਕ ਕਰਮ
14. ਗਿਆਨ ਪੂਰਵਕ ਸ਼ਬਦ
15. ਗਿਆਨ ਪੂਰਵਕ ਵਿਚਾਰ
16. ਪਿੱਛਲੇ ਜਨਮ ਦਾ ਗਿਆਨ
17. ਵਰਤਮਾਨ ਜਨਮ ਦਾ ਗਿਆਨ
18. ਭਵਿੱਖ ਦਾ ਗਿਆਨ

ਬੁੱਧ ਦੀ ਮਹਾਨਤਾ ਨੂੰ ਸਭ ਨੇ ਸਵੀਕਾਰ ਕੀਤਾ ਹੈ ਕਿਉਂਕਿ ਉਸ ਦੀ ਅਨੁਪਮ ਮਹਾਕਰੁਣਾ ਸਾਰੇ ਜੀਵਾਂ ਨਾਲ ਜੁੜੀ ਹੋਈ ਹੈ। ਮਹਾਕਰੁਣਾ ਉਨ੍ਹਾਂ ਵਿਸ਼ੇਸ਼ਣ ਬਣ ਗਿਆ ਹੈ। ਉਹ ਸਾਰੇ ਪ੍ਰਾਣੀਆਂ ਨੂੰ ਅਪਣੀ ਸੰਤਾਨ ਦੀ ਤਰ੍ਹਾਂ ਪਿਆਰ ਕਰਦੇ ਹਨ। ਮਹਾਕਰੁਣਾ ਦੇ ਨਾਲ ਹੀ ਬੁੱਧ ਪੂਰਨ ਸ਼ੁੱਧ ਹਨ। ਉਨ੍ਹਾਂ ਦੇ ਵਿਚਾਰ, ਸ਼ਬਦ ਅਤੇ ਬਾਣੀ ਵਿੱਚ ਕਿਸੇ ਪ੍ਰਕਾਰ ਦੀ ਅਸ਼ੁੱਧੀ ਨਹੀਂ।

## ਨਿਰਵਾਨ ਦਾ ਮਾਰਗ

ਬੁੱਧ ਦੇ ਉਪਦੇਸ਼ਾਂ ਵਿੱਚ ਸਭ ਤੋਂ ਮਹੱਤਵਪੂਰਨ ਜਗ੍ਹਾ ਚਾਰ ਆਰੀਆ ਸਤਯ (ਸਚਾਈਆਂ) ਨੂੰ ਦਿੱਤਾ ਜਾਂਦਾ ਹੈ। ਪਹਿਲੇ ਦੋ ਸੱਚ ਦੁੱਖ ਅਤੇ ਦੁੱਖ ਨਾਲ ਭਰੇ ਸੰਸਾਰ ਅਤੇ ਉਸ ਦੇ ਕਾਰਨਾਂ ਨੂੰ ਸਪੱਸ਼ਟ ਕਰਦੇ ਹਨ। ਤੀਜਾ ਅਤੇ ਚੋਥਾ ਸੱਚ ਇਨ੍ਹਾਂ ਕਾਰਨਾਂ ਤੋਂ ਮੁਕਤ ਹੋਣ ਦਾ ਰਾਹ ਦੱਸਦਾ ਹੈ। ਵਿਸ਼ੇਸ਼ ਰੂਪ ਵਿੱਚ ਚੋਥਾ ਸੱਚ ਨਿਰਵਾਨ ਪ੍ਰਾਪਤੀ ਦੇ ਸਾਧਨ ਨੂੰ ਪੇਸ਼ ਕਰਦਾ ਹੈ। ਨਿਰਵਾਨ ਦੇ ਇਸ ਮਾਰਗ ਨੂੰ ਮੱਧਿਅਮ ਮਾਰਗ ਕਿਹਾ ਜਾਂਦਾ ਹੈ। ਵਿਸ਼ੇ ਭੋਗਾਂ ਅਤੇ ਕਾਇਆ ਕਲੇਸ਼ਾਂ ਦੀਆਂ ਤਕਲੀਫਾਂ ਦੇ ਵਿੱਚ ਇਹ ਸੁਮੇਲ ਸਥਾਪਤ ਕਰਦਾ ਹੈ।

ਪ੍ਰਾਚੀਨ ਪਾਲੀ ਅਤੇ ਸੰਸਕ੍ਰਿਤ ਸਾਹਿਤ ਵਿੱਚ ਨਿਰਵਾਨ ਦੇ ਮਾਰਗ ਦੇ ਰੂਪ ਵਿੱਚ ਸ਼ੀਲ, ਸਮਾਧੀ ਅਤੇ ਪ੍ਰਗਿਆ ਦਾ ਵਰਣਨ ਮਿਲਦਾ ਹੈ। ਬਾਅਦ ਵਿੱਚ ਇਸੇ ਨੂੰ ਅਸ਼ਟਾਂਗ ਮਾਰਗ ਵੀ ਕਿਹਾ ਗਿਆ ਹੈ। ਇਹ ਅੱਠ ਮਾਰਗ ਹਨ:-

1. ਸੱਮਿਅਕ (ਸਹੀ) ਦ੍ਰਿਸ਼ਟੀ
2. ਸੱਮਿਅਕ ਸੰਕਲਪ
3. ਸੱਮਿਅਕ ਵਾਚਾ
4. ਸੱਮਿਅਕ ਕਰਮ
5. ਸੱਮਿਅਕ ਅਜੀਵਕਾ
6. ਸੱਮਿਅਕ ਵਿਯਾਯਾਮ
7. ਸੱਮਿਅਕ ਸਮ੍ਰਿਤੀ
8. ਸੱਮਿਅਕ ਸਮਾਧੀ

ਸੱਮਿਅਕ ਦ੍ਰਿਸ਼ਟੀ ਤੋਂ ਅਰਥ ਹੈ ਜੀਵਨ ਦਾ ਸਹੀ ਦ੍ਰਿਸ਼ਟੀਕੋਣ। ਬੁੱਧ ਧਰਮ ਮਿੱਥਿਆ ਧਾਰਨਾਵਾਂ ਅਤੇ ਗਲਤ ਵਿਚਾਰਧਾਰਾ ਨੂੰ ਨਿਰਵਾਨ ਪ੍ਰਾਪਤੀ ਵਿੱਚ ਸਭ ਤੋਂ ਵੱਡੀ ਰੁਕਾਵਟ ਤੱਤ ਮੰਨਦਾ ਹੈ। ਚਾਰ ਆਰੀਆ ਸਤਯ ਦਾ ਗਿਆਨ ਸੱਮਿਅਕ ਦ੍ਰਿਸ਼ਟੀ ਦੀ ਉਤਪਤੀ ਦੇ ਕਾਰਨ ਹੁੰਦਾ ਹੈ। ਸੱਮਿਅਕ ਸੰਪਰਕ ਦਾ ਸੰਕਲਪ ਨਿਰਵਾਨ ਪ੍ਰਾਪਤੀ ਦੀ ਦਿਸ਼ਾ ਵੱਲ ਦ੍ਰਿੜ ਸੰਕਲਪ, ਹੋਸਲਾ ਅਤੇ ਉਤਸ਼ਾਹ ਦਾ ਪ੍ਰਤੀਕ ਹੈ। ਸੱਮਿਅਕ ਵਾਚਾ ਤੋਂ ਭਾਵ ਹੈ – ਸਹੀ ਅਤੇ ਸੱਚ ਬੋਲਣਾ, ਇਸ ਵਿੱਚ ਝੂੱਠ ਬੋਲਣਾ, ਈਰਖਾ ਨਾਲ ਕੋਈ ਗੱਲ ਆਖਣਾ ਅਤੇ ਬੇਅਰਥ ਗੱਲ ਨੂੰ ਪੂਰਨ ਰੂਪ ਵਿੱਚ ਅਸਵੀਕਾਰ ਕੀਤਾ ਗਿਆ ਹੈ। ਸੱਮਿਅਕ ਕਰਮ ਦਾ ਅਰਥ ਹੈ ਮਨ, ਵਚਨ ਅਤੇ ਕਾਇਆ ਤੋਂ ਸਹੀ ਕੰਮ ਕਰਨਾ। ਸੱਮਿਅਕ ਅਜੀਵਕਾ ਦਾ ਸੰਬੰਧ ਸਹੀ ਕਮਾਈ ਦੇ ਸਹੀ ਸਾਧਨਾਂ ਦੇ ਉਪਯੋਗ ਤੋਂ ਹੈ। ਉਹ ਹਿੰਸਾ, ਧੋਖਾ, ਚੋਰੀ ਜਿਹੇ ਅਨੈਤਿਕ ਅਤੇ ਹਿੰਸਾਤਮਕ ਸਾਧਨਾਂ ਦਾ ਵਿਰੋਧ ਕਰਦਾ ਹੈ। ਸੱਮਿਅਕ ਪਰਿਯਤਨ ਦਾ ਅਰਥ ਹੈ ਖੁਦ ਦੀ ਵਿਸ਼ੁੱਧੀ ਲਈ ਸ਼ੁੱਧ ਕਾਰਜ ਕਰਨਾ ਅਤੇ ਮਾੜੀਆਂ ਕੋਸ਼ਿਸ਼ਾਂ ਤੋਂ ਮੁਕਤ ਰਹਿਣਾ। ਧਮਪਦ ਵਿੱਚ ਕਿਹਾ ਗਿਆ ਹੈ ਕਿ ਬੁਰਾਈ ਤੋਂ ਦੂਰ ਰਹਿਣਾ ਚੰਗਾ ਕੰਮ ਕਰਨਾ ਅਤੇ ਹਿਰਦਾ ਸ਼ੁੱਧ ਰੱਖਣਾ ਇਹ ਤਿੰਨ ਵਚਨ ਬੁੱਧ ਦੇ ਉਪਦੇਸ਼ ਹਨ।

ਸਾਰੇ ਬੁੱਧ ਸਾਹਿਤ ਵਿੱਚ ਸਮ੍ਰਿਤੀਆਂ ਦਾ ਵਿਸ਼ੇਸ ਮਹੱਤਵਪੂਰਨ ਸਥਾਨ ਹੈ। ਸਤਿਪਠਾਨ ਸੂਤ (ਦੀਧਨਿਕਾਯ ਅਤੇ ਮੱਝਿਅਮ ਨਿਕਾਯ) ਵਿੱਚ ਭਗਵਾਨ ਨੇ ਕਿਹਾ ਹੈ ਹੇ ਭਿਕਸ਼ੂਓ! ਦੁੱਖਾਂ ਤੋਂ ਮੁਕਤ ਹੋਣ ਅਤੇ ਨਿਰਵਾਨ ਪ੍ਰਾਪਤੀ ਦੇ ਲਈ ਵਿਸ਼ੁੱਧ ਮਾਰਗ ਕੋਮ ਦੇ ਹਵਾਲੇ ਵਿੱਚ ਸਮ੍ਰਿਤਯੂਪਸਥਾਨ, ਸਭ ਤੋਂ ਜ਼ਿਆਦਾ ਮਹੱਤਵਪੂਰਨ ਸਾਧਨ ਹੈ। ਇਹ ਚਾਰ ਅਣੂਸਮ੍ਰਿਤੀਆਂ ਹਨ – ਕਾਇਆਅਣੂ ਸਮ੍ਰਿਤੀ, ਵੇਦਨਾ ਅਣੂਸਮ੍ਰਿਤੀ, ਚਿਤਾਣੂਸਮ੍ਰਿਤੀ, ਅਤੇ ਧਰਮਾਣੂਸਮ੍ਰਿਤੀ। ਇਨ੍ਹਾਂ ਵਿੱਚ ਕਾਇਆ, ਵੇਦਨਾ, ਚਿੱਤ, ਅਤੇ ਧਰਮ ਦੇ ਵਿਸ਼ੇ ਵਿੱਚ ਸਭ ਤੋਂ ਜ਼ਿਆਦਾ ਚਿੰਤਨ ਕੀਤਾ ਗਿਆ ਹੈ। ਡਾ: ਲਾਲ ਮੰਨੀ ਜੋਸ਼ੀ ਨੇ ਲਿਖਿਆ ਹੈ ਅਣੂਸਮ੍ਰਿਤੀ ਇੱਕ ਅਜਿਹੀ ਸ਼ਕਤੀ ਅਤੇ ਪ੍ਰਕ੍ਰਿਆ ਹੈ ਜੋ ਮਨੁੱਖੀ ਸ਼ਖਸਿਅਤ ਦਾ ਰੂਪਾਂਤਰਨ ਕਰ ਦਿੰਦੀ ਹੈ ਅਤੇ ਅਵਿਦਿਆ ਤੋਂ ਸੱਮਿਅਕ ਦ੍ਰਿਸ਼ਟੀ ਵੱਲ ਲੈ ਜਾਂਦੀ ਹੈ।

ਉਹ ਮਨ ਵਿੱਚ ਜਾਗਰਤੀ ਅਤੇ ਸ਼ਾਂਤੀ ਸਥਾਪਤ ਕਰਨ ਦਾ ਇੱਕ ਅਮੋਧ ਸਾਧਨ ਹੈ।

ਆਖਰੀ ਮਾਰਗ ਹੈ ਸੱਮਿਅਕ ਸਮਾਧੀ, ਬੁੱਧ ਧਰਮ ਨੇ ਮਨ ਤੇ ਕਾਬੂ ਕਰਨ ਲਈ ਉਸ ਦੀ ਪ੍ਰਛਨ ਸ਼ਕਤੀ ਨੂੰ ਪ੍ਰਗਟ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ। ਧਿਆਨ ਅਤੇ ਸਮਾਧੀ ਦਾ ਉਦੇਸ਼ ਸਿਰਫ ਮਨ ਨੂੰ ਕਾਬੂ ਕਰਨਾ ਨਹੀਂ ਸਗੋਂ ਉਸ ਨੂੰ ਵਿਸ਼ੁੱਧ ਬਣਾ ਕੇ ਰੱਖਣਾ ਹੈ। ਸਧਾਰਨ ਤੋਰ ਤੇ ਸਮਾਧੀ ਦੀਆਂ ਚਾਰ ਅਵਸਥਾਵਾਂ ਦਾ ਵਰਣਨ ਮਿਲਦਾ ਹੈ: –

1. ਪਹਿਲੀ ਅਵਸਥਾ ਵਿੱਚ ਸਾਧਕ ਖੁਸ਼ੀ ਅਤੇ ਸੁੱਖ ਦਾ ਅਨੁਭਵ ਕਰਦਾ ਹੈ। ਬੁਰਾਈਆਂ ਤੇ ਮਿੱਥਿਆ ਵਿਚਾਰਾਂ ਨੂੰ ਅਤੇ ਡਰ ਅਤੇ ਸ਼ੱਕ ਦੂਰ ਹੋ ਜਾਣ ਤੇ ਇਸ ਵਿੱਚ ਸਾਧਕ ਮਾੜੀ ਦ੍ਰਿਸ਼ਟੀ ਅਤੇ ਵਿਸ਼ੇ ਭੋਗਾਂ ਦੀਆਂ ਇੱਛਾਵਾਂ ਤੋਂ ਮੁਕਤ ਰਹਿੰਦਾ ਹੈ।
2. ਦੂਜੀ ਅਵਸਥਾ ਵਿੱਚ ਮਨ ਨੂੰ ਅਕਾਗਰ, ਬੁੱਧੀ ਪੂਰਵਕ ਕੋਸ਼ਿਸ਼ ਨੂੰ ਰੋਕ ਕੇ ਕੀਤੀ ਜਾਂਦੀ ਹੈ। ਖੁਸ਼ੀ ਅਤੇ ਸੱਮਿਅਕ ਵਿਚਾਰ ਇੱਥੇ ਸਾਰੇ ਰਹਿੰਦੇ ਹਨ। ਅੰਦਰਲਾ ਗਿਆਨ ਸ਼ਕਤੀਸ਼ਾਲੀ ਰਹਿੰਦਾ ਹੈ।
3. ਤੀਜੀ ਅਵਸਥਾ ਵਿੱਚ ਸਮਤਾ ਅਤੇ ਪਰਮ ਸੁੱਖ ਦਾ ਭਾਵ ਬਾਕੀ ਰਹਿ ਜਾਂਦਾ ਹੈ ਅਤੇ ਪ੍ਰੀਤੀ ਸਮਾਪਤ ਹੋ ਜਾਂਦੀ ਹੈ।
4. ਚੋਥੀ ਅਵਸਥਾ ਵਿੱਚ ਸਭ ਪ੍ਰਕਾਰ ਦੀ ਪ੍ਰਸੰਨਤਾ ਅਤੇ ਦੁੱਖ ਨਸ਼ਟ ਹੋ ਜਾਂਦੇ ਹਨ, ਦੁੱਖ, ਆਨੰਦ ਆਦਿ ਭਾਵਾਂ ਤੋਂ ਮੁਕਤ ਇਹ ਅਵਸਥਾ ਹੁੰਦੀ ਹੈ। ਇਸ ਅਵਸਥਾ ਵਿੱਚ ਸਾਧਕ ਸਿਰਫ ਸ਼ਾਂਤੀ ਅਤੇ ਸਮਤਾ ਦਾ ਅਨੁਭਵ ਕਰਦਾ ਹੈ।

## ਸ਼ਰਧਾ

ਪਾਲੀ ਸ਼ਬਦ ਸੱਧਾ (ਸੰਸਕ੍ਰਿਤ ਸ਼ਰਧਾ) ਦਾ ਅੰਗਰੇਜ਼ੀ ਅਨੁਵਾਦ ਆਮ ਤੌਰ ਤੇ 'ਫੇਥ' ਕੀਤਾ ਜਾਂਦਾ ਹੈ। ਬੁੱਧ ਨੇ ਸ਼ਰਧਾ ਨੂੰ ਧਾਰਮਿਕ ਜੀਵਨ ਦਾ ਬੀਜ ਮੰਨਿਆ ਹੈ। ਬੁੱਧ ਅਤੇ ਉਸ ਦੀਆਂ ਸਿੱਖਿਆਵਾਂ ਵਿੱਚ ਵਿਸ਼ਵਾਸ ਕਰਨਾ ਬੋਧ ਜੀਵਨ ਦਾ ਪਹਿਲਾ ਅੰਗ ਹੈ। ਇੱਥੇ ਇਹ ਵਰਣਨਯੋਗ ਹੈ ਕਿ ਬੁੱਧ ਨੇ ਕਦੀ ਅੰਧਵਿਸ਼ਵਾਸ ਨੂੰ ਮਾਨਤਾ ਨਹੀਂ ਦਿੱਤੀ। ਸ਼ਰਧਾ ਇੱਕ ਬੋਧਿਕ ਅਤੇ

ਭਾਵਨਾਤਮਕ ਗੁਣ ਹੈ। ਮਨੁੱਖ ਨੂੰ ਬੁੱਧ ਦੇ ਉਪਦੇਸ਼ਾਂ ਦੀ ਸੱਚਾਈ ਅਤੇ ਅਸਲੀਅਤ ਦੀ ਪਰਖ ਕਰਨੀ ਪਵੇਗੀ। ਬੁੱਧ ਧਰਮ ਦਾ ਇਹ ਸਿਧਾਂਤ ਹੈ ਕਿ ਹਰ ਮਨੁੱਖ ਨੂੰ ਧਰਮ ਦੀ ਜਾਂਚ ਖੁਦ ਕਰਨੀ ਚਾਹੀਦੀ ਹੈ। ਪਰ ਸ਼ੁਰੂਆਤੀ ਤੌਰ ਤੇ ਸ਼ਰਧਾ ਮਨੁੱਖੀ ਜੀਵਨ ਦੇ ਹੋਰ ਪੱਖਾਂ ਤੇ ਵੀ ਅਪਣਾ ਪ੍ਰਭਾਵ ਛੱਡਦੀ ਹੈ। ਪਾਲੀ ਸਾਹਿਤ ਦਾ ਉਦਾਹਰਣ ਇਸ ਹਵਾਲੇ ਵਿੱਚ ਵਰਣਨਯੋਗ ਹੈ, "ਸ਼ਰਧਾ ਮਨੁੱਖ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਕੋਸ਼ ਹੈ, ਉਸ ਦੇ ਰਾਹੀਂ ਉਹ ਸੰਸਾਰ ਦੇ ਜਨਮ ਮਰਨ, ਹੱੜ ਤੋਂ ਪਾਰ ਹੋ ਜਾਂਦਾ ਹੈ, ਸ਼ਰਧਾਵਾਨ ਵਿਅਕਤੀ ਦੇ ਲਈ ਨਿਰਵਾਨ ਦਾ ਦਰ ਖੁੱਲ੍ਹਾ ਰਹਿੰਦਾ ਹੈ।[50]

ਮੱਧਿਆਂਤ ਸੂਤਰ ਵਿੱਚ ਸ਼ਰਧਾ ਦੀ ਹੋਰ ਪ੍ਰਸ਼ੰਸਾ ਕੀਤੀ ਗਈ ਹੈ। ਸ਼ਿਕਸ਼ਾਸਮੂਚਯ ਵਿੱਚ ਆਏ ਇੱਕ ਸੂਤਰ ਵਿੱਚ ਕਿਹਾ ਗਿਆ ਹੈ ਕਿ ਸ਼ਰਧਾ ਇੱਕ ਮਹਾਨ ਕਿਸ਼ਤੀ ਹੈ, ਮਹਾਯਾਨ ਦਾ ਇੱਕ ਪ੍ਰਭਾਵਸ਼ਾਲੀ ਫਿਰਕਾ ਹੀ ਪਹਿਲਾਂ ਤੋਂ ਜ਼ਿਆਦਾ ਪ੍ਰਸਿੱਧ ਹੈ ਅਤੇ ਅਪਣੀ ਸੰਸਕ੍ਰਿਤੀ ਨੂੰ ਘੇਰੇ ਹੋਏ ਹੈ। ਮੁੱਖ ਰੂਪ ਵਿੱਚ ਸ਼ਰਧਾ ਅਤੇ ਭਗਤੀ ਤੇ ਅਧਾਰਿਤ ਹੈ। ਇਸ ਪ੍ਰਾਕਰ ਸ਼ਰਧਾ ਬੁੱਧ ਨਿਰਵਾਨ ਮਾਰਗ ਵਿੱਚ ਇੱਕ ਅਮੋਗ ਸਾਧੂ ਦੇ ਰੂਪ ਵਿੱਚ ਸਥਾਪਤ ਹੈ।

## ਬੋਧੀਸਤਵ ਮਾਰਗ

ਮਹਾਯਾਨੀ ਬੁੱਧ ਧਰਮ ਵਿੱਚ ਨਿਰਵਾਨ ਦੇ ਮਾਰਗ ਨੂੰ ਸੰਸਾਰ ਪ੍ਰਸਿੱਧ ਬਣਾ ਦਿੱਤਾ ਹੈ। ਮਹਾਯਾਨੀ ਦਾਰਸ਼ਨਿਕਾਂ ਨੇ ਬੁੱਧ ਦੀ ਮਹਾਕਰੁਣਾ ਤੇ ਜ਼ਿਆਦਾ ਜੋਰ ਦਿੱਤਾ ਹੈ। ਉਨ੍ਹਾਂ ਯਥਾਰਥ ਤੱਤ ਤੇ ਚਾਨਣਾ ਪਾਇਆ ਹੈ, ਕਿ ਤਥਾਗਤ ਬੁੱਧ ਨੇ ਸੰਸਾਰਕ ਪ੍ਰਾਣੀਆਂ ਤੇ ਮਹਾਨ ਕ੍ਰਿਪਾ ਕਰਕੇ ਉਨ੍ਹਾਂ ਦੇ ਸੁੱਖ ਅਤੇ ਹਿਤ ਦਾ ਉਪਦੇਸ਼ ਦਿੱਤਾ ਸੀ। ਉਨ੍ਹਾਂ ਨੇ ਸਾਰੇ ਪ੍ਰਾਣੀਆਂ ਦੇ ਵਿਚਕਾਰ ਅਧਿਆਤਮਿਕ ਅਤੇ ਭੌਤਿਕ ਸਮਤਾ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਹਰ ਜੀਵ ਸੁੱਖ ਦੀ ਖੋਜ ਵਿੱਚ ਰਹਿੰਦਾ ਹੈ ਮੌਤ ਤੋਂ ਡਰਦਾ ਹੈ ਅਤੇ ਦੁੱਖਾਂ ਤੋਂ ਬਚਨਾ ਚਾਹੁੰਦਾ ਹੈ। ਇਹ ਤੱਥ ਇਹ ਸਪੱਸ਼ਟ ਕਰਦਾ ਹੈ ਕਿ ਸਾਰੇ ਪ੍ਰਾਣੀ ਇਕ ਸਾਰ ਹਨ ਅਤੇ ਇੱਕ ਬਰਾਬਰ ਵਿਵਹਾਰ ਦੀ ਉਮੀਦ ਕਰਦੇ ਹਨ। ਅਨੰਤਵਾਦ ਸਿਧਾਂਤ ਨੇ ਇਸ ਤੱਥ ਨੂੰ ਹੋਰ ਜ਼ਿਆਦਾ ਮਜ਼ਬੂਤ ਕੀਤਾ ਹੈ। ਜਦ ਸਾਰੇ ਪ੍ਰਾਣੀ ਆਤਮਾ ਜਿਹੇ ਤੱਤ ਤੋਂ ਰਹਿਤ ਹਨ ਤਾਂ ਵਿਅਕਤੀ ਨੂੰ ਨਿਰਵਾਨ ਦੀ ਕਿ ਜ਼ਰੂਰਤ ਹੈ?

ਇਸ ਦੀ ਮਿੱਥਿਆ ਧਾਰਨਾ ਤੇ ਅਧਾਰਤ ਹੰਕਾਰ ਨਾਲ ਕੀਤੀ ਕੋਸ਼ਿਸ਼ ਵਿਅਰਥ ਹੈ। ਇੱਕ ਸਹੀ ਧਾਰਮਿਕ ਮਨੁੱਖ ਦੇ ਲਈ ਸਾਰੇ ਪ੍ਰਾਣੀਆਂ ਦੀ ਮੁਕਤੀ ਤੇ ਵਿਚਾਰ ਕਰਨਾ ਚਾਹੀਦਾ ਹੈ। ਅਜਿਹਾ ਵਿਅਕਤੀ ਹੀ ਬੋਧੀਸਤਵ ਅਖਵਾਉਂਦਾ ਹੈ। ਉਸ ਦੀ ਇੱਛਾ ਉਸ ਦੇ ਅੰਦਰਲੇ ਗਿਆਨ ਤੇ ਨਿਰਭਰ ਕਰਦੀ ਹੈ। ਉਹ ਬੁੱਧਤਵ ਪ੍ਰਾਪਤੀ ਦੇ ਲਈ ਦ੍ਰਿੜ ਪ੍ਰਤਿਗਿਆ ਰੱਖਦਾ ਹੈ ਪਰ ਉਹ ਦੂਸਰੇ ਪ੍ਰਾਣੀਆਂ ਦੀ ਸੁਰੱਖਿਆ, ਸ਼ਾਂਤੀ ਅਤੇ ਸੁੱਖ ਲਈ ਕੰਮ ਕਰਦਾ ਹੈ। ਉਹ ਸੰਸਾਰ ਦੇ ਸੁੱਖ ਦੇ ਲਈ ਅਪਣਾ ਨਿਰਵਾਨ ਸਵੀਕਾਰ ਕਰਦਾ ਹੈ। ਇਸ ਉਦੇਸ਼ ਦੀ ਪੂਰਤੀ ਦੇ ਲਈ ਉਹ ਕੁੱਝ ਨੈਤਿਕ ਅਤੇ ਅਧਿਆਤਮ ਗੁਣਾਂ ਨੂੰ ਪ੍ਰਾਪਤ ਕਰਦਾ ਹੈ। ਇਹ ਗੁਣ ਹਨ – ਪਾਰਮਿਤਾਏਂ ਜੋ ਸੰਖਿਆ ਵਿੱਚ ਦਸ ਹਨ – ਦਾਨ ਪਾਰਮਿਤਾ, ਸ਼ੀਲ ਪਾਰਮਿਤਾ, ਸ਼ਾਂਤੀ ਪਾਰਮਿਤਾ, ਵੀਰਜ ਪਾਰਮਿਤਾ, ਧਿਆਨ ਪਾਰਮਿਤਾ ਅਤੇ ਪ੍ਰਗਿਆ ਪਾਰਮਿਤਾ। ਚਾਰ ਪੂਰਕ ਪਾਰਮਿਤਾਵਾਂ ਹਨ – ਉਪਾਯ ਕੋਸ਼ਲਯ, ਪ੍ਰਨਿਧਾਨ, ਬਲ ਅਤੇ ਗਿਆਨ।[51]

ਇਹ ਸੋਚਨਾ ਭਰਮ ਪੂਰਵਕ ਹੋਵੇਗਾ ਕਿ ਬਾਅਦ ਦੇ ਬੁੱਧਾਂ ਨੇ ਸਾਧਨਾ ਤਪ ਅਤੇ ਆਤਮਿਕ ਕੋਸ਼ਿਸ਼ਾਂ ਨੂੰ ਨਿਰਵਾਨ ਪ੍ਰਾਪਤੀ ਦੇ ਲਈ ਵਿਅਰਥ ਮੰਨਿਆ ਹੈ। ਅਸਲ ਵਿੱਚ ਬੋਧੀ ਸਤਵ ਦਾ ਚਰਿੱਤਰ ਸਵੈ ਸਾਧਨਾ ਤੇ ਜ਼ੋਰ ਦਿੰਦਾ ਹੈ। ਪਰ ਉਸ ਨੇ ਸਵੈ ਸਾਧਨਾ ਦੇ ਸਿਧਾਂਤ ਅਤੇ ਖੇਤਰ ਨੂੰ ਨਵਾਂ ਰਾਹ ਦਿੱਤਾ ਹੈ। ਉਸ ਨੇ ਬੁੱਧਤਵ ਅਤੇ ਬੋਧੀ ਸਤਵ ਦੇ ਚਰਿੱਤਰ ਨੂੰ ਇੱਕ ਨਵਾਂ ਰਾਹ ਦਿੱਤਾ ਜਿਸ ਨੇ ਸਾਰੇ ਪ੍ਰਾਣੀਆਂ ਦੇ ਨਿਰਵਾਨ ਦੇ ਨਾਲ ਆਪਣੇ ਆਪ ਦੇ ਨਿਰਵਾਨ ਨੂੰ ਜੋੜ ਦਿੱਤਾ।

ਹਵਾਲੇ:

1. L.M. Joshi "Truth; a Buddhist Perspective". The Journal of Religious Studies. Vol. IV, Punjabi University Patiala, 1972, P. 71; see Chool Bag Nalanda Edition, P. 357, Uddan Nalanda Edition 5.7
2. L.M. Joshi :Buddhist Meditation and Mysticism in Buddhism, 1969, P. 62.
3. Sanyut Nikaye 5.420, Bhikshoo Sanghrakhshak, A Survey of Buddhism P 125
4. Edward J. Thomas, The History of Buddhist Thought, P. 124
5. A Source Book in Chinese Philosophy, Translated and compilled by Wing-Tsit Chan, P. 139
6. Rudolf Otto, (Uddham) The Idea of Holy, translated by John W. Harvey, P. 25
7. L.M. Joshi Journal of religious Studies, Vol, 4 P. 73
8. Dhampad Gatha, 204
9. Dhampad Gatha 372
10. The Cultural Heritage of India, Part I, P. 556
11. E. Conze, Buddhist Thought in India, P. 57
12. E. Conze, Buddhist Thought in India, P.57
13. Uddan 8.1 and 3
14. Sanyut Nikaye 4, 251
15. W. Rahul, What the Buddha Taught P. 172, Dhigh Nikaye Part I, P. 190
16. Rhys Davids, Early Buddhism P. 172
17. E. Conze, Buddhist Thought in India, 76

18. Majjhim Nikaye Part II, P. 121, W. Rahul, What the Buddha Taught P. 172, Dhigh Nikaye Part I, P. 43
19. Majjhim Nikaye Part II, P. 121, W. Rahul, What the Buddha Taught P. 172, Dhigh Nikaye Part I, P. 43
20. R. E. Johansson, The Psychology of Nirwana, P. 112 – 115
21. Hindu Mysticism, P. 90
22. Mrs. Riz David, Buddhism P. 184; A.K. Lad, The concept of Liberation in Indian Philosophy, P. 60
23. G.C. Pandey, Studies in the Origins of Buddhism P. 448
24. E. Conze, Buddhist Texts Through the Ages, P. 96
25. E. Conze, Buddhist Texts Through the Ages, P. 96
26. D.T. Suzuki, Studies in the Lankavatarasutra, P. 96
27. L.M. Joshi, "Truth: A Buddist Perspective, The Journal of Religious Studies Vol. 4 P. 68
28. Milindprashan 3.4 – 6
29. Studies in the Origins of Buddhism P. 445
30. Buddhist Philosophy of Universal Fux, P. 246
31. J.N. Sinha – A History of Indian Philosphy, Vol. II, P. 357, A.L. Lad, Op cit. P. 66
32. W. Rahul, What the Buddha Taught, P. 39
33. W. Rahul, What the Buddha Taught, P. 41 – 42
34. W. Rahul, What the Buddha Taught, P. 42
35. Conception of Budhist Nirwana P. 29
36. G.C. Pandey, Conception of Budhist Nirwana P. 447
37. Shiksha Samuchy Gatha 1
38. Madhiyamik Shaster, 24. 10

39. C.D. Sharma, A Critical Survey of Indian Philosphy P. 86
40. Madhiyamik Shaster, 20.11
41. Stchebatsky, The Conception of Buddhist Nirvana P. 48
42. E. Conze, Buddhist Thought in India, P. 61
43. Frederick Streng, Emptiness: A Study in Religious Meaning. P. 69
44. Rune-E.A. Johansson, The Psychology of Nirvana P. 37
45. The Concept of Liberation
46. Madhiyamik Shaster, Pad 1076
47. Buddhist Meditation and Mysticism in Buddhism, Punjabi University Patiala, 1969, P. 73
48. Edwan Thomas J. History of Buddhist Thought P. 149
49. Buddhist Meditation and Mysticism in Buddhism, Punjabi University Patiala, 1969, P. 68
50. Sanyut Nikaye, 1.2 G.C. Pandey, Conception of Budhist Nirwana P. 522
51. Bhikshoo Sangh Rakhshak Survey of Buddhism, P. 425

# 7
# ਮੁਕਤੀ ਦਾ ਸਿੱਖ ਸਿਧਾਂਤ

## ਆਰੰਭਿਕਾ:

ਭਾਵੇਂ ਸਿੱਖ ਧਰਮ ਅਨੇਕਾਂ ਰੂਪ ਵਿੱਚ ਜੈਨ ਧਰਮ, ਬੁੱਧ ਧਰਮ ਅਤੇ ਹਿੰਦੂ ਧਰਮ ਨਾਲ ਮਿਲਦਾ ਜੁਲਦਾ ਹੈ, ਪਰ ਕੁੱਝ ਤੱਤਾਂ ਵਿੱਚ ਉਹ ਇਨ੍ਹਾਂ ਧਰਮਾ ਨਾਲ ਮਹੱਤਵਪੂਰਨ ਫਰਕ ਵੀ ਰੱਖਦਾ ਹੈ। ਵੈਦਿਕ ਸ਼ਰੁਤੀਆਂ ਨੂੰ ਉਹ ਪ੍ਰਮਾਣਿਕ ਨਹੀਂ ਮੰਨਦਾ। ਦੇਵੀ ਦੇਵਤਿਆਂ ਨੂੰ ਸਵੀਕਾਰ ਨਹੀਂ ਕਰਦਾ। ਇਸੇ ਤਰ੍ਹਾਂ ਵੈਦਿਕ, ਪੌਰਾਣਿਕ, ਬ੍ਰਾਹਮਣ ਧਰਮ ਨੂੰ ਵੀ ਦਰਕਿਨਾਰ ਕਰ ਦਿੰਦਾ ਹੈ। ਚਾਰ ਪ੍ਰਕਾਰ ਵਿੱਚ ਸਮਾਜਿਕ ਵਰਣ ਵਿਵਸਥਾ ਅਤੇ ਇਸਤਰੀ ਪੁਰਸ਼ ਦੇ ਵਿੱਚ ਸਮਾਜਿਕ ਧਾਰਮਿਕ ਫਰਕ ਨੂੰ ਵੀ ਸਮਾਪਤ ਕਰ ਦਿੰਦਾ ਹੈ। ਇਸ ਦ੍ਰਿਸ਼ਟੀ ਤੋਂ ਸਿੱਖ ਧਰਮ ਸ਼੍ਰਮਣ ਧਰਮ ਦੇ ਜ਼ਿਆਦਾ ਕਰੀਬ ਹੈ। ਪਰ ਮੌਲਿਕ ਭੇਦ ਇਸ ਵਿੱਚ ਹੈ ਅਦਵੈਤਵਾਦ ਦਾ। ਸਿੱਖ ਧਰਮ ਇੱਕ ਈਸ਼ਵਰ ਨੂੰ ਮੰਨਦਾ ਹੈ ਜਦਕਿ ਸ਼੍ਰਮਣ ਵਿਚਾਰਧਾਰਾ ਦੇ ਧਰਮ ਇਕ ਪਰਮ ਸੱਤਾ ਵਿੱਚ ਵਿਸ਼ਵਾਸ ਨਹੀਂ ਕਰਦੇ।

ਸਿੱਖ ਧਰਮ ਨੇ ਹਿੰਦੂ ਪ੍ਰੰਪਰਾਵਾਂ ਵਿਚੋਂ ਕਈ ਤੱਤ ਲਏ ਹਨ ਅਤੇ ਗੁਰੂ ਨਾਨਕ ਅਤੇ ਦੂਸਰੇ ਗੁਰੂ ਸਾਹਿਬਾਨ ਦੇ ਉਪਦੇਸ਼ ਦੀ ਲੋਅ ਵਿੱਚ ਇਸ ਪ੍ਰਕਾਰ ਇੱਕ ਈਸ਼ਵਰਵਾਦ, ਭਗਤੀ ਸਾਧਨਾ, ਗੁਰੂ ਦਾ ਮਹੱਤਵ ਅਤੇ ਹੋਰ ਕਈ ਗੱਲਾਂ ਸਿੱਖ ਧਰਮ ਅਤੇ ਹਿੰਦੂ ਧਰਮ ਵਿੱਚ ਸਾਂਝੀਆਂ ਹਨ। ਸਿੱਖ ਧਰਮ ਗੁਰੂ ਨਾਨਕ (1469 ਤੋਂ 1539) ਤੋਂ ਅਪਣੀ ਉੱਤਪਤੀ ਮੰਨਦਾ ਹੈ।

ਸਿੱਖ ਈਸ਼ਵਰ ਦੀ ਹੋਂਦ ਵਿੱਚ ਵਿਸ਼ਵਾਸ ਰੱਖਦੇ ਹਨ। ਗੁਰੂ ਨਾਨਕ ਨੇ ਅਪਣੇ ਪੈਰੋਕਾਰਾਂ ਨੂੰ ਇਹੋ ਉਪਦੇਸ਼ ਦਿੱਤਾ ਹੈ। ਗੁਰੂ ਨਾਨਕ ਦੇਵ ਸਿੱਖ ਧਰਮ ਦੇ ਪਹਿਲੇ ਗੁਰੂ ਮੰਨੇ ਜਾਂਦੇ ਹਨ। ਪਰਮਾਤਮਾ ਦੀ ਹੋਂਦ ਵਿੱਚ ਵਿਸ਼ਵਾਸ ਦਾ ਇਹ ਸਿਧਾਂਤ ਬਾਅਦ ਵਿੱਚ ਹੋਣ ਵਾਲੇ ਨੌਂ ਗੁਰੂ ਸਾਹਿਬਾਨਾਂ ਨੇ ਵੀ ਪ੍ਰਚਾਰਿਆ। ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀ ਗੁਰੂ ਦੀ ਸੰਸਥਾ ਖਤਮ ਕਰ ਦਿੱਤੀ ਅਤੇ ਆਦਿ ਗ੍ਰੰਥ ਨੂੰ ਸਿੱਖਾਂ ਦਾ ਗੁਰੂ ਅਤੇ ਪਥ-ਪ੍ਰਦਰਸ਼ਕ ਘੋਸ਼ਿਤ

ਕੀਤਾ। ਆਦਿ ਗ੍ਰੰਥ ਵਿੱਚ ਸੰਕਲਿਤ ਗੁਰਬਾਣੀ ਅਸਲ ਵਿੱਚ ਸਿੱਖ ਧਰਮ ਦਾ ਆਗਮ (ਧਰਮ ਗ੍ਰੰਥ) ਹੈ। ਇਹ ਸਭ ਨੂੰ ਪਤਾ ਹੈ ਕਿ ਆਦਿ ਗ੍ਰੰਥ ਵਿੱਚ ਦਰਜ ਬਾਣੀ ਕੇਵਲ ਸਿੱਖ ਗੁਰੂ ਸਾਹਿਬਾਨ ਦੀ ਹੀ ਨਹੀਂ ਸਗੋਂ ਨਾਮਦੇਵ, ਰਵਿਦਾਸ, ਫਰੀਦ ਅਤੇ ਕਬੀਰ ਜਿਹੇ ਹਿੰਦੂ ਅਤੇ ਮੁਸਲਮਾਨ ਸੰਤਾਂ ਅਤੇ ਸੂਫੀਆਂ ਦੀ ਵੀ ਹੈ। 15ਵੀਂ ਸਦੀ ਵਿੱਚ ਸਿੱਖ ਧਰਮ ਦੀ ਉਤਪਤੀ ਭਗਤੀ ਅੰਦੋਲਨ ਦੇ ਇਤਿਹਾਸ ਅਤੇ ਮੱਧ ਕਾਲੀਨ ਭਾਰਤੀ ਅਧਿਆਤਮਿਕ ਖੇਤਰ ਵਿੱਚ ਇੱਕ ਵਿਸ਼ੇਸ਼ ਘਟਨਾ ਮੰਨੀ ਜਾਣੀ ਚਾਹੀਦੀ ਹੈ। ਅਗਲੇ ਪੰਨਿਆਂ ਵਿੱਚ ਅਸੀਂ ਸਿੱਖ ਧਰਮ ਦੇ ਧਾਰਮਿਕ ਅਤੇ ਧਰਮ ਸ਼ਾਸਤਰੀ ਵਿਸ਼ਵਾਸ਼ਾਂ ਦੇ ਪਰਿਪੇਖ ਵਿੱਚ ਸਿੱਖ ਧਰਮ ਵਿੱਚ ਮੁਕਤੀ ਦੇ ਸਿਧਾਂਤ ਬਾਰੇ ਚਰਚਾ ਕਰਾਂਗੇ।

## ਏਕੀਸ਼ਵਰਵਾਦ

ਆਦਿ ਗ੍ਰੰਥ ਦੇ ਸ਼ੁਰੂ ਵਿੱਚ ਸਾਨੂੰ ਮੂਲ ਮੰਤਰ ਦੇ ਰੂਪ ਵਿੱਚ ਪਰਮਾਤਮਾ ਦਾ ਰਹੱਸਾਤਮਕ ਅਤੇ ਹੈਰਾਨੀਜਨਕ ਵਰਣਨ ਮਿਲਦਾ ਹੈ। ਮੂਲ ਮੰਤਰ ਆਖੀ ਜਾਂਦੀ ਇਸ ਰਚਨਾ ਦੇ ਸ਼ਬਦ ਇਸ ਪ੍ਰਕਾਰ ਹਨ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂੰਨੀ ਸੈਭੰ ਗੁਰਪ੍ਰਸਾਦਿ॥

"ਈਸ਼ਵਰ ਇੱਕ ਹੈ; ਉਸ ਦਾ ਨਾਮ ਸੱਚ ਹੈ; ਉਹ ਜਗਤ ਦਾ ਰਚਨਹਾਰ ਹੈ; ਉਹ ਡਰ ਰਹਿਤ ਹੈ ਅਤੇ ਵੈਰ ਰਹਿਤ ਹੈ; ਉਹ ਸਮੇਂ ਤੋਂ ਅਤੀਤ ਹੈ; ਜਨਮ ਮਰਨ ਤੋਂ ਰਹਿਤ ਹੈ; ਸਵੈ ਹੋਂਦ ਵਾਲਾ ਹੈ; ਉਸ ਦਾ ਅਨੁਭਵ ਗੁਰੂ ਦੀ ਨਦਰਿ ਨਾਲ ਹੀ ਹੁੰਦਾ ਹੈ"।

ਇਸਲਾਮ ਧਰਮ ਦੀ ਤਰ੍ਹਾਂ ਸਿੱਖ ਧਰਮ ਵੀ ਇੱਕ ਈਸ਼ਵਰਵਾਦ ਤੇ ਜ਼ੋਰ ਦਿੰਦਾ ਹੈ। ਮੂਲ ਮੰਤਰ ਵਿੱਚ ਇੱਕ ਦਾ ਹਿੰਦਸਾ ਇਹੋ ਦਰਸਾਉਂਦਾ ਹੈ ਕਿ ਈਸ਼ਵਰ ਇੱਕ ਹੈ ਅਤੇ ਇਹ ਬਹੁਦੇਵਵਾਦ ਦੇ ਸਿਧਾਂਤ ਨੂੰ ਨਕਾਰਦਾ ਹੈ। ਇਸ ਪ੍ਰਕਾਰ ਸਿੱਖ ਧਰਮ ਦਾ ਮੂਲ ਸਿਧਾਂਤ ਇੱਕ ਈਸ਼ਵਰਵਾਦ ਹੈ।

ਅਪਣੇ ਇੱਕ ਸ਼ਬਦ ਵਿੱਚ ਗੁਰੂ ਨਾਨਕ ਨੇ ਈਸ਼ਵਰ ਨੂੰ ਸ਼੍ਰਿਸ਼ਟੀ ਤੋਂ ਪਹਿਲਾਂ ਇੱਕ ਸੁਤੰਤਰ ਪਰਮ ਤੱਤ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਉਹ ਕਹਿੰਦੇ ਹਨ ਕਿ ਸ਼ੁਰੂ ਵਿੱਚ ਅਨੰਤ ਕਾਲ ਪਹਿਲਾਂ ਸਭ ਪਾਸੇ ਹਨੇਰਾ ਹੀ ਹਨੇਰਾ

ਪਸਰਿਆ ਹੋਇਆ ਸੀ; ਨਾਂ ਧਰਤੀ ਸੀ, ਨਾਂ ਅਕਾਸ਼ ਸੀ। ਉਸੇ ਦਾ ਦੈਵੀ ਹੁਕਮ ਅਨੰਤ ਚੱਲਦਾ ਸੀ। ਉਦੋਂ ਨਾਂ ਦਿਨ ਸੀ, ਨਾਂ ਚੰਦਰਮਾ, ਨਾਂ ਸੂਰਜ ਸੀ, ਨਾਂ ਭੋਜਨ, ਨਾਂ ਬਾਣੀ ਸੀ, ਨਾਂ ਹਵਾ, ਨਾਂ ਪਾਣੀ, ਨਾਂ ਉਤਪਤੀ, ਨਾਂ ਵਿਸਰਜਣ; ਨਾਂ ਜਾਣਾ, ਨਾਂ ਆਉਣਾ; ਨਾਂ ਬ੍ਰਹਮਾ, ਨਾਂ ਵਿਸ਼ਣੂੰ, ਨਾਂ ਮਹੇਸ਼, ਕੋਈ ਨਹੀਂ ਸੀ। ਇਸ 'ਸੁੰਨ ਸਮਾਧ' ਦੀ ਸਥਿਤੀ ਵਿੱਚ ਸਿਵਾਇ ਉਸ ਇਕ ਪਰਮਾਤਮਾ (ਏਕੋ ਸੋਈ) ਦੇ ਕੋਈ ਹੋਰ ਨਹੀਂ ਸੀ।[1] ਈਸ਼ਵਰ ਦੀ ਏਕਤਾ ਦਾ ਸਿਧਾਂਤ ਸਾਰੇ ਗੁਰੂ ਸਾਹਿਬਾਨ ਦੀ ਬਾਣੀ ਵਿੱਚ ਝਲਕਦਾ ਹੈ। ਬਾਣੀ ਵਿੱਚ ਕਿਹਾ ਗਿਆ ਹੈ ਕਿ ਇਹੋ ਇੱਕ ਪਰਮਾਤਮਾ ਪ੍ਰਕਾਸ਼ਵਾਨ ਹੈ, ਉਹੀ ਲੁਪਤ ਹੈ ਤੇ ਉਹ ਰਹੱਸ ਵੀ ਹੈ।[2]

ਸਿੱਖ ਧਰਮ ਗ੍ਰੰਥ ਵਿੱਚ ਪਰਮਾਤਮਾ ਦੇ ਲਈ ਰਾਮ, ਹਰਿ, ਗੋਬਿੰਦ, ਪ੍ਰਭੂ, ਬ੍ਰਹਮ, ਮੁਰਾਰੀ ਅਤੇ ਸਵਾਮੀ ਆਦਿ ਨਾਵਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਇਹ ਸ਼ਬਦ ਮੁਢਲੇ ਵੈਦਿਕ ਸਾਹਿਤ ਵਿੱਚ ਕਾਫੀ ਪ੍ਰਚਲਤ ਰਹੇ ਹਨ। ਉੱਥੇ ਇਹ ਸ਼ਬਦ ਪਰਮਾਤਮਾਂ ਜਾਂ ਉਸ ਦੇ ਅਵਤਾਰਾਂ ਦੇ ਲਈ ਵਰਤੇ ਮਿਲਦੇ ਹਨ। ਸਿੱਖ ਧਰਮ ਵਿੱਚ ਇਹ ਸ਼ਬਦ ਇੱਕ ਪਰਮਾਤਮਾ ਲਈ ਵਰਤੇ ਗਏ ਹਨ ਇਸ ਨੂੰ ੧ਓ ਵੀ ਕਿਹਾ ਗਿਆ ਹੈ। ਅਨੇਕਾਂ ਜਗ੍ਹਾ ਤੇ ਗੁਰੂ ਗ੍ਰੰਥ ਸਾਹਿਬ ਵਿੱਚ ਪਰਮਾਤਮਾ ਦੇ ਲਈ ਪਾਰਬ੍ਰਹਮ ਪਦ ਵੀ ਵਰਤਿਆ ਗਿਆ ਹੈ। ਇਸ ਦਾ ਅਰਥ ਹੈ ਅਵਿਅਕਤ ਦੈਵੀ ਸੱਤਾ ਜੋ ਸਗੁਣ ਵੀ ਹੈ ਅਤੇ ਨਿਰਗੁਣ ਵੀ।

ਗੁਰੂ ਨਾਨਕ ਇੱਕ ਈਸ਼ਵਰਵਾਦ ਤੇ ਜ਼ੋਰ ਦਿੰਦੇ ਹਨ। ਉਹ ਆਖਦੇ ਹਨ: ਸਾਹਿਬ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ, ਗੁਰੂ ਗ੍ਰੰਥ, ਪੰਨਾ 350। ਉਸ ਇੱਕ ਉੱਪਰ ਹੀ ਚਿੰਤਨ ਕਰੋ ਜੋ ਸਰਵ ਵਿਆਪਕ ਹੈ। ਗੁਰੂ ਰਾਮਦਾਸ ਨੇ ਵੀ ਉਸ ਪਰਮਾਤਮਾ ਦੀ ਸਰਵ ਵਿਆਪਕਤਾ ਨੂੰ ਸਵੀਕਾਰ ਕੀਤਾ ਹੈ, ਉਹਨਾਂ ਦਾ ਕਥਨ ਹੈ ਹੇ ਪ੍ਰਮਾਤਮਾ! ਤੁਸੀਂ ਹਰ ਜਗ੍ਹਾ ਬਿਰਾਜਮਾਨ ਹੋ।[3]

ਭਾਈ ਗੁਰਦਾਸ ਨੇ ਵੀ ੧ਓ ਸ਼ਬਦ ਦਾ ਪ੍ਰਯੋਗ ਇਕ ਪਰਮਾਤਮਾ ਲਈ ਕੀਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਸਾਰੀ ਰਚਨਾ ਏਕੰਕਾਰ ਦੀ ਧੁਨੀ ਤੋਂ ਪੈਦਾ ਹੋਈ ਹੈ।[4] ਤਰਲੋਚਨ ਸਿੰਘ ਅਨੁਸਾਰ ੧ਓ ਪਦ ਸਰਵਉੱਚ ਪਰਮਾਤਮਾ ਦਾ ਪ੍ਰਤੀਕ ਹੈ ਜਦੋਕਿ 'ਓਂਕਾਰ' ਪਦ ਉਸ ਪਰਮਾਤਮਾ ਦੇ ਸਿਰਜਕ ਪੱਖ ਦਾ

ਪ੍ਰਤੀਕ ਹੈ।[5] ਸਿੱਖ ਧਰਮ ਗ੍ਰੰਥ ਵਿੱਚ ਅਨੇਕ ਥਾਵਾਂ ਤੇ ਪਰਮਾਤਮਾ ਦੇ ਨਿਰਾਕਾਰ (ਨਿਰੰਕਾਰ) ਰੂਪ ਦਾ ਵਰਣਨ ਕੀਤਾ ਗਿਆ ਹੈ। ਪਰਮਾਤਮਾ ਨੂੰ ਸਦਾ ਸਲਾਮਤ ਨਿਰੰਕਾਰ ਹਮੇਸ਼ਾ ਰਹਿਣ ਵਾਲਾ ਅਤੇ ਨਿਰਾਕਾਰ ਕਿਹਾ ਗਿਆ ਹੈ, ਤੂੰ ਸਦਾ ਸਲਾਮਤਿ ਨਿਰੰਕਾਰ।[6] ਇਹ ਬ੍ਰਾਹਮਣੀ ਪੁਰਾਣਾਂ ਦੇ ਉਲਟ ਹੈ ਕਿਉਂਕਿ ਇਥੇ ਪਰਮਾਤਮਾ ਨੂੰ ਨਿਰਾਕਾਰ ਮੰਨਿਆ ਗਿਆ ਹੈ।

ਮੂਲ ਮੰਤਰ ਵਿੱਚ ਇੱਕ ਦੂਜਾ ਪਦ ਜਿਹੜਾ ਸੰਖੇਪ ਚਰਚਾ ਦੀ ਮੰਗ ਕਰਦਾ ਹੈ ਉਹ ਸਤਿਨਾਮੁ ਹੈ। ਪਾਲੀ ਸਾਹਿਤ ਵਿੱਚ ਪਰਮ ਬੁੱਧ ਲਈ ਸਚ-ਨਾਮ ਵਿਸ਼ੇਸ਼ਣ ਦੇ ਤੌਰ ਤੇ ਵਰਤਿਆ ਗਿਆ ਮਿਲਦਾ ਹੈ।[7] ਇਥੇ ਇਹ ਪਦ ਕਿਸੇ ਮਨੁੱਖੀ ਬੁੱਧ ਲਈ ਨਹੀਂ ਹੈ। ਬਲਕਿ ਇਹ ਪਦ ਤਾਂ ਉੱਥੇ ਪਰਮਾਰਥ ਸਤਿ ਦੇ ਲਈ ਦਿੱਤਾ ਗਿਆ ਹੈ (ਅੰਗੁਤਰਨਿਕਾਯ ਭਾਗ 2 ਪੇਜ 7), ਜੋ ਬੁੱਧ ਅਵਸਥਾ ਦਾ ਇੱਕ ਹੋਰ ਨਾਮ ਹੈ। ਉਸੇ ਤਰਾਂ ਪੰਜਾਬੀ ਸ਼ਬਦ ਸਤਿਨਾਮੁ ਪਰਮਾਤਮਾ ਦੇ ਇਕ ਗੁਣ ਲਈ ਪ੍ਰਯੋਗ ਹੋਇਆ ਹੈ। ਇਸ ਪਦ ਦਾ ਅੰਗਰੇਜ਼ੀ ਅਨੁਵਾਦ ਕਰਨਾ ਸੋਖਾ ਕੰਮ ਨਹੀਂ ਹੋਵੇਗਾ। ਬਸ ਇਹ ਕਿਹਾ ਜਾ ਸਕਦਾ ਹੈ ਉਸ ਦਾ ਨਾਮ ਹੈ ਸਚ।

'ਜਪੁ' ਦੇ ਸ਼ੁਰੂ ਵਿੱਚ ਗੁਰੂ ਨਾਨਕ ਨੇ ਪਰਮਾਤਮਾ ਨੂੰ ਸੱਚ ਦੇ ਰੂਪ ਵਿੱਚ ਵਰਣਨ ਕੀਤਾ ਹੈ। ਸਤਿ ਹੀ ਉਸ ਦਾ ਨਾਮ ਹੈ। ਉਸ ਦੀ ਹੋਂਦ ਹਰ ਯੁਗ ਵਿੱਚ ਹੈ, ਉਹ ਸਦੀਵੀ ਹੈ। ਈਸ਼ਵਰ ਦੇ ਲਈ ਇੱਕ ਸ਼ਬਦ ਹੈ ਅਕਾਲ ਜਿਸ ਦਾ ਅਰਥ ਹੈ ਸਮੇਂ ਦੀ ਸੀਮਾ ਤੋਂ ਪਰੇ। ਪਰਮਾਤਮਾ ਲਈ ਵਰਤਿਆ ਇਕ ਹੋਰ ਸ਼ਬਦ ਹੈ ਅਕਾਲ, ਭਾਵ ਕਾਲ ਤੋਂ ਰਹਿਤ। ਪਰਮਾਤਮਾ ਨੂੰ ਅਕਸਰ ਅਕਾਲ ਪੁਰਖ ਕਿਹਾ ਗਿਆ ਹੈ, ਭਾਵ ਕਾਲ-ਅਤੀਤ। ਜਿਸ ਦਾ ਅਰਥ ਹੈ ਕਿ ਪਰਮਾਤਮਾ ਭੂਤ, ਵਰਤਮਾਨ, ਅਤੇ ਭਵਿੱਖ ਤਿੰਨਾਂ ਕਾਲਾਂ ਤੋਂ ਮੁਕਤ ਹੈ।

ਕਰਤਾ ਪੁਰਖ ਵਿਸ਼ੇਸਣ ਈਸ਼ਵਰ ਦੇ ਸ਼੍ਰਿਸ਼ਟੀ ਕਰਤਾ ਰੂਪ ਵੱਲ ਇਸ਼ਾਰਾ ਕਰਦਾ ਹੈ। ਸਿੱਖ ਧਰਮ ਇਹ ਵਿਸ਼ਵਾਸ ਕਰਦਾ ਹੈ ਕਿ ਸ਼੍ਰਿਸ਼ਟੀ ਅਤੇ ਇਸ ਸ਼੍ਰਿਸ਼ਟੀ ਵਿੱਚ ਵਸਦੇ ਜੀਵਾਂ ਦਾ ਰਚਨਹਾਰ ਇਕ ਪਰਮਾਤਮਾ ਹੈ। ਇਸ ਦਾ ਭਾਵ ਇਹ ਹੈ ਕਿ ਪਰਮਾਤਮਾ ਸਮਸਤ ਰਚਨਾ ਦਾ ਪਿਤਾ ਹੈ ਅਤੇ ਸਮੂਹ ਮਾਨਵਤਾ ਪ੍ਰਸਪਰ ਇਕ ਭਾਈਚਾਰਾ ਹੈ। ਸਾਰੇ ਪ੍ਰਾਣੀ ਉਸ ਰਾਹੀਂ ਰਚੇ ਗਏ

ਹਨ। ਜਿਵੇਂ ਅਸੀਂ ਅੱਗੇ ਵੇਖਾਂਗੇ ਪਰਮਾਤਮਾ ਦੇ ਸਮੂਹ ਸ੍ਰਿਸ਼ਟੀ ਦਾ ਰਚਨਹਾਰ ਹੋਣ ਤੋਂ ਭਾਵ ਇਹ ਵੀ ਹੈ ਕਿ ਪਰਮਾਤਮਾ ਦਾ ਹੁਕਮ ਸਮੂਹ ਜਗਤ ਉੱਤੇ ਚਲਦਾ ਹੈ। 'ਹੁਕਮੁ' ਸ਼ਬਦ ਪਰਮਾਤਮਾ ਦੀ ਆਗਿਆ ਅਤੇ ਆਦੇਸ਼ ਦਾ ਪ੍ਰਤੀਕ ਹੈ ਅਤੇ ਇਹ ਪਰਮਾਤਮਾ ਦੇ ਰਾਜ ਵਲ ਇਸ਼ਾਰਾ ਕਰਦਾ ਹੈ। ਪਰਮਾਤਮਾ ਸਮੂਹ ਸੰਸਾਰ ਦਾ ਰਚਨਹਾਰ ਹੋਣ ਦੇ ਨਾਤੇ ਇਸ ਨੂੰ ਚਲਾਉਂਦਾ ਵੀ ਹੈ। ਆਦਿ ਗ੍ਰੰਥ ਵਿੱਚ ਕਿਹਾ ਗਿਆ ਹੈ ਕਿ ਈਸ਼ਵਰ ਨੇ ਸ੍ਰਿਸ਼ਟੀ ਦਾ ਨਿਰਮਾਣ ਹੁਕਮ ਦੇ ਰਾਹੀਂ ਕੀਤਾ ਹੈ। ਹੁਕਮ ਦੇ ਰਾਹੀਂ ਉਹ ਇਸ ਦੀ ਦੇਖ ਭਾਲ ਵੀ ਕਰਦਾ ਹੈ।[8]

ਸਾਰੀ ਸ੍ਰਿਸ਼ਟੀ ਪਰਮਾਤਮਾ ਦੇ ਹੁਕਮ ਤੇ ਨਿਰਭਰ ਕਰਦੀ ਹੈ। ਸਭ ਕੁਝ ਉਸ ਦੇ ਹੁਕਮ ਦੇ ਅਧੀਨ ਹੈ। ਉਸ ਦੀ ਸ਼ਾਨ, ਉਸਦੀ ਸ਼ਕਤੀ ਉਸ ਦੀ ਰਚਨਾ ਅੰਦਰ ਹੀ ਵਿਖਾਈ ਦਿੰਦੀ ਹੈ। ਗੁਰੂ ਜੀ ਨੇ ਪਰਮਾਤਮਾ ਦੀ ਅਨੰਤ ਸਮਰਥਾ ਦਾ ਜ਼ਿਕਰ ਕਰਦੇ ਹੋਏ ਕਿਹਾ ਹੈ, "ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮ ਨ ਕੋਇ"। ਭਾਵ ਸਾਰੇ ਈਸ਼ਵਰ ਦੇ ਹੁਕਮ ਦੇ ਅੰਦਰ ਹਨ ਉਸ ਤੋਂ ਬਾਹਰ ਕੁੱਝ ਵੀ ਨਹੀਂ ਹੈ। ਅੱਗੇ ਉਹ ਫੇਰ ਆਖਦੇ ਹਨ, "ਜੋ ਤਿਸ ਭਾਵੇ ਸੋਈ ਹੋਇ" ਭਾਵ ਜੋ ਉਹ ਚਾਹੁੰਦਾ ਹੈ, ਉਹ ਹੀ ਹੁੰਦਾ ਹੈ। ਈਸ਼ਵਰ ਦੀ ਇੱਛਾ ਇੱਕ ਦੈਵੀ ਕਾਨੂੰਨ ਹੈ ਜੋ ਸਾਰੀ ਸ੍ਰਿਸ਼ਟੀ ਨੂੰ ਚਲਾਉਂਦਾ ਹੈ ਅਤੇ ਇਸ ਪ੍ਰਕਾਰ ਉਹ ਸਮੂਹ ਰਚਨਾ ਦੀ ਪਾਲਣਾ ਅਤੇ ਉਸ ਉਪਰ ਨਿਯੰਤਰਣ ਲਈ ਜ਼ਿੰਮੇਵਾਰ ਹੈ।

ਨਿਰਭੌ ਅਤੇ ਨਿਰਵੈਰ ਸ਼ਬਦ ਪਰਮਾਤਮਾ ਦੀ ਸ਼ਾਨ ਅਤੇ ਸ਼ਕਤੀ ਵੱਲ ਇਸ਼ਾਰਾ ਕਰਦੇ ਹਨ। ਪਰਮਾਤਮਾ ਭੈ ਰਹਿਤ ਹੈ ਕਿਉਂਕਿ ਉਹ ਸਰਬ ਸਰਵ ਸ਼ਕਤੀਮਾਨ ਹੈ। ਉਹ ਹਰ ਤਰਾਂ ਦੇ ਵੈਰ ਅਤੇ ਬੁਰੀ ਭਾਵਨਾ ਤੋਂ ਰਹਿਤ ਹੈ। ਉਹ ਸਭ ਦੇ ਲਈ ਮਿੱਤਰ ਅਤੇ ਕ੍ਰਿਪਾਲੂ ਹੈ। ਭਾਵੇਂ ਪਰਮਾਤਮਾ ਨੂੰ ਕਈ ਥਾਵਾਂ ਉਪਰ ਨਿਰਗੁਣ ਰੂਪ ਵਿੱਚ ਚਿਤਰਿਆ ਗਿਆ ਹੈ ਪਰੰਤੂ ਉਹ ਅਸਲ ਵਿੱਚ ਅਨੇਕਾਂ ਅਨੁਪਮ ਗੁਣਾਂ ਦਾ ਭੰਡਾਰ ਹੈ। ਦੂਸਰੇ ਸ਼ਬਦਾ ਵਿੱਚ ਉਹ ਸਗੁਣ ਵੀ ਹੈ। ਮੂਰਤਿ ਪਦ ਦਾ ਸ਼ਾਬਦਿਕ ਅਰਥ ਹੈ ਅਵਿਨਾਸ਼ੀ ਮੂਰਤ। ਪਰ ਕਿਉਂਕਿ ਸਿੱਖ ਧਰਮ ਪਰਮਾਤਮਾ ਨੂੰ ਨਿਰਾਕਾਰ ਸਵੀਕਾਰ ਕਰਦਾ ਹੈ, ਇਸ ਲਈ ਇਸ

ਪਦ ਨੂੰ ਸਮੇਂ ਤੋਂ ਅਤੀਤ ਪਰਮ ਸੱਤਾ ਦੇ ਅਰਥਾਂ ਵਿਚ ਸਮਝਣਾ ਚਾਹੀਦਾ ਹੈ। ਕਾਲ ਪਦ ਦਾ ਅਰਥ ਹੈ, ਸਮਾਂ ਉਸ ਦਾ ਅਰਥ ਮੌਤ ਵੀ ਹੁੰਦਾ ਹੈ। ਭਾਵ ਪਰਮਾਤਮਾ ਸਮੇਂ ਅਤੇ ਮੌਤ ਤੋਂ ਪਰੇ ਹੈ। ਇਨ੍ਹਾਂ ਅਰਥਾਂ ਵਿੱਚ ਪਰਮਾਤਮਾ ਅਮਰ ਹੈ, ਸਦੀਵੀ ਹੈ।

ਅਜੂਨੀ ਸ਼ਬਦ (ਸੰਸਕ੍ਰਿਤ ਅਯੋਨੀ) ਦਾ ਅਰਥ ਹੈ ਪੈਦਾ ਨਾਂ ਹੋਣ ਵਾਲਾ। ਉਹ ਪਰਮਾਤਮਾ ਦੀ ਅਵਿਨਾਸ਼ੀ ਸਦੀਵੀ ਪ੍ਰਕ੍ਰਿਤੀ ਦਾ ਸੂਚਕ ਹੈ। ਇਹ ਵੀ ਕਿਹਾ ਗਿਆ ਹੈ ਕਿ ਪਰਮਾਤਮਾ ਦਾ ਨਾਂ ਕੋਈ ਪਿਤਾ ਹੈ ਨਾਂ ਮਾਤਾ। ਉਹ ਕਿਸੇ ਹੋਰ ਤੋਂ ਪੈਦਾ ਨਹੀਂ ਹੋਇਆ। ਉਸ ਦਾ ਨਾਂ ਕੋਈ ਆਕਾਰ ਹੈ, ਨਾਂ ਕੋਈ ਰੰਗ ਹੈ ਅਤੇ ਨਾਂ ਉਹ ਕਿਸੇ ਵਿਸ਼ੇਸ਼ ਵਰਣ ਦਾ ਹੈ। ਉਸ ਨੂੰ ਭੁੱਖ ਪਿਆਸ ਦੀ ਤਕਲੀਫ ਨਹੀਂ ਹੁੰਦੀ। ਉਹ ਸਦਾ ਸੰਤੁਸ਼ਟ ਰਹਿੰਦਾ ਹੈ, ਉਹ ਸਾਰੀਆਂ ਅਵਸਥਾਵਾਂ ਤੋਂ ਮੁਕਤ ਹੈ, ਜੋ ਜਨਮ ਲੈਣ ਵਾਲਿਆਂ ਨਾਲ ਜੁੜੀਆਂ ਹੋਇਆਂ ਹਨ।

ਸੈਭੰ ਸ਼ਬਦ ਪਰਮਾਤਮਾ ਦੀ ਸਵੈ-ਹੋਂਦ ਦਾ ਸੂਚਕ ਹੈ। ਇਹ ਪ੍ਰਾਕ੍ਰਿਤ ਜਾਂ ਪੰਜਾਬੀ ਦਾ ਸ਼ਬਦ ਹੈ ਜੋ ਸੰਸਕ੍ਰਿਤ ਦੇ ਸਵੈਂਭੂ ਤੋਂ ਬਣਿਆ ਹੈ। ਇਸ ਦਾ ਅਰਥ ਇਹ ਹੈ ਕਿ ਉਹ ਸਵੈ ਤੋਂ ਹੀ ਪੈਦਾ ਹੋਇਆ ਹੈ। ਭਾਵ ਉਹ ਆਪਣੇ ਆਪ ਤੋਂ ਹੀ ਹੋਂਦ ਵਿੱਚ ਆਇਆ ਹੈ। ਉਹ ਅਜਨਮਿਆ ਅਤੇ ਅਵਿਨਾਸ਼ੀ ਹੈ। ਉਹ ਪਹਿਲਾ ਕਾਰਨ ਹੈ ਜਿਸ ਤੋਂ ਹਰ ਵਸਤੂ ਦਾ ਜਨਮ ਹੋਇਆ ਅਤੇ ਜਿਸ ਦੀ ਹੋਂਦ ਪਿੱਛੇ ਹੋਰ ਕੋਈ ਕਾਰਨ ਨਹੀਂ। ਜੋ ਸਦੀਵੀ ਹੈ, ਉਹ ਸੈਭੰ ਹੈ।[9]

ਉਹ ਸਾਰੀਆਂ ਵਸਤੂਆਂ ਦਾ ਜਨਮਦਾਤਾ ਹੈ, ਉਹਨਾਂ ਦੀ ਹੋਂਦ ਦਾ ਕਾਰਨ ਹੈ ਅਤੇ ਕੋਈ ਵੀ ਵਸਤੂ ਬਿਨ੍ਹਾਂ ਕਾਰਨ ਨਹੀਂ ਹੈ। ਸਿਰਫ ਈਸ਼ਵਰ ਹੀ ਬਿਨ੍ਹਾਂ ਕਾਰਨ ਅਤੇ ਸੈਭੰ ਹੈ। ਜੋ ਈਸ਼ਵਰ ਦੀ ਸੈਭੰ ਦੇ ਪਖ ਅਤੇ ਉਸਦੀ ਸਰਵ ਵਿਆਪਕਤਾ ਨੂੰ ਸਮਝ ਲੈਂਦਾ ਹੈ, ਉਹ ਗਿਆਨੀ ਅਖਵਾਉਂਦਾ ਹੈ।

ਮੂਲ ਮੰਤਰ ਵਿੱਚ ਆਇਆ ਆਖਰੀ ਸ਼ਬਦ ਇਹ ਦਰਸਾਉਂਦਾ ਹੈ ਕਿ ਗੁਰੂ ਕ੍ਰਿਪਾ (ਗੁਰਪ੍ਰਸਾਦਿ) ਰਾਹੀਂ ਹੀ ਪਰਮਾਤਮਾ ਦਾ ਅਨੁਭਵ ਕੀਤਾ ਜਾ ਸਕਦਾ ਹੈ। ਪ੍ਰਸਾਦਿ ਪਦ ਦਾ ਅਰਥ ਹੈ ਕ੍ਰਿਪਾ, ਸਹਾਇਤਾ, ਧਿਆਨ, ਤੋਹਫਾ, ਈਸ਼ਵਰ ਦੇ ਲਈ ਭੋਜਨ ਆਦਿ। ਮੂਲ ਮੰਤਰ ਵਿੱਚ ਉਸ ਦਾ ਅਰਥ ਹੈ ਦੈਵੀ

ਕ੍ਰਿਪਾ, ਦੈਵੀ ਖੁਸ਼ੀ, ਕ੍ਰਿਪਾ, ਜਾਂ ਆਸ਼ੀਰਵਾਦ। ਗੁਰੂ ਦੀ ਕ੍ਰਿਪਾ ਜਾਂ ਮਿਹਰ ਜਾਂ ਨਦਰਿ ਰਾਹੀਂ ਹੀ ਵਿਅਕਤੀ ਮੁਕਤੀ, ਸਹਿਜ ਅਤੇ ਆਨੰਦ ਦੀ ਪ੍ਰਾਪਤੀ ਕਰ ਸਕਦਾ ਹੈ।[10] ਪਰਮਾਤਮਾ ਦੇ ਦਰਸ਼ਨਾਂ ਨਾਲ ਹੀ ਜੀਵ ਨੂੰ ਆਨੰਦ ਦੀ ਪ੍ਰਾਪਤੀ ਹੁੰਦੀ ਹੈ।[11]

ਸਿੱਖ ਵਿਦਵਾਨ ਪ੍ਰਸਾਦਿ ਦਾ ਅਰਥ ਕ੍ਰਿਪਾ, ਨਦਰਿ ਕਰਦੇ ਹਨ। ਡਾ: ਲਾਲ ਮਨੀ ਜੋਸ਼ੀ ਨੇ ਈਸਾਈ ਧਰਮ ਅਤੇ ਸਿੱਖ ਧਰਮ ਅੰਦਰ ਨਦਰਿ ਦੇ ਸੰਕਲਪ ਵਿੱਚਲੇ ਫਰਕ ਨੂੰ ਸਮਝਾਇਆ ਹੈ। ਉਨ੍ਹਾਂ ਦਾ ਮੱਤ ਹੈ ਕਿ ਈਸਾਈ ਧਰਮ ਵਿੱਚ ਪ੍ਰਸਾਦਿ ਈਸ਼ਵਰ ਦਾ ਇੱਕ ਗੁਣ ਹੈ ਅਤੇ ਧਰਮ ਸ਼ਾਸਤਰੀ ਸੰਕਲਪ ਹੈ। ਈਸਾਈ ਧਰਮ ਅਨੁਸਾਰ ਪਰਮਾਤਮਾ ਬਿਨ੍ਹਾਂ ਮੰਗੇ ਆਪਣੀ ਮਿਹਰ ਕਰਦਾ ਹੈ ਅਤੇ ਉਸ ਦੀ ਮਿਹਰ ਸਦਕਾ ਪਾਪੀ ਵੀ ਤਰ ਜਾਂਦੇ ਹਨ। ਪ੍ਰਸਾਦਿ ਜਾਂ ਮਿਹਰ ਦਾ ਸੰਕਲਪ ਭਗਤੀ ਜਾਂ ਪਰਮਾਤਮਾ ਪ੍ਰਤੀ ਸ਼ਰਧਾ ਨਾਲ ਜੁੜਿਆ ਹੋਇਆ ਹੈ। ਜਦ ਈਸ਼ਵਰ ਪ੍ਰਸੰਨ ਹੁੰਦਾ ਹੈ ਤਾਂ ਉਹ ਅਪਣੇ ਭਗਤਾਂ ਉੱਪਰ ਮਿਹਰ ਕਰਦਾ ਹੈ। ਪ੍ਰਸਾਦਿ ਦਾ ਅਰਥ ਹੈ ਕ੍ਰਿਪਾ, ਦਯਾ, ਰਹਿਮ ਜਾਂ ਬੇਨਤੀ। ਪ੍ਰਸਾਦਿ ਦਾ ਅਰਥ ਹੈ, ਕਿਸੇ ਤੇ ਕ੍ਰਿਪਾ ਜਾਂ ਰਹਿਮ ਕਰਨਾ। ਸ਼ਰਧਾਲੂ ਨੂੰ ਅਜਿਹੇ ਪੁੰਨ ਕਰਮ ਕਰਨੇ ਪੈਂਦੇ ਹਨ ਜਿਸ ਨਾਲ ਪਰਮਾਤਮਾ ਖੁਸ਼ ਹੋਵੇ।

ਇਸ ਪ੍ਰਕਾਰ ਇਹ ਸਪੱਸ਼ਟ ਹੈ ਕਿ ਈਸ਼ਵਰ ਸਗੁਣ ਵੀ ਹੈ ਅਤੇ ਨਿਰਗੁਣ ਵੀ। ਉਹ ਜਗਤ ਦਾ ਸਿਰਜਨਹਾਰ ਵੀ ਹੈ ਅਤੇ ਇਸ ਰਚਨਾ ਅੰਦਰ ਵਿਦਮਾਨ ਵੀ। ਪਰੰਤੂ ਉਹ ਇਸ ਵਿਅਕਤ ਸੰਸਾਰ ਤੋਂ ਅਤੀਤ ਵੀ ਹੈ।

## ਸਿੱਖ ਧਰਮ ਅਨੁਸਾਰ ਬੰਧ

ਇਹ ਇੱਕ ਤੱਥ ਹੈ ਕਿ ਸੰਸਾਰੀ ਜੀਵ ਕਰਮ ਬੰਧ ਦੇ ਕਾਰਨ ਆਵਾਗਵਣ ਵਿੱਚ ਫਸੇ ਰਹਿੰਦੇ ਹਨ। ਇਸ ਆਵਾਗਵਣ ਦਾ ਇਕ ਵਿਸ਼ੇਸ਼ ਪਹਿਲੂ ਹੈ ਦੁੱਖ। ਉਹ ਆਪਣੀ ਮੁਕਤ ਅਵਸਥਾ ਤੋਂ ਅਣਜਾਣ ਰਹਿੰਦੇ ਹਨ। ਇਹ ਮੁਕਤ ਅਵਸਥਾ ਦੈਵੀ ਆਨੰਦ ਨਾਲ ਭਰਪੂਰ ਹੁੰਦੀ ਹੈ। ਬੰਧ-ਅਵਸਥਾ ਵਿੱਚ ਰਹਿੰਦਿਆਂ ਉਹ ਇਸ ਅਵਸਥਾ ਵਿੱਚੋਂ ਮੁਕਤ ਹੋਣ ਦਾ ਰਸਤਾ ਵੀ ਨਹੀਂ ਜਾਣਦੇ। ਇਸ ਅਗਿਆਨਤਾ ਕਾਰਨ ਉਹ ਆਪਣੇ ਦੁੱਖ ਨੂੰ ਕਈ ਗੁਣਾਂ ਵਧਾ ਲੈਂਦੇ ਹਨ ਅਤੇ ਆਪਣੇ ਆਵਾਗਵਣ ਨੂੰ ਹੋਰ ਲੰਮਾਂ ਕਰ ਲੈਂਦੇ ਹਨ। ਸੰਖੇਪ

ਵਿੱਚ ਇਸ ਅਵਸਥਾ ਨੂੰ ਬੰਧਨ ਕਿਹਾ ਜਾ ਸਕਦਾ ਹੈ। ਸਿੱਖ ਧਰਮ ਗ੍ਰੰਥ ਵਿੱਚ ਇਸ ਬੰਧ, ਇਸ ਦੇ ਕਾਰਨ ਅਤੇ ਨਤੀਜਿਆਂ ਦਾ ਬਹੁਤ ਥਾਂ ਜ਼ਿਕਰ ਕੀਤਾ ਮਿਲਦਾ ਹੈ।

ਸਿੱਖ ਧਰਮ ਅਨੁਸਾਰ ਇਸ ਬੰਧ ਦਾ ਕਾਰਨ ਹੰਕਾਰ ਜਾਂ ਹਉਮੈ ਹੈ, ਜੋ ਮਾਇਆ ਤੋਂ ਪੈਦਾ ਹੁੰਦਾ ਹੈ। ਜੇ ਮਨੁੱਖ ਪਰਮਾਤਮਾ ਦੀ ਇੱਛਾ ਅਨੁਸਾਰ ਚੱਲੇ ਤੇ ਅਪਣਾ ਹੰਕਾਰ ਪੂਰੀ ਤਰਾਂ ਛੱਡ ਦੇਵੇ ਤਾਂ ਖੁਦੀ ਮਿਟ ਜਾਵੇਗੀ ਅਤੇ ਈਸ਼ਵਰ ਅਨੁਭੂਤੀ ਦਾ ਮਾਰਗ ਖੁੱਲ ਜਾਵੇਗਾ। ਹੰਕਾਰ ਅਤੇ ਅਵਿਦਿਆ ਦੀ ਗ੍ਰੰਥੀ ਕੱਟ ਦੇਣ ਅਤੇ ਪੂਰੀ ਤਰਾਂ ਖਤਮ ਕਰ ਦੇਣ ਨਾਲ ਬੰਧ ਨਸ਼ਟ ਹੋ ਜਾਂਦਾ ਹੈ ਕਿਉਂਕਿ ਇਹ ਹੀ ਬੰਧ ਦਾ ਮੂਲ ਕਾਰਨ ਹਨ।

ਹੰਕਾਰ ਦੇ ਕਾਰਨ ਮਨੁੱਖ ਪਾਪ ਕਰਮ ਕਰਦਾ ਹੈ ਜੋ ਉਸ ਨੂੰ ਸੰਸਾਰ ਵਿੱਚ ਜਨਮ-ਦਰ-ਜਨਮ ਭਟਕਾਉਂਦੇ ਹਨ। ਗੁਰੂ ਨਾਨਕ ਦੇ ਅਨੁਸਾਰ ਹੰਕਾਰ ਹੀ ਜੀਵਾਤਮਾ ਨੂੰ ਪਰਮਾਤਮਾ ਤੋਂ ਵੱਖ ਕਰਦਾ ਹੈ। ਹਉਮੈ ਸੰਸਾਰ ਵਿੱਚ ਆਵਾਗਵਨ ਦਾ ਕਾਰਨ ਬਣਦਾ ਹੈ। ਸਿੱਖ ਗੁਰੂ ਸਾਹਿਬਾਨ ਦੇ ਅਨੁਸਾਰ ਹਉਮੈ ਅਧੀਨ ਜੀਵ ਆਵਾਗਵਣ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ। ਇਹ ਹਉਮੈ ਹੀ ਹੈ ਜੋ ਜੀਵ ਨੂੰ ਜਨਮ ਅਤੇ ਮੌਤ, ਲੈਣ ਅਤੇ ਦੇਣ, ਪ੍ਰਾਪਤੀ ਅਤੇ ਖਰਚੇ ਆਦਿ ਦੇ ਬੰਧਨ ਵਿੱਚ ਬੰਨਦੀ ਹੈ। ਹਊਮੈ ਅਧੀਨ ਮਨੁੱਖ ਸੱਚ ਤੇ ਝੂਠ ਬੋਲਦਾ ਹੈ, ਸੱਚ ਅਤੇ ਝੂਠ ਦੋਹਾਂ ਦੇ ਪ੍ਰਤੀ ਇਕੋ ਜਿਹਾ ਖਿਚਿਆ ਜਾਂਦਾ ਹੈ।[12] ਹਉਮੈ ਦੇ ਕਾਰਨ ਹੀ ਜਨਮ ਮਰਨ ਦਾ ਚੱਕਰ ਬਣਿਆ ਰਹਿੰਦਾ ਹੈ। ਹਉਮੈ ਦੇ ਹੁੰਦਿਆਂ ਪਰਮ ਸੱਤ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਕ ਕਥਨ ਅਨੁਸਾਰ:

ਜਿਉ ਆਰਵਿ ਲੋਹਾ ਪਾਇ ਭੰਨਿ ਘੜਾਈਐ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥
ਬਿਨੁ ਬੂਝੈ ਸਭੁ ਦੁਖੁ ਕਮਾਵਣਾ॥
ਹਉਮੈ ਆਵੈ ਜਾਇ ਭਰਮਿ ਭੁਲਾਵਣਾ॥[13]

ਇਸ ਦਾ ਭਾਵ ਇਹ ਹੈ:

"ਜਿਵੇਂ ਲੋਹੇ ਦੇ ਟੁਕੜੇ ਅੱਗ ਵਿੱਚ ਸੁੱਟੇ ਜਾਣ ਤਾਂ ਉਹ ਘੁਲ ਕੇ ਨਵਾਂ ਆਕਾਰ ਲੈ ਲੈਂਦੇ ਹਨ, ਇਸੇ ਪ੍ਰਕਾਰ ਮਾਇਆ ਦੇ ਕਾਰਨ ਜੀਵ ਨੂੰ ਵਾਰ ਵਾਰ

ਨਵੇਂ ਜਨਮ ਗ੍ਰਹਿਣ ਕਰਨੇ ਪੈਂਦੇ ਹਨ। ਸ਼ਬਦ ਨੂੰ ਸਮਝੇ ਬਿਨ੍ਹਾਂ ਉਹ ਦੁੱਖ ਹੀ ਦੁੱਖ ਇਕੱਠਾ ਕਰਦਾ ਰਹਿੰਦਾ ਹੈ। ਹਉਮੈ ਅਧੀਨ ਉਹ ਵਾਰ ਵਾਰ ਜਨਮ ਲੈਂਦਾ ਹੈ ਅਤੇ ਭਰਮ ਵਿੱਚ ਫਸਿਆ ਰਹਿੰਦਾ ਹੈ।

ਵਾਸ਼ਨਾਵਾਂ ਹਰ ਦਿਨ ਪ੍ਰਤੀ ਦਿਨ ਵਧਦੀਆਂ ਰਹਿੰਦੀਆਂ ਹਨ ਅਤੇ ਲਾਲਚੀ ਮਨੁੱਖ ਹਉਮੈ ਦਾ ਸ਼ਿਕਾਰ ਹੋ ਜਾਂਦੇ ਹਨ। ਹਉਮੈ ਦੇ ਬਰਾਬਰ ਵਿੱਚ ਅਵਿਦਿਆ ਜਾਂ ਅਗਿਆਨ ਨੂੰ ਰੱਖਿਆ ਜਾ ਸਕਦਾ ਹੈ। ਅਵਿਦਿਆ ਸੰਸਾਰਿਕ ਇੱਛਾਵਾਂ ਅਤੇ ਲਗਾਵਾਂ, ਧਨ ਸੰਪਤੀ, ਸਨਮਾਨ, ਆਰਾਮ, ਸ਼ਕਤੀ, ਇਸਤਰੀ, ਪੁੱਤਰ ਆਦਿ ਨਾਲ ਜੁੜੀ ਹੋਈ ਹੈ ਅਤੇ ਇਹ ਮਨਮੁਖ ਜੀਵ ਨੂੰ ਕਾਮ, ਕ੍ਰੋਧ, ਲੋਭ ਅਤੇ ਹਉਮੈ ਵੱਲ ਖਿਚ ਲਿਜਾਂਦੀ ਹੈ। ਅਵਿਦਿਆ ਦੇ ਕਾਰਨ ਜੀਵ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਅਤੇ ਅਸੱਤ ਨੂੰ ਸੱਤ ਮੰਨ ਲੈਂਦਾ ਹੈ। ਡਬਲਯੂ. ਐਚ. ਮੈਕਲਯੋਡ ਨੇ ਮਾਇਆ ਦੇ ਬੁਰੇ ਕੰਮਾਂ ਵੱਲ ਸਾਡਾ ਧਿਆਨ ਖਿਚਿਆ ਹੈ। ਉਨ੍ਹਾਂ ਦਾ ਆਖਣਾ ਹੈ:

ਅਗਿਆਨ ਵਿੱਚ ਅੰਨ੍ਹਾ, ਭਰਮ ਅਤੇ ਭੁੱਲ ਨਾਲ ਕੁਰਾਹੇ ਪਿਆ ਮਨੁੱਖ ਸੰਸਾਰ ਦਾ ਮੁਲਾਂਕਣ ਅਪਣੇ ਢੰਗ ਨਾਲ ਕਰਦਾ ਹੈ। ਪਰੰਤੂ ਇਹ ਮਾਇਆ ਹੈ, ਕਪਟ ਹੈ, ਛਲ ਹੈ, ਝੂਠ ਹੈ, ਜਾਲ ਹੈ ਅਤੇ ਇਸ ਨੂੰ ਸਚ ਸਮਝਣ ਦੀ ਸਜ਼ਾ ਗੰਭੀਰ ਹੈ। ਇਸ ਨੂੰ ਸਚ ਸਮਝ ਕੇ ਮਨੁੱਖ ਦੁਬਿਧਾ ਦਾ ਸ਼ਿਕਾਰ ਹੋ ਜਾਂਦਾ ਹੈ। ਦੁਬਿਧਾ ਦੀ ਸਥਿਤੀ ਮਿਲਾਪ ਦਾ ਵਿਰੋਧਾਭਾਸ ਹੈ। ਇਹ ਮਨਮੁਖ ਨੂੰ ਪਰਮਾਤਮਾ ਨਾਲੋਂ ਬੇਮੁਖ, ਵੱਖ ਕਰ ਦਿੰਦੀ ਹੈ।[15]

ਜੋ ਜੀਵ ਸੰਸਾਰਿਕ ਵਾਸ਼ਨਾਵਾਂ ਵਿੱਚ ਰਮਿਆ ਰਹਿੰਦਾ ਹੈ ਅਤੇ ਪਾਰਲੋਕਿਕ (ਰਿੱਧੀਆਂ ਸਿੱਧੀਆਂ) ਸ਼ਕਤੀਆਂ ਦੇ ਚੱਕਰ ਵਿੱਚ ਪੈਂਦਾ ਹੈ ਉਹ ਵੀ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਅਤੇ ਜਨਮ ਮਰਨ ਦਾ ਚੱਕਰ ਲਗਾਉਂਦਾ ਰਹਿੰਦਾ ਹੈ। ਮਾਇਆ ਵਿੱਚ ਘਿਰਿਆ, ਝੂਠ ਵੱਲ ਖਿੱਚਿਆ ਅਤੇ ਵਾਸ਼ਨਾਵਾਂ ਦਾ ਖੋਖਲਾ ਕੀਤਾ ਜੀਵ ਅਜਿਹੇ ਪਾਪ ਕਰਮ ਕਰਦਾ ਹੈ ਜਿਹੜੇ ਉਸ ਨੂੰ ਆਵਾਗਵਣ ਵਿੱਚ ਫਸਾ ਦਿੰਦੇ ਹਨ। ਗੁਰੂ ਜੀ ਕਹਿੰਦੇ:

ਰੰਗਿ ਸੰਗਿ ਬਿਖਿਆ ਕੇ ਭੋਗਾ ਇਨ ਸੰਗਿ ਅੰਧ ਨ ਜਾਨੀ॥
ਹਉ ਸੰਚਉ ਹਉ ਖਾਟਤਾ ਸਗਲੀ ਅਵਧ ਬਿਹਾਨੀ॥ ਰਹਾਉ॥[16]

ਅੱਗੇ ਇਹ ਵੀ ਕਿਹਾ ਗਿਆ ਹੈ ਕਿ ਪਰਮਾਤਮਾ ਪ੍ਰਤੀ ਪ੍ਰੇਮ ਦੀ ਘਾਟ ਵਜੋਂ ਸਾਰੇ ਕੰਮ ਹੀ ਬੰਧ ਦਾ ਕਾਰਨ ਬਣਦੇ ਹਨ:

ਰੇ ਮਨ ਬਿਨੁ ਹਰਿ ਜਹ ਰਚਉ ਤਹ ਤਹ ਬੰਧਨ ਪਾਹਿ॥
ਜਿਹ ਬਿਧ ਕਤਹੂ ਨ ਛੂਟੀਐ ਸਾਕਤ ਤੇਊ ਕਮਾਹਿ॥[17]

ਅਗਿਆਨ ਅਤੇ ਅਵਿਦਿਆ ਹਉਮੈ ਦੀ ਜੜ ਹੈ। ਹਉਮੈ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਕਾਰ ਭਾਵਾਂ ਨੂੰ ਜਨਮ ਦਿੰਦੀ ਹੈ। ਇਹ ਵਿਕਾਰ ਭਾਵ ਵਿਸ਼ੇ ਵਾਸਨਾ ਵਿੱਚ ਲਗਾਉ ਵਧਾਉਂਦੇ ਹਨ ਅਤੇ ਜੋ ਸੰਸਾਰ ਦਾ ਕਾਰਨ ਹਨ। ਉਨ੍ਹਾਂ ਤੋਂ ਦੁੱਖ ਦੀ ਉਤਪਤੀ ਹੁੰਦੀ ਹੈ, ਉਹ ਅਧਿਆਤਮਿਕ ਜੀਵਨ ਦੇ ਦੁਸ਼ਮਣ ਹਨ।

ਗੁਰੂ ਜੀ ਨੇ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਪੰਜ ਚੋਰਾਂ ਦੇ ਰੂਪ ਵਿੱਚ ਵਰਣਨ ਕੀਤਾ ਹੈ।[18] ਇਹ ਚੋਰ ਮਨੁੱਖ ਨੂੰ ਜਨਮ ਮਰਨ ਵਿੱਚ ਫਸਾ ਕੇ ਰੱਖਦੇ ਹਨ। ਸੰਸਾਰਕ ਜੀਵਾਂ ਅੰਦਰ ਇਹ ਮਾੜੀਆਂ ਵਾਸ਼ਨਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਹੁੰਦੀਆਂ ਹਨ ਅਤੇ ਉਨ੍ਹਾਂ ਤੇ ਸੰਜਮ ਰੱਖਣਾ ਔਖਾ ਹੁੰਦਾ ਹੈ। ਸਾਰੇ ਸੰਸਾਰੀ ਜੀਵ, ਇੱਥੋਂ ਤੱਕ ਕਿ ਦੇਵੀ ਦੇਵਤੇ, ਮਾਨਵ ਅਤੇ ਦੈਂਤ ਸਾਰੇ ਹੀ ਇਨ੍ਹਾਂ ਚੋਰਾਂ ਤੋਂ ਲੁੱਟੇ ਗਏ ਹਨ। ਜਿਵੇਂ ਗੁਰੂ ਜੀ ਆਖਦੇ ਹਨ ਇਹ ਪੰਜ ਬੁਰਾਈਆਂ ਸਾਡੇ ਮਨ ਵਿੱਚ ਛੁਪੀਆਂ ਹੋਈਆਂ ਹਨ।

ਮਮਤਾ ਚਾਹੇ ਮਾਤਾ-ਪਿਤਾ, ਪਤਨੀ-ਪੁੱਤਰ ਦੀ ਹੋਵੇ ਜਾਂ ਧਨ ਸੰਪਤੀ ਆਦਿ ਦੀ ਹੋਵੇ ਬੰਧਨ ਦਾ ਕਾਰਨ ਹੁੰਦੀ ਹੈ। ਗੁਰੂ ਜੀ ਨੇ ਕਿਹਾ ਹੈ ਕਿ 'ਮਾਤ, ਪਿਤਾ ਅਤੇ ਇਹ ਸੰਸਾਰ ਮਾਇਆ ਹੈ; ਪੁੱਤਰ, ਧੀਆਂ ਅਤੇ ਇਸਤਰੀ ਵੀ ਮਾਇਆ ਹਨ; ਦਿਖਾਵੇ ਹਿਤ ਨਿਭਾਈਆ ਧਾਰਮਿਕ ਰਸਮਾਂ ਵੀ ਮਾਇਆ ਹਨ; ਮਨ ਅੰਦਰ ਪੁੱਤਰ, ਪਤਨੀ ਅਤੇ ਸੰਸਾਰਕ ਵਸਤਾਂ ਦਾ ਮੋਹ ਸਭ ਮਾਇਆ ਹੈ।[19] ਜੋ ਜੀਵ ਪਰਮਾਤਮਾ ਨੂੰ ਭੁੱਲ ਗਏ ਹਨ, ਇੰਦਰੀਆਂ ਦੇ ਵਿਸ਼ੇ ਵਿਕਾਰਾਂ ਵਿੱਚ ਗਲਤਾਨ ਹਨ ਅਤੇ ਮਨ ਅੰਦਰ ਹਉਮੈ ਪਾਲ ਕੇ ਚਲਦੇ ਹਨ ਉਹ ਮਨਮੁਖ ਕਹੇ ਜਾਂਦੇ ਹਨ। ਜੀਵ ਦੇ ਮਨ ਅੰਦਰ ਹਉਮੈ ਦਾ ਹੋਣਾ ਉਸ ਦੇ ਪਰਮਾਤਮਾ ਤੋਂ ਬੇਮੁਖ ਹੋਣ ਦਾ ਕਾਰਨ ਹੈ। ਗੁਰੂ ਜੀ ਦਾ ਫ਼ੁਰਮਾਨ ਹੈ ਕਿ

ਮਨਮੁਖ ਹਮੇਸ਼ਾ ਜਨਮ ਮਰਨ ਦੇ ਚੱਕਰ ਵਿੱਚ ਪਿਆ ਰਹਿੰਦਾ ਹੈ ਅਤੇ ਇੰਝ ਖੁਆਰ ਹੁੰਦਾ ਹੈ (ਮਨਮੁਖ ਬਿਨਸੈ ਆਵੈ ਜਾਇ)।[20]

## ਸਿੱਖ ਧਰਮ ਅਨੁਸਾਰ ਮੁਕਤੀ: ਨਾਮ ਸਿਮਰਨ

ਸਿੱਖ ਗੁਰੂ ਸਾਹਿਬਾਨ ਨੇ ਬੰਧਨ ਤੋਂ ਮੁਕਤੀ ਦਾ ਰਾਹ ਵੀ ਦੱਸਿਆ ਹੈ। ਇਹ ਮਾਰਗ ਅਵਿਦਿਆ, ਹਉਮੈ ਅਤੇ ਹੋਰ ਬੁਰਾਈਆਂ ਦੇ ਵਿਨਾਸ਼ ਦੀ ਮੰਗ ਕਰਦਾ ਹੈ। ਇਹ ਰਸਤਾ ਜੀਵਾਤਮਾ ਦੇ ਪਰਮਾਤਮਾ ਨਾਲ ਮਿਲਾਪ ਦਾ ਰਸਤਾ ਹੈ। ਇਹ ਮਿਲਾਪ ਪਰਮਾਤਮਾ ਪ੍ਰਤੀ ਪ੍ਰੇਮਾਭਗਤੀ ਦੇ ਸਾਧਨ ਰਾਹੀਂ ਸੰਭਵ ਹੈ।

ਇਸ ਲਈ ਸਿੱਖ ਧਰਮ ਅਸਲ ਵਿੱਚ ਭਗਤੀ ਮਾਰਗ ਹੈ। ਈਸ਼ਵਰ ਸਭ ਤੋਂ ਵੱਡਾ ਅਰਾਧਨਾ ਯੋਗ ਹੈ। ਇਸ ਲਈ ਸਿੱਖ ਧਰਮ ਵਿੱਚ ਮੁਕਤੀ ਲਈ ਈਸ਼ਵਰ ਦੀ ਭਗਤੀ ਨੂੰ ਜ਼ਿਆਦਾ ਮਹੱਤਵਪੂਰਨ ਮੰਨਿਆ ਗਿਆ ਹੈ। ਇਸ ਸ਼ਰਧਾ ਭਗਤੀ ਦਾ ਤੱਤ ਰੂਪ ਨਾਮ ਸਿਮਰਨ ਹੈ। ਪਰਮਾਤਮਾ ਦੇ ਨਾਮ ਦਾ ਲਗਾਤਾਰ ਯਾਦ ਕਰਨਾ ਹੀ ਸਿਮਰਨ ਹੈ, ਕਿਉਂਕਿ ਈਸ਼ਵਰ ਨਿਰਾਕਾਰ ਹੈ, ਉਸ ਦਾ ਕੋਈ ਆਕਾਰ ਜਾਂ ਰੂਪ ਨਹੀਂ ਹੋ ਸਕਦਾ, ਇਸ ਲਈ ਨਾਮਸਿਮਰਨ ਹੀ ਉਸ ਦੀ ਯਾਦ ਦੇ ਲਈ ਸਭ ਤੋਂ ਸੁਖਾਲਾ ਸਾਧਨ ਹੈ।

ਮੱਧ ਕਾਲੀਨ ਸੰਤ ਕਵੀਆਂ ਨੇ ਇੱਕਸੁਰ ਵਿੱਚ ਇਹ ਵਿਚਾਰ ਪ੍ਰਗਟ ਕੀਤਾ ਹੈ ਕਿ ਇਸ ਕਲਯੁਗ ਵਿੱਚ ਨਾਮ ਸਿਮਰਨ ਹੀ ਮੁਕਤੀ ਦਾ ਸਾਧਨ ਹੈ। ਤੁਲਸੀ ਦਾਸ ਅਨੁਸਾਰ ਨਾਮ - ਸਿਮਰਨ ਦਾ ਫਲ ਕਲਪਤਰੂ ਬ੍ਰਿਛ ਦੇ ਫਲ ਦੀ ਨਿਆਈਂ ਹੈ। ਉਸ ਦਾ ਕਥਨ ਹੈ ਕਿ ਕਲਯੁਗ ਵਿੱਚ ਨਾਮ ਹੀ ਜੀਵ ਦਾ ਭਲਾ ਕਰ ਸਕਦਾ ਹੈ ਅਤੇ ਕਸ਼ਟ ਹਰ ਸਕਦਾ ਹੈ।[21] ਸਿੱਖ ਗੁਰੂਆਂ ਨੇ ਵੀ ਇਸ ਵਿਚਾਰ ਦਾ ਸਮਰਥਨ ਕੀਤਾ ਹੈ। ਗੁਰੂ ਤੇਗ ਬਹਾਦਰ ਨੇ ਕਿਹਾ ਹੈ ਕਿ ਕਲਯੁਗ ਵਿੱਚ ਨਾਮਸਿਮਰਨ ਦੇ ਰਾਹੀਂ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਭਾਈ ਗੁਰਦਾਸ ਵੀ ਇਸੇ ਵਿਚਾਰ ਦੀ ਹਾਮੀ ਭਰਦੇ ਹਨ ਅਤੇ ਕਹਿੰਦੇ ਹਨ ਪਰਮਾਤਮਾ ਦੀ ਭਗਤੀ ਤੋਂ ਬਿਨ੍ਹਾਂ ਜੀਵ ਦਾ ਹੋਰ ਕੋਈ ਆਸਰਾ ਨਹੀਂ। ਇਸ ਲਈ ਕਲਯੁਗ ਵਿੱਚ ਨਾਮ ਹੀ ਇਕੋ ਇਕ ਯੋਗ ਸਾਧਨ ਹੈ-ਕਲਿਜੁਗ ਨਾਵੈ ਕੀ ਵਡਿਆਈ।[22]

ਸਿੱਖ ਧਰਮ ਵਿੱਚ ਪ੍ਰੇਮ ਨਾਲ ਈਸ਼ਵਰ ਦਾ ਸੱਚਾ ਨਾਮ (ਸਤਿਨਾਮ) ਲੈਣਾ ਹੀ ਨਾਮਸਿਮਰਨ ਹੈ। ਇਹੋ ਸਤਿਗੁਰ ਦੀ ਸਿਖਿਆ ਹੈ। ਈਸ਼ਵਰ ਤੋਂ ਛੁੱਟ ਕੋਈ ਦੂਸਰਾ ਸ਼ਾਸਵਤ ਤੱਤ ਨਹੀਂ ਹੈ। ਪਰਮਾਤਮਾ ਦੇ ਨਾਮ ਵਿੱਚ ਹੀ ਸਦੀਵੀ ਸੁਖ ਹੈ, ਮੁਕਤੀ ਦਾ ਸਾਧਨ ਹੈ। ਇਸ ਵਿੱਚ ਸਭ ਪ੍ਰਕਾਰ ਦਾ ਗਿਆਨ, ਤਪ ਅਤੇ ਸ਼ਕਤੀਆਂ ਸਮਾਈਆਂ ਹੋਈਆਂ ਹਨ। ਆਦਿ ਗ੍ਰੰਥ ਵਿੱਚ ਲਿਖਿਆ ਹੈ "ਦਇਆ, ਸ਼ਾਂਤੀ, ਧਨ, ਨੌਂ ਨਿੱਧੀਆਂ, ਸਿਆਣਪ, ਚਮਤਕਾਰ, ਤਪ, ਯੋਗ ਆਦਿ ਸਭ ਨਾਮ ਸਿਮਰਨ ਵਿੱਚ ਹੀ ਹਨ।[23]

ਗੁਰੂ ਦੇ ਅਸ਼ੀਰਵਾਦ ਨਾਲ ਹੀ ਨਾਮ ਦਾ ਮਹੱਤਵ ਸਮਝ ਆਉਂਦਾ ਹੈ ਅਤੇ ਗੁਰੂ ਸੰਸਾਰ ਸਾਗਰ ਦੇ ਲਈ ਜਹਾਜ਼ ਦੇ ਸਮਾਨ ਹੁੰਦਾ ਹੈ। ਸਤਿਗੁਰ ਰਾਹੀਂ ਦਿੱਤਾ ਅਤੇ ਆਤਮਿਕ ਡਸਿਪਲਿਨ ਨਾਲ ਸਿਮਰਿਆ ਸਤਿਨਾਮ ਹੀ ਪਰਮਾਤਮਾ ਤੀਕ ਪਹੁੰਚਾਉਂਦਾ ਹੈ। "ਨਾਮ ਵਿੱਚ ਮੈਂ ਰਹਿੰਦਾ ਹਾਂ, ਅਤੇ ਨਾਮ ਮੇਰੇ ਮਨ ਵਿੱਚ ਰਹਿੰਦਾ ਹੈ, ਗੁਰੂ ਦੇ ਬਿਨ੍ਹਾਂ ਹਨੇਰਾ ਰਹਿੰਦਾ ਹੈ ਉਸਦੇ ਸ਼ਬਦ ਬਿਨ੍ਹਾਂ ਕੋਈ ਪ੍ਰਕਾਸ਼ ਨਹੀਂ ਹੁੰਦਾ, ਗੁਰੂ ਦੇ ਗਿਆਨ ਤੋਂ ਹੀ ਉਸ ਦਾ ਪ੍ਰਕਾਸ਼ ਹੁੰਦਾ ਹੈ"।[24]

ਗੁਰੂ ਦਾ ਸ਼ਬਦ ਅਤੇ ਨਾਮ ਜਪਣਾ ਦੋਹੇਂ ਮੁਕਤੀ ਦੇ ਮੂਲ ਮਾਰਗ ਹਨ। ਦੋਹਾਂ ਦਾ ਆਪਸੀ ਸੰਬੰਧ ਹੈ ਤੇ ਦੋਹੇਂ ਹੀ ਪ੍ਰਭੂ ਦੀ ਅਨੁਭੂਤੀ ਦਾ ਰਾਹ ਵਿਖਾਉਣ ਵਾਲੇ ਹਨ। ਮਨੁੱਖ ਅਨੇਕਾਂ ਧਾਰਮਿਕ ਕੰਮ ਕਰੇ, ਉਤਸਵ ਮਨਾਵੇ, ਗ੍ਰੰਥ ਪੜ੍ਹੇ, ਦਾਨ, ਦਯਾ, ਤਪ, ਆਦਿ ਕੁਲੀਨ ਗੁਣਾਂ ਦਾ ਅਭਿਆਸ ਕਰੇ ਪਰ ਇਹ ਸਭ ਸਤਿਨਾਮ ਦੇ ਜਾਪ ਤੋਂ ਹੀਣ ਹਨ।

ਜਾਪ ਤਾਪ ਗਿਆਨ ਸਭ ਧਿਆਨਾ॥ ਖਟ ਸਾਸਤ੍ਰ ਸਿਮ੍ਰਿਤਿ ਵਖਿਆਨ॥
ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ਸਗਲ ਤਿਆਗਿ ਬਨ ਮਧੇ ਫਿਰਿਆ॥
ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥
ਸਰੀਰ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥
ਨਹੀਂ ਤੁਲਿਆ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥[25]

ਗੁਰੂ ਨਾਨਕ ਦਾ ਵਿਸ਼ਵਾਸ ਹੈ ਕਿ ਸਾਰੇ ਧਰਮਾਂ ਵਿਚ ਪ੍ਰਭੂ ਦਾ ਨਾਮ-ਸਿਮਰਨ ਸਰਵੋਤਮ ਹੈ। ਲਗਾਤਾਰ ਨਾਮ ਸਿਮਰਨ ਨਾਲ ਜੀਵ ਆਪਣਾ ਹਿਰਦਾ ਪਵਿਤਰ ਕਰ ਸਕਦਾ ਹੈ। ਸਾਰੇ ਕਾਰਜਾਂ ਵਿਚੋਂ ਇਹ ਕਾਰਜ ਸਭ ਤੋਂ ਉਤਮ

ਹੈ।[26] ਸਿੱਖ ਧਰਮ ਵਿੱਚ ਨਾਮ ਸਿਮਰਨ ਤੇ ਭਗਤੀ ਦੇ ਹੋਰ ਸਭ ਰੂਪਾਂ ਤੋਂ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ। ਗੁਰੂ ਨੇ ਕਿਹਾ ਹੈ ਈਸ਼ਵਰ ਦੇ ਸ਼ਬਦ ਦਾ ਧਿਆਨ ਪਰਮ ਸੁੱਖ ਦਾ ਕਾਰਨ ਹੈ। ਸੈਂਕੜੇ ਉਤਸਵ ਵੀ ਈਸ਼ਵਰ ਦੇ ਸਿਮਰਨ ਦੇ ਬਰਾਬਰ ਨਹੀਂ ਹੋ ਸਕਦੇ।[27] ਗੁਰੂ ਨਾਨਕ ਨੇ ਇਹ ਵੀ ਕਿਹਾ ਹੈ ਕਿ ਜੋ ਗੁਰੂ ਦਾ ਨਾਮ ਸਿਮਰਨ ਨਹੀਂ ਭੁੱਲਦਾ ਉਹ ਮੁਕਤ ਹੋ ਜਾਂਦਾ ਹੈ।[28]

ਨਾਮ ਸਿਮਰਨ ਜਾਂ ਸ਼ਬਦ ਸਿਮਰਨ ਦਾ ਕੀ ਅਰਥ ਹੈ? ਕੀ ਇਹ ਈਸ਼ਵਰ ਦੇ ਨਾਮ ਜਾਂ ਕਿਸੇ ਹੋਰ ਨਾਂ ਦਾ ਵਾਰ ਵਾਰ ਦੁਹਰਾਉ ਹੈ। ਨਾਮ ਸਿਮਰਨ ਦਾ ਭਾਵ ਪਰਮਾਤਮਾ ਦੇ ਨਾਮ ਦੀ ਦੁਹਰਾਈ ਮਾਤਰ ਨਹੀਂ ਸਗੋਂ ਹਰ ਅਵਸਥਾ ਵਿੱਚ ਉਸ ਦੇ ਪ੍ਰਤੀ ਸਮਰਪਨ ਅਤੇ ਹਰ ਸਮੇਂ ਅਤੇ ਹਰ ਥਾਂ, ਜੀਵਨ ਦੇ ਹਰ ਪਲ ਉਨ੍ਹਾਂ ਦੀ ਹੋਂਦ ਦਾ ਅਨੁਭਵ ਕਰਨਾ ਹੈ। ਇਸ ਵਿੱਚ ਪਰਮਾਤਮਾ ਦੀ ਪੂਜਾ ਅਤੇ ਉਸ ਦੀ ਦਿਲੋਂ ਭਗਤੀ ਸ਼ਾਮਲ ਹੈ ਜਿਸ ਨਾਲ ਸ਼ਰਧਾਲੂ ਪਰਮਾਤਮਾ ਨਾਲ ਇਕ ਮਿਕਤਾ ਮਹਿਸੂਸ ਕਰਦਾ ਹੈ। ਨਾਮ ਪਰਮਾਤਮਾ ਦੀ ਸ਼ਾਨ ਅਤੇ ਉਸ ਦੇ ਰਹੱਸ ਦਾ ਪ੍ਰਤੀਕ ਹੈ।

ਨਾਮ ਸਿਮਰਨ ਸੁੰਦਰਤਾ, ਸੂਰਜ ਦੀ ਅਨੁਭੂਤੀ ਵਰਗਾ ਹੈ ਜਿਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਹੈ। ਭਗਤੀ ਦੇ ਨਜ਼ਰੀਏ ਰਾਹੀਂ ਨਾਮ ਸਿਮਰਨ ਦਾ ਅਭਿਆਸ ਕੀਤਾ ਜਾ ਸਕਦਾ ਹੈ। ਸ਼ਬਦ ਜਾਂ ਨਾਮ ਅਸਲ ਵਿੱਚ ਇੱਕ ਮੰਤਰ ਹੈ ਜਿਸ ਨੂੰ ਗੁਰੂ ਦਿੰਦਾ ਹੈ। ਸਿੱਖ ਧਰਮ ਵਿੱਚ ਗੁਰੂ ਨਾਨਕ ਪਹਿਲੇ ਗੁਰੂ ਹਨ ਜਿਨ੍ਹਾਂ ਨੇ ਇਹ ਮੰਤਰ ਦਿੱਤਾ। ਉਨ੍ਹਾਂ ਦੀ ਹੀ ਇਸ ਪ੍ਰੰਪਰਾ ਨੂੰ ਬਾਕੀ ਨੌਂ ਗੁਰੂ ਸਾਹਿਬਾਨ ਨੇ ਅੱਗੇ ਚਲਾਇਆ।

ਇਸ ਲਈ ਪਰਮਾਤਮਾ ਅਨੁਭੂਤੀ ਅਤੇ ਮੁਕਤੀ ਪ੍ਰਕ੍ਰਿਆ ਵਿੱਚ ਗੁਰੂ ਦਾ ਬਹੁਤ ਮਹੱਤਵ ਹੈ। ਆਦਿ ਗ੍ਰੰਥ ਵਿੱਚ ਜ਼ਿਕਰ ਹੈ ਕਿ ਗੁਰੂ ਦੇ ਦਰਸ਼ਨਾਂ ਨਾਲ ਮੁਕਤੀ ਦਾ ਰਾਹ ਖੁਲਦਾ ਹੈ।[29] ਗੁਰੂ ਨੂੰ ਮਾਤਾ, ਪਿਤਾ, ਮਾਲਕ ਅਤੇ ਦੇਵਾਂ ਦਾ ਦੇਵ ਕਿਹਾ ਗਿਆ ਹੈ।[30] ਸੱਚੇ ਅਤੇ ਝੂਠੇ ਗੁਰੂ ਦੇ ਵਿਚਕਾਰ ਫਰਕ ਨੂੰ ਸਪੱਸ਼ਟ ਕਰਨ ਦੇ ਲਈ ਸਿਖ ਧਰਮ ਵਿੱਚ ਸਤਿਗੁਰ ਪਦ ਵਰਤਿਆ ਗਿਆ ਹੈ। ਸਤਿਗੁਰ ਦਾ ਅਰਥ ਹੈ ਪਰਮਾਤਮਾ ਵੱਲੋਂ ਇਸ ਸੰਸਾਰ ਅੰਦਰ ਧਰਮ ਦੇ ਪ੍ਰਚਾਰ ਲਈ ਭੇਜੀ ਗਈ ਵਿਸ਼ੇਸ਼ ਹਸਤੀ। ਗੁਰੂ ਹਨੇਰੇ ਦਾ ਵਿਨਾਸ਼ਕ ਅਤੇ

ਗਿਆਨ ਦਾ ਪ੍ਰਕਾਸ਼ਕ ਹੁੰਦਾ ਹੈ। ਉਹ ਪਰਮਾਤਮਾ ਦੀ ਵਡਿਆਈ ਅਤੇ ਧਰਮ ਅਨੁਸਾਰ ਜੀਵਨ ਜਾਂਚ ਜਿਉਣ ਦੀ ਸਿਖਿਆ ਦਿੰਦਾ ਹੈ।

ਇਸ ਪ੍ਰਕਾਰ ਗੁਰੂ ਜੀਵਨ ਦੇ ਅੰਦਰਲੇ ਰਹੱਸ ਨੂੰ ਜਾਣਦਾ ਹੈ। ਮਨੁੱਖ ਦੇ ਅੰਤਰ ਮਨ ਵਿੱਚ ਉਹ ਇੱਕ ਜਯੋਤੀ ਪੈਦਾ ਕਰ ਸਕਦਾ ਹੈ। ਬਿਨ੍ਹਾਂ ਗੁਰੂ ਦੈਵੀ ਗਿਆਨ ਸੰਭਵ ਨਹੀਂ। ਕ੍ਰੋਧ, ਕਪਟ, ਲਾਲਚ, ਆਦਿ ਵਿਕਾਰ ਭਾਵਾਂ ਨੂੰ ਗੁਰੂ ਦੀ ਸਹਾਇਤਾ ਨਾਲ ਸਮਾਪਤ ਕੀਤਾ ਜਾ ਸਕਦਾ ਹੈ ਅਤੇ ਸਹਿਜ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਦੇ ਸ਼ਬਦ ਦੇ ਸਿਮਰਨ ਨਾਲ ਹੀ ਪਹਿਲੇ ਜਨਮ ਦੇ ਪਾਪ ਧੁਲ ਜਾਂਦੇ ਹਨ।[31]

ਸ਼ਬਦ ਅਤੇ ਗੁਰੂ ਵਿੱਚ ਕੋਈ ਫਰਕ ਨਹੀਂ ਹੈ, ਉਹ ਇੱਕ ਹੀ ਹੈ। ਸ਼ਬਦ ਵਿੱਚ ਗੁਰੂ ਦੇ ਰੂਪ ਦੀ ਝਲਕ ਦਿਸਦੀ ਹੈ। ਭਾਈ ਗੁਰਦਾਸ ਨੇ ਕਿਹਾ ਹੈ ਗੁਰੂ ਸ਼ਬਦ ਵਿੱਚ ਹੈ ਅਤੇ ਸ਼ਬਦ ਹੀ ਗੁਰੂ ਹੈ।

ਜਦ ਭਗਤ ਜਾਂ ਸਾਧਕ ਅਨਹਦ ਸ਼ਬਦ ਵਿੱਚ ਚਿੰਤਨ ਕਰਦਾ ਹੈ, ਤਾਂ ਉਸ ਵਿੱਚ ਗੁਰੂ ਦਾ ਪ੍ਰਕਾਸ਼ ਪ੍ਰਗਟ ਹੁੰਦਾ ਹੈ ਅਤੇ ਸਾਰੀਆਂ ਬੁਰਾਈਆਂ ਚਲੀਆਂ ਜਾਂਦੀਆਂ ਹਨ। ਅਨਹਦ ਨਾਦ ਦਾ ਇਹ ਸਿਧਾਂਤ ਬੁੱਧ ਮਤ ਦੇ ਸਿਧਾਂ ਅਤੇ ਹੱਠ ਯੋਗੀਆਂ ਵਿੱਚ ਵੀ ਪਾਇਆ ਜਾਂਦਾ ਹੈ।

ਸ਼ਬਦ ਨਾਮ ਦਾ ਸਮਾਨਾਰਥਕ ਹੈ ਅਤੇ ਹਮੇਸ਼ਾ ਗੁਰੂ ਦੇ ਨਾਲ ਜੋੜ ਦਿੱਤਾ ਜਾਂਦਾ ਹੈ, ਗੁਰੂ ਦਾ ਸ਼ਬਦ। ਨਾਥ ਫਿਰਕੇ ਦੇ ਅਨੁਸਾਰ ਅਨਹਦ ਸ਼ਬਦ ਨਾਦਹੀਨ ਹੈ, ਇਕ ਰਹੱਸਮਈ ਧੁੰਨ ਜਿਸ ਨੂੰ ਹੱਠ ਯੋਗੀ ਹੀ ਸੁਣ ਸਕਦੇ ਹਨ। ਈਸ਼ਵਰ ਅਨੁਭੂਤੀ ਦੇ ਆਖਰੀ ਪਲਾਂ ਵਿੱਚ ਇਸ ਦੀ ਅਨੁਭੂਤੀ ਹੁੰਦੀ ਹੈ। ਨਾਮ ਸੱਚ ਦਾ ਸਮਾਨਾਰਥਕ ਹੈ ਸਤਿਨਾਮ। ਸਤਿਨਾਮ ਦੇ ਪ੍ਰਕਾਸ਼ ਰਾਹੀਂ ਹੀ ਹਨੇਰੇ ਦਾ ਪਰਦਾ ਦੂਰ ਕੀਤਾ ਜਾ ਸਕਦਾ ਹੈ:

ਸਾਚੇ ਨਾਮੁ ਗੁਰ ਸ਼ਬਦਿ ਵੀਚਾਰਿ॥
ਗੁਰਮੁਖਿ ਸਾਚੇ ਸਾਚੈ ਦਰਬਾਰਿ॥[32]

ਭਾਵੇਂ ਸਿੱਖ ਧਰਮ ਸ਼ਾਸਤਰ ਵਿੱਚ ਹੁਕਮੁ ਇਕ ਕੇਂਦਰੀ ਸਿਧਾਂਤ ਹੈ ਪਰ ਗੁਰੂ ਸਾਹਿਬਾਨ ਨੇ ਕਰਮ ਸਿਧਾਂਤ ਨੂੰ ਵੀ ਸਵੀਕਾਰ ਕੀਤਾ ਹੈ। ਦੈਵੀ ਇੱਛਾ ਦੇ ਨਾਲ ਨਾਲ ਜੀਵ ਦੀ ਸਵੈ-ਇੱਛਾ ਦੀ ਸੰਭਾਵਨਾ ਨੂੰ ਵੀ ਸਵੀਕਾਰਿਆ ਗਿਆ

ਹੈ। ਜਪੁ ਜੀ ਵਿੱਚ ਗੁਰੂ ਨੇ ਕਿਹਾ ਹੈ ਕਿ ਕਰਮ ਹੀ ਸੁੱਖ ਦੁੱਖ ਅਤੇ ਉੱਚ ਨੀਚ ਗਤੀ ਦਾ ਕਾਰਨ ਬਣਦੇ ਹਨ। ਕਰਮਾਂ ਸਦਕਾ ਹੀ ਈਸ਼ਵਰ ਦੇ ਆਸ਼ੀਰਵਾਦ ਰਾਹੀਂ ਮੁਕਤੀ ਪਾਈ ਜਾ ਸਕਦੀ ਹੈ:

ਏਕਾ ਸੁਰਤਿ ਜੇਤੇ ਹੈ ਜੀਅ॥
ਸੁਰਤਿ ਵਿਹੂਣਾ ਕੋਇ ਨ ਕੀਅ॥
ਜੇਹੀ ਸੁਰਤਿ ਤੇਹਾ ਤਿਨ ਰਾਹੁ॥
ਲੇਖਾ ਇਕੋ ਆਵਹੁ ਜਾਹੁ॥[33]

ਪਰ ਈਸ਼ਵਰ ਦਾ ਆਸ਼ੀਰਵਾਦ ਉਨ੍ਹਾ ਨੂੰ ਪ੍ਰਾਪਤ ਹੁੰਦਾ ਹੈ ਜੋ ਈਸ਼ਵਰ ਦੇ ਹੁਕਮ ਦਾ ਪਾਲਣ ਕਰੇ। ਗੁਰੂ ਜੀ ਨੇ ਕਿਹਾ ਹੈ ਕਿ ਈਸ਼ਵਰ ਦਾ ਆਸ਼ੀਰਵਾਦ ਉਨ੍ਹਾਂ ਦੇ ਨਾਲ ਹੈ ਜੋ ਇਕ ਮਨ ਹੋ ਕੇ ਪਰਮਾਤਮਾ ਦਾ ਧਿਆਨ ਕਰਦੇ ਹਨ ਅਤੇ ਇੰਝ ਉਸ ਦੇ ਦਿਲ ਵਿੱਚ ਥਾਂ ਪ੍ਰਾਪਤ ਕਰ ਲੈਂਦੇ ਹਨ।[34] ਇਸ ਪ੍ਰਕਾਰ ਸਿੱਖ ਧਰਮ ਦਾ ਕਰਮ ਸਿਧਾਂਤ ਜੀਵ ਨੂੰ ਪੂਰੀ ਤਰ੍ਹਾਂ ਦੈਵੀ ਹੁਕਮ ਪ੍ਰਤੀ ਸਮਰਪਣ ਹੋਣ ਦੀ ਸਲਾਹ ਦਿੰਦਾ ਹੈ। ਮੁਕਤੀ ਈਸ਼ਵਰ ਦੇ ਆਸ਼ੀਰਵਾਦ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ, ਜਿਸ ਨੂੰ ਇਸ ਜਗਤ ਅੰਦਰ ਗੁਰੂ ਸ਼ਬਦਾਂ ਵਿੱਚ ਪ੍ਰਗਟ ਕਰਦਾ ਹੈ। ਸਾਧਕ ਦੀ ਖੁਦ ਨੂੰ ਸਮਸਤ ਬੁਰਾਈਆਂ ਤੋਂ ਮੁਕਤ ਕਰਨ ਦੀ ਕੋਸ਼ਿਸ਼ ਵੀ ਇਸ ਦੇ ਲਈ ਜ਼ਰੂਰੀ ਹੈ। ਪਰਮਾਤਮਾ ਦੀ ਭਗਤੀ ਰਾਹੀਂ ਮਨੁੱਖ ਅਪਣਾ ਜੀਵਨ ਪਵਿੱਤਰ ਕਰ ਸਕਦਾ ਹੈ।

## ਕਰਮ ਭਗਤੀ ਅਤੇ ਗਿਆਨ ਦਾ ਸੰਬੰਧ

ਸਿੱਖ ਧਰਮ ਵਿੱਚ ਪੁਰਾਤਨ ਧਰਮਾਂ ਦੀ ਪ੍ਰੰਪਰਾ ਅਨੁਸਾਰ ਯੋਗ ਦੀਆਂ ਤਿੰਨ ਅਵਸਥਾਵਾਂ ਵਿੱਚ ਆਪਸੀ ਸੰਬੰਧ ਦੇਖਿਆ ਜਾ ਸਕਦਾ ਹੈ। ਬੁੱਧ ਨੇ ਗਿਆਨ ਅਤੇ ਕਰਮ ਉੱਤੇ ਜ਼ੋਰ ਦਿੱਤਾ, ਭਗਵਤ ਗੀਤਾ ਨੇ ਗਿਆਨ, ਕਰਮ ਅਤੇ ਭਗਤੀ ਵਿੱਚਕਾਰ ਸਿਹਤਮੰਦ ਸੰਬੰਧ ਸਥਾਪਤ ਕੀਤੇ, ਪੁਰਾਤਨ ਉਪਨਿਸ਼ਧਾਂ ਵਿੱਚ ਵੀ ਇਹ ਵਿਚਾਰ ਬੀਜ ਰੂਪ ਵਿਚ ਮਿਲਦਾ ਹੈ। ਕੁੱਝ ਉਪਨਿਸ਼ਧਾਂ ਨੇ ਬ੍ਰਹਮ ਲੋਕ ਵਿੱਚ ਪਹੁੰਚਣ ਦੇ ਲਈ ਆਤਮਾ ਜਾਂ ਬ੍ਰਹਮ ਦੇ ਗਿਆਨ ਨੂੰ ਹੀ ਕਾਫੀ ਮੰਨਿਆ ਹੈ। ਸ਼ੰਕਰ ਨੇ ਵੀ ਗਿਆਨ ਨੂੰ ਮਹੱਤਵ ਦੇ ਕੇ ਮੁਕਤੀ ਪ੍ਰਾਪਤੀ ਲਈ ਆਤਮ ਗਿਆਨ ਨੂੰ ਸਵੀਕਾਰ ਕੀਤਾ ਹੈ। ਸਿੱਖ ਗੁਰੂਆਂ

ਨੇ ਭਗਤੀ ਤੇ ਜ਼ੋਰ ਦੇ ਕੇ ਮੁਕਤੀ ਹਿਤ ਇਕ ਬਹੁਪੱਖੀ ਨਜ਼ਰੀਆ ਦਿਤਾ ਹੈ। ਸਿੱਖ ਧਰਮ ਅਨੁਸਾਰ ਯੋਗੀ ਦਾ ਸਿਧਾਂਤ ਹੇਠ ਲਿਖੇ ਸ਼ਬਦਾਂ ਵਿੱਚ ਵੇਖਿਆ ਜਾ ਸਕਦਾ ਹੈ:

"ਸਬਰ ਅਤੇ ਸ਼ਰਮ ਨੂੰ ਮੁੰਦਰਾਂ ਬਣਾਉ, ਸਵੈ-ਮਾਣ ਨੂੰ ਸਾਧਨਾ ਨੂੰ ਪਿੰਡੇ ਤੇ ਮਲਣ ਵਾਲੀ ਰਾਖ ਸਮਝੋ, ਮੌਤ ਦੀ ਖੁਰਾਕ ਦੇਹ ਨੂੰ ਆਪਣਾ ਚੋਲਾ ਮੰਨੋ, ਅਤੇ ਸ਼ਰਧਾ ਨੂੰ ਆਪਣੇ ਜੀਵਨ ਦਾ ਆਧਾਰ"।[35]

ਸਿੱਖ ਧਰਮ ਅਨੁਸਾਰ ਭਗਤੀ ਹੀ ਈਸ਼ਵਰ ਦੀ ਪ੍ਰਾਪਤੀ ਦਾ ਸਾਧਨ ਹੈ। ਇਹ ਇਕ ਕਿਸਮ ਦਾ ਯੋਗ ਹੈ ਜੋ ਸ਼ਰਧਾਲੂ ਨੂੰ ਪਰਮਾਤਮਾ ਨਾਲ ਜੋੜਦਾ ਹੈ। ਗੁਰੂ ਸਾਹਿਬਾਨ ਦੇ ਕਥਨ ਅਰਥ ਭਰਪੂਰ ਅਤੇ ਪ੍ਰੇਰਨਾ ਸਰੋਤ ਹਨ। ਜੋ ਜੀਵ ਭਗਤੀ ਭਾਵਨਾ ਦੇ ਨਾਲ ਗੁਰੂ ਦੇ ਆਖੇ ਅਨੁਸਾਰ ਚਲਦਾ ਹੈ, ਉਹ ਈਸ਼ਵਰ ਤੱਕ ਪਹੁੰਚ ਜਾਂਦਾ ਹੈ। ਭਗਤੀ ਸ਼ਰਧਾਲੂ ਪਾਸੋਂ ਗੁਰੂ ਪ੍ਰਤੀ ਪੂਰਾ ਸਮਰਪਨ ਅਤੇ ਦੈਵੀ ਹੁਕਮ ਦੀ ਪੂਰੀ ਪਾਲਣਾ ਦੀ ਮੰਗ ਕਰਦੀ ਹੈ। ਸ਼ਰਧਾਲੂ ਦੈਵੀ ਇੱਛਾ ਪ੍ਰਤੀ ਕੋਈ ਸਵਾਲ ਨਹੀਂ ਕਰਦਾ ਉਹ ਤਾਂ ਪਰਮਾਤਮਾ ਦੇ ਪ੍ਰੇਮ ਤੋਂ ਹੀ ਸੰਤੁਸ਼ਟ ਰਹਿੰਦਾ ਹੈ।

ਸੱਚੀ ਭਗਤੀ ਗੁਰੂ ਅਤੇ ਈਸ਼ਵਰ ਵਿੱਚ ਪੂਰਨ ਵਿਸ਼ਵਾਸ ਨੂੰ ਜ਼ਰੂਰੀ ਮੰਨਦੀ ਹੈ ਅਤੇ ਸਿਖ ਧਰਮ ਵੀ ਸ਼ਰਧਾਲੂ ਪਾਸੋਂ ਪਰਮਾਤਮਾ ਅਤੇ ਗੁਰੂ ਪ੍ਰਤੀ ਡੂੰਘੀ ਸ਼ਰਧਾ ਦੀ ਮੰਗ ਕਰਦਾ ਹੈ। ਇੱਕ ਪ੍ਰਸਿੱਧ ਸਿੱਖ ਵਿਦਵਾਨ ਨੇ ਕਿਹਾ ਹੈ, "ਗੁਰੂ ਪ੍ਰਤੀ ਗੂੜ੍ਹੀ ਸ਼ਰਧਾ ਸਿਖ ਧਰਮ ਦੀ ਪਹਿਲੀ ਮੰਗ ਹੈ"।[36] ਪ੍ਰੇਮ ਦਾ ਸਿਧਾਂਤ ਸ਼ਰਧਾ ਅਤੇ ਭਗਤੀ ਨਾਲ ਨੇੜਿਉਂ ਜੁੜਿਆ ਹੋਇਆ ਹੈ। ਹੇਠ ਲਿਖੇ ਸ਼ਬਦ ਪ੍ਰਭੂ ਪ੍ਰਾਪਤੀ ਹਿਤ ਪ੍ਰੇਮ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ:

ਭਗਤਿ ਪ੍ਰੇਮ ਆਰਾਧਿਤੰ ਸਚੁ ਪਿਆਸ ਪਰਮ ਹਿਤੰ॥
ਬਿਲਲਾਪ ਬਿਲਲ ਬਿਨੰਤੀਆ ਸੁਖ ਭਾਇ ਚਿਤ ਹਿਤੰ॥[37]

ਇਸ ਤਰਾਂ ਅਸੀਂ ਵੇਖਦੇ ਹਾਂ ਕਿ ਪ੍ਰੇਮ ਭਗਤੀ ਮਾਰਗ ਦਾ ਇਕ ਜ਼ਰੂਰੀ ਤੱਤ ਹੈ। ਗੁਰੂ ਸਾਹਿਬਾਨ ਨੇ ਦੈਵੀ ਗਿਆਨ ਤੇ ਜ਼ੋਰ ਦਿੱਤਾ ਹੈ। ਸੱਚਾ ਗਿਆਨ, ਉਹਨਾਂ ਅਨੁਸਾਰ, ਗੁਰੂ ਦੇ ਸ਼ਬਦ ਦੇ ਰਾਹੀਂ ਪ੍ਰਭੂ - ਪ੍ਰਾਪਤੀ ਦਾ ਹੀ ਦੂਜਾ ਨਾਮ ਹੈ। ਗਿਆਨ ਸਾਧਕ ਦੇ ਲਈ ਇੱਕ ਕ੍ਰਿਪਾਨ ਹੈ ਜਿਸ ਦੇ ਰਾਹੀਂ ਉਹ ਅੰਦਰਲੇ

ਦੁਸ਼ਮਣਾਂ ਨਾਲ ਯੁੱਧ ਕਰਦਾ ਹੈ। ਸ਼ਬਦ ਦੇ ਪੈਰੋਕਾਰ ਦੀ ਤੁਲਨਾ ਇੱਕ ਕਮਲ ਨਾਲ ਕੀਤੀ ਗਈ ਹੈ ਜੋ ਪਾਣੀ ਤੋਂ ਉੱਤਪੰਨ ਹੁੰਦਾ ਹੈ ਪਰ ਉਸ ਨਾਲ ਲਗਾਉ ਨਹੀਂ ਰੱਖਦਾ ਭਾਵ (ਪਾਣੀ ਤੋਂ ਉੱਪਰ ਰਹਿੰਦਾ ਹੈ) ਗੁਰੂ ਨਾਨਕ ਦੇਵ ਦਾ ਕਥਨ ਹੈ, ਕਿ ਜਿਸ ਤਰ੍ਹਾਂ ਕੰਵਲ ਦਾ ਫੁੱਲ ਪਾਣੀ ਵਿੱਚ ਪੈਦਾ ਹੋ ਕੇ ਵੀ ਪਾਣੀ ਤੋਂ ਅਭਿਜ ਰਹਿੰਦਾ ਹੈ, ਜਿਸ ਤਰ੍ਹਾਂ ਇਕ ਬੱਤਖ ਪਾਣੀ ਵਿੱਚ ਤੈਰਦੀ ਹੋਈ ਵੀ ਆਪਣੇ ਪੰਖਾਂ ਨੂੰ ਗਿੱਲਾ ਨਹੀਂ ਹੋਣ ਦਿੰਦੀ, ਉਸੇ ਤਰ੍ਹਾਂ ਜੀਵ ਨੂੰ ਵੀ ਸੰਸਾਰ ਵਿੱਚ ਵਿਚਰਦਿਆਂ ਇਥੋਂ ਦੇ ਆਕਰਸ਼ਣਾਂ ਤੋਂ ਅਭਿਜ ਰਹਿ ਕੇ ਆਪਣਾ ਸਾਰਾ ਧਿਆਨ ਸ਼ਬਦ ਉੱਪਰ ਰੱਖਣਾ ਚਾਹੀਦਾ ਹੈ।[38]

ਅੰਦਰਲੇ ਦੁਸ਼ਮਣ ਵਿਕਾਰ ਭਾਵ ਹਨ, ਜੋ ਈਸ਼ਵਰ ਅਤੇ ਮਨੁੱਖ ਦੇ ਵਿਚਕਾਰ ਅਰਗਲਾ (ਰੁਕਾਵਟ) ਬਣ ਕੇ ਖੜੇ ਰਹਿੰਦੇ ਹਨ। ਉਨ੍ਹਾਂ ਨੂੰ ਭਗਤੀ ਦੇ ਰਾਹੀਂ ਨਸ਼ਟ ਕੀਤਾ ਜਾ ਸਕਦਾ ਹੈ। ਸਿੱਖ ਧਰਮ ਸੰਨਿਆਸ ਧਰਮ ਨਹੀਂ ਹੈ ਉਸ ਵਿੱਚ ਗ੍ਰਹਿਸਥ ਅਤੇ ਸੰਨਿਆਸ ਦੇ ਵਿੱਚ ਕੋਈ ਸਪੱਸ਼ਟ ਭੇਦ ਰੇਖਾ ਨਹੀਂ ਵਿਖਾਈ ਦਿੰਦੀ। ਇੱਕ ਸਿੱਖ ਪੈਰੋਕਾਰ ਨੂੰ ਗ੍ਰਹਿਸਥ ਅਵਸਥਾ ਵਿੱਚ ਰਹਿ ਕੇ ਚੰਗੇ ਆਚਰਨ ਅਤੇ ਈਮਾਨਦਾਰੀ ਨਾਲ ਧਨ ਕਮਾਉਣਾ ਚਾਹੀਦਾ ਹੈ। ਸਮਾਜਿਕ ਜਿੰਮੇਵਾਰੀਆ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਸਰੀਰਕ ਅਤੇ ਅਧਿਆਤਮਿਕ ਜ਼ਰੂਰਤਾਂ ਨੂੰ ਪੂਰਾ ਕਰਨਾ ਚਾਹੀਦਾ ਹੈ।

## ਮੁਕਤੀ ਮਾਰਗ ਦਾ ਨੈਤਿਕ ਪੱਖ

ਮਨੁੱਖ ਦੇ ਅਧਿਆਤਮਿਕ ਜੀਵਨ ਵਿੱਚ ਨੈਤਿਕਤਾ ਇੱਕ ਜ਼ਰੂਰੀ ਤੱਤ ਹੈ। ਨੈਤਿਕਤਾ ਵਿੱਚ ਹਿਰਦੇ ਦੀ ਸ਼ੁੱਧਤਾ ਅਤੇ ਸਰਲਤਾ ਸ਼ਾਮਲ ਹੈ। ਗੁਰੂ ਨੈਤਿਕ ਆਚਰਨ ਤੇ ਵਿਸ਼ੇਸ ਜ਼ੋਰ ਦਿੰਦੇ ਹਨ। ਮਨੁੱਖ ਦੀ ਮਹਾਨਤਾ ਨੂੰ ਉਸ ਦੇ ਨੈਤਿਕ ਆਚਰਨ ਤੋਂ ਪਰਖਿਆ ਜਾਂਦਾ ਹੈ। ਮਨੁੱਖ ਨੂੰ ਸਦਾ ਸੱਚ ਬੋਲਣਾ ਚਾਹੀਦਾ ਹੈ ਅਤੇ ਸੱਚ ਦੀ ਅੰਦਰ ਅਨੁਭੂਤੀ ਹੋਣੀ ਚਾਹੀਦੀ ਹੈ। ਯਕੀਨਨ ਹੀ ਸੱਚ ਮਨੁੱਖ ਦੇ ਹਿਰਦੇ ਅੰਦਰ ਹੈ। ਹਿਰਦੇ ਅੰਦਰ ਸੱਚ ਦੀ ਅਨੁਭੂਤੀ ਸਾਰੀਆਂ ਚੰਗਿਆਈਆਂ ਦਾ ਤੱਤ ਹੈ। ਸਿਖ ਧਰਮ ਵਿੱਚ ਸੱਚ ਦੀ ਮਹੱਤਤਾ ਨੂੰ ਹੇਠ ਲਿਖੇ ਸ਼ਬਦ ਤੋਂ ਵੀ ਸਮਝਿਆ ਜਾ ਸਕਦਾ ਹੈ:

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥

ਨਾਨਕ ਵਖਾਣੈ ਬੇਨਤੀ ਜਿਨ ਸਚ ਪਲੈ ਹੋਇ॥[39]

ਸਿੱਖ ਧਰਮ ਭਾਵੇ ਸੰਨਿਆਸ ਜੀਵਨ ਤੋਂ ਇਨਕਾਰ ਕਰਦਾ ਹੈ ਪਰ ਸਮਾਜਿਕ ਜੀਵਨ ਵਿੱਚ ਸੰਨਿਆਸ ਦੇ ਗੁਣਾਂ ਦੀ ਜ਼ਰੂਰਤ ਨੂੰ ਸਵੀਕਾਰ ਕੀਤਾ ਗਿਆ ਹੈ। ਗੁਰੂ ਨਾਨਕ ਨੇ ਗ੍ਰਹਿਸਥ ਜੀਵਨ ਦੀ ਪ੍ਰਸ਼ੰਸਾ ਕੀਤੀ ਹੈ ਅਤੇ ਉਨ੍ਹਾਂ ਅਜਿਹੇ ਅਖੌਤੀ ਸੰਨਿਆਸੀਆਂ ਦੀ ਅਲੋਚਨਾ ਕੀਤੀ ਹੈ ਜੋ ਦੂਸਰਿਆਂ ਤੇ ਨਿਰਭਰ ਰਹਿ ਕੇ ਗ੍ਰਹਿਸਥੀਆਂ ਉੱਪਰ ਬੋਝ ਬਣਦੇ ਹਨ। ਗੁਰੂ ਜੀ ਨੇ ਕਿਹਾ ਸੰਸਾਰ ਨੂੰ ਛੱਡਣ ਦੀ ਬਜਾਏ ਸਾਨੂੰ ਸੰਸਾਰਿਕਤਾ ਛੱਡਣੀ ਚਾਹੀਦੀ ਹੈ ਅਤੇ ਭਿਖਿਆ ਮੰਗਣ ਦੀ ਬਜਾਏ ਸਾਨੂੰ ਈਸ਼ਵਰ ਦਾ ਪ੍ਰੇਮ ਮੰਗਣਾ ਚਾਹੀਦਾ ਹੈ।

ਈਸ਼ਵਰ ਦੀ ਖੋਜ ਕਰਨ ਵਾਲੇ ਦੇ ਲਈ ਦਯਾ, ਖਿਮਾ, ਸੱਚ, ਸੰਤੋਖ, ਪ੍ਰੇਮ, ਸ਼ਰਧਾ, ਸਹਿਨਸ਼ਕਤੀ ਆਦਿ ਗੁਣਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ। ਜਨੇਉ ਧਾਰੀ ਬ੍ਰਾਹਮਣਾਂ ਨੂੰ ਸੰਬੋਧਨ ਕਰਦੇ ਹੋ ਉਨ੍ਹਾਂ ਕਿਹਾ ਹੈ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ॥
ਨ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥[40]

ਸਿੱਖ ਗੁਰੂਆਂ ਨੇ ਤਿਆਗ ਅਤੇ ਵੈਰਾਗ ਦੀ ਪ੍ਰਸੰਸਾ ਕੀਤੀ ਹੈ। ਈਸ਼ਵਰ ਪ੍ਰਾਪਤੀ ਕਰਨ ਵਾਲੇ ਸਾਧਕ ਦੇ ਲਈ ਸੰਸਾਰਿਕ ਲਗਾਉ ਤੋਂ ਵੈਰਾਗੀ ਰਹਿਣਾ ਚਾਹੀਦਾ ਹੈ। ਅੰਜਨ ਮਾਹਿ ਨਿਰੰਜਨਿ ਰਹੀਆ ਜੋਗ ਜੁਗਤਿ ਇਵ ਪਾਈਐ।[41] ਨਿਮਰਤਾ ਅਤੇ ਖਿਮਾ ਨੂੰ ਵੀ ਸਿੱਖ ਧਰਮ ਵਿੱਚ ਕਾਫੀ ਸਰਾਹਿਆ ਗਿਆ ਹੈ। ਨਿਮਰਤਾ, ਸੱਚ, ਪ੍ਰੇਮ ਅਤੇ ਭਗਤੀ ਦੇ ਹੋਣ ਤੇ ਹੀ ਮੁਕਤੀ ਸੰਭਵ ਹੈ। ਸਹਿਜ ਅਵਸਥਾ ਨੂੰ ਜ਼ਰੂਰੀ ਮੰਨਿਆ ਗਿਆ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ ਮਨੁੱਖ ਨੂੰ ਘੱਟ ਖਾਣਾ ਚਾਹੀਦਾ ਹੈ, ਘੱਟ ਸੌਣਾ ਚਾਹੀਦਾ ਹੈ ਅਤੇ ਪ੍ਰੇਮ, ਰਹਿਮ ਦਿਲ ਅਤੇ ਖਿਮਾਵਾਨ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇ ਅਨੁਸਾਰ ਆਤਮ ਸੰਜਮ, ਸਮਯਕ ਗਿਆਨ, ਦੈਵੀ ਗਿਆਨ, ਈਸ਼ਵਰ ਭੈ, ਤੱਪ, ਈਸ਼ਵਰ ਪ੍ਰੇਮ, ਨਾਮ ਸਿਮਰਨ ਆਦਿ ਗੁਣ ਜੀਵ ਨੂੰ ਪਰਮਾਤਮਾ ਦੀ ਮਿਹਰ ਦਾ ਪਾਤਰ ਬਨਣ ਵਿੱਚ ਸਹਾਈ ਹੁੰਦੇ ਹਨ।

## ਗੁਰਮੁਖ: ਇਕ ਆਦਰਸ਼ ਜੀਵ

ਗੁਰੂ ਅਤੇ ਸਿੱਖ ਇਨ੍ਹਾਂ ਦੋ ਖੰਭਿਆਂ ਤੇ ਸਿੱਖ ਧਰਮ ਦਾ ਵਿਵਹਾਰਿਕ ਢਾਂਚਾ ਖੜਾ ਹੈ। ਗੁਰੂ ਰਾਹ ਦਰਸਾਉਣ ਵਾਲਾ, ਮਿੱਤਰ ਅਤੇ ਦਾਰਸ਼ਨਿਕ ਹੈ। ਉਸ ਦੀਆਂ ਸਿੱਖਿਆਵਾਂ ਧਾਰਮਿਕ ਸਾਧਨਾਵਾਂ ਦੀ ਭੂਮਿਕਾ ਹੈ, ਸਿੱਖ ਉਸ ਦਾ ਪੈਰੋਕਾਰ ਹੈ। ਜੋ ਈਸ਼ਵਰ ਵੱਲ ਮੁੱਖ ਰਖਦਾ ਹੈ, ਗੁਰੂ ਪ੍ਰਤੀ ਸਮਰਪਿਤ ਹੈ, ਜਿਸ ਦਾ ਆਚਰਨ ਸ਼ੁਧ ਅਤੇ ਸ਼ਰਧਾ ਵਾਲਾ ਹੈ ਅਤੇ ਬਿਰਤੀ ਧਾਰਮਿਕ ਹੈ ਉਹ ਗੁਰਮੁਖ ਹੈ।

ਆਦਿ ਗ੍ਰੰਥ ਵਿੱਚ ਸੱਚੇ ਸਿੱਖ ਨੂੰ ਗੁਰਮੁਖ ਕਿਹਾ ਗਿਆ ਹੈ। ਉਹ ਸਵੈ ਇੱਛਾ ਨਾਲ ਗੁਰੂ ਦੀ ਸਿਖਿਆ ਉੱਪਰ ਚਲਦਾ ਹੈ। ਉਹ ਇਕ ਆਦਰਸ਼ ਮਨੁੱਖ ਹੁੰਦਾ ਹੈ ਜੋ ਸੱਚ ਚੰਗਿਆਈ ਅਤੇ ਆਤਮਿਕ ਸ਼ਾਂਤੀ ਦੀ ਮੂਰਤ ਹੁੰਦਾ ਹੈ। ਗੁਰਮਤਿ ਦਾ ਪੈਰੋਕਾਰ ਗੁਰਮੁਖ ਅਖਵਾਉਂਦਾ ਹੈ। ਗੁਰਮਤਿ ਗੁਰੂ ਦਾ ਮਾਰਗ ਹੈ। ਜਿਹੜਾ ਸਿਖ ਲਈ ਪ੍ਰਭੂ ਪ੍ਰਾਪਤੀ ਹਿਤ ਆਦਰਸ਼ ਮਾਰਗ ਹੈ। ਹਰ ਇਕ ਗੁਰਮੁਖ ਦੇ ਲਈ ਈਸ਼ਵਰ ਅਨੁਭੂਤੀ ਹਿਤ ਹੇਠ ਲਿਖੇ ਗੁਣਾਂ ਦਾ ਅਭਿਆਸ ਕਰਨਾ ਜਰੂਰੀ ਹੈ; ਸੱਚ, ਸੰਤੋਖ, ਵਿਚਾਰ, ਦਯਾ, ਧਰਮ, ਦਾਨ, ਸ਼ਰਧਾ, ਸਹਿਣਸ਼ਕਤੀ, ਸੰਜਮ, ਖਿਮਾ, ਨਿਮਰਤਾ, ਸੇਵਾ, ਪ੍ਰੇਮ, ਗਿਆਨ ਅਤੇ ਕਾਰਜ।[42]

ਗੁਰੂ ਨਾਨਕ ਦੇ ਅਨੁਸਾਰ ਗੁਰਮੁਖ ਸ਼ਾਸ਼ਵਤ ਆਨੰਦ ਅਤੇ ਸ਼ਾਂਤੀ ਅਤੇ ਮੁਕਤੀ ਦਾ ਭੋਗਣ ਵਾਲਾ ਹੁੰਦਾ ਹੈ। ਪਰ ਮਨਮੁਖ ਸੰਸਾਰਿਕ ਵਾਸਨਾਵਾਂ ਵਿੱਚ ਘਿਰਿਆ ਰਹਿੰਦਾ ਹੈ। ਉਸ ਦੇ ਮਨ ਵਿੱਚ ਅਧਿਆਤਮਿਕ ਕਦਰਾਂ ਦਾ ਕੋਈ ਮਹੱਤਵ ਨਹੀਂ ਹੁੰਦਾ। ਉਹ ਸਦਾ ਸਰੀਰਕ ਭੋਗਾਂ ਵਿੱਚ ਗਲਤਾਨ ਰਹਿੰਦਾ ਹੈ। ਗੁਰਮੁਖ ਨੂੰ ਦੈਵੀ ਗਿਆਨ ਹਾਸਲ ਹੁੰਦਾ ਹੈ। ਪਰਮਾਤਮਾ ਦੀ ਹੋਂਦ ਅਤੇ ਗੁਰੂ ਵਿੱਚ ਉਸ ਦਾ ਅਟੁੱਟ ਵਿਸ਼ਵਾਸ ਹੁੰਦਾ ਹੈ। ਗੁਰਮੁਖ ਹਮੇਸ਼ਾ ਅਜਾਦੀ ਅਤੇ ਆਨੰਦ ਦੀ ਅਵਸਥਾ ਵਿੱਚ ਰਹਿੰਦਾ ਹੈ ਜਦੋਂ ਕਿ ਮਨਮੁਖ ਆਵਾਗਵਣ ਦੇ ਚੱਕਰ ਵਿੱਚ ਦੁੱਖ ਭੋਗਦਾ ਹੈ।

ਨੈਤਿਕ ਪੱਖੋਂ ਸੰਪੰਨ ਗੁਰਮੁਖ ਨੂੰ ਜੀਵਨ ਮੁਕਤ ਵੀ ਕਿਹਾ ਗਿਆ ਹੈ। ਜੀਵਨ ਮੁਕਤ ਤੋਂ ਭਾਵ ਹੈ ਇਸ ਜੀਵਨ ਵਿੱਚ ਰਹਿੰਦਿਆਂ ਹੋਇਆਂ ਮੁਕਤ

ਅਵਸਥਾ ਦੀ ਪ੍ਰਾਪਤੀ। ਉਹ ਸੱਚ, ਪਵਿੱਤਰਤਾ, ਭਗਤੀ ਅਤੇ ਪ੍ਰੇਮ ਜਿਹੇ ਗੁਣਾਂ ਦੀ ਮੂਰਤ ਹੁੰਦਾ ਹੈ। ਉਹ ਉਸ ਯੋਗੀ ਤੋਂ ਜ਼ਿਆਦਾ ਮਹਾਨ ਹੈ ਜੋ ਸੰਨਿਆਸੀ ਜੀਵਨ ਦੀ ਅਸਲੀਅਤ ਨੂੰ ਸਮਝੇ ਬਿਨ੍ਹਾਂ ਹੀ ਉਸ ਨੂੰ ਧਾਰਨ ਕਰਦਾ ਹੈ। ਗੁਰੂ ਨਾਨਕ ਦੇ ਅਨੁਸਾਰ ਮੁਕਤੀ ਦੀ ਪ੍ਰਾਪਤੀ ਗ੍ਰਹਿਸਥ ਅਵਸਥਾ ਵਿੱਚ ਰਹਿੰਦੇ ਹੋਏ ਵੀ ਸੱਚ ਅਤੇ ਈਸ਼ਵਰ ਦੇ ਧਿਆਨ ਰਾਹੀਂ ਹੋ ਸਕਦੀ ਹੈ। ਭਿਖਿਆ ਦਾ ਪਾਤਰ, ਜਟਾ ਜੂਟ, ਚਟਾਈ ਆਦਿ ਬਾਹਰਲੇ ਚਿੰਨ੍ਹ ਵਿਅਰਥ ਹੁੰਦੇ ਹਨ ਕਿਉਂਕਿ ਇਨ੍ਹਾਂ ਚਿੰਨ੍ਹਾ ਦੇ ਪਹਿਨਣ ਨਾਲ ਵਿਸ਼ੇ ਵਿਕਾਰ ਵਾਲੇ ਭਾਵਾਂ ਨੂੰ ਕਾਬੂ ਨਹੀਂ ਕੀਤਾ ਜਾ ਸਕਦਾ। ਗੁਰੂ ਦੇ ਸ਼ਬਦ ਅਤੇ ਈਸ਼ਵਰ ਦੀ ਆਗਿਆ ਉੱਪਰ ਅਪਣਾ ਧਿਆਨ ਕੇਂਦਰਤ ਕਰਨਾ ਚਾਹੀਦਾ ਹੈ।

## ਧਾਰਮਿਕ ਸਾਧਨਾ ਦੇ ਪੱਖ

ਗੁਰੂ ਨਾਨਕ ਦੇਵ ਆਪਣੀ ਰਚਨਾ "ਜਪੁ" ਵਿੱਚ ਧਾਰਮਿਕ ਸਾਧਨਾ ਦੀ ਵਿਆਖਿਆ ਪੰਜ ਭਾਗਾਂ ਵਿੱਚ ਕਰਦੇ ਹਨ। ਗੁਰੂ ਜੀ ਦੁਆਰਾ ਵਰਤੇ ਗਏ ਸ਼ਬਦ ਖੰਡ ਨੂੰ ਵਿਭਿੰਨ ਵਿਦਵਾਨਾਂ ਨੇ ਵੱਖ ਵੱਖ ਤਰ੍ਹਾਂ ਸਮਝਣ ਦਾ ਯਤਨ ਕੀਤਾ ਹੈ। ਖੰਡ ਦਾ ਅਰਥ ਹੈ ਹਿੱਸਾ, ਭਾਗ, ਸੈਕਸ਼ਨ ਜਾਂ ਅਧਿਆਇ। "ਜਪੁ ਜੀ" ਵਿੱਚ ਦਰਸਾਏ ਗਏ ਪੰਜ ਖੰਡ ਇਸ ਪ੍ਰਕਾਰ ਹਨ: 1. ਧਰਮ ਖੰਡ 2. ਗਿਆਨ ਖੰਡ 3. ਸਰਮ ਖੰਡ 4. ਕਰਮ ਖੰਡ 5. ਸੱਚ ਖੰਡ। ਧਾਰਮਿਕ ਜੀਵਨ ਦਾ ਪਹਿਲਾ ਖੰਡ ਹੈ ਧਰਮ ਖੰਡ। ਇਹ ਨੈਤਿਕ ਅਤੇ ਧਾਰਮਿਕ ਸੰਸਕ੍ਰਿਤੀ ਦਾ ਖੇਤਰ ਹੈ। ਗੁਰੂ ਨੇ ਇਸ ਧਰਤੀ ਨੂੰ ਧਰਮਸ਼ਾਲਾ (ਧਰਮੀ ਜੀਵਨ ਜਿਉਣ ਦੀ ਥਾਂ) ਕਿਹਾ ਹੈ। ਹਰ ਮਨੁੱਖ ਨੇ ਅਪਣੇ ਕਰਮਾਂ ਦੇ ਅਨੁਸਾਰ ਲੇਖਾ ਦੇਣਾ ਹੈ। ਗੁਰੂ ਜੀ ਅਨੁਸਾਰ:

ਸਚਾ ਆਪਿ ਸਚਾ ਦਰਬਾਰੁ।
ਤਿਥੈ ਸੋਹਨਿ ਪੰਚ ਪਰਵਾਣੁ॥
ਨਦਰੀ ਕਰਮਿ ਪਵੈ ਨੀਸਾਣੁ॥
ਕਚ ਪਕਾਈ ਓਥੈ ਪਾਇ॥
ਨਾਨਕ ਗਇਆ ਜਾਪੈ ਜਾਇ॥
ਧਰਮ ਖੰਡ ਕਾ ਏਹੋ ਧਰਮੁ॥ [43]

ਗਿਆਨ ਖੰਡ ਵਿੱਚ ਗਿਆਨ ਦੀ ਜ਼ਰੂਰਤ ਨੂੰ ਦੱਸਿਆ ਗਿਆ ਹੈ ਇੱਥੇ ਗਿਆਨ ਦਾ ਅਰਥ ਹੈ ਬਿਬੇਕ ਬੁੱਧੀ। ਇਸ ਦਾ ਭਾਵਾਰਥ ਗੁਰਬਾਣੀ ਦਾ ਗਿਆਨ ਹੈ ਪਰ ਪਰਮਾਤਮਾ ਦਾ ਗਿਆਨ ਹੀ ਮੁਕਤੀ ਦਿਲਾ ਸਕਦਾ ਹੈ।

ਸਰਮ ਸ਼ਬਦ ਸੰਸਕ੍ਰਿਤ ਸ਼੍ਰਮ (ਮਿਹਨਤ) ਨੂੰ ਪ੍ਰਗਟ ਕਰਦਾ ਹੈ। ਉਸ ਦਾ ਸੰਬੰਧ ਅਰਬੀ ਸ਼ਬਦ ਸ਼ਰਮ (ਲੱਜਾ) ਤੋਂ ਨਹੀਂ ਹੈ। ਧਾਰਮਿਕ ਅਧਿਆਤਮਿਕ ਸਾਧਨਾ ਇਕ ਕੋਸ਼ਿਸ਼ ਹੈ ਅਧਿਆਤਮਕ ਉਦੇਸ਼ ਦੀ ਪ੍ਰਾਪਤੀ ਹਿਤ। ਕਰਮ ਖੰਡ ਦਾ ਅਨੁਵਾਦ ਕਰਦਿਆਂ ਕਈ ਵਿਦਵਾਨਾਂ ਨੇ ਕਰਮ ਦਾ ਅਰਥ ਕ੍ਰਿਪਾ ਕੀਤਾ ਹੈ। ਪਰ ਇਸ ਦਾ ਅਸਲ ਅਰਥ ਕਾਰਜ, ਕਰਮ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਪਵਿੱਤਰ ਭਗਤੀ ਦੇ ਲਈ ਕਾਰਜਸ਼ੀਲ ਹੋਣ ਤੇ ਜ਼ੋਰ ਦਿੱਤਾ ਹੈ। ਮਨੁੱਖ ਈਸ਼ਵਰ ਦੇ ਆਸ਼ੀਰਵਾਦ ਤੋਂ ਤਦ ਹੀ ਸ਼ਕਤੀਵਾਨ ਹੁੰਦਾ ਹੈ ਜਦ ਉਹ ਭਗਤੀ ਭਾਵਨਾ ਵਿਚ ਰੰਗ ਕੇ ਪਵਿਤਰ ਕਾਰਜ ਕਰਦਾ ਹੈ।

ਸਾਧਕ ਦੇ ਧਾਰਮਿਕ ਜੀਵਨ ਆਖਰੀ ਪੜਾਅ ਸੱਚਖੰਡ ਹੈ। ਇਥੇ ਸੱਚ ਸ਼ਬਦ ਪਰਮ ਸੱਤਾ ਦਾ ਸਮਾਨਾਰਥਕ ਹੈ। ਇਸ ਅਵਸਥਾ ਦੀ ਤੁਲਨਾ ਉਪਨਿਸ਼ਧਾਂ ਵਿੱਚ ਤੁਰੀਆ ਅਵਸਥਾ ਅਤੇ ਬੋਧੀਆਂ ਵਿੱਚ ਸਹਿਜ ਅਵਸਥਾ ਨਾਲ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਜੀ ਤੇ ਕਬੀਰ ਨੇ ਇਸ ਨੂੰ ਸੁੰਨ ਸਮਾਧੀ ਕਿਹਾ ਹੈ। ਮੁਕਤੀ ਦਾ ਸਾਧਕ ਅਪਣੀ ਸਾਧਨਾ ਇਸ ਅਵਸਥਾ ਵਿੱਚ ਪਹੁੰਚ ਕੇ ਪੂਰੀ ਕਰਦਾ ਹੈ। ਗੁਰੂ ਨਾਨਕ ਦੇਵ ਆਖਦੇ ਹਨ ਕਿ ਨਿਰੰਕਾਰ ਪ੍ਰਭੂ ਸਚ ਖੰਡ ਵਿੱਚ ਵਸਦਾ ਹੈ 'ਸੱਚ ਖੰਡ ਵਸੈ ਨਿਰੰਕਾਰ'।[44]

## ਸਿੱਖ ਧਰਮ ਵਿੱਚ ਮੁਕਤੀ ਦਾ ਸਰੂਪ

ਸਿੱਖ ਸਾਹਿਤ ਵਿੱਚ ਮੁਕਤੀ ਦੇ ਲਈ ਅਨੇਕਾਂ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ-ਮੁਕਤੀ, ਮੋਖ, ਨਿਰਵਾਨ, ਨਿਰਵਾਨਪਦ, ਨਿਰਭੈਪਦ ਆਦਿ। ਭਾਈ ਗੁਰਦਾਸ ਨੇ ਮੁਕਤੀ ਦੇ ਲਈ 'ਮੁਕਤ ਪਦਾਰਥ' ਕਿਹਾ ਹੈ। ਭਵਜਲ ਤੋਂ ਪਾਰ ਹੋਣਾ ਅਤੇ ਜਨਮ ਮਰਨ ਦੇ ਚੱਕਰ ਨੂੰ ਖਤਮ ਕਰਨਾ ਹੀ ਮੁਕਤੀ ਹੈ। ਮੁਕਤੀ ਵਿੱਚ ਦੁਬਿਧਾ ਅਤੇ ਰੋਗ ਪੂਰਨ ਰੂਪ ਵਿੱਚ ਸ਼ਾਂਤ ਹੋ ਜਾਂਦੇ ਹਨ।[45]

ਸਿੱਖ ਧਰਮ ਮੁਕਤੀ ਅਤੇ ਸਵਰਗ ਵਿੱਚ ਫਰਕ ਕਰਦਾ ਹੈ। ਭਗਤੀ ਦਾ ਉਦੇਸ਼ ਇੱਥੇ ਸਵਰਗ ਪ੍ਰਾਪਤੀ ਨਹੀਂ ਸਗੋਂ ਈਸ਼ਵਰ ਅਨੁਭੂਤੀ ਹੈ। ਮੁਕਤ

ਅਵਸਥਾ ਨੂੰ ਆਮ ਤੌਰ ਤੇ ਇੱਥੇ ਸਹਿਜ ਜਾਂ ਸੁੰਨ ਕਿਹਾ ਗਿਆ ਹੈ। ਸਹਿਜ ਦਾ ਅਰਥ ਹੈ - ਕੁਦਰਤੀ ਜਿਸ ਨੂੰ ਸਭ ਤੋਂ ਪਹਿਲਾਂ ਬੁੱਧ ਸਿਧਾਂ ਨੇ ਸਹਿਜਯਾਨ ਦੇ ਹਵਾਲੇ ਵਿੱਚ ਪ੍ਰਯੋਗ ਕੀਤਾ ਸੀ। ਸੁੰਨ (ਸ਼ੂਨਯ) ਸ਼ਬਦ ਸ਼ੂਨਯ ਨੂੰ ਪ੍ਰਕਾਸ਼ਤ ਕਰਦਾ ਹੈ। ਮਾਧਮਿਕ ਬੋਧ ਅਚਾਰਿਆ ਨੇ ਸ਼ੂਨਯ ਸ਼ਬਦ ਦਾ ਪ੍ਰਯੋਗ ਸਰਵਉੱਚ ਸੱਤਾ ਦੀ ਅਨੁਭੂਤੀ ਦੇ ਹਵਾਲੇ ਵਿੱਚ ਕੀਤਾ ਹੈ। ਉਸੇ ਨੂੰ ਸ਼ੰਕਰ ਆਚਾਰਿਆ ਅਤੇ ਕੁਮਾਰਿਲ ਨੇ ਸ਼ੂੰਨਯਵਾਦ ਕਿਹਾ ਹੈ। ਅਸਲੀਅਤ ਸ਼ੁਨਯ ਅਖਵਾਉਂਦੀ ਹੈ ਕਿਉਂਕਿ ਉਸ ਵਿੱਚ ਦਵੈਤ ਦੀ ਅਣਹੋਂਦ ਰਹਿੰਦੀ ਹੈ। ਅਸੀਂ ਪਿੱਛੇ ਵੇਖਿਆ ਕਿ ਗੁਰੂ ਨਾਨਕ ਸ੍ਰਿਸ਼ਟੀ ਦੀ ਉਤਪਤੀ ਤੋਂ ਪਹਿਲਾਂ ਈਸ਼ਵਰ ਨੂੰ ਸੁੰਨ ਸਮਾਧੀ ਦੇ ਰੂਪ ਵਿੱਚ ਵਰਨਣ ਕਰਦੇ ਹਨ। ਇਸ ਪ੍ਰਕਾਰ ਸ਼ੂਨੰਯਤਾ ਅਤੇ ਸੁਭਾਵਿਕਤਾ ਨਿਰਵਾਨ ਦੇ ਦੋ ਪ੍ਰਮੁੱਖ ਤੱਤ ਹਨ।

ਸ਼ੂਨੰਯ ਸ਼ਬਦ ਨਾਂਹ ਵਾਚਕ ਹੈ ਅਤੇ ਪਰਮ-ਸੱਤਾ ਬਾਰੇ ਸ਼ਬਦਾਂ ਜਾਂ ਵਿਚਾਰਧਾਰਾ ਰਾਹੀਂ ਬਿਆਨ ਨਾ ਕੀਤੇ ਜਾ ਸਕਣ ਬਾਰੇ ਇਸ਼ਾਰਾ ਕਰਦਾ ਹੈ ਅਤੇ ਇਸ ਦੇ ਉਲਟ ਸਹਿਜ ਪਦ ਹਾਂ ਵਾਚਕ ਹੈ ਜੋ ਪਰਮ-ਸੱਤਾ ਦੀ ਨਜ਼ਦੀਕੀ ਵੱਲ ਇਸ਼ਾਰਾ ਕਰਦਾ ਹੈ ਅਤੇ ਇਹ ਵੀ ਦਸਦਾ ਹੈ ਕਿ ਇਸ ਪਰਮ ਸੱਤਾ ਦੀ ਅਨੁਭੂਤੀ ਸੰਭਵ ਹੈ। ਭਗਤੀ ਦਾ ਮਾਰਗ ਸਹਿਜ ਮਾਰਗ ਹੈ। ਇਸ ਨਾਲ ਸਹਿਜ ਅਵਸਥਾ ਦੀ ਪ੍ਰਾਪਤੀ ਵਧੇਰੇ ਸੋਖੀ ਹੋ ਜਾਂਦੀ ਹੈ। ਪਰਮ ਸੱਤਾ ਦੇ ਸੁਭਾਅ ਦੀ ਤਰ੍ਹਾਂ ਹੀ ਮੁਕਤੀ ਦੇ ਸੁਭਾਅ ਦੀ ਵਿਆਖਿਆ ਕਰ ਸਕਣੀ ਵੀ ਸੰਭਵ ਨਹੀਂ। ਇਕ ਜੀਵਨ ਮੁਕਤ ਵਿਅਕਤੀ ਦੀਆਂ ਪ੍ਰਾਪਤੀਆਂ ਦੇ ਹਾਂ ਪੱਖੀ ਅਤੇ ਨਾਂ ਪੱਖੀ ਪੱਖਾਂ ਨੂੰ ਵਿਚਾਰਨ ਉਪਰੰਤ ਅਸੀਂ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਮੁਕਤੀ ਕੀ ਹੈ।

ਮੁਕਤ ਜੀਵ ਸ਼ਾਂਤੀ, ਸੁੱਖ, ਆਨੰਦ, ਅਤੇ ਸੰਤੋਖ ਦਾ ਅਨੁਭਵ ਕਰਦਾ ਹੈ। ਇਸ ਇੰਤਹਾ ਆਨੰਦ ਦੀ ਅਵਸਥਾ ਨੂੰ ਗੁਰੂ ਸਾਹਿਬ ਨੇ ਉਨਮਨ ਅਵਸਥਾ ਕਿਹਾ ਹੈ। ਜਿਹੜੇ ਵਿਅਕਤੀ ਪਰਮਾਤਮਾ ਦੀ ਸੱਚੀ ਭਗਤੀ ਰਾਹੀਂ ਸੁੰਨ-ਸਮਾਧ ਵਿੱਚ ਪਹੁੰਚ ਜਾਂਦੇ ਹਨ ਉਹ ਇਸ ਉਨਮਨ ਅਵਸਥਾ ਭਾਵ ਸੰਪੂਰਨ ਆਨੰਦ ਮਾਣ ਸਕਦੇ ਹਨ (ਸੁੰਨ ਸਮਾਧ ਨਾਮ ਰਸ ਮਾਤੇ)। ਇਹ ਹੈਰਾਨੀਕੁਨ ਸਥਿਤੀ ਹੈ ਜੋ ਸ਼ਬਦਾਂ ਵਿੱਚ ਬੰਨ੍ਹੀ ਜਾ ਸਕਣੀ ਸੰਭਵ ਨਹੀਂ (ਕਹਨੁ ਨ ਜਾਈ

ਅਚਰਜ ਬਿਸਮਾਦ)।[46] ਈਸ਼ਵਰ ਦਾ ਨਾਂਹ ਵਾਚਕ ਪੱਖ ਸੁੰਨ ਸ਼ਬਦ ਨਾਲ ਵਰਨਣ ਕੀਤਾ ਗਿਆ ਹੈ। ਜਿਹੜਾ ਇਸ ਗੱਲ ਵਲ ਇਸ਼ਾਰਾ ਕਰਦਾ ਹੈ ਕਿ ਪਰਮਾਤਮਾ ਦਾ ਸੰਕਲਪ ਦੇ ਸਕਣਾ ਸੰਭਵ ਨਹੀਂ। ਅਸਲ ਵਿੱਚ ਪਰਮਾਤਮਾ ਨੂੰ ਸ਼ਬਦਾਂ ਵਿੱਚ ਬੰਨ੍ਹ ਸਕਣਾ ਅਸੰਭਵ ਹੈ। ਭਾਈ ਗੁਰਦਾਸ ਨੇ ਪਰਮ ਸੱਤਾ ਨੂੰ ਨਿਰਾਕਾਰ, ਨਿਰੰਕਾਰ ਅਤੇ ਨਿਰਾਧਾਰ ਆਖਿਆ ਹੈ।[47] ਪਰਮ ਸੱਤਾ ਦੇ ਇਸ ਰੂਪ ਨੂੰ ਹੀ ਸੁੰਨ ਸਮਾਧ ਕਿਹਾ ਗਿਆ ਹੈ।

ਵੈਸ਼ਨਵ ਧਰਮ ਦੀ ਤਰ੍ਹਾਂ ਸਿੱਖ ਧਰਮ ਵਿੱਚ ਵੀ ਜੀਵਾਤਮਾ ਅਤੇ ਪਰਮਾਤਮਾ ਦੇ ਮੇਲ ਨੂੰ ਮੁਕਤੀ ਕਿਹਾ ਗਿਆ ਹੈ। ਕਬੀਰ ਨੇ ਇਸ ਮਹੱਤਵਪੂਰਨ ਪਲ ਨੂੰ ਸੁੰਨ ਦਾ ਸੁੰਨ ਵਿੱਚ ਮਿਲ ਜਾਣਾ ਕਿਹਾ ਹੈ, ਜਦਕਿ ਗੁਰੂ ਤੇਗ਼ ਬਹਾਦਰ ਨੇ ਉਸ ਨੂੰ ਪਾਣੀ ਦਾ ਪਾਣੀ ਵਿੱਚ ਇੱਕ ਹੋ ਜਾਣਾ ਮੰਨਿਆ ਹੈ।[48] ਮੈਕਾਲਿਫ ਨੇ ਇਸ ਦਾ ਵਰਨਣ ਇਸ ਪ੍ਰਕਾਰ ਕੀਤਾ ਹੈ:-

ਪਰਮਾਤਮਾ ਇੱਕ ਅਸੀਮ ਸਾਗਰ ਹੈ ਤੇ ਜੀਵਾਤਮਾ ਇਕ ਗਲਾਸ ਵਿੱਚ ਪਾਇਆ ਪਾਣੀ ਜੋ ਅਖੀਰ ਸਾਗਰ ਵਿੱਚ ਮਿਲ ਜਾਂਦਾ ਹੈ। ਗਲਾਸ ਇੱਕ ਸੂਖਮ ਸਰੀਰ ਹੈ ਜਿਸ ਨੇ ਆਤਮਾ ਨੂੰ ਢਕਿਆ ਹੋਇਆ ਹੈ। ਜੇ ਗਲਾਸ ਟੁੱਟ ਜਾਂਦਾ ਹੈ ਤਾਂ ਉਸ ਦਾ ਪਾਣੀ ਸਮੁੰਦਰ ਵਿੱਚ ਮਿਲ ਜਾਂਦਾ ਹੈ। ਨਿਰਵਾਨ ਦੀ ਇਹੋ ਵਿਆਖਿਆ ਹੈ।[49]

## ਮੁਕਤੀ ਦੀਆਂ ਕਿਸਮਾਂ

ਭਾਰਤ ਦੀਆਂ ਸਾਰੀਆਂ ਧਾਂਰਮਿਕ ਪ੍ਰੰਪਰਾਵਾਂ ਵਿੱਚ ਜੀਵਨ ਮੁਕਤੀ ਅਤੇ ਵਿਦੇਹ ਮੁਕਤੀ ਦੇ ਵਿੱਚ ਫਰਕ ਸਪੱਸ਼ਟ ਕੀਤਾ ਗਿਆ ਹੈ। ਬੁੱਧ, ਅਰਹਤ, ਸਿੱਧ, ਅਤੇ ਸ਼ੁੱਧ ਜਿਹੇ ਪਦ ਮੁਕਤ ਦੇ ਸਮਾਨਾਰਥੀ ਹਨ। ਜਿਹੜਾ ਵਿਅਕਤੀ ਇਸ ਸੰਸਾਰ ਵਿੱਚ ਜੀਵਨ ਬਤੀਤ ਕਰਦੇ ਸਮੇਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ ਉਸ ਅਵਸਥਾ ਨੂੰ ਜੀਵਨ ਮੁਕਤੀ ਕਹਿੰਦੇ ਹਨ। ਅਜਿਹੀ ਸ਼ਖਸਿਅਤ ਸਭ ਪ੍ਰਕਾਰ ਦੀਆਂ ਵਾਸ਼ਨਾਵਾਂ ਅਤੇ ਬੁਰਾਈਆਂ ਤੋਂ ਮੁਕਤ ਹੁੰਦੀ ਹੈ। ਸੰਸਾਰ ਵਿੱਚ ਰਹਿੰਦੇ ਹੋਏ ਵੀ ਉਹ ਸੰਸਾਰਕ ਮੋਹ ਤੋਂ ਨਿਰਲੇਪ ਰਹਿੰਦਾ ਹੈ। ਅਜਿਹੇ ਵਿਅਕਤੀ ਦੀ ਤੁਲਨਾ ਪਾਣੀ ਵਿੱਚ ਪੈਦਾ ਹੋਏ ਪਰ ਪਾਣੀ ਤੋਂ ਨਿਰਲੇਪ ਕਮਲ

ਨਾਲ ਕੀਤੀ ਗਈ ਹੈ। ਉਸ ਦਾ ਮਨ, ਬਚਨ ਅਤੇ ਕਾਇਆ ਸ਼ੁੱਧ ਰਹਿੰਦੇ ਹਨ।

ਜੀਵਨ ਮੁਕਤੀ ਦਾ ਸਿਧਾਂਤ ਸਭ ਤੋਂ ਪਹਿਲਾਂ ਜੈਨ ਅਤੇ ਬੁੱਧ ਪਰੰਪਰਾਵਾਂ ਨਾਲ ਸੰਬੰਧਤ ਮਹਾਤਮਾਵਾਂ ਨੇ ਪੇਸ਼ ਕੀਤਾ ਹੈ। ਸ਼ਾਕਯ ਮੁਨੀ ਬੁੱਧ ਅਤੇ ਮਹਾਵੀਰ ਇਸ ਮੁਕਤ ਅਵਸਥਾ ਵਿੱਚ ਕਈ ਸਾਲਾਂ ਤੱਕ ਰਹੇ ਹਨ। ਜੀਵਨ ਮੁਕਤ ਦੇ ਇਹ ਸਭ ਤੋਂ ਪ੍ਰਾਚੀਨ ਉਦਾਹਰਣ ਹਨ। ਅਨੇਕਾਂ ਅਰਹਤਾਂ ਨੇ ਇਸ ਪ੍ਰਕਾਰ ਦੀ ਜੀਵਨ ਮੁਕਤੀ ਨੂੰ ਸਰੀਰ ਛੱਡਣ ਤੋਂ ਪਹਿਲਾਂ ਪ੍ਰਾਪਤ ਕੀਤਾ। ਪਾਲੀ ਧਮਪਦ ਵਿੱਚ ਅਜਿਹੇ ਦੋ ਬੰਦ ਮਿਲਦੇ ਹਨ, ਜਿਨ੍ਹਾਂ ਵਿੱਚ ਜੀਵਨ ਮੁਕਤ ਦਾ ਸਵਰੂਪ ਦਿੱਤਾ ਗਿਆ ਹੈ। ਇਕ ਬੰਦ ਵਿੱਚ ਕਿਹਾ ਗਿਆ ਹੈ ਕਿ ਜੀਵਨ ਮੁਕਤ ਉਹ ਹਨ ਜਿਨ੍ਹਾਂ ਦੇ ਸਭ ਪਾਪ ਧੋਤੇ ਗਏ ਹਨ ਅਤੇ ਉਹ ਪਵਿੱਤਰ ਤੇ ਮੁਕਤ ਹਨ ਹਾਲਾਂ ਕਿ ਉਹ ਹਾਲੇ ਇਸ ਸੰਸਾਰ ਵਿੱਚ ਵਿਚਰ ਰਹੇ ਹੁੰਦੇ ਹਨ।[50] ਦੂਸਰੇ ਬੰਦ ਵਿੱਚ ਜੀਵਨ ਮੁਕਤ ਦੇ ਵਿਵਹਾਰ ਦਾ ਵਰਣਨ ਕਰਦੇ ਹੋਏ ਦਸਿਆ ਗਿਆ ਹੈ ਕਿ ਉਹ ਮਨ, ਬਚਨ ਅਤੇ ਕਰਮ ਤੋਂ ਪਵਿੱਤਰ ਹੁੰਦੇ ਹਨ ਅਤੇ ਉਨ੍ਹਾਂ ਨੇ ਸਹੀ ਗਿਆਨ ਰਾਹੀਂ ਮੁਕਤੀ ਪ੍ਰਾਪਤ ਕਰ ਲਈ ਹੁੰਦੀ ਹੈ।[51]

ਭਗਵਤ ਗੀਤਾ ਵਿੱਚ ਇੱਕ ਮੁਨੀ ਦਾ ਵਰਨਣ ਆਇਆ ਹੈ, ਜਿਸ ਦੀ ਕ੍ਰੋਧ ਆਦਿ ਸਾਰੀਆਂ ਵਾਸਨਾਵਾਂ ਸਮਾਪਤ ਹੋ ਗਈਆਂ ਹਨ। ਉਸ ਨੂੰ ਸਦਾ ਮੁਕਤ ਕਿਹਾ ਗਿਆ ਹੈ।[52] ਬੁੱਧ ਸੂਤਰਾਂ ਅਤੇ ਸ਼ਾਸਤਰਾਂ ਵਿੱਚ ਆਏ ਬੋਧੀ ਸੱਤਵ ਦੇ ਚਰਿੱਤਰ ਵੀ ਜੀਵਨ ਮੁਕਤੀ ਦੀ ਸਾਧਨਾ ਵਿੱਚ ਰੰਗੀਆਂ ਸ਼ਖਸੀਅਤਾਂ ਵੱਲ ਇਸ਼ਾਰਾ ਕਰਦੇ ਹਨ। ਅਸੀਂ ਪਹਿਲਾਂ ਵੀ ਵੇਖ ਚੁੱਕੇ ਹਾਂ ਕਿ ਬੁੱਧ ਧਰਮ ਵਿੱਚ ਦੋ ਪ੍ਰਕਾਰ ਦਾ ਨਿਰਵਾਨ ਮੰਨਿਆ ਗਿਆ ਹੈ। ਜੈਨ ਧਰਮ ਵਿੱਚ ਵੀ ਇਸੇ ਪ੍ਰਕਾਰ ਦਾ ਵਰਨਣ ਮਿਲਦਾ ਹੈ। ਉੱਥੇ ਸਯੋਗ ਕੇਵਲੀ, ਅਰਹਤ, ਤੀਰਥੰਕਰ ਨੂੰ ਜੀਵਨ ਮੁਕਤ ਮੰਨਿਆ ਗਿਆ ਹੈ ਅਤੇ ਸਿੱਧ ਨੂੰ ਵਿਦੇਹ ਮੁਕਤ ਕਿਹਾ ਜਾ ਸਕਦਾ ਹੈ। ਮੱਧ ਕਾਲ ਵਿੱਚ ਮੁਕਤਾ ਉਪਨਿਸ਼ਧ ਵਿੱਚ ਕਿਹਾ ਗਿਆ ਹੈ ਕਿ 108 ਉਪਨਿਸ਼ਧਾਂ ਦੇ ਅਧਿਐਨ ਤੋਂ ਜੀਵਨ ਮੁਕਤ ਅਵਸਥਾ ਪਾਈ ਜਾ ਸਕਦੀ ਹੈ।

ਇੱਥੇ ਸਾਨੂੰ ਸ਼੍ਰਮਣ ਅਤੇ ਆਸਤਕ ਪਰੰਪਰਾਵਾਂ ਵਿੱਚ ਮੁਕਤੀ ਦੇ ਸਿਧਾਂਤਾਂ ਅੰਦਰਲੇ ਫਰਕ ਨੂੰ ਸਮਝਣਾ ਜ਼ਰੂਰੀ ਹੈ। ਸ਼੍ਰਮਣ ਪਰੰਪਰਾ ਦਾ ਮੁਕਤੀ ਸਿਧਾਂਤ ਅਨੀਸ਼ਵਰਵਾਦੀ ਸਿਧਾਂਤ ਹੈ। ਜੈਨ ਅਤੇ ਬੁੱਧ ਧਰਮ ਦੇ ਇਸ ਸਿਧਾਂਤ ਦਾ ਅਸੀਂ ਯੋਗ ਸਥਾਨ ਤੇ ਵਰਨਣ ਕਰ ਚੁੱਕੇ ਹਾਂ। ਆਸਤਕ ਪਰੰਪਰਾਵਾਂ ਵਿੱਚ ਮੁਕਤੀ ਦੇ ਸਿਧਾਂਤ ਨੂੰ ਸਮਝਣ ਲਈ ਸਾਨੂੰ ਸੰਬੰਧਤ ਪਰੰਪਰਾ ਵਿੱਚ ਪਰਮਾਤਮਾ ਦੇ ਸੰਕਲਪ ਨੂੰ ਸਮਝਣਾ ਪਵੇਗਾ। ਆਸਤਕ ਪਰੰਪਰਾ ਦੇ ਇਸ ਪੱਖ ਤੋਂ ਹੀ ਪਾਰਾਨੰਦ ਸੂਤਰ ਕਹਿੰਦਾ ਹੈ ਕਿ ਸਯੋਪਾਸਯ ਦਰਸ਼ਨ ਪਰਮਾਤਮਾ ਦੀ ਅਨੁਭੂਤੀ ਹੀ ਜੀਵਨ ਮੁਕਤੀ ਹੈ। ਸ਼ਬਦ ਕਲਪਦਰੂਮ ਵਿੱਚ ਵੀ “ਅਖਿਲ ਬੰਧ ਰਹਿਤੋ ਬ੍ਰਹਮਨਿਸ਼ਠਾ” ਆਖ ਕੇ ਜੀਵਨ ਮੁਕਤ ਦੇ ਸਵਰੂਪ ਨੂੰ ਪੇਸ਼ ਕੀਤਾ ਗਿਆ ਹੈ। ਇੱਥੇ ਇਹ ਵੀ ਵਰਣਨ ਯੋਗ ਹੈ ਕਿ ਜੀਵਨ ਮੁਕਤੀ ਵਿਵੇਕ ਵਿੱਚ ਜੀਵਨ ਮੁਕਤੀ ਪ੍ਰਾਪਤ ਕਰਨ ਦੇ ਤਿੰਨ ਢੰਗਾਂ ਨੂੰ ਸਪੱਸ਼ਟ ਕੀਤਾ ਗਿਆ ਹੈ - ਤੱਤ ਗਿਆਨ, ਮਨੋਨਾਸ਼ ਅਤੇ ਵਾਸਨਾਕਸ਼ਯ।

ਨੌਵੇਂ ਸਿੱਖ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿੱਚ ਸਾਨੂੰ ਜੀਵਨ ਮੁਕਤ ਦਾ ਚਿਤਰਣ ਮਿਲਦਾ ਹੈ। ਉਹ ਕਹਿੰਦੇ ਹਨ:

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾਤੇ ਅਹਿਨਿਸ ਭਾਗਉ॥ ਰਹਾਉ॥
ਸੁਖ ਦੁਖੁ ਦੋਨੋ ਸਮ ਕਰਿ ਜਾਨੈ ਅਉਰ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥[53]

ਭਾਵ, ਜੋ ਵਿਅਕਤੀ ਕ੍ਰੋਧ, ਵਾਸਨਾ ਆਦਿ ਤੋਂ ਮੁਕਤ ਹੋਵੇ, ਜਸ-ਅਪਜਸ ਤੋਂ ਦੂਰ ਹੋਵੇ ਸੁੱਖ-ਦੁੱਖ ਵਿੱਚ ਇੱਕ ਸਮਾਨ ਹੋਵੇ, ਪਰਮਾਤਮਾ ਦੀ ਆਗਿਆ ਵਿੱਚ ਹੋਵੇ, ਉਹ ਨਿਰਵਾਨ ਮਾਰਗ ਖੋਜ ਲੈਂਦਾ ਹੈ। ਅਜਿਹਾ ਵਿਅਕਤੀ ਮੁਕਤ ਆਖਿਆ ਜਾਣਾ ਚਾਹੀਦਾ ਹੈ। ਉਹ ਹਉਮੈ, ਮੋਹ, ਲਗਾਉ ਆਦਿ ਤੋਂ ਮੁਕਤ ਰਹਿੰਦਾ ਹੈ। ਗੁਰੂ ਤੇਗ ਬਹਾਦਰ ਦੇ ਅਨੁਸਾਰ ਉਹ ਮੁਕਤ ਹੈ ਜਿਸ ਦੇ ਹਿਰਦੇ

ਵਿੱਚ ਈਸ਼ਵਰ ਦਾ ਨਿਵਾਸ ਹੋਵੇ। ਜਿਹੜਾ ਦੁੱਖ ਸੁੱਖ ਤੋਂ ਅਤੀਤ ਹੋਵੇ। ਉਹ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਸੁੱਖ ਦੁੱਖ, ਸਵਰਗ ਨਰਕ, ਅਮ੍ਰਿਤ ਜ਼ਹਿਰ, ਸੋਨਾ ਤਾਂਬਾ, ਸਨਮਾਨ ਅਪਮਾਨ, ਆਦਿ ਵਿੱਚ ਜੋ ਇੱਕ ਸਾਰ ਰਹਿੰਦਾ ਹੈ ਉਹ ਹੀ ਈਸ਼ਵਰ ਦੀ ਅਨੁਭੂਤੀ ਪ੍ਰਾਪਤ ਕਰ ਸਕਦਾ ਹੈ। ਲੋਭ, ਲਾਲਚ ਆਦਿ ਤੋਂ ਮੁਕਤ ਮਨੁੱਖ ਹੀ ਗਿਆਨਵਾਚਕ ਅਤੇ ਮੁਕਤ ਮੰਨਿਆ ਜਾਂਦਾ ਹੈ।[54] ਗੁਰੂ ਤੇਗ਼ ਬਹਾਦਰ ਜੀ ਕਹਿੰਦੇ ਹਨ ਕਿ ਅਜਿਹੇ ਵਿਅਕਤੀ ਦੇ ਦਿਲ ਅੰਦਰ ਪਰਮਾਤਮਾ ਦਾ ਵਾਸ ਹੁੰਦਾ ਹੈ, ਉਸ ਦਾ ਮਨ ਸ਼ੀਸ਼ੇ ਦੀ ਤਰ੍ਹਾਂ ਸਾਫ ਹੁੰਦਾ ਹੈ ਅਤੇ ਉਹ ਦੁੱਖ ਸੁੱਖ ਨੂੰ ਇਕ ਸਮਾਨ ਜਾਣਦਾ ਹੈ।

ਜੀਵਨ ਮੁਕਤ ਦਾ ਆਦਰਸ਼ ਬੋਧੀ ਸਤਵ ਦੇ ਸਮਾਨ ਹੈ ਜੋ ਮਨੁੱਖਤਾ ਦੇ ਲਈ ਕੰਮ ਕਰਦਾ ਹੈ। ਬੋਧੀ ਸਤਵ ਉਹ ਹੈ ਜੋ ਸਭ ਇੱਛਾਵਾਂ ਤੋਂ ਮੁਕਤ ਹੈ ਜਿਸ ਨੇ ਸਾਰੇ ਵਿਕਾਰ ਖਤਮ ਕਰ ਲਏ ਹਨ ਅਤੇ ਜਿਸ ਨੇ ਸਾਰੇ ਸੰਸਾਰ ਨੂੰ ਮੁਕਤ ਕਰਨ ਦਾ ਸੰਕਲਪ ਲੈ ਲਿਆ ਹੈ। ਉਹ ਸੁੱਖ ਦੁੱਖ, ਮਾਨ ਅਪਮਾਨ, ਲਾਭ ਹਾਨੀ ਆਦਿ ਨੂੰ ਇਕ ਸਮਾਨ ਸਮਝਦਾ ਹੈ। ਦੁਸ਼ਮਣ ਮਿੱਤਰ, ਸੋਨਾ ਮਿੱਟੀ ਉਸ ਲਈ ਬਰਾਬਰ ਹਨ। ਸੰਸਾਰ ਉਸ ਲਈ ਨਾਸ਼ਵਾਨ ਹੈ। ਉਹ ਸੱਚ ਅਤੇ ਕਰੁਣਾ ਦੀ ਮੂਰਤ ਹੈ। ਉਹ ਖੁਦ ਤਾਂ ਸੰਸਾਰ ਤੋਂ ਮੁਕਤ ਹੋ ਹੀ ਗਿਆ ਹੈ ਅਤੇ ਉਹ ਸਾਰੇ ਸੰਸਾਰ ਨੂੰ ਮੁਕਤ ਕਰਨ ਦਾ ਉਪਦੇਸ਼ ਦਿੰਦਾ ਹੈ। ਇਸ ਵਿਚਾਰਧਾਰਾ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੇਠ ਲਿਖੇ ਸ਼ਬਦ ਵੀ ਪ੍ਰਗਟ ਕਰਦੇ ਹਨ:

ਹਰਖੁ ਸੋਗੁ ਜਾ ਕੈ ਨਹੀਂ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥
ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥[55]

ਗੁਰੂ ਤੇਗ਼ ਬਹਾਦਰ ਦੇ ਇਹ ਪਦ ਸਪੱਸ਼ਟ ਦਰਸਾਉਂਦੇ ਹਨ ਕਿ ਸਿੱਖ ਧਰਮ ਦੇ ਮੁਕਤੀ ਦੇ ਸਿਧਾਂਤ ਅਨੁਸਾਰ ਮੁਕਤ ਵਿਅਕਤੀ ਇਕ ਪਵਿੱਤਰ ਸ਼ਖਸੀਅਤ ਹੁੰਦੀ ਹੈ ਜੋ ਹਰ ਕਿਸਮ ਦੇ ਪਾਪ ਅਤੇ ਬੁਰਾਈ ਤੋਂ ਬੇਲਾਗ ਹੋਵੇ ਅਤੇ ਜਿਸ ਨੇ ਪਰਮਾਤਮਾ ਪਾਸੋਂ ਸ਼ਾਂਤੀ ਲੱਭ ਲਈ ਹੋਵੇ।

ਹਵਾਲੇ:

1. ਸ਼੍ਰੀ ਗੁਰੂ ਗ੍ਰੰਥ ਸਾਹਿਬ ਭਾਗ 3, ਪੰਨਾ 1035
2. ਉਹੀ ਭਾਗ 4, ਪੰਨਾ 1215
3. ਐਮ. ਏ. ਮੈਕਾਲਿਫ, ਦੀ ਸਿੱਖ ਰਿਲੀਜਨ, ਵੋਲਿਅਮ 1, ਭੂਮਿਕਾ ਪੰਨਾ 73
4. ਵਾਰਾਂ ਭਾਈ ਗੁਰਦਾਸ,
5. ਤ੍ਰਿਲੋਚਨ ਸਿੰਘ, ਥੀਓਲੋਜ਼ਿਕਲ ਕੰਸੈਪਟਸ ਆਫ ਸਿੱਖਇਜ਼ਮ ਪੰਜਾਬੀ ਯੂਨੀਵਰਸਿਟੀ 1969, ਪੰਨਾ 53
6. ਸ਼੍ਰੀ ਗੁਰੂ ਗ੍ਰੰਥ ਸਾਹਿਬ ਭਾਗ 1 ਪੰਨਾ 4
7. ਇਸ ਵਿਚਾਰ ਲਈ ਮੈਂ ਡਾ: ਲਾਲਮਣੀ ਜੋਸ਼ੀ ਨਾਲ ਹੋਏ ਵਿਚਾਰ ਵਟਾਂਦਰੇ ਲਈ ਉਨ੍ਹਾਂ ਦਾ ਰਿਣੀ ਹਾਂ
8. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1243
9. ਢਾ: ਜੋਸ਼ੀ ਅਨੁਸਾਰ ਸੈਭੰ (ਸਵੈਭੂ) ਸ਼ਬਦ ਪਹਿਲਾਂ ਹੀ "ਸਧਰਮਪੁੰਦ੍ਰਿਕਾਸੂਤ੍ਰ" ਵਿੱਚ ਵਰਤਿਆ ਗਿਆ ਮਿਲਦਾ ਹੈ।
10. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 841
11. ਉਹੀ ਪੰਨਾ 289
12. ਉਹੀ ਪੰਨਾ 466
13. ਉਹੀ ਪੰਨਾ 752
14. ਉਹੀ ਪੰਨਾ 20
15. ਗੁਰੂ ਨਾਨਕ ਐਂਡ ਦਾ ਸਿੱਖ ਰਿਲੀਜਨ, ਪੰਨਾ 181
16. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 242
17. ਉਹੀ ਪੰਨਾ 241
18. ਉਹੀ ਪੰਨਾ 120
19. ਐਮ. ਏ. ਮੈਕਾਲਿਫ, ਦੀ ਸਿੱਖ ਰਿਲੀਜਨ, ਵੋਲਿਅਮ 1, ਭੂਮਿਕਾ ਪੰਨਾ 316
20. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 937

21. ਰਾਮਚਰਿਤ ਮਾਨਸ, ਪੰਨਾ 11 - 14, ਆਦਿ ਗ੍ਰੰਥ ਭਾਗ 3 ਪੰਨਾ 831
22. "ਵਾਰਾਂ ਭਾਈ ਗੁਰਦਾਸ" 1, 16
23. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 295
24. ਉਹੀ ਪੰਨਾ 54
25. ਉਹੀ ਪੰਨਾ 265
26. ਉਹੀ ਪੰਨਾ 266
27. ਦੀ ਸਿੱਖ ਰਿਲੀਜਨ ਵੋਲਿਅਮ 1, ਪੰਨਾ 273
28. ਉਹੀ ਪੰਨਾ 275
29. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 361
30. ਉਹੀ ਪੰਨਾ 262
31. ਉਹੀ ਪੰਨਾ 1165
32. ਉਹੀ ਪੰਨਾ 335
33. ਉਹੀ ਪੰਨਾ 24 - 25
34. ਉਹੀ ਪੰਨਾ 20
35. ਮੈਕਾਲੀਫ ਪੰਨਾ 212
36. ਭਾਈ ਜੋਧ ਸਿੰਘ ਲੈਕਚਰਜ ਆਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 52
37. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 505, ਮੈਕਲਾਉਡ ਪੰਨਾ 213
38. ਮੈਕਾਲਿਫ ਪੰਨਾ 171
39. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 468
40. ਉਹੀ ਪੰਨਾ 471
41. ਉਹੀ ਪੰਨਾ 730
42. ਤ੍ਰਲੋਚਨ ਸਿੰਘ, ਗੁਰੂ ਨਾਨਕਜ਼ ਰਿਲੀਜਨਜ ਇਨ ਗੁਰੂ ਨਾਨਕ ਹਿਜ਼ ਲਾਈਫ, ਟਾਈਮ ਐਂਡ ਟੀਚਿਗਜ਼ ਪੰਨਾ 97
43. "ਜਾਪੁ (ਜੀ)" ਪਉੜੀ 34 - 35
44. ਉਹੀ ਪਉੜੀ 35 - 37

45. ਵਾਰਾਂ ਭਾਈ ਗੁਰਦਾਸ, 1 - 1
46. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 91, 298, 780, 1034
47. "ਵਾਰਾਂ ਭਾਈ ਗੁਰਦਾਸ" ਪੰਨਾ 231
48. "ਕਬੀਰ ਗ੍ਰੰਥਾਵਲੀ" ਪੰਨਾ 206, ਗੁਰੂ ਤੇਗ਼ ਬਹਾਦਰ ਜੀ ਦਾ ਸੌਰਠ ਰਾਗ ਵਿਚ ਦਰਜ ਇਕ ਸ਼ਬਦ
49. ਮੈਕਾਲਿਫ, ਸੈਂਚੀ - 1, ਭੂਮਿਕਾ ਪੰਨਾ 78
50. "ਧੱਮਪਦ" ਬੰਦ 89
51. ਉਹੀ ਬੰਦ 96
52. ਭਗਵਤ ਗੀਤਾ, 5, 28
53. ਸ਼੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 219
54. ਉਹੀ ਪੰਨਾ 220
55. ਉਹੀ ਪੰਨਾ 1426 - 27

# 8
# ਸਾਰ

ਅੰਤ ਵਿੱਚ ਅਸੀਂ ਇਸ ਅਧਿਐਨ ਨੂੰ ਇੱਥੇ ਹੀ ਛੱਡ ਰਹੇ ਹਾਂ। ਪਿੱਛਲੇ ਅਧਿਐਨਾ ਵਿੱਚ ਅਸੀਂ ਯੋਗ ਜਗ੍ਹਾ 'ਤੇ ਵੈਦਿਕ, ਜੈਨ, ਬੁੱਧ ਅਤੇ ਸਿੱਖ ਇਨ੍ਹਾਂ ਚਾਰ ਪ੍ਰਮੁੱਖ ਭਾਰਤੀ ਪ੍ਰੰਪਰਾਵਾਂ ਦੇ ਅਨੁਸਾਰ ਮੁਕਤੀ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਅਸੀਂ ਇਹ ਨਹੀਂ ਆਖ ਸਕਦੇ ਕਿ ਸਾਡਾ ਅਧਿਐਨ ਵਿਸਥਾਰ ਅਤੇ ਗੰਭੀਰ ਹੈ। ਇਹ ਵਿਸ਼ਾ ਬਹੁਤ ਪ੍ਰਕਾਰ ਦੀ ਸਮਗਰੀ ਨਾਲ ਭਰਿਆ ਹੋਇਆ ਹੈ। ਇਸ ਨੂੰ ਪੂਰਾ ਕਰਨ ਲਈ ਬਹੁਤ ਸਾਰੇ ਵਿਦਵਾਨਾਂ ਨੂੰ ਬਹੁਤ ਸਾਲਾਂ ਤੱਕ ਲਗਾਤਾਰ ਮਿਹਨਤ ਕਰਨ ਦੀ ਜ਼ਰੂਰਤ ਹੈ। ਇੱਥੇ ਇਹ ਆਖਣ ਦੀ ਜ਼ਰੂਰਤ ਨਹੀਂ ਕਿ ਮੁਕਤੀ ਦਾ ਆਦਰਸ਼ ਬੁੱਧੀ ਦਾ ਵਿਸ਼ਾ ਨਹੀਂ ਹੈ। ਇਹ ਅਧਿਆਤਮਿਕ ਅਤੇ ਗੁਪਤ ਅਤੇ ਸ਼੍ਰੇਸ਼ਠ ਆਦਰਸ਼ ਹੈ, ਵਿਵਹਾਰਕ ਅਤੇ ਅਨੁਭਵ ਵਾਲਾ ਹੈ। ਪ੍ਰਾਚੀਨ ਭਾਰਤੀ ਰਿਸ਼ੀਆਂ ਮਹਾਰਿਸ਼ੀਆਂ ਨੇ ਇਸ ਦਾ ਪੂਰਨ ਰੂਪ ਵਿੱਚ ਜਾਂ ਆਂਸ਼ਕ ਰੂਪ ਵਿੱਚ ਅਨੁਭਵ ਕੀਤਾ ਹੈ। ਇੱਕ ਆਧੁਨਿਕ ਵਿਦਿਆਰਥੀ ਤਾਂ ਇਸ ਆਦਰਸ਼ ਨੂੰ ਅਧਿਐਨ ਕਰਨ ਅਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ।

## ਮੁਕਤੀ ਦੀ ਨਾ ਵਰਣਨਯੋਗਤਾ

ਮੁਕਤੀ ਪਰਮ ਸੱਚ ਦੀ ਅਨੁਭੂਤੀ ਦਾ ਵਿਸ਼ਾ ਹੈ, ਆਤਮ ਜਾਗਰਣ ਦਾ ਖੇਤਰ ਹੈ, ਇਸ ਲੋਕ ਵਿੱਚ ਅਨੁਭਵ ਕਰਨਯੋਗ ਹੈ। ਇਹ ਇੱਕ ਅਜਿਹੀ ਅਵਸਥਾ ਹੈ, ਜਿੱਥੇ ਆਵਾਗਮਨ, ਜਨਮ ਮਰਨ ਦਾ ਕੋਈ ਪ੍ਰਸ਼ਨ ਨਹੀਂ ਉੱਠਦਾ। ਇਹ ਵਰਨਣ ਤੋਂ ਬਾਹਰ ਹੈ, ਜਦ ਕੋਈ ਨਿਰਵਾਨ ਵਿੱਚ ਪ੍ਰਵੇਸ਼ ਕਰਦਾ ਹੈ, ਤਦ ਉਸ ਦੇ ਸਵਰੂਪ ਨੂੰ ਜਾਣਦਾ ਹੈ। ਉਪਨਿਸ਼ਧਾਂ ਦੇ ਅਨੁਸਾਰ ਨਿਰਵਾਨ ਦਾ ਸਵਰੂਪ ਸ਼ਬਦਾਂ, ਪ੍ਰਤੀਕਾਂ ਅਤੇ ਤਰ ਦੀ ਸ਼੍ਰੇਣੀ ਰਾਹੀਂ ਵਰਣਨ ਨਹੀਂ ਹੋ ਸਕਦਾ। ਉਹ ਤਾਂ ਬ੍ਰਹਮ ਗਿਆਨ ਹੈ, ਪੂਰਨ ਸ਼ੁੱਧ ਹੈ, ਨਿਰਗੁਣ – ਸਗੁਣ ਹੈ, ਫੇਰ ਵੀ ਵਰਣਨ ਤੋਂ ਬਾਹਰ ਹੈ, ਚਿੰਤਨ ਤੋਂ ਬਾਹਰ ਹੈ। ਸ਼ੰਕਰ ਦੇ ਅਨੁਸਾਰ ਮੁਕਤੀ ਆਤਮਾ ਦੀ ਅਨੁਭੂਤੀ ਹੈ ਅਤੇ ਉਹ ਬ੍ਰਹਮ ਦੇ ਸਮਾਨ ਹੈ।

ਆਤਮਾ ਦੀ ਪ੍ਰਕ੍ਰਿਤੀ ਦਾ ਵਰਣਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਵਰਣਨ ਕਿਸੇ ਪੱਖੋ ਹੁੰਦੇ ਹਨ ਅਤੇ ਪੂਰਨ ਸ਼ੁੱਧ ਆਤਮਾ ਇਸ ਵਰਣਨ ਤੋਂ ਪਰੇ ਹੈ।

ਬੁੱਧ ਧਰਮ ਦੇ ਅਨੁਸਾਰ ਇਹ ਸਰਵਉੱਚ ਸੱਚ ਗੰਭੀਰ ਹੈ, ਉਸਦਾ ਵੇਖਣਾ ਸਮਝਣਾ ਕਠਿਨ ਹੈ, ਸਰਵਉੱਚ ਹੈ, ਸੂਖਮ ਹੈ, ਗੁਪਤ ਹੈ, ਅਤੇ ਉਹ ਤੱਦ ਹੀ ਜਾਣਿਆ ਜਾਂਦਾ ਹੈ। ਜਦ ਕੋਈ ਉਸ ਵਿੱਚ ਪ੍ਰਵੇਸ਼ ਕਰਦਾ ਹੈ, ਕਿਉਂਕਿ ਸਰਵਉੱਚ ਸੱਚ ਚਿੰਤਨ ਤੋਂ ਬਾਹਰ ਹੈ। ਉਸ ਦੇ ਸਾਰੇ ਵਰਣਨ ਇਕਾਂਗੀ ਹੋਣਗੇ। ਇੱਥੋਂ ਤੱਕ ਕਿ ਭਗਵਾਨ ਬੁੱਧ ਵੀ ਉਸ ਦਾ ਪੂਰਨ ਬੁੱਧ ਨਹੀਂ ਕਰ ਸਕੇ ਜਿਸ ਨੂੰ ਉਨ੍ਹਾਂ ਵੇਖਿਆ ਜਾਣਿਆ ਸੀ। ਨਿਰਵਾਨ ਕਿ ਹੈ, ਉਸ ਨੂੰ ਕੋਈ ਸਮਝ ਨਹੀਂ ਸਕਿਆ। ਉਹ ਚਿੰਤਨ ਤੋਂ ਬਾਹਰ ਹੈ ਅਤੇ ਵਰਣਨ ਤੋਂ ਬਾਹਰ ਹੈ।

ਜੈਨ ਧਰਮ ਦੇ ਅਨੁਸਾਰ ਮੁਕਤੀ ਕਰਮਾਂ ਤੋਂ ਆਤਮਾ ਦੀ ਆਤਮਾ ਦਾ ਆਜ਼ਾਦ ਹੋ ਜਾਣਾ ਹੈ। ਇਹ ਇੱਕ ਨਾ ਚਿੰਤਨਯੋਗ ਗੁਣ ਹੈ, ਮੁਕਤ ਆਤਮਾ ਸ਼ਾਸਵਤ ਸੁੱਖ ਅਸੀਮ ਗਿਆਨ ਅਤੇ ਸ਼ਕਤੀ ਅਤੇ ਪੂਰਨਤਾ ਦਾ ਅਨੁਭਵ ਕਰਦਾ ਹੈ। ਇਹ ਇੱਕ ਅਜਿਹੀ ਅਵਸਥਾ ਹੈ ਜੋ ਮਨ ਤੇ ਬਾਣੀ ਦੁਆਰਾ ਜਾਣੀ ਜਾ ਸਕਦੀ ਹੈ। ਸਿੱਖ ਗੁਰੂਆਂ ਨੇ ਵੀ ਉਸ ਨੂੰ ਵਰਣਨ ਤੋਂ ਬਾਹਰ ਮੰਨਿਆ ਹੈ।

## ਮੁਕਤੀ ਦਾ ਆਦਰਸ਼ ਤੇ ਭੌਤਿਕਵਾਦ

ਭਾਰਤੀ ਧਾਰਮਿਕ ਪ੍ਰੰਪਰਾਵਾਂ, ਭੌਤਿਕਵਾਦ ਅਤੇ ਪ੍ਰਕ੍ਰਿਤੀਕ ਵਿਗਿਆਨ ਤੋਂ ਉਲਟ ਹੈ। ਉਸ ਦਾ ਗੁਪਤ ਵਿਸ਼ਾ ਸ਼ੁੱਧ ਵਿਗਿਆਨਕ ਪ੍ਰਵ੍ਰਿਤੀ ਤੋਂ ਭਿੰਨ ਹੈ। ਨਾਸਤਿਕ ਅਤੇ ਭੌਤਿਕਵਾਦੀ ਦੇ ਲਈ ਇਹ ਸਵੀਕਾਰ ਨਹੀਂ ਹੈ।

ਅੱਜ ਦੇ ਦ੍ਰਿਸ਼ਟੀਕੋਣ ਅਤੇ ਮੁੱਲਾਂ ਵਿੱਚ ਪਰਿਵਰਤਨ ਆ ਗਿਆ ਹੈ, ਆਧੁਨਿਕ ਭੌਤਿਕਵਾਦੀ ਇਸ ਗੁਪਤ ਤੱਤ ਨੂੰ ਕਿਵੇਂ ਸਵੀਕਾਰ ਕਰ ਸਕਦਾ ਹੈ। ਵਿਗਿਆਨਵਾਦੀ ਇਸ ਯੁੱਗ ਵਿੱਚ ਆਦਰਸ਼ਵਾਦ ਤੋਂ ਨਾਸਤਿਕਵਾਦ ਦੀ ਪ੍ਰਵ੍ਰਿਤੀ ਵੱਲ ਜ਼ਿਆਦਾ ਵੱਧ ਰਹੀ ਹੈ ਅਤੇ ਬੋਧਿਕਵਾਦ ਛਾ ਰਿਹਾ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਧੁਨਿਕ ਮਨੁੱਖ ਨੇ ਵਿਗਿਆਨ ਦੇ ਖੇਤਰ ਵਿੱਚ ਬਹੁਤ ਜ਼ਿਆਦਾ ਤਰੱਕੀ ਕੀਤੀ ਹੈ ਅਤੇ ਉਸ ਦਾ ਭੌਤਿਕਵਾਦੀ ਦ੍ਰਿਸ਼ਟੀਕੋਣ ਡੂੰਘਾ ਹੋਇਆ ਹੈ। ਪਰ ਇਸ ਦੇ ਬਾਵਜੂਦ ਉਹ ਦੁੱਖ, ਚਿੰਤਾ ਅਤੇ

ਕਸ਼ਟਾਂ ਤੋਂ ਮੁਕਤ ਨਹੀਂ ਹੋ ਸਕਿਆ ਹੈ। ਵਿਗਿਆਨ ਸਾਨੂੰ ਸਰੀਰਕ ਸੁੱਖ ਦੇ ਸਕਦਾ ਹੈ, ਪਰ ਉਹ ਅੰਦਰਲੀ ਸ਼ਾਂਤੀ ਅਤੇ ਸੰਤੋਖ ਨਹੀਂ ਦੇ ਸਕਦਾ। ਸਾਡੀ ਭੌਤਿਕ ਸਮਿਰਧੀ ਅਤੇ ਬੋਧਿਕਤਾ ਨੇ ਮਾਨਸਿਕ ਸ਼ਾਂਤੀ ਦੇਣ ਦੇ ਖੇਤਰ ਵਿੱਚ ਕੁਝ ਨਹੀਂ ਕੀਤਾ ਸਗੋਂ ਉਸ ਨੂੰ ਆਤਮਾ ਦੀ ਸ਼ਾਂਤ ਪ੍ਰਕ੍ਰਿਤੀ ਨੂੰ ਸਾਡੇ ਤੋਂ ਖੋਹ ਲਿਆ ਹੈ। ਜਦ ਤੱਕ ਇਹ ਸਭ ਰਹੇਗਾ, ਤੱਦ ਤੱਕ ਅਸੀਂ ਅਪਣੇ ਅੰਦਰਲੀ ਆਵਾਜ਼ ਨਹੀਂ ਸੁਣ ਸਕਦੇ। ਅੱਜ ਦਾ ਭੌਤਿਕਵਾਦੀ ਮਨੁੱਖ ਅਧਿਆਤਮਿਕ ਸੱਚ ਅਤੇ ਸੁੰਦਰਤਾ ਤੋਂ ਬੇਮੁੱਖ ਹੋ ਰਿਹਾ ਹੈ।

## ਪ੍ਰਾਚੀਨ ਸੰਨਿਆਸ ਪ੍ਰੰਪਰਾ ਅਤੇ ਆਤਮਅਨੁਭੂਤੀ

ਇਹ ਜ਼ਾਹਰ ਤੱਤ ਹੈ ਕਿ ਸਾਡੀ ਸਾਰੀ ਪ੍ਰਾਚੀਨ ਭਾਰਤੀ ਪ੍ਰੰਪਰਾਵਾਂ ਦਾ ਕਿ ਮਨੁੱਖ ਨੂੰ ਸੰਨਿਆਸ ਸਾਧਨਾਂ ਰਾਹੀਂ ਸਰਵਉੱਚ ਸੱਤਾ ਦਾ ਅਨੁਭਵ ਕਰਨਾ ਚਾਹੀਦਾ ਹੈ। ਆਤਮਾ ਦੇ ਸਾਰੇ ਵਿਕਾਰ ਭਾਵਾਂ ਦੇ ਨਸ਼ਟ ਹੋਣ ਤੋਂ ਵੀ ਇਹ ਸਥਿਤੀ ਆ ਸਕਦੀ ਹੈ। ਆਤਮਵਾਦੀ ਪ੍ਰੰਪਰਾ ਇਹ ਸਵੀਕਾਰ ਨਹੀਂ ਕਰਦੀਆਂ ਹਨ ਕਿ ਅਸਲਿਅਤ ਆਤਮਾ ਆਨੰਦ ਅਤੇ ਦੁੱਖ ਤੋਂ ਪਰੇ ਹੈ। ਇਹ ਗਿਆਨ ਅਤੇ ਸੁੱਖ ਦਾ ਕੇਂਦਰ ਹੈ ਆਤਮ ਗਿਆਨ ਤੋਂ ਵੱਧ ਕੇ ਕੋਈ ਦੂਸਰਾ ਗਿਆਨ ਨਹੀਂ ਹੈ। ਅੰਤਰ ਆਤਮਾ ਤੋਂ ਖਾਸ ਕੋਈ ਦੂਸਰਾ ਗਹਿਣਾ ਨਹੀਂ ਹੈ, ਅੰਦਰਲੇ ਸੁੱਖ ਤੋਂ ਵੱਧ ਕੇ ਕੋਈ ਦੂਸਰਾ ਸੁੱਖ ਨਹੀਂ ਹੈ। ਇਸ ਪ੍ਰਕਾਰ ਮਨੁੱਖ ਦਾ ਸਰਵਉੱਚ ਆਦਰਸ਼ ਇਸ ਸੰਸਾਰ ਤੋਂ ਮੁਕਤੀ ਪ੍ਰਾਪਤ ਕਰਨਾ ਅਤੇ ਸੰਨਿਆਸ ਰਾਹੀਂ ਅੰਤਰ ਆਤਮਾ ਦੀ ਅਨੁਭੂਤੀ ਪਾਉਣਾ ਹੈ। ਸਾਡੀਆਂ ਪੂਰਾਤਨ ਪ੍ਰੰਪਰਾਵਾਂ ਨੇ ਸੱਮਿਅਕ ਗਿਆਨ ਅਤੇ ਸੱਚ ਦੀ ਅਨੁਭੂਤੀ ਨੂੰ ਮੁਕਤੀ ਪ੍ਰਾਪਤ ਕਰਨ ਦਾ ਸਾਧਨ ਮੰਨਿਆ ਹੈ।

## ਧਰਮਾਂ ਦੇ ਤੁਲਨਾਤਮਕ ਅਧਿਐਨ ਦੀ ਜ਼ਰੂਰਤ

ਅਸੀਂ ਇਸ ਸੋਧ ਪ੍ਰਬੰਧ ਵਿੱਚ ਪ੍ਰਾਚੀਨ ਭਾਰਤੀ ਪ੍ਰੰਪਰਾਵਾਂ ਦੇ ਜਿਨ੍ਹਾਂ ਦਰਸ਼ਨਾਂ ਨੂੰ ਪੇਸ਼ ਕੀਤਾ ਹੈ। ਉਹ ਸਵੀਕਾਰਯੋਗ ਅਤੇ ਅਸਵੀਕਾਰਯੋਗ ਹੋ ਸਕਦੇ ਹਨ। ਉਦਾਹਰਨ ਵੱਜੋਂ ਕਰਮ ਅਤੇ ਪੁਨਰ ਜਨਮ ਦਾ ਸਿਧਾਂਤ ਵੈਦਿਕ, ਬੁੱਧ, ਜੈਨ, ਧਰਮਾਂ ਦੇ ਵਿੱਚ ਸਮਾਨ ਰੂਪ ਵਿੱਚ ਸਵੀਕਾਰ ਕੀਤਾ ਹੈ। ਅਪਣੇ

ਕੀਤੇ ਕਰਮਾਂ ਕਾਰਨ ਹੀ ਜਨਮ ਮਰਨ ਕਰਦਾ ਹੈ, ਕਰਮਾਂ ਦੇ ਨਸ਼ਟ ਹੋਣ ਤੇ ਹੀ ਇਹ ਜਨਮ ਮਰਨ ਪ੍ਰੰਪਰਾ ਸਮਾਪਤ ਹੋ ਸਕਦੀ ਹੈ। ਸਾਰੇ ਧਰਮਾਂ ਵਿੱਚ ਜਨਮ ਮਰਨ ਦਾ ਮੂਲ ਕਾਰਨ ਅਵਿਦਿਆ ਮੰਨਿਆ ਗਿਆ ਹੈ। ਇਹ ਅਨਾਦੀ ਕਾਲ ਤੋਂ ਹੈ ਪਰ ਅੰਤਹੀਨ ਨਹੀਂ ਹੈ। ਅਵਿਦਿਆ ਦੇ ਵਿਨਾਸ਼ ਤੋਂ ਸਰਵਉੱਚ ਸੱਤਾ ਦੀ ਪ੍ਰਾਪਤੀ ਹੋ ਸਕਦੀ ਹੈ ਅਤੇ ਅਵਿਦਿਆ ਦੇ ਵਿਨਾਸ਼ ਦੇ ਲਈ ਸਾਰੇ ਧਰਮ ਇੱਕ ਮਤ ਨਾਲ ਪ੍ਰੇਮ, ਸੰਜਮ, ਵਿਸ਼ੁੱਧੀ ਆਦਿ ਜਿਹੇ ਨੈਤਿਕ ਗੁਣਾਂ ਦਾ ਪਾਲਣ ਕਰਨਾ ਜ਼ਰੂਰੀ ਮੰਨਦੇ ਹਨ। ਮੁੱਖ ਰੂਪ ਵਿੱਚ ਅਹਿੰਸਾ, ਸੱਚ, ਚੋਰੀ ਨਾ ਕਰਨਾ, ਬ੍ਰਹਮਚਰਜ, ਨਿਮਰਤਾ, ਲਗਾਉ ਨਾ ਰੱਖਣਾ, ਖਿਮਾ, ਸੰਜਮ ਅਤੇ ਪਵਿਤਰਤਾ ਨੇ ਗੁਣਾਂ ਦੀ ਉਤਪਤੀ ਹੋਰ ਵੀ ਜ਼ਰੂਰੀ ਹੈ। ਇਹ ਰਸ ਸਾਰੇ ਭਾਰਤੀ ਧਾਰਮਿਕ ਪ੍ਰੰਪਰਾਵਾਂ ਵਿੱਚ ਮਿਲਦਾ ਹੈ। ਸੱਮਿਅਕ ਗਿਆਨ ਅਤੇ ਭਗਤੀ ਦੇ ਹਵਾਲੇ ਵਿੱਚ ਵੀ ਸਾਰੇ ਇੱਕ ਮਤ ਹਨ।

ਇਹ ਸੰਸਾਰ ਦੁੱਖਾਂ ਨਾਲ ਭਰਿਆ ਹੈ ਅਤੇ ਉਨ੍ਹਾਂ ਤੋਂ ਮੁਕਤ ਹੋਣ ਦਾ ਇੱਕ ਨਿਸ਼ਚਤ ਮਾਰਗ ਹੈ, ਜਿਸ ਦੀ ਵਿਆਖਿਆ ਬੁੱਧ, ਜੈਨ, ਸਾਂਖਯ ਯੋਗ ਅਤੇ ਵੇਦਾਂਤ ਵਿੱਚ ਕੀਤੀ ਗਈ ਹੈ।

ਵੈਦਿਕ ਅਤੇ ਸਿੱਖ ਧਰਮ ਈਸ਼ਵਰਵਾਦੀ ਹਨ ਜਦੋਕਿ ਜੈਨ ਬੋਧ ਧਰਮ ਅਨੀਸ਼ਵਰਵਾਦੀ ਹਨ। ਈਸ਼ਵਰ ਭਗਤੀ ਪਹਿਲੀਆਂ ਦੋ ਪ੍ਰੰਪਰਾਵਾਂ ਵਿੱਚ ਮੁੱਖ ਹੈ ਭਾਵੇਂ ਜੈਨ ਬੁੱਧ ਪ੍ਰੰਪਰਾਵਾਂ ਸ਼੍ਰਮਣ ਪ੍ਰੰਪਰਾਵਾਂ ਦੀਆਂ ਸ਼ਾਖਾਵਾਂ ਹਨ ਪਰ ਉਨ੍ਹਾਂ ਵਿੱਚ ਬਹੁਤ ਸਾਰੇ ਅਜਿਹੇ ਤੱਤ ਹਨ ਜਿਨ੍ਹਾਂ ਵਿੱਚ ਉਹ ਇੱਕ ਮਤ ਨਹੀਂ ਹਨ। ਆਤਮਾ ਦੀ ਹੋਂਦ ਦਾ ਸਿਧਾਂਤ ਅਜਿਹੇ ਤੱਤਾਂ ਵਿੱਚੋਂ ਇੱਕ ਤੱਤ ਹੈ। ਜੈਨ ਧਰਮ ਆਤਮਵਾਦੀ ਪ੍ਰੰਪਰਾ ਹੈ ਜਦਕਿ ਬੁੱਧ ਧਰਮ ਅਨਾਤਮਵਾਦ ਦੀ ਵਿਆਖਿਆ ਕਰਦਾ ਹੈ।

ਦੂਸਰੇ ਪਾਸੇ ਆਤਮਵਾਦ ਨੂੰ ਭਾਵੇਂ ਜੈਨ ਧਰਮ ਅਤੇ ਵੈਦਿਕ ਪ੍ਰੰਪਰਾਵਾਂ ਨੇ ਇੱਕੋ ਰੂਪ ਵਿੱਚ ਸਵੀਕਾਰ ਕੀਤਾ ਹੈ। ਪਰ ਉਸ ਦੇ ਹਵਾਲੇ ਵਿੱਚ ਦੋਹਾਂ ਦੇ ਦ੍ਰਿਸ਼ਟੀਕੋਣ ਵੱਖ ਹਨ। ਸਾਂਖਯ ਨੂੰ ਛੱਡਕੇ ਵੈਦਿਕ ਦਰਸ਼ਨ ਇੱਕ ਆਤਮਾ ਨੂੰ ਮੰਨਦੇ ਹਨ ਜਦਕਿ ਜੈਨ ਦਰਸ਼ਨ ਬਹੁਆਤਮਵਾਦ ਨੂੰ ਮੰਨਦਾ ਹੈ। ਬੁੱਧ ਧਰਮ ਸਥਾਈ ਆਤਮਾ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ।

ਦੂਸਰਾ ਮੁੱਖ ਫਰਕ ਇਸ ਹਵਾਲੇ ਵਿੱਚ ਇਹ ਹੈ ਕਿ ਵੈਦਿਕ ਅਤੇ ਸਿੱਖ ਧਰਮ ਮੁਕਤੀ ਪ੍ਰਾਪਤੀ ਦੇ ਲਈ ਈਸ਼ਵਰ ਕ੍ਰਿਪਾ ਨੂੰ ਜ਼ਰੂਰੀ ਮੰਨਦੇ ਹਨ। ਜਦਕਿ ਜੈਨ ਤੇ ਬੁੱਧ ਧਰਮ ਨੂੰ ਇਹ ਕਬੂਲ ਨਹੀਂ ਹੈ। ਇਹ ਦੋਹੇਂ ਸ਼੍ਰਮਣ ਧਰਮਾਂ ਵਿੱਚ ਈਸ਼ਵਰ ਕ੍ਰਿਪਾ ਦੇ ਲਈ ਕੋਈ ਜਗ੍ਹਾ ਨਹੀਂ ਹੈ। ਕਰਮ ਇੱਥੇ ਅਪਣਾ ਪੂਰਾ ਕੰਮ ਸੁਤੰਤਰ ਰੂਪ ਕਰਦੇ ਹੋਏ ਅਤੇ ਹਰ ਮਨੁੱਖ ਦੇ ਲਈ ਇੱਕ ਨਿਰਧਾਰਤ ਮਾਰਗ ਦਾ ਪਾਲਣ ਕਰਨਾ ਉਸ ਤੋਂ ਮੁਕਤ ਹੋਣ ਦੇ ਲਈ ਜ਼ਰੂਰੀ ਹੈ। ਇਨ੍ਹਾਂ ਧਰਮਾਂ ਵਿੱਚ ਭਗਤੀ ਅਤੇ ਪੂਜਾ ਦੇ ਪੱਖੋਂ ਮੁਨੀ ਜੀਵਨ ਸਾਧਨਾ ਅਤੇ ਨੈਤਿਕ ਗੁਣਾਂ ਤੇ ਜ਼ਿਆਦਾ ਮਹੱਤਵ ਦਿੱਤਾ ਗਿਆ ਹੈ।

ਵੈਦਿਕ ਅਤੇ ਸਿੱਖ ਧਰਮ ਦੇ ਅਨੁਸਾਰ ਈਸ਼ਵਰ ਕਰਮ ਵਿਧੀ ਅਨੁਸਾਰ ਸੰਸਾਰ ਦੀ ਰਚਨਾ ਕਰਦਾ ਹੈ। ਪਰ ਜੈਨ ਅਤੇ ਬੁੱਧ ਧਰਮ ਈਸ਼ਵਰ ਨੂੰ ਸ਼੍ਰਿਸ਼ਟੀਕਰਤਾ ਦੇ ਰੂਪ ਵਿੱਚ ਵਿਸ਼ਵਾਸ ਨਹੀਂ ਰੱਖਦੇ। ਇਨ੍ਹਾਂ ਪ੍ਰੰਪਰਾਵਾਂ ਵਿੱਚ ਵੈਦਿਕ ਅਤੇ ਸਿੱਖ ਧਰਮ ਪੱਖੋਂ ਕਰਮ ਸਿਧਾਂਤ ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਹੈ।

ਅੰਤਕਾ:

## ਸ਼ਹਾਇਕ ਗ੍ਰੰਥਾਂ ਦੀ ਸੂਚੀ

1. ਏ. ਏ. ਮੈਕਡੋਨਲਡ ਐਂਡ ਏ. ਬੀ. ਕੀਥ: ਵੈਦਿਕ ਇੰਡੈਕਸ ਆਫ ਨੇਮਜ਼ ਐਂਡ ਸਬਜੈਕਟਸ ਭਾਗ, 1, 2, ਮੋਤੀਲਾਲ ਬਨਾਰਸੀਦਾਸ ਦਿੱਲੀ, 1958
2. ਏ. ਬੀ. ਕੀਥ: ਰਿਲੀਜਨ ਐਂਡ ਫਿਲਾਸਫੀ ਆਫ ਦੀ ਵੈਦ ਐਂਡ ਉਪਨਿਸ਼ਧ, ਹਾਰਵਰਡ ਯੂਨਿਵਰਸਿਟੀ ਪ੍ਰੈਸ ਕੈਂਬਰਿਜ, 1925
3. ਆਚਾਰਾਂਗ ਸੂਤਰ (ਸੈਕਰਟ ਬੁੱਕ ਆਫ ਈਸਟ ਭਾਗ 22) ਹਰਮਨ ਜਰਕੋਬੀ, ਮੋਤੀਲਾਲ ਬਨਾਰਸੀਦਾਸ, ਦਿੱਲੀ 1968
4. ਆਚਾਰਾਂਗ ਸੂਤਰ ਭਾਗ 1, 2 ਅਚਾਰੀਆ ਆਤਮਾ ਰਾਮ ਜੀ ਮ. ਸਾ. ਅਚਾਰੀਆ ਸ਼੍ਰੀ ਆਤਮਾ ਰਾਮ ਜੈਨ ਪ੍ਰਕਾਸ਼ਨ ਸੰਮਤੀ ਲੁਧਿਆਣਾ, 1963 - 64
5. ਅਚਾਰੀਆ ਆਤਮਾ ਰਾਮ ਜੀ: ਜੈਨ ਆਗਮ ਮੈ ਅਸ਼ਟਾਂਗਯੋਗ, ਲੁਧਿਆਣਾ, ਸੰਮਤ 2000
6. ਅਚਾਰੀਆ ਆਤਮਾ ਰਾਮ ਜੀ: ਜੈਨ ਆਗਮ ਮੈ ਪਰਮਾਤਮਵਾਦ, ਲੁਧਿਆਣਾ, ਸੰਮਤ 2016
7. ਅਚਾਰੀਆ ਹਸਤੀ ਮਲ ਜੀ: ਜੈਨ ਧਰਮ ਕਾ ਮੋਲਿਕ ਇਤਿਹਾਸ ਭਾਗ 1 - 2, ਜੈਨ ਇਤਿਹਾਸ ਪ੍ਰਕਾਸ਼ਨ ਸੰਮਤੀ ਜੈਪੁਰ, 1978
8. ਅਧਿਆਤਮ ਬਿੰਦੂ ਆਫ ਹਰਸ਼ ਵਰਧਨ ਮੁਨੀ ਮਿਤਰਾ ਨੰਦ ਵਿਜੈ ਜੀ ਅਤੇ ਨਗੀਨ ਜੀ ਸ਼ਾਹ, ਐਲ. ਡੀ. ਇੰਸਟੀਚਿਊਟ ਆਫ ਇੰਡਾਲੋਜੀ ਅਹਿਮਦਾਬਾਦ, 1972
9. ਏ. ਕੇ. ਲ਼ਾਡ: ਏ ਕੰਪੈਰਾਟਿਵ ਸਟੱਡੀ ਆਫ ਦਾ ਕੰਸੈਪਟ ਆਫ ਲਿਬਰੇਸ਼ਨ ਇੰਨ ਇੰਡੀਅਨ ਫਿਲਾਸਫੀ, ਗਿਰਧਾਰੀਲਾਲ ਕੇਸਰੀ ਦਾਸ ਬੁਰਹਾਨਪੁਰ, 1967

10. ਏ. ਐਲ. ਭਾਸ਼ਮ ਹਿਸਟਰੀ ਐਂਡ ਡਾਕਟਰਾਈਨ ਆਫ ਦੀ ਅਜੀਵਕਾਜ, ਲੂਜਾਕ ਐਂਡ ਕੰਪਨੀ ਲਿਮਿਟਡ ਲੰਡਨ, 1951
11. ਅਮੋਲਕ ਰਿਸ਼ੀ ਜੀ ਧਿਆਨ ਕਲਪਤਰੂ, ਸ਼੍ਰੀ ਅਮੋਲਕ ਜੈਨ ਗਿਆਨਾਲਯ, ਧੂਲਿਆ, 1957
12. ਅੰਗ ਸੂਤਾਨਿ, ਅਚਾਰੀਆ ਤੁਲਸੀ ਅਤੇ ਮੁਨੀ ਨਥਮਲ, ਜੈਨ ਵਿਸ਼ਵ ਭਾਰਤੀ ਲਾਡਨੂੰ, ਸੰਮਤ 2031
13. ਅੰਗੁਤਰਨਿਕਾਯ ਭਾਗ 1 – 4 ਜਗਦੀਸ਼ ਕਸ਼ਯਪ ਦੇਵ ਨਾਗਰੀ ਪਾਲੀ ਸਿਰੀਜ, ਨਾਲੰਦਾ, 1960
14. ਅਮੂਲ ਚੰਦਰ ਸੈਨ, ਸਕੂਲਜ਼ ਐਂਡ ਸੈਕਟਸ ਇਨ ਜੈਨ ਲਿਟਰੇਚਰ ਵਿਸ਼ਵ ਭਾਰਤੀ ਬੁੱਕ ਸ਼ਾਪ, ਕਲਕੱਤਾ, 1931
15. ਅੰਤਗਡਦਸਾਓ ਐਂਡ ਅਨੁਤਰੋਵਵਾਯਦਸ਼ਾਓ: ਐਲ. ਡੀ. ਵਰਨਟ, ਰੋਯਾਲ ਏਸ਼ੀਆਟਿਕ ਸੁਸਾਇਟੀ ਲੰਡਨ, 1907
16. ਅੰਤਡਗਦਸਾਓ: ਅਚਾਰੀਆ ਆਤਮਾ ਰਾਮ ਜੀ ਮ. ਸਾ. ਅਚਾਰੀਆ ਸ਼੍ਰੀ ਆਤਮਾ ਰਾਮ ਜੈਨ ਪ੍ਰਕਾਸ਼ਨ ਸੰਮਤੀ ਲੁਧਿਆਣਾ, ਸੰਮਤ 2027
17. ਅੰਤਕ੍ਰਿਤ ਦਸਾਂਗ ਸੂਤਰ ਮੁਨੀ ਬਿਹਾਰੀ ਲਾਲ ਜੈਨ ਸ਼ਾਸਤਰੋ ਉਧਾਰ ਸੰਮਤੀ ਰਾਜਕੋਟ, 1958
18. ਅਨੁਯੋਗਦੁਆਰ ਸੂਤਰ ਭਾਗ 1, 2 ਮੁਨੀ ਘਾਂਸੀਲਾਲ ਜੈਨ ਸ਼ਾਸਤਰੋ ਉਧਾਰ ਸੰਮਤੀ ਰਾਜਕੋਟ, 1967 – 68
19. ਏ. ਐਨ. ਉਪਾਧਿਆ ਮਹਾਵੀਰ ਐਂਡ ਹਿਜ਼ ਫਿਲਾਸਫੀ ਆਫ ਲਾਇਫ ਇੰਡੀਅਨ ਇੰਸਟੀਚਿਊਟ ਆਫ ਕਲਚਰ ਬੰਗਲੋਰ 1956
20. ਏ. ਐਸ. ਗੇਡੇਨ ਏਸਟਿਸਿਜਮ (ਹਿੰਦੂ) ਐਨਸਾਇਕਲੋਪੀਡਿਆ ਆਫ ਰਿਲੀਜਨ ਐਂਡ ਐਥਿਕਸ ਟੀ. ਐਂਡ ਟੀ. ਕਲਾਰਕ ਐਂਡ ਐਡਿੰਗਬਰਗ 1664
21. ਏ. ਸੋਰਸ ਬੁੱਕ ਇਨ ਇੰਡੀਅਨ ਫਿਲਾਸਫੀ ਐਸ. ਰਾਧਾ ਕ੍ਰਿਸ਼ਨ ਐਂਡ ਚਾਰਲਸ ਏ. ਮੂਰ, ਪ੍ਰਿਸ਼ਟਨ ਯੂਨਿਵਰਸਟੀ ਪ੍ਰੈਸ, ਪ੍ਰਿਸ਼ਟਨ 1967

22. ਆਤਮਾਨੂਸ਼ਾਸਨਮ ਆਫ ਗੁਣਭੱਦਰਾ ਏ. ਐਨ. ਉਪਾਧਿਆ ਜੈਨ ਸੰਸਕ੍ਰਿਤੀ ਸੰਰੱਕਸ਼ਕ ਸੰਘ ਸ਼ੋਲਾਪੁਰ, 1961
23. ਅਵਸ਼ਕ ਸੂਤਰਮ, ਮੁਨੀ ਘਾਂਸੀਲਾਲ ਜੈਨ ਸ਼ਾਸਤਰੋ ਉਧਾਰ ਸੰਮਤੀ ਰਾਜਕੋਟ, 1958
24. ਆਯਾਰੋ ਮੁਨੀ ਨਥਮਲ ਜੈਨ ਵਿਸ਼ਵ ਭਾਰਤੀ ਲਾਡਨੂੰ ਸੰ: 2031
25. ਵੀ. ਸੀ. ਲ਼ਾ ਮਹਾਵੀਰ ਲਾਈਫ ਐਂਡ ਟੀਚਿੰਗ ਲੁਕਾਜ ਐਂਡ ਕੰਪਨੀ ਲਿਮਿਟਡ, ਲੰਡਨ 1937
26. ਵੀ. ਸੀ. ਲ਼ਾ ਸਮ ਜੈਨ ਕੈਨੋਨਿਕਲ ਸੂਤਰਾਜ, ਦਾ ਬੰਬੇ ਬ੍ਰਾਚ ਆਫ ਰਾਯਲ ਏਸ਼ੀਆਟਿਕ ਸੁਸਾਇਟੀ 1949
27. ਬੇਚਰਦਾਸ ਡੋਸੀ ਜੈਨ ਸਾਹਿਤ ਕਾ ਵ੍ਰਿਤ ਇਤਿਹਾਸ ਭਾਗ 1, ਪੀ. ਵੀ. ਰਿਸਰਚ ਇੰਸਟੀਚਿਊਟ, ਵਾਰਾਨਸੀ
28. ਭਗਵਤ ਗੀਤਾ, ਫਰੈਂਕਲਿਨ ਏਡਗਰਟਨ, ਹਾਰਪਰ ਐਂਡ ਰਿਪਬਿਲਸ਼ੁਜ, ਨਿਊਯਾਰਕ 1964
29. ਭਗਵਤ ਗੀਤਾ, ਕੇ. ਟੀ. ਤੈਲੰਗ, ਮੋਤੀ ਲਾਲ ਬਨਾਰਸੀ ਦਾਸ ਦਿੱਲੀ, 1970
30. ਭਗਵਤੀ - ਵਿਵਾਹ ਪੰਨਤੀ ਭਾਗ 1, 2, ਕੇ. ਸੀ. ਲਲਵਾਨੀ ਜੈਨ ਭਵਨ ਕਲਕੱਤਾ 1973
31. ਭਾਈ ਜੋਧ ਸਿੰਘ ਟੀਚਿੰਗਜ਼ ਆਫ ਗੁਰੂ ਨਾਨਕ ਇਨ ਗੁਰੂ ਨਾਨਕ ਹਿਜ਼ ਲਾਇਫ ਟਾਇਮ ਐਂਡ ਟੀਚਿੰਗ ਗੁਰੂ ਨਾਨਕ ਫਾਉਂਡੇਸ਼ਨ ਨਵੀ ਦਿੱਲੀ, 1969
32. ਭਿਕਸ਼ੂ ਸੰਘ ਰੱਕਸਕ ਏ. ਸਰਵੇ ਆਫ ਬੁੱਧਇਜ਼ਮ ਦਾ ਇੰਡੀਅਨ ਇੰਸਟੀਚਿਊਟ ਆਫ ਵਰਲਡ ਕਲਚਰ ਬੰਗਲੌਰ, 1966
33. ਭਿਕਸ਼ੂ ਨਾਰਦ, ਸੰਸਾਰ ਐਂਡ ਬੁੱਧਇਸਟ ਫਿਲਾਸਫੀ ਆਫ ਬਰਥ ਐਂਡ ਡੈਥ, ਪੀ. ਡੀ. ਐਮ. ਪਰੇਰਾ, ਤਲਵਕੇਲੇ 1930
34. ਬੋਧੀਚਰਿਆ ਅਵਤਾਰ ਆਫ ਸ਼ਾਂਤੀ ਦੇਵ, ਪੀ. ਐਲ. ਵੈਦਯ, ਬੁੱਧੀਸ਼ਟ ਸੰਸਕ੍ਰਿਤ ਟੈਕਸਟ ਦਰਭੰਗਾ 1960

35. ਬੂਲ ਚੰਦ ਲਾਰਡ ਮਹਾਵੀਰ ਪੀ.ਵੀ. ਰਿਸਰਚ ਇੰਸਟੀਚਿਊਟ ਵਾਰਾਨਸੀ
36. ਬ੍ਰਹਮਚਾਰੀ ਸ਼ੀਤਲਪਰਸਾਦ ਏ ਕੰਪੈਰਾਟਿਵ ਸੱਟਡੀ ਆਫ ਜੈਨਇਜ਼ਮ ਐਂਡ ਬੁੱਧਇਜ਼ਮ ਦਾ ਜੈਨ ਮਿਸ਼ਨ ਸੁਸਾਇਟੀ, ਮਦਰਾਸ
37. ਬ੍ਰਹਮਸੂਤਰ ਵਿਦ ਸ਼ੰਕਰ ਭਾਸ਼ਯ, ਮੋਤੀ ਲਾਲ ਬਨਾਰਸੀ ਦਾਸ ਦਿੱਲੀ 1964
38. ਵ੍ਰਹਤ ਕਲਪ ਭਾਸ਼ਯ, ਗੁਰੂ ਚਤੁਰਵਿਜੈ ਐਂਡ ਪੁੰਨ ਵਿਜੈ, ਭਾਵਨਗਰ 1933
39. ਵ੍ਰਹਤ ਸੰਭਯੰਭੂ ਸਤੋਤਰ ਸਮੰਤ ਭੱਦਰ, ਸਨਾਤਨ ਜੈਨ ਗ੍ਰੰਥ ਵਾਲਾ ਬੰਬਈ 1905
40. ਵ੍ਹਿਜੇਟ ਐਂਡ ਰੇਮੰਡ ਏਲਚਿੰਨ ਦੀ ਬਰਥ ਆਫ ਇੰਡੀਅਨ ਸਿਵਲਾਈਜੇਸਨ ਪੈਨਗਿਵਨ ਬੁੱਕਸ, ਬਾਲਟੀਮੋਰ, 1968
41. ਵ੍ਰਹਤ ਦ੍ਰਵ ਸੰਘਰਿਹ ਆਫ ਨੇਮੀ ਚੰਦਰ ਸਿਧਾਂਤ ਚੱਕਰਵਰਤੀ, ਜਵਾਹਰ ਲਾਲ ਸ਼ਾਸਤਰੀ ਸ਼੍ਰੀਮਦ ਲਾਲ ਚੰਦਰ ਆਸ਼ਰਮ ਅਗਾਸ ਸੰਮਤ 2022
42. ਦੀ ਵੀ. ਐਸ. ਗੋਛਵਾਲ, ਦੀ ਕੰਸੈਪਟ ਆਫ ਪਰਫੈਕਸ਼ਨ ਇਨ ਦਾ ਟੀਚਿੰਗ ਆਫ ਦੀ ਕਾਂਟ ਐਂਡ ਦੀ ਗੀਤਾ, ਮੋਤੀਲਾਲ ਬਨਾਰਸੀ ਦਾਸ 1967
43. ਬੁੱਧਇਸਟ ਸੂਤਰਾਜ ਟੀ. ਵੀ ਰਾਇਸ ਡੇਵਿਡ ਐਸ. ਵੀ. ਈ. ਭਾਗ 11, ਮੋਤੀਲਾਲ ਬਨਾਰਸੀ ਦਾਸ, ਦਿੱਲੀ 1968
44. ਬੁੱਧਇਸਟ ਟੈਕਟਸ ਥਰੂ ਦਾ ਏਜਜ ਈ. ਖੋਨਜੇ, ਹਾਰਪਰ ਟੋਰਚ ਬੁੱਕ, ਨਿਊਯਾਰਕ 1964
45. ਸੀ. ਏ. ਐਫ. ਰਾਇਸ ਡੇਵਿਡਸ ਬੁੱਧਇਜ਼, ਹੈਨਰੀ ਹੋਲਟ ਐਂਡ ਕੰਪਨੀ ਨਿਊਯਾਰਕ 1912

46. ਸੀ. ਏ. ਐਫ. ਰਾਇਸ ਡੇਵਿਡਸ ਮੋਕਸ਼ ਇਨ ਐਨਸਾਇਕਲੋਪੀਡਿਆ ਆਫ ਰਿਲੀਜਨ ਐਂਡ ਐਥਿਕਸ ਵੋਲਿਅਮ 8 ਟੀ. ਐਨ. ਟੀ. ਕਲਾਰਕ, ਐਡੰਗਬਰਗ 1964
47. ਸੀ. ਡੀ. ਸ਼ਰਮਾ ਏ ਕਰੀਟਿਕਲ ਸਰਵੇ ਆਫ ਇੰਡੀਅਨ ਫਿਲਾਸਫੀ, ਮੋਤੀ ਲਾਲ ਬਨਾਰਸੀ ਦਾਸ, ਦਿੱਲੀ 1973
48. ਸੀ. ਹਾਮਫ੍ਰਜ ਕ੍ਰਮ ਐਂਡ ਰਿਬਰਥ, ਜੋਹਨ ਮਰੇ ਲੰਡਨ, 1958
49. ਕੰਟਰੀਬਿਉਸਨ ਆਫ ਜੈਨਇਜ਼ਮ ਟੂ ਇੰਡੀਅਨ ਕਲਚਰ, ਆਰ. ਸੀ. ਦਵੇਦੀ, ਮੋਤੀਲਾਲ ਬਨਾਰਸੀਦਾਸ ਦਿੱਲੀ, 1975
50. ਸੀ. ਆਰ. ਜੈਨ, ਜੈਨ ਸਾਇਕਾਲੋਜੀ, ਦੀ ਇੰਡੀਅਨ ਪ੍ਰੈਸ ਲਿਮਿਟਡ ਇਲਾਹਾਬਾਦ 1929
51. ਸੀ. ਆਰ. ਜੈਨ, ਕੀ ਆਫ ਨੋਲਜ ਦਾ ਸੈਂਟਰਲ ਜੈਨ ਪਬਲਿਸਿੰਗ ਹਾਊਸ ਆਰਾ, 1971
52. ਸੀ. ਆਰ. ਜੈਨ, ਦੀ ਪ੍ਰੈਕਟੀਕਲ ਪਾਥ ਆਰਾ 1917
53. ਸੀ. ਆਰ. ਜੈਨ, ਰਿਸ਼ਿਭਦੇਵ ਦੀ ਫਾਉਂਡਰ ਆਫ ਜੈਨਇਜ਼ਮ ਦੀ ਇੰਡੀਅਨ ਪ੍ਰੈਸ ਲਿਮਿਟਡ, ਇਲਾਹਾਬਾਦ 1929
54. ਸੀ. ਆਰ. ਜੈਨ, ਵਾਟ ਇਜ ਜੈਨਇਜ਼ਮ ਦਿਗੰਬਰ ਜੈਨ ਪਰੀਸ਼ਦ, ਬਿਜਨੌਰ, 1917
55. ਸੀ. ਡਬਲਯੂ. ਲੀਡਬੀਟਰ, ਦਾ ਥਿਯਾਸੋਫਿਕਲ ਪਬਲਿਸਿੰਗ ਹਾਊਸ ਅਡਿਯਾਰ, ਮਦਰਾਸ 1971
56. ਦਲਸੁੱਖ ਮਾਲਵਨੀਯਾ, ਆਗਮ ਯੁੱਗ ਕਾ ਜੈਨ ਦਰਸ਼ਨ, ਸਨਮਤੀ ਗਿਆਨ ਪੀਠ ਆਗਰਾ, 1966
57. ਦਲਸੁੱਖ ਮਾਲਵਨੀਯਾ, ਆਤਮ ਮਿਮਾਸਾ ਸ਼੍ਰੀ ਜੈਨ ਸੰਸਕ੍ਰਿਤੀ ਸੰਸ਼ੋਧਨ ਮੰਡਲ ਬਨਾਰਸ
58. ਦਸ਼ਾਸਰੂਤ ਸਕੰਧ ਸੂਤਰ, ਮੁਨੀ ਬਿਹਾਰੀਲਾਲ ਜੈਨ ਸ਼ਾਸਤਰੋ ਉਧਾਰ ਸੰਮਤੀ ਰਾਜਕੋਟ, 1960

59. ਦਸ਼ਵੇਂਕਾਲਿਕ ਸੂਤਰ, ਕੇ. ਸੀ. ਲਲਵਾਨੀ, ਮੋਤੀਲਾਲ ਬਨਾਰਸੀ ਦਾਸ ਦਿੱਲੀ, 1973
60. ਦਸ਼ਵੇਂਕਾਲਿਕ ਸੂਤਰ, ਅਚਾਰੀਆ ਆਤਮਾ ਰਾਮ ਜੀ ਮ. ਜੈਨ ਸ਼ਾਸਤਰ ਮਾਲਾ ਕਾਰਿਆਲੇ ਲਾਹੌਰ, 1946
61. ਦਸਵੇਂਆਲਿਅਮ ਮੁਨੀ ਨਥਮਲ ਜੈਨ ਵਿਸ਼ਵ ਭਾਰਤੀ ਲਾਡਨੂੰ ਸ. 2037
62. ਦਿਆਨੰਦ ਭਾਰਗਵ, ਜੈਨ ਐਥਿਕਸ ਮੋਤੀਲਾਲ ਬਨਾਰਸੀ ਦਾਸ ਦਿੱਲੀ, 1968
63. ਧਰਮਾ ਨੰਦ ਕੋਸ਼ਾਂਭੀ, ਪਾਰਸ਼ਨਾਥ ਕਾ ਚਤੁਰਯਾਮ ਧਰਮ, ਹੇਮਚੰਦ ਮੋਦੀ ਪੁਸ਼ਤਕਮਾਲਾ ਟਰਸਟ ਬੰਬੇ 1957
64. ਧਰਮ ਸੰਗ੍ਰਹਿ ਪੀ. ਐਲ. ਵੈਦਯ, ਬੁੱਧੀਸਟ ਸੰਸਕ੍ਰਿਤ ਟੈਕਸਟ, ਦਰਭੰਗਾ 1961
65. ਧਿਆਨਸਤਵ ਆਫ ਭਾਸਕਰ ਨੰਦੀ, ਸੂਜੂਕੋ ਓਹੀਰੋ, ਭਾਰਤੀਯ ਗਿਆਨਪੀਠ ਵਾਰਾਨਸੀ, 1973
66. ਦੀਘਨਿਕਾਯ ਜਗਦੀਸ਼ ਕਸ਼ਯਪ, ਦੇਵਾਨਾਗਰੀ ਪਾਲੀ ਸੀਰਜ, ਨਾਲੰਦਾ 1958
67. ਦ੍ਰਵਯ ਸੰਗ੍ਰਹਿ ਆਫ ਨੇਮੀਚੰਦ ਸਿਧਾਂਤ ਚੱਕਰਵਰਤੀ, ਏ. ਸੀ. ਗੋਸ਼ਾਲ, ਜੇ. ਐਲ. ਜੈਨੀ ਮੈਮੋਰਿਅਲ ਸੀਰਜ ਦਿੱਲੀ, 1956
68. ਈ. ਏ. ਬ੍ਰਟ, ਮੈਨ ਸੀਕਸ ਦੀ ਡਿਵਾਇਨ ਹਾਰਪਰ ਏ. ਬ੍ਰਦਰਜ, ਨਿਊਯਾਰਕ, 1957
69. ਈ. ਏ. ਬ੍ਰਟ, ਇਨ ਸਰਚ ਆਫ ਫਿਲਾਸਫੀਕਲ ਅੰਡਰ ਸਟੈਂਡੀਂਗ, ਮੇਨਟਰ ਬੁੱਕਸ ਨਿਊਯਾਰਕ, 1965
70. ਐਡਵਰਡ ਕੋਨਜੇ, ਬੁੱਧਇਸਟ ਥਾਟ ਇਨ ਇੰਡੀਆ, ਜਾਰਜ ਐਲਨ ਐਂਡ ਅਨਵਿਨ ਲੰਡਨ, 1968
71. ਈ. ਜੇ. ਥਾਮਸ, ਦੀ ਹਿਸਟਰੀ ਆਫ ਬੁੱਧੀਸਟ ਥਾਟ, ਰੋਟਲਿਜ ਐਂਡ ਕੇਗਨ ਪਾਲ ਲਿਮਿਟਡ ਲੰਡਨ, 1967

72. ਐਨਸਾਇਕਲੋਪੀਡਿਆ ਆਫ ਰਿਲੀਜਨ ਐਂਡ ਐਥਿਕਸ ਜੇਮਜ਼ ਹੈਸਟਿੰਗਜ, ਟੀ. ਐਨ. ਟੀ. ਕਲਾਰਕ, ਐਡਨਬਰਗ, 1964
73. ਏਰਿਕ ਫਰੋਵਾਲਨਰ, ਹਿਸਟਰੀ ਆਫ ਇੰਡੀਅਨ ਫਿਲਾਸਫੀ ਵੋਲਿਅਮ 1, 2, ਮੋਤੀਲਾਲ ਬਨਾਰਸੀਦਾਸ ਦਿੱਲੀ, 1973
74. ਈ. ਐਚ. ਝੋਨਸਟਨ, ਦਾ ਬੁੱਧਚਰਿਤ ਆਰ ਏਕਸਟ ਆਫ ਦਾ ਬੁੱਧ ਮੋਤੀਲਾਲ ਬਨਾਰਸੀਦਾਸ, ਦਿੱਲੀ 1972
75. ਈ. ਡਬਲਯੂ. ਹੋਪਕਿੰਜ ਰਿਲੀਜਨ ਆਫ ਇੰਡੀਆ, ਬ੍ਰਿਨ ਐਂਡ ਕੰਪਨੀ ਬੋਸਟਨ 1895
76. ਐਫ. ਜੇ. ਸਟ੍ਰਾਂਗ, ਅੰਡਰਸਟੈਂਡਿੰਗ ਰਿਲੀਜਸ ਮੈਨ, ਡਿਕਨਸਨ ਪਬਲਿਸਿੰਗ ਕੰਪਨੀ ਬੈਲਮਾਉਂਟ, 1970
77. ਐਫ. ਜੇ. ਸਟ੍ਰਾਂਗ, ਏਮਪਟੀਨੇਸ ਏ ਸੱਟਡੀ ਇਨ ਰਿਲੀਜਸ ਮੀਨਿੰਗ, ਏਬਿਗਡਨ ਪ੍ਰੈਸ, ਨਿਊਯਾਰਕ 1967
78. ਗੰਧਰਵਾਦ ਆਫ ਜਿੰਨ ਭੱਦਰ ਗਨੀ, ਮੁਨੀ ਰਤਨਪ੍ਰਭਵ ਵਿਜੈ, ਸ਼੍ਰੀ ਜੈਨ ਗ੍ਰੰਥ ਪ੍ਰਕਾਸ਼ਨ ਸਭਾ ਅਹਿਮਦਾਬਾਦ, 1942
79. ਜੀ. ਸੀ. ਪਾਂਡੇ, ਸਟੱਡੀਜ਼ ਇਨ ਆਰਿਜਨ ਆਫ ਬੁੱਧਇਜ਼ਮ ਯੂਨੀਵਰਸਟੀ ਆਫ ਇਲਾਹਾਬਾਦ, 1957
80. ਗੋਮਟਸਾਰ (ਜੀਵ ਕਾਂਡ) ਆਫ ਨੇਮੀ ਚੰਦਰ ਸਿਧਾਂਤ ਚੱਕਰਵਰਤੀ, ਜੇ. ਐਲ. ਜੈਨੀ ਦਾ ਸੈਂਟਰਲ ਜੈਨ ਪਬਲਿਸ਼ਿੰਗ ਹਾਊਸ, ਲਖਨਾਊ 1927
81. ਗੋਮਟਸਾਰ (ਜੀਵ ਕਾਂਡ), ਆਫ ਨੇਮੀ ਚੰਦਰ ਸਿਧਾਂਤ ਚੱਕਰਵਰਤੀ, ਪੰਡਤ ਮਨੋਹਰ ਲਾਲ, ਸ਼੍ਰੀਮਦ ਰਾਜਚੰਦਰ ਆਸ਼ਰਮ ਅਗਾਸ, 1971
82. ਗੋਮਟਸਾਰ (ਕਰਮ ਕਾਂਡ ) ਆਫ ਨੇਮੀ ਚੰਦਰ ਸਿਧਾਂਤ ਚੱਕਰਵਰਤੀ, ਪੰਡਤ ਖੂਬ ਚੰਦ, ਸ਼੍ਰੀਮਦ ਰਾਜਚੰਦਰ ਆਸ਼ਰਮ ਅਗਾਸ, 1972
83. ਗੋਪਾਲ ਦਾਸ ਜੀਵਾ ਭਾਈ ਪਟੇਲ, ਕੁੰਦ ਕੁੰਦ ਅਚਾਰੀਆ ਕੇ ਤੀਨ ਰਤਨ, ਭਾਰਤੀਯ ਗਿਆਨਪੀਠ ਵਾਰਾਨਸੀ, 1967

84. ਗੋਪਾਲ ਸਿੰਘ, ਰਿਲੀਜਨ ਆਫ ਦਾ ਸਿੱਖ, ਏਸ਼ਿਆ ਪਬਲਿਸਿੰਗ ਹਾਊਸ ਦਿੱਲੀ, 1971
85. ਜੀ. ਆਰ. ਜੈਨ. ਕੋਸਮੋਲੋਜੀ ਔਲਡ ਐਂਡ ਨਿਊ ਦਾ ਸੈਂਟਰਲ ਪਬਲਿਸਿੰਗ ਹਾਊਸ, ਲੱਖਨਊ, 1980
86. ਗੁਰੂ ਨਾਨਕ ਹਿਜ ਲਾਇਫ ਟਾਇਮ ਐਂਡ ਟੀਚਿੰਗ, ਗੁਰਮੁੱਖ ਨਿਹਾਲ ਸਿੰਘ, ਗੁਰੂ ਨਾਨਕ ਫਾਊਂਡੈਸਨ ਨਵੀਂ ਦਿੱਲੀ, 1969
87. ਹਰਬੰਸ ਸਿੰਘ ਐਂਡ ਐਲ. ਐਮ. ਜੋਸ਼ੀ, ਇਨ ਇਨਟਰੋਡਕਸ਼ਨ ਟੂ ਇੰਡੀਅਨ ਰਿਲੀਜਨ ਪੰਜਾਬੀ ਯੂਨੀਵਰਸਟੀ ਪਟਿਆਲਾ, 1973
88. ਹਰਦਿਆਲ ਦਾ ਬੋਧੀ ਸਤਵ ਡਾਕਟਰਾਈਨ ਇਨ ਬੁੱਧੀਸਟ, ਸੰਸਕ੍ਰਿਤ ਲਿਟਰੇਚਰ ਮੋਤੀਲਾਲ ਬਨਾਰਸੀਦਾਸ, ਦਿੱਲੀ 1969
89. ਐਚ. ਸੀ. ਰਾਏ ਚੌਧਰੀ, ਪੋਲਿਟੀਕਲ ਹਿਸਟਰੀ ਆਫ ਐਨਸਿਐਂਟ ਇੰਡੀਆ ਯੂਨੀਵਰਸਟੀ ਆਫ ਇੰਡੀਆ, 1963
90. ਹੀਰਾਲਾਲ ਜੈਨ ਭਾਰਤੀ ਸੰਸਕ੍ਰਿਤੀ ਮੇਂ ਜੈਨ ਧਰਮ ਕਾ ਯੋਗਦਾਨ, ਮੱਧ ਪ੍ਰਦੇਸ਼ ਸ਼ਾਸਨ ਸਾਹਿਤ ਪਰਿਸ਼ਦ ਭੋਪਾਲ, 1963
91. ਹਰਮਨ ਜਰਕੋਬੀ, ਜੈਨ ਸੂਤਰ ਪਾਰਟ 1, 2, ਮੋਤੀਲਾਲ ਬਨਾਰਸੀਦਾਸ ਦਿੱਲੀ 1968
92. ਹਰਮਨ ਜਰਕੋਬੀ, ਜੈਨਇਜ਼ਮ ਇਨਸਾਇਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ ਵੋਲਿਅਮ 1, ਟੀ. ਐਨ. ਟੀ. ਕਲਾਰਕ ਐਡੀਨਬਰਗ, 1968
93. ਐਚ. ਕ੍ਰੇਨ, ਮੈਨੂਅਲ ਆਫ ਬੁੱਧਇਜ਼ਮ, ਇੰਡਲੋਜਿਕਲ ਬੁੱਕ ਹਾਊਸ, ਵਾਰਾਨਸੀ, 1967
94. ਐਚ. ਆਰ. ਕਾਪੜੀਆ, ਦਾ ਜੈਨ ਰਿਲੀਜਨ ਐਂਡ ਲਿਟਰੇਚਰ, ਮੋਤੀਲਾਲ ਬਨਾਰਸੀਦਾਸ ਲਾਹੌਰ, 1944
95. ਐਚ. ਵੀ. ਗਲੋਸਨੱਪ, ਇਮੋਰਟੇਲਿਟਿ ਐਂਡ ਸਾਲੂਸਨ ਇਨ ਇੰਡੀਅਨ ਰਿਲੀਜਨ, ਸੁਸ਼ੀਲ ਗੁਪਤਾ ਇੰਡੀਆ ਪ੍ਰਾ. ਲਿਮ. ਕਲਕੱਤਾ, 1963

96. ਐਚ. ਵੀ. ਗਲੋਸਨੱਪ, ਦਾ ਡਾਕਟਰਾਇਨ ਆਫ ਕਰਮ ਇਨ ਜੈਨ ਫਿਲਾਸਫੀ ਜੀਵਨ ਲਾਲ ਪੱਨਾ ਲਾਲ ਚੈਰਟੀ ਫੰਡ ਬੰਬਈ, 1942
97. ਐਚ. ਵਾਰੇਂਸ, ਜੈਨਇਜ਼ਮ ਸ਼੍ਰੀ ਵੱਲਵ ਸੂਰੀ ਸਮਾਰਕ ਨਿਧੀ ਪਬਲੀਕੇਸ਼ਨ ਬੰਬਈ, 1968
98. ਐਚ. ਜਿਮੱਰ, ਫਿਲਾਸਫੀ ਆਫ ਇੰਡੀਆ, ਮੈਰੀਡੀਅਨ ਬੁੱਕ ਨਿਊਯਾਰਕ 1960
99. ਜੈਨ ਸਾਹਿਤ ਕਾ ਇਤਿਹਾਸ, ਭਾਗ 1 ਤੋਂ 4, ਪੀ. ਵੀ. ਰਿਸਰਚ ਇੰਸਟੀਚਿਊਟ ਵਾਰਾਨਸੀ,
100. ਜਿੰਨਇੰਦਰ ਸਿਧਾਂਤ ਕੋਸ਼, ਭਾਗ 1 ਤੋਂ 4, ਜਿੰਨਇੰਦਰ ਵਰਨੀ, ਭਾਰਤੀਯ ਗਿਆਨਪੀਠ ਦਿੱਲੀ,
101. ਜੈਨਇਜ਼ਮ ਨਥਮਲ ਟਾਟੀਆ, ਐਮ. ਐਲ. ਮਹਿਤਾ, ਪੰਜਾਬੀ ਯੂਨਿਵਰਸਿਟੀ ਪਟਿਆਲਾ,
102. ਜੀਵਾਭਿਗਮ ਸੂਤਰ, ਭਾਗ 1, ਮੁਨੀ ਘਾਂਸੀਲਾਲ ਜੀ, ਜੈਨ ਸਾਸ਼ਤਰੋਉਧਾਰ ਸੰਮਤੀ ਰਾਜਕੋਟ,
103. ਜੇ. ਐਲ. ਜੈਨੀ. ਆਉਟਲਾਈਨ ਆਫ ਜੈਨਇਜ਼ਮ, ਦਾ ਯੂਨੀਵਰਸਿਟੀ ਪ੍ਰੈਸ ਕੈਂਬਰਿਜ
104. ਗਿਆਤਾ ਧਰਮਕਥਾਂਗ ਸੂਤਰ, ਭਾਗ 1 ਤੋਂ 3, ਮੁਨੀ ਘਾਂਸੀਲਾਲ ਜੀ, ਜੈਨ ਸਾਸ਼ਤਰੋਉਧਾਰ ਸੰਮਤੀ ਰਾਜਕੋਟ,
105. ਜੇ. ਐਨ. ਫਰਕੂਹਰ, ਏਨ ਆਉਟਲਾਈਨ ਆਫ ਦਾ ਰਿਲੀਜਨ ਲਿਟਰੇਚਰ ਆਫ ਇੰਡੀਆ, ਮੋਤੀਲਾਲ ਬਨਾਰਸੀਦਾਸ ਦਿੱਲੀ
106. ਜੇ. ਐਨ. ਫਰਕੂਹਰ, ਸੋਲ ਹਿੰਦੂ ਇਨ ਐਨਸਾਇਕਲੋਪੀਡਿਆ ਆਫ ਰਿਲੀਜਨ ਐਂਡ ਐਥਿਕਸ ਭਾਗ 11
107. ਜੀ. ਸੀ. ਸਿਕਧਰ, ਸੱਟਡੀਜ਼ ਇਨ ਦਾ ਭਗਵਤੀ ਸੂਤਰ, ਰਿਸਰਚ ਇਨਸਟੀਚਿਊਟ ਆਫ ਪ੍ਰਾਕ੍ਰਿਤ, ਜੈਨੋਲੋਜੀ ਐਂਡ ਅਹਿੰਸਾ ਵੈਸ਼ਾਲੀ
108. ਜੇ. ਪੀ. ਜੈਨ, ਜੈਨਇਜ਼ਮ ਦਾ ਔਲਡੈਸਟ ਲਿਵਿੰਗ ਰਿਲੀਜਨ ਜੈਨ ਸੰਸਕ੍ਰਿਤੀ ਸੰਸ਼ੋਧਨ ਮੰਡਲ, ਵਾਰਾਨਸੀ 1951

109. ਜੇ. ਪੀ. ਜਵੈਰੀ ਐਂਡ ਮੁਨੀ ਮਹਿੰਦਰ ਕੁਮਾਰ ਦਿਤਯ, ਥਿਊਰੀ ਆਫ ਐਟਮ ਇਨ ਦਾ ਜੈਨ ਫਿਲਾਸਫੀ ਜੈਨ ਵਿਸ਼ਵ ਭਾਰਤੀ ਲਾਡਨੂ 1975
110. ਜਯੋਤੀ ਪ੍ਰਸ਼ਾਦ ਜੈਨ, ਰਿਲੀਜਨ ਇਨ ਕਲਚਰ ਆਫ ਜੈਨਜ਼, ਭਾਰਤੀ ਗਿਆਨ ਪੀਠ ਦਿੱਲੀ 1975
111. ਕਬੀਰ ਗ੍ਰੰਥਾਂਵਲੀ ਸ਼ਾਮ ਸੁੰਦਰ ਦਾਸ ਨਾਗਰੀ ਪ੍ਰਚਾਰਨੀ ਸਭਾ ਕਾਂਸੀ ਸੰਮਤ 2025
112. ਕਲਪ ਸੂਤਰ ਹਰਮਨ ਜਰਕੋਬੀ, ਐਸ. ਬੀ. ਈ. ਵੋਲਿਅਮ 22 ਮੋਤੀਲਾਲ ਬਨਾਰਸੀਦਾਸ ਦਿੱਲੀ 1968
113. ਕਮਲ ਰਾਏ ਦਾ ਕੰਸੈਪਟ ਆਫ ਸੈਲਫ ਫਿਰਮਾ ਕੇ. ਐਲ. ਮੁੱਖਉਪਾਧਿਐ ਕਲਕੱਤਾ 1946
114. ਕਰਮ ਗ੍ਰੰਥ ਆਫ ਦਵਿੰਦਰ ਸੂਰੀ ਭਾਗ 1-5 ਪੰਡਿਤ ਸੁੱਖਲਾਲ ਸ਼੍ਰੀ ਆਤਮਾ ਨੰਦ ਜੈਨ ਪੁਸਤਕ ਪ੍ਰਚਾਰਕ ਮੰਡਲ ਆਗਰਾ
115. ਕਰਮ ਪ੍ਰਕ੍ਰਿਤੀ ਆਫ ਅਭੈ ਚੰਦਰ ਗੋਕਲ ਚੰਦ ਜੈਨ ਭਾਰਤੀਯ ਗਿਆਨ ਪੀਠ ਵਾਰਾਨਸੀ 1968
116. ਕੇ. ਸੀ. ਜੈਨ ਲਾਰਡ ਮਹਾਵੀਰ ਐਂਡ ਹਿਜ਼ ਟਾਇਮਜ ਮੋਤੀ ਲਾਲ ਬਨਾਰਸੀ ਦਾਸ ਦਿੱਲੀ 1974
117. ਕੇ. ਸੀ. ਸੋਗਾਨੀ, ਐਥਿਕਲ ਡਾਕਟਰਾਈਨ ਇਨ ਜੈਨਇਜ਼ਮ ਜੈਨ ਸੰਸਕ੍ਰਿਤੀ ਸੰਰੱਕਸ਼ਕ ਸੰਘ ਸ਼ੋਲਾਪੁਰ 1967
118. ਖਜਾਨ ਸਿੰਘ, ਫਿਲਾਸਫੀ ਆਫ ਦਾ ਸਿੱਖ ਰਿਲੀਜਨ, ਲੈਨਗੇਏਜ ਡਿਪਾਰਟਮੈਂਟ ਪਟਿਆਲਾ 1970
119. ਕੇ. ਐਨ. ਜੈ ਤਿਲਕ, ਸਰਵਾਇਵਲ ਐਂਡ ਕਰਮ ਇਨ ਬੁੱਧਇਸਟ ਪਰਸਪੈਕਟਿਵ ਬੁੱਧਇਸਟ ਪਬਲੀਕੇਸ਼ਨ ਸੁਸਾਈਟੀ ਕੈਂਡੀ 1969
120. ਕੇ. ਐਨ. ਉਪਾਧਿਆ ਅਰਲੀ ਬੁੱਧਇਜ਼ਮ ਐਂਡ ਦਾ ਭਗਵਤ ਗੀਤਾ ਮੋਤੀਲਾਲ ਬਨਾਰਸੀਦਾਸ ਦਿੱਲੀ 1971
121. ਲਕਸ਼ਨਾਵਲੀ ਭਾਗ 1, 2 ਵੀਰ ਸੇਵਾ ਮੰਦਿਰ ਦਿੱਲੀ 1972 - 73

122. ਲੂਇਸ ਦੇ ਲਾ ਵਲੀ ਪੂਸਿਨ, ਕਰਮ ਇਨ ਐਨਸਾਇਕਲੋਪੀਡਿਆ ਆਫ ਰਿਲੀਜਨ ਐਂਡ ਐਥਿਕਸ ਭਾਗ 7, ਜੇਮਜ਼ ਹੇਸਟਿੰਗਜ਼

123. ਐਲ. ਐਮ. ਜੋਸ਼ੀ, ਬ੍ਰਾਹਮਣਇਜ਼ਮ, ਬੁੱਧਇਜ਼ਮ ਐਂਡ ਹਿੰਦੂਇਜ਼ਮ, ਬੁੱਧਇਸਟ ਪਬਲਿਕੇਸ਼ਨ ਸੁਸਾਇਟੀ ਕੈਂਡੀ 1970

124. ਐਲ. ਐਮ. ਜੋਸ਼ੀ, ਬ੍ਰਾਹਮਣਇਜ਼ਮ, ਬੁੱਧਇਜ਼ਮ ਇਨ ਇੰਡੀਅਨ ਹਿਸਟਰੀ, ਬੁੱਧਇਸਟ ਪਬਲਿਕੇਸ਼ਨ ਸੁਸਾਇਟੀ ਕੈਂਡੀ 1973

125. ਐਲ. ਐਮ. ਜੋਸ਼ੀ, ਸੱਟਡੀਜ਼ ਇਨ ਦੀ ਬੁੱਧਇਸਟ ਕਲਚਰ ਆਫ ਇੰਡੀਆ, ਮੋਤੀਲਾਲ ਬਨਾਰਸੀਦਾਸ ਦਿੱਲੀ, 1967

126. ਲੂਇਸ ਰੈਣੋ, ਰਿਲੀਜਨ ਆਫ ਐਨਸ਼ਿਯੰਟ ਇੰਡੀਆ ਯੂਨਿਵਰਸਿਟੀ ਆਫ ਲੰਡਨ 1953

127. ਮਾਧਮਿਕਾ ਸ਼ਾਸਤਰ, ਚੰਦਰਕ੍ਰਿਤੀ ਪੀ. ਐਲ. ਵੈਦਯ, ਬੁੱਧਇਸਟ ਸੰਸਕ੍ਰਿਤ ਟੈਕਸਟ ਨੰਬਰ 10, ਦਰਭੰਗਾ 1960

128. ਮਹਾਵੱਗ, ਜਗਦੀਸ਼ ਕਸ਼ਯਪ ਦੇਵ ਨਾਗਰੀ ਪਾਲੀ ਸਿਰਿਜ ਨਾਲੰਦਾ 1956

129. ਐਮ. ਏ. ਮੈਕਾਲਸ ਦਾ ਸਿੱਖ ਰਿਲੀਜਨ ਭਾਗ 1, 2, ਐਸ. ਚਾਂਦ ਐਂਡ ਕੰਪਨੀ ਦਿੱਲੀ 1963

130. ਐਮ. ਹਿਰਿਯੱਨਾ ਦਾ ਏਸ਼ੈਨਸਿਅਲ ਆਫ ਇੰਡੀਅਨ ਫਿਲਾਸਫੀ, ਜਾਰਜ ਐਲਨ ਐਂਡ ਅਨਵਿਨ ਲੰਡਨ, 1970

131. ਐਮ. ਹਿਰਿਯੱਨਾ, ਆਉਟ ਲਾਇਨ ਆਫ ਇੰਡੀਅਨ ਫਿਲਾਸਫੀ ਜਾਰਜ ਐਲਨ ਐਂਡ ਅਨਵਿਨ ਲੰਡਨ 1970

132. ਐਮ. ਹਿਰਿਯੱਨਾ ਦਾ ਕੁਐਸਟ ਆਫਟਰ ਪ੍ਰਫੈਕਸ਼ਨ ਕੇਵਲਯ ਪਬਲਿਸਰਜ ਮੈਸੂਰ, 1952

133. ਮਿਰਸੇ ਏਲਯੇਦ, ਯੋਗ, ਇਮੋਰਟਲਟੀ ਐਂਡ ਫਰੀਡਮ ਯੂਨਿਵਰਸਿਟੀ ਪ੍ਰੈਸ ਪ੍ਰਿੰਟਰਜ਼ 1959

134. ਮੋਰਟੀਮਰ ਵੀਹਲਰ, ਦ ਇੰਡਸ ਸਿਵਿਲਾਇਜੇਸ਼ਨ ਯੂਨਿਵਰਸਿਟੀ ਪ੍ਰੈਸ ਕੈਂਬਰਿਜ, 1968

135. ਮੋਹਨ ਲਾਲ ਮਹਿਤਾ, ਜੈਨ ਕਲਚਰ ਪਾਰਸਨਾਥ ਵਿਦਿਆ ਆਸ਼ਰਮ ਸੋਧ ਸੰਸਥਾਨ, ਵਾਰਾਨਾਸੀ 1969
136. ਮੋਹਨ ਲਾਲ ਮਹਿਤਾ, ਜੈਨ ਧਰਮ ਦਰਸ਼ਨ, ਪਾਰਸਨਾਥ ਵਿਦਿਆ ਆਸ਼ਰਮ ਸੋਧ ਸੰਸਥਾਨ, ਵਾਰਾਨਾਸੀ 1974
137. ਮੋਹਨ ਲਾਲ ਮਹਿਤਾ, ਜੈਨ ਫਿਲਾਸਫੀ ਪਾਰਸਨਾਥ ਵਿਦਿਆ ਆਸ਼ਰਮ ਸੋਧ ਸੰਸਥਾਨ, ਵਾਰਾਨਾਸੀ 1971
138. ਮੋਹਨ ਲਾਲ ਮਹਿਤਾ, ਜੈਨ ਸਾਇਕਾਲੋਜੀ, ਪਾਰਸਨਾਥ ਵਿਦਿਆ ਆਸ਼ਰਮ ਸੋਧ ਸੰਸਥਾਨ, ਵਾਰਾਨਾਸੀ 1955
139. ਮੋਹਨ ਜੂਨਦਰੋ ਐਂਡ ਇੰਡਸ ਸਿਵਿਲਾਇਜੇਸਨ ਭਾਗ 1, ਸਰਜਾਨ ਮਾਰਸ਼ਲ, ਲੰਡਨ, 1931
140. ਮੋਨਿਯਰ ਵਿਲਿਅਮਜ਼, ਸੰਸਕ੍ਰਿਤ ਇੰਗਲਿਸ਼ ਡਿਕਸ਼ਨਰੀ, ਮੋਤੀਲਾਲ ਬਨਾਰਸੀਦਾਸ ਦਿੱਲੀ 1976
141. ਮੁਨੀ ਨਾਗਰਾਜ ਆਗਮ ਔਰ ਤ੍ਰਿਪਟਿਕ ਏਕ ਅਨੂਸ਼ਿਲਨ ਜੈਨ ਸਵੈਤਾਂਬਰ ਤੈਰਾਪੰਥੀ ਮਹਾਸਭਾ ਕਲਕੱਤਾ 1969
142. ਮੁਨੀ ਨਥਮਲ ਜੈਨ ਦਰਸ਼ਨ ਮਨੱਨ ਔਰ ਮੀਮਾਸਾ, ਆਦਰਸ਼ ਸਾਹਿਤ ਸੰਘ ਚੂਰੂ 1973
143. ਐਮ. ਵਿਨਟਰਨਿਤਜ, ਹਿਸਟਰੀ ਆਫ ਇੰਡੀਅਨ ਲਿਟਰੇਚਰ ਭਾਗ 1, 2 ਔਰਿਐਂਟਲ ਬੁੱਕ ਰੀ ਪ੍ਰਿੰਟ ਕਾਰਪੋਰੇਸ਼ਨ, ਨਵੀਂ ਦਿੱਲੀ 1972
144. ਨਾਹਰ ਐਂਡ ਘੋਸ਼, ਐਨ ਐਪਿਟੋਮ ਆਫ ਜੈਨਇਜ਼ਮ ਗਲਾਬ ਕੰਵਰ ਲਾਇਬਰੇਰੀ ਕਲਕੱਤਾ 1917
145. ਨਾਮਮਾਲਾ, ਪੰਡਿਤ ਸ਼ੰਭੂਨਾਥ ਤ੍ਰਿਪਾਠੀ ਭਾਰਤੀਯ ਗਿਆਨ ਪੀਠ ਕਾਂਸੀ, 1950
146. ਨੰਦੀ ਸੂਤਰਮ ਅਚਾਰੀਆ ਸ਼੍ਰੀ ਆਤਮਾ ਰਾਮ ਜੀ, ਅਚਾਰੀਆ ਆਤਮਾ ਰਾਮ ਜੀ ਪ੍ਰਕਾਸ਼ਨ ਸੰਮਤੀ, ਲੁਧਿਆਣਾ 1966
147. ਨਥਮਲ ਟਾਟੀਆ, ਸੱਟਡਿਜ ਇਨ ਜੈਨ ਫਿਲਾਸਫੀ, ਜੈਨ ਕਲਚਰਲ ਰਿਸਰਚ ਸੁਸਾਇਟੀ ਵਾਰਾਨਸੀ, 1951

148. ਨਥਮਲ ਟਾਟੀਆ, ਦਾ ਬੇਸਿਕ ਕੰਟਰੀਬਿਊਸ਼ਨ ਆਫ ਜੈਨਇਜ਼ਮ ਟੂ ਇੰਡੀਅਨ ਥਾਟ ਐਂਡ ਦੇਯਰ ਰਿਲੇਵੇਨਸ ਇਨ ਦਾ ਮਾਡਰਨ ਟਾਇਮਜ਼, ਪੰਜਾਬੀ ਯੂਨਿਵਰਸਿਟੀ ਪਟਿਆਲਾ, 1975
149. ਨਾਯਾਧੱਮਕਹਾਓ, ਐਨ. ਵੀ. ਵੈਦਯ, ਪੂਨਾ, 1940
150. ਨਿਹਨਵਵਾਦ ਮੁਨੀ ਰਤਨ ਪ੍ਰਭਵ ਵਿਜੈ, ਸ਼੍ਰੀ ਜੈਨ ਸੁਸਾਇਟੀ ਅਹਿਮਦਾਬਾਦ ਸੰਮਤ 2003
151. ਨਿਰਗ੍ਰੰਥ ਪ੍ਰਵਚਨ ਮੁਨੀ ਚੋਥ ਮਲ ਜੀ ਸ਼੍ਰੀ ਜੈਨਉਦੈ ਪੁਸਤਕ ਪ੍ਰਕਾਸ਼ਨ ਸੰਮਤੀ ਰਤਲਾਮ, 1936
152. ਨਿਯਮਸਾਰ ਆਫ ਕੁੰਦਕੁੰਦ, ਓਗਰਸੈਨ ਦਾ ਸੈਂਟਰਲ ਜੈਨ ਪਬਲਿਸ਼ੀਨਗ ਹਾਉਸ ਲਖਨਊ 1931
153. ਪੰਚਾਸਤੀਕਾਯ ਗਾਥਾ ਆਫ ਕੁੰਦਕੁੰਦ, ਪੀ. ਈ. ਪਾਵੋਲਿਨੀ ਰਾਜਚੰਦ ਜੈਨ ਸ਼ਾਸਤਰ ਮਾਲਾ ਬੰਬਈ 1904
154. ਪੰਚਾਸਤੀਕਾਯ ਸਾਰ ਆਫ ਕੁੰਦਕੁੰਦ, ਏ. ਚੱਕਰਵਰਤੀ ਨੱਯਰ, ਦਾ ਸੈਂਟਰਲ ਜੈਨ ਪਬਲਿਸ਼ੀਨਗ ਹਾਊਸ ਆਰਾ 1920
155. ਪੰਚਾਸਤੀਕਾਯ ਸਾਰ ਆਫ ਕੁੰਦਕੁੰਦ, ਏ. ਐਨ. ਉਪਾਧਿਆ ਭਾਰਤੀ ਗਿਆਨ ਪੀਠ ਕਾਸ਼ੀ, 1973
156. ਪੱਨਵੱਨਾਂ ਸੂਤਰ, ਭਾਗ 1, 2 ਮੁਨੀ ਪੁੰਨੇਵਿਜੈ ਸ਼੍ਰੀ ਮਹਾਵੀਰ ਜੈਨ ਵਿਦਿਆਲਾ ਬੰਬਈ, 1969 – 1971
157. ਪਰਮਾਤਮ ਪ੍ਰਕਾਸ਼ ਆਫ ਯੋਗਿੰਦਰ ਅਚਾਰੀਆ, ਰਿਖਬਦਾਸ ਜੈਨ, ਦਾ ਸੈਂਟਰਲ ਜੈਨ ਪਬਲਿਸ਼ਿਗ ਹਾਊਸ, ਆਰਾ 1915
158. ਪਾਲ ਡਯੂਸੈਨ, ਦਾ ਫਿਲਾਸਫੀ ਆਫ ਉਪਨਿਸ਼ਧ ਡਾਵਰ ਪਬਲੀਕੇਸ਼ਨ ਨਿਊਯਾਰਕ, 1966
159. ਪ੍ਰਸ਼ਨ ਵਿਆਕਰਨ ਸੂਤਰ, ਪੰਡਿਤ ਹੇਮ ਚੰਦ ਸੰਨਮਤੀ ਗਿਆਨ ਪੀਠ ਆਗਰਾ 1974
160. ਪ੍ਰਵਚਨ ਸਾਰ ਆਫ ਕੁੰਦਕੁੰਦ, ਏ. ਐਨ. ਉਪਾਧਿਆ ਸ਼੍ਰੀਮਦ ਰਾਜਚੰਦਰ ਜੈਨ ਸ਼ਾਸਤਰ ਮਾਲਾ 1964

161. ਪੁਰਸ਼ਾਰਥਸਿੱਧੀ ਉਪਾਏ ਆਫ ਅਮ੍ਰਿਤ ਚੰਦਰ ਅਚਾਰੀਆ, ਰਾਜ ਚੰਦਰ ਜੈਨ ਸ਼ਾਸਤਰ ਮਾਲਾ ਆਗਾਸ, ਸੰਮਤ 2022
162. ਪੀ.ਵੀ. ਕਾਣੇ, ਹਿਸਟਰੀ ਆਫ ਧਰਮ ਸ਼ਾਸਤਰਾ ਭਾਗ 5 ਪਾਰਟ 2, ਭੰਡਾਰਕਰ ਓਰਿਐਂਟਲ ਰਿਸਰਚ ਇੰਸਟੀਚਿਊਟ ਪੂਨਾ, 1962
163. ਰਾਮਧਾਰੀ ਸਿੰਘ ਦਿਨਕਰ, ਸੰਸਕ੍ਰਿਤੀ ਕੇ ਚਾਰ ਅਧਿਆਏ, ਰਾਜਪਾਲ ਐਂਡ ਸੰਨਜ਼ ਦਿੱਲੀ, 1956
164. ਰਾਮਜੀ ਸਿੰਘ, ਦਾ ਜੈਨ ਕੰਸੈਪਟ ਆਫ ਔਮਨੀਸੇਨਸ ਐਲ. ਡੀ. ਇੰਸਟੀਚਿਊਟ ਆਫ ਇਨਡੋਲੋਜੀ, ਅਹਿਮਦਾਬਾਦ, 1974
165. ਰਮਣ ਲਾਲ, ਸੀ. ਸ਼ਾਹ, ਲਾਰਡ ਮਹਾਵੀਰ ਐਂਡ ਜੈਨਇਜ਼ਮ, ਸ਼੍ਰੀ ਬਲੱਬ ਸੂਰੀ ਸਮਾਰਕ ਨਿਧੀ ਪ੍ਰਕਾਸ਼ਨ ਬੰਬਈ 1975
166. ਰਤਨਲਾਲ ਜੋਸ਼ੀ, ਮੋਕਸ਼ ਮਾਰਗ ਅ. ਭਾ. ਸਾਧੂ ਮਾਰਗੀ ਜੈਨ ਸੰਸਕ੍ਰਿਤੀ ਰੱਕਸ਼ਕ ਸੰਘ ਸੈਲਾਨਾ, ਸੰਮਤ 2028
167. ਰਤਨਕਰੰਡ ਸ਼੍ਰਾਵਕਾਚਾਰ ਆਫ ਸਮੰਤ ਭੱਦਰ, ਦਾ ਸੈਂਟਰਲ ਜੈਨ ਪਬਲਿਸ਼ਿਗ ਹਾਊਸ ਆਰਾ 1917
168. ਰਾਏਪੱਸਨੀਯ ਸੂਤਰ, ਆਰ. ਸੀ. ਤ੍ਰਿਪਾਠੀ ਰਮਣੀਕ ਪੀ. ਕੋਠਾਰੀ ਬੁੱਕ ਸ਼ੈਲਰ, ਅਹਿਮਦਾਬਾਦ, 1936
169. ਆਰ. ਸੀ. ਜੇਹਨਰ, ਹਿੰਦੂਇਜ਼ਮ, ਆਕਸਫੋਰਡ ਯੂਨਿਵਰਸਿਟੀ ਪ੍ਰੈਸ ਲੰਡਨ, 1968
170. ਆਰ. ਡੀ. ਰਾਣਾਡੇ, ਏ. ਕੰਸਟ੍ਰਕਟਿਵ ਸਰਵੇ ਆਫ ਉਪਨਿਸ਼ਧਿਕ ਫਿਲਾਸਫੀ, ਭਾਰਤੀ ਵਿਦਿਆ ਭਵਨ ਬੰਬੇ, 1968
171. ਆਰ. ਈ. ਹਯੂਮ, ਦਾ ਥਰਟੀਨ ਪ੍ਰਿੰਸੀਪਲ ਉਪਨਿਸ਼ਧ ਆਕਸਫੋਰਡ ਯੂਨਿਵਰਸਿਟੀ ਪ੍ਰੈਸ, ਲੰਡਨ, 1958
172. ਆਰ. ਈ. ਜੋਹਰਨਸਨ ਦਾ ਸਾਇਕਾਲੋਜੀ ਆਫ ਨਿਰਵਾਨ, ਜਾਰਜ ਏਲਿਨ ਐਂਡ ਅਨਵਿਨ ਲੰਡਨ, 1966
173. ਰੋਮਿਲਾ ਥਾਪਰ, ਏ ਹਿਸਟਰੀ ਆਫ ਇੰਡੀਆ ਪਾਰਟ 1, ਪੇਨਗਿਵਨ ਬੁੱਕਸ ਵਾਲਟੀਮੋਰ, 1966

174. ਆਰ. ਵਿਲਿਅਮ, ਜੈਨ ਯੋਗ ਆਕਸਫੋਰਡ ਯੂਨਿਵਰਸਿਟੀ ਪ੍ਰੈਸ ਲੰਡਨ 1963
175. ਸ਼ਬਦਕੱਲਪ ਦਰੁਮ ਆਫ ਰਾਧਾਕਾਂਤਦੇਵ, ਮੋਤੀਲਾਲਾ ਬਨਾਰਸੀਦਾਸ ਦਿੱਲੀ, 1961
176. ਸਮਨਸੂਤਮ, ਪੰਡਿਤਕਲਾਸ਼ ਚੰਦ ਸ਼ਾਸਤਰੀ ਅਤੇ ਮੁਨੀ ਨੱਥਮਲ ਸਰਵ ਸੇਵਾ ਸੰਘ ਪ੍ਰਕਾਸ਼ਨ ਵਾਰਾਨਸੀ, 1975
177. ਸਮਯ ਸਾਰ ਕਲਸ਼ ਆਫ ਅਮ੍ਰਿਤ ਚੰਦ ਪੰਡਿਤ ਫੂਲ ਚੰਦ ਸ਼੍ਰੀ ਦਿਗੰਬਰ ਜੈਨ ਸਵਾਧਿਐ ਮੰਦਿਰ ਟਰੱਸਟ ਸੋਨਘੜ੍ਹ 1966
178. ਸਮਯਸਾਰ ਆਫ ਕੁੰਦਕੁੰਦ, ਏ. ਚੱਕਰਵਰਤੀ ਭਾਰਤੀ ਗਿਆਨ ਪੀਠ ਵਾਰਾਨਸੀ 1950
179. ਸਨਮਤਿ ਤਰਕ ਪੰਡਿਤ ਸੁਖਲਾਲ ਸੰਘਵੀ ਐਂਡ ਬੇਚਰਦਾਸ ਡੋਸ਼ੀ, ਸ਼੍ਰੀ ਜੈਨ ਸਵੈਤਾਂਬਰ ਐਜੂਕੇਸ਼ਨ ਬੋਰਡ, ਬੰਬੇ
180. ਸਰਵਾਰਥ ਸਿੱਧੀ ਆਫ ਪੂਜੇਪਾਦ ਪੰਡਿਤ ਫੂਲ ਚੰਦ ਭਾਰਤੀ ਗਿਆਨ ਪੀਠ ਕਾਂਸੀ, 1971
181. ਸੁਦਰਸ਼ਨ ਸਮੁਚੱਯ ਆਫ ਮਾਧਵਅਚਾਰਿਆ, ਈ. ਵੀ. ਖਾਵੇਲ ਐਂਡ ਏ. ਈ. ਗੋਧ, ਦਾ ਚੋਖੰਬਾ ਸੰਸਕ੍ਰਿਤ ਸੀਰੀਜ ਆਫਿਸ ਵਾਰਾਨਸੀ, 1961
182. ਸੁਦਰਸ਼ਨ ਸਮੁਚੱਯ ਆਫ ਹਰੀ ਭੱਦਰ, ਭਾਰਤੀ ਗਿਆਨ ਪੀਠ, ਵਾਰਾਨਸੀ, 1944
183. ਸੰਯੁਕਤ ਨਿਕਾਯ, ਭਾਗ 1 ਤੋਂ 4, ਜਗਦੀਸ਼ ਕਸ਼ਯਪ ਦੇਵ ਨਾਗਰੀ ਪਾਲੀ ਸੀਰੀਜ, ਨਾਲੰਦਾ, 1959
184. ਸੱਤਯ ਸ਼ਾਸਨ ਪਰਿਕਸ਼ਾ ਆਫ ਵਿਧਾਨੰਦੀ ਗੋਕਲਚੰਦ ਜੈਨ ਭਾਰਤੀ ਗਿਆਨ ਪੀਠ ਕਾਂਸ਼ੀ, 1964
185. ਐਸ. ਬੀ. ਦੇਵ, ਗਿਸਟਰੀ ਆਫ ਜੈਨ ਮੋਨੇਸਟਰੀਇਜ਼ਮ ਦੱਖਣ ਕਾਲਜ ਪੋਸਟ ਗ੍ਰੇਜੁਏਟ ਐਂਡ ਰਿਸਰਚ ਇੰਸਟੀਚਿਊਟ ਪੂਨਾ, 1956

186. ਐਸ. ਬੀ. ਦੇਵ, ਜੈਨ ਮੋਨੇਸਟੀਕ ਜੂਰੀਸਪੂਡੇਨਸ ਜੈਨ ਕਲਚਰ ਰਿਸਰਚ ਸੁਸਾਇਟੀ ਵਾਰਾਨਸੀ, 1960
187. ਐਸ. ਚੱਟਰਜੀ ਐਂਡ ਵੀ ਦੱਤਾ, ਐਨ ਇਨਟਰੋਡਕਸ਼ਨ ਟੂ ਇੰਡੀਅਨ ਫਿਲਾਸਫੀ ਯੂਨਿਵਰਸਿਟੀ ਆਫ ਕਲਕੱਤਾ, 1968
188. ਐਸ. ਗੋਪਾਲਨ ਆਉਟਲਾਇਨਜ਼ ਆਫ ਜੈਨਇਜ਼ਮ ਵਿਲੇ ਈਸਟਰਨ ਪ੍ਰਾਇਵੇਟ ਲਿਮਿਟਡ ਨਵੀਂ ਦਿੱਲੀ 1971
189. ਸ਼ਬਦਾਰਥ ਸ਼੍ਰੀ ਗੁਰੂਗ੍ਰੰਥ ਸਾਹਿਬ ਭਾਗ 1 ਤੋਂ 4, ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਅਮ੍ਰਿਤਸਰ
190. ਸ਼ੇਰ ਸਿੰਘ ਫਿਲਾਸਫੀ ਆਫ ਸਿੱਖਇਜ਼ਮ ਸਟਰਲਿੰਗ ਪਬਲਿਕੇਸ਼ਨ ਪ੍ਰਾਇਵੇਟ ਲਿਮਿਟਡ ਦਿੱਲੀ 1966
191. ਸਿੱਖਇਜ਼ਮ, ਪੰਜਾਬੀ ਯੂਨਿਵਰਸਟੀ ਪਟਿਆਲਾ, 1969
192. ਸਿੰਕਲੇਯਰ ਸਟੀਵਨਸਨ ਦਾ ਹਾਰਟ ਆਫ ਜੈਨਇਜ਼ਮ ਮੁਨਸੀ ਰਾਮ ਮਨੋਹਰਲਾਲ, ਨਵੀਂ ਦਿੱਲੀ, 1970
193. ਐਸ. ਕੇ. ਸਕਸੈਨਾ, ਨੇਚਰ ਆਫ ਕਾਨਿਸਯਸਨੇਸ ਇਨ ਹਿੰਦੂ ਫਿਲਾਸਫੀ, ਮੋਤੀਲਾਲ ਬਨਾਰਸੀਦਾਸ ਦਿੱਲੀ, 1971
194. ਸਮਾਧੀ ਤੰਤਰ ਆਫ ਪੂਜੇਪਾਦ ਜੁਗਲ ਕਿਸ਼ੋਰ ਮੁਖਤਿਆਰ, ਵੀਰ ਸੇਵਾ ਮੰਦਿਰ ਸਰਸਵਾ ਸਹਾਰਨਪੁਰ, 1939
195. ਐਸ. ਮੁੱਖਰਜੀ, ਦਾ ਜੈਨ ਫਿਲਾਸਫੀ ਆਫ ਨੱਨ ਏਬਸੋਲੂਟਿਜ਼ਮ ਭਾਰਤੀਯ ਜੈਨ ਪਰਿਸ਼ਦ ਕਲਕੱਤਾ, 1944
196. ਐਸ. ਐਨ. ਦਾਸ ਗੁਪਤਾ, ਏ ਹਿਸਟਰੀ ਆਫ ਇੰਡੀਅਨ ਫਿਲਾਸਫੀ ਭਾਗ 1, 2, ਯੂਨਿਵਰਸਿਟੀ ਪ੍ਰੈਸ਼ ਕੈਂਬਿਰਜ 1922 - 51
197. ਐਸ.ਐਨ. ਦਾਸ ਗੁਪਤਾ, ਇੰਡੀਅਨ ਆਇਡਲਇਜ਼ਮ ਯੂਨਿਵਰਸਟੀ ਪ੍ਰੈਸ਼ ਕੈਬਿਰਜ 1962
198. ਐਸ. ਐਨ. ਦਾਸ ਗੁਪਤਾ, ਯੋਗ ਐਜ ਫਿਲਾਸਫੀ ਐਂਡ ਰਿਲੀਜਨ ਮੋਤੀਲਾਲ ਬਨਾਰਸੀਦਾਸ ਦਿੱਲੀ 1963

199. ਸੋਰਸੇਜ ਆਫ ਇੰਡੀਅਨ ਟ੍ਰੇਡਿਸ਼ਨ ਡਬਲਯੂ. ਟੀ. ਦੇਬੇਰੀ, ਮੋਤੀਲਾਲ ਬਨਾਰਸੀਦਾਸ ਦਿੱਲੀ, 1963
200. ਐਸ. ਰਾਧਾਕ੍ਰਿਸ਼ਨ, ਇੰਡੀਅਨ ਫਿਲਾਸਫੀ ਭਾਗ 1, 2, ਜਾਰਜ ਏਲਨ ਐਂਡ ਅਨਵਿਨ ਲਿਮਿਟਡ ਲੰਡਨ, 1956
201. ਐਸ. ਰਾਧਾਕ੍ਰਿਸ਼ਨ, ਹਿੰਦੂ ਵਿਊ ਆਫ ਲਾਇਫ, ਜਾਰਜ ਏਲਨ ਐਂਡ ਅਨਵਿਨ ਲਿਮਿਟਡ ਲੰਡਨ, 1956
202. ਸ਼੍ਰਮਣ ਭਗਵਾਨ ਮਹਾਵੀਰ, ਭਾਗ 1 ਤੋਂ 8, ਮੁਨੀ ਰਤਨਪ੍ਰਭਵ ਵਿਜੈ, ਸ਼੍ਰੀ ਜੈਨ ਸਿਧਾਂਤ ਸੁਸਾਇਟੀ ਅਹਿਮਦਾਬਾਦ, ਸੰਮਤ 2004
203. ਐਸ. ਐਸ. ਕੋਹਲੀ, ਆਊਟ ਲਾਇਣਜ ਆਫ ਸਿੱਖ ਥਾਉਟ ਪੰਜਾਬੀ ਪ੍ਰਕਾਸ਼ਨ ਨਵੀਂ ਦਿੱਲੀ, 1966
204. ਸ਼ੁਵ੍ਰਸਕੀ, ਦ ਕਨਸੇਪਸਸ਼ਨ ਆਫ ਬੁੱਧਇਸਟ ਨਿਰਵਾਨ, ਦਾ ਅਕੈਡਮੀ ਆਫ ਸਾਇੰਸਜ਼ ਆਫ ਦਾ ਯੂ. ਐਸ. ਐਸ. ਆਰ. ਲੈਨਿਨਗ੍ਰੇਡ, 1927
205. ਸਥਾਨਾਗ ਸੂਤਰ, ਅਚਾਰੀਆ ਆਤਮਾ ਰਾਮ ਜੀ ਮਹਾਰਾਜ, ਅਚਾਰੀਆ ਆਤਮਾ ਰਾਮ ਜੈਨ ਪ੍ਰਕਾਸ਼ਨ ਸੰਮਤੀ ਲੁਧਿਆਣਾ, ਸੰਮਤ 2032
206. ਸੁਦਰਸ਼ਨ ਲਾਲ ਜੈਨ, ਉਤਰਾਅਧਿਐਨ ਸੂਤਰ, ਏਕ ਪਰਿਸ਼ੀਲਨ, ਸੋਹਨਲਾਲ ਜੈਨ ਧਰਮ ਪ੍ਰਚਾਰਕ ਸੰਮਤੀ ਅੰਮ੍ਰਿਤਸਰ 1970
207. ਸੁਖਲਾਲ ਸੰਘਵੀ, ਦਰਸ਼ਨ ਔਰ ਚਿੰਤਨ ਪੰਡਿਤ, ਸੁਖਲਾਲ ਜੀ ਸੰਸ਼ੋਧਨ ਮੰਡਲ ਬਨਾਰਸ, 1957
208. ਸੁਖਲਾਲ ਸੰਘਵੀ, ਜੈਨ ਸੰਸਕ੍ਰਿਤੀ ਕਾ ਹਿਰਦੇ, ਸੁਖਲਾਲ ਜੀ ਸੰਸ਼ੋਧਨ ਮੰਡਲ ਬਨਾਰਸ, 1957
209. ਸੁਕੁਮਾਰ ਦੱਤ, ਅਰਲੀ ਬੁੱਧਇਸਟ ਮੋਨੇਸਿਜ਼ਮ, ਏਸ਼ੀਆ ਪਬਲਿਸ਼ਿੰਗ ਹਾਊਸ, ਬੰਬਈ, 1960
210. ਸੂਤਰਕ੍ਰਤਾਂਗ ਸੂਤਰ ਭਾਗ 1 ਤੋਂ 4, ਮੁਨੀ ਘਾਂਸੀ ਲਾਲ ਜੀ ਰਾਜਕੋਟ

211. ਸੂਤਰਕ੍ਰਤਾਂਗ ਸੂਤਰ, ਹਰਮਨ ਜੈਕੋਬੀ, ਮੋਤੀਲਾਲ ਬਨਾਰਸੀਦਾਸ ਦਿੱਲੀ, 1968
212. ਸੁਯੰਗਡਾਂਗ ਆਗਉਦੈ ਸੰਮਤੀ ਬੰਬਈ, 1917
213. ਸਵਾਮੀ ਅਭੇਦਾਨੰਦ, ਡਾਕਟਰਾਇਨ ਆਫ ਕਰਮਾਂ, ਰਾਮ ਕ੍ਰਿਸ਼ਨ ਵੇਦਾਂਤ ਮੱਠ, ਕਲਕੱਤਾ 1971
214. ਸਵਾਮੀ ਕਾਤ੍ਰਿਕੇਯਾਨੂਪ੍ਰੇਕਸ਼ਾ ਆਫ ਸਵਾਮੀ ਕੁਮਾਰ, ਏ. ਐਨ. ਉਪਾਧਿਐ, ਸ਼੍ਰੀਮਦ ਰਾਜਚੰਦਰ ਆਸ਼ਰਮ, ਆਗਾਸ, 1960
215. ਸਯਾਦਵਾਦ ਮੰਜਰੀ ਆਫ ਮੱਲੀਸੈਨ ਸੂਰੀ, ਜਗਦੀਸ਼ਚੰਦਰ ਜੈਨ, ਸ਼੍ਰੀਮਦ ਰਾਜਚੰਦਰ ਆਸ਼ਰਮ, ਆਗਾਸ, 1970
216. ਸਯਾਦਵਾਦ ਮੰਜਰੀ ਆਫ ਮੱਲੀਸੈਨ ਸੂਰੀ, ਐਫ. ਡਬਲਯੂ. ਥਾਮਸ ਮੋਤੀਲਾਲ ਬਨਾਰਸੀਦਾਸ ਦਿੱਲੀ 1968
217. ਤੱਤਵ ਵਾਰਤਾਸਾਰ ਆਫ ਅਮ੍ਰਿਤਚੰਦਰ ਸੂਰੀ, ਸਨਾਤਨ ਜੈਨ ਗ੍ਰੰਥਮਾਲਾ ਬੰਬਈ 1905
218. ਤੱਤਵਾਰਥ ਸੂਤਰ ਆਫ ਉਮਾਸਵਾਤੀ, ਪੰਡਿਤ ਸੁਖਲਾਲ ਸੰਘਵੀ ਆਤਮਾਚੰਦ ਜਨਮ ਸ਼ਤਾਬਦੀ ਸਮਾਰਕ ਟਰੱਸਟ ਬੋਰਡ, ਬੰਬਈ 1966
219. ਤੱਤਵਾਰਥ ਸੂਤਰ ਆਫ ਉਮਾਸਵਾਤੀ, ਜੇ. ਐਲ. ਜੈਨੀ, ਬੈਰਿਸਟਰ ਚੰਪਤ ਰਾਏ ਜੈਨ ਟਰੱਸਟ ਦਿੱਲੀ 1956
220. ਤੱਤਵਾਰਥ ਸੂਤਰ ਆਫ ਉਮਾਸਵਾਤੀ, ਪੰਡਿਤ ਸੁਖਲਾਲ ਸੰਘਵੀ ਅਤੇ ਕੇ. ਕੇ. ਦਿੱਕਸ਼ਤ, ਐਲ. ਡੀ. ਇੰਸਟੀਚਿਊਟ ਆਫ ਇੰਡੋਲੋਜੀ, ਅਹਿਮਦਾਬਾਦ, 1974
221. ਤੱਤਵ ਸੰਗ੍ਰਹਿ ਆਫ ਸ਼ਾਂਤੀ ਰੱਕਸ਼ਕ, ਦਵਾਰਕਾਦਾਸ ਸ਼ਾਸਤਰੀ ਬੁੱਧ ਭਾਰਤੀ, ਵਾਰਾਨਸੀ, 1968
222. ਟੀ. ਜੀ. ਕਲਘਟਗੀ, ਜੈਨ ਵਿਊ ਆਫ ਲਾਇਫ, ਜੈਨ ਸੰਸਕ੍ਰਿਤੀ ਸੰਰਕਸ਼ਕ ਸੰਘ, ਸ਼ੋਲਾਪੁਰ 1963

223. ਟੀ. ਜੀ. ਕਲਘਟਗੀ, ਕਰਮ ਐਂਡ ਰੀਬਰਥ ਐਲ. ਡੀ. ਇੰਸਟੀਚਿਊਟ ਆਫ ਇੰਡੋਲੋਜੀ ਅਹਿਮਦਾਬਾਦ, 1971

224. ਟੀ. ਜੀ. ਕਲਘਟਗੀ, ਸਮ ਪ੍ਰਾਬਲਮਜ ਇਨ ਜੈਨ ਸਾਇਕਾਲੋਜੀ ਕਰਨਾਟਕ ਯੂਨਿਵਰਸਿਟੀ, ਧਾਰਵਾਡ, 1961

225. ਦਾ ਕੈਬਰਿਜ ਹਿਸਟਰੀ ਆਫ ਇੰਡੀਆ, ਭਾਗ 1, ਈ. ਜੇ. ਰਾਪਸਨ, ਐਸ. ਚਾਂਦ ਐਂਡ ਕੰਪਨੀ ਦਿੱਲੀ 1962

226. ਦਾ ਕਲਚਰਲ ਹੈਰਿਟੇਜ ਆਫ ਇੰਡੀਆ ਭਾਗ 1 ਤੋਂ 4, ਸ਼੍ਰੀ ਰਾਮ ਕ੍ਰਿਸ਼ਨ ਮਿਸ਼ਨ ਇੰਸਟੀਚਿਊਟ ਆਫ ਕਲਚਰ, ਕਲਕੱਤਾ, 1969

227. ਦਾ ਜਰਨਲ ਆਫ ਰਿਲੀਜਸ ਸਟੱਡੀਜ਼, ਭਾਗ 4, ਪੰਜਾਬੀ ਯੂਨਿਵਰਸਿਟੀ ਪਟਿਆਲਾ, 1972

228. ਦਾ ਕਲਪਸੂਤਰ ਨਵਤੱਤਵ, ਜੇ. ਸਟੀਵਨਸਨ, ਭਾਰਤ ਭਾਰਤੀ ਵਾਰਾਨਸੀ, 1972

229. ਦਾ ਪਾਲੀ ਟੈਕਸਟ ਸੋਸਾਇਟੀ ਪਾਲੀ ਇੰਗਲਸ਼ ਡਿਕਸਨਰੀ, ਟੀ. ਡਬਲਯੂ. ਰਾਇਸ ਡੇਵਿਡਸ ਐਂਡ ਵਿਲਿਅਮ ਸਟੇਡੇ, ਲੂਕਾਜ ਐਂਡ ਕੰਪਨੀ ਲੰਡਨ 1904

230. ਦਾ ਪਾਥ ਆਫ ਫਰੀਡਮ (ਵਿਮੁਕਤੀ ਮੱਗ) ਐਨ. ਆਰ. ਐਨ. ਏਰਾ, ਸੋਮਾਥੇਰਾ, ਡੀ. ਰੋਲੈਂਡ ਡੀ. ਵੀਰਸੂਰੀਆ, ਕੋਲੰਬੋ 1961

231. ਦਾ ਯੋਗ ਸਿਸਟਮ ਆਫ ਪਤੰਜਲੀ, ਜੇ. ਐਚ. ਵੂਡਜ, ਮੋਤੀਲਾਲ ਬਨਾਰਸੀਦਾਸ, ਦਿੱਲੀ, 1966

232. ਤ੍ਰਿਸ਼ਠ ਸ਼ਲਾਕਾ ਪੁਰਸ਼ ਚਰਿੱਤਰ ਆਫ ਹੇਮਚੰਦਰਾ ਭਾਗ 3 ਤੋਂ 6, ਓਰਿਐਂਟਲ ਇੰਸਟੀਚਿਊਟ ਬੜੌਦਾ, 1949, 1954, 1962

233. ਟੀ. ਵੀ. ਆਰ. ਮੂਰਤੀ, ਦਾ ਸੈਂਟਰਲ ਫਿਲਾਸਫੀ ਆਫ ਬੁੱਧਇਜ਼ਮ ਜਾਰਜ ਐਲਨ ਐਂਡ ਅਨਵਿਨ ਲੰਡਨ, 1960

234. ਓਮਾਕਾਂਤ ਪੀ. ਸ਼ਾਹ, ਸੱਟਡੀਜ਼ ਇਨ ਜੈਨ ਆਰਟ, ਜੈਨ ਕਲਚਰਲ ਸੁਸਾਇਟੀ ਬਨਾਰਸ, 1955

235. ਉਮੇਸ਼ ਮਿਸ਼ਰ, ਹਿਸਟਰੀ ਆਫ ਇੰਡੀਅਨ ਫਿਲਾਸਫੀ, ਭਾਗ 1 ਅਤੇ 3, ਤ੍ਰਿਮੂਰਤੀ ਪਬਲਿਕੇਸ਼ਨ ਅਲਾਹਾਬਾਦ, 1958 – 66
236. ਉਪਨਿਸ਼ਧ, ਮੈਕਸਮੂਲਰ, ਮੋਤੀਲਾਲ ਬਨਾਰਸੀਦਾਸ, ਦਿੱਲੀ 1976
237. ਉਪਨਿਸ਼ਧ ਸੰਗ੍ਰਹਿ ਮੋਤੀਲਾਲ ਬਨਾਰਸੀਦਾਸ, ਦਿੱਲੀ, 1970
238. ਉਪਾਸਕਦਸ਼ਾਂਗ ਸੂਤਰ, ਅਚਾਰੀਆ ਆਤਮਾ ਰਾਮ ਜੀ, ਅਚਾਰੀਆ ਆਤਮਾ ਰਾਮ ਜੈਨ ਪ੍ਰਕਾਸ਼ਨ ਸੰਮਤੀ ਲੁਧਿਆਣਾ, 1964
239. ਉਪਾਸ਼ਕਾ ਅਧਿਐਨ ਆਫ ਸੋਮਦੇਵ ਸੂਰੀ, ਪੰਡਿਤ ਕਲਾਸ਼ ਚੰਦ ਸ਼ਾਸਤਰੀ, ਭਾਰਤੀ ਗਿਆਨ ਪੀਠ ਵਾਰਾਨਸੀ, 1964
240. ਉਤਰਾਧਿਐਨ ਸੂਤਰ, ਸਾਧਵੀ ਚੰਦਨਾ, ਵੀਰਾਯਤਨ ਪ੍ਰਕਾਸ਼ਨ ਆਗਰਾ, 1972
241. ਉਤਰਾਧਿਐਨ ਸੂਤਰ, ਹਰਮਨ ਜਕੋਬੀ ਮੋਤੀਲਾਲ ਬਨਾਰਸੀਦਾਸ ਦਿੱਲੀ 1968
242. ਵਾਰਾਂ ਭਾਈ ਗੁਰਦਾਸ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1964
243. ਵੇਦਾਂਤ ਸੂਤਰ, ਰਾਮਾਨੁਜ, ਮੋਤੀਲਾਲ ਬਨਾਰਸੀਦਾਸ, ਦਿੱਲੀ 1971
244. ਵਿਗਯਪਤੀ ਮਾਤਰਤਾ ਸਿੱਧੀ ਆਫ ਵਸੂਬੰਧੂ, ਥੂਬਟਨ ਚੋਗਡਬ ਅਤੇ ਪੰਡਿਤ ਰਾਮਸ਼ੰਕਰ ਤ੍ਰਿਪਾਠੀ, ਵਾਰਾਨਸੀ, 1972
245. ਵਿਪਾਕ ਸੂਤਰ, ਅਚਾਰੀਆ ਆਤਮਾ ਰਾਮ ਜੀ, ਅਚਾਰੀਆ ਆਤਮਾ ਰਾਮ ਜੈਨ ਪ੍ਰਕਾਸ਼ਨ ਸੰਮਤੀ ਲੁਧਿਆਣਾ, ਸਮਤ 2010
246. ਵਿਸ਼ੇਸਾਵਸ਼ਯਕ ਭਾਸ਼ਯ ਆਫ ਅਚਾਰੀਆ ਜਿਨਭੱਦਰ ਪੰਡਿਤ ਦਲਸੁੱਖ ਮਾਲਵਨੀਆ ਐਲ. ਡੀ. ਇੰਸਟੀਚਿਊਟ ਆਫ ਇੰਡੋਲੋਜੀ ਅਹਿਮਦਾਬਾਦ, 1968
247. ਵੀ. ਆਰ. ਗਾਂਧੀ ਦਾ ਜੈਨ ਫਿਲਾਸਫੀ ਆਗਮਉਦੈ ਸੰਮਤੀ ਬੰਬਈ 1924
248. ਵੀ. ਸੀ. ਆਪਟੇ, ਇੰਗਲਸ਼ ਸੰਸਕ੍ਰਿਤ ਡਿਕਸ਼ਨਰੀ ਮੋਤੀਲਾਲ ਬਨਾਰਸੀਦਾਸ ਦਿੱਲੀ, 1964

249. ਵਾਲਪੋਲ ਰਾਹੁਲ, ਵਾਟ ਦਾ ਬੁੱਧਾਥਾਟ, ਗ੍ਰੋਵ ਪ੍ਰੈਸ, ਨਿਊਯਾਰਕ, 1962
250. ਡਬਲਯੂ. ਐਚ. ਮੇਕਲਿਓਡ, ਗੁਰੂ ਨਾਨਕ ਐਂਡ ਦਾ ਸਿੱਖ ਰਿਲੀਜਨ, ਦਾ ਕਲੇਰੇਂਡਨ ਪ੍ਰੈਸ ਆਕਸਫੋਰਡ 1968
251. ਵਿਲਿਅਮ ਪੈਰਿਸ, ਦਾ ਵੈਸਟਰਨ ਕੰਟਰੀਵਿਓਸ਼ਨ ਟੂ ਬੁੱਧਇਜ਼ਮ ਮੋਤੀਲਾਲ ਬਨਾਰਸੀਦਾਸ ਦਿੱਲੀ, 1974
252. ਡਬਲਯੂ. ਸ਼ੁਬ੍ਰਿੰਗ, ਦਾ ਡਾਕਟਰਾਈਨ ਆਫ ਜੈਨਾਜ, ਮੋਤੀਲਾਲ ਬਨਾਰਸੀਦਾਸ ਦਿੱਲੀ, 1962
253. ਯੋਗ ਬਿੰਦੂ ਆਫ ਹਰੀਭੱਦਰ ਸੂਰੀ, ਕੇ. ਕੇ. ਦਿਕਸ਼ਤ, ਐਲ. ਡੀ. ਇੰਸਟੀਚਿਊਟ ਆਫ ਇਡੋਲੋਜੀ, ਅਹਿਮਦਾਬਾਦ 1968
254. ਯੋਗ ਦ੍ਰਿਸ਼ਟੀ ਸਮੁੱਚਯ ਐਂਡ ਯੋਗ ਵਿੰਸ਼ਿਕਾ ਆਫ ਹਰੀਭੱਦਰ ਸੂਰੀ, ਕੇ. ਕੇ. ਦਿਕਸ਼ਤ ਐਲ. ਡੀ. ਇੰਸਟੀਚਿਊਟ ਆਫ ਇਡੋਲੋਜੀ, ਅਹਿਮਦਾਬਾਦ, 1970
255. ਯੋਗਾਸਾਰ ਪ੍ਰਾਭ੍ਰਤ ਆਫ ਅਮਿਤਗਤੀ, ਜੁਗਲਕਿਸ਼ੋਰ ਮੁਖਤਿਆਰ, ਭਾਰਤੀ ਗਿਆਨ ਪੀਠ ਵਾਰਾਨਸੀ, 1968
256. ਯੋਗਸ਼ਤਕ ਆਫ ਹਰੀਭੱਦਰ ਸੂਰੀ, ਸ਼੍ਰੀ ਪੁਨੇਵਿਜੈ ਜੀ, ਐਲ. ਡੀ. ਇੰਸਟੀਚਿਊਟ ਆਫ ਇਡੋਲੋਜੀ, ਅਹਿਮਦਾਬਾਦ 1968
257. ਵਾਈ. ਜੇ. ਪਦਮਰਾਜ, ਏ ਕੰਪਰੇਟਿਵ ਸਟੱਡੀ ਆਫ ਜੈਨ ਥੋਰਿਜ ਆਫ ਰਿਇਲਿਟੀ ਐਂਡ ਨੋਲੇਜ, ਜੈਨ ਸਾਹਿਤ ਵਿਕਾਸ ਮੰਡਲ, ਬੰਬਈ, 1963